# ਸਮੇਂ ਨਾਲ ਸੰਵਾਦ

( ਲੇਖ ਸੰਗ੍ਰਹਿ )

## ਕੇਹਰ ਸ਼ਰੀਫ਼

*ਪੇਸ਼ਕਸ਼*

ਰਘਬੀਰ ਰਚਨਾ ਪ੍ਰਕਾਸ਼ਨ

© Author

Edition : 2008

Price : Rs. 300/-

ISBN : 978-81-7914-238-7

**Same Naal Samvaad**
by : Kehar Sharif

Artist: Dev

**Published by :**
Tarlochan Publishers
3236, Sector 15-D, Chandigarh
Tel. : +91-172-4613236 (M) 98786 03236
E-mail : tarlochanpublishers@yahoo.co.in

**ਸਮੇਂ ਨਾਲ ਸੰਵਾਦ** (ਲੇਖ ਸੰਗ੍ਰਹਿ) ਲੇਖਕ : ਕੇਹਰ ਸ਼ਰੀਫ਼
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
**ਛਾਪਕ** : ਮੋਨਾ ਐਂਟਰਪ੍ਰਾਈਜਸ ਦਿੱਲੀ
**ਟਾਈਟਲ** : ਲਲਿਤ

## ਸਮਰਪਣ

ਮਾਤਾ-ਪਿਤਾ ਨੂੰ ਜਿਨ੍ਹਾਂ ਨੇ ਮੈਨੂੰ ਇਹ ਦੁਨੀਆਂ ਦਿੱਤੀ

ਪਤਨੀ ਜਸਪਾਲ ਨੂੰ

ਧੀਆਂ

ਪਰਵੀਨ ਤੇ ਅਮਨਪ੍ਰੀਤ

ਅਤੇ

ਪੁੱਤਰ ਜਸਕੀਰਤ

ਦੇ ਨਾਂ

**Thanks**

Jutta Knoepfel
Gilda Volkmann
Beate Nettmann-Roy

**ਧੰਨਵਾਦ**

ਬਲਵੀਰ ਪਰਵਾਨਾ
ਡਾ: ਗੁਰਦਿਆਲ ਸਿੰਘ ਰਾਏ

# ਤਤਕਰਾ


ਮੇਰੀ ਸਿਰਜਣਾਂ ਦੇ ਪਲਾਂ ਦਾ ਪਿਛੋਕੜ / ਕੇਹਰ ਸ਼ਰੀਫ 7
1 ਨੁਕਤੇ ਦਾ ਪਸਾਰ 17
2 ਰੂਹਾਂ ਦੇ ਰੰਗ 21
3 ਹਨੇਰੇ ਦੀਆਂ ਲਕੀਰਾਂ 24
4 ਕਲਾ ਦਾ ਕਾਰਜ 28
5 ਜਿੱਤ ਦਾ ਰਾਜ਼ 32
6 ਪੁੰਨ ਦੇ ਚੌਲ 35
7 ਜਿੰਦ ਦਾ ਖੌਅ 39
8 ਪੜ੍ਹਨ ਦੀ ਚੇਟਕ 44
9 ਸ਼ਬਦ ਦੀ ਦਾਤ 49
10 ਹਿੰਸਾ ਤੇ ਬੱਚੇ 53
11 ਇਨਸਾਨ ਬਣੀਏਂ 56
12 ਮਨਾਂ ਦੀ ਮੈਲ਼ 60
13 ਕੱਚ ਦੇ ਗਲਾਸ ਵਰਗੀ 63
14 ਪੰਜਾਬੀਅਤ ਦਾ ਪਸਾਰ 66
15 ਖ਼ਤਰਨਾਕ ਖੇਡ 70
16 ਹੀਣ ਭਾਵਨਾ ਦਾ ਡੰਗ 73
17 ਕੁਝ ਲੋਕ 77
18 ਜਮਹੂਰੀਅਤ ਬਨਾਮ : ਲੱਲਾ ਲਾਲਟੈਣ 80
19 ਲੇਖਕ ਦੀ ਮਜ਼ਦੂਰੀ 84
20 ਦੋ ਨੰਬਰੀਂ 87
21 ਦੋਸਤੀ ਦੀ ਮਹਿਕ 91
22 ਨਿਰਾਦਰੀ ਦੀ ਠੇਕੇਦਾਰੀ 94
23 ਆਪਨੜੈ ਗਿਰੀਵਾਨ ਮਹਿ...... 97
24 ਧੰਨਵਾਦ ਰਹਿਤ 100
25 ਸਮੇਂ ਨਾਲ ਸੰਵਾਦ 104
26 ਭੰਬਲ਼ਭੂਸਿਆਂ ਦਾ ਚੌਰਾਹਾ 108
27 ਚੁੱਪ ਦੇ ਬੋਲ 111
28 ਦਰਦ ਦਾ ਬੋਝ 114
29 ਲਿਖਣ, ਬੋਲਣ ਅਤੇ ਅਜ਼ਾਦੀ 118
30 ਪਹਿਰੇਦਾਰੀ 121
31 ਖੁਸ਼ਆਮਦੀਦ 124
32 ਹਾਜ਼ਰੀ ਦੀ ਗ਼ੈਰ-ਹਾਜ਼ਰੀ 126
33 ਪੰਜਾਬੀ ਦੀ ਖੱਟੀ 130
34 ਰੁਖ਼ ਬਦਲ ਗਿਆ 134
35 ਜ਼ਿੰਦਗੀ ਦਾ ਜਸ਼ਨ 139
36 ਸੁਰਾਂ ਤੇ ਸਾਹਿਤਕੀ 142
37 ਕਿਹੜੇ ਫੁਲਾਂ ਦੀ ਸਿਰਜਣਾਂ? 147
38 ਬਿਨ ਪ੍ਰਛਾਵਿਉਂ ਉੱਡਦੀ ਸਤਰੰਗੀ ਪੀਂਘ 151
39 ਮਰਨ ਦਾ ਵੇਲਾ 156
40 ਰਸਮ, ਰਿਵਾਜ ਤੇ ਤਰਕ 160
41 ਖੁਆਜੇ ਦਾ ਦਲ਼ੀਆ 164
42 ਫਾੜੀ ਤੇ ਖਰਬੂਜ਼ਾ 167
43 ਪੁਸਤਕਾਂ ਦੀ ਉਦਾਸੀ 172
44 ਪੰਜਾਬੀ ਸੱਭਿਆਚਾਰ ਦੀ ਪਗੜੀ ਨੂੰ ਵੰਗਾਰ 177
45 ... ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ 186
46 ਪਰਵਾਸ ਦੀਆਂ ਚੁਣੌਤੀਆਂ ਤੇ ਸੱਭਿਆਚਾਰਕ ਪ੍ਰੀਵਰਤਨ 193
47 ਪਰਵਾਸ : ਸੰਕਲਪ, ਸੰਦਰਭ ਅਤੇ ਬਦਲਦਾ ਸਰੂਪ 203
48 ਪਰਵਾਸੀ ਜੀਵਨ ਬਨਾਮ ਰੰਗਾਂ ਦੇ ਬਦਲਦੇ ਪ੍ਰਛਾਵੇਂ 211
49 ਇਕ ਖ਼ਤ : ਬਾਬੇ ਨਾਨਕ ਦੇ ਨਾਂ 219
50 ਬੇਗਮਪੁਰਾ ਸਹਰ ਕਾ ਨਾਉ 227
51 ਜੇ ਘਰ ਵਿਚ ਕਿਤਾਬਾਂ ਹੋਣ ਤਾਂ... 237

# ਮੇਰੀ ਸਿਰਜਣਾ ਦੇ ਪਲਾਂ ਦਾ ਪਿਛੋਕੜ

ਕਿਸੇ ਵੀ ਖਿਆਲ ਦੀ ਸਿਰਜਣਾ/ਉਤਪਤੀ ਆਮ ਕਰਕੇ ਅਚੇਤ ਮਨ ਦੀ ਬੁਨਿਆਦ ਉੱਤੇ ਹੀ ਉਸਰਦੀ ਹੈ ਅਤੇ ਸਮੇਂ ਦੇ ਨਾਲ਼ ਨਾਲ਼ ਤੁਰਦਿਆਂ ਸੁਚੇਤ ਹੋਣ ਤੱਕ ਦਾ ਸਫਰ ਤੈਅ ਕਰਦੀ ਹੈ। ਕੋਈ ਸੁਪਨਾ/ਸੋਚ ਯਥਾਰਥਿਕ ਰੂਪ ਵਟਾਉਣ ਲਈ ਰਵਾਨੀ ਦੇ ਰਾਹੇ ਪੈ ਅੱਗੇ ਵਧਦਿਆਂ ਕਦਮਾਂ ਨੂੰ ਮੰਜ਼ਿਲ ਵੱਲ ਤੁਰਨ ਵਾਸਤੇ ਪ੍ਰੇਰਤ ਕਰਦਾ ਹੈ। ਇੱਥੋਂ ਹੀ ਇਨ੍ਹਾਂ ਰਾਹਾਂ 'ਤੇ ਗੁਜ਼ਰਦਿਆਂ ਜ਼ਿੰਦਗੀ ਨਾਲ਼ ਜੁੜਦੀਆਂ ਤੰਦਾਂ ਉਲ਼ਝਣਾਂ ਦੇ ਬਾਵਜੂਦ ਸੁਲ਼ਝਣਾਂ ਸਿੱਖਦੀਆਂ ਹਨ। ਸੋਚ, ਸੂਝ ਤੇ ਵਿਚਾਰ ਆਪਣੀ ਧਰਾਤਲ ਤੇ ਵਿਚਰਦਿਆਂ ਜੜ੍ਹਾਂ ਫੜਨ ਲਗਦੇ ਹਨ, ਫੇਰ ਇਹੋ ਜੜ੍ਹਾਂ ਨਵੀਆਂ ਤੰਦਾਂ ਬਣਕੇ ਮੌਲਣ ਤੋ ਬਾਅਦ ਵਧਣ-ਫੁਲਣ ਲਗਦੀਆਂ ਹਨ। ਸੋਚ ਨੂੰ ਤਰਕ ਟੁੰਬਣ ਲਗਦਾ ਹੈ। ਦੁਨਿਆਵੀ ਗਿਆਨ ਦੀ ਸੋਝੀ ਹੋਣ ਤੇ ਪਸਰਨ ਲਗਦੀ ਹੈ। ਅੰਦਰਲੀ ਸੋਚ ਦਲੀਲ ਦਾ ਪੱਲਾ ਫੜਦੀ ਹੈ ਤਾਂ ਬੌਧਿਕਤਾ ਦੇ ਵਿਹੜੇ ਪੈਰ ਧਰਨ ਵਰਗਾ ਅਹਿਸਾਸ ਜਨਮ ਲੈਂਦਾ ਹੈ। ਹੋਂਦ ਦਾ ਹੋਣਾ ਤੇ ਸੁਚੇਤ ਹੋ ਕੇ ਮਹਿਸੂਸਿਆ ਜਾਣਾ ਬਹੁਤ ਜ਼ਰੂਰੀ ਹੁੰਦਾ ਹੈ। ਹੋਂਦ ਮਨੁੱਖੀ ਹੋਵੇ ਜਾਂ ਪਦਾਰਥਕ ਇਹਨੂੰ ਸਵੀਕਾਰਨ ਤੇ ਸਾਕਾਰਨ ਦੀ ਕਾਰਜ ਵਿਧੀ ਜ਼ਿੰਦਗੀ ਪ੍ਰਤੀ ਮੋਹ ਪੈਦਾ ਕਰਨ ਅਤੇ ਉਸਦੇ ਪਸਾਰ ਵਿਚ ਸਹਾਈ ਹੋਣ ਵਾਲ਼ੀ ਹੋਣੀ ਚਾਹੀਦੀ ਹੈ। ਇਸ ਨਾਲ਼ ਆਪਣੇ ਪ੍ਰਤੀ ਭਰੋਸੇ ਯੋਗਤਾ ਵਧਦੀ ਹੈ। ਨਿਰੇ ਖਿਆਲੀ ਪਲਾਉ ਤਾਂ ਮਨੁੱਖ ਦੀ ਸੋਚ ਦੁਆਲੇ ਭਰਮ ਦਾ ਧੁੰਦ ਜਾਲ਼ ਬਣਕੇ ਖੁਦ ਮਨੁੱਖ ਨੂੰ ਹੀ ਭੰਬਲ਼ਭੂਸਾ ਬਣਾ ਛਡਦੇ ਹਨ। ਜਿਸ ਕਰਕੇ ਮਨੁੱਖ ਕਈ ਵਾਰ ਆਪਣੀ ਸੂਝ ਸਿਆਣਪ ਨੂੰ ਵੀ ਊਣਾ ਕਰਕੇ ਆਂਕਦਾ ਹੈ। ਸਿੱਟੇ ਵਜੋ ਉਹ ਛੰਨੇ ਦੇ ਪਾਣੀ ਵਾਂਗ ਡੋਲਦਾ ਹੈ। ਇਸ ਤਰ੍ਹਾਂ ਸੋਚਣ/ਕਰਨ ਨਾਲ਼ ਉਸਦੇ ਅੰਦਰਲੇ ਸਵੈਵਿਸ਼ਵਾਸੀ ਤੱਤ ਖੁਰਨ-ਭੁਰਨ ਦੇ ਰਾਹੇ ਪੈ ਸਕਦੇ ਹਨ। ਜਦੋਂ ਕਿ ਸੁਚੇਤ ਹੋ ਕੇ ਭਵਿੱਖ ਮੁਖੀ, ਭਰਪੂਰ ਜ਼ਿੰਦਗੀ ਜੀਊਣ ਵਾਸਤੇ ਮਨੁੱਖ ਅੰਦਰ ਸਵੈਵਿਸ਼ਵਾਸ ਦਾ ਹੋਣਾ ਬਹੁਤ ਜਰੂਰੀ ਹੈ, ਸਗੋ ਇਸਨੂੰ ਚੰਗੀ ਜ਼ਿੰਦਗੀ ਜੀਉਣ ਦੇ ਢੰਗ ਦਾ ਬੁਨਿਆਦੀ ਤੱਤ ਗਿਣਿਆ ਜਾਣਾ ਚਾਹੀਦਾ ਹੈ।

ਸੂਝ ਸਮਝ ਕਿਵੇਂ ਪਣਪਦੀ ਹੈ। ਇਸਦੇ ਸ੍ਰੋਤ ਕੋਈ ਪੈਦਾ ਨਹੀਂ ਕਰਦਾ ਇਹ ਤਾਂ ਸਮਾਜਕ, ਆਰਥਕ ਸਥਿਤੀਆਂ ਅਤੇ ਕੁਦਰਤੀ ਵਰਤਾਰੇ ਹੀ ਹਨ ਜੋ ਮਨੁੱਖ ਨੂੰ ਪ੍ਰਭਾਵਿਤ ਕਰਦੇ ਹਨ। ਬਸ! ਮਨੁੱਖ ਕੋਲ ਹੋਣੀਆਂ ਚਾਹੀਦੀਆਂ ਹਨ ਖੁੱਲ੍ਹੀਆਂ ਤੇ ਪਾਰਖੂ ਅੱਖਾਂ, ਤਰਕ ਪੂਰਨ ਸੋਚ ਜੋ ਇਨ੍ਹਾਂ ਵਰਤਾਰਿਆਂ ਨੂੰ ਨੀਝ ਨਾਲ਼ ਤੱਕਣ ਤੇ ਪਰਖਣ ਦੀ ਆਸ ਭਰਪੂਰ ਰੀਝ ਅਤੇ ਸੂਝ ਰੱਖਦੀਆਂ ਹੋਣ।

ਬਾਲ-ਵਰੇਸ ਤੋਂ ਦੂਰ ਹੁੰਦਿਆਂ ਵੀ ਚੇਤਿਆਂ ਦੀ ਸਲੇਟ ਤੇ ਉੱਕਰੀਆਂ ਘਟਨਾਵਾਂ ਨਹੀਂ ਮਿਟਦੀਆਂ, ਸਗੋਂ ਇਹ ਹੀ ਘਟਨਾਵਾਂ ਕਿਸੇ ਹੋਰ ਰੰਗ, ਕਿਸੇ ਹੋਰ ਰੂਪ ਵਿਚ ਪ੍ਰਗਟ ਹੋ ਜਾਂਦੀਆਂ ਹਨ। ਇਥੇ ਇਹ ਫੇਰ ਮਨੁੱਖ ਤੇ ਹੀ ਨਿਰਭਰ ਕਰਦਾ ਹੈ ਕਿ ਉਸਦੀ ਰੁਚੀ ਕਿੱਧਰ ਹੈ। ਜਿਸ ਕਿਸੇ ਪਾਸੇ ਵੀ ਝੁਕਾਅ ਵਧ ਜਾਵੇ ਤਾਂ ਫੇਰ ਮਨੁੱਖ ਉਥੋਂ ਹੀ ਲੀਹ ਫੜਨ ਦੀ ਸੋਚਦਾ ਹੈ। ਕੋਈ ਮੌਕੇ ਸਿਰ ਲੀਹ ਫੜ ਲੈਂਦਾ ਹੈ ਬਹੁਤ ਸਾਰੇ ਖੁੰਝ ਵੀ ਜਾਂਦੇ ਹਨ। ਖੁੰਝ ਗਈ ਤਾਂ ਗੱਡੀ ਫੜਨੀ ਔਖੀ ਹੋ ਜਾਂਦੀ ਹੈ-ਵਕਤ ਤਾਂ ਕਿੱਥੋਂ ਹੱਥ ਆਉਣਾ ਹੋਇਆ।

ਵਰਤਮਾਨ ਦੇ ਵਿਹੜੇ ਬੈਠ ਜਦੋਂ ਬੀਤੇ ਕੱਲ ਵਲ ਨਿਗਾਹ ਜਾਂਦੀ ਹੈ ਤਾਂ ਬਾਲ-ਵਰੇਸ ਦੇ ਪੰਜ ਦਹਾਕੇ ਤੋਂ ਵੀ ਵੱਧ ਪੁਰਾਣੇ ਚੇਤਿਆਂ ਵਿਚ ਅਟਕੇ ਬਚਪਨ ਦੇ ਉਹ ਪਲ ਚੇਤੇ ਆਉਂਦੇ ਹਨ ਜਦੋਂ ਛੋਟੇ ਹੁੰਦਿਆਂ ਮਾਂ ਨਾਲ਼ ਕਿਸੇ ਰਿਸ਼ਤੇਦਾਰ ਦੇ ਵਿਆਹ ਤੇ ਜਾਣਾ ਸੀ। ਜਿੱਥੇ ਜਾਣਾ ਸੀ ਉਹ ਪਿੰਡ ਭਾਵੇਂ ਬਹੁਤ ਦੂਰ ਨਹੀਂ ਸੀ, ਪਰ ਅੱਜ ਵਾਂਗ ਨੇੜੇ ਵੀ ਨਹੀਂ ਸੀ ਕਿਉਂਕਿ ਪੈਰੀਂ ਤੁਰਕੇ ਹੀ ਜਾਣਾ ਪੈਣਾ ਸੀ। ਮੌਸਮ ਬਰਸਾਤ ਦੇ ਸ਼ੁਰੂ ਦੇ ਦਿਨ ਸਨ। ਘਰੋਂ ਤੁਰ ਕੇ ਅਜੇ ਥੋੜ੍ਹੀ ਹੀ ਦੂਰ ਗਏ ਸੀ ਕਿ ਮੱਠੀ-ਮੱਠੀ ਬਾਰਸ਼ ਸ਼ੁਰੂ ਹੋ ਗਈ ਅਤੇ ਫੇਰ ਪਲੋ ਪਲ ਤੇਜ਼ ਹੁੰਦੀ ਗਈ। ਘਰੋਂ ਫਾਟਾਂ ਵਾਲ਼ਾ ਪਜਾਮਾ ਤੇ ਡੱਬੀਆਂ ਵਾਲ਼ਾ ਕਮੀਜ਼ ਪਾ ਕੇ ਤੁਰਿਆ ਸਾਂ। ਗਰੀਬ ਘਰਾਂ ਦੇ ਬੱਚਿਆਂ ਵਾਸਤੇ ਉਦੋਂ ਨਵੇਂ ਕੱਪੜੇ ਵੀ ਕਿਸੇ ਵਿਆਹ-ਸ਼ਾਦੀ ਦੇ ਮੌਕੇ ਜਾਂ ਵਾਂਢੇ ਜਾਣ ਦੇ ਸਬੱਬ ਨਾਲ਼ ਹੀ ਮਿਲ਼ਦੇ/ਬਣਦੇ ਸਨ। ਬਰਸਾਤ ਦੀਆਂ ਪਹਿਲੀਆਂ ਬਾਰਸ਼ਾਂ ਵੀ ਬੱਚਿਆਂ ਵਾਸਤੇ ਵੱਡੇ ਅਨੰਦ ਦਾ ਸਾਧਨ ਹੁੰਦੀਆਂ ਸਨ। ਗਰਮੀ ਕਾਰਨ ਪਿੰਡੇ ਉੱਗ ਆਈ ਪਿੱਤ ਮਾਰਨ ਦਾ ਸਭ ਤੋਂ ਵਧੀਆ ਤਰੀਕਾ। ਕੱਛੇ ਤੋਂ ਬਿਨ੍ਹਾਂ ਸਾਰੇ ਕੱਪੜੇ ਖੋਹਲ ਕੇ ਬਾਰਸ਼ ਵਿਚ ਘੁੰਮਣਾ ਹੀ ਹੁੰਦਾ ਸੀ। ਮਾਪੇ ਵੀ ਬਹੁਤਾ ਨਹੀਂ ਸਨ ਟੋਕਦੇ ਕਿ ਬਾਰਸ਼ ਵਿਚ ਕੀ ਕਰਦੈਂ? ਸਭ ਨੂੰ ਪਤਾ ਹੀ ਹੁੰਦਾ ਸੀ ਕਿ ਪਿੱਤ ਦਾ ਇਲਾਜ ਹੋ ਰਿਹਾ ਹੈ। ਬਾਹਰ ਬਾਰਸ਼ ਹੁੰਦੀ ਹੋਵੇ ਤਾਂ ਹੁਣ ਵੀ ਅੱਖਾਂ ਬੰਦ ਕਰਕੇ ਚੇਤਿਆਂ ਦੇ ਵਿਹੜੇ ਰਾਹੀ ਬੀਤੇ ਸਮੇਂ ਨੂੰ ਯਾਦ ਕਰਦਾ ਹਾਂ ਤਾਂ ਆਪਣਾ ਆਪ ਨਸ਼ਿਆਇਆ ਜਾਂਦਾ ਹੈ। ਲੰਘ ਚੁੱਕੇ ਉਹ ਨਸ਼ਿਆਏ ਪਲ ਮੇਰੀ ਜ਼ਿੰਦਗੀ ਦਾ ਸਰਮਾਇਆ ਹਨ ਜੋ ਉਮਰ ਭਰ ਕਿਸੇ ਨਾ ਕਿਸੇ ਰੂਪ ਵਿਚ ਮੇਰੇ ਨਾਲ਼ ਹੀ ਰਹਿਣਗੇ।

ਉਦੋਂ ਸਾਡਿਆਂ ਪਿੰਡਾਂ ਦੇ ਸਾਰੇ ਰਾਹ ਅਤੇ ਸੜਕਾਂ ਕੱਚੀਆਂ ਹੁੰਦੀਆਂ ਸਨ। ਚੀਕਣੀ ਮਿੱਟੀ ਹੋਣ ਕਰਕੇ ਬਾਰਸ਼ ਸਮੇਂ ਸਾਡਿਆਂ ਪਿੰਡਾਂ ਦਾ ਚਿੱਕੜ ਬੜਾ ਮਸ਼ਹੂਰ ਸੀ, ਸੜਕਾਂ ਪੱਕੀਆਂ ਹੋ ਜਾਣ ਦੇ ਬਾਵਜੂਦ ਅਜੇ ਵੀ ਹੈ। (ਸਾਡੀ ਮਿੱਟੀ ਦਾ ਸੱਚ ਅਜੇ ਵੀ ਇੱਕ ਕਹਾਵਤ ਦੇ ਰੂਪ ਵਿਚ ਮਸ਼ਹੂਰ ਹੈ ਕਿ 'ਸੁੱਕੀ ਲੋਹਾ ਤੇ ਗਿੱਲੀ ਗੋਹਾ') ਮਾਂ ਆਪਣੀਆਂ ਸੋਚਾਂ ਵਿਚ ਅੱਗੇ ਅੱਗੇ ਤੁਰੀ ਗਈ ਅਤੇ ਮੈਂ ਆਪਣੀ ਨਿਆਣਬੁੱਧ ਵਾਲ਼ੀ ਬਿਰਤੀ ਨਾਲ਼ ਪਿੱਛੇ ਪਿੱਛੇ। ਥੋੜੀ ਦੂਰ ਜਾਣ ਤੋ ਬਾਅਦ ਜਦੋਂ ਮਾਂ ਨੇ ਪਿੱਛੇ ਮੁੜਕੇ



ਦੇਖਿਆ ਤਾਂ ਮੇਰੇ ਕੱਪੜੇ ਚਿੱਕੜ ਨਾਲ਼ ਲਿੱਬੜੇ ਹੋਏ ਸਨ। ਤੁਰਦਿਆਂ ਹੋਇਆਂ ਪਜਾਮਾ ਖਿੱਚ ਧੂਹ ਕੇ ਮੈ ਆਪ ਹੀ ਗੋਡਿਆਂ ਤੱਕ ਟੰਗ ਲਿਆ ਸੀ। ਮੌਜੇ ਚਿੱਕੜ ਨਾਲ਼ ਭਰੇ ਪਏ ਸਨ, ਤੁਰਨ ਵੇਲ਼ੇ ਔਖਿਆਂ ਕਰ ਰਹੇ ਸਨ। ਮਾਂ ਨੂੰ ਇਹ ਕੁਝ ਦੇਖਕੇ ਗੁੱਸਾ ਆਇਆ, ਉਨ੍ਹੇ ਇਹ ਕੁਝ ਦੇਖਕੇ ਮਾਵਾਂ ਵਾਲੀ ਝਿੜਕ ਨਾਲ਼ ਹੀ ਆਖਿਆ ਸੀ ਪੁੱਤ ਇਉਂ ਨਹੀਂ-ਅੱਖਾਂ ਖੋਲ੍ਹ ਕੇ ਤੁਰੀਦਾ ਹੁੰਦਾ। ਉਹਦੇ ਵਾਸਤੇ ਕੱਪੜਿਆਂ ਦਾ ਲਿਬੜਨਾ ਦੁਖਦਾਈ ਸੀ, ਇਸ ਕਰਕੇ ਉਹ ਗੁੱਸੇ ਸੀ। ਪਰ ਇਹ ਅੱਖਾਂ ਖੋਲ੍ਹ ਕੇ ਤੁਰਨ ਵਾਲ਼ੇ ਸ਼ਬਦ ਉਨ੍ਹਾਂ ਸਹਿਜ ਨਾਲ਼ ਹੀ ਕਹੇ ਸਨ।

ਬਹੁਤ ਦੇਰ ਬਾਅਦ ਜਦੋਂ ਅਚੇਤ ਹੀ ਮਾਂ ਵਲੋਂ ਕਿਹਾ ਅੱਖਾਂ ਖੋਲ੍ਹ ਕੇ ਤੁਰਨ ਦਾ ਇਹ ਸਬਕ ਚੇਤੇ ਆਇਆ ਤਾਂ ਇਹ ਸੁਚੇਤ ਰੂਪ ਧਾਰ ਕੇ ਆਇਆ ਅਤੇ ਜ਼ਿੰਦਗੀ ਦੇ ਫਲਸਫੇ ਦਾ ਮੂਲ਼ ਬਣ ਗਿਆ। ਇਹ ਚੇਤਨਾ ਦਾ ਸਰੂਪ ਧਾਰ ਗਿਆ। ਹਰ ਵੇਲੇ ਮਨ ਮਸਤਕ ਵਿਚ ਵਿਚਰਦਾ ਖਿਆਲਾਂ, ਵਿਚਾਰਾਂ ਤੇ ਵਿਚਾਰਧਾਰਾਵਾਂ ਦੀ ਪਰਖ ਕਰਨ ਵਾਲ਼ੀ ਚੂਲ਼ ਬਣ ਗਿਆ। ਹੁਣ ਜਦੋਂ ਵੀ ਕਦੇ ਕਿਸੇ ਗੱਲ/ਵਿਚਾਰ ਨੂੰ ਪੜਕਣ ਲਗਦਾ ਹਾਂ ਤਾਂ ਕਈ ਦਹਾਕੇ ਪਹਿਲਾਂ ਇਹ ਜਹਾਨ ਛੱਡ ਚੁੱਕੀ ਮਾਂ ਕੰਨ ਕੋਲ਼ ਹੋ ਕੇ ਕਹਿੰਦੀ ਹੈ 'ਪੁੱਤ ਅੱਖਾਂ ਖੋਲ੍ਹ ਕੇ ਤੁਰੀਦਾ ਹੁੰਦਾ'। ਅਜਿਹਾ ਫਲਸਫਾ ਪੱਲੇ ਬੰਨ੍ਹ ਲੈਣ ਤੋਂ ਬਾਅਦ ਭਲਾਂ ਕੌਣ ਹੈ ਜੋ ਅੱਖਾਂ ਬੰਦ ਕਰ ਸਕਦਾ ਹੋਵੇ? ਕਈ ਕਹਿੰਦੇ ਹਨ ਕਿ ਜੇ ਅੱਖਾਂ ਲੱਗੀਆਂ ਹੋਣ ਤਾਂ ਅੱਖਾਂ ਬੰਦ ਨਹੀਂ ਹੁੰਦੀਆਂ ਪਰ ਇਹ ਤਾਂ ਬਹੁਤ ਹੀ ਛੋਟੇ ਪੱਧਰ ਦਾ ਵਿਚਾਰ ਹੈ। ਸੱਚ ਤਾਂ ਇਹ ਹੈ ਕਿ ਜਿਨ੍ਹਾਂ ਦੀਆਂ ਮਾਵਾਂ ਜਾਂ ਵਡੇਰੇ ਕੰਨ ਕੋਲ਼ ਵਸਦੇ ਹੋਣ ਉਹ ਅੱਖਾਂ ਬੰਦ ਕਰ ਹੀ ਨਹੀਂ ਸਕਦੇ। ਕੌਣ ਹੈ ਜੋ ਵਡੇਰਿਆਂ ਵਲੋਂ ਮਿਲ਼ੇ ਅਜਿਹੇ ਅਮੁੱਲ ਵਿਚਾਰਾਂ ਨੂੰ ਭੁੱਲਣ ਜਾਂ ਟਾਲਣ ਦਾ ਹੀਆ ਜਾਂ ਅਵੱਗਿਆ ਕਰ ਸਕੇ?

ਉਮਰ ਦੇ ਵਧਣ ਨਾਲ਼ ਸੋਚ ਢੰਗ ਬਦਲਦਾ ਵੀ ਹੈ ਅਤੇ ਵਿਸ਼ਾਲ ਵੀ ਹੁੰਦਾ ਹੈ। ਜਦੋਂ ਸ਼ਬਦਾਂ ਨਾਲ਼ ਵਾਹ ਪਿਆ ਤਾਂ ਸ਼ਬਦ ਬਹੁਤ ਕੁਝ ਲੱਗਣ ਲੱਗੇ। ਇਹ ਸੰਸਾਰ ਦੇ ਭਰੱਮਣ ਵੱਲ ਖੁੱਲ੍ਹਦੀ ਉਹ ਬਾਰੀ ਹੈ ਜੀਹਦੇ ਰਾਹੀਂ ਬਹੁਤ ਕੁਝ ਦੇਖਿਆ ਜਾ ਸਕਦਾ ਹੈ। ਸ਼ਬਦ ਸੋਚ ਨੂੰ ਟੁੰਬਣ/ਪ੍ਰਭਾਵਿਤ ਕਰਨ ਦਾ ਸਭ ਤੋ ਵੱਧ ਕਾਰਗਰ ਤਰੀਕਾ ਹਨ।

ਘਰ ਜਾਂ ਕਮਰਾ ਉਹ ਸ਼ਬਦ ਹਨ ਜੋ ਸਾਨੂੰ ਪਨਾਹ ਵੀ ਅਤੇ ਸਕੂਨ ਵੀ ਦਿੰਦੇ ਹਨ। ਜਿਹਨਾਂ ਘਰਾਂ ਵਿਚ ਪੁਸਤਕਾਂ ਦਾ ਵਾਸ ਹੁੰਦਾ ਹੈ ਉਥੇ ਚੁੱਪ ਵਿਚੋਂ ਬੋਲਦੀ ਹਲਚਲ ਹੁੰਦੀ ਹੈ। ਇਹੋ ਹਰਕਤ ਤੁਰਦੇ ਪਲਾਂ ਛਿਣਾਂ ਨੂੰ ਫੜਨ ਅਤੇ ਉਹਨਾਂ ਵਿਚ ਜਾਨ ਪਾਉਣ ਦਾ ਸਬੱਬ ਬਣਦੀ ਹੈ। ਫੇਰ ਜ਼ਿੰਦਗੀ ਕਿਸੇ ਚੰਗੇ ਮਕਸਦ ਖਾਤਰ ਜੀਊਣ ਵੱਲ ਕਦਮਾਂ ਦਾ ਰੁਖ਼ ਕਰਦੀ ਹੈ। ਦਸ਼ਾ ਨੂੰ ਦੇਖ, ਪਰਖ ਕੇ ਦਿਸ਼ਾ ਨੂੰ ਫੜਨ ਦਾ ਯਤਨ ਕੀਤਾ ਜਾਂਦਾ ਹੈ।

ਦੁਨੀਆਂਦਾਰੀ ਦੀ ਖਬਰਸਾਰ ਕਿਤਾਬਾਂ ਰਾਹੀਂ/ਸ਼ਬਦਾਂ ਰਾਹੀਂ ਕਮਰੇ ਵਿਚ ਇਕੱਠੀ ਹੁੰਦੀ ਰਹਿੰਦੀ ਹੈ, ਕਮਰਾ ਸਮਾਧੀ ਦਾ ਰੂਪ ਧਾਰਦਾ ਹੈ। ਇਸ ਸਮਾਧੀ ਦੇ ਆਸਰੇ ਇਹ

ਸੁੰਨ ਅਤੇ ਚੁੱਪ-ਚਾਪ ਪਈਆਂ ਪੁਸਤਕਾਂ ਖੁੱਲ੍ਹਦੀਆਂ ਅਤੇ ਬੋਲਣ ਲਗਦੀਆਂ ਹਨ ਤਾਂ ਮਨ ਮਸਤਕ ਅੰਦਰਲਾ ਜਵਾਰਭਾਟਾ ਖੌਲਦਾ ਹੈ। ਸੰਵੇਦਨਸ਼ੀਲ ਮਨੁੱਖ ਦੇ ਅੰਦਰਲਾ ਸ਼ਾਬਦਿਕ ਰੂਪ ਬਾਹਰ ਆਉਂਦਾ ਹੈ। ਸਿਆਣੇ ਮਨੁੱਖ ਵਾਸਤੇ ਸ਼ਬਦ ਤੋਂ ਵੱਡੀ ਹੋਰ ਕੋਈ ਦਾਤ ਨਹੀਂ ਹੁੰਦੀ।

ਇਨ੍ਹਾਂ ਪੁਸਤਕਾਂ ਦਾ ਹੀ ਕਰਮ ਹੈ ਕਿ ਮਨੁੱਖ ਨੂੰ ਅਸਹਿਣਸ਼ੀਲ ਤੋਂ ਸਹਿਣਸ਼ੀਲ ਬਨਾਉਣ ਵਿਚ ਆਪਣਾ ਉਸਰੂ ਹਿੱਸਾ ਪਾਉਂਦੀਆਂ ਹਨ। ਜਿਨ੍ਹਾਂ ਨੂੰ ਸ਼ਬਦ ਦੀ ਸਾਰ ਹੋ ਜਾਵੇ ਫੇਰ ਉਹ ਸੰਸਾਰ ਵਿਚ ਵਿਚਰਨ ਵਾਸਤੇ ਸ਼ਬਦ ਦਾ ਹੀ ਸਹਾਰਾ ਲੈਂਦੇ ਹਨ। ਮਨੁੱਖੀ ਜ਼ਿੰਦਗੀ ਵਿਚ ਸ਼ਬਦ ਤੋਂ ਵੱਡੀ ਮਹੱਤਤਾ ਹੋਰ ਕਿਸੇ ਵੀ ਚੀਜ਼ ਦੀ ਨਹੀਂ ਹੁੰਦੀ।

ਸਿਰਜਣਾਤਮਿਕ ਪਲ ਅਜਿਹੇ ਹੁੰਦੇ ਹਨ ਜਿਹਨਾਂ ਨੂੰ ਸਮਾਧੀ ਵਰਗੀ ਚੁੱਪ ਲੋੜੀਦੀ ਹੈ ਪਰ ਇਹ ਪਲ ਉਜਾੜ ਨਹੀਂ, ਇਕਾਂਤ ਭਾਲ਼ਦੇ ਹਨ। ਇਕਾਂਤ ਨਾ ਤਾਂ ਜੰਗਲਾਂ ਵਿਚ ਹੁੰਦੀ ਹੈ ਨਾ ਭੋਰਿਆਂ ਵਿਚ, ਸਗੋਂ ਮਨੁੱਖ ਦੇ ਅੰਦਰਲੀ ਇਕਾਂਤ (ਚੁੱਪ) ਸੋਚ ਦੀਆਂ ਡੂੰਘਾਈ ਵਾਲੀਆਂ ਸਿੱਪੀਆਂ ਵਿਚੋਂ ਅਰਥ ਪੂਰਨ ਸ਼ਬਦਾਂ ਦੀ ਸਿਰਜਣਾ ਕਰਦੀ ਹੈ। ਇਨ੍ਹਾਂ ਅਰਥਪੂਰਨ ਸ਼ਬਦਾਂ ਦੀ ਸਿਰਜਣਾ ਪਿੱਛੇ ਗਿਆਨ ਦੀ ਲੋਅ, ਮਿਹਨਤ ਨਾਲ਼, ਸੂਝ ਰਾਹੀਂ ਕੱਢੀ ਦੁਨੀਆ ਦੇ ਵਰਤਾਰਿਆਂ ਦੀ ਝਲਕ ਬਣਦੀ ਹੈ। ਇਹ ਕਿੱਧਰਿਉਂ ਉਪਰੋਂ ਥੱਲਿਉਂ ਮਿਲੀ ਦਾਤ ਨਹੀਂ ਹੁੰਦੀ ਸਗੋਂ ਇੱਥੋਂ ਤੱਕ ਪਹੰਚਣ ਵਾਸਤੇ ਜੱਗ-ਜਹਾਨ ਦਾ ਵਿਸ਼ਾਲ ਅਧਿਐਨ ਲੋੜੀਂਦਾ ਹੈ। ਨਿੱਠ ਕੇ ਆਲ਼ੇ ਦੁਆਲ਼ੇ ਦਾ ਸਮਾਜੀ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਾਂ/ਸੱਭਿਆਚਾਰਕ ਲਹਿਰਾਂ ਦੇ ਵਿਕਾਸ ਨਾਲ਼ ਸਬੰਧਤ ਤੱਥਾਂ/ਤੱਤਾਂ ਦੀ ਘੋਖ ਪਰਖ ਕਰਨੀ ਪੈਂਦੀ ਹੈ। ਇਤਿਹਾਸਕ, ਮਿਥਿਹਾਸਕ ਘਟਨਾਵਾਂ ਵੇਰਵਿਆਂ ਨੂੰ ਸਹੀ ਦ੍ਰਿਸ਼ਟੀਕੋਣ ਤੋਂ ਵਾਚਣਾ ਪੈਂਦਾ ਹੈ। ਇਹਨਾਂ ਪੜਾਵਾਂ ਵਿਚੋਂ ਲੰਘਦਿਆਂ ਮਨੁੱਖ ਤਪਦਾ ਹੈ ਭੱਠੀ ਵਿਚ ਪਏ ਸੋਨੇ ਵਾਂਗ ਕੁੰਦਨ ਬਣਨ ਵਾਸਤੇ। ਫੇਰ ਆਪਣੇ ਵਿਚਾਰਾਂ ਦੀ ਪ੍ਰਪੱਕਤਾ ਵਾਸਤੇ ਸੋਚਵਾਨਾਂ, ਬੁੱਧੀਮਾਨਾਂ, ਸਿਧਾਂਤਕਾਰਾਂ ਭਾਵ ਕਿ ਮਨੁੱਖ ਹਰ ਉਸ ਵਿਅਕਤੀ/ਰਚਨਾ ਤੱਕ ਪਹੁੰਚਣ ਦਾ ਯਤਨ ਕਰਦਾ ਹੈ ਜਿੱਥੇ ਕਿਸੇ ਤਰ੍ਹਾਂ ਦਾ ਸੰਵਾਦ ਰਚਾਇਆ ਜਾ ਸਕੇ, ਜਿੱਥੋ ਉਸ ਨੂੰ ਕੁਝ ਪੱਲੇ ਪੈਣ ਦੀ ਆਸ ਹੋਵੇ। ਉਹ ਵੱਧ ਤੋਂ ਵੱਧ ਅਧਿਅਨ ਦੇ ਰਾਹੇ ਪੈ ਜਾਂਦਾ ਹੈ। ਹੱਥ ਲੱਗੀਆਂ ਰਚਨਾਵਾਂ, ਸਿਧਾਂਤਾਂ ਆਦਿ ਨੂੰ ਪੜ੍ਹ, ਪਰਖ ਕੇ ਜਿਸਦੀ ਗੱਲ/ਪਹੁੰਚ ਬਹੁਤੀ ਤਰਕਪੂਰਨ, ਵਿਗਿਆਨਕ ਲੱਗੇ ਕੁਦਰਤੀ ਹੀ ਉਸਦਾ ਪ੍ਰਭਾਵ ਵੀ ਕਬੂਲਦਾ ਹੈ।

ਸਾਡੇ ਸਮਿਆਂ ਦਾ ਸੱਚ ਹੋਰ ਬਹੁਤ ਸਾਰਿਆਂ ਦੇ ਨਾਲ਼ ਮਾਰਕਸਵਾਦ-ਲੈਨਿਨਵਾਦ ਨੇ ਉਜਾਗਰ ਕੀਤਾ (ਭਾਵੇਂ ਕਿ ਇਹ ਵੀ ਸੱਚ ਹੈ ਕਿ ਆਖਰੀ ਸੱਚ ਕੋਈ ਨਹੀਂ ਹੁੰਦਾ) ਇਸਨੇ ਦੁਨੀਆ ਦੇ ਦੀਨ-ਦੁਖੀ ਨੂੰ ਉਹਦੇ ਕਸ਼ਟ-ਕਲੇਸ਼, ਦੁੱਖਾਂ ਤਕਲੀਫਾਂ ਦੇ ਅਸਲੀ ਕਾਰਨਾਂ ਤੋਂ ਜਾਣੂ ਕਰਵਾਇਆ ਅਤੇ ਆਪਣੀ ਮਾੜੀ ਹਾਲਤ ਤੋਂ ਛੁਟਕਾਰੇ ਦਾ ਰਾਹ ਦੱਸਿਆ। ਜਿਸਨੇ ਸੰਪੂਰਨ ਮਨੁੱਖ ਦੀ ਸਿਰਜਣਾ ਦੇ ਸੰਕਲਪ ਨੂੰ ਅਸਲੀ ਜਾਮਾ ਪਹਿਨਾਉਣ



ਵਾਲੀ ਜੱਦੋਜਹਿਦ ਨੂੰ ਅਮਲੀ ਰੂਪ ਵਿਚ ਛੇੜਿਆ। ਦੁਨੀਆਂ ਅੰਦਰ ਚੰਗੀ ਜ਼ਿੰਦਗੀ ਜੀਉਣ ਦੀ ਤਾਂਘ ਰੱਖਦੇ ਲੋਕਾਂ ਦੇ ਮਨਾਂ ਦਾ ਹੁਲਾਰਾ ਬਣ ਗਿਆ ਇਹ ਨਵਾਂ ਸਿਧਾਂਤ। ਗੁਲਾਮੀ ਦੀ ਉਮਰ ਭੋਗ ਰਹੇ ਮੁਲਕਾਂ ਦੇ ਲੋਕਾਂ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਦੇਣ ਦਾ ਵਿਚਾਰ ਤੇ ਹੌਸਲਾ ਦਿੱਤਾ। ਉਨ੍ਹਾਂ ਮੁਲਕਾਂ ਨੇ ਅਜ਼ਾਦੀ ਪ੍ਰਾਪਤ ਕੀਤੀ। ਦੁਨੀਆਂ ਨੂੰ ਮਾਰਕਸਵਾਦ-ਲੈਨਿਨਵਾਦ ਦੀ ਦੇਣ ਬਹੁਤ ਵੱਡੀ ਹੈ ਕਿਉਂਕਿ ਇਹ ਸਕਾਰਆਤਮਿਕ ਹੈ। ਹਾਂ, ਜਿਹਨਾਂ ਨੂੰ ਇਹ ਭੁੱਲ ਗਈ ਹੋਵੇ ਉਨ੍ਹਾਂ ਦੀ ਗੱਲ ਕਰਨੀ ਹੀ ਫਜ਼ੂਲ ਹੈ। ਸੁੱਤੇ ਪਏ ਨੂੰ ਤਾਂ ਉਠਾਇਆ ਜਾ ਸਕਦਾ ਹੈ ਪਰ ਮਚਲੇ ਦਾ ਕੀ ਇਲਾਜ? ਮਚਲੇ ਲੋਕ ਆਪਣੇ ਆਪ ਹੀ ਆਪਣੇ ਆਪ ਉੱਤੇ ਸਿਆਣਪ ਦਾ ਝੁੱਲ ਪਾ ਕੇ, ਆਪਣੀ ਹਕੀਕਤ ਭੁੱਲ ਕੇ ਨਕਲੀ ਜੀਉਣ ਵਿਚ ਹੀ ਆਪਣਾ ਭਲਾ ਸਮਝਣ ਲਗ ਪੈਂਦੇ ਹਨ।

ਮਾਰਕਸਵਾਦ ਤੋਂ ਪ੍ਰਭਾਵਿਤ ਹੋਣ ਦਾ ਮੇਰਾ ਵੀ ਇਹ ਹੀ ਕਾਰਨ ਸੀ ਕਿ ਇਸਦੇ ਬਾਨੀਆਂ ਨੇ ਲੁਕੋ ਕੇ ਕਿਸੇ ਕਿਸਮ ਦੀਆਂ ਭਰਮ ਪਾਊ ਗੱਲਾਂ ਨਹੀ ਕੀਤੀਆਂ ਸਗੋਂ ਜ਼ਿੰਦਗੀ ਦਾ ਹਕੀਕਤ ਨਾਲ਼ ਮੇਲ਼ ਕਰਕੇ ਹੀ ਸਮੁੱਚੀ ਗੱਲ ਤੋਰੀ। ਜਦੋਂ ਇਹ ਗੱਲ ਪੜ੍ਹਦੇ/ਸੁਣਦੇ ਹਾਂ ਕਿ ਮਾਰਕਸ ਹਰ ਗੱਲ/ਵਸਤ ਤੇ ਸ਼ੱਕ ਕਰਨ ਨੂੰ ਕਹਿੰਦਾ ਹੈ ਤਾਂ ਇਹ ਵੀ ਯਾਦ ਆਉਂਦਾ ਹੈ ਜੋ ਮਾਰਕਸ ਨੇ ਆਪ ਹੀ ਕਿਹਾ ਸੀ ਕਿ 'ਮੈਂ ਮਾਰਕਸਵਾਦੀ ਨਹੀਂ ਹਾਂ' ਭਾਵ ਇਸਦਾ ਇਹ ਹੈ ਕਿ ਅੱਖਾਂ ਮੀਚ ਕੇ ਕਿਸੇ ਦਾ ਪਿਛਲੱਗ ਬਣਕੇ ਤੁਰਨ ਦਾ ਉਹ ਵਿਰੋਧੀ ਸੀ। ਮਾਰਕਸ ਨੇ ਹਰ ਵਿਚਾਰ ਨੂੰ ਪਾਰਖੂ ਨਜ਼ਰ ਨਾਲ਼ ਦੇਖਣ ਵਾਸਤੇ ਕਿਹਾ ਅਤੇ ਹਰ ਸਮੇਂ ਪਰਖ ਨੂੰ ਦਲੀਲ ਦਾ ਸੰਦ ਬਣਾਇਆ। ਕੋਈ ਮਾਰਕਸਵਾਦ-ਲੈਨਿਨਵਾਦ ਨੂੰ ਮੰਨੇ ਜਾਂ ਨਾ ਮੰਨੇ, ਪਰ ਹਰ ਕੋਈ ਅੱਖਾਂ ਖੁੱਲ੍ਹੀਆਂ ਰੱਖ ਕੇ ਤਾਂ ਤੁਰੇ। ਅੱਖਾਂ ਬਿਨਾਂ ਕਾਹਦਾ ਜਹਾਨ? ਮਾਰਕਸਵਾਦ ਦਾ ਅਧਿਐਨ ਕਰਦਿਆਂ ਵੀ ਅੱਖਾਂ ਬੰਦ ਨਹੀਂ ਹੋਣੀਆਂ ਚਾਹੀਦੀਆਂ ਹਨ। ਜਿੱਥੇ ਵੀ ਕੁਝ ਅਪ੍ਰਸੰਗਕ ਲੱਗੇ ਉਹਨੂੰ ਮੱਲੋਜ਼ੋਰੀ ਪ੍ਰਸੰਗਕ ਬਨਾਉਣ ਦਾ ਧੱਕੇਸ਼ਾਹੀ ਵਾਲ਼ਾ ਜਤਨ ਨਹੀਂ ਕਰਨਾ ਚਾਹੀਦਾ। ਜੇ ਕੋਈ ਇੰਜ ਕਰੇ ਤਾਂ ਉਹ ਮਾਰਕਸਵਾਦ ਨਾਲ਼ ਤਾਂ ਬੇਇਨਸਾਫੀ ਕਰੇਗਾ ਹੀ ਅਤੇ ਆਪਣੇ ਆਪ ਨਾਲ ਵੀ।

ਸ਼ਬਦ ਦੇ ਲੜ ਲੱਗ ਕੇ ਵਿਚਾਰ ਚਰਚਾ ਦਾ ਆਰੰਭ ਹੁੰਦਾ ਹੈ। ਦੁੱਧ ਦੇ ਜੰਮੇ ਦਹੀਂ ਨੂੰ ਰਿੜਕਿਆ ਜਾਵੇ ਤਦ ਹੀ ਮੱਖਣ ਨਿਕਲ਼ਦਾ ਹੈ। ਇਸ ਤਰ੍ਹਾਂ ਹੀ ਕਿਸੇ ਵਿਚਾਰ ਨੂੰ ਵਿਚਾਰਿਆਂ ਹੀ ਕੋਈ ਸਿੱਟਾ ਨਿਕਲਦਾ ਹੈ-ਸਾਰਥਿਕਤਾ ਪੱਲੇ ਪੈਂਦੀ ਹੈ। ਜਿਹੜੇ ਸ਼ਬਦ ਦੀ ਸਾਰਥਿਕਤਾ ਨੂੰ ਨਜ਼ਰ-ਅੰਦਾਜ਼ ਕਰਦੇ ਹਨ, ਉਹਨਾਂ ਔਝੜ ਹੀ ਜਾਣਾ ਹੁੰਦਾ ਹੈ। ਉਨ੍ਹਾ ਨਾਲ਼ ਤਾਂ ਬਹਿਸਣਾ ਵੀ ਵਕਤ ਗੁਆਉਣਾ ਹੀ ਹੈ, ਉਨ੍ਹਾਂ ਬਾਰੇ ਤਾਂ ਬਾਣੀ ਵਿਚੋਂ ਕੀਮਤੀ ਮੱਤ ਲੈ ਲੈਣੀ ਚਾਹੀਦੀ ਹੈ:

ਪੜ ਅੱਖਰ ਏਹੋ ਬੂਝੀਐ
ਮੂਰਖੈ ਸੰਗ ਨਾ ਲੂਝੀਐ

ਕੁਝ ਲੋਕ ਅਜਿਹੀ ਸਥਿਤੀ ਵਿਚ ਕਿਸੇ ਦੂਜੇ ਨੂੰ ਹੀਣਾ ਕਰਨ ਦੇ ਮਕਸਦ ਨਾਲ਼ ਬੇ-ਸਿਰ ਪੈਰ ਘਟੀਆ ਜਹੇ ਮਿਹਣਿਆਂ ਤੱਕ ਉਤਰ ਜਾਂਦੇ ਹਨ। ਆਪ ਹੀ ਆਪਣੇ ਮੋਢਿਆਂ ਉੱਤੇ ਵਿਦਵਾਨ ਹੋਣ ਦੀਆਂ ਨਕਲੀ ਫੀਤੀਆਂ ਲਾ ਕੇ ਦੂਜਿਆਂ ਨੂੰ ਪਿਛਲੱਗ ਆਖਦੇ ਫਿਰਨਗੇ। ਜਿਹੜੇ ਕੱਲ੍ਹ ਤੱਕ ਮਾਰਕਸਵਾਦੀਆਂ ਵਾਸਤੇ ਝਾੜੂ ਫੇਰਨ ਤੱਕ ਜਾਂਦੇ ਸਨ ਅੱਜ ਉਹ ਉਸ ਤੋ ਨਾਬਰ ਹੀ ਨਹੀਂ ਹੋਏ ਸਗੋਂ ਦੁਸ਼ਮਣਾਂ ਵੱਲ ਖੜ੍ਹੇ ਨਜ਼ਰ ਆਉਂਦੇ ਹਨ। ਠੀਕ ਹੀ ਹੋਇਆ, ਉਹ ਆਪਣੇ ਆਪ ਨੂੰ ਭੁੱਲ ਗਏ, ਨਹੀਂ ਤਾਂ ਉਨ੍ਹਾਂ ਨੂੰ ਚੰਗਾ ਸੋਚਣ ਤੇ ਕੁਝ ਚੰਗਾ ਕਰਨ ਅਤੇ ਆਪਣੇ ਆਪ ਨਾਲ਼ ਵਫ਼ਾ ਪਾਲਣ ਦਾ ਫਿਕਰ ਰਹਿਣਾ ਸੀ। ਲੋਕ ਦਰਦੀਆਂ ਨੂੰ ਕਈ ਤਰਾਂ ਦੇ ਮਿਹਣੇ ਵੀ ਝੱਲਣੇ ਪੈਂਦੇ ਹਨ ਪਰ ਜਿਹੜਾ ਲੋਕ ਦਰਦੀ ਆਪਣੀ ਧੁਨ ਦਾ ਪੱਕਾ ਹੁੰਦਾ ਹੈ ਉਹਦੇ ਉੱਤੇ ਮਿਹਣੇ ਦਾ ਕਾਹਦਾ ਅਸਰ? ਬਾਬਾ ਬੁੱਲੇ ਸ਼ਾਹ ਫਰਮਾਂਉਂਦੇ ਹਨ :

ਬੁੱਲਿਆ ਲੋਕੀ ਤੈਨੂੰ ਕਾਫ਼ਿਰ ਕਹਿੰਦੇ
ਤੂੰ ਆਹੋ ਆਹੋ ਆਖ

ਪੜ੍ਹਨ-ਲਿਖਣ ਦਾ ਸਹੀ ਸਥਾਨ ਵਧੀਆ ਕਮਰੇ ਹੀ ਤਾਂ ਨਹੀ ਹੁੰਦੇ। ਗੁਰੂਆਂ, ਪੀਰਾਂ, ਭਗਤਾਂ ਅਤੇ ਹੋਰ ਮਹਾਂਪੁਰਸ਼ਾਂ ਨੇ ਬੋਲਾਂ, ਸ਼ਬਦਾਂ ਦੇ ਉਚਾਰਨ ਵਾਸਤੇ ਕਿਹੜੇ ਸਥਾਨ ਵਰਤੇ? ਉਹ ਜਿੱਥੇ ਵੀ ਬੈਠੇ ਉੱਥੇ ਹੀ ਕੁਝ ਉਚਾਰਿਆ। ਸਫਰ ਉੱਤੇ ਨਿਕਲੇ ਤਾਂ ਵੀ, ਕਿਸੇ ਭੀੜ ਵਿਚ ਵਿਚਰੇ ਤਦ ਵੀ, ਆਪਣੇ ਆਪ ਨੂੰ ਪਹੁੰਚੇ ਹੋਏ ਅਖਵਾਉਣ ਵਾਲਿਆਂ ਸੰਗ ਬੈਠੇ ਤਾਂ ਵੀ ਉਨ੍ਹਾਂ ਨੇ ਸੰਵਾਦ ਰਚਾਇਆ/ਗੋਸ਼ਟਿ ਕੀਤੇ ਅਤੇ ਸਮੇਂ ਨੂੰ ਸਕਾਰਥ ਕਰਨ ਦਾ ਯਤਨ ਕੀਤਾ। ਖੁੱਲ੍ਹੇ ਅਸਮਾਨ ਹੇਠ ਵੀ ਬੈਠੇ ਉੱਥੇ ਵੀ ਰਚਨਾ ਕੀਤੀ। ਰਿਸ਼ੀਆਂ ਮੁਨੀਆਂ ਵਲੋ ਜੰਗਲਾਂ ਅੰਦਰ ਘਾਹ-ਫੂਸ ਦੀਆਂ ਕੁੱਲੀਆਂ ਵਿਚ ਬੈਠ ਕੇ ਵੇਦ-ਗ੍ਰੰਥ ਲਿਖੇ ਜਾਣ ਦੇ ਹਵਾਲੇ ਮਿਲਦੇ ਹਨ।

ਹਰ ਰਚਨਾਕਾਰ ਨੇ ਆਪਣੇ ਰਚਨਾਤਮਿਕ ਪਲਾਂ ਨੂੰ ਫੜਨ ਵਾਸਤੇ ਆਪਣਾ ਮਾਹੌਲ ਆਪ ਲੱਭਣਾ/ਸਿਰਜਣਾ ਹੁੰਦਾ ਹੈ। ਮਨੁੱਖ ਆਪਣੇ ਆਪ ਨੂੰ ਸਮੇਂ ਸਥਾਨ ਅਨੁਸਾਰ ਢਾਲਣ ਵਾਲ਼ਾ ਹੋਵੇ ਤਾਂ ਔਖਿਆਈ ਵੀ ਕੋਈ ਨਹੀਂ ਹੁੰਦੀ। ਮੈਂ ਖੁਦ, ਪੜ੍ਹਨ ਲਿਖਣ ਦਾ ਕਾਰਜ ਕਿਸੇ ਨਿਸਚਤ ਥਾਂ ਨਹੀਂ ਕਰ ਸਕਦਾ। ਘਰ ਹੋਵਾਂ ਤਾਂ ਬੈਠਣ ਵਾਲ਼ਾ ਕਮਰਾ, ਰਸੋਈ ਅੰਦਰ ਰੋਟੀ ਖਾਣ ਵਾਲ਼ਾ ਮੇਜ਼, ਬੱਚਿਆਂ ਦੇ ਕਮਰੇ ਵਿਚ ਉਨ੍ਹਾਂ ਦੇ ਪੜ੍ਹਨ ਲਿਖਣ ਵਾਲ਼ਾ ਸਥਾਨ ਆਦਿ ਕਿਧਰੇ ਵੀ ਸਮਾਧੀ ਲਾਈ ਜਾ ਸਕਦੀ ਹੈ। ਕੰਮ ਉੱਤੇ ਹੋਵਾਂ ਤਾਂ ਉੱਥੇ ਵੀ ਵਿਹਲ ਦੇ ਸਮੇਂ ਨੂੰ ਕਈ ਵਾਰ ਪੜ੍ਹਨ ਲਿਖਣ ਵਾਸਤੇ ਵਰਤ ਲੈਂਦਾ ਹਾਂ। ਸੈਰ ਕਰਨ ਵੇਲੇ ਬੈਠਣ ਲਈ ਚੰਗਾ ਥਾਂ ਮਿਲ਼ ਜਾਵੇ, ਸਮਾਂ ਹੋਵੇ ਤਾਂ ਵੀ ਇਨ੍ਹਾਂ ਪਲਾਂ ਨੂੰ ਹੱਥੋਂ ਨਹੀਂ ਜਾਣ ਦਿੰਦਾ । ਸਫ਼ਰ ਕਰਦਿਆਂ ਮੌਕਾ ਮਿਲੇ ਤਾਂ ਪੜ੍ਹਨ ਨੂੰ ਤਰਜੀਹ ਦਿੰਦਾ ਹਾਂ। ਇਸ ਕਰਕੇ ਹੀ ਕਈ ਵਾਰ ਕਾਰ ਦੀ ਬਜਾਇ ਰੇਲ ਗੱਡੀ ਵਿਚ ਸਫ਼ਰ ਕਰਨ ਦਾ ਮਨ ਬਣਾ ਲੈਂਦਾ ਹਾਂ। ਇੰਝ ਕੁਝ ਪਲਾਂ ਦੀ ਸਾਰਥਿਕਤਾ ਫੜੀ ਜਾ ਸਕਦੀ ਹੈ। ਗੱਲ ਇੱਕ



ਵਾਰ ਧੁਨ ਛਿੜਨ ਦੀ ਹੈ ਫੇਰ ਕੋਈ ਰੁਕਾਵਟ ਨਹੀਂ ਆਉਂਦੀ। ਰੇਲ ਗੱਡੀ ਰਾਹੀਂ ਸਫਰ ਕਰਦਿਆਂ ਕਈ ਵਾਰ ਚੰਗੇ ਲੋਕਾਂ ਨਾਲ਼ ਸੰਵਾਦ ਰਚਾਉਣ ਦਾ ਸਬੱਬ ਵੀ ਬਣ ਜਾਂਦਾ ਹੈ, ਇਹ ਵੀ ਲਾਹੇਵੰਦ ਹੀ ਹੁੰਦਾ ਹੈ।

ਵੱਖੋ ਵੱਖ ਲੋਕਾਂ ਦੀਆਂ ਨਵੀਆਂ ਗੱਲਾਂ/ਵਿਚਾਰ ਪੜ੍ਹੀਦੇ ਸੁਣੀਦੇ ਹਨ। ਅੱਜ-ਕਲ੍ਹ ਕਈ ਇਤਿਹਾਸ ਦੀ ਮੌਤ ਦੀਆਂ ਗੱਲਾਂ ਕਰਦੇ ਹਨ। ਇਹ ਕੋਈ ਨਵੇਂ ਜੀਊੜੇ ਨਹੀ, ਸਿਰਫ ਰੰਗ ਹੀ ਨਵਾਂ ਹੈ। ਇਨ੍ਹਾਂ ਸਿਰਫ ਫੈਸ਼ਨ ਹੀ ਬਦਲਿਆ ਹੈ। ਕਿਸੇ ਵਲੋਂ ਫੈਸ਼ਨ ਬਦਲਣ ਉੱਤੇ ਭਲਾ ਕੌਣ ਪਾਬੰਦੀ ਲਾ ਸਕਦਾ ਹੈ? ਭਾਰਤੀ ਸਮਾਜ ਦੀ ਸਥਿਤੀ ਅਜੇ ਪੂਰੇ ਤੌਰ 'ਤੇ ਆਧੁਨਿਕ ਨਹੀਂ ਹੋਈ ਪਰ ਸਾਹਿਤ ਅੰਦਰ ਉੱਤਰ-ਆਧੁਨਿਕਤਾ ਦੀ ਲਹਿਰ ਚੱਲ ਰਹੀ ਹੈ। ਕਮਾਲ ਤਾਂ ਇਸ ਗੱਲ ਦਾ ਹੈ ਕਿ ਜਿਹੜੇ ਮੱਧਯੁਗੀ ਰਚਨਾ ਕਰ ਰਹੇ ਹਨ, ਇਹ ਮਹਾਂ ਵਿਦਵਾਨ ਉਨ੍ਹਾਂ ਨੂੰ ਵੀ ਆਪਣੇ ਧੜੇ ਵਿਚ ਰਲਾਉਣ ਦੀ ਗਰਜ਼ ਨਾਲ਼ ਉਨ੍ਹਾਂ ਉੱਤੇ ਵੀ ਮੱਲੋਜ਼ੋਰੀ, ਬਿਨਾ ਸੋਚੇ ਸਮਝੇ ਉੱਤਰ-ਆਧੁਨਿਕ ਹੋਣ ਦਾ ਲੇਬਲ ਚਿਪਕਾਈ ਜਾ ਰਹੇ ਹਨ। ਹੈ ਨਾ ਆਪਣੇ ਆਪ ਨੂੰ ਠੱਠਾ ਕਰਨ ਵਾਲੀ ਗੱਲ? ਇੱਥੋਂ ਬੜਾ ਹੀ ਮਹੱਤਵ ਪੂਰਨ ਸਵਾਲ ਪੈਦਾ ਹੁੰਦਾ ਹੈ ਕਿ ਸਾਹਿਤ ਤੇ ਸਮਾਜ ਦਾ ਵੀ ਕੋਈ ਰਿਸ਼ਤਾ ਹੁੰਦਾ ਹੈ? ਜਿਹੜਾ ਸਮਾਜ ਪਛੜੇਵੇਂ, ਗਰੀਬੀ, ਭੁੱਖ, ਅਨਪੜ੍ਹਤਾ ਆਦਿ ਕਰਕੇ ਮੱਧਯੁਗੀ ਕਦਰਾਂ ਕੀਮਤਾਂ ਦਾ ਧਾਰਨੀ ਹੋਵੇ ਉੱਥੇ ਕਿਹੜੀ ਲਹਿਰ ਉੱਠੇਗੀ ਜਾਂ ਉੱਠਣੀ ਚਾਹੀਦੀ ਹੈ? ਜਿੱਥੋਂ ਦੇ ਰਾਜਨੀਤਿਕ ਲੀਡਰ, ਬੁੱਧੀਜੀਵੀ ਤਾਂਤਰਿਕਾਂ ਜਾਂ ਜੋਤਸ਼ੀਆਂ ਦੇ ਮੁਰੀਦ ਹੋਣ, ਝੂਠ ਤੇ ਪਾਖੰਡ ਦੇ ਆਪੇ ਬਣੇ ਗਵਾਹ ਹੋਣ, ਉਹ ਆਪਣੇ ਮਖੌਟੇ ਨੂੰ ਕਦੋਂ ਤੱਕ ਛੁਪਾ ਸਕਣਗੇ? ਇਹ ਬਹੁਤ ਹੀ ਸੋਚਣ ਸਮਝਣ ਵਾਲ਼ਾ ਮਸਲਾ ਹੈ। ਫੋਕੀ ਉੱਤਰ-ਆਧੁਨਿਕਤਾ ਵਾਲ਼ੇ ਭਾੜੇ ਦੇ ਰਥਵਾਨਾਂ ਨੂੰ ਇਸਦਾ ਜਵਾਬ ਦੇਣਾ ਹੀ ਪਵੇਗਾ।

ਲਿਖਣ ਦੇ ਰਾਹੇ ਪੈਣ ਲੱਗਿਆਂ ਬਹੁਤ ਹੀ ਸੋਚਣਾ ਪੈਂਦਾ ਹੈ। ਇਸ ਵਾਸਤੇ ਕੋਈ ਕਿਸੇ ਨੂੰ ਮਜਬੂਰ ਨਹੀਂ ਕਰਦਾ। ਇਸਨੂੰ ਘਾਟੇ ਵਾਲ਼ਾ ਸੌਦਾ (ਪੰਜਾਬੀ ਵਿਚ ਤਾਂ ਇਵੇਂ ਹੀ ਹੈ) ਕਿਹਾ ਜਾਂਦਾ ਹੈ। ਉਂਜ ਜੇ ਸੋਚਿਆ ਜਾਵੇ ਤਾਂ ਅਸਲੀ ਸੌਦਾ ਹੁੰਦਾ ਹੀ ਘਾਟੇ ਵਾਲ਼ਾ ਹੈ। ਇਹ ਰਾਹ ਤਾਂ ਬਾਬਾ ਨਾਨਕ ਸਾਨੂੰ ਸਦੀਆਂ ਪਹਿਲਾਂ ਦੱਸ ਗਏ ਹਨ। ਫੇਰ ਇਸ ਤੋਂ ਮੂੰਹ ਮੋੜਨ ਵਾਲ਼ੇ ਆਪਣੇ ਹੱਕ ਵਿਚ ਕਿਹੜੀ ਦਲੀਲ ਘੜਨਗੇ? ਬਾਬੇ ਦੇ ਵਚਨਾਂ ਵਲੋ ਮੂੰਹ ਮੋੜਦਿਆਂ ਉਹਨਾਂ ਨੂੰ ਸ਼ਰਮ ਤਾਂ ਨਹੀਂ ਆਵੇਗੀ? ਜਾਂ ਫੇਰ ਅੱਜਕੱਲ੍ਹ ਬੁਧੀਜੀਵੀ (ਆਪੇ ਬਣੇ) ਤੇ ਬੇਸ਼ਰਮੀ ਇੱਕੋ ਸਿੱਕੇ ਦੇ ਦੋ ਪਾਸੇ ਬਣਦੇ ਜਾ ਰਹੇ ਹਨ? ਇਹ ਤਾਂ ਬਿਲਕੁਲ ਨਹੀਂ ਹੋਣਾ ਚਾਹੀਦਾ, ਇਹ ਬਹੁਤ ਹੀ ਮਾੜਾ ਰਾਹ ਹੈ।

ਸਾਡਾ ਸਮਾਜ ਅੱਜ ਵੀ ਲੁੱਟ ਤੇ ਅਧਾਰਤ ਹੈ। ਲੋਕ ਰਾਜ ਅੰਦਰ ਲੋਕ ਸ਼ਬਦ ਨਿਤਾਣਾ ਹੀ ਨਹੀਂ ਸਗੋ ਗਿਆਂ-ਗੁਜ਼ਰਿਆਂ ਵਰਗਾ ਹੋ ਗਿਆ ਹੈ। ਭਾਈ ਲਾਲੋ ਅਜੇ ਵੀ ਰੁਲ਼ਦਾ ਫਿਰਦਾ ਹੈ। ਮਲਕ ਭਾਗੋ ਦੇ ਮਾਹਲ ਪੂੜਿਆਂ ਵਿਚੋਂ ਅਜੇ ਵੀ ਲਾਲੋ ਦੀ ਕਿਰਤ ਦਾ ਖ਼ੂਨ ਨੁੱਚੜਦਾ ਹੈ। ਸੰਸਾਰ ਪ੍ਰਬੰਧ ਜੋ ਸਰਾਸਰ ਅਨਿਆਂ ਉੱਤੇ ਅਧਾਰਤ ਹੈ, ਆਪਣੇ

ਆਪ ਨੂੰ ਬੁਧੀਜੀਵੀ ਕਹਾਉਣ ਵਾਲ਼ੇ ਲੋਭ ਦੇ ਮਾਰੇ ਜੀਊੜੇ ਉਸਦਾ ਅੰਗ ਬਣਦੇ ਜਾ ਰਹੇ ਹਨ। ਕੋਝੇ ਵਿਦਵਾਨ ਬਸਤੀਵਾਦ ਦੇ ਸ਼ਬਦ ਨੂੰ ਨਵਾਂ ਰੂਪ ਦੇ ਕੇ ਨਵ-ਬਸਤੀਵਾਦ ਨਹੀਂ ਸਗੋਂ ਇਸਨੂੰ ਵਿਸ਼ਵੀਕਰਨ (ਗਲੋਬਲਾਈਜ਼ੇਸ਼ਨ) ਦਾ ਨਾਂ ਦਿੰਦੇ ਹਨ। ਇਹ ਲੁੱਟ ਦੇ ਨਵੇਂ ਢੰਗ ਦਾ ਨਾਂ ਹੈ। ਏਸ਼ੀਆ, ਅਫਰੀਕਾ, ਲਾਤੀਨੀ ਅਮਰੀਕਾ ਆਦਿ ਦੇ ਵਿਕਾਸ ਕਰ ਰਹੇ ਅਤੇ ਪਛੜੇ ਮੁਲਕਾਂ ਦੇ ਗਲ਼ ਪਾਏ ਜਾ ਰਹੇ ਨਵੇਂ ਫਾਹੇ ਦਾ ਨਾਂ ਹੈ। ਲੁੱਟਣ ਵਾਸਤੇ ਲੁਭਾਉਣੇ ਸ਼ਬਦਾਂ ਦੇ ਭਰਮ ਜਾਲ਼ ਹੇਠ ਨਵੀਆਂ ਮੰਡੀਆਂ ਦੀ ਭਾਲ਼ ਕੀਤੀ ਜਾ ਰਹੀ ਹੈ। ਲੋਕਾਂ ਨੂੰ ਇਹਦੇ ਬਾਰੇ ਕੌਣ ਦੱਸੇਗਾ? ਇਸ ਖਤਰੇ ਤੋਂ ਕੌਣ ਬਚਾਵੇਗਾ? ਲੋਕਾਂ ਨੂੰ ਸਮਾਨਤਾ, ਨਿਆਂ ਭਰਪੂਰ, ਮਨੁੱਖੀ ਹੱਕਾਂ ਵਾਲੇ ਸਮਾਜ ਅਤੇ ਧੱਕੇ-ਧੌਂਸ ਤੇ ਲੁੱਟ ਰਹਿਤ ਨਵੇਂ ਸੰਸਾਰ ਪ੍ਰਬੰਧ ਦੀ ਬਹੁਤ ਲੋੜ ਹੈ।

ਸੰਸਾਰ ਪ੍ਰਬੰਧ ਨੇ ਅਜੇ ਸਭੈ ਸਾਂਝੀਵਾਲ.... ਦਾ ਰੂਪ ਧਾਰਦਿਆਂ ਨਵਾਂ ਬੇਗਮਪੁਰਾ ਸਿਰਜਣਾ ਹੈ। ਇਸਦੀ ਸਿਰਜਣਾ ਫੇਰ ਕੌਣ ਕਰੂ? ਸਿਆਣੇ, ਬੁਧੀਮਾਨ ਇਨ੍ਹਾਂ ਸਵਾਲਾਂ ਦੇ ਰੂ-ਬ-ਰੂ ਹੋਏ ਬਿਨਾਂ ਸੁਰਖਰੂ ਨਹੀਂ ਹੋ ਸਕਦੇ। ਜਾਗਦੀ ਜ਼ਮੀਰ ਵਾਲਾ ਕੋਈ ਵੀ ਇਨਸਾਨ (ਲੇਖਕ ਅਤੇ ਵਿਦਵਾਨ ਤਾਂ ਬਿਲਕੁਲ ਨਹੀਂ) ਉਪਰੋਕਤ ਸਵਾਲਾਂ ਵਲ ਪਿੱਠ ਕਰਕੇ ਅੱਗੇ ਨਹੀਂ ਲੰਘ ਸਕਦਾ। ਇਹ ਉਸਦਾ ਆਪਣੇ ਵਲੋਂ ਲੋਕਾਂ ਪ੍ਰਤੀ ਮਿੱਥਿਆ ਫ਼ਰਜ਼ ਹੈ। ਕਲਮ ਹੱਥ ਵਿਚ ਫੜਨ ਵਾਲ਼ਾ ਕਲਮ ਦਾ ਅਪਮਾਨ ਨਹੀਂ ਕਰ ਸਕਦਾ। ਕਲਮ ਨੂੰ ਤਾਂ ਨੀਵੇਂ-ਨਿਤਾਣਿਆਂ ਦੇ ਸੰਗ ਖੜੇ ਹੋ ਕੇ ਉਨ੍ਹਾਂ ਦੀ ਤਾਕਤ ਬਣਨਾ ਪੈਣਾ ਹੈ। ਸਾਰੇ ਜਹਾਨ ਦਾ ਦਰਦ ਆਪਣੇ ਸੀਨੇ ਤੇ ਝੱਲਣਾ ਪੈਣਾ ਹੈ। ਇਸ ਨਾਲ਼ ਹੀ ਤਾਂ ਫ਼ਰਜ਼ ਦੀ ਪੂਰਤੀ ਹੋਵੇਗੀ।

ਕਿਸੇ ਦੇ ਮੱਥੇ ਦੀ ਲੋਅ ਬਣ ਜਾਂਦੇ ਹਨ-ਮਹਾਂਪੁਰਸ਼ਾਂ ਦੇ ਪ੍ਰਵਚਨ। ਇਨ੍ਹਾਂ ਦੇ ਆਸਰੇ ਹਨੇਰੇ ਵਿਚ ਆਸ ਦੇ ਦੀਵੇ ਬਲ਼ਦੇ ਹਨ, ਫੇਰ ਜੱਗ ਚਾਨਣ ਹੁੰਦਾ ਹੈ। ਕਬੀਰ ਜੀ ਸਾਡੇ ਉੱਘੇ ਸੰਤ ਹੀ ਨਹੀਂ ਉੱਚਕੋਟੀ ਦੇ ਚਿੰਤਕ ਵੀ ਹੋਏ ਹਨ। ਉਨ੍ਹਾਂ ਦੀ ਬਾਣੀ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ ਇਸ ਪਾਸੇ ਤੁਰੇ ਜਾਗਰੂਕ ਲੋਕਾਂ ਬਾਰੇ ਉਚਾਰਿਆ ਹੈ :

ਸੁਖੀਆ ਸਭ ਸੰਸਾਰ ਹੈ ਖਾਵੇ ਔਰ ਸੋਵੇ
ਦੁਖੀਆ ਦਾਸ ਕਬੀਰ ਹੈ ਜਾਗੇ ਔਰ ਰੋਵੇ

ਮੇਰਾ ਆਪਣਾ ਆਪਾ ਇਹੋ ਜਹੇ ਕਥਨਾਂ/ਪ੍ਰਵਚਨਾਂ ਨੂੰ ਆਪਣੇ ਮੱਥੇ ਦੀ ਲੋਅ ਸਮਝਦਾ ਹੈ। ਇਹਦੇ ਆਸਰੇ ਸਾਨੂੰ ਆਪਣਾ ਰਸਤਾ ਦਿਸਦਾ ਹੈ, ਆਪਣੇ ਫ਼ਰਜ਼ ਦੀ ਸੋਝੀ ਹੁੰਦੀ ਹੈ। ਮੇਰਾ ਆਪਣਾ ਆਪ ਲੋਕਾਂ, ਲੋਕ-ਪੱਖੀ ਸ਼ਕਤੀਆਂ, ਵੱਖੋ-ਵੱਖ ਵਿਚਾਰਧਾਰਾਵਾਂ ਤੋਂ ਸਿੱਖ-ਮੱਤ ਲੈ ਕੇ ਆਪਣੇ ਵਿਤ ਮੁਤਾਬਿਕ ਤੁਰ ਕੇ ਆਪਣੀ ਕਲਮ ਨਾਲ਼ ਵਫ਼ਾ ਪਾਲਣ ਲਈ ਵਚਨਵੱਧ ਹੈ। ਮੇਰਾ ਕਮਰਾ, ਕਮਰੇ ਵਿਚਲੀਆਂ ਕਿਤਾਬਾਂ ਮੇਰੀ ਸੋਚ ਨੂੰ ਪ੍ਰਭਾਵਿਤ ਕਰਦੀਆਂ ਹਨ। ਦੁਨੀਆਂ ਵਿਚ ਹੁੰਦੀ ਉਥਲ-ਪੁਥਲ ਅਤੇ ਬਦਲਦੀਆਂ



ਸਥਿਤੀਆਂ, ਨਿੱਤ ਨਵੇਂ ਸਵਾਲ ਪੈਦਾ ਕਰਦੀਆਂ ਹਨ ਕਿ ਕਿਉਂ ਹੋ ਰਿਹਾ ਹੈ ਇਹ ਸਾਰਾ ਕੁਝ? ਕੌਣ ਕਰ ਰਿਹਾ ਹੈ? ਕੌਣ ਕਰਵਾ ਰਿਹਾ ਹੈ? ਮਨੁੱਖ ਕਿਉਂ ਨਿੱਘਰਦਾ ਜਾ ਰਿਹਾ ਹੈ ਦਿਨ ਪ੍ਰਤੀ ਦਿਨ? ਅਤੇ ਹੋਰ ਕਿੰਨਾ ਕੁ ਨਿੱਘਰੇਗਾ? ਉਪਰੋਕਤ ਸਾਰੇ ਹੀ ਸਵਾਲ ਕਮਰੇ ਵਿਚ ਬੈਠਕੇ ਵਿਚਾਰਦਾ ਹਾਂ ਤਾਂ ਮੇਰੀ ਕਲਮ, ਸ਼ਬਦਾਂ ਦਾ ਵਹਿਣ ਲੈ ਕੇ ਇਹਨਾਂ ਸਵਾਲਾਂ ਸੰਗ ਸੰਵਾਦ ਰਚਾਉਣ ਦਾ ਕਾਰਜ ਕਰਦੀ ਹੈ।

**ਕੇਹਰ ਸ਼ਰੀਫ਼**

Ober Str. – 25
58452 Witten, Germany
Tel.- (0049) 02302 21848
E-mail : ksharif@arcor.de

# ਨੁਕਤੇ ਦਾ ਪਸਾਰ

ਨਿੱਕੇ ਸੰਦਰਭਾਂ ਦਾ ਮਹੱਤਵ ਕਿੱਡਾ ਵੱਡਾ ਹੁੰਦਾ ਹੈ, ਇਹ ਦੇਖਕੇ ਹਰ ਕਿਸੇ ਨੂੰ ਹੈਰਾਨੀ ਹੁੰਦੀ ਹੈ। ਪਰ ਇੱਥੇ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ ਕਿਉਂਕਿ ਅਸੀਂ ਸਾਰੇ ਜਾਣਦੇ ਹਾਂ ਕਿ ਸਾਰੀ ਕਇਨਾਤ ਕਿਣਕਿਆਂ ਦੇ ਮਾਤਰ ਦਾ ਵਿਕਾਸ ਹੀ ਤਾਂ ਹੈ। ਇਹ ਵਿਕਾਸ ਲਗਾਤਾਰ ਅੱਗੇ ਵਧ ਤੇ ਫੈਲ ਰਿਹਾ ਹੈ। ਜ਼ਮਾਨੇ ਨੂੰ ਕਿੱਥੋਂ, ਕਿੱਥੇ ਪਹੁੰਚਿਆ ਦੇਖਕੇ ਮਨੁੱਖ ਅਚੰਭਾ ਮਹਿਸੂਸ ਕਰਨ ਲਗਦਾ ਹੈ। ਅਚੰਭਾ ਤਾਂ ਹੋਣਾ ਹੀ ਹੋਇਆ ਕਿ ਮਨੁੱਖ ਦੀ ਆਪਣੀ ਸੋਚ-ਸੂਝ ਅਤੇ ਸ਼ਕਤੀ ਨੇ ਰਲਕੇ ਅਣਕਿਆਸੀਆਂ ਅਤੇ ਅਣਦਿਸਦੀਆਂ ਚੜ੍ਹਾਈਆਂ ਨੂੰ ਤੈਅ ਕੀਤਾ ਹੈ। ਮਨੁੱਖੀ ਸ਼ਕਤੀ ਦੀ ਇਸ ਪ੍ਰਾਪਤੀ ਨੂੰ ਸਲਾਮ ਕਰਨਾ ਬਣਦਾ ਹੈ ਅਤੇ ਹੋਰ ਵੱਡੀਆਂ ਪ੍ਰਾਪਤੀਆਂ ਵਲ ਹੱਲਾ ਮਾਰਨ ਵਾਸਤੇ ਇਸਨੂੰ ਹੱਲਾਸ਼ੇਰੀ ਦੇਣੀ ਵੀ ਜ਼ਰੂਰੀ ਹੈ।

ਪਿਛਾਂਹ ਵਲ ਮੁੜ ਸੋਚਣ ਲੱਗੀਏ ਤਾਂ ਸੋਚ ਭਮੱਤਰ ਜਾਂਦੀ ਹੈ। ਆਦਿ ਮਨੁੱਖ ਨੇ ਬਹੁਤ ਪਹਿਲਾਂ ਪੱਥਰਾਂ ਨੂੰ ਰਗੜਦਿਆਂ ਪਹਿਲ-ਪਲੱਕੜੇ ਜਦੋਂ ਅੱਗ ਵਰਗੇ ਚੰਗਿਆੜੇ ਨਿਕਲਦੇ ਦੇਖੇ ਹੋਣਗੇ ਅਤੇ ਫੇਰ ਪਹਿਲੀ ਵਾਰ ਉਨ੍ਹਾਂ ਹੀ ਪੱਥਰਾਂ ਦੀ ਰਗੜ ਨਾਲ ਨਾ ਜਾਣਦਿਆਂ ਹੋਇਆਂ ਵੀ ਅੱਗ ਬਾਲ਼ੀ ਹੋਵੇਗੀ ਤਾਂ ਉਸਦੇ ਚਿਹਰੇ ਉੱਤੇ ਹੈਰਾਨੀ ਭਰੀ ਲਾਲੀ ਦੇ ਉੱਗ ਆਉਣ ਨੂੰ ਪੜ੍ਹਿਆ ਜਾਣਾ ਕੀ ਸੌਖਾ ਹੋ ਸਕਦਾ ਹੈ? ਪਹਿਲੀ ਵਾਰ ਜਦੋਂ ਉਸਨੇ ਕਿਸੇ ਵਸਤ (ਖਾਣਾ) ਨੂੰ ਅੱਗ ਦੇ ਸੇਕ ਉੱਤੇ ਪਕਾ ਕੇ ਜਾਂ ਰਿੰਨ੍ਹ ਕੇ ਖਾਧਾ ਹੋਵੇਗਾ ਤਾਂ ਭਲਾਂ ਕਿੰਝ ਮਹਿਸੂਸ ਕੀਤਾ ਹੋਵੇਗਾ? ਇਸਦੇ ਗਵਾਹ ਤਾਂ ਉਹ ਹੁਸੀਨ ਪਲ ਹੀ ਹੋ ਸਕਦੇ ਹਨ ਜੋ ਉਸਦੇ ਦੁਆਲੇ/ਅੰਗ ਸੰਗ ਗੁਜ਼ਰੇ ਹੋਣਗੇ।

ਉਂਜ ਮਨੁੱਖ ਦੀ ਦੂਰ-ਦੁਰਾਡੇ ਤੱਕ ਮਾਰ/ਪਹੁੰਚ ਹੈ। ਜੇ ਕੋਈ ਕਸਰ ਸੀ ਤਾਂ ਸੈਟੇਲਾਈਟ ਨੇ ਪੂਰੀ ਕਰ ਦਿੱਤੀ ਹੈ। ਦੁਨੀਆਂ ਦੇ ਜਿਸ ਹਿੱਸੇ ਤੇ ਜਦੋਂ ਮਰਜ਼ੀ ਝਾਤੀ ਮਾਰੋ, ਇਸ ਵਾਸਤੇ ਵੀ ਸੰਭਾਵਨਾਵਾਂ ਮੌਜੂਦ ਹਨ। ਭਾਵੇਂ ਕਿ ਅਜਿਹੀ ਤਕਨੀਕ ਦੀ ਦੁਰਵਰਤੋਂ ਵਾਲੇ ਵੀ ਪਿੱਛੇ ਨਹੀਂ ਰਹਿੰਦੇ। ਕੀ ਕੋਈ ਫੜ ਸਕਦਾ ਹੈ ਉਨ੍ਹਾਂ ਪਲਾਂ ਨੂੰ ਜਦੋਂ ਕੋਲੰਬਸ ਨੇ ਅਮਰੀਕਾ ਲੱਭੀ ਹੋਵੇਗੀ? ਤਾਂ ਰੇਤ ਦੇ ਕਣਾਂ ਵਿਚ ਸੋਨਾ ਦਿਸਣ/ਲੱਭਣ ਵਰਗਾ ਅਚੰਭਾ ਹੀ ਹੋਇਆ ਹੋਣਾ ਉਸਨੂੰ ਤੇ ਉਸਦੇ ਸਾਥੀਆਂ ਨੂੰ। ਉਂਜ ਵੀ ਅਚੰਭੇ ਵਰਗੀਆਂ ਲੱਭਤਾਂ ਖੋਜੀਆਂ ਦੀ ਝੋਲ਼ੀ ਹੀ ਪੈਂਦੀਆਂ ਹਨ, ਕਿਉਂਕਿ ਉਹ ਸਮੇਂ ਨੂੰ ਫੜਨ ਦੀ ਨਿਮਰਤਾ ਭਰੀ ਜਿਦ ਕਦੇ ਨਹੀਂ ਛੱਡਦੇ। ਇਸ ਸਿਰੜ ਭਰੀ ਜਿਦ ਅੱਗੇ ਸਮੇਂ ਨੂੰ ਹਾਰ ਹੀ ਜਾਣ ਪੈਂਦਾ ਹੈ।

ਛੋਟੀਆਂ, ਵੱਡੀਆਂ ਘਟਨਾਵਾਂ ਆਪਣਾ ਮਹੱਤਵ ਰਖਦੀਆਂ ਹਨ। ਵੱਖੋ-ਵੱਖਰੇ ਗ੍ਰਹਿਆਂ ਦਾ ਸਜਿਆ ਇਹ ਸੰਸਾਰ ਅਤੇ ਮਨੁੱਖ ਵਲੋਂ ਬ੍ਰਹਿਮੰਡ ਤੱਕ ਦੀ ਪਹੁੰਚ, ਇਹ ਸਭ ਮਨੁੱਖ ਦੀ ਸੋਚਣ ਅਤੇ ਸਿਰਜਣ ਸ਼ਕਤੀ ਦਾ ਹੀ ਕਮਾਲ ਆਖਿਆ ਜਾਣਾ ਚਾਹੀਦਾ ਹੈ। ਆਧੁਨਿਕ ਨਵੀਂ ਤਕਨੀਕ ਅਤੇ ਉਸਦੀ ਵਰਤੋਂ ਮਨੁੱਖੀ ਸ਼ਕਤੀ ਨੂੰ ਹੋਰ ਤਾਕਤ ਦੇਣ ਅਤੇ ਬਲ ਬਖਸ਼ਣ ਵਾਲੇ ਸਾਧਨ ਆਖੇ ਜਾ ਸਕਦੇ ਹਨ। ਸ਼ਰਤ ਇੱਥੇ ਇਹ ਵੀ ਹੈ ਕਿ ਤਕਨੀਕ ਸਿਰਜਦੇ ਅਤੇ ਵਰਤਦੇ ਹੱਥ ਭਵਿੱਖ ਵਿਚੋਂ ਮਨੁੱਖ ਨੂੰ ਮਨਫੀ ਕਰਨ ਦਾ ਕੋਝਾ ਯਤਨ ਨਾ ਕਰਦੇ ਹੋਣ। ਮਨੁੱਖ ਵਲੋਂ ਕੱਢੀਆਂ ਕਾਢਾਂ/ਲੱਭਤਾਂ ਲੋਕਾਈ/ਸਮਾਜ ਦੀ ਸੂਝ ਸਮਝ ਨੂੰ ਹੋਰ ਤਿੱਖਿਆਂ ਅਤੇ ਜਿੰਦ ਨੂੰ ਸੌਖਿਆਂ ਕਰਨ ਦਾ ਰਾਹ ਦਸਦੀਆਂ ਹੋਣ।

ਆਧੁਨਿਕ ਸਮੇਂ ਹਰ ਪਾਸੇ ਦੌੜ ਲੱਗੀ ਹੋਈ ਹੈ। ਤੇਜ-ਤਰਾਰ ਜਹਾਜ਼ਾਂ ਦੀ ਗੱਲ ਤੁਰਦੀ ਹੈ, ਹਜਾਰਾਂ ਮੀਟਰ ਉਚੇ ਉਡਦੇ ਜਹਾਜ਼ਾਂ ਦੀ। ਪਾਣੀਆਂ ਦੀ ਡੂੰਘੀ ਥਲੜੀ ਤਹਿ ਤੱਕ ਤੁਰੀਆਂ ਫਿਰਦੀਆਂ ਪਣਡੁਬੀਆਂ ਦੀ। ਅਸਲੋਂ ਤੇਜੀ ਨਾਲ ਸੰਸਾਰ ਨੂੰ ਜੋੜਦੇ ਇਲੈਕਟਰਾਨਕ/ਸੈਟੇਲਾਈਟ ਮੀਡੀਏ ਦੀ ਅਤੇ ਅਜਿਹਾ ਹੀ ਜ਼ਿੰਦਗੀ ਨੂੰ ਹੁਲਾਰੇ ਦੇਣ ਵਾਲਾ ਹੋਰ ਬਹੁਤ ਕੁੱਝ ਹੈ ਜਿਸਦਾ ਜ਼ਿਕਰ ਕੀਤਾ ਜਾ ਸਕਦਾ ਹੈ। ਸਵਾਲ ਫੇਰ ਉੱਠ ਖੜ੍ਹਾ ਹੁੰਦਾ ਹੈ ਕਿ ਭਲਾਂ ਕਿਸਨੇ ਸਿਰਜਿਆ ਇਹ ਸਭ ਕੁੱਝ? ਜਵਾਬ ਸਿਰਫ ਇਕ ਹੀ ਹੈ - ਮਨੁੱਖ ਨੇ, ਮਨੁੱਖ ਦੀ ਸਿਰਜਣ ਸ਼ਕਤੀ ਨੇ। ਚਾਨਣੇ ਮੱਥਿਆਂ ਵਾਲੇ ਕਿਰਤ ਦੇ ਉਪਾਸ਼ਕ ਹੱਥਾਂ ਨੇ। ਇਹ ਕੋਈ ਕਰਾਮਾਤਾਂ ਨਹੀਂ, ਨਾ ਹੀ ਕਿਸੇ ਗੈਬੀ ਤਾਕਤ ਦੇ ਝੁਰਲੂ ਨੇ ਕਿਸੇ ਜਾਦੂ ਵਾਲੇ ਥੈਲੇ ਵਿਚੋਂ ਸਭ ਕੁੱਝ ਕੱਢਿਆ ਹੈ। ਨਾ ਹੀ ਅਜਿਹਾ ਥੈਲਾ ਕਿਧਰੇ ਮਿਲਦਾ ਹੀ ਹੈ। ਇਹ ਤਾਂ ਇਨਸਾਨੀ ਸਿਆਣਪ ਅਤੇ ਮਨੁੱਖੀ ਸ਼ਕਤੀ ਦੁਆਰਾ ਸਹਿਜ ਨਾਲ ਹੋਇਆ ਮਹੱਤਵਪੂਰਨ ਵਿਕਾਸ ਹੈ। ਸੱਚ ਤਾਂ ਇਹ ਹੈ ਕਿ ਵਿਕਾਸ ਲਗਾਤਾਰ ਤੁਰਨ ਵਾਲਾ ਵਰਤਾਰਾ ਹੈ ਇਹ ਕਦੇ ਵੀ ਰੁਕਦਾ ਨਹੀਂ। ਛੋਟੀਆਂ ਪ੍ਰਾਪਤੀਆਂ ਕਰ ਲੈਣ ਤੋਂ ਬਾਅਦ ਮਨੁੱਖ ਅਗਲੀਆਂ ਤੋਂ ਅਗਲੇਰੀਆਂ ਮੰਜ਼ਿਲਾਂ ਸਰ ਕਰਨ ਵਲ ਸਦਾ ਰੁਚਿਤ ਰਹਿੰਦਾ ਹੈ। ਰੁਚਿਤ ਰਹਿਣਾ ਅਤੇ ਇਹਦੇ ਵਾਸਤੇ ਯਤਨਸ਼ੀਲ ਹੋ ਕੇ ਅੱਗੇ ਵਧਦੇ ਜਾਣਾ ਹੀ ਪ੍ਰਾਪਤੀਆਂ ਦੀ ਬੁਨਿਆਦ ਬਣ ਜਾਦਾ ਹੈ। ਹਿੰਮਤ ਹੋਵੇ ਤਾਂ ਮਨੁੱਖ ਕਰ ਕੀ ਨਹੀਂ ਸਕਦਾ?

'ਚੰਦ ਮਾਮਾ' ਸਮਝੇ ਜਾਂਦੇ ਚੰਦਰਮਾਂ ਉੱਤੇ ਜਦੋਂ ਤਕਨੀਕ ਦੀ ਪੌੜੀ 'ਤੇ ਚੜ੍ਹਕੇ ਨੀਲ ਆਰਮ ਸਟਰਾਂਗ ਅਤੇ ਉਹਦੇ ਸਾਥੀਆਂ ਨੇ ਪੈਰ ਧਰੇ ਸਨ ਤਾਂ ਉਹ ਖੁਸ਼ੀ ਨਾਲ ਹੁੱਬਿਆ ਨਹੀਂ ਸੀ ਸਮਾਉਂਦਾ। ਖੁਸ਼ੀ ਨਾਲ ਝੂਮਦਾ, ਬੱਚਿਆਂ ਵਾਂਗ ਟਪੂਸੀਆਂ ਮਾਰਦਾ ਸਭ ਨੇ ਦੇਖਿਆ ਸੀ, ਜਿਵੇਂ ਭਾਣਜੇ ਦੇ ਵਿਆਹ ਵਿਚ ਖੀਵਾ ਹੋਇਆ ਮਾਮਾ ਨੱਚਦਾ ਹੋਵੇ। ਉਹ ਕਿਹੜੀ ਤੇ ਕਿੰਨੀ ਸੁਹਣੀ ਘੜੀ ਰਹੀ ਹੋਵੇਗੀ ਜਦੋਂ ਮੌਤ ਵਰਗੀਆਂ ਠੰਡੀਆਂ-ਯਖ ਸਥਿਤੀਆਂ ਤੇ ਔਕੜਾਂ ਭਰੇ ਖਤਰਨਾਕ ਰਾਹਾਂ ਨੂੰ ਸਰ (ਜਿੱਤ) ਕਰ ਲੈਣ ਤੋਂ ਬਾਅਦ ਤੇਨ ਸਿੰਘ ਅਤੇ ਹਿਲੇਰੀ ਨੇ ਦੁਨੀਆਂ ਦੀ ਸਭ ਤੋਂ ਉੱਚੀ ਟੀਸੀ ਐਵਰੈਸਟ ਉੱਤੇ ਝੰਡਾ ਗੱਡ ਕੇ ਆਪਣੇ ਸੁਪਨੇ ਨੂੰ ਪੈਰਾਂ ਹੇਠ ਵਿਛਿਆ ਤੱਕਿਆ ਸੀ। ਇਸ ਤਰ੍ਹਾਂ



ਦੀ ਪ੍ਰਾਪਤੀ ਭਰੀ ਖੁਸ਼ੀ ਦੇ ਮੁਕਾਮ ਤੱਕ ਪਹੁੰਚਣ ਦਾ ਸਫਰ ਬੜਾ ਲੰਬਾ ਅਤੇ ਮੁਸੀਬਤਾਂ ਭਰਿਆ ਹੁੰਦਾ ਹੈ, ਅਕਾ ਦੇਣ ਵਾਲਾ, ਥਕਾ ਦੇਣ ਵਾਲਾ। ਇਨ੍ਹਾਂ ਰਾਹਾਂ ਦੇ ਰਾਹੀਆਂ ਵਾਸਤੇ ਹਰ ਪਲ ਹੀ ਇਕ ਨਵਾਂ ਇਮਤਿਹਾਨ ਹੁੰਦਾ ਹੈ। ਪਰ ਹਿੰਮਤਾਂ ਵਾਲੇ ਵੀ ਕਦੇ ਹਾਰੇ ਹਨ? ਨਹੀਂ, ਕਦੇ ਵੀ ਨਹੀਂ।

ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਵਸਦੇ ਬਹੁਤ ਸਾਰੇ ਅੱਖਾਂ ਵਾਲੇ ਅੰਨ੍ਹੇ, ਅੰਧਵਿਸ਼ਵਾਸੀ ਕਿਸੇ ਤਰਕ/ਅਧਾਰ ਤੋਂ ਬਿਨਾ ਜਿੱਦੀ ਕਿਸਮ ਦੀ ਹਓਮੈ ਦੇ ਡੰਗੇ ਲੋਕ ਕਿਸੇ ਲੱਭਤ ਦੇ ਹਾਣੀ ਨਹੀਂ ਹੋ ਸਕਦੇ। ਬਹੁਤ ਦੇਰ ਤੋਂ ਰੱਬ ਦਾ ਸੰਕਲਪ ਵਿਵਾਦ ਦਾ ਵਿਸ਼ਾ ਚਲਿਆ ਆ ਰਿਹਾ ਹੈ। ਇਹ ਸੰਕਲਪ ਵੀ ਖੁਦ ਇਨਸਾਨ ਦੀ ਹੀ ਦੇਣ ਹੈ। ਵਿਸ਼ਵਾਸੀ ਇਸ ਸੰਕਲਪ/ਵਿਚਾਰ ਨੂੰ ਸਭ ਕੁੱਝ ਸਮਝਦੇ ਹਨ। ਪਰ ਵਿਗਿਆਨਕ ਸੋਚ ਨੂੰ ਪ੍ਰਣਾਏ ਲੋਕ ਇਸ ਵਿਚਾਰ ਉੱਤੇ ਕਿੰਤੂ ਕਰਦੇ ਹਨ ( ਕਿਸੇ ਵੀ ਵਿਚਾਰ/ਵਿਚਾਰਧਾਰਾ ਉੱਤੇ ਕਿੰਤੂ ਕਰਨਾ ਹਰ ਕਿਸੇ ਦਾ ਹੱਕ ਹੈ) । ਹਰ ਕੋਈ ਆਪੋ-ਆਪਣੇ ਤਰਕ ਉੱਤੇ ਡਟਿਆ ਹੋਇਆ ਹੈ। ਇਸ ਸਵਾਲ ਨੂੰ ਵਾਰ ਵਾਰ ਰਿੜਕਿਆ, ਵਿਚਾਰਿਆ ਗਿਆ ਪਰ ਸਵਾਲ ਹੱਲ ਹੋਣ ਦੀ ਥਾਂ ਸਦਾ ਰੇੜਕਾ ਹੀ ਵਧਿਆ। ਵਿਸ਼ਵਾਸੀ ਵੀ ਸਾਰੇ ਇਕ ਮੱਤ ਨਹੀਂ। ਉਨ੍ਹਾਂ ਦੇ ਆਪਣੇ ਹੀ ਧੜਿਆਂ ਤੇ ਵਿਸ਼ਵਾਸਾਂ ਦੇ ਢੰਗ ਤਰੀਕਿਆਂ ਵਿਚ ਅਲਹਿਦਗੀ ਸਦਾ ਹੀ ਜੋਰ ਫੜਦੀ ਰਹੀ ਹੈ। ਇਸ ਵਿਚਾਰ ਦਾ ਸਹੀ ਫੈਸਲਾ ਸ਼ਾਇਦ ਕਦੇ ਵੀ ਨਾ ਹੋ ਸਕੇ। ਇਹ ਨੁਕਤਾ ਸਦਾ ਹੀ ਵਿਰੋਧ ਦੀ ਚਰਚਾ (ਜਾਂ ਚੁੰਝ ਚਰਚਾ) ਦਾ ਵਿਸ਼ਾ ਬਣਿਆ ਰਹੇਗਾ। ਇਕ ਗੱਲ ਵਿਚਾਰਨ ਦੀ ਹੈ ਕਿ ਹਰ ਵਿਅਕਤੀ ਨੂੰ ਆਪਣੇ ਵਿਚਾਰਾਂ ਉੱਤੇ ਪਹਿਰਾ ਦੇਣ ਦਾ ਹੱਕ ਹੈ, ਪਰ ਜਿਸ ਨੁਕਤੇ ਦਾ ਨਿਤਾਰਾ ਹੋ ਹੀ ਨਹੀਂ ਸਕਣਾ ਉਸ ਬਾਰੇ ਇੰਨੀ ਜ਼ਿਆਦਾ ਬੇਅਰਥੀ ਬਹਿਸ ਦੀ ਕੀ ਲੋੜ? ਕੀਮਤੀ ਸਮੇਂ ਨੂੰ ਅਜਾਈਂ ਗਵਾਉਣ ਦਾ ਕੀ ਲਾਭ? ਇਹ ਤਾਂ ਮਨ ਮੰਨੇ ਦਾ ਮੇਲਾ ਹੈ । ਜਿਸਨੂੰ ਪੁੱਗਦਾ ਹੈ ਉਹ ਵੀ ਠੀਕ, ਜਿਸਨੂੰ ਨਹੀਂ ਪੁੱਗਦਾ ਉਸਦੀ ਵੀ ਕਦਰ ਕਰਨੀ ਚਾਹੀਦੀ ਹੈ। ਕਿਸੇ ਵੀ ਵਿਰੋਧ ਦੇ ਨੁਕਤੇ ਨੂੰ ਲੈ ਕੇ ਬੇਮਤਲਦੀ ਕੁੜੱਤਣ ਪੈਦਾ ਕਰਨੀ ਤਾਂ ਸਿਰਫ ਮੂਰਖਾਂ ਦਾ ਕੰਮ ਹੀ ਹੋ ਸਕਦਾ ਹੈ। ਫੇਰ ਮੂਰਖਾਂ ਦੇ ਮਗਰ ਕਿਉਂ ਲੱਗਿਆ ਜਾਵੇ?

ਕੋਈ ਵੀ ਸਿਆਣਾ ਇਨਸਾਨ ਕਿਸੇ ਦੂਸਰੇ ਦੀ ਨਿਰਾਦਰੀ ਨਹੀਂ ਕਰ ਸਕਦਾ। ਕਿਸੇ ਦੂਸਰੇ ਨੂੰ ਬੁਰਾ-ਭਲਾ ਕਹਿਣ ਵਾਲੇ ਦਰਅਸਲ ਆਪਣਾ ਹੀ ਨਿਰਾਦਰ ਕਰ ਰਹੇ ਹੁੰਦੇ ਹਨ। ਕਿਉਂਕਿ ਜਿਸ ਕਿਸੇ ਨੂੰ ਵੀ ਉਹ ਬੇਇਜੱਤ ਕਰਨ ਦੇ ਯਤਨ ਵਜੋਂ ਜਿਹੜੇ ਭੈੜੇ ਬੋਲਾਂ/ਸ਼ਬਦਾਂ ਦਾ ਪ੍ਰਯੋਗ ਕਰਦੇ ਹਨ ਦੂਸਰਾ ਉਸ ਨੂੰ ਕਬੂਲ ਹੀ ਨਹੀਂ ਕਰਦਾ। ਇਸ ਤਰ੍ਹਾਂ ਨਿਰਾਦਰੀ ਲਈ ਵਰਤਿਆ ਹਰ ਹੀਲਾ ਉਨ੍ਹਾਂ ਦੇ ਆਪਣੇ ਪੱਲੇ ਵਿਚ ਹੀ ਰਹਿ ਜਾਂਦਾ ਹੈ, ਕਿਸੇ ਦੂਸਰੇ ਤੱਕ ਪਹੁੰਚਦਾ ਹੀ ਨਹੀਂ। ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਸਿਰਫ ਹੀਣਤਾ ਹੀ ਪ੍ਰਾਪਤ ਹੁੰਦੀ ਹੈ। ਕੀ ਹੀਣਤਾ ਵੀ ਕਿਸੇ ਦਾ ਸਰਮਾਇਆ ਹੋ ਸਕਦੀ ਹੈ?

ਛੋਟੀਆਂ ਵਸਤਾਂ, ਛੋਟੇ ਕਾਰਜ ਦਰਅਸਲ ਕਦੇ ਵੀ ਛੋਟੇ ਨਹੀਂ ਹੁੰਦੇ। ਸ਼ਰਤ ਸਿਰਫ ਇਹ ਹੈ ਕਿ ਇਨ੍ਹਾਂ ਨੂੰ ਜਾਣ-ਬੁੱਝ ਕੇ ਛੋਟਾ ਨਾ ਕੀਤਾ ਜਾਵੇ। ਇਕ ਛੋਟੀ ਜਹੀ

ਗਿਟਕ (ਬੀਜ) ਤੋਂ ਦਰੱਖਤ ਉੱਗਦਾ ਹੈ, ਇਕ ਕਰੂੰਬਲ ਦੀ ਸ਼ਕਲ ਵਿਚ। ਰੌਸ਼ਨੀ, ਧੁੱਪ, ਗਰਮੀ, ਸਰਦੀ, ਮੀਂਹ, 'ਨੇਰ੍ਹੀ ਨਾਲ ਤੁਰਦਿਆਂ ਕੱਦ ਫੜਨ ਲਗਦਾ ਹੈ। ਨਿੱਤ ਦਿਹਾੜੇ ਵਧਣ ਦੇ ਰਾਹੇ ਪੈਂਦਾ ਹੈ। ਉਹ ਹੀ ਮਾਮੂਲੀ ਜਹੀ ਕਰੂੰਬਲ ਮਜ਼ਬੂਤ ਤਣਾ ਬਣਨ ਲਗਦੀ ਹੈ। ਵਿਚੋਂ ਟਾਹਣੀਆਂ ਨਿਕਲਦੀਆਂ ਹਨ ਅਤੇ ਉਹ ਵੀ ਵੱਡੇ ਟਾਹਣੇ ਬਣ ਜਾਂਦੀਆਂ ਹਨ, ਉਨ੍ਹਾਂ ਵਿਚੋਂ ਨਵੀਆਂ ਕਰੂੰਬਲਾਂ। ਫੇਰ ਟਾਹਣੀਆਂ ...........ਆਦਿ। ਇਹ ਵਾਰ ਵਾਰ ਦੁਹਰਾਇਆ ਜਾਣ ਵਾਲਾ ਕਰਮ ਹੈ। ਉਹ ਛੋਟਾ ਜਿਹਾ ਬੀਜ ਭਾਵ ਗਿਟਕ, ਲੰਬੀਆਂ ਜੜ੍ਹਾਂ ਬਣ ਫੈਲਣ ਲਗਦਾ ਹੈ, ਉਸ ਵੱਡੇ ਦਰੱਖਤ ਦੀ ਮਜਬੂਤੀ ਬਣਦਾ ਹੈ।

ਜਿਹੜਾ ਵੀ ਨਿੱਕੀਆਂ/ਛੋਟੀਆਂ ਚੀਜ਼ਾਂ ਦੀ ਕਦਰ ਕਰਨੀ ਸਿੱਖ ਜਾਵੇ, ਉਨ੍ਹਾਂ ਦਾ ਮਹੱਤਵ ਸਮਝ ਜਾਵੇ ਉਸਨੂੰ ਕਦੇ ਵੀ, ਕਿਧਰੇ ਵੀ ਯਥਾਰਥ ਵਿਹੂਣੇ ਖੋਖਲ਼ੇ ਦਾਅਵੇ ਕਰਨ ਦੀ ਲੋੜ ਨਹੀਂ ਪੈਂਦੀ, ਅਤੇ ਨਾ ਹੀ ਬੇਸ਼ਰਮੀ ਦੇ ਮੰਚ 'ਤੇ ਖੜ੍ਹਕੇ ਝੂਠ, ਫਰੇਬ ਤੇ ਮੱਕਾਰੀ ਦੇ ਵੱਡੇ ਵੱਡੇ ਫੋਕੇ ਦਾਇਰੇ ਵਾਹੁਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਕਿਉਂਕਿ ਉਹ ਤਾਂ ਸੱਚ ਦੇ ਨੁਕਤੇ ਦਾ ਖੋਜੀ ਹੁੰਦਾ ਹੈ, ਉਸਦੇ ਪਸਾਰ ਵਾਸਤੇ ਯਤਨਸ਼ੀਲ ਰਹਿੰਦਾ ਹੈ। ਛੋਟੇ ਛੋਟੇ ਨੁਕਤਿਆਂ ਦਾ ਪਸਾਰ ਹੀ ਉਸਦੀ ਜ਼ਿੰਦਗੀ ਹੋ ਜਾਂਦੀ ਹੈ। ਫੇਰ ਤੁਰਦੇ ਰਹਿਣਾ ਹੀ ਉਸਦਾ ਸੱਚਾ-ਸੁੱਚਾ ਕਰਮ ਹੋ ਨਿੱਬੜਦਾ ਹੈ।

❖❖❖❖



# ਰੂਹਾਂ ਦੇ ਰੰਗ

ਮਨ ਦੇ ਪਰਦੇ ਉੱਤੇ ਹਰ ਵੇਲੇ ਦੀ ਹਰਕਤ ਆਪਣਾ ਅਕਸ ਉੱਕਰਦੀ ਰਹਿੰਦੀ ਹੈ। ਕਦੇ ਇਸਦਾ ਚਾਨਣਾ ਪੱਖ ਸਾਹਮਣੇ ਆਉਂਦਾ ਹੈ ਕਦੇ ਹਨੇਰਾ ਪਾਸਾ। ਇਨ੍ਹਾਂ ਦਾ ਪਰਤੌਅ ਹੀ ਸਾਡੇ ਖਿਆਲਾਂ, ਸੋਚਾਂ ਨੂੰ ਪ੍ਰਭਾਵਿਤ ਕਰਦਾ ਹੈ ਜੋ ਨਿਤਾਪ੍ਰਤੀ ਦੇ ਕਾਰਜਾਂ ਅੰਦਰ ਲੁਪਤ ਹੋ ਕੇ ਦੂਸਰਿਆਂ ਤੱਕ ਪਹੁੰਚਣ ਦਾ ਸਾਧਨ/ਸਬੱਬ ਹੋ ਨਿੱਬੜਦਾ ਹੈ। ਜਿਸ ਦੇ ਆਸਰੇ ਅਗਲੇ ਰਸਤਿਆਂ ਦੀ ਨਿਸ਼ਾਨਦੇਹੀ ਸੌਖੀ ਹੋ ਜਾਂਦੀ ਹੈ।

ਬਹੁਤ ਸਾਰੇ ਲੋਕ ਰੂਹਾਂ ਦੇ ਦੁਖੀ ਹੋਣ ਦਾ ਆਪੇ ਸਿਰਜਿਆ ਗੈਰਯਥਾਰਥਕ ਸੰਤਾਪ ਹੰਢਾਉਂਦੇ ਹਨ। ਜਦੋਂ ਅਣਮੇਚਵੀਆਂ ਅਤੇ ਪਹੁੰਚ ਤੋਂ ਬਾਹਰੀਆਂ ਬੇਲੋੜੀਆਂ ਖਾਹਿਸ਼ਾਂ ਦਾ ਗੈਰ ਜ਼ਰੂਰੀ ਪਸਾਰ ਕਰਨ ਵਲ ਵਧਿਆ ਜਾਂਦਾ ਹੈ ਤਾਂ ਇਹ ਕਿਸੇ ਰੋਗ ਤੋਂ ਘੱਟ ਨਹੀਂ ਰਹਿ ਜਾਂਦਾ ਜਿਹੜਾ ਅੱਗੇ ਤੋਂ ਅੱਗੇ ਵਧਦਾ ਹੀ ਜਾਂਦਾ ਹੈ ਅਤੇ ਸਮਾਜ ਅੰਦਰ ਬੀਮਾਰ ਸੋਚ ਨੂੰ ਜਨਮ ਦੇਣ ਦਾ ਕਾਰਨ ਬਣ ਜਾਂਦਾ ਹੈ। ਜਿਸ ਦੇ ਸਿੱਟੇ ਵਜੋਂ ਸਮਾਜ ਦਾ ਨੀਵਾਣਾਂ ਵੱਲ ਬਹਿ ਤੁਰਨਾ, ਗੈਰ ਮਨੁੱਖੀ ਵਰਤਾਰਿਆਂ ਦਾ ਪਨਪਣਾਂ ਅਤੇ ਗਰੀਬ-ਗੁਰਬੇ ਵਾਸਤੇ ਦਰਦੋਂ ਸੱਖਣੀ ਤੋਰ ਨੂੰ ਅਪਣਾਏ ਜਾਣਾ, ਆਪ ਤੋਂ ਮਾੜੇ ਨੂੰ ਦਬਾਏ ਜਾਣ ਦੇ ਯਤਨ ਕਰਨੇ ਜਾਂ ਵਿੰਗੇ-ਟੇਢੇ ਢੰਗ ਤਰੀਕਿਆਂ (ਕਾਰਜਾਂ) ਰਾਹੀਂ ਅਸਲੋਂ ਅਣ-ਵਿਹਾਰਕ ਸਾਧਨਾਂ ਦੀ ਭਾਲ਼ ਕਰਨ ਤੁਰਨਾ। ਜਿਨ੍ਹਾਂ ਦੇ ਆਸਰੇ ਸਭ ਕੁੱਝ ਕੋਲ ਹੋਣ ਦੇ ਬਾਵਜੂਦ ਰੂਹ ਦੀ ਨਾ ਮਿਟਣ ਵਾਲੀ ਭੁੱਖ ਜਾਂ ਮਾਨਸਿਕ ਕੰਗਾਲੀ ਨੂੰ ਢਕਣ ਦੇ ਅਸਫਲ ਜਤਨ ਕਰਨੇ, ਅਜਿਹੀ ਦਸ਼ਾ ਸਿਰਜਦੇ ਹਨ ਜੀਹਦੇ ਉੱਤੇ ਤਰਸ ਤੋਂ ਬਿਨਾਂ ਹੋਰ ਕੁੱਝ ਨਹੀਂ ਕੀਤਾ ਜਾ ਸਕਦਾ। ਜੇ ਗੁੱਸਾ ਵੀ ਆਵੇ ਤਾਂ ਉਹ ਵੀ ਤਰਸ ਭਰਿਆ ਹੀ ਹੁੰਦਾ ਹੈ। ਤਰਸ ਭਰੀਆਂ ਨਜ਼ਰਾਂ ਦੇ ਸਾਹਮਣੇ ਜੀਊਣ ਵਾਲਾ ਕੋਈ ਵੀ ਆਪਣੇ ਆਪ ਨੂੰ ਅਣਖੀ ਇਨਸਾਨ ਕਹਾਉਣ ਦੇ ਲਾਇਕ ਨਹੀਂ ਰਹਿ ਜਾਂਦਾ। ਇੱਥੋਂ ਹੀ ਉਹ ਪੋਰੀ ਪੋਰੀ ਹੋ ਕੇ ਟੁੱਟਣ ਲਗਦਾ ਹੈ। ਇਹੋ ਹੀ ਇਖਲਾਕੀ ਨੀਵਾਣਾਂ ਵਲ ਜਾਂਦਾ ਰਾਹ ਹੈ।

ਕਿਸੇ ਪਾਸੇ ਵੀ ਨਜ਼ਰ ਮਾਰੀ ਜਾਵੇ ਤਾਂ ਬਹੁਤ ਕੁੱਝ ਨਿਖੇਧ ਆਤਮਕ ਦੇਖਣ ਨੂੰ ਮਿਲਦਾ ਹੈ। ਇੱਥੋਂ ਤੱਕ ਕਿ ਰੂਹ ਦੇ ਕਾਰੀਗਰ ਕਹਾਉਣ ਵਾਲੇ ਬਹੁਤ ਸਾਰੇ ਲੇਖਕ/ਬੁੱਧੀਜੀਵੀ ਸੱਜਣ ਵੀ ਐਹੋ ਜਹੇ ਲੋਭ-ਲਾਲਚ ਦੇ ਹਮਾਮ ਵਿਚ ਲਿੱਬੜੇ ਨਜ਼ਰ ਆਉਂਦੇ ਹਨ। ਸਿਫਾਰਸ਼ਾਂ, ਰਿਸ਼ਵਤਾਂ ਜਾਂ ਮਿੰਨਤਾਂ ਤਰਲਿਆਂ ਦੇ ਆਸਰੇ ਇਨਾਮਾਂ ਦੀ ਪ੍ਰਾਪਤੀ ਕਰਦੇ ਹਨ। ਕਿਸੇ ਤੋਂ ਕਹਿ-ਕੁਹਾ ਕੇ ਜਾਂ ਕਈ ਵਾਰ ਤਾਂ ਪੱਲਿਉਂ ਪੈਸੇ ਦੇ ਕੇ ਆਪਣੇ ਹੀ ਸਨਮਾਨ ਕਰਾਉਂਦੇ ਹਨ। ਫੇਰ ਇਸ ਨੂੰ ਰੂਹ ਦਾ ਨੰਗਪੁਣਾਂ ਨਾ ਕਿਹਾ ਜਾਵੇ

ਤਾਂ ਹੋਰ ਕੀ ਕਿਹਾ ਜਾਵੇ? ਸਿਆਣੇ ਕਹੇ ਜਾਂਦੇ ਲੋਕਾਂ ਵਲੋਂ ਇਹੋ ਜਹੇ ਕਮੀਨਗੀ ਭਰੇ ਤਮਾਸ਼ਿਆਂ ਦੇ ਆਸਰੇ ਸਮਾਜ ਅੰਦਰਲੀਆਂ ਮਨੁੱਖਵਾਦੀ ਅਤੇ ਨਰੋਈਆਂ ਕਦਰਾਂ ਕੀਮਤਾਂ ਨੂੰ ਢਾਅ ਲੱਗਣ ਲੱਗ ਪੈਂਦੀ ਹੈ। ਅਜਿਹੇ ਵਿਅਕਤੀ ਜੋ ਬੀਬੇ ਲਿਬਾਸ ਹੇਠ ਗੰਦੀ ਜ਼ਹਿਨੀਅਤ ਪਾਲਦੇ ਹਨ ਉਨ੍ਹਾਂ ਦੇ ਅਮਲਾਂ ਨੂੰ ਦੇਖ ਕੇ ਆਮ ਲੋਕਾਂ ਦੀ ਵੀ ਉਨ੍ਹਾਂ ਵੱਲ ਉਂਗਲ ਉੱਠਣ ਲੱਗ ਪੈਂਦੀ ਹੈ। ਉਨ੍ਹਾਂ ਵਿਚੋਂ ਬਹੁਤੇ ਬੇਸ਼ਰਮੀ ਦੇ ਮਾਰੇ ਕੁੱਝ ਚੰਗਾ ਕਰਨ ਵੱਲ ਵਧਣ ਦੀ ਥਾਵੇਂ ਲੂਣ ਦੀ ਖਾਣ ਵਿਚ ਲੂਣ ਹੋ ਜਾਣ ਦਾ ਕਾਰਜ ਨਿਭਾਉਣ ਲੱਗ ਪੈਂਦੇ ਹਨ।

ਵੱਡੇ ਅਹੁਦਿਆਂ ਅਤੇ ਰੁਤਬਿਆਂ ਵਾਲੇ ਧੱਕੇ, ਲੁੱਟ-ਖੋਹ, ਬੇਈਮਾਨੀ ਅਤੇ ਰਿਸ਼ਵਤਖੋਰੀ ਵਰਗੇ "ਨੇਕ" ਕੰਮਾਂ ਦੇ ਆਸਰੇ ਮੱਲੋਜ਼ੋਰੀ ਸਮਾਜ ਅੰਦਰ ਆਪਣੀ ਸਾਖ ਕਾਇਮ ਕਰਨ ਦੇ ਅਸਫਲ ਜਤਨ ਕਰ ਲੱਗ ਪੈਂਦੇ ਹਨ। ਆਪਣੇ ਨਾਂ ਨੂੰ ਖਾਹਮਖਾਹ ਵੱਡਾ ਕਰਨ ਦਾ ਉਪਰਾਲਾ ਕਰਦੇ ਹਨ, ਜਦੋਂ ਕਿ ਲੋਕ ਤਾਂ ਉਨ੍ਹਾਂ ਦੀ ਅਸਲੀਅਤ ਤੋਂ ਜਾਣੂ ਹੁੰਦੇ ਹੀ ਹਨ ਕਿ ਇਸ ਇਕੱਠੀ ਕੀਤੀ ਜਾ ਰਹੀ ਮਾਇਆ ਅਤੇ ਉੱਸਰਦੀਆਂ ਆਲੀਸ਼ਾਨ ਕੋਠੀਆਂ ਕਿਵੇਂ ਤੇ ਕਿਹੜੇ "ਦਾਤੇ" ਦੀ ਮੱਦਦ ਨਾਲ ਬਣ ਰਹੀਆਂ ਹਨ। ਲੋਕ ਕਿਧਰੇ ਅੰਨ੍ਹੇ ਤਾਂ ਨਹੀਂ ਹੁੰਦੇ ਜੇ ਨਾ ਬੋਲਣ ਤਾਂ ਹੋਰ ਗੱਲ ਹੈ। ਪਰ ਕੁਕਰਮਾਂ ਦੇ ਆਸਰੇ 'ਵੱਡੇ' ਬਣ ਗਏ ਇਹ ਮਾਡਰਨ ਸੱਜਣ ਠੱਗ ਲੋਕਾਂ ਸਾਹਮਣੇ ਆਪਣੇ ਆਪ ਨੂੰ ਇਸ ਤੋਂ ਅਨਜਾਣ ਹੋਣ ਵਾਲੇ ਪਖੰਡ ਕਰਦੇ ਹਨ ਅਤੇ ਲੋਕਾਂ ਨੂੰ ਕੁੱਝ ਵੀ ਪਤਾ ਨਾ ਹੋਣ ਦਾ ਆਪੇ ਸਿਰਜਿਆ ਭਰਮ ਪਾਲਦੇ ਹਨ। ਜੇ ਸੋਚਿਆ ਜਾਵੇ ਕਿ ਜਿਸ ਕਿਸੇ ਕੋਲ ਜੀਊਣ ਵਾਸਤੇ ਸਭ ਕੁੱਝ ਲੋੜ ਤੋਂ ਵੀ ਵੱਧ ਹੋਵੇ ਉਹਨੂੰ ਭਲਾਂ ਕਿਸੇ ਦੇ ਹੱਕ ਉੱਤੇ ਡਾਕਾ ਮਾਰਨ ਦੀ ਕੀ ਲੋੜ? ਪਰ ਅਜਿਹਾ ਨਿੱਤ ਵਾਪਰਦਾ ਹੈ ਕਿ  ਕੋਲ ਸਭ ਕੁੱਝ ਹੁੰਦਿਆਂ-ਸੁੰਦਿਆਂ, ਫੇਰ ਵੀ ਹੋਰ ਧੰਨ ਇਕੱਠਾ ਕਰ ਲੈਣ ਦੀ ਕੋਝੀ ਹਵਸ ਉਨ੍ਹਾਂ ਦੀ ਰੂਹ ਨੂੰ ਨਿੱਤ ਦਿਨ ਕਤਲ ਕਰਦੀ ਹੈ। ਇਸ ਬੇਸ਼ਰਮੀ ਦੇ ਆਸਰੇ ਪਤਾ ਨਹੀਂ ਹਰ ਰੋਜ਼ ਉਹ ਆਪਣੇ ਹੀ ਸਾਹਮਣੇ ਕਿੰਨੀ ਵਾਰ ਮਰਦੇ ਤੇ ਜੀਊਂਦੇ ਹਨ। ਫੇਰ ਵੀ ਧਰਤੀ ਉੱਤੇ ਬੋਝ ਬਣੇ ਆਪਣੀ ਹੀ ਲਾਸ਼ ਚੁੱਕੀ ਤੁਰੇ ਫਿਰਦੇ ਹਨ। ਇਹ ਹੀ ਤਾਂ 'ਰੱਜਿਆਂ' ਦੀ ਭੁੱਖੀ ਰੂਹ ਦੇ ਨੰਗ ਦੀ ਤ੍ਰਾਸਦੀ ਹੈ।

ਸਵਾਲ ਫੇਰ ਖੜ੍ਹੇ ਹੁੰਦੇ ਹਨ ਕਿ ਅਜਿਹੇ ਲੋਕ ਜੋ ਲੋੜੋਂ ਬਹੁਤ ਜ਼ਿਆਦਾ ਸਾਧਨ ਵਰਤਣ ਵਿਚ ਕਾਮਯਾਬ ਹੋ ਜਾਂਦੇ ਹਨ, ਕੀ ਉਹ ਦਸਾਂ ਨੌਂਹਾਂ ਦੀ ਕਿਰਤ ਤੋਂ ਬਿਨਾਂ ਇਕੱਠੀ ਕੀਤੀ ਮਾਇਆ ਦੇ ਆਸਰੇ ਖੁਸ਼ ਵੀ ਰਹਿ ਸਕਦੇ ਹਨ? ਕੀ ਇਸਦੇ ਆਸਰੇ ਸੱਚਮੁੱਚ ਹੀ ਉਹ ਦੁਨਿਆਵੀ ਝੰਜਟਾਂ ਤੋਂ ਛੁਟਕਾਰਾ ਪਾ ਲੈਂਦੇ ਹਨ? ਉਨ੍ਹਾਂ ਵਲੋਂ ਕਾਲੇ ਕੰਮਾਂ/ਕਾਲੇ ਹੱਥਾਂ ਨਾਲ ਇਕੱਠਾ ਕੀਤਾ ਪਦਾਰਥਾਂ ਦਾ ਢੇਰ ਕੀ ਉਨ੍ਹਾਂ ਦੇ ਬੁੱਲ੍ਹਾਂ ਦਾ ਹਾਸਾ ਬਣਕੇ ਛਣਕ ਸਕਦਾ ਹੈ? ਕੀ ਉਦਾਸੀ ਉਨ੍ਹਾਂ ਦੇ ਜੀਵਨ ਵਿਚੋਂ ਕਿਨਾਰਾ ਕਰ ਜਾਂਦੀ ਹੈ? ਸ਼ਾਇਦ ਨਹੀਂ- ਜੇ ਅਜਿਹਾ ਹੁੰਦਾ ਤਾਂ ਹਾਸਾ ਸਿਰਫ ਉਨ੍ਹਾਂ ਦੀ ਹੀ ਮਲਕੀਅਤ ਹੋਣਾ ਸੀ। ਪਰ, ਅਜਿਹੇ ਲੋਕ ਜੋ ਜੁਗਾੜਾਂ ਦੇ ਵਸ ਪੈ ਚੁੱਕੇ ਹੁੰਦੇ ਹਨ (ਕਿਸੇ ਵਿਰਲੇ-ਟਾਂਵੇਂ



ਨੂੰ ਛੱਡਕੇ) ਉਨ੍ਹਾਂ ਦਾ ਹਾਸਾ/ਅਮਨ ਚੈਨ ਗੁਆਚਿਆ ਹੀ ਦੇਖੀਦਾ/ਸੁਣੀਂਦਾ ਹੈ। ਜੀਵਨ ਲੋੜਾਂ ਦੀ ਪੂਰਤੀ ਹਰ ਕਿਸੇ ਦੇ ਜੀਊਣ ਵਾਸਤੇ ਅਤਿ ਜਰੂਰੀ ਹੈ। ਫੇਰ ਭਲਾਂ ਸਿਰਫ ਪਦਾਰਥਾਂ ਦੇ ਢੇਰ ਵੱਡੇ ਕਰਨ ਮਗਰ ਦੌੜ ਕੇ ਜੀਵਨ ਨੂੰ ਵਿਅਰਥ ਕਰਨ ਵਰਗਾ ਕਰਮ ਕਰਨ ਦਾ ਕੀ ਫਾਇਦਾ? ਇਸ ਰੋਗ ਤੋਂ ਤਾਂ ਅੱਜ ਆਪਣੇ ਆਪ ਨੂੰ 'ਸਾਧੂ-ਸੰਤ' ਕਹਾਉਣ ਵਾਲੇ ਵੀ ਨਹੀਂ ਬਚੇ ਹੋਏ ਸਗੋਂ ਕਿਹਾ ਇਹ ਵੀ ਜਾ ਸਕਦਾ ਹੈ ਉਨ੍ਹਾਂ ਵਿੱਚਲੀ ਵੱਡੀ ਗਿਣਤੀ ਇਸ 'ਰੋਗ' ਤੋਂ ਆਮ ਮਨੁੱਖ ਦੇ ਮੁਕਾਬਲੇ ਵੱਧ ਪੀੜਤ ਹੈ। ਕੀ ਜੀਵਨ ਨੂੰ ਸਾਰਥਿਕ ਤੌਰ ਤੇ ਜੀਊਣ ਦਾ ਹੋਕਾ ਸਿਰਫ ਦੂਜਿਆਂ ਵਾਸਤੇ ਹੀ ਹੁੰਦਾ ਹੈ?

ਭਾਰਤ ਤੋਂ ਪਰਤੇ ਇਕ ਪੱਛਮੀ ਪੱਤਰਕਾਰ ਦਾ ਕਹਿਣਾ ਹੈ ਕਿ ਉਸਨੇ ਵੱਡੇ ਸ਼ਹਿਰਾਂ ਬੰਬਈ, ਕੋਲਕੱਤਾ ਆਦਿ ਦੀਆਂ ਗੰਦੀਆਂ ਬਸਤੀਆਂ ਵਿਚ ਵੀ ਲੋਕ ਹੱਸਦੇ ਵੇਖੇ ਤਾਂ ਉਸਨੂੰ ਬਹੁਤ ਹੈਰਾਨੀ ਹੋਈ ਕਿ ਜਿਨ੍ਹਾਂ ਲੋਕਾਂ ਨੂੰ ਨਾ ਰੱਜਵੀਂ ਰੋਟੀ, ਨਾ ਰਹਿਣ ਯੋਗ ਘਰ, ਨਾ ਪੀਣ ਨੂੰ ਸਾਫ ਪਾਣੀ ਅਤੇ ਨਾ ਹੀ ਜੀਵਨ ਦੀਆਂ ਹੋਰ ਬੁਨਿਅਦੀ ਸੁਖ-ਸਹੂਲਤਾਂ ਪ੍ਰਾਪਤ ਹਨ, ਲੱਗਭਗ ਨਰਕ ਵਰਗੀ ਬਦਰੰਗ ਜਹੀ ਜ਼ਿੰਦਗੀ ਜੀਊਂਦੇ ਹਨ ਪਰ ਉਹ ਫੇਰ ਵੀ ਹੱਸਦੇ ਹਨ, ਇਹ ਕਿਵੇਂ ਸੰਭਵ ਹੈ? ਭਾਰਤ ਵਿਚ ਫਿਰਦਿਆਂ ਇਸ ਤਰ੍ਹਾਂ ਦੇ ਬਹੁਤ ਸਾਰੇ ਸਵਾਲ ਉਸਦਾ ਪਿੱਛਾ ਕਰਦੇ ਰਹੇ। ਨਾਲ ਹੀ ਸਵਾਲੀਆ ਲਹਿਜ਼ੇ ਵਿਚ ਉਹ ਪੁੱਛਦਾ ਹੈ ਕਿ ਸਾਡੇ ਕੋਲ ਜ਼ਿੰਦਗੀ ਜੀਊਣ ਜੋਗੇ ਵਧੀਆ ਤੇ ਕਾਫੀ ਸਾਧਨ ਹੋਣ ਦੇ ਬਾਵਜੂਦ ਸਾਡੇ ਬੁਲ੍ਹਾਂ ਉੱਤੇ ਹਾਸਾ ਕਿਉਂ ਨਹੀਂ ਆਉਂਦਾ? ਅਸੀਂ ਸਦਾ ਨਕਲੀ ਹਾਸਾ ਹੀ ਕਿਉਂ ਹੱਸਦੇ ਹਾਂ? ਕਿਤੇ ਅਸੀਂ ਜ਼ਿੰਦਗੀ ਦੀ ਵਾਟ ਹੀ ਤਾਂ ਪੂਰੀ ਨਹੀਂ ਕਰ ਰਹੇ? ਇਹਨੂੰ ਤਾਂ ਭਰਪੂਰ ਜ਼ਿੰਦਗੀ ਜੀਊਣਾਂ ਨਹੀਂ ਕਿਹਾ ਜਾ ਸਕਦਾ। ਖੋਪੇ ਲੱਗੇ ਬਲਦਾਂ ਵਰਗੀ ਜ਼ਿੰਦਗੀ ਜੀਊਣ ਵਿਚੋਂ ਨਿਕਲਣ ਦਾ ਉਹਨੂੰ ਕੋਈ ਰਾਹ ਨਹੀਂ ਸੁੱਝਦਾ। ਇਨ੍ਹਾਂ ਮਸਲਿਆਂ ਬਾਰੇ ਉਹ ਸੋਚੀ ਜਾਂਦਾ ਹੈ ਪਰ ਕੋਈ ਜਵਾਬ ਉਹਨੂੰ ਨਹੀਂ ਅਹੁੜਦਾ।

ਇਹ ਰੂਹਾਂ ਦੀ ਤਾਸੀਰ ਨੂੰ ਮਾਨਣ ਜਾਂ ਹੰਢਾਉਣ ਵਾਲਿਆਂ ਦੇ ਸੋਚਣ ਵਿਚਾਰਨ ਦਾ ਸਵਾਲ ਹੈ ਕਿ ਉਹ ਕਿਹੜੇ ਰੰਗ ਵਿਚ ਜੀਊਣਾ ਲੋਚਦੇ ਹਨ। ਕੀ ਉਨ੍ਹਾਂ ਨੇ ਸਮੇਂ ਦੀ ਕਾਲੀ ਚਾਦਰ ਉੱਤੇ ਚਾਨਣ ਦੇ ਸੁੱਚੇ ਹਰਫ਼ ਨਹੀਂ ਲਿਖਣੇ? ਜੋ ਪੈਂਡਾ ਤੇ ਨਵੇਂ ਰਾਹ ਹੋਣ ਅਗਲੀ ਪੀੜ੍ਹੀ ਵਾਸਤੇ। ਜਿਸ ਪੀੜ੍ਹੀ ਨੇ ਸਮੇਂ ਨੂੰ ਉਸਾਰੂ ਸੇਧ ਦੇ ਆਸਰੇ ਚਾਨਣ ਵੱਲ ਤੋਰਨਾ ਹੁੰਦਾ ਹੈ। ਕਲਮਾਂ ਵਾਲਿਆਂ ਵਾਸਤੇ ਤਾਂ ਇਹ ਕਾਰਜ ਜ਼ਿੰਦਗੀ ਦੇ ਅਰਥ ਲੱਭਣ ਵਿਚ ਸਹਾਈ ਹੋਣ ਦਾ ਅਧਾਰ ਬਣ ਜਾਂਦਾ ਹੈ ਕਿ ਉਹ ਰਸ ਹੀਣ ਜ਼ਿੰਦਗੀ ਜੀਊਣ ਵਾਲੇ ਲੋਕਾਂ ਨੂੰ ਜ਼ਿੰਦਗੀ ਦੇ ਅਸਲੀ ਅਰਥਾਂ ਤੋਂ ਜਾਣੂ ਕਰਵਾ ਸਕਣ, ਜਿਸ ਨਾਲ ਉਨ੍ਹਾਂ ਦੇ ਅੰਦਰ ਜ਼ਿੰਦਗੀ ਜੀਊਣ ਵਾਲੇ ਰੰਗਾਂ ਦੇ ਨਵੇਂ ਫੁੱਲ ਖਿੜਨ ਅਤੇ ਉਨ੍ਹਾਂ ਦੇ ਦਿਲ ਦਿਮਾਗ ਵਿਚ ਜ਼ਿੰਦਗੀ ਨੂੰ ਸੁਰਬੱਧ ਢੰਗ ਨਾਲ ਜੀਊਣ ਦਾ ਚਾਅ ਪੈਦਾ ਹੋ ਸਕੇ। ਫੇਰ ਉਨ੍ਹਾਂ ਦੇ ਬੁੱਲ੍ਹਾਂ ਉੱਤੇ ਐਸਾ ਹਾਸਾ ਨੱਚੇ ਜਿਸ ਦੇ ਆਸਰੇ ਉਹ ਰੂਹਾਂ ਦੇ ਰੰਗਾਂ ਦਾ ਅਨੰਦ ਮਾਨਣ ਦੇ ਯੋਗ ਹੋ ਜਾਣ ਇਸ ਤਰ੍ਹਾਂ ਲੋਕ ਆਪ ਹੀ ਜ਼ਿੰਦਗੀ ਦੇ ਅਰਥ ਪਾ ਲੈਣਗੇ। ਫੇਰ ਇਸ ਦੁਨੀਆਂ ਨੂੰ ਛੱਡਦਿਆਂ ਉਨ੍ਹਾਂ ਦੇ ਮੱਥੇ 'ਤੇ ਕੋਈ ਪਛਤਾਵੇ ਦੀ ਲੀਕ ਨਹੀਂ ਹੋਵੇਗੀ। ਸ਼ਾਇਦ ਇਸੇ ਨੂੰ ਹੀ ਸਾਰਥਕ ਜ਼ਿੰਦਗੀ ਆਖਿਆ ਜਾਂਦਾ ਹੈ।

# ਹਨੇਰੇ ਦੀਆਂ ਲਕੀਰਾਂ

ਕਿਸਮਤਵਾਦੀ ਲੋਕ ਆਪਣੇ ਆਪ ਨਾਲ ਬਿਨਾ-ਮਤਲਬ ਰੁੱਸੇ ਹੋਏ ਅਤੇ ਜ਼ਿੰਦਗੀ ਦੇ ਹਾਰੇ ਹੋਏ ਉਦਾਸ ਪੁੱਤਰ ਹੁੰਦੇ ਹਨ। ਪਤਾ ਨਹੀਂ ਕਿਉਂ ਉਹ ਕੁੱਝ ਕਰ-ਗੁਜ਼ਰਨ ਤੋਂ ਬਿਨਾ ਹੀ ਆਪਣੇ ਆਪ ਵਲ ਪਿੱਠ ਕਰਕੇ ਤੁਰਨ ਦੇ ਆਦੀ ਹੋ ਜਾਂਦੇ ਹਨ? ਉਨ੍ਹਾਂ ਵਿਚੋਂ ਬਹੁਤ ਸਾਰੇ ਕੁੱਝ ਵੀ ਸੋਚਣ ਤੇ ਵਿਚਾਰਨ ਤੋਂ ਪਾਸਾ ਵਟਦੇ ਹਨ, ਘਬਰਾਉਂਦੇ ਹਨ। ਆਪਣੇ ਆਪ ਤੋਂ ਡਰਦੇ ਵੀ ਹਨ ਲੁਕਦੇ ਵੀ। ਸਵਾਲ ਪੈਦਾ ਹੁੰਦਾ ਹੈ ਕਿ ਕੀ ਹੋਣਗੇ ਉਹ ਲੋਕ ਜੋ ਆਪਣਾ ਸਾਹਮਣਾ ਕਰਨੋਂ ਵੀ ਕਤਰਾਉਂਦੇ ਹਨ। ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਹੁੰਦਾ ਕਿ ਉਹ ਕਿਹੜੀ ਜ਼ਿੰਦਗੀ ਜੀਊ ਰਹੇ ਹਨ? ਅਤੇ ਅਜਿਹਾ ਕਿਉਂ ਹੈ?

ਸਾਹਸ ਵਾਲੇ ਲੋਕ ਸੋਚਣ ਦਾ ਕਾਰਜ ਕਰਦੇ ਹਨ। ਦਲੀਲ ਦੀ ਕਸੌਟੀ 'ਤੇ ਹੀ ਸੱਚ ਝੂਠ ਪਰਖੇ ਜਾ ਸਕਦੇ ਹਨ ਜਿਸ ਦੇ ਸਿੱਟੇ ਵਜੋਂ ਅਸਲੀ ਸਥਿਤੀ ਸਾਹਮਣੇ ਆਉਂਦੀ ਹੈ। ਇਹ ਜਿਵੇਂ ਦੀ ਵੀ ਹੋਵੇ ਇਸ ਤੋਂ ਬਚ ਕੇ ਲੰਘਿਆ ਹੀ ਨਹੀਂ ਜਾ ਸਕਦਾ। ਸਿਆਣਪ ਭਰੀ ਬਹਾਦਰੀ ਤਾਂ ਇਸ ਵਿਚ ਹੀ ਹੈ ਕਿ ਅਣਸੁਖਾਵੀਆਂ ਸਥਿਤੀਆਂ ਨੂੰ ਵੀ ਸਮਝਿਆ, ਟੱਕਰਿਆ ਤੇ ਸੁਲਝਾਇਆ ਜਾਵੇ। ਭਾਵ, ਇਸ ਤਰ੍ਹਾਂ ਦੇ ਜਤਨ ਜ਼ਰੂਰ ਕੀਤੇ ਜਾਣ ਕਿ ਕੁੱਝ ਸਾਰਥਕ ਹੋ ਸਕੇ। ਸਿਰਫ ਇਸ ਤਰ੍ਹਾਂ ਹੀ ਅੱਗੇ ਵਧਿਆ ਜਾ ਸਕਦਾ ਹੈ, ਦੂਜਾ ਰਾਹ ਹੀ ਕੋਈ ਨਹੀਂ। ਮਨੁੱਖੀ ਜੀਵਨ ਦੇ ਅਸਲ ਦਾ ਸਵਾਲ ਭਾਵ ਜ਼ਿੰਦਗੀ ਦੇ ਅਰਥ ਢੂੰਡਣੇ। ਇਹ ਕਿਸੇ ਨਾ ਬੁੱਝੀ ਜਾਣ ਵਾਲੀ ਬੁਝਾਰਤ ਵਰਗੇ ਨਾ ਹੋਣ, ਸਗੋਂ ਕਈ ਵਾਰ ਔਕੜਾਂ ਭਰੇ ਪਲਾਂ ਵਿਚੋਂ ਲੰਘਣ ਨਾਲ ਮਨੁੱਖੀ ਮਨ ਦੀਆਂ ਹੋਰ ਤਹਿਆਂ ਖੁੱਲ੍ਹਦੀਆਂ ਹਨ, ਨਵੀਆਂ ਜੁਗਤਾਂ, ਨਵੇਂ ਵਿਚਾਰ, ਨਵਾਂ ਜੁੱਸਾ ਪੈਦਾ ਹੁੰਦਾ ਹੈ। ਇਹ ਮਨੁੱਖੀ ਮਨ ਦੀ ਜਗਿਆਸਾ ਹੀ ਹੈ ਜੋ ਜ਼ਿੰਦਗੀ ਨੂੰ ਨਵੇਂ ਅਰਥ ਪ੍ਰਦਾਨ ਕਰਨ ਵਿਚ ਅਗਵਾਈ ਤੇ ਮੱਦਦ ਕਰਦੀ ਹੈ।

ਜ਼ਿੰਦਗੀ ਨੂੰ ਕਦੇ ਵੀ ਪਛਤਾਵੇ ਵਰਗੀ ਨਹੀਂ ਸਮਝਿਆ ਜਾਣਾ ਚਾਹੀਦਾ, ਸਗੋਂ ਔਖੇ-ਸੌਖੇ ਪਲਾਂ ਨੂੰ ਬਦਲਦੀਆਂ ਰੁੱਤਾਂ ਦੇ ਤਬਦੀਲ ਹੋ ਰਹੇ ਮੌਸਮਾਂ ਵਾਂਗ ਹੀ ਲਿਆ ਜਾਣਾ ਚਾਹੀਦਾ ਹੈ, ਬਿਲਕੁੱਲ ਕੁਦਰਤ ਦੇ ਨੇਮਾਂ ਵਾਂਗ। ਸ਼ਾਇਦ ਬਹੁਤ ਸਾਰੇ ਲੋਕ ਇਹ ਵੀ ਨਾ ਚਾਹੁਣ ਕਿ ਮੌਸਮ ਸਦਾ ਹੀ ਇਕਸਾਰ ਜਿਹਾ ਤੁਰਿਆ ਜਾਵੇ। ਕਿੰਨਾ ਅਜੀਬ ਤੇ ਹੁੱਲਾਸ ਭਰਪੂਰ ਹੁੰਦਾ ਹੈ ਕੁਦਰਤ ਦਾ ਅਦਭੁੱਤ ਨਜ਼ਾਰਿਆਂ ਨੂੰ ਪੇਸ਼ ਕਰਨਾ। ਕਦੇ ਬਸੰਤ ਤੇ ਕਦੇ ਪੱਤਝੜ, ਕਦੇ ਪਿੰਡਾ ਲੂੰਹਦੀ ਗਰਮੀ ਅਤੇ ਕਦੇ ਹੱਡ ਠਾਰਦੀ ਸਰਦੀ।



ਕਦੇ ਲੰਮੀ ਔੜ ਤੇ ਕਦੇ ਹੱਦਾਂ ਬੰਨੇ ਤੋੜਦਾ ਮੇਘਲਾ। ਇਹ ਸਭ ਸਾਡੀ ਜ਼ਿੰਦਗੀ ਵਿਚ ਹੀ ਵਾਪਰਦਾ ਹੈ। ਇਸ ਤੋਂ ਹੈਰਾਨ ਹੋਣ ਦੀ ਭਲਾਂ ਕੀ ਤੁਕ ਹੋਈ? ਇਸ ਤੋਂ ਡਰ ਕੇ ਭੱਜਿਆ ਵੀ ਕਿੱਥੇ ਜਾ ਸਕਦਾ ਹੈ? ਤੇ ਭੱਜਣਾ ਹੋਇਆ ਵੀ ਕਿਉਂ? ਕਿਉਂਕਿ ਭੱਜਣਾਂ ਤਾਂ ਨਾਂ ਹੀ ਹਾਰ ਦਾ ਹੈ।

ਬਚਪਨ, ਜੁਆਨੀ, ਬੁਢਾਪਾ, ਮਾਪਿਆਂ ਦੀ ਛਾਂ, ਭੈਣ ਭਰਾਵਾਂ ਦਾ ਮੋਹ ਤੇ ਬੱਚਿਆਂ ਦਾ ਲਾਡ-ਪਿਆਰ ਇਹ ਸਭ ਜ਼ਿੰਦਗੀ ਦੇ ਹੁਲਾਰੇ ਹਨ। ਜਾਇਦਾਦਾਂ ਦੇ ਝਗੜੇ, ਵੰਡ-ਵੰਡਾਈ, ਭੈਣਾਂ-ਭਰਾਵਾਂ, ਪਿਉ-ਪੁੱਤਰਾਂ ਵਿਚ ਤਕਰਾਰ ਆਦਿ ਪ੍ਰੀਵਾਰਾਂ ਅੰਦਰ ਦੁਖਦਾਈ ਮੌਕੇ ਵੀ ਪੈਦਾ ਕਰਦੇ ਹਨ। ਪਰ, ਮੋਹ ਭਰੇ ਰਿਸ਼ਤਿਆਂ ਵਿਚਲੀਆਂ ਤੰਦਾਂ ਆਖਰ ਇਨ੍ਹਾਂ ਨੂੰ ਸੁਲਝਾਅ ਸਕਦੀਆਂ ਹਨ ਅਤੇ ਸੰਵਾਰ ਲੈਂਦੀਆਂ ਹਨ। ਵੱਡਿਆਂ ਦਾ ਆਪਣੀ ਉਮਰ ਨੂੰ ਭੋਗ ਕੇ ਇਸ ਸੰਸਾਰ ਤੋਂ ਤੁਰ ਜਾਣਾ ਤੇ ਨਵੇਂ ਜੀਆਂ ਦੀ ਆਮਦ ਇਸ ਸੰਸਾਰ ਨੂੰ ਤੋਰੀ ਰਖਦੇ ਹਨ। ਅਸੀਂ ਕਿਸੇ ਆਪਣੇ ਦੇ ਤੁਰ ਜਾਣ 'ਤੇ ਬਹੁਤ ਹੀ ਉਦਾਸ ਹੋ ਜਾਂਦੇ ਹਾਂ। ਅੱਜ ਦੇ ਸਮੇਂ ਤਾਂ ਬਹੁਤੇ ਲੋਕ ਆਪਣੇ ਪ੍ਰੀਵਾਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਪਰ ਲੋੜ ਨੀਲੇ ਅਸਮਾਨ ਤੱਕ ਖਿਲਰ ਜਾਣ ਦੀ ਹੈ, ਜ਼ਿੰਦਗੀ ਦੇ ਸੱਤ ਰੰਗ ਫੜਨ ਦੀ। ਇਹ ਹੋਵੇ ਕਿਵੇਂ? ਬਹੁਤੇ ਲੋਕਾਂ ਦੇ ਇਹੋ ਨੁਕਤਾ ਹੱਥ ਨਹੀਂ ਆ ਰਿਹਾ। ਇੱਥੋਂ ਹੀ ਕਾਫੀ ਸਾਰੇ ਲੋਕ ਭਟਕਣ ਦੇ ਰਾਹੇ ਪੈ ਜਾਂਦੇ ਹਨ, ਤੇ ਉਹ ਭਟਕਦੇ ਹੋਏ ਹੀ ਜ਼ਿੰਦਗੀ ਗੁਜ਼ਾਰ ਦਿੰਦੇ ਹਨ।

ਸਮਾਜ ਦੀ ਅਗਵਾਈ ਕਰਨ ਵਾਲਿਆਂ ਨੇ ਇਸਨੂੰ ਬੀਮਾਰ ਕਰ ਦਿੱਤਾ ਹੈ। ਉਨ੍ਹਾਂ ਨੂੰ ਖੁਦ ਆਪਣੇ ਆਪ 'ਤੇ ਇਤਬਾਰ ਨਹੀਂ। ਭਲਾਂ ਕੋਈ ਡੋਲਿਆ ਹੋਇਆ ਕਿਸੇ ਦੂਸਰੇ ਨੂੰ ਕੀ ਢਾਰਸ, ਹੌਸਲਾ ਤੇ ਅਗਵਾਈ ਦੇ ਸਕਦਾ ਹੈ? ਛੋਟੇ ਵੱਡੇ ਨਗਰਾਂ/ਸ਼ਹਿਰਾਂ ਦੀਆਂ ਸੜਕਾਂ ਦੇ ਕੰਢੇ ਤਪੜੀ ਵਿਛਾ ਕੇ ਬੈਠੇ ਦੂਜਿਆਂ ਦਾ 'ਭਵਿੱਖ' ਵੇਚਣ (ਵੇਖਣ ਨਹੀਂ) ਵਾਲੇ ਆਪਣੀ ਭੁੱਖ ਦੂਰ ਕਰਨ ਵਾਸਤੇ ਹੋਰ ਲੋਕਾਂ ਨੂੰ ਨਿੱਤ ਮੂਰਖ ਬਣਾਉਂਦੇ ਦੇਖੇ ਜਾ ਸਕਦੇ ਹਨ। ਆਪਣੇ ਹੀ ਪੇਟ ਨੂੰ ਝੁਲਕਾ ਦੇਣ ਖਾਤਰ ਉਹ ਹੋਰਨਾ ਨੂੰ 'ਲਿਸ਼ਕਦੇ ਭਵਿੱਖ' ਦਾ ਲਾਰਾ ਵੇਚਦੇ ਹਨ। ਜੇ ਕਿਸੇ ਦਾ ਭਵਿੱਖ ਚੰਗਾ ਨਾ ਵੀ ਹੋਵੇ ( ਉਹ ਕਿਹੜਾ ਜਾਣਦੇ ਹੁੰਦੇ ਹਨ) ਤਾਂ ਉਹ ਉਸ 'ਤੇ ਭਾਰੂ ਹੋਏ ਗ੍ਰਹਿਆਂ ਨੂੰ ਟਾਲ਼ ਕੇ ਅਗਲੇ ਦੇ ਭਵਿੱਖ ਨੂੰ ਝੂਠ ਦੀ ਕਲੀ ਕਰਨ ਦਾ ਕਾਰਜ ਨਿਭਾਉਂਦੇ ਹਨ। ਲੋਭ ਦਾ ਮਾਰਿਆ ਤੇ ਡਰਿਆ ਇਨਸਾਨ ਭਵਿੱਖ ਨੂੰ 'ਕਲੀ' ਕਰਨ ਵਾਲੇ ਦੀ ਫੀਸ ਤਾਰ ਦਿੰਦਾ ਹੈ ਅਤੇ ਝੂਠ ਦੀ ਗੱਠ ਸਿਰ ਉੱਤੇ ਲੱਦ ਕੇ ਤੁਰਦਾ ਬਣਦਾ ਹੈ। ਇਸ ਨਾਲ 'ਤਪੜੀ ਬਾਦਸ਼ਾਹ' ਦਾ ਤੋਰੀ-ਫੁਲਕਾ ਰਿੜਦਾ ਰਹਿੰਦਾ ਹੈ। ਭਾਵੇਂ ਕਿ ਉਹ ਆਪਣੇ ਆਪ ਨੂੰ ਜੋਤਸ਼ੀ ਕਹਿੰਦੇ ਹਨ ਪਰ ਕਿਸੇ ਵਿਰਲੇ-ਟਾਵੇਂ ਤੋਂ ਬਿਨਾਂ ਜੋਤਸ਼ ਵਿਦਿਆ ਦੇ ਮਾਹਿਰ ਕੀਰੂ ਦਾ ਨਾਂ ਵੀ ਬਹੁਤਿਆਂ ਨੂੰ ਪਤਾ ਨਹੀਂ ਹੁੰਦਾ। ਤਰਕਹੀਣ ਮਨੁੱਖਾਂ ਦੀ ਇਹ ਹੀ ਹੋਣੀ ਹੁੰਦੀ ਹੈ।

'ਰਾਜ ਮਹਿਲਾਂ' ਵਿਚ ਵੱਡੇ ਲੋਕ ਵਸਦੇ ਹਨ। ਉਨ੍ਹਾਂ ਨੂੰ ਜੋਤਸ਼ੀ ਨਹੀਂ ਤਾਂਤਰਿਕ ਲੋੜੀਂਦੇ ਹਨ, ਤਾਂਤਰਿਕ ਜੋ ਝੂਠ, ਫਰੇਬ, ਠੱਗੀ ਅਤੇ ਬੇਈਮਾਨੀ ਦਾ ਸਿਰਾ ਹੁੰਦੇ ਹਨ। ਇਹ ਵੱਡੇ ਨੇਤਾ ਲੋਕ ਉਨ੍ਹਾਂ ਤਾਂਤਰਿਕਾਂ ਦੀਆਂ ਪੁਤਲੀਆਂ ਹੋ ਕੇ ਜੀਊਣ ਲਗਦੇ ਹਨ। ਇਨ੍ਹਾਂ ਦੇ ਲਾਏ ਟੇਵਿਆਂ ਵਿਚੋਂ ਲੰਘ ਕੇ ਖੁਸ਼ੀਆਂ ਪ੍ਰਾਪਤ ਕਰ ਲੈਣ ਦਾ ਭਰਮ ਪਾਲਦੇ ਹਨ। ਭਲਾਂ ਕੀ ਘੜ ਦੇਣਗੇ ਅਜਿਹੇ ਰਾਜਸੀ ਨੇਤਾ ਕਿਸੇ ਮੁਲਕ ਦੀ ਤਕਦੀਰ/ਭਵਿੱਖ ਜਿਹੜੇ ਖੁਦ ਕਿਸੇ ਉਜੱਡ ਦੀ ਖੁਰਲੀ 'ਤੇ ਬੱਝੇ ਪਸ਼ੂਆਂ ਸਮਾਨ ਹੋ ਕੇ ਵਿਚਰਦੇ ਹਨ। ਆਪਣਾ ਰੱਸਾ ਆਪਣੇ ਹੱਥੀਂ ਕਿਸੇ ਹੋਰ ਦੇ ਹੱਥ ਫੜਾ ਦਿੰਦੇ ਹਨ। ਆਪਣੇ 'ਗ੍ਰਹਿ'(ਪੁੱਠੀਆਂ ਕਰਤੂਤਾਂ ਨਾਲ ਸਕੈਂਡਲਾਂ ਵਿਚ ਫਸ ਜਾਣ ਕਰਕੇ) ਟਾਲਣ ਵਾਸਤੇ ਥਾਲ਼ਾਂ-ਥਾਲ਼ੀਆਂ ਵਿਚ ਸੰਧੂਰ, ਲਲੇਰ ਤੇ ਹੋਰ 'ਸਮੱਗਰੀ' (ਖੇਹ ਸੁਆਹ) ਪਾਈ ਫਿਰਦੇ ਹਨ। ਇਕੀਵੀਂ ਸਦੀ ਵਿਚ ਇਹ ਲਲੇਰ ਮਾਰਕਾ ਲੀਡਰ ਮੂਰਖਤਾ ਤੇ ਉਜੱਡਤਾ ਦਾ ਸਿਰਾ ਵਿਖਾਈ ਦਿੰਦੇ ਹਨ। ਪਰ ਲੋਹੜਾ ਇਸ ਗੱਲ ਦਾ ਕਿ ਹੋਰ ਲੋਕਾਂ ਨੂੰ ਚੰਗੇ ਬਣਨ ਦਾ ਸਬਕ/ਪ੍ਰੇਰਨਾ ਦੇਣ ਦਾ ਢਕੌਂਜ/ਡਰਾਮੇ ਵੀ ਇਨ੍ਹਾਂ ਵਿਚੋਂ ਹੀ ਬਹੁਤੇ ਰਚਦੇ ਹਨ। ਆਪਣੇ-ਆਪ ਨੂੰ ਦੂਜਿਆਂ ਦੇ ਆਦਰਸ਼ ਵਜੋਂ ਪੇਸ਼ ਕਰਦੇ ਹਨ।

ਅੱਜ ਦੇ ਪ੍ਰਚਾਰ ਸਾਧਨ ਆਪਣੇ ਵਲੋਂ ਵਪਾਰਕ ਪੱਧਰ 'ਤੇ ਸਫਲ ਹੋਣ ਵਾਸਤੇ ਝੂਠ ਦੀ ਧੁੰਦ ਖਿਲਾਰਨ ਦੇ ਜ਼ੁੰਮੇਵਾਰ ਬਣਦੇ ਹਨ। ਇੱਥੋਂ ਤੱਕ ਕਿ ਬਹੁਤ ਸਾਰੀਆਂ ਅਖਬਾਰਾਂ ਹੀ ਨਹੀਂ ਸਗੋਂ ਟੈਲੀਵੀਜ਼ਨ ਵਰਗਾ ਵਿਸ਼ਾਲ ਤੇ ਜੋਰਦਾਰ ਪ੍ਰਚਾਰ ਸਾਧਨ ਵੀ 'ਰਾਸ਼ੀਫਲ' ਦਾ ਝੂਠ ਹਰ ਰੋਜ਼ ਪੇਸ਼ ਕਰਦਾ ਹੈ। ਇਹ ਲੋਕਾਂ ਨੂੰ ਡਰਾਉਣ/ਧਮਕਾਉਣ ਅਤੇ ਭੰਬਲਭੂਸੇ ਪਾਉਣ ਦਾ ਬਹੁਤ ਹੀ ਘਟੀਆਂ ਪਰ ਕਾਮਯਾਬ ਤਰੀਕਾ ਹੈ। ਇਸ ਨਾਲ ਲੋਕ ਸਿਰਫ ਬੀਮਾਰ ਸੋਚ ਦੇ ਵੱਸ ਹੀ ਪੈ ਸਕਦੇ ਹਨ। ਲੁੱਟ ਅਧਾਰਤ ਸਮਾਜੀ, ਆਰਥਿਕ, ਤੇ ਰਾਜਨੀਤਕ ਪ੍ਰਬੰਧ (ਸਿਸਟਮ) ਨੂੰ ਇਹ ਰਾਹ ਬਹੁਤ ਸੂਤ ਬੈਠਦਾ ਹੈ। ਇਹ ਰਾਹ ਘਟੀਆ ਹੀ ਨਹੀਂ ਖਤਰਨਾਕ ਵੀ ਹੈ, ਇਸਨੂੰ ਬੰਦ ਕਰਨ ਦੇ ਉਪਰਾਲੇ ਹੋਣੇ ਚਾਹੀਦੇ ਹਨ। ਮੀਡੀਏ ਅੰਦਰਲੇ ਨਰੋਏ ਅੰਸ਼ਾਂ ਨੂੰ ਇਸ ਬਾਰੇ ਸੁਚੇਤ ਹੋ ਕੇ ਸੋਚਣ ਦੀ ਲੋੜ ਹੈ ਅਤੇ ਕੁੱਝ ਉਸਾਰੂ ਕਰਨ ਦੀ ਵੀ।

ਲੋੜ ਹਨੇਰਾ ਖਿਲਾਰਦੀਆਂ ਲਕੀਰਾਂ ਮਗਰ ਤੁਰਨ ਦੀ ਨਹੀਂ ਸਗੋਂ ਇਨ੍ਹਾਂ ਨੂੰ ਨਕਾਰਦਿਆਂ ਨਵੀਆਂ ਉਸਾਰੂ ਤੇ ਸਿਹਤਮੰਦ, ਨਵੀਂ ਭਾਵਨਾ, ਨਵੀਂ ਸੋਚ, ਸੂਝ ਅਤੇ ਨਵੀਂ ਸਿਰਜਣਾਂ ਦੀਆਂ ਨਰੋਈਆਂ ਲਕੀਰਾਂ ਵਾਹੁਣ ਦੀ ਹੈ। ਸਿਰਜਕ ਹੋਣ ਵਾਸਤੇ ਚਾਨਣੇ ਮੱਥੇ/ਮਨ ਅਤੇ ਸੰਤੁਲਤ ਸੋਚ ਦੀ ਲੋੜ ਪੈਂਦੀ ਹੈ। ਹਰ ਉਸ ਸੰਕਲਪ ਨੂੰ ਪਰਾਂਹ ਵਗਾਹ ਮਾਰਨ ਅਤੇ ਤਿਲਾਂਜਲੀ ਦੇਣ ਦੀ ਲੋੜ ਪੈਂਦੀ ਹੈ ਜੋ ਇਹ ਆਖੇ, "ਇਹ ਤਾਂ ਜੀ ਇਵੇਂ ਹੀ ਲਿਖਿਆ ਹੋਇਆਂ ਸੀ, ਇਵੇਂ ਹੀ ਹੋਣਾ ਸੀ"। ਇਹ ਆਪਣੇ ਆਪ ਨਾਲ ਧੋਖਾ ਹੈ, ਫਰੇਬ ਹੈ, ਲੋੜ ਇਸ ਧੋਖੇ ਤੇ ਫਰੇਬ ਨੂੰ ਛੱਡਣ ਦੀ ਤੇ ਸੱਚ ਫੜਨ ਦੀ ਹੈ। ਅੱਖਾਂ ਦੇ ਹੁੰਦਿਆਂ ਕਿਸੇ ਦੇ ਆਖੇ ਲੱਗ ਕੇ ਆਪਣੇ ਆਪ ਨੂੰ ਅੰਨ੍ਹਾਂ ਅਖਵਾਉਣ ਦਾ ਭਲਾਂ ਕੀ ਮਤਲਬ?



ਕਿਸਮਤਵਾਦ ਹਨੇਰੇ ਮਨਾਂ ਦਾ ਝੂਠਾ ਤੇ ਧੋਖੇ ਭਰਿਆ ਵਾਰਸ ਹੈ। ਇਹ ਇਨਸਾਨ ਦੀ ਸੋਚ ਨੂੰ ਨਿੱਸਲ ਕਰਨ ਦਾ ਕਾਰਜ ਨਿਭਾਉਂਦਾ ਹੈ। ਹਨੇਰੇ ਮਨ ਚਾਨਣਾਂ ਦੇ ਸਿਰਜਕ ਨਹੀਂ ਹੋ ਸਕਦੇ। ਫੇਰ ਹਨੇਰੇ ਦੀਆਂ ਲਕੀਰਾਂ ਕਿਉਂ ਫੜੀਆਂ ਜਾਣ? ਸਿਰਜਕ ਬਣਨ ਵਾਸਤੇ ਹੌਸਲੇ ਤੇ ਤਰਕ ਭਰੇ ਚਾਨਣ ਦੀ ਮਿਸ਼ਾਲ ਬਾਲਣੀ ਪੈਂਦੀ ਹੈ। ਹੌਸਲਾ ਕੋਲ ਹੋਵੇ ਤਾਂ 'ਉੱਦਮ ਅੱਗੇ ਲੱਛਮੀਂ ਪੱਖੇ ਅੱਗੇ ਪੌਣ' ਕਹਾਵਤ ਨਾ ਰਹਿ ਕੇ ਸੱਚ ਬਣ ਜਾਂਦੀ ਹੈ। ਸੱਚ ਦੇ ਕਦਮ ਕਦੀਂ ਵੀ ਨਹੀਂ ਡੋਲਦੇ।

# ਕਲਾ ਦਾ ਕਾਰਜ

ਕਲਾ ਸਮਾਜਿਕ ਤਬਦੀਲੀ ਖਾਤਰ ਵਧ ਰਹੀ ਲੋਕ ਚੇਤਨਾ ਨੂੰ ਸਹੀ ਸੇਧ ਦੇਣ ਤੇ ਉਸਦੀ ਤੋਰ ਨੂੰ ਤਿੱਖਿਆਂ ਕਰਨ ਵਾਲਾ ਹਥਿਆਰ ਹੈ ਅਤੇ ਇਸ ਹੀ ਨਿਸ਼ਾਨੇ ਵਲ ਵਧਦੀਆਂ/ਵਿਕਸਦੀਆਂ ਹੋਰ ਚੇਤਨਾਮਈ ਲਹਿਰਾਂ ਦਾ ਵੱਡਾ ਆਸਰਾ ਵੀ ਹੁੰਦੀ ਹੈ। ਉਹ ਲਹਿਰਾਂ ਜੋ ਇਤਿਹਾਸ-ਮਿਥਿਹਾਸ ਦਾ ਲੇਖਾ-ਜੋਖਾ ਕਰਦਿਆਂ ਪ੍ਰੰਪਰਾਵਾਦੀ, ਤਰਕ ਵਿਹੂਣੇ ਅਤੇ ਅੰਧਵਿਸ਼ਵਾਸੀ ਗਜ਼ ਵਰਤਣ ਦੀ ਥਾਵੇਂ ਉਹਨਾਂ ਨੂੰ ਰੱਦ ਕਰਦਿਆਂ ਜਾਂ ਨਕਾਰਦਿਆਂ ਸਮੇਂ, ਸਥਿਤੀ ਤੇ ਲੋਕ ਧਾਰਾਵਾਂ/ਲੋਕ ਮਨਾਂ ਨੂੰ ਤਰਕ ਅਧਾਰਤ ਵਿਗਿਆਨਕ ਦਲੀਲਾਂ ਵਾਲੀ ਪਰਖ ਦੀ ਕਸਵੱਟੀ ਨਾਲ ਪਰਖ ਕੇ ਭਵਿੱਖ ਦੀ ਕੁੱਖ ਵਿੱਚ ਝਾਕਦਿਆਂ ਆਸਵੰਦ ਹੋ ਕੇ ਅੱਗੇ ਵਧਦੀਆਂ ਹਨ।

ਮਨੁੱਖ ਸੋਚਵਾਨ ਹੋਣ ਕਰਕੇ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਪ੍ਰਭਾਵਿਤ ਹੋ ਜਾਣ ਵਾਲੀ ਪ੍ਰਵਿਰਤੀ ਦਾ ਜ਼ਿੰਦਗੀ ਨਾਲ ਡੂੰਘਾ ਸਬੰਧ ਹੁੰਦਾ ਹੈ। ਇਥੋਂ ਹੀ ਜ਼ਿੰਦਗੀ ਦੀ ਤੋਰ ਨੇ ਅਗਲੇ ਰਾਹ ਫੜਨੇ ਹੁੰਦੇ ਹਨ। ਜੇ ਰਾਹ ਸਹੀ ਫੜਿਆ ਗਿਆ ਤਾਂ ਮਨੁੱਖੀ ਮਨ ਚੜਦੀ ਕਲਾ ਵਿਚ ਰਹਿੰਦਾ ਹੋਇਆ ਉਸਾਰੂ ਸੋਚ ਦੇ ਆਸਰੇ ਅੱਗੇ ਵਧਦਾ ਹੈ। ਪਰ ਕੁਰਾਹੇ ਪੈ ਜਾਣ ਤੇ ਠੋਕ੍ਰਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅੱਗੇ ਵਧਣ ਤੋਂ ਪਹਿਲਾਂ ਰਾਹ ਦੇ ਰੋੜੇ ਚੁਗਣੇ ਪੈਂਦੇ ਹਨ। ਤਿੱਖੀਆਂ ਸੂਲ਼ਾਂ ਵਲੋ ਦਿੱਤੇ ਜ਼ਖ਼ਮਾਂ ਉਤੇ ਮਰਹੱਮ-ਪੱਟੀ ਦਾ ਜੁਗਾੜ ਕਰਨਾ ਪੈਂਦਾ ਹੈ। ਕੁਰਾਹੇ ਪੈਣ ਨਾਲ ਬਹੁਤ ਸਾਰਾ ਕੀਮਤੀ ਸਮਾਂ ਬਰਬਾਦ ਹੀ ਨਹੀਂ ਹੁੰਦਾ ਸਗੋਂ ਕਈ ਵਾਰ ਤਾਂ ਸਮਾਂ ਅਣਵਰਤਿਆ ਹੀ ਰਹਿ ਜਾਂਦਾ ਹੈ। ਸਮੇਂ ਦੀ ਪ੍ਰਵਾਹ ਨਾ ਕਰਨ ਵਾਲਿਆਂ ਦੀ ਸਮਾਂ ਵੀ ਕਦਰ ਨਹੀਂ ਕਰਦਾ।

ਕੋਈ ਵੀ ਇਨਸਾਨ ਧੁਰੋਂ ਉਹੋ ਜਿਹਾ ਨਹੀਂ ਆਉਂਦਾ ਜਿਵੇਂ ਇੱਥੇ ਵਿਚਰਦਾ ਹੈ। ਹਰ ਵਿਅਕਤੀ ਨੂੰ ਸਮਾਜ ਪ੍ਰਭਾਵਿਤ ਕਰਦਾ ਹੈ। ਇਸ ਕਰਕੇ (ਸੋਝੀ ਦੀ ਘਾਟ ਕਰਕੇ) ਹੀ ਬਹੁਤ ਸਾਰੇ ਲੋਕ ਸਮਾਜ ਅੰਦਰ ਆਪੇ ਸਿਰਜੀ ਫੋਕੀ ਇੱਜਤ-ਮਾਣ ਅਤੇ ਸਸਤੀ ਸ਼ੋਹਰਤ ਵਾਲੀ ਭੇਡ ਚਾਲ ਦੇ ਸ਼ਿਕਾਰ ਹੋ ਜਾਂਦੇ ਹਨ। ਇਹ ਹੀ ਸਮਾਜ ਨੂੰ ਨੀਵਾਣਾ ਵਲ ਲੈ ਜਾਣ ਵਾਲਾ ਰਾਹ ਹੁੰਦਾ ਹੈ। ਉਹ ਤਾਂ ਨਿਵੇਕਲੀਆਂ ਪ੍ਰਤਿਭਾਵਾਂ ਹੀ ਹੁੰਦੀਆਂ ਹਨ ਜੋ ਸਮਾਜ ਦੇ ਠਹਿਰੇ/ਖੜ੍ਹੇ ਪਾਣੀਆਂ, ਬੋਦੀ ਹੋ ਗਈ ਸੋਚ ਅੰਦਰ ਹਲਚਲ ਪੈਦਾ ਕਰਕੇ ਉਸਨੂੰ ਪ੍ਰਭਾਵਿਤ ਕਰਦਿਆਂ ਉਸ ਲਈ ਪ੍ਰੇਰਨਾ ਸ਼ਕਤੀ ਬਣਕੇ ਸਭ ਕਾਸੇ ਨੂੰ ਚੰਗੇ ਪਾਸੇ ਤੋਰਨ ਦਾ ਯਤਨ ਕਰਦੀਆਂ/ਕਰਨ ਦਾ ਸਬੱਬ ਬਣਦੀਆਂ ਹਨ। ਕਿਉਕਿ ਬੀਮਾਰ ਹੋ



ਗਏ ਸਮਾਜ ਅਤੇ ਸੋਚ ਨੂੰ ਸਿਹਤਯਾਬ ਕਰਨ ਵਾਸਤੇ ਤਕੜੇ ਜੇਰੇ, ਜੁੱਸੇ ਦੀ ਲੋੜ ਪੈਂਦੀ ਹੈ। ਬਹੁਤ ਸਾਰੇ ਲੋਕ ਅਜਿਹੇ ਹਨ ਜਿਹਨਾਂ ਨੂੰ ਇਸ ਤਰਾਂ ਦੇ ਕਾਫੀ ਕੁਝ ਕਰਨ ਦੀ ਸਾਰ ਤਾਂ ਹੁੰਦੀ ਹੈ, ਉਹ ਕੁਝ ਕੀਤਾ ਵੀ ਚਾਹੁੰਦੇ ਹਨ, ਪਰ ਕਿਸੇ ਵੀ ਪਾਸਿਉਂ ਕੋਈ ਸੇਧ /ਸੂਝ ਨਾ ਮਿਲਣ ਕਰਕੇ ਕੁਝ ਕਰ ਨਹੀਂ ਸਕਦੇ ਜਾਂ ਫੇਰ ਕੁਝ ਕਰਨੋ ਵਾਂਝੇ ਰਹਿ ਜਾਂਦੇ ਹਨ।

ਲੋਕਾਂ ਦੀ ਜ਼ਿੰਦਗੀ ਦੇ ਯਥਾਰਥ ਨਾਲੋ ਟੁੱਟੀ ਕਲਾ ਐਵੇਂ ਹੀ ਕੰਧਾਂ ਨਾਲ ਕੁਵੇਲੇ ਟੱਕਰਾਂ ਮਾਰਨ ਦੇ ਬਰਾਬਰ ਹੁੰਦੀ ਹੈ। ਨਿੱਘਰਦੇ ਸਮਾਜ ਅੰਦਰ ਉਹਨਾਂ ਸਵਾਲਾਂ ਜੋ ਆਮ ਆਦਮੀ ਦੇ ਜੀਵਨ ਨੂੰ ਔਖਿਆਂ ਕਰਦੇ (ਜਾਂ ਔਖਿਆਂ ਕਰਨ ਦਾ ਸਬੱਬ ਬਣਦੇ) ਹਨ ਨਾਲ ਦੋ ਚਾਰ ਹੋਣਾ ਹੀ ਕਲਾ ਦਾ ਕਰਮ ਹੈ, ਤਾਂ ਕਿ ਹਨੇਰੇ ਵਲ ਵਧ ਰਹੀ ਜਿੰਦ ਉਧਰੋਂ ਮੁੱਖ ਮੋੜ ਰੋਸ਼ਨੀ ਵਲ ਮੂੰਹ ਕਰਕੇ ਜੀਊਣਾਂ ਸਿੱਖੇ। ਕਲਾ ਦਾ ਕਰਮ ਕੀਰਨੇ ਪਾਉਣੇ, ਰਊਂ-ਰਊਂ ਕਰਨਾ ਅਤੇ ਅੱਗੇ ਖੜੇ ਸਵਾਲਾਂ ਕੋਲੋਂ ਪਾਸਾ ਵੱਟਕੇ ਲੰਘ ਜਾਣਾ ਨਹੀ ਹੁੰਦਾ, ਜੇ ਕੋਈ ਇੰਝ ਕਰਦਾ ਹੈ ਤਾਂ ਉਹ ਸ਼ਾਇਦ ਆਪ ਤਾਂ ਸੌਖਾ ਰਹੇਗਾ ਪਰ ਕਲਾ ਦਾ ਦਾਅਵੇਦਾਰ ਹੋਣ ਦਾ ਆਪਣਾ ਹੱਕ ਗੁਆ ਬੈਠੇਗਾ। ਉਂਝ ਵੀ ਕਾਰਜ ਰਹਿਤ ਕਲਾ ਸ਼ੈਤਾਨ ਦੀ ਸੇਵਾ ਤੋ ਵੱਧ ਕੁਝ ਨਹੀਂ ਹੁੰਦੀ। ਸ਼ੈਤਾਨ ਕਦੇ ਵੀ ਜ਼ਿੰਦਗੀ ਦਾ ਹੀਰੋ ਨਹੀ ਹੋ ਸਕਦਾ। ਇਸ ਕਰਕੇ ਇਸ ਮ੍ਰਿਗ-ਤ੍ਰਿਸ਼ਨਾ ਤੋ ਬਚਣਾ ਬਹੁਤ ਹੀ ਜ਼ਰੂਰੀ ਹੈ।

ਜਿਹੜੇ ਆਪਣੀ ਜ਼ਿਹਨੀ ਅੱਯਾਸ਼ੀ ਦੀ ਪੂਰਤੀ ਖਾਤਰ ਕਲਾ ਦੇ ਪੈਰੀਂ ਘੁੰਗਰੂ ਪਾ ਕੇ, ਧਾੜਵੀਆਂ, ਲੁਟੇਰਿਆਂ ਅਤੇ ਲੁਟੇਰੀਆਂ ਜਮਾਤਾਂ ਦੀ ਚਾਕਰੀ ਕਰਕੇ ਰੋਅਬਦਾਰ ਜ਼ਿੰਦਗੀ ਜੀਊਣ ਵਾਸਤੇ ਚਾਰ ਦਮੜੇ ਇਕੱਠੇ ਕੀਤੇ ਚਾਹੁੰਦੇ ਹਨ, ਉਹਨਾਂ ਅਤੇ ਉਹਨਾ ਦੀ ਮੌਕਪ੍ਰਸਤ ਕਲਾ ਨੂੰ ਸਮਾਜ ਵਿਚ ਨੰਗਿਆਂ ਕਰਨਾ ਬਹੁਤ ਜਰੂਰੀ ਹੈ। ਸਮਾਜ ਵਿਚ ਦੋ ਹੀ ਜਮਾਤਾਂ ਹਨ, ਲੁੱਟਣ ਵਾਲੀਆਂ ਅਤੇ ਲੁੱਟੀਆਂ ਜਾਂਦੀਆਂ। ਕਲਾ ਦੇ ਖੇਤਰ ਵਿਚ ਕੰਮ ਕਰਨ ਵਾਲਿਆਂ ਨੂੰ ਪਹਿਲਾਂ ਫੈਸਲਾ ਇਹ ਕਰਨਾ ਪਵੇਗਾ ਕਿ ਉਹ ਲੋਕ ਪੱਖੀ ਹਨ ਕਿ ਜੋਕ ਪੱਖੀ ਸੇਧ ਤਾਂ ਫੇਰ ਹੀ ਨਿਰਧਾਰਤ ਹੋਵੇਗੀ। ਇਸ ਮਾਮਲੇ ਤੇ ਆਪਣੇ ਆਪ ਨੂੰ ਨਿਰਪੱਖ ਆਖਣ / ਅਖਵਾਉਣ ਵਾਲੇ ਕਮਜ਼ੋਰੀ ਦਾ ਸਿਰਾ ਹੁੰਦੇ ਹਨ। ਝੂਠ ਉੱਤੇ ਸੱਚ ਦੀ ਨਕਲੀ ਲੇਪ ਕਰਨ ਵਰਗਾ ਭਰਮ ਪਾਲਣਾ ਆਪਣੇ ਆਪ ਅਤੇ ਕਲਾ ਦੋਹਾਂ ਨਾਲ ਹੀ ਧੋਖਾ ਹੈ। ਕੋਈ ਕਲਾਕਾਰ ਇਹ ਕੁਝ ਕਰ ਹੀ ਨਹੀ ਸਕਦਾ। ਇਹ ਤਾਂ ਸਿਰਫ ਕੋਈ ਧੋਖੇਬਾਜ਼ ਹੀ ਕਰ ਸਕਦਾ ਹੈ। ਕਲਾ ਨੂੰ ਪ੍ਰਣਾਇਆਂ ਕੋਈ ਵੀ ਲੋਕ ਦਰਦੀ ਅਜਿਹਾ ਕੁਕਰਮ ਕਰਨ ਤੋ ਪਹਿਲਾਂ ਹਜ਼ਾਰ ਵਾਰ ਸੋਚੇਗਾ-ਹਜ਼ਾਰ ਵਾਰ।

ਕਲਾ ਦੇ ਕਾਰਜ ਖੇਤਰ ਦੀ ਗੱਲ ਕਰੀਏ ਤਾਂ ਸਾਫ ਹੈ ਕਿ ਸਮਾਜ ਅੰਦਰ ਕੋਈ ਵੀ ਮੁਸੀਬਤ ਆਵੇ ਤਾਂ ਕਲਾ ਨੂੰ ਪ੍ਰਣਾਏ ਲੋਕ ਹਰ ਤਰਾਂ ਦੇ ਬੰਨੇ-ਬਸੀਵੇਂ ਟੱਪ ਕੇ ਦੁਖੀਆਂ ਦੀ ਪੀੜ ਹਰਨ ਕਰਨ ਵਾਸਤੇ ਪਹੁੰਚਦੇ ਹਨ, ਰੋਂਦਿਆਂ ਦੇ ਹੰਝੂ ਪੂੰਝਦੇ ਹਨ। ਬੱਚਿਆਂ ਦੇ ਚਿਹਰਿਆਂ ਦੇ ਹਾਸੇ ਗੁਆਚ ਨਾ ਜਾਣ ਅਤੇ ਭਵਿੱਖ ਹਨੇਰੇ ਵਰਗਾ ਨਾ ਹੋ ਜਾਵੇ ਇਸ ਵਾਸਤੇ ਆਪਣੀ ਕਲਾ ਦੇ ਆਸਰੇ ਅਹੁੜ-ਪਹੁੜ ਕਰਦੇ ਹਨ। ਇਤਿਹਾਸ

ਮਿਸਾਲਾਂ ਨਾਲ ਭਰਿਆ ਪਿਆ ਹੈ। ਕਾਫੀ ਸਮਾਂ ਪਹਿਲਾਂ ਜਦੋਂ ਬੰਗਾਲ ਵਿਚ ਕਾਲ਼ ਪਿਆ ਸੀ ਉਦੋਂ ਬੰਗਾਲ ਦੇ ਕਾਲ ਪੀੜਤਾਂ ਵਾਸਤੇ ਕਲਾ ਨਾਲ ਜੁੜੇ ਲੋਕ ਦਰਦੀ ਪੰਜਾਬੀ ਕਲਾਕਾਰਾਂ ਨੇ ਇਪਟਾ ਦਾ ਝੰਡਾ ਚੁੱਕ ਕੇ ਘਰ ਘਰ ਤੱਕ ਪਹੁੰਚ ਕਰਕੇ ਆਪਣੀ ਸਮਰਥਾ ਤੋਂ ਵੀ ਵੱਧ ਜਤਨ ਜੁਟਾਏ ਸਨ ਅਤੇ ਬਣਦੀ-ਸਰਦੀ ਮੱਦਦ ਕਰਕੇ ਆਪਣੇ ਬੰਗਾਲੀ ਭੈਣ-ਭਰਾਵਾਂ ਨੂੰ ਡੋਲਣੋਂ ਬਚਾਇਆ ਸੀ। ਇਸਤੋਂ ਵੱਡੀ ਮਨੁੱਖਤਾ ਦੀ ਸੇਵਾ ਹੋਰ ਕੋਈ ਹੋ ਹੀ ਨਹੀਂ ਸਕਦੀ। ਹੋਰ ਵੀ ਬਹੁਤ ਸਾਰੇ ਮੌਕੇ ਚੇਤੇ ਕੀਤੇ ਜਾ ਸਕਦੇ ਹਨ। ਪਿਛਲੇ ਨੇੜਲੇ ਸਮੇਂ ਦੀ ਗੱਲ ਕਰਨੀ ਹੋਵੇ ਤਾਂ ਮਿਸਾਲ ਵਜੋਂ ਜਦੋ ਦੁਨੀਆਂ ਦੇ ਬੰਬਧਾਰੀ ਜਰਵਾਣੇ ਇਕੱਠੇ ਹੋ ਕੇ ਕੋਸੋਵੋ ਉੱਤੇ ਬੰਬਾਂ ਦੀ ਵਰਖਾ ਕਰਦੇ ਹਨ ਤਾਂ ਦੁਨੀਆਂ ਦੇ ਵੱਡੇ ਨਾਂਵਾਂ ਵਾਲੇ ਸੰਗੀਤ ਨਾਲ ਜੁੜੇ ਕਲਾਕਾਰ ਧੱਕੇਸ਼ਾਹਾਂ ਵਲੋ ਬੰਬਾਂ ਦੇ ਨਾਲ ਸਤਾਏ ਅਤੇ ਸਹਿਮੇ ਹੋਏ ਕੋਸੋਵੋ ਵਾਸੀਆਂ ਦਾ ਦੁੱਖ ਹਰਨ ਲਈ ਉੱਥੇ ਪਹੁੰਚਦੇ ਹਨ - ਆਪਣੀ ਕਲਾ ਨੂੰ ਲੋਕਾਂ ਦੇ ਗੁਆਚੇ ਹਾਸੇ ਵਾਪਸ ਲਿਆਉਣ ਲਈ ਪੇਸ਼ ਕਰਦੇ ਹਨ। ਆਪਣੀ ਕਲਾ ਨੂੰ ਬੰਬਧਾਰੀ ਜਰਵਾਣਿਆਂ ਅਤੇ ਜੰਗ ਦੇ ਖਿਲਾਫ ਪੇਸ਼ ਕਰਕੇ ਲੋਕਾਂ ਅੰਦਰ ਫੇਰ ਤੋ ਜੀਊਣ ਦਾ ਹੌਸਲਾ ਪੈਦਾ ਕਰਦੇ ਹਨ। ਇਹ ਸਾਹਸ ਤਾਂ ਉਹ ਹੀ ਕਰ ਸਕਦਾ ਹੈ ਜਿਹੜਾ ਆਪਣੇ ਆਪ ਨੂੰ ਲੋਕਾਈ ਦਾ ਅੰਗ ਜਾਣੇ ਅਤੇ ਉਹਨਾਂ ਦੇ ਦਰਦ/ਪੀੜ ਨੂੰ ਆਪਣੇ ਸੀਨੇ ਹੰਢਾਉਣ ਦਾ ਜੇਰਾ ਕਰ ਸਕਦਾ ਹੋਵੇ।

ਕਲਾ ਨੂੰ ਕਈ ਰੋਜ਼ੀ-ਰੋਟੀ ਦਾ ਸਾਧਨ ਸਮਝਦੇ ਹਨ, ਪਰ ਇਸਦੀ ਪੇਸ਼ਕਾਰੀ ਉਹ ਲੋਕ ਕਲਿਆਣ ਵਾਸਤੇ ਹੀ ਕਰਦੇ ਹਨ। ਉਹ ਸਾਫ ਦਿਲ ਲੋਕ ਕਲਾਕਾਰ (ਭੰਡ-ਮਰਾਸੀ ਆਦਿ) ਉਹਨਾਂ ਅਖੌਤੀ ਬੁਧੀਜੀਵੀਆਂ ਤੋ ਲੱਖ ਦਰਜ਼ੇ ਚੰਗੇ ਹਨ ਜਿਹੜੇ ਮੌਕਾਪ੍ਰਸਤੀ ਵਾਲੇ ਵੰਝ ਤੇ ਚੜ੍ਹਕੇ ਆਪਣੀ ਅਕਲ ( ਤੇ ਜ਼ਮੀਰ) ਵੇਚਣ ਲੱਗਿਆਂ ਮਿੰਟ ਵੀ ਨਹੀ ਲਾਉਂਦੇ। ਅਸੀਂ ਪੇਡੂ ਸਮਾਜ ਵਲ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਭੰਡ-ਮਰਾਸੀ ਆਪਣੀ ਕਲਾ ਨਾਲ ਜਿੱਥੇ ਲੋਕ ਮਨਾਂ ਦਾ ਮਨੋਰੰਜਨ ਕਰਦੇ ਹਨ ਉਥੇ ਹੀ ਲੋਕ ਕਲਿਆਣ ਖਾਤਰ ਸਮਾਜ ਅੰਦਰ ਪਲਦੇ ਹਰ ਕਿਸਮ ਦੇ ਭੈੜਾਂ ਦੇ ਖਿਲਾਫ ਲੋਕ ਹਿਤੂ ਟਿੱਪਣੀਆਂ ਵੀ ਕਰਦੇ ਹਨ। ਜਿਹਨਾਂ ਨਾਲ ਉਹ ਲੋਕ ਮਨਾਂ ਨੂੰ ਹੁੱਝਾਂ ਮਾਰਕੇ ਸੁਚੇਤ ਕਰਦੇ ਹਨ। ਸਮਾਜ ਵਲੋਂ ਉਹਨਾਂ ਨੂੰ ਸਮਝਣ ਅਤੇ ਉਹਨਾਂ ਤੋ ਸਿੱਖਣ ਦੀ ਬਹੁਤ ਲੋੜ ਹੈ।

ਆਮ ਜਹੀ ਮਿਸਾਲ ਕਿ ਹਰ ਕੋਈ ਆਪਣੇ ਘਰ ਦੀ ਸਫਾਈ ਕਰਦਾ ਹੈ ਤਾਂ ਕਿ ਕਿਧਰੇ ਗੰਦ ਪਿਆ ਨਾ ਰਹਿ ਜਾਵੇ ਨਹੀਂ ਤਾਂ ਘਰ ਵਿੱਚੋ ਬਦਬੋ ਆਵੇਗੀ। ਕੀ ਕਾਰਨ ਹੈ ਕਿ ਸਮਾਜ (ਜਿਸਦੇ ਅਸੀਂ ਅੰਗ ਹਾਂ) ਵਿਚ ਇੰਨੇ ਪਏ ਗੰਦ ਦੇ ਬਾਵਜੂਦ ਸਫਾਈ ਵਲ ਸਾਡਾ ਧਿਆਨ ਹੀ ਨਹੀਂ ਜਾਂਦਾ? (ਜਾਂ ਫੇਰ ਸਾਨੂੰ ਮੁਸ਼ਕ ਤੋਂ ਮੁਸ਼ਕ ਹੀ ਨਹੀਂ ਆਉਂਦਾ?)। ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਸਿਰੇ ਦੇ ਹਰਾਮੀਆਂ/ਬਦਮਾਸ਼ਾਂ, ਸਮਗਲਰਾਂ ਦਾ ਸਿਆਸਤ ਵਿਚ ਦਾਖਲਾ, ਵਿਕਾਊ ਸਿਆਸਤ ਦਾ ਅਪਰਾਧੀਕਰਨ, ਕੁਨਬਾ-ਪ੍ਰਵਰੀ, ਕਿਰਤ ਦੀ ਲੁੱਟ, ਸਿਆਸੀ ਮਨਸੂਬਿਆਂ ਖਾਤਰ ਧਰਮ ਦਾ ਸੋਸ਼ਣ, ਅੰਨ-ਦਾਤੇ ਨੂੰ ਮੰਗਤਾ ਬਣਾਉਂਦਾ



ਜਾਂ ਖੁਦਕਸ਼ੀਆਂ ਤੱਕ ਅਪੜਾਂਉਦਾ ਸਿਸਟਮ, ਗਰੀਬ-ਗੁਰਬੇ ਉਤੇ ਹਰ ਕਿਸਮ ਦਾ (ਸਮਾਜੀ, ਆਰਥਿਕ, ਰਾਜਨੀਤਿਕ ਆਦਿ) ਅੱਤਿਆਚਾਰ ਹੁੰਦਾ ਦੇਖ ਕੇ ਵੀ ਸਾਡਾ ਮਨ ਬਗਾਵਤ ਦੇ ਰਾਹ ਨਹੀਂ ਪੈਂਦਾ। ਕੀ ਸਮਾਜ ਵਿਚ ਪਿਆ ਇਹ ਗੰਦ ਉਪਰੋਂ ਆ ਕੇ ਕੋਈ ਫਰਿਸ਼ਤਾ ਸਾਫ ਕਰੂ? ਜਿਹੜਾ ਵੀ ਕਲਾ ਨਾਲ ਜੁੜਿਆ, ਸਮਾਜ ਅੰਦਰ ਫੈਲਰੇ ਇਸ ਘਿਨਾਉਣੇ ਗੰਦ ਨੂੰ ਸਾਫ ਕਰਨ ਵਲ ਲੋਕਾਂ ਨੂੰ ਖ਼ੁਦ ਉਹਨਾਂ ਦਾ ਅੰਗ ਬਣਕੇ ਪ੍ਰੇਰਤ ਨਹੀ ਕਰਦਾ ਉਹ ਖੁਦ ਵੀ ਕਲਾ ਦੇ ਨਾਂ ਤੇ ਧੱਬਾ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹੋ ਜਹੇ ਧੱਬਿਆਂ ਦਾ ਕਦੇ ਕਿਸੇ ਵੀ ਇਤਿਹਾਸ ਨੇ ਹਾਂਅ-ਪੱਖੀ ਮੁੱਲ ਨਹੀ ਪਾਇਆ, ਇਹ ਧੱਬੇ ਸਦਾ ਨਕਾਰੇ ਹੀ ਜਾਂਦੇ ਰਹੇ ਹਨ ਅਤੇ ਅੱਗੋਂ ਵੀ ਨਕਾਰੇ ਹੀ ਜਾਂਦੇ ਰਹਿਣਗੇ।

ਜਿਸ ਕਲਾ-ਕ੍ਰਿਤੀ ਵਿਚ ਲੋਕਾਈ ਦਾ ਦਰਦ ਨਹੀਂ, ਨਿਤਾਣੇ ਦੀ ਹੂਕ-ਉਸਦੇ ਹੰਝੂਆਂ ਵਿੱਚੋ ਉਠਦਾ ਰੋਹ ਨਹੀ, ਭੁੱਖ ਨਾਲ ਵਿਲਕਦੇ ਕਿਸੇ ਮਾਸੂਮ ਬੱਚੇ ਦੀ ਸੀਨਾ ਚੀਰਵੀਂ ਆਹ ਨਹੀਂ, ਜਿਸ ਵਿਚ ਲੋਕ ਮਨਾਂ ਅੰਦਰ ਕਿ ਅਜਿਹਾ ਸਭ ਕਿਉਂ ਹੋ ਰਿਹਾ ਹੈ? ਵਰਗੇ ਸਵਾਲ ਪੇਸ਼ ਕਰਕੇ ਹਲਚਲ ਪੈਦਾ ਕਰਨ ਦਾ ਜਤਨ ਜਾਂ ਜੇਰਾ ਨਹੀਂ, ਉਹ ਕਲਾ ਨਹੀ -ਉਹ ਸਭ ਕੂੜਾ ਹੈ। ਕਿਉਂਕਿ ਉਸ ਵਿਚੋ ਇਨਸਾਨ ਗੈਰ-ਹਾਜ਼ਰ ਹੈ।

ਸਿਰਫ ਮਨ ਪ੍ਰਚਾਵੇ ਖਾਤਰ-ਭੁੱਖ ਨੂੰ ਠੱਠੇ ਕਰਦੀ ਕਲਾ ਹਨੇਰੇ ਦੀਆਂ ਚੀਕਾਂ ਹੀ ਸਮਝੀਆਂ ਜਾਣੀਆਂ ਚਾਹੀਦੀਆਂ ਹਨ। ਹਰ ਕਿਸੇ ਨੂੰ ਸਮਾਜ ਦੇ ਭਲੇ ਵਾਸਤੇ ਹਨੇਰੇ ਅਤੇ ਉਸਦੀਆਂ ਹਮਾਇਤੀ ਸ਼ਕਤੀਆਂ ਨਾਲ ਜੂਝਦਿਆਂ ਸੋਚ/ਸੂਝ ਨੂੰ ਪ੍ਰਚੰਡ ਕਰਦਿਆਂ ਇਹ ਨਹੀਂ ਭੁੱਲਣਾ ਚਾਹੀਦਾ ਕਿ ਕਲਾ ਦੁਨੀਆਂ ਦਾ ਸੁਹਜ ਭਰਿਆਂ ਸੁਹੱਪਣ ਤੇ ਸਮਾਜੀ ਕੋਹਝਾਂ/ਕੋਹੜਾਂ ਦੇ ਖਿਲਾਫ ਨਰੋਏ, ਲੋਕ ਪੱਖੀ/ਲੋਕ ਮੁਖੀ ਸਮਾਜ ਦੀ ਸਥਾਪਨਾ ਵਾਸਤੇ ਲੜਨ ਵਾਲੀ ਸੱਭਿਅਕ ਸ਼ਕਤੀ ਹੈ।

# ਜਿੱਤ ਦਾ ਰਾਜ਼

ਦੁਨੀਆਂ ਦਾ ਕੋਈ ਵੀ ਇਨਸਾਨ ਅਜਿਹਾ ਨਹੀਂ ਜਿਸ ਦੇ ਮਨ ਵਿਚ ਕੁੱਝ ਨਾ ਕੁੱਝ ਜਿੱਤਣ ਦੀ ਰੀਝ ਨਾ ਪਲਦੀ ਹੋਵੇ। ਜਿੱਤ ਸ਼ਬਦ ਮਨੁੱਖ ਦੇ ਅੰਦਰ ਕੁੱਝ ਕਰ ਸਕਣ ਦੀ ਤਾਂਘ ਵਾਲੀ ਚਿੰਗਾਰੀ ਧਰ ਦਿੰਦਾ ਹੈ ਅਤੇ ਫੇਰ ਇਨਸਾਨ ਇਸ ਨੂੰ ਮਘਦੀ ਰੱਖਣ ਦਾ ਜਤਨ ਵੀ ਕਰਦਾ ਰਹਿੰਦਾ ਹੈ। ਇਹ ਹੁਲਾਸ ਜਿੱਤ ਦੀ ਮਨਸ਼ਾ ਵਲ ਵਧਦੀ ਤੋਰ ਦੀ ਰਵਾਨੀ ਨੂੰ ਸਹਿਜ ਅਤੇ ਤਿੱਖਿਆਂ ਕਰਨ ਵਿੱਚ ਸਹਾਈ ਹੁੰਦਾ ਹੈ।

ਜਦੋਂ ਕਿਸੇ ਤਰ੍ਹਾਂ ਦੀ ਜਿੱਤ ਮਿਹਨਤ ਸਦਕਾ, ਸੱਚ ਦੇ ਰਾਹੀਂ ਤੁਰਕੇ ਈਮਾਨਦਾਰੀ ਨਾਲ ਪ੍ਰਾਪਤ ਕੀਤੀ ਜਾਵੇ ਤਾਂ ਮਨੁੱਖ ਨੂੰ ਬੇਹੱਦ ਖੁਸ਼ੀ ਅਤੇ ਅਥਾਹ ਮਾਨਸਿਕ ਤਸੱਲੀ ਹੀ ਨਹੀਂ ਹੁੰਦੀ ਸਗੋਂ ਅਗਲੀਆਂ ਮੰਜ਼ਿਲਾਂ, ਜਿੱਤਾਂ ਤੱਕ ਪਹੁੰਚਣ ਵਾਸਤੇ ਹੁਲਾਰਾ ਵੀ ਮਿਲਦਾ ਹੈ ਅਤੇ ਹੌਸਲਾ ਵੀ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਮਨੁੱਖ ਆਪਣੇ ਦਾਈਏ, ਆਸ਼ੇ ਪ੍ਰਤੀ ਦ੍ਰਿੜ ਹੋਣ ਲਗਦਾ ਹੈ। ਉਸਦੇ ਅੰਦਰ ਵਿਸ਼ਵਾਸ ਵਧਣ ਲਗਦਾ ਹੈ। ਜਿੱਥੇ ਮਨੁੱਖ ਦੇ ਅੰਦਰਲੀ ਕਿਸੇ ਤਰ੍ਹਾਂ ਦੀ ਵੀ ਬੇਵਿਸ਼ਵਾਸੀ ਉਸ ਨੂੰ ਕਮਜ਼ੋਰ ਕਰਦੀ ਹੈ, ਇਸ ਦੇ ਉਲਟ ਆਪਣੇ ਆਪ ਉੱਤੇ ਵਿਸ਼ਵਾਸ ਕਿਸੇ ਵੀ ਜਿੱਤ ਦਾ ਸਭ ਤੋਂ ਵੱਡਾ ਜ਼ਾਮਨ ਹੁੰਦਾ ਹੈ।

ਸਾਰੇ ਹੀ ਲੋਕ ਜਿੱਤ ਪ੍ਰਾਪਤ ਕਰਨ ਵਾਸਤੇ ਸੱਚ ਦਾ ਰਾਹ ਨਹੀਂ ਫੜਦੇ ਸਗੋਂ ਕਾਫੀ ਸਾਰੇ ਲੋਕ ਕੋਝੇ ਢੰਗ-ਤਰੀਕੇ ਵਰਤ ਕੇ ਆਪਣੇ ਦੁਆਲ਼ੇ ਦੇ ਵਾਤਾਵਰਣ ਨੂੰ ਪ੍ਰਦੂਸ਼ਤ ਅਤੇ ਭ੍ਰਿਸ਼ਟ ਕਰ ਦਿੰਦੇ ਹਨ। ਭ੍ਰਿਸ਼ਟ ਹੋਏ ਮਹੌਲ ਵਿਚੋਂ ਕਿਹੋ ਜਹੀ ਜਿੱਤ ਹੱਥ ਲੱਗ ਸਕਦੀ ਹੈ? ਇਸ ਦੇ ਵਾਸਤੇ ਗਰੀਬਾਂ ਦੀਆਂ ਝੁੱਗੀਆਂ ਵੀ ਢਾਹੀਆਂ ਜਾ ਸਕਦੀਆਂ ਹਨ। ਨਿਹੱਥਿਆਂ ਦੇ ਖੂਨ ਨਾਲ ਹੱਥ ਵੀ ਰੰਗੇ ਜਾ ਸਕਦੇ ਹਨ। ਬੇਦੋਸ਼ਿਆਂ ਨੂੰ ਦੋਸ਼ੀ ਦੱਸ ਕੇ ਲੁੱਚੇ-ਬਦਮਾਸ਼ ਆਪ ਭਲਮਾਣਸੀ ਦਾ ਬਾਣਾ ਪਾ ਲੈਂਦੇ ਹਨ। ਅੱਜ ਦੇ ਜ਼ਮਾਨੇ ਵਿਚ ਇਹੋ ਜਹੀਆਂ ਜਿੱਤਾਂ ਜਿੱਤਣ ਵਾਲੇ ਜਾਂ ਤਾਂ ਸਾਧ-ਬਾਬਿਆਂ ਦੇ ਬੋਰਡ ਲਾਈ ਬੈਠੇ ਗੁੰਡਿਆਂ ਦੇ ਟੋਲਿਆਂ (ਬੇਸ਼ਰਮੀ ਦੀ ਹੱਦ ਟੱਪਦਿਆਂ ਉਹ ਆਪਣੇ ਆਪ ਨੂੰ ਧਰਮੀ ਵੀ ਆਖਦੇ ਹਨ) ਕੋਲ ਪਹੁੰਚਦੇ ਹਨ ਜਾਂ ਫੇਰ ਸਿੱਧੇ ਹੀ ਸਿਆਸਤ ਦੀ ਸ਼ਰਣ ਵਿਚ ਚਲੇ ਜਾਂਦੇ ਹਨ। ਉਂਜ ਵੀ ਪੁੱਠੇ ਕੰਮਾਂ ਵਾਸਤੇ ਪਿੱਠ ਉੱਤੇ ਕਿਸੇ 'ਨਾਮ ਵਾਲੇ' ਦਾ ਹੱਥ ਹੋਣਾ ਜਰੂਰੀ ਹੈ।

ਐਹੋ ਜਹੇ ਮਹੌਲ ਵਿਚੋਂ ਪ੍ਰਾਪਤ ਕੀਤੀ ਜਿੱਤ ਸਦਕਾ ਅਜਿਹੇ ਮਨੁੱਖ ਉੱਪਰੋਂ ਜੋ ਮਰਜ਼ੀ ਕਹੀ ਜਾਣ, ਅੰਦਰੋਂ ਝੰਜੋੜੇ ਜਾਂਦੇ ਹਨ ਅਤੇ ਆਪਣੇ ਆਪ ਨੂੰ ਲਾਅਨਤਾਂ ਵੀ



ਪਾਉਂਦੇ ਹਨ। ਉਨ੍ਹਾਂ ਦੀ ਆਤਮਾਂ ਸੋਗੀ ਹੋ ਕੇ ਵਿਲਕਦੀ ਹੈ। ਸੋਗ ਨੂੰ ਮਨ-ਮਸਤਕ ਵਿਚ ਰੱਖਕੇ ਮਨੁੱਖ ਕਿਵੇਂ ਖੁਸ਼ੀ ਮਨਾ ਸਕਦਾ ਹੈ? ਹਾਂ, ਪਸ਼ੂਆਂ ਜਾਂ ਪਸ਼ੂ ਬਿਰਤੀ ਵਾਲਿਆਂ ਦੀ ਗੱਲ ਹੋਰ ਹੈ। ਕਿਸੇ ਇਕ ਥਾਂ, ਇਕ ਖੇਤਰ ਦੀ ਗੱਲ ਹੋਵੇ ਤਾਂ ਮਨੁੱਖ ਹੋਰ ਤਰ੍ਹਾਂ ਸੋਚਦਾ ਹੈ। ਸਿਆਸਤ ਦੇ ਅੰਦਰਲੇ ਨਿਘਾਰ ਨੇ ਮਨੁੱਖੀ ਮਨ ਦੀ ਸੁੱਚਮਤਾ ਨੂੰ ਗੰਧਲ਼ਾ ਕਰ ਦਿੱਤਾ ਹੈ। ਧਰਮ 'ਤੇ ਕਾਬਜ਼ ਲੋਕ ਵੀ ਇਨ੍ਹਾਂ ਸਾਜਸ਼ਾਂ ਵਿਚ ਆਮ ਕਰਕੇ ਸ਼ਾਮਲ ਦੇਖੇ ਜਾ ਸਕਦੇ ਹਨ। ਇਥੇ ਤਾਂ ਤਾਸ਼ ਖੇਡਦੀਆਂ ਛੋਟੀਆਂ ਛੋਟੀਆਂ ਢਾਣੀਆਂ ਅਤੇ ਪਿੰਡ ਪੱਧਰ ਦੀ ਸਿਆਸਤ ਤੋਂ ਕੌਮਾਂਤਰੀ ਪੱਧਰ ਤੱਕ ਇਹ ਵਰਤਾਰਾ ਆਮ ਦੇਖਿਆ ਜਾ ਸਕਦਾ ਹੈ। ਪਿੰਡਾਂ ਦੀਆਂ ਪੰਚਾਇਤਾਂ ਦੀਆਂ ਚੋਣਾਂ ਸਮੇਂ ਕਿਵੇਂ ਲੋਕ ਬੇਈਮਾਨੀ ਭਰੀਆਂ ਈਰਖਾਲੂ ਚਾਲਾਂ ਖੇਡਦੇ ਹਨ, ਜਿਸ ਜਿੱਤ ਨਾਲ ਜੱਗ ਨਹੀਂ ਜਿੱਤਿਆ ਜਾਣਾ ਹੁੰਦਾ ਉੱਥੇ ਵੀ ਧੜੇਬੰਦੀਆਂ, ਚੁਗਲਖੋਰੀਆਂ ਤੇ ਦੁਸ਼ਮਣੀਆਂ ਦਾ ਬੀਜ ਬੀਜਿਆ ਜਾਂਦਾ ਹੈ। ਬਦਮਾਸ਼ੀ ਭਰੀਆਂ ਕੁਚਾਲਾਂ ਚੱਲੀਆਂ ਜਾਂਦੀਆਂ ਹਨ। ਪਰ ਇਸ ਸਭ ਦੇ ਹੁੰਦੇ ਹੋਏ ਅਜੇ ਵੀ ਕਈ ਬੀਬੇ ਲੋਕਾਂ ਨੂੰ ਜਿੱਤ ਨਸੀਬ ਹੋ ਜਾਂਦੀ ਹੈ। ਮਨੁੱਖੀ ਮਨ ਅੰਦਰਲੀ ਚੰਗਿਆਈ ਅਜੇ ਪੂਰੇ ਤੌਰ ਤੇ ਮਰੀ ਨਾ ਹੋਣ ਦਾ ਇਹ ਹੀ ਸਬੂਤ ਹੈ।

ਉੱਪਰ ਵੱਲ ਨਿਗਾਹ ਮਾਰੀਏ ਤਾਂ ਦੇਖਦੇ ਹਾਂ ਕਿਵੇਂ ਨਿੱਕੇ ਜਹੇ ਕੋਸੋਵੋ ਨੂੰ ਢਾਹੁਣ ਵਾਸਤੇ ਦੁਨੀਆਂ ਭਰ ਦੇ ਨਵੀਨ, ਮਾਰੂ ਹਥਿਆਰਾਂ ਨਾਲ ਜੇਬਾਂ ਭਰਕੇ ਸਾਰੀ ਨਾਟੋ ਜੁੰਡਲ਼ੀ ਤੁਰ ਪੈਂਦੀ ਹੈ। ਇਕ ਚੂਹੇ ਦੇ ਸ਼ਿਕਾਰ ਵਾਸਤੇ ਬਿਨਾਂ ਸ਼ਰਮ-ਹਯਾ ਤੋਂ ਟੈਂਕਾਂ ਤੱਕ ਦੀ ਸ਼ਰੇਆਮ ਵਰਤੋਂ ਕੀਤੀ ਜਾਂਦੀ ਹੈ। ਛੋਟੇ ਛੋਟੇ ਮੁਲਕਾਂ ਨੂੰ ਡਰਾਉਣ ਧਮਕਾਉਣ ਬਾਰੇ ਤਾਂ ਸੁਣਦੇ ਹੀ ਰਹਿੰਦੇ ਹਾਂ। ਅਮੀਰ ਮੁਲਕਾਂ ਤੇ ਬਹੁ ਕੌਮੀ ਕੰਪਨੀਆਂ ਵਲੋਂ ਨਵੀਆਂ ਮੰਡੀਆਂ ਦੀ ਭਾਲ਼ ਕਿੱਥੋਂ ਤੱਕ ਨਿੱਘਰ ਜਾਂਦੀ ਹੈ ਕਿ ਸ਼ਰੀਕੇ ਬਾਜ਼ੀ ਦੇ ਡੰਗੇ ਇਹ ਸਿਆਸੀ ਸ਼ਰੀਕ ਆਰਥਕ ਵੰਡ-ਵੰਡਾਰੇ ਖਾਤਰ ਇਕ ਦੂਜੇ ਪ੍ਰਤੀ "ਸਦਭਾਵਨਾਂ" ਦੀਆਂ ਡਾਗਾਂ ਮੇਜ 'ਤੇ ਰੱਖਕੇ 'ਦੋਸਤਾਨਾ' ਭਰੀ ਗੱਲਬਾਤ ਕਰਨ ਬੈਠਦੇ ਹਨ। ਹਰ ਕਿਸੇ ਨੂੰ ਆਪਣੀ ਹੀ ਜਿੱਤ ਦੀ ਆਸ ਹੁੰਦੀ ਹੈ।

ਵਿਸ਼ਵੀਕਰਨ ਅਜਕੱਲ ਬੜਾ ਚਾਲੂ ਸ਼ਬਦ ਹੈ। ਸਾਰੇ ਸੰਸਾਰ ਨੂੰ ਇਕ ਪਿੰਡ ਦੀ ਇਕਾਈ ਆਖਿਆ ਜਾ ਰਿਹਾ ਹੈ। ਜੇ ਸੱਚਮੁੱਚ ਹੀ ਇੰਜ ਹੈ ਤਾਂ ਫੇਰ ਭਲਾਂ ਦੁਨੀਆਂ ਅੰਦਰ ਅਸਾਵਾਂਪਨ ਕਿਉਂ ਵਧ ਰਿਹਾ ਹੈ? ਜਦੋਂ ਵੱਖੋ-ਵੱਖ ਟੱਬਰਾਂ ਨੇ ਰਲ਼-ਮਿਲ਼ ਕੇ ਇਕ ਵੱਡਾ ਟੱਬਰ ਬਣਨਾ ਹੈ ਤਾਂ ਟੱਬਰ ਵਿਚ ਹੀ 'ਉਚ-ਨੀਚ' ਕਿਉਂ? ਕੀ ਇਸ ਦੇ ਜੁੰਮੇਵਾਰ ਝੂਠੇ ਵਿਸ਼ਵੀਕਰਨ ਦੇ ਧੋਖੇਬਾਜ਼ ਪ੍ਰਚਾਰਕ ਨਹੀਂ? ਕੀ ਉਨ੍ਹਾਂ ਵਲੋਂ ਇੱਥੇ ਵੀ ਕਿਸੇ ਜਿੱਤ ਦੀ ਆਸ ਕੀਤੀ ਜਾ ਰਹੀ ਹੈ? ਜਾਂ ਫੇਰ ਇਹ ਮਤਲਬਪ੍ਰਸਤੀ ਵਾਲੀ ਸਿਆਸਤ ਦੇ ਨਿਘਾਰ ਨਾਲ ਝੰਬੇ ਮਨੁੱਖ ਨੂੰ ਹੋਰ ਛੋਟਾ ਤੇ ਜ਼ਲੀਲ ਕਰਨ ਦਾ ਰਾਹ ਹੈ? ਸਿਆਸਦਾਨਾਂ ਵਾਸਤੇ ਜੰਗ, ਪਿਆਰ ਤੇ ਸਿਆਸਤ ਵਿਚ ਹਰ ਘਟੀਆ ਦਾਅ-ਪੇਚ ਵੀ ਜਾਇਜ਼ ਹੁੰਦਾ ਜਾ ਰਿਹਾ ਹੈ? 'ਫਾਊਲ' ਨੂੰ ਵੀ ਉਹ ਨਵੀਂ 'ਤਕਨੀਕ' ਦੱਸੀ ਜਾ ਰਹੇ ਹਨ। ਇੱਥੋਂ ਹੀ ਮਨੁੱਖ ਨੀਵਾਣਾਂ ਵੱਲ ਵਹਿ ਜਾਂਦਾ ਹੈ, ਜਿੱਥੇ ਪਹੁੰਚ ਕੇ ਸੱਭਿਆ ਤੇ

ਅਸੱਭਿਆ ਸ਼ਬਦਾਂ ਅੰਦਰ ਗੰਢੇ ਦੇ ਛਿਲਕੇ ਤੋਂ ਵੀ ਘੱਟ ਫਰਕ ਰਹਿ ਜਾਂਦਾ ਹੈ। ਸ਼ਾਇਦ ਇਹ ਹੀ ਨਵੇਂ ਯੁੱਗ ਦੀ ਸਿਰਜੀ ਜਾ ਰਹੀ ਨਵੀਂ ਕਥਾ ਦਾ ਨਵਾਂ ਬੋਧ ਹੈ।

ਜਦੋਂ ਮਨੁੱਖ ਅਭਿਮਾਨੀ ਹੋ ਜਾਵੇ ਤਾਂ ਵੱਡੀ ਜਿੱਤ ਵੀ ਛੋਟੀ ਹੋ ਜਾਂਦੀ ਹੈ। ਇਤਿਹਾਸ ਦੇ ਜਾਣਕਾਰ ਜਾਣਦੇ ਹਨ ਕਿ ਸਿਕੰਦਰ ਮਹਾਨ ਨੇ ਆਪਣੀ ਜਿੱਤ ਤੋਂ ਬਾਅਦ ਜਦੋਂ ਹਾਰੇ ਹੋਏ ਰਾਜੇ ਪੋਰਸ ਨੂੰ ਪੁੱਛਿਆ ਸੀ ਕਿ ਦੱਸ ਤੇਰੇ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਵੇ ਤਾਂ ਪੋਰਸ ਦਾ ਜਵਾਬ ਸੀ ਕਿ ਜਿਹੋ ਜਿਹਾ ਇਕ ਜਿੱਤੇ ਹੋਏ ਰਾਜੇ ਨੂੰ ਹਾਰੇ ਹੋਏ ਰਾਜੇ ਨਾਲ ਕਰਨਾ ਚਾਹੀਦਾ ਹੈ। ਇਹ ਰਾਜਾ ਪੋਰਸ ਦਾ ਸਵੈਮਾਣ ਤੇ ਸਵੈ ਵਿਸ਼ਵਾਸ ਸੀ ਕਿ ਉਹਦੀ ਹਾਰ ਵੀ ਸਿਕੰਦਰ ਮਹਾਨ ਦੀ ਜਿੱਤ ਤੋਂ ਵੱਡੀ ਸਾਬਤ ਹੋਈ। ਮਹਾਨ ਸਿਕੰਦਰ ਨੂੰ ਉਨ੍ਹਾਂ ਪਲਾਂ ਨੇ ਮਾਤ ਦਿੱਤੀ ਜਦੋਂ ਕਿਸੇ ਸਵੈ-ਵਿਸ਼ਵਾਸੀ ਦਾ ਅਜਿਹਾ ਜਵਾਬ ਉਸਨੂੰ ਸੁਣਨਾ ਪਿਆ। ਉਸ ਸਮੇਂ ਭਲਾਂ ਕਿੰਨਾ ਛੋਟਾ ਤੇ ਬਲਹੀਣ ਹੋ ਗਿਆ ਹੋਵੇਗਾ ਸਿਕੰਦਰ ਮਹਾਨ ਜਦੋਂ ਅਜਿਹੀ ਅਵਾਜ਼ ਉਸਦੇ ਕੰਨੀਂ ਪਈ ਹੋਵੇਗੀ? ਰਾਜਾ ਪੋਰਸ ਅੱਜ ਵੀ ਲੱਖਾਂ ਦਿਲਾਂ ਦੀਆਂ ਧੜਕਣਾਂ ਨੂੰ ਜਿੱਤ ਵਲ ਤੋਰਨ ਦਾ ਕਾਰਜ ਨਿਭਾਅ ਰਿਹਾ ਹੈ। ਆਸ ਕੀਤੀ ਜਾਂਦੀ ਹੈ ਇਹ ਹੌਸਲਾਮਈ ਭਾਵਨਾ ਭਵਿੱਖ ਵਿਚ ਵੀ ਜਾਰੀ ਰਹੇਗੀ।

ਇਹੋ ਜਹੀ ਇਤਿਹਾਸਕ ਘਟਨਾ ਹੀ ਵਾਪਰੀ ਸੀ ਜਦੋਂ ਵੱਧੋ-ਵੱਧ ਇਲਾਕੇ ਜਿੱਤਣ ਦੇ ਲਾਲਚ ਵਸ ਰਾਜਾ ਅਸ਼ੋਕ ਨੇ ਆਪਣੇ ਆਪ ਨੂੰ ਮਹਾਨ ਸਾਬਤ ਕਰਨ ਵਾਸਤੇ ਬੇਦੋਸ਼ਿਆਂ ਦੇ ਲਹੂ ਦੀਆਂ ਨਦੀਆਂ ਵਹਾਈਆਂ ਤੇ ਵਹਿਸ਼ੀਪੁਣੇ ਦਾ ਨੰਗਾ ਨਾਚ ਨੱਚਿਆ ਗਿਆ। ਆਖਰ ਸਿੱਟਾ ਕੀ ਨਿਕਲਿਆਂ? ਇੰਨਾ ਕੁੱਝ ਕਰਨ ਦੇ ਬਾਵਜੂਦ ਉਹ ਆਪਣੇ ਆਪ ਅੱਗੇ ਹੀ ਹਾਰ ਗਿਆ। ਇਕ ਵਹਿਸ਼ੀ ਤੇ ਹਿੰਸਾ ਨੂੰ ਬਲ ਦੇਣ ਵਾਲਾ ਉੱਧਰੋਂ ਮੂੰਹ ਹੀ ਮੋੜ ਗਿਆ। ਉਹਦੀ ਮਾਰ-ਧਾੜ ਤੋਂ ਤੋਬਾ ਅਤੇ ਬੁੱਧ ਧਰਮ ਦੀ ਸ਼ਰਨ ਲੈ ਕੇ ਸ਼ਾਂਤੀ ਦਾ ਪੁਜਾਰੀ ਬਣ ਬਹਿਣਾ। ਲੜਾਈ ਤੇ ਕਤਲੇਆਮ ਨਾਲ ਉਹ ਲੋਕਾਂ ਦੇ ਮਨ ਨਾ ਜਿੱਤ ਸਕਿਆ, ਪਰ ਜਦੋਂ ਤਲਵਾਰ ਨੂੰ ਡੂੰਘੇ ਟੋਏ 'ਚ ਵਗਾਹ ਮਾਰਿਆ ਤਾਂ ਲੋਕਾਂ ਦੇ ਮਨ ਜਿੱਤੇ ਗਏ। ਉਹ ਕੁੱਲ ਸੰਸਾਰ ਵਾਸਤੇ ਅਮਨ ਦਾ ਹੋਕਾ/ਸੁਨੇਹਾ ਬਣ ਗਿਆ। ਅਜਾਦ ਭਾਰਤ ਦੇ ਆਪਣੇ ਝੰਡੇ ਵਿਚ ਅਸ਼ੋਕ ਦਾ ਚੱਕਰ ਸ਼ਾਂਤੀ ਦਾ ਸੁਨੇਹਾ ਬਣ ਗਿਆ। ਉਂਜ ਭਾਰਤੀ ਹਾਕਮਾਂ ਨੇ ਇਸ ਚੱਕਰ ਨਾਲ ਬਥੇਰੀ ਵਾਰ ਖਿਲਵਾੜ ਕੀਤਾ ਹੈ, ਪਰ ਇਹ ਚੱਕਰ ਫੇਰ ਵੀ ਸ਼ਾਂਤੀ ਦਾ ਪ੍ਰਚਾਰਕ ਹੈ।

ਮਨ ਦੀ ਨਿਮਰਤਾ ਤੇ ਸੋਚ ਦਾ ਉਸਾਰੂ ਪਾਸੇ ਤੁਰਨਾ ਆਪਣੇ-ਆਪ ਨੂੰ ਜਿੱਤਣ ਵਾਸਤੇ ਜਰੂਰੀ ਹੈ। ਆਪਣੇ ਆਪ ਨੂੰ ਜਿੱਤਣ ਤੋਂ ਵੱਡਾ ਇਸ ਦੁਨੀਆਂ ਅੰਦਰ ਹੋਰ ਕੋਈ ਕਾਰਜ ਨਹੀਂ। ਗੁਰਬਾਣੀ ਦਾ ਫੁਰਮਾਨ ਹੈ "ਮਨ ਜੀਤੈ ਜਗੁ ਜੀਤ"। ਲੋੜ ਇਸ ਗੁਣ ਨੂੰ ਪੱਲੇ ਬੰਨ੍ਹ ਕੇ ਨਿਮਰਤਾ ਭਰਿਆ ਜੀਵਨ ਜੀਊਣ ਵਾਲੀ ਜਾਚ ਸਿੱਖਣ ਦੀ ਹੈ।



# ਪੁੰਨ ਦੇ ਚੌਲ਼

ਕਰਮ-ਕਾਂਡਾਂ ਦੇ ਵਿਸ਼ਵਾਸੀ, ਆਪੇ ਬੁਣੇ ਭਰਮ ਜਾਲ਼ ਦੇ ਕੈਦੀ, ਥੋੜ ਅਕਲੇ, ਸੂਝ ਅਤੇ ਸਹਿਜ ਵਿਹੂਣੇ ਲੋਕ ਪੁੰਨ-ਦਾਨ ਵਾਲੇ ਝੂਠੇ ਚੱਕਰਾਂ ਵਿਚ ਸਹਿਜੇ ਹੀ ਫਸ ਜਾਂਦੇ ਹਨ। ਇਹ ਆਮ ਕਿਹਾ ਜਾਂਦਾ ਵਰਤਾਰਾ ਕਿੰਨਾ ਖਤਰਨਾਕ ਹੈ, ਇਸਦੇ ਪਿੱਛੇ ਕੀ ਕਾਰਨ ਹਨ? ਇਹ ਸਾਡੇ ਜੀਵਨ ਦੇ ਚਾਨਣੇ ਪੱਖ ਨੂੰ ਹਨੇਰੇ ਵਲ ਧੱਕਣ ਦਾ ਕਿੰਨਾ ਕੋਝਾ ਤੇ ਘਟੀਆ ਰਸਤਾ ਹੈ? ਇਸ ਪਾਸੇ ਵਲ ਬਹੁਤ ਘੱਟ ਲੋਕ ਸੋਚਦੇ ਹਨ। 'ਲਕੀਰ ਦੇ ਫਕੀਰ' ਤਾਂ ਸਮੇਂ-ਸਥਿਤੀਆਂ ਨਾਲ ਸਮਝੌਤੇ ਹੀ ਕਰ ਸਕਦੇ ਹਨ, ਉਹ ਕੁੱਝ ਵੀ ਬਦਲਣ ਦੇ ਯੋਗ ਨਹੀਂ ਹੁੰਦੇ। ਨਵੀਂ ਲੀਹ ਤਾਂ ਨਵੀਂ ਸੋਚ ਨਾਲ ਹੀ ਪਾਈ ਜਾ ਸਕਦੀ ਹੈ ਅਤੇ ਇਸ ਦੀ ਲੋੜ ਵੀ ਬਹੁਤ ਹੈ। ਨਵੀਂ ਲੀਹ ਤੋਂ ਬਿਨਾਂ ਸੁਚੱਜੇ ਭਵਿੱਖ ਦੀ ਆਸ ਕਰਨੀ ਵੀ ਵਿਅਰਥ ਹੈ। ਅਜਿਹਾ ਤਾਂ ਥੁੱਕ ਨਾਲ ਬੜੇ ਪਕਾਉਣ ਵਾਲੇ ਹੀ ਸੋਚ/ਕਰ ਸਕਦੇ ਹਨ, ਕੋਈ ਯਥਾਰਥਵਾਦੀ ਅਜਿਹਾ ਨਹੀਂ ਸੋਚ ਸਕਦਾ। ਗਤੀਸ਼ੀਲਤਾ ਹੀ ਜ਼ਿੰਦਗੀ ਨੂੰ ਅੱਗੇ ਤੋਰਨ ਦਾ ਰਾਹ ਹੈ।

ਸੋਚਣ ਵਾਸਤੇ ਤਰਕਸ਼ੀਲਤਾ ਲੋੜੀਦੀ ਹੈ। ਤਰਕਸ਼ੀਲ ਬਣਨ ਵਾਸਤੇ ਯਤਾਰਥਵਾਦੀ/ਤਰਕਵਾਦੀ ਹੋ ਕੇ ਠੀਕ-ਗਲਤ ਦਾ ਨਿਰਣਾ ਕਰਨ ਜਿੰਨੀ ਸੂਝ ਕੋਲ ਹੋਣੀ ਚਾਹੀਦੀ ਹੈ। ਸੂਝ ਕਿਧਰੇ ਮੁੱਲ ਤਾਂ ਵਿਕਦੀ ਨਹੀਂ ਕਿ ਕੋਈ ਖਰੀਦ ਲਵੇ। ਇਹਦੇ ਵਾਸਤੇ ਤਾਂ ਜ਼ਿੰਦਗੀ ਦੇ ਲੰਬੇ ਤਜ਼ੁਰਬੇ ਵਿਚੋਂ ਲੰਘਣਾ ਪੈਂਦਾ ਹੈ। ਉਂਝ ਦੇਖੀਏ ਤਾਂ ਬਹੁਤ ਸਾਰੀਆਂ ਕਹਾਵਤਾਂ ਵੀ ਪੁੰਨ-ਦਾਨ, ਕਰਨ-ਕਰਾਉਣ ਵਾਲਿਆਂ ਨੇ ਹੀ ਘੜੀਆਂ ਹੋਈਆਂ ਹਨ, ਸਿਰੋਂ ਪੈਰੋਂ ਸੱਖਣੀਆਂ, ਨਿਰਾ ਝੂਠ, ਲੂਣ ਗੁੰਨਣ ਦਾ ਅਸਫਲ ਜਤਨ, ਜਿਵੇਂ "ਜੀਹਦੇ ਘਰ ਦਾਣੇ ਉਹਦੇ ਕਮਲ਼ੇ ਵੀ ਸਿਆਣੇ"। ਇੱਥੇ ਤਾਂ ਪੈਸੇ (ਭਾਵ ਦਾਣੇ) ਵਾਲਿਆਂ ਦੇ ਨਲ਼ੀ-ਚੋਚੋ ਜਹੇ, ਧੇਲੇ ਦੀ ਅਕਲ ਤੋਂ ਸੱਖਣੇ ਵੀ ਦੇਖੇ ਜਾ ਸਕਦੇ ਹਨ। ਹਾਂ, ਜੇ ਕਿਸੇ ਦੀ ਨਜ਼ਰ ਕਮਜ਼ੋਰ (ਭਾਵ ਕੰਮਚੋਰ) ਹੋਵੇ ਤਾ ਗੱਲ ਸੱਚਮੁੱਚ ਹੀ ਹੋਰ ਹੈ। ਇਸਦੇ ਉਲਟ ਗਰੀਬ ਘਰਾਂ ਵਿਚ ਜੰਮੇ ਸਿਰੇ ਦੀ ਸੂਝ-ਸਿਆਣਪ ਨਾਲ ਭਰਪੂਰ ਲੋਕ ਵੀ ਟੱਕਰ ਜਾਂਦੇ ਹਨ। ਅੱਜ ਦਾ ਯੁੱਗ ਤਕਨੀਕ ਅਤੇ ਸੂਚਨਾਂ ਪੱਖੋਂ ਬਹੁਤ ਤੇਜ ਰਫਤਾਰੀ ਹੈ। ਕੰਪਿਊਟਰੀ ਯੁੱਗ ਵਿਚ ਮੱਧਯੁਗੀ ਸੋਚ ਸਮੇਂ ਦੇ ਹਾਣ ਦੀ ਨਹੀਂ ਹੋ ਸਕਦੀ। ਹੁਣ ਗੱਲ ਪਹਿਲੇ ਸਮਿਆਂ ਦੀਆਂ ਆਮ ਕਹਾਵਤਾਂ ਤੋਂ ਬਹੁਤ ਅੱਗੇ ਲੰਘ ਚੁੱਕੀ ਹੈ। ਫੇਰ ਖੁਦ ਵੀ ਵੇਲਾ ਵਿਹਾ ਚੁੱਕੀਆਂ ਕਹਾਵਤਾਂ ਤੋਂ ਅੱਗੇ ਜਾ ਕੇ ਕਿਉਂ ਨਾ ਦੇਖਿਆ, ਸੋਚਿਆ ਅਤੇ ਪਰਖਿਆ ਜਾਵੇ? ਆਮ ਜਹੀ ਬੋਲੀ ਹੈ, ਉਂਝ ਇਹ ਗੀਤ ਵੀ ਵੱਜਦਾ ਹੁੰਦਾ ਸੀ ਕਿ :

ਚਿੱਟੇ ਚੌਲ਼ ਜਿਨ੍ਹਾਂ ਨੇ ਪੁੰਨ ਕੀਤੇ
ਰੱਬ ਨੇ ਬਣਾਈਆਂ ਜੋੜੀਆਂ

ਇੱਥੇ ਝੂਠੀ ਗੱਲ ਨੂੰ ਸਾਬਤ ਕਰਨ ਵਾਸਤੇ ਰੱਬ ਨੂੰ ਖਾਹਮਖਾਹ ਹੀ ਵਿਚੋਲਾ ਬਣਾ ਦਿੱਤਾ ਗਿਆ। ਫੇਰ ਅਜਿਹੇ ਝੂਠ ਨੂੰ ਮੰਨਣ ਦੀ ਭਲਾਂ ਕੀ ਤੁਕ? ਪਹਿਲੇ ਸਮਿਆਂ ਦੀ ਤਾਂ ਗੱਲ ਹੀ ਹੋਰ ਸੀ, ਉਦੋਂ ਤਾਂ ਬਾਲ ਵਿਆਹ ਦਾ ਰਿਵਾਜ਼ ਵੀ ਆਮ ਸੀ। ਸਮਾਂ ਬਦਲਿਆ, ਮਨੁੱਖ ਦੀ ਸੂਝ ਨਿੱਖਰੀ, ਵਿਕਸੀ ਅਤੇ ਉਹ ਸ਼ੈਤਾਨ ਵਲੋਂ ਮੱਲੋਜ਼ੋਰੀ ਵਾਹੀ ਝੂਠ ਦੀ ਲਕੀਰ ਦੇ ਅਗਲੇ ਪਾਰ ਦੇਖਣ ਲੱਗਾ। ਦੇਖ ਕੇ ਸੋਚਣ ਲੱਗਾ ਤਾਂ ਉਸ ਨੂੰ ਹੋਰ ਮਸਲਿਆਂ ਦੇ ਨਾਲ ਹੀ ਪੁੰਨ ਦੇ ਚੌਲਾਂ ਬਾਰੇ ਵੀ 'ਲੋਅ' ਹੋਣ ਲੱਗੀ ਅਤੇ ਦਿਮਾਗ ਅੰਦਰ ਹੋਏ ਨਵੇਂ ਚਾਨਣ ਦੇ ਆਸਰੇ ਝੂਠ ਦੇ 'ਚੌਲ਼' ਵੀ ਨਿੱਖਰਨ ਲੱਗੇ।

ਇਸ ਬੋਲੀ ਨੂੰ ਕਿਸਮਤ (ਤਕਦੀਰ) ਨਾਲ ਜੋੜ ਕੇ ਭਾਸ਼ਾ ਦਾ ਸੱਤਿਆਨਾਸ ਵੀ ਕੀਤਾ ਗਿਆ। ਇਸ ਝੂਠ ਉੱਤੇ ਮੋਹਰ ਲਾਉਣ ਵਾਸਤੇ ਵਿਚ ਰੱਬ ਲਿਆ ਧਰਿਆ ਕਿ ਜੇ ਕੋਈ ਅਕਲ ਨਾਲ ਦਲੀਲ ਭਰੀ ਗੱਲ ਸੋਚੇ ਤੇ ਕਰੇ ਤਾਂ ਉਹਦੇ ਉੱਤੇ ਰੱਬ ਦਾ ਵਿਰੋਧੀ ਹੋਣ ਦਾ ਇਲਜ਼ਾਮ ਲਾਇਆ ਜਾ ਸਕੇ। ਮਾੜੀ ਸੋਚ ਵਾਲੇ 'ਲੋਕਾਂ' ਵਲੋਂ ਕਿਸੇ ਚੰਗੇ-ਭਲੇ ਮਨੁੱਖ ਨੂੰ ਜ਼ਲੀਲ ਕਰਨ ਵਾਸਤੇ ਇਹ ਦਲੀਲ ਰਹਿਤ, ਸਸਤਾ, ਘਟੀਆ ਪਰ ਸਭ ਤੋਂ ਕਾਮਯਾਬ ਤਰੀਕਾ ਹੈ।

ਜਦੋਂ ਵੀ ਜੀਵਨ ਦੀ ਗੱਲ ਹੁੰਦੀ ਹੈ ਤਾਂ ਵਿਸ਼ਾਲਤਾ ਦਾ ਜ਼ਿਕਰ ਛਿੜਦਾ ਹੈ। ਤੁਰਦੇ ਜੀਵਨ ਅੰਦਰ ਉਮਰ ਮੁਤਾਬਿਕ ਹੀ ਇਕ ਪੜਾਅ ਆਉਂਦਾ ਹੈ ਕਿ ਜਿਸ ਕਿਸੇ ਨੇ ਵੀ ਆਪਣੇ ਅੱਗੇ ਨੂੰ ਤੁਰਦਾ ਰੱਖਣ ਦਾ ਸੁਪਨਾ ਬੁਣਿਆ ਹੁੰਦਾ ਹੈ ਉਹਦੇ ਵਾਸਤੇ ਸਾਥ ਦੀ ਲੋੜ ਪੈਂਦੀ ਹੈ। ਸਮਾਜਿਕ ਪ੍ਰਵਾਨਗੀ ਵਾਸਤੇ ਵਿਆਹ ਦੀ ਜਰੂਰਤ ਹੁੰਦੀ ਹੈ (ਪੱਛਮੀ ਮੁਲਕਾਂ ਵਿਚ ਸਮਾਜਿਕ ਪ੍ਰਵਾਨਗੀ ਦੀ ਲੋੜ ਨਹੀਂ ਵੀ ਪੈਂਦੀ। ਇੱਥੇ ਵਿਆਹ ਦੀ ਸੰਸਥਾ ਨੂੰ ਮੰਨਣਾਂ ਜਾਂ ਨਾ ਮੰਨਣਾ ਹਰ ਕਿਸੇ ਦਾ ਜਾਤੀ ਮਾਮਲਾ ਹੈ, ਸਮਾਜੀ ਨਹੀਂ। ਕੋਈ ਬੱਚੇ ਵਿਆਹ ਕਰਕੇ ਪੈਦਾ ਕਰੇ ਜਾਂ ਬਿਨਾ ਵਿਆਹ ਤੋਂ, ਇਹ ਹਰ ਕਿਸੇ ਦੀ ਆਪਣੀ ਮਰਜ਼ੀ ਹੈ)। ਔਰਤ ਅਤੇ ਮਰਦ ਹੀ ਇਸ ਸੰਸਾਰ ਨੂੰ ਉਤਪਤੀ ਦੇ ਆਸਰੇ ਅੱਗੇ ਤੁਰਦਾ ਰੱਖਣ ਵਾਲੀ ਸੋਝੀ ਅਤੇ ਤਾਕਤ (ਸ਼ਕਤੀ) ਰੱਖਦੇ ਹਨ। ਇਨ੍ਹਾਂ ਦਾ ਮੇਲ਼-ਮਿਲ਼ਾਪ ਨਵੇਂ ਨੂੰ ਜਨਮ ਦੇਣ ਦਾ ਸਬੱਬ ਬਣਦਾ ਹੈ। ਇਹ ਸਬੱਬ ਹੀ ਸੰਸਾਰ ਦਾ ਮੂਲ਼ ਹੈ।

ਇੱਥੇ ਪਹੁੰਚ ਕੇ ਅਖੌਤੀ ਧਰਮੀਆਂ ਵਲੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਦੇ ਸਬੰਧ ਵਿਚ ਕਹੇ, ਲਿਖੇ ਹੋਏ ਬਾਰੇ ਦੁਬਾਰਾ ਸੋਚਣ ਅਤੇ ਦਲੀਲ ਨਾਲ ਸਮਝਣਾ ਪੈਂਦਾ ਹੈ। ਕਾਮ ਉਹ ਸ਼ਕਤੀ (ਅਨਰਜੀ) ਬਣਦਾ ਹੈ ਜੋ ਨਵੇਂ ਦੇ ਜਨਮ ਨਾਲ ਸੰਸਾਰ ਦੇ ਵਾਧੇ ਦਾ ਸਬੱਬ ਬਣਦਾ ਹੈ। ਇਸਦੇ ਅੰਦਰ ਉਸਾਰੂ 'ਲੋਭ' ਹੈ, ਸਿਰਜਣਾ ਹੈ। ਇਸਦੇ ਨਾਲ ਹੀ ਮੋਹ ਦੀ ਤਸਵੀਰ ਨਿੱਖਰਦੀ ਹੈ, ਕਿਉਂਕਿ ਮੋਹ ਤੋਂ ਬਿਨਾਂ ਇਸ ਸਭ-ਕਾਸੇ ਦਾ ਵਾਪਰਨਾ ਸੰਭਵ ਹੀ ਨਹੀਂ। ਮੋਹ ਵਿਹੂਣਾ ਮਨੁੱਖ ਤਾਂ ਉਜਾੜ ਦੇ ਰੁੱਖ ਵਰਗਾ ਹੀ ਹੁੰਦਾ ਹੈ। ਮਨੁੱਖ ਦਾ ਸੰਸਾਰ ਨਾਲ ਜੁੜੇ ਰਹਿਣਾ ਅਤੇ ਅੱਗੇ ਵਧਦੇ ਜਾਣਾ



ਮੋਹ ਦੀ ਹੀ ਕਰਾਮਾਤ ਹੈ। ਕ੍ਰੋਧ ਦਾ ਵੀ ਜ਼ਿੰਦਗੀ ਨਾਲ ਡੂੰਘਾ ਸਬੰਧ ਹੈ। ਜੇ ਕਿਸੇ ਨੂੰ ਸਮਾਜ ਅੰਦਰ ਨਿੱਤ-ਦਿਹਾੜੇ ਇੰਨਾ ਕੁੱਝ ਮਾੜਾ ਵਾਪਰਦਾ ਦੇਖਕੇ ਵੀ ਉਸਦੇ ਮਨ ਵਿਚ ਅਜਿਹੇ ਕੁੱਤਪੁਣੇ ਦੇ ਖਿਲਾਫ ਗੁੱਸਾ (ਕ੍ਰੋਧ) ਹੀ ਨਹੀਂ ਉਪਜਦਾ ਤਾਂ ਅਜਿਹਾ ਵਿਅਕਤੀ ਮਰਿਆ-ਜੀਉਂਦਾ ਇਕ ਬਰਾਬਰ ਹੀ ਕਿਹਾ ਜਾ ਸਕਦਾ ਹੈ। ਇੱਥੇ 'ਕ੍ਰੋਧ' ਨੂੰ ਵਿਰੋਧ-ਵਿਕਾਸੀ ਫਲਸਫੇ ਰਾਹੀਂ ਦੇਖਿਆ ਜਾਣਾ ਚਾਹੀਦਾ ਹੈ। ਜੇ ਇਸ ਨਿਖੇਧ ਵਿਚੋਂ ਕਿਸੇ ਚੰਗੇਪਣ ਦਾ ਜਨਮ ਹੁੰਦਾ ਹੈ ਤਾਂ ਇਹ ਉਸਾਰੂ ਕਦਮ ਨਜ਼ਰ ਆਵੇਗਾ । ਹਰ ਕਿਸੇ ਨੂੰ ਆਪਣੀ ਅਕਲ ਉੱਤੇ (ਜੇ ਪੱਲੇ ਹੋਵੇ ਤਾਂ) ਮਾਣ ਜਰੂਰ ਹੋਣਾ ਚਾਹੀਦਾ ਹੈ। ਹਾਂ! ਇੱਥੇ ਇਹ ਕਿਹਾ ਜਾ ਸਕਦਾ ਹੈ ਹੰਕਾਰੀ ਹੋਣਾ ਮਾੜਾ ਹੈ। ਮਾਣ ਤੇ ਹੰਕਾਰ ਦਾ ਫਰਕ ਸਮਝਣਾ ਵੀ ਜਰੂਰੀ ਹੈ। ਜਿਸ ਦੇ ਮੱਥੇ ਵਿਚ ਸੂਝ ਦਾ ਦੀਵਾ ਬਲ਼ਦਾ ਹੋਵੇ ਉਹ ਹੰਕਾਰੀ ਹੋ ਹੀ ਨਹੀਂ ਸਕਦਾ। ਫੇਰ 'ਧਰਮੀਆਂ' ਵਲੋਂ ਪੰਜਾਂ ਤੱਤਾਂ ਦੀ ਘੜੀ ਨਾਂਹ ਪੱਖੀ ਤਸਵੀਰ ਆਪਣੇ ਆਪ ਹੀ ਝੂਠੀ ਸਾਬਤ ਹੋ ਜਾਂਦੀ ਹੈ। ਸਿਆਣਾ ਮਨੁੱਖ ਦੂਜਿਆਂ ਨਾਲ ਦਲੀਲ ਸਹਿਤ ਸੰਵਾਦ ਰਚਾਉਂਦਾ ਹੈ, ਵੱਖੋ-ਵੱਖ ਵਿਸ਼ਿਆਂ ਬਾਰੇ ਬਹਿਸ ਕਰਦਾ ਹੈ, ਵਿਚਾਰਾਂ ਨੂੰ ਸਮੇਂ/ਸਮਾਜ/ਸਥਿਤੀਆਂ ਦੀ ਸਾਣ 'ਤੇ ਪਰਖਦਾ ਹੈ। ਦਲੀਲ ਨਾਲ ਮੇਲ ਖਾਂਦੀ ਗੱਲ ਗਲਤ ਹੁੰਦੀ ਹੀ ਨਹੀਂ।

ਮੂੜ੍ਹਮੱਤ ਵਾਲੇ ਸੰਯੋਗ ਨੂੰ ਮਨੁੱਖੀ ਜ਼ਿੰਦਗੀ ਦਾ ਧੁਰਾ ਆਖਦੇ ਹਨ। ਅਖੇ ਜੀ, ਹੱਥਾਂ ਦੀਆਂ ਲਕੀਰਾਂ ਉੱਤੇ ਜੋ ਛਪ ਗਿਆ ਸੋ ਛਪ ਗਿਆ। ਉਨ੍ਹਾਂ ਦੇ ਕਹਿਣ ਦਾ ਭਾਵ ਕਿ ਇਹ ਕੁੱਝ ਬਦਲਿਆ ਹੀ ਨਹੀਂ ਜਾ ਸਕਦਾ, ਇਸ ਕਰਕੇ ਹੀ ਉਹ ਮਨੁੱਖ ਨੂੰ ਆਪਣੀ ਜ਼ਿੰਦਗੀ ਬਿਹਤਰ ਬਨਾਉਣ ਵਾਲੇ ਕੀਤੇ ਜਾ ਰਹੇ ਸੰਘਰਸ਼ ਤੋਂ ਵਰਜਦੇ ਹਨ। ਇਹ ਤਾਂ ਜਾਣ-ਬੁੱਝ ਕੇ ਲੁਟੇਰਿਆਂ ਦਾ ਪੱਖ ਪੂਰਨ ਵਾਲਾ ਰਾਹ ਹੈ। ਕਿਰਤ ਕਰਨ ਵਾਲੇ ਹਰ ਕਿਰਤੀ ਦੇ ਖਿਲਾਫ ਇਹ ਅਤਿ ਘਟੀਆ ਅਤੇ ਕੋਝੀ ਸਾਜਿਸ਼ ਹੈ। ਹੱਥੀਂ ਕਿਰਤ ਕਰਨ ਵਾਲੇ ਲੋਕਾਂ ਵਲੋਂ ਆਪਣੇ ਸਵੈ-ਮਾਣ ਦੀ ਰਾਖੀ ਵਾਸਤੇ ਇਸ ਸ਼ੈਤਾਨੀ ਨੂੰ ਹਰ ਹੀਲੇ ਜੋਰਦਾਰ ਢੰਗ ਨਾਲ ਨਕਾਰਿਆ ਜਾਣਾ ਚਾਹੀਦਾ ਹੈ। ਸ਼ੈਤਾਨ ਲੋਕ ਮਨੁੱਖੀ ਜ਼ਿੰਦਗੀ ਨੂੰ ਕਿਸੇ ਹੋਰ ਵਲੋਂ ਛਾਪੀ ਵਿੰਗੀਆਂ ਟੇਢੀਆਂ ਲਕੀਰਾਂ ਵਾਲੀ 'ਜੰਤਰੀ' ਦੇ ਆਖੇ ਜਾਂ ਹੁਣ ਨਵੀਂ ਤਕਨੀਕ ਵਰਤਦਿਆਂ ਕੰਪਿਊਟਰ ਵਿਚ ਖੁਦ ਲਿਖ ਕੇ ਪਾਏ 'ਰਾਸ਼ੀ ਦਾ ਫਲ' ਅਨੁਸਾਰ ਹੀ ਤੋਰਨਾ ਚਾਹੁੰਦੇ ਹਨ। ਪਰ ਇੰਞ ਹੋਣਾ ਸੰਭਵ ਹੀ ਨਹੀਂ। ਰਾਸ਼ੀ ਫਲ ਦੱਸਣ ਵਾਲੇ ਸ਼ੈਤਾਨ ਬਿਰਤੀ ਰਾਹੀਂ ਭੋਲ਼ੇ-ਭਾਲ਼ੇ ਲੋਕਾਂ ਦੀ ਕਿਸੇ ਦੁਖਦੀ ਰਗ ਤੇ ਹੱਥ ਰੱਖਕੇ ਆਪਣੇ ਸ਼ਬਦ-ਜਾਲ ਰਾਹੀਂ ਕਿਸੇ ਦੂਸਰੇ ਦੀ ਜੇਬ ਦੇ ਆਸਰੇ ਸੌਖੇ ਢੰਗ ਨਾਲ ਆਪਣਾ ਤੋਰੀ-ਫੁਲਕਾ ਤੋਰਨ ਦਾ ਚੁਸਤੀ ਭਰਿਆ ਹਰਾਮੀ ਯਤਨ ਕਰਦੇ ਹਨ।

ਹਰ ਵਿਅਕਤੀ ਨੂੰ ਆਪਣਾ ਮਾਨਸਿਕ ਅਤੇ ਬੌਧਿਕ ਵਿਕਾਸ ਕਰਨ ਵਾਸਤੇ ਮਿਹਨਤ ਕਰਨੀ ਪੈਂਦੀ ਹੈ। ਸਮੇਂ ਨਾਲ ਤੁਰਦੇ ਵਰਤਾਰਿਆਂ ਉੱਤੇ ਡੂੰਘੀ ਪਾਰਖੂ ਨਜ਼ਰ ਰੱਖਣੀ ਪੈਂਦੀ ਹੈ। ਖੋਜੀ ਬਣਕੇ ਦੁਨੀਆਂ ਦੇ ਗਿਆਨ ਭੰਡਾਰ ਅੰਦਰ ਲੰਬਾ ਸਫਰ ਕਰਨਾ ਪੈਂਦਾ ਹੈ। ਮਨੁੱਖੀ ਮਿਹਨਤ ਨੇ ਹੀ ਸਦਾ ਨਵਾਂ ਸੰਸਾਰ ਸਿਰਜਿਆ ਹੈ। ਆਪਣੀ ਮਿਹਨਤ ਨਾਲ ਹੀ ਚੰਦ ਉੱਤੇ ਜਾ ਉਤਰਿਆ ਇਹ ਮਨੁੱਖ। ਧਰਤੀ ਉੱਤੇ ਬੈਠਾ ਹੀ ਆਪਣੇ ਬਣਾਏ

ਜੰਤਰਾਂ ਨਾਲ ਕ੍ਰੋੜਾਂ ਮੀਲਾਂ ਦੀ ਦੂਰੀ ਵਾਲੇ ਗ੍ਰਹਿਆਂ ਦੀ ਟੋਹ ਲਾਈ ਜਾਂਦਾ ਹੈ। ਮਨੁੱਖੀ ਸੂਝ ਦੇ ਅੱਗੇ ਵਧਦੇ ਕਦਮ ਨਿੱਤ ਦਿਨ ਹੈਰਾਨ ਕਰਨ ਵਾਲੀਆਂ ਕਾਢਾਂ ਕੱਢੀ ਜਾ ਰਹੇ ਹਨ। ਇਹ ਕਿਸਮਤ, ਤਕਦੀਰ, ਭਾਗਾਂ ਜਾਂ ਸੰਜੋਗ ਦੀ ਗੱਲ ਨਹੀਂ ਸਗੋਂ ਮਨੁੱਖੀ ਸੂਝ ਦੇ ਆਸਰੇ ਕਿਰਤੀ ਹੱਥਾਂ ਵਲੋਂ ਈਮਾਨਦਾਰੀ ਨਾਲ ਕਰੜੀ ਮਿਹਨਤ ਤੋਂ ਬਾਅਦ ਮਨੁੱਖੀ ਜੀਵਨ ਵਾਸਤੇ ਕੀਤੀ ਉਸਾਰੂ ਸਿਰਜਣਾ ਹੈ। ਜਿਸ ਦੇ ਸਦਕਾ ਕਿਸ ਦਾ ਦਿਲ ਨਹੀ ਕਰੇਗਾ ਅਜਿਹੀ ਸੁੱਚੀ ਕਿਰਤ ਅਤੇ ਮਨੁੱਖੀ ਸੂਝ ਦੇ ਬਲਿਹਾਰੇ ਜਾਣ ਨੂੰ? ਇਸ ਕਰਕੇ ਹੀ 'ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ' ਵਾਲੀ ਕਹਾਵਤ ਅੱਜ ਵੀ ਸੱਚੀ ਹੈ।

ਦੁਨੀਆਂ ਨੇ ਜੇ ਚਿੱਟਿਆਂ ਚੌਲਾਂ ਦੇ ਆਸਰੇ ਹੀ ਵਧਣਾ-ਫੁਲਣਾ ਹੈ ਤਾਂ ਮਾੜੇ, ਗਰੀਬ ਦਾ ਕੀ ਬਣੇਗਾ? ਇੱਥੇ ਹੀ "ਰੱਬ" ਵਲੋਂ ਕੁੱਝ ਇਕ ਨੂੰ ਚਿੱਟੇ ਚੌਲ਼ ਦੇਣ ਅਤੇ ਦੂਜਿਆਂ ਨੂੰ ਇਸਤੋਂ ਵਾਂਝੇ ਰੱਖਣ ਦਾ ਦੋਸ਼ ਲਗਦਾ ਹੈ। ਇੱਥੇ ਤਾਂ ਇਹ ਹੀ ਕਿਹਾ ਜਾ ਸਕਦਾ ਹੈ ਕਿ ਰੱਬ ਦਾ ਸੰਕਲਪ ਸਾਊ ਬਿਲਕੁਲ ਨਹੀਂ। ਪੁੰਨ-ਦਾਨ ਤਾਂ ਉਹ ਹੀ ਕਰ ਸਕਦਾ ਹੈ ਜੀਹਦੇ ਕੋਲ ਮੁਫਤ ਦਾ ਆਊ ਭਾਵ ਕਿ ਵਾਧੂ ਹੋਵੇਗਾ ( ਜਿਸਨੂੰ ਆਮ ਬੋਲੀ ਵਿਚ ਹਰਾਮ ਦਾ ਮਾਲ ਵੀ ਕਿਹਾ ਜਾਂਦਾ ਹੈ)। ਵਾਧੂ ਇਕੱਠਾ ਕਰਨ ਵਾਸਤੇ ਇਨਸਾਨ ਨੂੰ ਕਈ ਵਿੰਗੀਆਂ-ਟੇਢੀਆਂ ਲਕੀਰਾਂ 'ਤੇ ਤੁਰਨਾ ਪੈਂਦਾ ਹੈ। ਇਹ ਲਕੀਰਾਂ ਸਾਊ ਬਿਲਕੁਲ ਨਹੀਂ ਹੁੰਦੀਆਂ। ਜੇ ਇਸ ਤੋਂ ਵੀ ਅੱਗੇ ਦੂਜੇ ਪਾਸੇ ਜਾ ਕੇ ਸੋਚੀਏ ਕਿ ਪੁੰਨ-ਦਾਨ ਲੈਣ ਵਾਲਾ ਕਿੰਨਾ ਕਮੀਨਾ ਹੋ ਸਕਦਾ ਹੈ ਕਿ ਹਰ ਕਿਸਮ ਦੀ ਬੇਈਮਾਨੀ ਦੇ ਆਸਰੇ ਕੀਤੀ ਹਰਾਮ ਦੀ ਕਮਾਈ ਵਿਚੋਂ ਮਿਲੇ ਕੁੱਝ ਟੁਕੜਿਆਂ ਨੂੰ ਵੀ "ਭਲਾ ਹੋਵੇ" ਆਖ ਕੇ ਆਪਣੀ ਝੋਲ਼ੀ ਪੁਆਈ ਜਾਂਦਾ ਹੈ ਅਤੇ ਨਾਲ ਹੀ 'ਭੰਡਾਰੇ ਭਰੇ ਰਹਿਣ'( ਜੋ ਮਾੜੇ ਕੰਮਾਂ ਨਾਲ ਭਰੇ ਹੁੰਦੇ ਹਨ) ਦੀ ਅਸੀਸ ਦਿੰਦਾ ਹੈ। ਇਹ ਭਲਾ ਕਾਹਦੀ ਅਸੀਸ ਜੋ ਬੁਰਾਈ ਦੀ ਪਿੱਠ ਠੋਕ ਕੇ ਉਸਨੂ ਤਕੜਿਆਂ ਕਰੇ?

ਹਰ ਮਨੁੱਖ ਨੇ ਜ਼ਿੰਦਗੀ ਨੂੰ ਲਾਰਿਆਂ ਹੇਠ ਹੀ ਨਹੀਂ ਜੀਊਣਾ ਹੁੰਦਾ। ਇਹ ਚਿੱਟਿਆਂ ਚੌਲ਼ਾ ਦੇ ਝੂਠੇ ਪ੍ਰਚਾਰਕ (ਭਾੜੇ ਦੇ ਢੰਡੋਰਚੀ) ਤਾਂ ਕਿਸਮਤ ਦੇ ਅਸਲੋਂ ਝੂਠੇ ਸੰਕਲਪ ਦੀ ਡਰਾਊ 'ਬੰਦੂਕ' ਹੱਥ ਲੈ ਕੇ ਦੂਜਿਆਂ ਦੀ ਕਮਾਈ ਦੇ ਆਸਰੇ ਸਿਰਫ ਆਪਣੀ ਹੀ ਜਿੰਦ ਸੌਖੀ ਕੀਤੀ ਚਾਹੁੰਦੇ ਹਨ/ਕਰ ਰਹੇ ਹਨ। ਇਨ੍ਹਾਂ ਦਾ ਹੋਰ ਮਕਸਦ ਹੀ ਕੋਈ ਨਹੀਂ। ਇਹ ਤਾਂ ਉਹ ਹਨ ਕਿ, 'ਕੋਈ ਮਰੇ ਕੋਈ ਜੀਵੇ ਸੁਥਰਾ ਘੋਲ਼ ਪਤਾਸੇ ਪੀਵੇ'(ਯਾਦ ਰਹੇ ਸੁਥਰੇ ਇਹ ਬਿਲਕੁਲ ਨਹੀਂ)। ਉਂਝ ਵੀ ਜੇ ਪੁੰਨ-ਦਾਨ ਦੇ ਆਸਰੇ ਜੋੜੀਆਂ ਬਣੀਆਂ ਤਾਂ ਸਿਰਫ ਆਪੋ-ਆਪਣਾ ਭਲਾ ਚਾਹੁਣ ਦਾ ਲੋਭ ਇਨ੍ਹਾਂ 'ਜੋੜੀਆਂ' ਨੂੰ ਕਿੰਨਾ ਕੁ ਚਿਰ ਜੋੜੀ ਰੱਖੂ? ਪ੍ਰੇਮ ਤੇ ਮੋਹ ਦਾ ਸਾਥ ਛੱਡ ਸਿਰਫ ਪਦਾਰਥਾਂ ਮਗਰ ਹੋ ਤੁਰਨਾ ਇਨਸਾਨ ਨੂੰ ਨੀਵਾਣਾਂ ਵੱਲ ਧੱਕਦਾ ਹੈ। ਪੁੰਨ ਦਾਨ ਵਾਲਾ ਰਾਹ ਚੰਗੀ ਜਾਂ ਚੰਗੇਰੀ ਜ਼ਿੰਦਗੀ ਦੀ ਜ਼ਾਮਨੀ ਨਹੀਂ ਹੋ ਸਕਦਾ। 'ਪੁੰਨ ਦੇ ਚੌਲ਼' ਸੰਘਰਸ਼ ਤੋਂ ਮੁੱਖ ਮੋੜ ਜ਼ਿੰਦਗੀ ਨੂੰ ਆਪਣੇ ਹੱਥੀਂ ਝੂਠ ਦੀ ਝੋਲੀ ਵਿਚ ਸੁੱਟਣ ਦੇ ਬਰਾਬਰ ਹੈ। ਇਸ ਤੋਂ ਹਰ ਹੀਲੇ ਬਚਣਾ ਇਨਸਾਨ ਦਾ ਜਤਨ ਹੋਣਾ ਚਾਹੀਦਾ ਹੈ।



# ਜਿੰਦ ਦਾ ਖੌਅ

ਕਿਸੇ ਵੀ ਇਨਸਾਨ ਵਾਸਤੇ ਜ਼ਿੰਦਗੀ ਤੋਂ ਵੱਧ ਪਿਆਰਾ ਹੋਰ ਕੁੱਝ ਨਹੀਂ ਹੋ ਸਕਦਾ। 'ਜਾਨ ਨਾਲ ਜਹਾਨ' ਵਾਲੀ ਕਹਾਵਤ ਇਥੋਂ ਹੀ ਪੈਦਾ ਹੁੰਦੀ ਹੈ। ਇਸ ਕਰਕੇ ਹੀ ਜ਼ਿੰਦਗੀ ਨੂੰ ਜੀਊਣ ਦਾ ਚਾਅ ਤੇ ਸੱਧਰ ਮਨ ਵਿਚ ਹੋਣੀ ਬਹੁਤ ਜ਼ਰੂਰੀ ਹੈ। ਜੇ ਕਿਸੇ ਮਨ ਵਿਚ ਜੀਊਣ ਦੀ ਸੱਧਰ ਹੀ ਪੈਦਾ ਨਾ ਹੋਵੇ ਤਾਂ ਕਾਹਦਾ ਜੀਊਣ? ਰੋਣ-ਧੋਣ ਵਾਲੀ ਜ਼ਿੰਦਗੀ ਵਿਚੋਂ ਵੀ ਕਦੇ ਕਿਸੇ ਨੇ ਕੁੱਝ ਖੱਟਿਆ? ਜੱਗ ਉੱਤੇ ਆਏ ਹਾਂ ਤਾਂ ਜ਼ਿੰਦਗੀ ਸਾਰਥਿਕ ਅਤੇ ਅਰਥ ਭਰਪੂਰ ਵੀ ਹੋਣੀ ਚਾਹੀਦੀ ਹੈ।

ਅੱਜ ਦੁਨੀਆਂ ਤਕਨੀਕੀ ਤਰੱਕੀ ਦੀ ਸਿਖਰ ਛੋਹ ਰਹੀ ਹੈ। ਨਵੀਆਂ ਵਿਗਿਆਨਕ ਕਾਢਾਂ ਦੇ ਆਸਰੇ ਅੱਗੇ ਵਧਣ ਦੇ ਦਰ ਖੁੱਲ੍ਹ ਰਹੇ ਹਨ, ਨਵੇਂ ਸੁਖ, ਨਵੇਂ ਰਾਹ ਮਨੁੱਖ ਦੇ ਪੈਰਾਂ ਹੇਠ ਵਿਛ ਰਹੇ ਹਨ। ਇਹ ਮਨੁੱਖੀ ਸੋਚ-ਸੂਝ ਦੀ ਸਰਗਰਮੀ ਅਤੇ ਸਿਰਜਣਾ ਦੇ ਕ੍ਰਿਸ਼ਮੇ ਹਨ। ਇਨ੍ਹਾਂ ਵਲ ਧਿਆਨ ਨਾ ਦੇਣਾਂ ਆਪਣੇ ਆਪ ਨਾਲ ਬੇ-ਇਨਸਾਫੀ ਕਰਨ ਦੇ ਬਰਾਬਰ ਹੈ। ਪਰ ਇਹ ਵੀ ਸੱਚ ਹੈ ਕਿ ਬਹੁਤ ਸਾਰੇ ਲੋਕ ਇਸ ਨੂੰ ਸਮਝਣ ਤੋਂ ਵੀ ਅਸਮਰਥ ਹਨ। ਅਜਿਹੇ ਲੋਕ ਅੱਗੇ ਵੀ ਨਹੀਂ ਵਧ ਸਕਦੇ। ਇਸ ਕਰਕੇ ਹੀ ਉਹ ਆਪਣੇ ਆਪ ਅਤੇ ਸਮਾਜ ਵਾਸਤੇ ਸੁਖਾਵਾਂ ਮਹੌਲ ਸਿਰਜਣ ਤੋਂ ਵਿਰਵੇ ਰਹਿ ਜਾਂਦੇ ਹਨ। ਸਮਾਜੀ ਸੰਸਕਾਰ ਦਸਦੇ ਹਨ ਕਿ ਦੁਨੀਆਂ ਅੰਦਰ ਅਜੇ ਵੀ ਬਹੁਤ ਸਾਰੇ ਵਿਤਕਰੇ ਕਾਇਮ ਹਨ। ਬਹੁਤ ਵਾਰ ਪੱਖਪਾਤ ਘਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ।

ਭਾਰਤੀ ਸਮਾਜ ਨੂੰ ਇਸਦੇ ਗੁੰਝਲਦਾਰ ਢਾਂਚੇ ਅਤੇ ਵਤੀਰੇ ਕਰਕੇ ਸਮਝਣਾ ਬਹੁਤ ਔਖਾ ਹੈ। ਕੀ ਇਸ ਨੂੰ ਕੋਈ ਸਮਝਦਾਰੀ ਦੀ ਗੱਲ ਕਹਿ ਸਕਦਾ ਹੈ ਕਿ ਸਮਾਜ ਅੰਦਰ ਔਰਤ ਨੂੰ ਦੂਜੇ ਦਰਜੇ ਦਾ ਇਨਸਾਨ ਸਮਝਿਆ ਜਾਵੇ, ਉਹ ਵੀ ਔਰਤ ਦੇ ਆਪਣੇ ਹੀ ਜਾਇਆਂ ਵਲੋਂ? ਜੇ ਸੰਸਕਾਰਾਂ ਦੀ ਤਹਿ ਫਰੋਲਣ ਵਲ ਵਧੀਏ ਤਾਂ ਦੇਖਦੇ ਹਾਂ ਕਿ ਮਰਦ ਪ੍ਰਧਾਨ ਸਮਾਜ ਨੇ ਔਰਤ ਨੂੰ ਹੀਣੀ ਸਮਝ ਕੇ ਬਹੁਤ ਰੋਲ਼ਿਆ ਹੈ, ਤੜਪਾਇਆ, ਦੁਖਾਇਆ, ਸਤਾਇਆ ਅਤੇ ਰੁਆਇਆ ਹੈ। ਸੰਤਾਪ ਭੋਗਣ ਵਾਸਤੇ ਮਜਬੂਰ ਕੀਤਾ ਹੈ। ਬੱਚੇ ਨਾ ਜੰਮਣ ਤਾਂ ਔਰਤ ਦਾ ਕਸੂਰ, ਬੱਚੇ ਬਹੁਤੇ ਜੰਮਣ ਤਾਂ ਵੀ ਔਰਤ ਦੋਸ਼ੀ। ਜੇ ਸਿਰਫ ਧੀਆਂ ਹੀ ਜੰਮ ਪੈਣ ਤਾਂ ਉਸਨੂੰ ਕੁਲੈਹਣੀ, ਕੁਲੱਛਣੀ ਤੇ ਹੋਰ ਭਲਾਂ ਕਿਹੜਾ ਅਜਿਹਾ ਭੈੜਾ ਸ਼ਬਦ ਹੈ ਜਿਹੜਾ ਉਹਦੇ ਵਾਸਤੇ ਨਹੀਂ ਵਰਤਿਆ ਜਾਂਦਾ? ਕੀ ਕਿਸੇ ਜਣਨੀ ਦਾ ਇਸ ਤਰ੍ਹਾਂ ਬਿਨਾ ਕਿਸੇ ਕਾਰਨ ਦੇ ਅਪਮਾਨ ਕਰਨਾ ਠੀਕ ਹੈ? ਕੀ ਮਰਦ ਕਦੇ ਵੀ ਕਸੂਰਵਾਰ ਨਹੀਂ ਹੁੰਦਾ? ਇਹਦੇ ਬਾਰੇ ਠੰਢੇ ਦਿਲ ਤੇ ਦਿਮਾਗ ਨਾਲ ਸੋਚਣਾ ਚਾਹੀਦਾ ਹੈ।

ਮਰਦ ਪ੍ਰਧਾਨ ਸਮਾਜ ਅੰਦਰ ਮਰਦਾਂ ਨੇ ਆਪਣੇ ਆਪ ਨੂੰ ਹੀ ਸੂਤ ਬੈਠਦੀਆਂ ਰਸਮਾਂ/ਰੀਤਾਂ (ਅਲਾਮਤਾਂ) ਸੰਸਕਾਰਾਂ ਦੇ ਨਾਂ ਹੇਠ ਮੱਲੋਜੋਰੀ ਬਿਨਾਂ ਉਹਦੀ ਮਰਜ਼ੀ ਤੋਂ ਔਰਤ ਦੇ ਗਲ਼ ਪਾਈਆਂ ਹਨ। ਕਿਉਂਕਿ ਇਸ ਤਰ੍ਹਾਂ ਮਰਦ ਦੀ ਹਓਮੈਂ ਨੂੰ ਪੱਠੇ ਪੈਂਦੇ ਹਨ। ਔਰਤ ਦੀ ਹੋਂਦ ਨੂੰ ਖੋਰਨ ਦਾ ਯਤਨ ਕੀਤਾ ਜਾਂਦਾ ਹੈ। ਸਵੈ ਮਾਣ ਅਤੇ ਸਵੈ-ਵਿਕਾਸ ਵਲ ਵਧਦੇ ਕਿਸੇ ਔਰਤ ਦੇ ਕਦਮਾਂ ਨੂੰ ਬ੍ਰਾਹਮਣੀ ਸੋਚ (ਜੋ ਗੈਰ ਮਨੁੱਖੀ ਹੈ) ਦਾ ਡਾਹਾ ਪਾਇਆ ਜਾਂਦਾ ਹੈ (ਜਿਨ੍ਹਾਂ ਲੋਕਾਂ ਨੇ ਛੋਟੇ ਹੁੰਦਿਆਂ ਪਸ਼ੂ ਚਾਰੇ ਹਨ ਉਨ੍ਹਾ ਨੂੰ ਪਤਾ ਹੋਣੈ ਕਿ ਨੱਠਣ ਭੱਜਣ ਵਾਲੇ ਅਵੈੜ ਕਿਸਮ ਦੇ ਪਸ਼ੂਆਂ ਦੇ ਬਾਹਰ ਜਾਣ ਵੇਲੇ ਰੱਸੇ ਨਾਲ ਬੰਨ੍ਹ ਕੇ ਗਲ਼ ਵਿਚ ਮਜਬੂਤ ਲੱਕੜ ਦਾ ਇਕ ਟੋਟਾ ਪਾ ਦਿੱਤਾ ਜਾਂਦਾ ਹੈ ਜਿਸਨੂੰ ਡਾਹਾ ਆਖਿਆ ਜਾਂਦਾ ਹੈ। ਜੇ ਪਸ਼ੂ ਨੱਠਣ-ਭੱਜਣ ਦਾ ਯਤਨ ਕਰੇ ਤਾਂ ਉਹ ਗਲ਼ ਪਾਇਆ ਡਾਹਾ ਉਹਦੇ ਗੋਡੇ-ਗਿੱਟੇ ਭੰਨਦਾ ਹੈ) ਬ੍ਰਾਹਮਣੀ ਸੋਚ ਨੇ ਔਰਤ ਨਾਲ ਸਦੀਆਂ ਤੱਕ ਇਹ ਹੀ ਵਿਹਾਰ ਕੀਤਾ। ਔਰਤ ਨੂੰ ਮਰੇ ਹੋਏ ਪਤੀ ਦੇ ਨਾਲ ਮੱਲੋ-ਜੋਰੀ ਜੀਊਂਦਿਆਂ ਸਾੜ ਕੇ 'ਸਤੀ' ਦਾ 'ਖਿਤਾਬ' ਦਿੱਤਾ ਜਾਂਦਾ ਸੀ। ਕੀ ਕਦੇ ਕਿਸੇ ਮਰਦ ਨੇ ਵੀ ਜੀਊਂਦਿਆਂ 'ਸਤੀ' ਹੋਣ ਵਰਗੀ 'ਮਰਦਾਨਗੀ' ਵਿਖਾਈ ਸੀ ਜਾਂ ਹੈ? ਸਮਾਜ ਦੇ ਇਨ੍ਹਾਂ ਆਪੇ ਬਣੇ ਦੱਲਿਆਂ ਵਰਗੇ ਮੁਖੀਆਂ ਵਲੋਂ ਵਿਧਵਾ ਔਰਤਾਂ ਨੂੰ ਨਰਕ ਵਰਗੀ ਜ਼ਿੰਦਗੀ ਭੋਗਣ ਵਾਸਤੇ ਮਜਬੂਰ ਕੀਤਾ ਜਾਂਦਾ ਰਿਹਾ। ਜਦੋਂ ਕੋਈ ਸਿਆਣੀ, ਸੂਝਵਾਨ, ਜਾਗ੍ਰਿਤ ਤੇ ਦਲੇਰ ਦੀਪਾ ਮਹਿਤਾ ਕਲਾ ਦੇ ਰਸਤੇ ਔਰਤ ਦੀ ਇਸ ਕੋਹਝ ਭਰੀ ਜ਼ਿੰਦਗੀ ਦਾ ਚਿਤ੍ਰਣ ਪੇਸ਼ ਕਰਨ ਦਾ ਸਾਹਸ ਤੇ ਯਤਨ ਕਰਦੀ ਹੈ ਤਾਂ ਬਦੀ ਅਤੇ ਹਨੇਰੇ ਦੀਆਂ ਹਮਾਇਤੀ, ਨੇਕੀ ਅਤੇ ਚਾਨਣ ਦੀਆਂ ਦੋਖੀ ਕਾਲ਼ੀਆਂ-ਕੁਲੈਹਣੀਆਂ ਬੇਸ਼ਰਮ ਤਾਕਤਾਂ ਆਪਣੀ ਸਿਆਸੀ ਰਖੇਲ ਰਾਜ ਸ਼ਕਤੀ ਨੂੰ ਵਰਤਦੀਆਂ ਹਨ। ਅਜਿਹੇ ਸਮੇਂ ਰਾਜ ਸੱਤਾ ਉੱਤੇ ਕਾਬਜ਼ ਲੋਕ ਦੋਖੀ, ਸਿਆਸੀ ਹੀਜੜੇ (ਜਿਨ੍ਹਾਂ ਨੂੰ ਰਾਜਸੀ ਨੇਤਾ ਵੀ ਆਖਿਆ ਜਾਂਦਾ ਹੈ) ਲੋਕ ਰਾਜ ਦੇ ਹਮਾਇਤੀ ਹੋਣ ਦੀ ਝੂਠੀ ਡੌਂਡੀ ਪਿੱਟਣ ਵਾਲੇ, ਆਪਣੇ ਵੋਟ ਬੈਂਕ ਦੀ ਰਾਖੀ ਕਰਨ ਦਾ ਦੰਭ ਪਾਲਦੇ ਹੋਏ, ਸੁੱਚੀਆਂ ਲੋਕ ਭਾਵਨਾਵਾਂ ਦਾ ਅਪਮਾਨ ਕਰਦੇ ਹੋਏ ਗੈਰ-ਮਨੁੱਖੀ "ਸੰਸਕ੍ਰਿਤੀ" ਦੇ ਝੂਠੇ ਦਾਅਵੇਦਾਰਾਂ ਅੱਗੇ ਸਿਰ ਪਰਨੇ ਹੋ ਕੇ ਆਪਣੀ ਭੁੱਲ ਬਖ਼ਸ਼ਾਉਣ ਦੇ ਖੇਖਣ ਵੀ ਕਰਦੇ ਹਨ। ਕੀ ਝੂਠ ਦੇ ਇਨ੍ਹਾਂ ਪੁੱਤਰਾਂ ਵਲੋਂ ਇਸੇ ਤਰ੍ਹਾਂ ਦੇ 'ਰਾਮ ਰਾਜ' ਨੂੰ ਲਿਆਉਣ ਦੀ ਦੁਹਾਈ ਦਿੱਤੀ ਜਾਂਦੀ ਹੈ? ਫੇਰ ਤਾਂ ਇਸ ਤੋਂ ਇਨਕਾਰੀ ਹੋਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਸਗੋਂ ਹਰ ਕਿਸੇ ਵਲੋਂ ਆਪੋ-ਆਪਣੀ ਸਮੱਰਥਾ ਮੁਤਾਬਿਕ ਇਸ ਕੁਚੱਜ ਦਾ ਸਰਗਰਮੀ ਨਾਲ ਜੋਰਦਾਰ ਵਿਰੋਧ ਕਰਨਾ ਪਵਿੱਤਰ ਮਨੁੱਖੀ ਫ਼ਰਜ਼ ਹੋਣਾ ਚਾਹੀਦਾ ਹੈ।

ਔਰਤ ਨੂੰ 'ਸੰਸਕ੍ਰਿਤੀ' ਦੇ ਨਾਂ ਹੇਠ ਲੱਜਾ, ਸ਼ਰਮ-ਹਯਾ ਦੇ ਬਹੁਤ ਪ੍ਰਵਚਨ ਸੁਣਾਏ ਜਾਂਦੇ ਹਨ। ਕੀ ਸ਼ਰਮ-ਹਯਾ ਦਾ ਮਸਲਾ ਸਿਰਫ ਔਰਤ ਤੱਕ ਹੀ ਸੀਮਤ ਹੋਣਾ ਚਾਹੀਦਾ ਹੈ? ਕੀ ਮਰਦਾਂ ਦਾ ਬੇ-ਲੱਜ ਤੇ ਬੇ-ਹਯਾ ਹੋਣਾ ਸਹਿਣਯੋਗ ਹੋ ਸਕਦਾ ਹੈ? ਕੀ ਇਹ ਸਿਹਤਮੰਦ ਸਮਾਜ ਦੀ ਨਿਸ਼ਾਨੀ ਹੋ ਸਕਦੀ ਹੈ? ਨਹੀਂ, ਬਿਲਕੁਲ ਨਹੀਂ।



ਜਦੋਂ ਵੀ ਕਿਸੇ ਕਿਸਮ ਦੇ ਕਹਿਰ ਵਾਪਰਦੇ ਹਨ ਤਾਂ ਰਾਜ ਸੱਤਾ ਉੱਤੇ ਕਾਬਜ਼, ਸੱਚ ਦੇ ਨਾਂ 'ਤੇ ਝੂਠੀਆਂ ਕਸਮਾਂ ਖਾਣ ਵਾਲੇ ਝੂਠ ਦੇ ਪੁੱਤਰ ਲੋੜ ਵੇਲੇ ਸਮੇਂ ਅਤੇ ਸਮਾਜ ਵਲ ਪਿੱਠ ਕਰ ਲੈਂਦੇ ਹਨ। ਆਪਣੇ ਹੀ ਰਾਜ (ਜਿਸਨੂੰ ਉਹ ਲੋਕ ਰਾਜ ਵੀ ਕਹਿੰਦੇ ਹਨ) ਦੀ ਪ੍ਰਜਾ ਨੂੰ ਦਰਿੰਦਿਆਂ ਦੇ ਮੂੰਹ ਦੇਣ ਤੋਂ ਗੁਰੇਜ਼ ਨਹੀਂ ਕਰਦੇ ਅਤੇ ਆਪ ਬੇਸ਼ਰਮੀ ਦੇ ਘੋੜੇ 'ਤੇ ਸਵਾਰ ਹੋ ਕੇ ਨੈਤਿਕਤਾ ਬਾਰੇ ਲੈਕਚਰ ਵੀ ਝਾੜਦੇ ਫਿਰਨਗੇ। ਕਾਨੂੰਨ ਜਿਹੜੇ ਉਨ੍ਹਾਂ ਨੇ ਖੁਦ ਹੀ ਬਣਾਏ ਹੁੰਦੇ ਹਨ, ਉਨ੍ਹਾ ਦੇ ਕਮਜ਼ੋਰ ਹੋਣ ਦੀ ਦੁਹਾਈ ਦੇਣਗੇ। ਭਾਵ ਲੋਕਾਂ ਨੂੰ ਮੂਰਖ ਬਨਾਉਣ ਵਾਸਤੇ ਪੂਰਾ ਟਿੱਲ ਲਾ ਦਿੰਦੇ ਹਨ। ਆਪਣੇ ਵਲੋਂ ਪੂਰੀ ਕੋਸ਼ਿਸ਼ ਕਰਦੇ ਹਨ ਜਾਗਦਿਆਂ ਨੂੰ ਪੌਂਦੀ ਪਾਉਣ ਦੀ। ਅਜਿਹੇ ਕਮੀਨਿਆਂ ਨੂੰ ਬੇਈਮਾਨ ਨਾ ਕਿਹਾ ਜਾਵੇ ਤਾਂ ਕੀ ਕਿਹਾ ਜਾਵੇ?

ਭਾਰਤੀ 'ਸੰਸਕ੍ਰਿਤੀ' ਜਿਸ ਨੂੰ ਆਮ ਕਰਕੇ ਹਿੰਦੂਵਾਦ ਦੇ ਨਾਂ ਥੱਲੇ ਹੋਏ ਵਾਪਰੇ, ਇਤਿਹਾਸਕ/ਮਿਥਿਹਾਸਕ ਕਲੋਲਾਂ ਨਾਲ ਬੰਨਣ ਦਾ ਯਤਨ ਕੀਤਾ ਜਾਂਦਾ ਹੈ। ਝੂਠ ਨੂੰ ਸੱਚ ਦੇ ਤੌਰ 'ਤੇ ਪੇਸ਼ ਕਰਨ ਦੇ ਮੱਲੋਜ਼ੋਰੀ ਗੈਰ-ਇਖ਼ਲਾਕੀ ਉਪਰਾਲੇ ਕੀਤੇ ਜਾਂਦੇ ਹਨ। ਚੇਤਿਆਂ ਵਿਚੋਂ ਨਾ ਵਿਸਰਨ ਦੇਣ ਵਾਲੀ ਮਹੱਤਵ ਭਰੀ ਗੱਲ ਇਹ ਹੈ ਕਿ ਭਾਰਤੀ ਸੱਭਿਆਚਾਰਕ ਰਵਾਇਤ ਸਾਰੀ ਦੀ ਸਾਰੀ ਬਿਲਕੁਲ ਗੈਰ-ਮਨੁੱਖੀ ਨਹੀਂ ਰਹੀ। ਇਸ ਅੰਦਰ ਸਹਿਣਸ਼ੀਲਤਾ, ਭਰੱਪਣ, ਆਪਸੀ ਸਾਂਝ ਅਤੇ ਮਸਲਿਆਂ ਸਬੰਧੀ ਸੰਵਾਦ ਰਚਾਉਣ ਦੇ ਜੋਰਦਾਰ ਹੰਭਲੇ ਵਜਦੇ ਰਹੇ ਹਨ। ਦੂਰ ਨਾ ਜਾਈਏ ਭਗਤੀ ਲਹਿਰ, ਗੁਰੂਆਂ ਦੀ ਬਾਣੀ ਅਤੇ ਸੂਫੀਆਂ ਦੇ ਸੁੱਚੇ ਦਰਵੇਸ਼ੀ ਬੋਲ ਕਾਹਦਾ ਸੱਦਾ ਦਿੰਦੇ ਹਨ ਭਲਾਂ? ਆਰਿਆਂ ਥੱਲੇ ਖੜ੍ਹੇ ਹੋਣਾ, ਜ਼ੁਲਮ ਨੂੰ ਵੰਗਾਰਦਿਆਂ ਤੱਤੀ ਤਵੀ 'ਤੇ ਬੈਠ ਤੱਤੀ ਰੇਤ ਸਿਰ ਵਿਚ ਪੈਂਦੀ ਸਹਿਣਾ, ਆਪਣਾ ਸਿਰ ਲੋਕਾਂ ਤੋਂ ਵਾਰ ਕੇ ਹਿੰਦ ਦੀ ਅਣਖ ਦਾ ਨੰਗਾ ਸਿਰ ਢਕਣਾ, ਦੇਸ਼ ਦੀ ਇੱਜਤ-ਅਣਖ ਖਾਤਰ ਤੋਪਾਂ ਮੂਹਰੇ ਖੜ੍ਹੇ ਹੋ ਤੂੰਬਾ ਤੂੰਬਾ ਹੋ ਕੇ ਉਡਣਾ, ਅਣਖੀ ਤੇ ਸੂਝਵਾਨ ਗੱਭਰੂਆਂ ਵਲੋਂ ਮੁਲਕ ਦੇ ਗਲ਼ ਪਏ ਗੁਲਾਮੀ ਦੇ ਸੰਗਲ ਕੱਟਣ ਵਾਸਤੇ ਹੱਸਦਿਆਂ ਫਾਂਸੀ ਦੇ ਰੱਸੇ ਚੁੰਮਣੇ ਆਦਿ ਇਹਨੂੰ ਕਹਿੰਦੇ ਹਨ ਨੈਤਿਕਤਾ, ਲੋਕ ਦਰਦ ਅਤੇ ਸਹਿਣਸ਼ੀਲਤਾ। ਇਹ ਹੈ ਭਾਰਤ ਦੇ ਸੂਰਬੀਰਾਂ ਵਲੋਂ ਸਿਰਜੀ ਅਸਲੀ ਰਵਾਇਤ ਅਣਖੀ ਤੇ ਸੂਝ ਭਰਪੂਰ।

ਜਦੋਂ ਵੀ ਬ੍ਰਾਹਮਣੀ ਸੋਚ/ਸੰਸਕਾਰਾਂ ਦੀ ਗੱਲ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਇਹ ਮਨੁੱਖਤਾ ਨੂੰ ਪਾੜਦੀ, ਇਨਸਾਨਾਂ ਦਰਮਿਆਨ ਇਕ ਦੂਜੇ ਪ੍ਰਤੀ ਨਫ਼ਰਤ ਪੈਦਾ ਕਰਦੀ ਨਜ਼ਰ ਆਉਂਦੀ ਹੈ। ਔਰਤ ਦਾ ਸਭ ਤੋਂ ਵੱਧ ਅਪਮਾਨ ਇਸ ਸੋਚ ਨੂੰ ਅਪਣਾਏ ਹੋਏ ਲੋਕਾਂ ਨੇ ਹੀ ਕੀਤਾ ਹੈ। ਔਰਤ ਨੂੰ ਸ਼ਰਮ-ਹਯਾ ਦਾ ਪਾਠ ਪੜ੍ਹਾਉਣ ਵਾਲੇ ਵਿਹਲੜ, ਨਿਕੰਮੇ , ਠਰਕੀ ਅਤੇ ਅੱਯਾਸ਼ ਕਿਸਮ ਦੇ "ਮਹਾਂਪੁਰਸ਼" ਔਰਤ ਨੂੰ ਜੂਏ ਤੇ ਦਾਅ 'ਤੇ ਲਾਉਣ ਅਤੇ ਹਾਰਨ ਵਰਗਾ ਕੁਕਰਮ ਵੀ ਕਰਦੇ ਰਹੇ ਹਨ। ਇਹ ਹੀ ਹਨ, ਸ਼ਰਮਾਂ ਵਾਲੇ ਨੈਤਿਕਤਾ ਦੇ ਵੱਡੇ ਠੇਕੇਦਾਰ? ਕਦੇ ਆਪਣੇ ਆਪ ਨੂੰ ਭਗਵਾਨ ਕਹਾਉਣ ਵਾਲੇ ਆਪਣੀ ਹੀ 'ਅਰਧਾਂਗਨੀ' (ਪਤਨੀ) ਨੂੰ ਸ਼ੱਕੀ ਸਮਝ ਕੇ ਅਗਨੀ ਪ੍ਰੀਖਿਆ ਦੇਣ ਵਾਸਤੇ ਆਖਦੇ ਰਹੇ। ਇਹਤੋਂ ਵੱਡਾ ਅਨੱਰਥ ਹੋਰ ਕੀ ਹੋ ਸਕਦਾ ਹੈ? ਇਹ ਤਾਂ ਭਾਰਤ ਦੇ ਭ੍ਰੂਪਣ ਭਰੇ

ਸਾਂਝੇ ਲੋਕ ਸੱਭਿਆਚਾਰ ਦੇ ਇਤਿਹਾਸ ਉੱਤੇ ਪਏ ਕਾਲੇ ਧੱਬੇ ਹਨ। ਕਾਲੇ ਧੱਬਿਆਂ ਦੀ ਪੂਜਾ ਨਹੀਂ ਕੀਤੀ ਜਾ ਸਕਦੀ, ਦਲੀਲ ਨਾਲ ਪਰਖਦਿਆਂ ਇਨ੍ਹਾਂ ਨੂੰ ਨਕਾਰਨਾ ਸਮੇਂ ਦੀ ਵੱਡੀ ਲੋੜ ਹੈ।

ਸਮਾਜੀ ਰਹੁ-ਰੀਤਾਂ ਦੇ ਆਸਰੇ ਵੀ ਔਰਤ ਨੂੰ ਪਛਾੜਿਆ ਤੇ ਲਤਾੜਿਆ ਜਾਂਦਾ ਹੈ। ਔਰਤ ਦੇ ਪਤੀ-ਬ੍ਰਤਾ ਹੋਣ ਦਾ ਸਬੂਤ ਦੇਣ ਖਾਤਰ ਵਿਆਹ ਵੇਲੇ ਇਕ ਮੰਗਲ ਸੂਤਰ (ਦਰਅਸਲ ਇਹ ਸੰਗਲ ਸੂਤਰ ਹੈ, ਪਸ਼ੂਆਂ ਦੇ ਗਲ ਵਿਚ ਸੰਗਲ ਪਾਇਆ ਜਾਂਦਾ ਹੈ ਔਰਤਾਂ ਦੇ ਗਲ ਵਿਚ ਸੰਗਲ-ਸੂਤਰ) ਪਾਇਆ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਇਸਨੂੰ ਪਸ਼ੂਆਂ ਦੇ ਗਲ ਵਿਚ ਪਾਏ ਜਾਣ ਵਾਲੇ ਡਾਹੇ ਦਾ ਹੀ ਸੁਧਰਿਆ ਰੂਪ ਕਹਿਣਾ ਚਾਹੀਦਾ ਹੈ। ਕੀ ਔਰਤ ਦੇ ਗਲ ਵਿਚ ਮੰਗਲ ਸੂਤਰ ਪਾਉਣਾ ਹੀ ਉਸਦੀ ਵਫ਼ਾਦਾਰੀ ਅਤੇ ਪ੍ਰੇਮ ਉੱਤੇ ਸ਼ੱਕ ਨਹੀਂ? ਮਰਦ ਪਤਨੀ-ਬ੍ਰਤਾ (ਪਤਨੀ ਦਾ ਵਫਾਦਾਰ) ਵਜੋਂ ਗਲ ਵਿਚ ਕਿਉਂ ਕੁੱਝ ਨਹੀਂ ਪਾਉਂਦਾ? ਕੀ ਮਰਦ ਵਾਸਤੇ ਸਭ ਕੁੱਝ ਜਾਇਜ਼ ਹੈ, ਉਹ ਸਿਆਹ ਕਰੇ ਜਾਂ ਸੁਆਹ? ਪ੍ਰੇਮ ਅਤੇ ਵਫ਼ਾਦਾਰੀ ਤਾਂ ਇਕ ਦੂਜੇ ਪ੍ਰਤੀ ਦਿਲਾਂ ਦੇ ਸੌਦੇ ਹਨ, ਅਪਣੱਤ ਦੀਆਂ ਗੰਢਾਂ ਹਨ। ਸੱਚਾ ਪਿਆਰ ਤਾਂ ਦੋ ਦਿਲਾਂ ਵਿਚਲੀ ਸਾਂਝ ਦੀ ਖੁਸ਼ਬੋਈ ਹੈ। ਇਹਨਾਂ ਕੱਚੇ ਧਾਗਿਆਂ (ਪੈਸੇ ਵਾਲੇ ਬੇਹੱਦ ਕੀਮਤੀ ਸੋਨੇ ਦੇ ਹੀਰਿਆਂ ਜੜੇ ਵੀ ਪਾਉਂਦੇ ਹਨ) ਤੋਂ ਬਿਨਾਂ ਆਪਸੀ ਵਿਸ਼ਵਾਸ ਡੋਲਣ ਨਹੀਂ ਲੱਗਾ, ਅਤੇ ਇਸ ਪਖੰਡ ਤੋਂ ਬਿਨਾ ਪ੍ਰੇਮ ਖਿਲਰਨ ਨਹੀਂ ਲੱਗਾ। ਇਹ ਤਾਂ ਸਿਰਫ ਔਰਤ ਨੂੰ ਹੀਣੀ ਕਰਨ ਦਾ ਸ਼ਰਾਰਤੀਆਂ ਵਲੋਂ ਕਮੀਨਗੀ ਭਰਿਆ ਸੁਚੇਤ ਯਤਨ ਹੀ ਆਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਔਰਤ ਦੇ ਨੱਕ ਵਿਚ ਪਾਏ ਕੋਕੇ ਅਤੇ ਨੱਥ ਦਾ ਹਵਾਲਾ ਵੀ ਦਿੱਤਾ ਜਾ ਸਕਦਾ ਹੈ। ਨੱਥ ਵੀ ਪਸ਼ੂਆਂ ਖਾਸ ਕਰਕੇ ਬਲ਼ਦਾਂ ਅਤੇ ਝੋਟਿਆਂ (ਸੰਢਿਆਂ) ਦੇ ਨੱਕ ਵਿਚ ਪਾਈ ਜਾਂਦੀ ਹੈ। ਇਸ ਤਰ੍ਹਾਂ ਇਹ ਵੀ ਆਖਿਆ ਜਾ ਸਕਦਾ ਹੈ ਕਿ ਇਹ ਮਰਦ ਪ੍ਰਧਾਨ ਸਮਾਜ ਅੰਦਰਲੀ ਭੈੜੀ ਅਤੇ ਬੌਣੀ ਸੋਚ ਵਲੋਂ ਔਰਤ ਨੂੰ ਇਨਸਾਨ ਤੋਂ ਹੀਣਾ ਕਰਨ ਵਲ ਤੁਰਦੇ ਕਦਮ ਹਨ। ਕਈ ਵਾਰ ਜਿਸਨੂੰ 'ਬਹੁਤੇ ਸਿਆਣੇ' ਹਿੰਦੂ ਰਹੁ-ਰੀਤਾਂ ਵੀ ਆਖ ਦਿੰਦੇ ਹਨ। ਇਹ ਜੋ ਕੁੱਝ ਵੀ ਹੋਵੇ ਪਰ ਸੱਚ ਨਹੀਂ, ਇਹ ਤਾਂ ਨਿਰਾ ਝੂਠ ਹੈ, ਦੰਭ ਹੈ , ਪਖੰਡ ਹੈ। ਇਹ ਭੰਡਣ ਯੋਗ ਤੋਂ ਵੀ ਅੱਗੇ ਨਕਾਰਨ ਯੋਗ ਹੈ। ਮਾਵਾਂ, ਭੈਣਾਂ, ਧੀਆਂ ਦਾ ਇਹ ਅਪਮਾਨ ਕਦੋਂ ਤੱਕ, ਆਖਰ ਕਦੋਂ ਕੁ ਤੱਕ? ਔਰਤਾਂ ਵਲੋਂ ਵਰਤਮਾਨ ਦੇ ਹਾਣ ਦਾ ਹੋ ਕੇ ਜੀਊਣ ਵਾਸਤੇ, ਆਪਣੇ ਸਵੈਮਾਣ ਦੀ ਰਾਖੀ ਲਈ ਇਹੋ ਜਹੇ ਪਖੰਡਾਂ ਨੂੰ ਛੱਡਣਾ ਬਹੁਤ ਜ਼ਰੂਰੀ ਹੈ।

ਇਕ ਹੋਰ ਭੈੜੀ ਰੀਤ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਔਰਤ ਨੂੰ ਆਪਣੇ ਪਤੀ ਦੀ ਲੰਬੀ ਉਮਰ ਵਾਸਤੇ ਵਰਤ ਰੱਖਣ (ਕਰਵਾ ਚੌਥ ਆਦਿ) ਦਾ ਆਦੇਸ਼ ਹੈ। ਪਰਦੇਸ ਵਸਦੇ ਭਾਰਤੀ ਭਾਈਚਾਰੇ ਵਿਚ ਇਸ ਵਰਤਾਰੇ ਬਾਰੇ ਬੜਾ ਕੁੱਝ ਸੁਣਨ ਨੂੰ ਮਿਲਦਾ ਹੈ ਜਿਵੇਂ ਕਿ, 'ਕੋਈ ਬੀਬੀ ਤੜਕੇ ਹੀ ਉੱਠਕੇ, ਲਾਈਟ ਜਗਾ ਕੇ ਘਰ ਦੇ ਅੰਦਰ ਇੱਧਰ ਤੋਂ ਉੱਧਰ ਅਤੇ ਉੱਧਰ ਤੋਂ ਇੱਧਰ ਫਿਰਨ ਲੱਗੀ। ਉਹ ਕਰਵਾ ਚੌਥ ਦਾ ਵਰਤ ਰੱਖਣ ਦੀ ਤਿਆਰੀ ਕਰ ਰਹੀ ਸੀ। ਸੁੱਤੇ ਪਏ ਉਸਦੇ ਘਰ ਵਾਲੇ ਦੀ ਅੱਖ ਖੁੱਲ੍ਹ ਗਈ ਉਹ



ਕਹਿਣ ਲੱਗਾ, ਭਾਗਵਾਨੇ ਕੀ ਗੱਲ ਐ, ਘੜੀ ਸੌਂ ਲੈਣ ਦੇ ਫੇਰ ਕੰਮ ਤੇ ਵੀ ਜਾਣਾ ਹੈ। ਬੀਬੀ ਜੋ ਪਹਿਲਾਂ ਹੀ ਖਪੀ ਪਈ ਸੀ ਕਹਿਣ ਲੱਗੀ 'ਚੁੱਪ ਕਰਕੇ ਪਏ ਰਹੋ ਤੁਹਾਡਾ ਹੀ ਸਿਆਪਾ ਕਰ ਰਹੀ ਹਾਂ' ਇਸ ਦਾ ਭਾਵ ਸਮਝਣਾ ਸਮਝਾਉਣਾ ਔਖਾ ਨਹੀਂ। ਬਸ! ਮਜਬੂਰੀ ਦਾ ਨਾਂ ਸ਼ੁਕਰੀਆ ਹੈ।'

ਕੀ ਕਦੇ ਕਿਸੇ ਪਤੀ ਨੇ ਵੀ ਆਪਣੀ ਪਤਨੀ ਦੀ ਲੰਬੀ ਉਮਰ ਵਾਸਤੇ ਵਰਤ ਰੱਖਿਆ ਹੈ? ਜੇ ਨਹੀਂ ਤਾਂ ਔਰਤ ਦੇ ਗਲ਼ ਵਿਚ ਮਜਬੂਰੀ ਦਾ ਇਹ ਫਾਹਾ ਕਿਉਂ ਪਾਇਆ ਗਿਆ ਹੈ? ਔਰਤ ਵਾਸਤੇ ਇਹ ਮਜਬੂਰੀ ਕਿਉਂ? ਇਸ ਪੱਖਪਾਤ ਅਤੇ ਮਰਦ ਔਰਤ ਦੇ 'ਵਰਤਾਂ ਬੱਧੇ ਰਿਸ਼ਤੇ' ਵਾਲੀ ਅਸਮਾਨਤਾ ਵਿਚੋਂ ਘ੍ਰਿਣਾਂ ਦੀ ਬੋਅ ਆਉਂਦੀ ਹੈ। ਨਾ ਇਹਦੇ ਨਾਲ ਰਿਸ਼ਤੇ ਵਿਚ ਪਕਿਆਈ ਆਉਣ ਦੀ ਕੋਈ ਸੰਭਾਵਨਾ ਹੁੰਦੀ ਹੈ ਨਾ ਕਿਸੇ ਦੀ ਉਮਰ ਲੰਬੀ ਹੋ ਜਾਣ ਦੀ ਗਰੰਟੀ। ਥਾਲ਼ੀ ਵਿਚ ਪਾਏ ਪਾਣੀ ਜਾਂ ਛਾਨਣੀ ਵਿਚੋਂ ਚੰਨ ਸਾਫ ਨਹੀਂ ਘਸਮੈਲ਼ਾ ਹੀ ਨਜ਼ਰ ਆਵੇਗਾ, ਭਾਵੇਂ ਲੱਖ ਵਾਰ ਵੇਖੋ।

ਪ੍ਰਦੇਸ ਵਸਦੇ (ਦੇਸ ਵਿਚ ਵੀ ਵੱਖਰਾ ਨਹੀਂ) ਭਾਰਤੀ ਲੋਕਾਂ ਵਿਚੋਂ ਜਿਹੜੇ ਹਿੰਦੂ ਮੱਤ ਦੇ ਧਾਰਨੀ ਹਨ ਉਨ੍ਹਾਂ ਵਿਚਲੀ ਵੱਡੀ ਗਿਣਤੀ ਕਾਫੀ ਸਾਰੀਆਂ ਮਾੜੀਆਂ ਰਹੁ-ਰੀਤਾਂ ਨਾਲ ਹੀ ਚੁੱਕੀ ਫਿਰਦੇ ਹਨ। ਦੇਸ ਤੇ ਪ੍ਰਦੇਸ ਦੋਹੀਂ ਥਾਈਂ ਬਹੁਤ ਸਾਰੀਆਂ ਔਰਤਾਂ ਬੇਸਮਝੀ ਵਿਚ ਹੀ ਸੋਨੇ ਦੇ ਮੋਟੇ ਮੋਟੇ 'ਸੰਗਲ ਸੂਤਰ' ਗਲ਼ਾਂ ਵਿਚ ਲਟਕਾਈ ਫਿਰਦੀਆਂ ਮਿਲਣਗੀਆਂ। ਇਨ੍ਹਾਂ ਵਿਚ ਸਾਰੀਆਂ ਹਿੰਦੂ ਔਰਤਾਂ ਹੀ ਨਹੀਂ, ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਗੁਰਦੁਆਰਿਆਂ ਵਿਚ ਵੀ ਦੇਖੀਆਂ ਜਾ ਸਕਦੀਆਂ ਹਨ। ਗੁਰੂ ਨਾਨਕ ਦੇ ਕਿਸੇ ਵੀ ਨਾਮ ਲੇਵਾ ਤੋਂ ਕਦੇ ਵੀ ਅਜਿਹੀ ਆਸ ਨਹੀਂ ਰੱਖੀ ਜਾ ਸਕਦੀ ਪਰ ਇਹ ਹੋ ਰਿਹਾ ਹੈ। ਦੁੱਖ ਹੁੰਦਾ ਹੈ ਜਦੋਂ ਸਦੀਆਂ ਪਹਿਲਾਂ ਝੂਠ, ਦੰਭ, ਪਖੰਡ ਤੇ ਹਰ ਕਿਸਮ ਦੀਆਂ ਬੋਦੀਆਂ ਰਸਮਾਂ ਦੇ ਖਿਲਾਫ ਪਰਚਾਰ ਕਰਨ ਵਾਲੇ ਬਾਬੇ ਨਾਨਕ ਦੇ ਪੈਰੋਕਾਰ ਵੀ ਇਸ ਰਾਹੇ ਤੁਰਦੇ ਦੇਖਦੇ ਹਾਂ। ਵਿਆਹਾਂ ਦੇ ਇਕੱਠਾਂ ਵਿਚ ਇਹ ਤਮਾਸ਼ਾ ਕਾਫੀ ਵੱਡੇ ਪੱਧਰ ਤੇ ਹੁੰਦਾ ਹੈ।

ਖਾਸ ਕਰਕੇ ਮਾਵਾਂ-ਭੈਣਾਂ-ਧੀਆਂ ਦੇ ਸੋਚਣ ਦਾ ਵੇਲਾ ਹੈ। ਆਪਣੀ ਹੋਂਦ ਨੂੰ ਖੋਰਾ ਲਾਉਣ ਦਾ ਜਾਂ ਆਪਣੀ ਹੀ ਕਦਰ ਘਟਾਈ ਕਰਨ ਦਾ ਯਤਨ ਬਿਲਕੁੱਲ ਨਹੀਂ ਕਰਨਾ ਚਾਹੀਦਾ। ਅਜਿਹੇ ਯਤਨਾਂ ਵਿਚ ਸ਼ਰੀਕ ਹੋਣ ਤੋਂ ਇਨਕਾਰ ਕਰਨਾ ਚਾਹੀਦਾ ਹੈ ਅਤੇ ਅਜਿਹੇ ਯਤਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਹਰ ਕਦਮ ਦਾ ਜੋਰਦਾਰ ਵਿਰੋਧ ਵੀ ਹੋਣਾ ਚਾਹੀਦਾ ਹੈ। ਸੱਚ ਭਰਿਆ ਅਜਿਹਾ ਵਿਰੋਧ ਹੀ ਤੁਹਾਡੇ ਵਿਕਾਸ ਦਾ ਅਸਲ ਨੁਕਤਾ ਹੈ। ਅਸਲੋਂ ਸਮਝਣ ਵਾਲਾ ਮਸਲਾ ਇਹ ਹੈ ਕਿ ਤੁਹਾਡੇ ਗਲ਼ਾਂ ਵਿਚ ਪਾਇਆ ਇਹ ਸ਼ਰਾਰਤੀ 'ਮੰਗਲ ਸੂਤਰ' ਦਰਅਸਲ 'ਸੰਗਲ ਸੂਤਰ' ਹੈ, ਜੋ ਤੁਹਾਡੀ ਅਜਾਦ ਸ਼ਖਸੀਅਤ, ਤੁਹਾਡੇ ਸਵੈਮਾਣ ਅਤੇ ਤੁਹਾਡੇ ਬਹੁ ਪੱਖੀ ਵਿਕਾਸ ਦੇ ਰਾਹ ਦਾ ਵੱਡਾ ਰੋੜਾ ਹੈ। ਮਰਦ ਪ੍ਰਧਾਨ ਸਮਾਜ ਅੰਦਰਲੀ ਮਾੜੀ ਸੋਚ ਵਲੋਂ ਧੱਕੇ ਨਾਲ ਤੁਹਾਡੇ ਉੱਤੇ ਲੱਦੀ ਗਈ ਇਸ ਸੋਚਧਾਰਾ ਤੋਂ ਛੁਟਕਾਰਾ ਪਾਉਣਾ ਬਹੁਤ ਜ਼ਰੂਰੀ ਹੈ। ਇਹ ਆਪਣੇ ਹੱਥੀਂ ਆਪਣਾ ਅਪਮਾਨ ਹੀ ਨਹੀਂ ਸਗੋਂ, ਇਹ ਤਾਂ ਜਿੰਦ ਦਾ ਖੌਅ ਹੈ।

# ਪੜ੍ਹਨ ਦੀ ਚੇਟਕ

ਕੰਮ ਕੋਈ ਵੀ ਹੋਵੇ ਇਨਸਾਨ ਤਦ ਹੀ ਉਸਨੂੰ ਕਰਦਾ ਹੈ ਜੇ ਉਸਦੀ ਲੋੜ ਜਾਂ ਆਦਤ ਬਣ ਜਾਵੇ। ਚੰਗੀ ਆਦਤ ਪਾਉਣੀ ਕੋਈ ਸੌਖਾ ਕਾਰਜ ਨਹੀਂ ਸਗੋਂ ਇਹ ਬਹੁਤ ਹੀ ਔਖਾ ਹੈ ਪਰ ਹੈ ਬਹੁਤ ਜ਼ਰੂਰੀ। ਇਸਤੋਂ ਬਿਨਾ ਮਨੁੱਖ ਭਰਪੂਰ ਜ਼ਿੰਦਗੀ ਜੀਊਣ ਵਲੋਂ ਸੱਖਣਾ ਰਹਿ ਜਾਂਦਾ ਹੈ।

ਸ਼ਰੀਕੇ ਭਾਈਚਾਰੇ ਅੰਦਰ ਪੈਦਾ ਹੋਈ ਬਦਮਗਜ਼ੀ ਦੀਆਂ ਕਿੜਾਂ ਕੱਢਣ ਲਈ ਕਈ ਵਾਰ ਲੋਕ ਮਿੱਠੇ ਹੋ ਕੇ ਕਿਸੇ ਦੂਸਰੇ ਨੂੰ ਥੱਲੇ ਲਾਉਣ ਵਾਸਤੇ ਉਨ੍ਹਾਂ ਦੀ ਔਲਾਦ ਨੂੰ ਮਾੜੀਆਂ ਆਦਤਾਂ ਜਾਂ ਨਸ਼ਿਆਂ ਆਦਿ ਦੇ ਵਸ ਪਾ ਕੇ ਭੈੜੇ ਰਾਹ ਪਾ ਦਿੰਦੇ ਹਨ ਜਿਸ ਦੇ ਸਿੱਟੇ ਵਜੋਂ ਉਸ ਮਨੁੱਖ ਦੀ ਜ਼ਿੰਦਗੀ ਤਬਾਹੀ ਵਲ ਵਧਦੀ ਹੈ। ਪਰ ਕਦੇ ਕਦੇ ਸ਼ਰੀਕੇ-ਭਾਈਚਾਰੇ ਵਿਚਲੇ ਲੋਕਾਂ ਦੇ ਦਿਲਾਂ  ਵਿਚ ਜਾਗੀ ਅਪਣੱਤ ਸ਼ਰੀਕੇ ਵਿਚਲੀਆਂ ਮੋਹ ਦੀਆਂ ਤੰਦਾਂ ਨੂੰ ਪੱਕਿਆਂ ਕਰਨ ਦਾ ਕਾਰਜ ਨਿਭਾਉਂਦੀ ਹੈ। ਫੇਰ ਤਾਂ ਜੇ ਕਿਸੇ ਨੂੰ ਮਾੜੀ ਆਦਤ ਹੋਵੇ ਵੀ ਤਾਂ ਸ਼ਰੀਕੇ ਭਾਈਚਾਰੇ ਦੇ ਲੋਕ ਉਸ ਮਾੜੇ ਰਾਹ ਤੁਰੇ ਜਾਂਦੇ ਨੂੰ ਦੇਖਕੇ ਆਪਣਾ ਸਮਝ ਕੇ ਉੱਧਰੋਂ ਵਰਜਣਗੇ ਕਿ ਕਿਉਂ ਜ਼ਿੰਦਗੀ ਖਰਾਬ ਕਰਦੈਂ? ਅਕਲ ਕਰ ਬਈ, ਰਾਹ ਚੰਗੇ ਪਾਸੇ ਵੀ ਜਾਂਦਾ ਹੈ ਭਾਵ ਪਿਆਰ ਨਾਲ ਸਮਝਾਉਂਦੇ ਹਨ। ਇਸ ਤਰ੍ਹਾਂ ਦੇ ਅਪਣੱਤ ਭਰਪੂਰ ਵਿਹਾਰ ਨਾਲ ਪੁੱਠੇ ਰਾਹ ਤੁਰੇ ਜਾਂਦੇ ਮਨੁੱਖ ਦੇ ਚੰਗੇ ਪਾਸੇ ਤੁਰ ਪੈਣ ਦੀ ਆਸ ਕੀਤੀ ਜਾ ਸਕਦੀ ਹੈ। ਬਹੁਤ ਵਾਰ ਅਜਿਹਾ ਵਾਪਰ ਵੀ ਜਾਂਦਾ ਹੈ ਤੇ ਕਿਸੇ ਦੀ ਜ਼ਿੰਦਗੀ ਸੁਧਰ ਜਾਂਦੀ ਹੈ।

ਪੜ੍ਹਨ ਦਾ ਸਬੰਧ ਆਮ ਤੌਰ 'ਤੇ ਜਮਾਤਾਂ ਪਾਸ ਕਰਨ ਨਾਲ ਹੀ ਗਿਣਿਆਂ ਜਾਂਦਾ ਹੈ ਜਾਂ ਡਿਗਰੀਆਂ ਲੈਣਾਂ ਹੀ ਗਿਣਿਆ ਜਾਂਦਾ ਹੈ। ਪਰ, ਇਹ ਪੂਰਾ ਸੱਚ ਨਹੀਂ ਸਗੋਂ ਅੱਧਾ ਸੱਚ ਹੈ। ਬੱਚਾ ਜੇ ਸਕੂਲ ਪੜ੍ਹਦਿਆਂ ਆਪਣੇ ਸਕੂਲੀ ਪਾਠ ਪੁਸਤਕਾਂ ਤੋਂ ਬਾਹਰਲੀ ਕੋਈ ਪੁਸਤਕ ਪੜ੍ਹਨੀ ਚਾਹੇ ਤਾਂ ਤਾਂ ਸਭ ਤੋਂ ਪਹਿਲੀ ਨਾਂਹ ਵੀ ਘਰੋਂ ਹੀ ਹੁੰਦੀ ਹੈ। ਜਿਨ੍ਹਾਂ ਘਰਾਂ ਵਿਚ ਅਜਿਹੀ ਫੁਰਸਤ ਨਾ ਹੋਵੇ ਤਾਂ ਗੱਲ ਸਮਝ ਆਉਂਦੀ ਹੈ। ਉਨ੍ਹਾਂ ਘਰਾਂ ਵਿਚ ਤਾਂ ਇਹਨੂੰ ਪੈਸੇ ਖੂਹ ਵਿਚ ਸੁੱਟਣਾ ਹੀ ਆਖਿਆ ਜਾਂਦਾ ਹੈ। ਜਿਨ੍ਹਾਂ ਘਰਾਂ ਵਿਚ ਮਾਇਕ ਪੱਖੋਂ ਸਥਿਤੀ ਠੀਕ ਹੋਵੇ ਉੱਥੇ ਨਾਂਹ ਕਰਨ ਦਾ ਕਾਰਨ ਅਗਿਆਨਤਾ ਹੀ ਹੋ ਸਕਦੀ ਹੈ। ਆਪਣੀ ਆਉਣ ਵਾਲੀ ਪੀੜ੍ਹੀ ਨੂੰ ਅਗਿਆਨਤਾ ਦੇ ਵਸ ਪਾਉਣਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।



ਪੜ੍ਹਨ ਦੀ ਆਦਤ ਜੇ ਬਚਪਨ ਤੋਂ ਪੈ ਜਾਵੇ ਤਦ ਹੀ ਇਸਦੇ ਅੱਗੇ ਵਧਣ ਦੇ ਸਬੱਬ ਪੈਦਾ ਹੁੰਦੇ ਹਨ। ਮਾਪੇ ਅਤੇ ਅਧਿਆਪਕ ਬੱਚੇ ਦੀ ਇਸ ਬੌਧਿਕ ਰੁਚੀ ਨੂੰ ਅੱਗੇ ਵਧਾਉਣ ਦਾ ਧੁਰਾ ਬਣਦੇ ਹਨ। ਮਾਪੇ ਆਪਣੇ ਬੱਚਿਆਂ ਵਾਸਤੇ ਬਹੁਤ ਸਾਰੀਆਂ ਲੋੜ ਦੀਆਂ ਚੀਜ਼ਾਂ ਖਰੀਦਦੇ ਹੀ ਰਹਿੰਦੇ ਹਨ। ਪਰ, ਅਜੇ ਤੱਕ ਵੀ ਬੱਚਿਆਂ ਵਾਸਤੇ ਸਕੂਲੀ ਸਲੇਬਸ ਤੋਂ ਬਾਹਰਲੀਆਂ ਭਾਵ ਸਹਿਤਕ ਰੁਚੀ ਪੈਦਾ ਕਰਨ ਵਾਲੀਆਂ ਪੁਸਤਕਾਂ ਖਰੀਦਣ ਦਾ ਰਿਵਾਜ ਆਮ ਨਹੀਂ ਹੈ। ਜਦੋਂ ਤੱਕ ਇਹ ਆਮ ਨਹੀਂ ਬਣਦਾ ਉਦੋਂ ਤੱਕ ਇਹ ਬੱਚਿਆਂ ਦੇ ਬਹੁ-ਪੱਖੀ ਬੌਧਿਕ ਵਿਕਾਸ ਰੋਕਣ ਵਾਲਾ ਅਮਲ ਹੀ ਰਹੇਗਾ। ਜਨਮ ਦਿਨ ਮਨਾਉਣ ਦੀ ਰੀਸ ਤਾਂ ਦਿਨੋਂ-ਦਿਨ ਵਧ ਰਹੀ ਹੈ। ਜਿੱਥੇ ਨਵੀਆਂ ਪੌਸ਼ਾਕਾਂ, ਖਾਣਿਆਂ, ਕੇਕਾਂ ਅਤੇ ਮੀਟ-ਸ਼ਰਾਬਾਂ ਵਾਲੀਆਂ ਪਾਰਟੀਆਂ ਉੱਤੇ ਦੂਜਿਆਂ ਨੂੰ ਦਿਖਾਉਣ ਜਾਂ ਧੌਂਸ ਜਮਾਉਣ ਵਾਸਤੇ ਦਿਲ ਖੋਲ੍ਹ ਕੇ ਪੈਸੇ ਖਰਚੇ ਜਾਂ ਰੋੜ੍ਹੇ ਜਾਂਦੇ ਹਨ। (ਜਿਨ੍ਹਾਂ ਕੋਲ ਹਰਾਮਦਾ ਪੈਸਾ ਹੈ ਉਨ੍ਹਾਂ ਦਾ ਇਸ ਪੱਖੋਂ ਹੋਰ ਵੀ ਮਾੜਾ ਹਾਲ ਹੈ) ਅਜਿਹੇ ਮੌਕੇ ਬੱਚੇ ਨੂੰ ਗੈਰ-ਜ਼ਰੂਰੀ ਤੇ ਉਹਦੀ ਨਾਪਸੰਦ ਵਾਲੇ ਤੋਹਫੇ ਵੀ ਬਥੇਰੇ ਦਿੱਤੇ ਜਾਂਦੇ ਹਨ। ਕੋਈ ਵਿਰਲਾ-ਟਾਵਾਂ ਹੀ ਹੁੰਦਾ ਹੈ ਜੋ ਬੱਚੇ ਨੂੰ ਪੁਸਤਕ/ਪੁਸਤਕਾਂ ਦੇਵੇ। ਤੋਹਫੇ ਵਿਚ ਪੁਸਤਕਾਂ ਦੇਣ ਵਲੋਂ ਬੱਚਿਆਂ ਨੂੰ ਭਲਾਂ ਵਾਂਝਿਆਂ ਕਿਉਂ ਰੱਖਿਆ ਜਾਂਦਾ ਹੈ? ਕੀ ਅਜਿਹੇ ਮੌਕੇ ਇਹ ਸਾਰਥਕ ਨਹੀਂ ਹੋ ਸਕਦਾ ਕਿ ਤੋਹਫੇ ਵਜੋਂ ਬੱਚੇ ਨੂੰ ਬੱਚਿਆਂ ਦੇ ਪੜ੍ਹਨ ਵਾਲੇ ਇਕ-ਦੋ ਮੈਗਜ਼ੀਨ/ਸਾਹਿਤਕ ਰਸਾਲੇ (ਉਹਦੀ ਉਮਰ ਅਨੁਸਾਰ) ਸਾਲ ਭਰ ਵਾਸਤੇ ਲੁਆ ਦਿੱਤੇ ਜਾਣ ਤਾਂ ਕਿ ਅਗਲੇ ਜਨਮ ਦਿਨ ਤੱਕ ਜਨਮ ਦਿਨ ਦਾ ਜਸ਼ਨ ਜਾਰੀ ਰਹੇ।

ਸਕੂਲ ਜਾਣ ਸਮੇਂ ਬੱਚੇ ਉੱਤੇ ਬਹੁਤਾ ਪ੍ਰਭਾਵ ਜਾਂ ਅਸਰ ਅਧਿਆਪਕ ਦਾ ਹੁੰਦਾ ਹੈ। ਅਧਿਆਪਕ ਸੂਝਵਾਨ ਅਤੇ ਸਮਾਜ ਜਾਂ ਸਮਾਜਕ ਮਸਲਿਆਂ ਪ੍ਰਤੀ ਸੁਚੇਤ ਹੋਵੇ ਤਾਂ ਉਹ ਆਪਣੇ ਵਿਦਿਆਰਥੀਆਂ ਦਾ ਭਵਿੱਖ ਵਲ ਜਾਂਦਾ ਰਾਹ ਸੌਖਾ ਕਰਨ ਵਿਚ ਬਹੁਤ ਸਹਾਈ ਹੋ ਸਕਦਾ ਹੈ। ਉਹ ਆਪਣੇ ਵਿਦਿਆਰਥੀਆਂ ਦੇ ਪੱਲੇ ਜ਼ਿੰਦਗੀ ਦੀ ਸਾਰਥਕਤਾ ਪਾਵੇਗਾ। ਜੇ ਕੋਈ ਅਧਿਆਪਕ ਸਿਰਫ ਤਨਖਾਹ ਵਾਸਤੇ ਹੀ ਨੌਕਰੀ ਕਰ ਰਿਹਾ ਹੈ ਤਾਂ ਉਹ ਬੱਚਿਆਂ ਨੂੰ ਜਮਾਤਾਂ ਤਾਂ ਪਾਸ ਕਰਵਾ ਸਕਦਾ ਹੈ ਪਰ ਚਾਰੇ ਪਾਸੇ ਕੀ ਹੋ ਰਿਹਾ ਹੈ? ਕੀ ਗਲਤ ਕੀ ਠੀਕ? ਕੀ ਹੋਣਾ ਚਾਹੀਦਾ ਆਦਿ ਦੀ ਜਾਂ ਸਮਾਜ ਬਾਰੇ ਸਰਵਪੱਖੀ ਸੋਝੀ ਦੇਣ ਤੋਂ ਅਸਮਰਥ ਰਹੇਗਾ। ਇੰਜ ਸਵਾਲ ਤਾਂ ਸਵਾਲ ਹੀ ਰਹਿ ਜਾਣਗੇ। ਜਿਸ ਦੇ ਸਿੱਟੇ ਵਜੋਂ  ਅੱਜ ਦਾ ਉਹ ਵਿਦਿਆਰਥੀ ਆਉਣ ਵਾਲੇ ਕੱਲ੍ਹ ਦਾ ਨਾਲਾਇਕ ਸਮਾਜੀ, ਧਾਰਮਕ, ਰਾਜਸੀ ਨੇਤਾ ਵੀ ਹੋ ਸਕਦਾ ਹੈ ਅਤੇ ਅਫਸਰਸ਼ਾਹ ਵੀ। ਫੇਰ ਸਮਾਜ ਕਿਹੜੇ ਪਾਸੇ ਜਾਵੇਗਾ? ਜੇ ਸਬੂਤ ਦੀ ਲੋੜ ਹੋਵੇ ਤਾਂ ਆਪਣੇ ਸਮਾਜ ਵਲ ਨਿਗਾਹ ਮਾਰ ਲੈਣੀ ਹੀ ਕਾਫੀ ਹੋਵੇਗੀ।

ਬਹੁਤੇ, ਖਾਸ ਕਰਕੇ ਪੇਂਡੂ ਸਕੂਲਾਂ ਵਿਚ ਲਾਇਬ੍ਰੇਰੀ ਹੁੰਦੀ ਹੀ ਨਹੀਂ ਜਾਂ ਬਹੁਤੇ ਵਿਦਿਆਰਥੀਆਂ ਨੂੰ ਇਸ ਬਾਰੇ ਪਤਾ ਹੀ ਨਹੀਂ ਹੁੰਦਾ। ਜੇ ਲਾਇਬ੍ਰੇਰੀ ਹੋਵੇ ਵੀ ਜਦੋਂ

ਤੱਕ ਛੋਟੇ ਹੁੰਦੇ ਕਿਸੇ ਬੱਚੇ ਨੂੰ ਪੜ੍ਹਨ ਦੀ ਆਦਤ ਨਾ ਪਾਈ ਹੋਵੇ ਤਾਂ ਉਹ ਪੜ੍ਹੇਗਾ ਕਿਵੇਂ? ਅਧਿਆਪਕ ਦਾ ਫ਼ਰਜ਼ ਬਣਦਾ ਹੈ ਇਸ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਏ। ਇਸੇ ਤਰ੍ਹਾਂ ਕਾਲਜਾਂ/ਯੂਨੀਵਰਸਟੀਆਂ ਅੰਦਰ ਵੀ ਹੈ। ਉੱਥੇ ਲਾਇਬ੍ਰੇਰੀਆਂ ਵੀ ਹਨ ਤੇ ਲਾਇਬ੍ਰੇਰੀਅਨ ਵੀ ਪਰ ਕੀ ਨਵੀਆਂ ਛਪੀਆਂ ਪੁਸਤਕਾਂ ਵੀ ਉੱਥੇ ਪਹੁੰਚਦੀਆਂ ਹਨ? ਫੰਡਾਂ ਦੀ ਘਾਟ ਜਾਂ ਫੇਰ ਬੱਜਟ ਦੇ ਘਾਟੇ ਦੀ ਮਜਬੂਰੀ ਹੇਠ ਆ ਕੇ ਪੁਸਤਕਾਂ ਵਾਲੇ ਹਿੱਸੇ ਨੂੰ ਲਕਵਾ ਮਾਰ ਜਾਂਦਾ ਹੈ?

ਬਾਹਰਲੇ ਮੁਲਕੀਂ ਜੋ ਇਸ ਖੇਤਰ ਵਿਚ ਹੁੰਦਾ ਹੈ ਉਸ ਵਲ ਦੇਖ ਕੇ ਹੈਰਾਨੀ ਵੀ ਹੁੰਦੀ ਹੇ ਤੇ ਖੁਸ਼ੀ ਵੀ। ਬੱਚਾ ਜੰਮਣ ਤੋਂ ਬਾਅਦ ਅਜੇ ਰੁੜ੍ਹਨਾ ਹੀ ਸ਼ੁਰੂ ਕਰਦਾ ਹੈ ਉਸ ਵਾਸਤੇ ਘਰ ਵਿਚ ਪੁਸਤਕਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਗੂੜ੍ਹੇ ਰੰਗਾਂ (ਗੂੜ੍ਹੇ ਰੰਗ ਬੱਚੇ ਦੀ ਨਜ਼ਰ ਵਾਸਤੇ ਵੀ ਠੀਕ ਹੁੰਦੇ ਹਨ) ਤੇ ਤਸਵੀਰਾਂ ਵਾਲੀਆਂ ਜੋ ਚੰਗੇ ਗੱਤੇ ਤੇ ਛਪੀਆਂ ਹੁੰਦੀਆਂ ਹਨ। ਜੇ ਬੱਚਾ ਉਸਨੂੰ ਮੂਹ ਵਿਚ ਪਾ ਲਵੇ ਤਾਂ ਉਹ ਸਿਹਤ ਵਾਸਤੇ ਨੁਕਸਾਨਦੇਹ ਨਹੀਂ ਹੁੰਦਾ, ਲੋਕ ਇਨ੍ਹਾਂ ਨੂੰ ਆਮ ਖਰੀਦਦੇ ਹਨ।

ਜਦੋਂ ਬੱਚਾ ਕਿੰਡਰਗਾਰਟਨ (ਨਰਸਰੀ ਜਾਂ ਬਾਲਕੇਂਦਰ) ਵਲ ਦਾ ਰੁਖ ਕਰਦਾ ਹੈ ਤਾਂ ਉਸਨੂੰ ਅੱਖਰਾਂ ਤੇ ਹਿਣਸਿਆਂ ਨਾਲ ਜਾਣਕਾਰੀ ਕਰਵਾਉਂਦੀਆਂ ਤਸਵੀਰਾਂ ਵਾਲੀਆਂ ਪੁਸਤਕਾਂ ਖਰੀਦ ਕੇ ਦਿੱਤੀਆਂ ਜਾਂਦੀਆਂ ਹਨ। ਅਜਿਹਾ ਸਾਰਾ ਸਮਾਨ ਬਾਲ ਕੇਂਦਰ ਵਿਚ ਵੀ ਹੁੰਦਾ ਹੈ। ਇੱਥੇ ਇਹ ਵੀ ਯਾਦ ਰਹੇ ਕਿ ਛੋਟੀ ਉਮਰ ਦੇ ਬੱਚਿਆਂ ਵਾਸਤੇ ਤਸਵੀਰਾਂ ਤੋਂ ਬਿਨਾਂ ਪੁਸਤਕਾਂ ਬੱਚੇ ਦੀ ਕਿਤਾਬਾਂ ਵਲ ਵਧਦੀ ਰੁਚੀ ਨੂੰ ਉਦਾਸ ਕਰ ਸਕਦੀਆਂ ਹਨ। ਫੇਰ ਸਕੂਲ ਜਾਣ ਸਮੇਂ ਪਹਿਲੀ ਜਮਾਤ ਤੋਂ ਹੀ ਅਧਿਆਕਾਵਾਂ/ਅਧਿਆਪਕ ਬੱਚਿਆਂ ਨੂੰ ਉਨ੍ਹਾਂ ਦੇ ਸਲੇਬਸ ਦੀ ਪੜਾਈ ਕਰਵਾਉਣ ਦੇ ਨਾਲ ਨਾਲ ਸ਼ਹਿਰ ਅੰਦਰ ਪੁਸਤਕਾਂ ਦੀਆਂ ਦੁਕਾਨਾਂ ਅਤੇ ਲਾਇਬ੍ਰੇਰੀਆਂ ਵਿਚ ਲੈ ਕੇ ਜਾਂਦੇ ਹਨ, ਜਿੱਥੇ ਉਨ੍ਹਾਂ ਨੂੰ ਪੁਸਤਕਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਕਈ ਵਾਰ ਛੋਟੇ-ਮੋਟੇ ਤੋਹਫੇ ਵੀ। ਲਾਇਬ੍ਰੇਰੀ ਦੇ ਜੁੰਮੇਵਾਰ ਕਾਮੇ ਬੱਚਿਆਂ ਨਾਲ ਬੱਚਿਆਂ ਵਰਗੇ ਹੋ ਕੇ ਉਨ੍ਹਾ ਨੂੰ ਪੁਸਤਕਾਂ ਵਿਖਾਉਂਦੇ ਹਨ ਅਤੇ ਵੱਖੋ-ਵੱਖ ਵਿਸ਼ਿਆਂ ਤੇ ਛਪੀਆਂ ਪੁਸਤਕਾਂ ਬਾਰੇ ਜਾਣਕਾਰੀ ਦਿੰਦੇ ਅਤੇ ਬੱਚਿਆਂ ਵਲੋਂ ਪੁੱਛੇ ਹਰ ਸਵਾਲ ਦਾ ਜਵਾਬ ਦਿੰਦੇ ਹਨ। ਇਸੇ ਤਰ੍ਹਾਂ ਹੀ ਲਾਇਬ੍ਰੇਰੀਆਂ ਵਾਲੇ ਬਾਲ ਸਾਹਿਤ ਲਿਖਣ ਵਾਲੇ ਲੇਖਕਾਂ ਨੂੰ ਸੱਦ ਕੇ ਬੱਚਿਆਂ ਨਾਲ ਮਿਲਾਉਂਦੇ ਹਨ, ਉਹ ਬੱਚਿਆਂ ਨਾਲ ਆਪਣੇ ਜਹੇ ਹੋ ਕੇ ਵਿਚਰਦੇ ਹਨ। ਇਸ ਤਰ੍ਹਾਂ ਦੇ ਕਾਰਜ ਬੱਚਿਆਂ ਅੰਦਰ ਪੜ੍ਹਨ ਦੀ ਰੁਚੀ ਪੈਦਾ ਕਰਦੇ ਹਨ। ਲਾਇਬ੍ਰੇਰੀਆਂ ਅੰਦਰ ਜਿੱਥੇ ਹਰ ਵਿਸ਼ੇ ਨਾਲ ਸਬੰਧਤ ਪੁਸਤਕਾਂ ਮਿਲਦੀਆਂ ਹਨ ਉੱਥੇ ਹੀ ਬੱਚਿਆਂ ਵਾਸਤੇ ਵੀ ਭਾਰੀ ਗਿਣਤੀ ਵਿਚ ਪੁਸਤਕਾਂ ਰੱਖੀਆਂ ਜਾਂਦੀਆਂ ਹਨ। ਬੱਚਿਆਂ ਦੇ ਗੀਤਾਂ ਆਦਿ ਦੀਆਂ ਆਡੀਉ-ਵੀਡੀਉ ਕੈਸਿਟਾਂ ਵੀ ਰੱਖੀਆਂ ਜਾਂਦੀਆਂ ਹਨ।

ਲਾਇਬ੍ਰੇਰੀਆਂ ਵਾਲੇ ਲੋਕਾਂ ਨੂੰ ਆਪਣੇ ਮੈਂਬਰ ਬਣਾਉਂਦੇ ਹਨ। ਸਾਲ ਦਾ ਕਾਰਡ ਦਿੰਦੇ ਹਨ ਥੋੜੀ ਜਹੀ ਮੈਂਬਰਸ਼ਿੱਪ ਫੀਸ ਲਈ ਜਾਂਦੀ ਹੈ। ਸਕੂਲੀ ਵਿਦਿਆਰਥੀਆਂ ਤੋਂ



ਉਨ੍ਹਾਂ ਦੇ ਨਾਂ ਤੇ ਦਿੱਤੇ ਕਾਰਡ ਦੇ ਬਦਲੇ ਕੋਈ ਮੈਂਬਰਸ਼ਿੱਪ ਫੀਸ ਨਹੀਂ ਲਈ ਜਾਂਦੀ। ਇਸ ਤਰ੍ਹਾਂ ਬੱਚੇ ਉੱਥੋਂ ਆਪਣੀ ਲੋੜ/ਸ਼ੌਕ ਵਾਲੀਆਂ ਪੁਸਤਕਾਂ ਲੈ ਜਾਂਦੇ ਹਨ ਅਤੇ ਪੜ੍ਹਨ ਤੋਂ ਬਾਅਦ ਮਿੱਥੀ ਮਿਆਦ (ਲੱਗਭੱਗ ਚਾਰ ਕੁ ਹਫਤੇ) ਦੇ ਅੰਦਰ ਹੀ ਵਾਪਸ ਕਰ ਜਾਂਦੇ ਹਨ। ਇਸੇ ਤਰ੍ਹਾਂ ਜਦੋਂ ਕਿਧਰੇ ਪੁਸਤਕ ਮੇਲੇ ਲਗਦੇ ਹਨ ਤਾਂ ਬੱਚਿਆਂ ਦਾ ਖਿਆਲ ਕਰਦਿਆਂ ਮੇਲੇ ਵਿਚ ਬਹੁਤ ਸਾਰੇ ਸਟਾਲ ਬਾਲ ਸਾਹਿਤ ਦੇ ਵੀ ਹੁੰਦੇ ਹਨ। ਪ੍ਰਕਾਸ਼ਕ ਆਪਣੇ ਸਟਾਲਾਂ 'ਤੇ ਬਾਲ ਸਾਹਿਤ ਲਿਖਣ ਵਾਲੇ ਲੇਖਕਾਂ ਨੂੰ ਸੱਦਦੇ ਹਨ , ਬੱਚਿਆਂ ਨਾਲ ਮਿਲਾਉਂਦੇ ਹਨ। ਮਾਪੇ ਵੀ ਪੁਸਤਕ ਮੇਲੇ 'ਤੇ ਜਾਣ ਸਮੇਂ ਬੱਚਿਆਂ ਨੂੰ ਨਾਲ ਲੈ ਕੇ ਜਾਂਦੇ ਹਨ।

ਤੁਸੀਂ ਕਿਧਰੇ ਵੀ ਜਾਉ ਡਾਕਟਰ ਦੇ, ਵਕੀਲ ਦੇ ਜਾਂ ਹਜਾਮਤਾਂ ( ਵਾਲ ਕੱਟਣ ਦੀ ਦੁਕਾਨ) ਵਾਲਿਆਂ ਦੇ ਜਿੱਥੇ ਕੁੱਝ ਸਮਾਂ ਉਡੀਕ ਕਰਨੀ ਪਵੇ ਤਾਂ ਉਡੀਕ ਵਾਲੇ ਕਮਰੇ ਵਿਚ ਵੱਖੋ-ਵੱਖ ਵਿਸ਼ਿਆਂ ਨਾਲ ਸਬੰਧਤ ਦਸ-ਪੰਦਰਾਂ ਮੈਗਜ਼ੀਨ ਪੜ੍ਹਨ ਵਾਸਤੇ ਮਿਲ ਹੀ ਜਾਣਗੇ। ਇਹ ਐਵੇਂ ਜਹੇ ਨਹੀਂ ਹੁੰਦੇ। ਅੰਦਾਜਾ ਤਾਂ ਇੱਥੋਂ ਹੀ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਵਿਚ 'ਡੇਅਰ ਸ਼ਪੀਗਲ' (ਜੋ ਅੰਗਰੇਜ਼ੀ ਦੇ ਕੌਮਾਂਤਰੀ ਹਫਤਾਵਾਰੀ 'ਨਿਊਜ਼ਵੀਕ' ਜਾਂ 'ਟਾਈਮ' ਦੇ ਪੱਧਰ ਦਾ ਹੈ) ਤੇ ਇਸ ਵਰਗੇ ਹੋਰ ਹਫਤਾਵਾਰੀ ਵੀ ਹੁੰਦੇ ਹਨ। ਇਹ ਸਿਰਫ ਵੱਡਿਆਂ ਵਾਸਤੇ ਹੀ ਨਹੀਂ ਹੁੰਦੇ ਇਨ੍ਹਾਂ ਵਿਚ ਬੱਚਿਆਂ ਵਾਸਤੇ ਬਾਲ ਸਾਹਿਤ ਨਾਲ ਸਬੰਧਤ ਪਰਚੇ ਵੀ ਹੁੰਦੇ ਹਨ। ਸਗੋਂ ਛੋਟੇ ਬੱਚਿਆਂ ਵਾਸਤੇ ਤਾਂ ਖਿਡੌਣੇ ਵੀ ਹੁੰਦੇ ਹਨ। ਪੇਟਿੰਗ ਕਰਨ ਵਾਸਤੇ ਰੰਗਦਾਰ ਪੈਨਸਿਲਾਂ ਅਤੇ ਸਫੈਦ ਕਾਗਜ਼ ਵੀ ਬੱਚਿਆਂ ਵਾਸਤੇ ਰੱਖੇ ਹੁੰਦੇ ਹਨ। ਇਸ ਸਬੰਧ ਵਿਚ ਬੱਚਿਆਂ ਦੀ ਉਮਰ ਦੇ ਲਿਹਾਜ਼ ਨਾਲ ਖਿਆਲ ਰੱਖਿਆ ਜਾਂਦਾ ਹੈ। ਪੁਸਤਕ ਤੇ ਖਿਡੌਣਾ ਬੱਚੇ ਦੀ ਉਮਰ ਮੁਤਾਬਕ ਹੀ ਠੀਕ ਹੁੰਦੇ ਹਨ।

ਲੋਕ ਜਦੋਂ ਛੋਟੇ ਸਫਰ ਤੇ ਵੀ ਕਿਧਰੇ ਜਾਂਦੇ ਹਨ (ਰੇਲ ਗੱਡੀਆਂ, ਬੱਸਾਂ ਆਦਿ ਰਾਹੀਂ) ਤਾਂ ਜਿੱਥੇ ਖਾਣ-ਪੀਣ ਵਾਲੇ ਸਮਾਨ ਦਾ ਖਿਆਲ ਰੱਖਿਆ ਜਾਂਦਾ ਹੈ ਨਾਲ ਹੀ ਆਪਣੇ ਤੇ ਬੱਚਿਆਂ ਵਾਸਤੇ ਪੜ੍ਹਨ ਵਾਲੀਆਂ ਪੁਸਤਕਾਂ ਤੇ ਮੈਗਜ਼ੀਨ ਵੀ ਨਾਲ ਲੈ ਕੇ ਜਾਂਦੇ ਹਨ, ਇਹੋ ਹਾਲ ਛੁੱਟੀਆਂ ਕੱਟਣ ਵੇਲੇ ਦੂਰ-ਦੁਰਾਡੇ ਜਾਣ ਵਾਲਿਆਂ ਦਾ ਹੁੰਦਾ ਹੈ। ਇਕੱਲੇ-'ਕੈਹਰੇ ਤਾਂ ਰੇਲ, ਬੱਸ ਵਿਚ ਬਹਿੰਦਿਆਂ ਹੀ ਆਪਣੀ ਪੁਸਤਕ ਕੱਢ ਕੇ ਪੜ੍ਹਨ ਲੱਗ ਪੈਂਦੇ ਹਨ। ਗੱਡੀਆਂ, ਟਰਾਮਾਂ ਆਦਿ ਰਾਹੀਂ ਕੰਮਾਂ ਉੱਤੇ ਜਾਣ ਵੇਲੇ ਵੀ ਲੋਕ ਇਸ ਵਕਤ ਨੂੰ ਪੜ੍ਹਨ ਲਈ ਵਰਤ ਲੈਂਦੇ ਹਨ। ਬੱਚੇ, ਜਵਾਨ ਤੇ ਅੱਧਖੜ ਹੀ ਨਹੀਂ ਬੁੱਢੇ ਲੋਕ ਵੀ ਆਪਣੀ ਪਸੰਦ/ਸੂਹਜ ਵਾਲੇ ਪੁਸਤਕਾਂ ਤੇ ਮੈਗਜ਼ੀਨ ਨਾਲ ਹੀ ਰੱਖਦੇ ਹਨ ਤੇ ਆਮ ਪੜ੍ਹਦੇ ਦੇਖੇ ਜਾ ਸਕਦੇ ਹਨ।

ਮਕਾਨ ਪਾਉਣ ਵਾਸਤੇ ਨੀਂਹ ਦੀ ਲੋੜ ਪੈਂਦੀ ਹੈ- ਮਜ਼ਬੂਤ ਨੀਂਹ ਦੀ। ਜਿਸ ਸਮਾਜ ਨੇ ਆਪਣੇ ਲੋਕਾਂ ਦੀ ਸੂਝ-ਸਮਝ ਦੇ ਪੱਧਰ ਨੂੰ ਉੱਚਿਆਂ ਚੁੱਕਣਾਂ ਹੈ ਉਸ ਨੂੰ ਪੁਸਤਕਾਂ ਦੀ ਹਰ ਹੀਲੇ ਲੋੜ ਪਵੇਗੀ। ਪੁਸਤਕਾਂ ਪੜ੍ਹਨ ਦੀ ਚੇਟਕ ਲਾਉਣੀ ਪੈਂਦੀ ਹੈ।

ਪੜ੍ਹਨ ਦੀ ਚੇਟਕ ਲਾਉਣ ਦਾ ਕਾਰਜ ਬਚਪਨ ਤੋਂ ਹੀ ਸ਼ੁਰੂ ਕਰਨਾ ਚਾਹੀਦਾ ਹੈ। ਇਸ ਨਾਲ ਬੱਚਾ ਬੌਧਿਕ ਤੌਰ 'ਤੇ ਅਮੀਰ ਹੁੰਦਾ ਹੈ। ਨਿੱਤ-ਦਿਹਾੜੇ ਦੁਨੀਆਂ ਦੇ ਹੋਰ ਲੋਕਾਂ, ਕੌਮਾਂ, ਮੁਲਕਾਂ ਅਤੇ ਸੱਭਿਆਚਾਰਾਂ ਦੀ ਨਵੀਂ ਜਾਣਕਾਰੀ ਮਿਲਦੀ ਹੈ। ਬੱਚਿਆਂ ਦੇ ਪਾਲਣ-ਪੋਸ਼ਣ ਵਿਚ ਪੁਸਤਕਾਂ ਜ਼ਰੂਰੀ ਗਿਣਿਆਂ ਜਾਣ ਵਾਲਾ ਹਿੱਸਾ ਹਨ। ਉਨ੍ਹਾਂ ਦੇ ਬਹੁਪੱਖੀ ਅਤੇ ਮਨੋਵਿਗਿਆਨਕ ਵਿਕਾਸ ਦਾ ਸਿਹਤਮੰਦ ਤੱਤ ਹਨ। ਇਸ ਤੋਂ ਬਿਨਾਂ ਬੱਚੇ ਦੇ ਵਿਕਾਸ ਵਿਚ ਉਣਤਾਈਆਂ ਰਹਿ ਜਾਣ ਦੀ ਸੰਭਾਵਨਾਂ ਬਣੀ ਰਹੇਗੀ। ਨਵੀਂ ਜਾਣਕਾਰੀ ਨਾਲ ਬੱਚੇ ਦੇ ਅੰਦਰਲਾ ਸਵੈ-ਵਿਸ਼ਵਾਸ ਹੋਰ ਤਕੜਾ ਹੁੰਦਾ ਹੈ। ਇਹ ਸਵੈ-ਵਿਸ਼ਵਾਸ ਹੀ ਹੁੰਦਾ ਹੈ ਜੋ ਮਨੁੱਖੀ ਜ਼ਿੰਦਗੀ ਦੇ ਬੌਧਿਕ ਵਿਕਾਸ ਅਤੇ ਰੂਹਾਨੀ ਟਿਕਾਅ ਦੀ ਰੀੜ ਦੀ ਹੱਡੀ ਹੁੰਦੀ ਹੈ। ਉਸ ਨੂੰ ਤਕੜਿਆਂ ਕਰਨਾ ਹਰ ਇਨਸਾਨ ਦਾ ਫ਼ਰਜ਼ ਹੈ।



# ਸ਼ਬਦ ਦੀ ਦਾਤ

ਆਪਣੀਆਂ ਗੈਰ-ਹਕੀਕੀ ਖਾਹਿਸ਼ਾਂ ਨੂੰ ਹਰ ਹੀਲੇ ਪੂਰਿਆਂ ਕਰਨ ਵਾਲੀ ਜ਼ਿਦ ਕਰਨ ਦੀ ਹਓਮੈ ਇਕ ਅਜਿਹਾ ਰੋਗ ਹੈ ਕਿ ਇਹ ਜਿਸਨੂੰ ਵੀ ਚਿੰਬੜ ਜਾਵੇ ਉਹ ਇਨਸਾਨ ਦੇ ਜਾਮੇ ਵਿਚ ਵਿਚਰਦਿਆਂ ਹੋਇਆਂ ਵੀ ਕੁੱਝ ਓਪਰਾ ਜਿਹਾ ਲਗਦਾ ਹੈ। ਉਸ ਦੇ ਅੰਦਰ ਗੈਰ-ਜ਼ਰੂਰੀ, ਗੈਰ-ਕੁਦਰਤੀ ਅਤੇ ਅਣਮਨੁੱਖੀ ਅਲਾਮਤਾਂ ਪਲਦੀਆਂ ਹਨ। ਜਿਨ੍ਹਾਂ ਦੀ ਪੂਰਤੀ ਹੀ ਉਸ ਦੇ ਕਰਮ ਦਾ ਕੇਂਦਰ-ਬਿੰਦੂ ਬਣ ਜਾਂਦਾ ਹੈ, ਜੋ ਸਦਾ ਹੀ ਨਿਆਂ ਅਧਾਰਤ ਨਹੀਂ ਹੁੰਦਾ।

ਅਸੀਂ ਆਮ ਕਰਕੇ ਬਹਾਨਿਆਂ ਰਾਹੀਂ ਕਿਸੇ ਢੁੱਕਵੇਂ ਮੌਕੇ ਕਿਸੇ ਦੂਸਰੇ ਨੂੰ ਕੁੱਝ ਦੇਣ ਦਾ ਜਤਨ ਕਰਦੇ ਹਾਂ। ਬਹੁਤ ਵਾਰ ਇਹ ਸਮਾਜੀ ਰਹੁ-ਰੀਤਾਂ ਦੇ ਅਸਰ ਵਾਲੇ ਦਬਾਅ ਹੇਠ ਹੀ ਕੀਤਾ ਜਾਂਦਾ ਹੈ। ਪਰ ਖੁੱਲੇ ਮਨ/ਦਿਲ ਨਾਲ ਕੀਤਾ ਗਿਆ ਇਹ ਹੀ ਕਾਰਜ ਜਿੱਥੇ ਉਸ ਵਿਅਕਤੀ ਪ੍ਰਤੀ ਚੰਗੀ ਭਾਵਨਾ ਦਾ ਪ੍ਰਤੀਕ ਬਣਦਾ ਹੈ। ਇਸ ਦੇ ਨਾਲ ਹੀ ਉਹ ਦੁਨੀਆਂ ਨੂੰ ਦੇਖਣ, ਪਰਖਣ ਦੀ ਨਵੀਂ ਸ਼ੁਰੂਆਤ ਕਰਦਾ ਹੈ ਅਤੇ ਸ਼ਬਦਾਂ ਦੇ ਆਸਰੇ ਮਨੁੱਖ ਦੇ ਅੰਦਰਲੀ ਸੰਵੇਦਨਸ਼ੀਲਤਾ ਗੂੜ੍ਹ-ਗਿਆਨ ਦੀ ਪ੍ਰਾਪਤੀ ਦੇ ਰਾਹੇ ਪੈਂਦੀ ਹੈ।

ਇਤਿਹਾਸ ਵਿਚ ਦੇਖਦੇ ਹਾਂ ਕਿ ਬੋਲੀਆਂ ਦਾ ਭਾਸ਼ਾਵਾਂ ਬਣਨ ਤੱਕ ਦਾ ਸਫਰ ਬਹੁਤ ਲੰਬਾ ਹੈ-ਸਦੀਆਂ ਲੰਬਾਂ। ਕਦੇ ਪੱਤਲ਼ਾਂ ਤੇ ਲਿਖੀਆਂ ਜਾਂਦੀਆਂ ਲਿਖਤਾਂ ਅੱਜ ਕਿੱਥੇ ਪਹੁੰਚ ਚੁੱਕੀਆਂ ਹਨ, ਦੇਖ ਕੇ ਅਚੰਭਾ ਹੁੰਦਾ ਹੈ। ਸ਼ਬਦ ਦਾ ਪ੍ਰਚਾਰ-ਪਰਸਾਰ ਸਿੱਧਾ ਨਹੀਂ ਹੋਇਆ। ਕਾਫੀ ਦੇਰ ਪਹਿਲਾਂ ਈਸਾਈ ਮਿਸ਼ਨਰੀਆਂ ਨੇ ਆਪਣੇ ਅਕੀਦੇ ਦੇ ਪ੍ਰਚਾਰ ਹਿਤ ਸ਼ਬਦ ਦਾ ਆਸਰਾ ਲਿਆ ਅਤੇ ਆਪਣੇ ਵਿਚਾਰਾਂ ਨੂੰ ਧਾਰਮਕ ਸਥਾਨਾਂ ਤੋਂ ਬਾਹਰ ਨਿਕਲ ਕੇ ਛਾਪੇਖਾਨੇ ਦੀ ਮੱਦਦ ਨਾਲ ਲੋਕਾਂ ਤੱਕ ਪਹੁੰਚਾਉਣ ਦਾ ਜਤਨ ਅਰੰਭਿਆ। ਇਸ ਤੋਂ ਬਾਅਦ ਹੋਰ ਛੋਟੀਆਂ-ਵੱਡੀਆਂ ਧਾਰਮਕ, ਸਮਾਜੀ ਤੇ ਸਿਆਸੀ ਲਹਿਰਾਂ ਨੇ ਵੀ ਇਸ ਰਾਹੇ ਤੁਰਨ ਦੀ ਕੋਸ਼ਿਸ਼ ਕੀਤੀ, ਇਸ ਰਾਹੀਂ ਉਹ ਆਪਣੇ ਮਕਸਦ ਨੂੰ ਲੋਕਾਂ ਤੱਕ ਪਹੁੰਚਾਉਣ ਵਿਚ ਕਾਫੀ ਹੱਦ ਤੱਕ ਕਾਮਯਾਬ ਹੋਏ। ਇਸ ਨਾਲ ਲੋਕਾਂ ਅੰਦਰ ਹੋਰ ਜਾਨਣ ਦੀ ਖਿੱਚ ਵਧੀ ਸਿੱਟੇ ਵਜੋਂ ਛਾਪੇਖਾਨੇ ਦਾ ਵੀ ਵਿਕਾਸ ਹੋਇਆ। ਮਗਰੋਂ ਨਵੀਂ ਤਕਨੀਕ ਨੇ ਇਸ ਖੇਤਰ ਵਿਚ ਨਵੀਆਂ ਪ੍ਰਾਪਤੀਆਂ ਦੇ ਦਰ ਖੋਲ੍ਹੇ।

ਇੰਨਾ ਕੁੱਝ ਚੰਗਾ ਹੋਣ ਦੇ ਬਾਵਜੂਦ ਗੱਲ ਤਾਂ ਫੇਰ ਝਾੜੀਆਂ ਵਿਚ ਫਸਕੇ ਰਹਿ ਜਾਂਦੀ ਹੈ। ਜਦੋਂ ਦੇਖਦੇ ਹਾਂ ਕਿ ਅੱਜ ਦੀਆਂ ਧਾਰਮਕ, ਸਮਾਜਕ ਲਹਿਰਾਂ ਸ਼ਬਦ ਦਾਤ

ਦੀ ਮਹੱਤਤਾ ਤੋਂ ਨਾ ਮੁਨਕਰ ਹੁੰਦੇ ਹੋਏ ਵੀ ਪ੍ਰਚਾਰ ਕਰਦੇ ਹੋਇਆਂ ਵੀ ਇਸ ਦੇ ਅਸਲ ਮਕਸਦ ਤੋਂ ਆਮ ਕਰਕੇ ਸੱਖਣੇ ਜਾਪਦੇ ਹਨ ਜਾਂ ਆਪਣੇ ਮੁੱਖ ਮਕਸਦ ਤੋਂ ਬਾਹਰਲੀਆਂ ਗਰਜ਼ਾਂ ਦੇ ਮਾਰੇ ਇਸ ਤੋਂ ਕੰਨੀਂ ਕਤਰਾਉਂਦੇ ਹਨ , ਭਾਵ ਬਿੱਲੀ ਦੇਖਕੇ ਚੂਹਾ ਅੱਖਾਂ ਮੀਟ ਰਿਹਾ ਹੈ। ਸਰਕਾਰਾਂ ਵਲੋਂ ਤਾਂ ਅਜਿਹੇ ਮਿਸ਼ਨਾਂ ਦੀ ਭੰਨ-ਤੋੜ ਸਮਝ ਪੈਂਦੀ ਹੈ। ਜਦੋਂ ਉਹ ਲੋਕਾਂ ਅੰਦਰ ਨਵੀਂ ਸੂਝ ਪੈਦਾ ਕਰਨ ਦੇ ਦਮਗਜ਼ੇ ਮਾਰਦੇ ਹਨ। ਉਸ ਝੂਠੇ ਪ੍ਰਚਾਰ ਦੇ ਆਸਰੇ ਲਾਮਬੰਦ ਕੀਤੀ ਥੋੜੀ-ਬਹੁਤੀ ਲੋਕ ਰਾਇ ਨੂੰ ਆਪਣੀਆਂ ਫੌੜ੍ਹੀਆਂ ਬਨਾਉਣਾ ਚਾਹੁੰਦੇ ਹਨ, ਕਿਉਂਕਿ ਸਿਆਸਤ ਨੇ ਜ਼ਮਾਨੇ ਦੇ ਰੰਗਾਂ ਅਤੇ ਢੰਗਾਂ ਨੂੰ ਆਪਣੀ ਧੌਂਸ ਹੇਠ ਰੱਖਣ ਦੇ 'ਅਧਿਕਾਰ' ਰਾਖਵੇਂ ਰੱਖੇ ਹੋਏ ਹਨ, ਅਤੇ ਸ਼ੈਤਾਨ ਬਿਰਤੀ ਹਰ ਹੀਲੇ ਉਹਦੇ 'ਤੇ ਆਪਣਾ ਕਬਜ਼ਾ ਜਾਰੀ ਰੱਖਣਾ ਚਾਹੁੰਦੀ ਹੈ। ਅਫਸੋਸ ਕਿ ਅਜੇ ਤੱਕ ਸਮਾਜ ਅੰਦਰ ਉਨ੍ਹਾਂ ਦੀ ਇਸ 'ਕਾਮਯਾਬੀ' ਨੂੰ ਮਾਨਤਾ ਪ੍ਰਾਪਤ ਹੈ।

ਈਸਾਈ ਪ੍ਰਚਾਰਕਾਂ ਸਮੇਤ ਹੋਰ ਵੀ ਬਹੁਤ ਸਾਰੇ ਲੋਕ ਸ਼ਬਦ ਦਾ ਆਸਰਾ ਲੈਂਦੇ ਹਨ। ਉਹ ਆਪਣੇ ਹੱਕ ਵਿਚ ਪ੍ਰਚਾਰ ਕਰਨ ਵਾਸਤੇ ਆਪਣੇ ਖਜ਼ਾਨੇ ਵਿਚੋਂ (ਜੋ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਹੀ ਭਰਿਆ ਹੁੰਦਾ ਹੈ) ਖੁੱਲ੍ਹੇ ਦਿਲ ਨਾਲ ਧਨ ਖਰਚ ਕੇ ਕਿਤਾਬਾਂ/ਕਿਤਾਬਚੇ ਛਾਪਕੇ ਵੰਡਦੇ/ਵੇਚਦੇ ਹਨ। ਇਹਦੇ ਵਿਚੋਂ ਬਹੁਤ ਸਾਰੀ ਸਮਗਰੀ ਵਹਿਮਾਂ ਭਰੀਆਂ ਸਾਖੀਆਂ ਰਾਹੀਂ ਧੁੰਦ ਖਿਲਾਰਨ ਦਾ ਕਾਰਨ ਵੀ ਬਣਦੀ ਹੈ। ਇਸ ਲਈ ਉਹ 'ਪ੍ਰਚਾਰਕ' ਖੁਦ ਲੋਕਾਂ ਦੇ ਘਰਾਂ ਤੱਕ ਵੀ ਪਹੁੰਚ ਕਰਦੇ ਹਨ। ਕਾਫੀ ਗਿਣਤੀ ਵਿਚ ਵੱਡੀਆਂ ਵੱਡੀਆਂ ਕਿਤਾਬਾਂ ਮੁਫਤ ਜਾਂ ਨਿਗੂਣੀ ਜਹੀ ਕੀਮਤ ਬਦਲੇ ਦਿੰਦੇ ਹਨ। ਇਹ ਵੀ ਕੋਸ਼ਿਸ਼ ਕਰਦੇ ਹਨ ਕਿ ਵੱਧ ਤੋਂ ਵੱਧ ਜ਼ੁਬਾਨਾਂ ਰਾਹੀਂ ਉਨ੍ਹਾਂ ਦਾ ਪ੍ਰਚਾਰ ਬਹੁਤੇ ਲੋਕਾਂ ਤੱਕ ਪਹੁੰਚੇ। ਇਹਦੇ ਪਿੱਛੇ ਲੋਭ ਤਾਂ ਉਨ੍ਹਾਂ ਦਾ ਆਪਣਾ ਹੀ ਹੁੰਦਾ ਹੈ ਪਰ ਇਹ ਸਾਰਾ ਕੁੱਝ ਸ਼ਬਦ ਦੀ ਦਾਤ ਦੇ ਆਸਰੇ ਹੀ ਕੀਤਾ ਜਾਂਦਾ ਹੈ।

ਸਾਡੇ ਭਲਾਂ ਇਸ ਦੇ ਉਲਟ ਕਿਉਂ ਹੁੰਦਾ ਹੈ। ਗੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ ( ਹਾਲ ਹੋਰ ਧਰਮਾਂ ਅਤੇ ਉਨ੍ਹਾਂ ਉੱਤੇ ਕਾਬਜ਼ "ਕਮੇਟੀਆਂ" ਦਾ ਵੀ ਇਹੋ-ਜਿਹਾ ਹੀ ਹੈ) ਇਸਦਾ ਸਾਲਾਨਾ ਬੱਜਟ ਵੀ ਕਾਫੀ ਵੱਡਾ ਸੁਣੀਂਦਾ ਹੈ। ਕਰੋੜਾਂ (?) ਰੁਪਏ ਇਸਦੀ ਚੋਣ 'ਤੇ ਖਰਚ ਕੀਤੇ ਜਾਂਦੇ ਸੁਣੀਂਦੇ ਹਨ। ਪਰ ਕਦੇ ਕਿਸੇ ਨਹੀਂ ਸੁਣਿਆਂ ਕਿ ਸ਼੍ਰੋਮਣੀ ਕਮੇਟੀ ਦੇ ਬੱਜਟ ਦਾ ਪੰਜ ਫੀਸਦੀ ਵੀ ਲੋਕਾਂ ਅੰਦਰ ਸ਼ਬਦ ਦਾਤ ਦਾ ਪ੍ਰਚਾਰ ਕਰਨ ਵਾਸਤੇ ਖਰਚ ਕੀਤਾ ਜਾਂਦਾ ਹੋਵੇ। ਕਦੇ ਦੇਖਿਆ ਹੈ ਕਿਸੇ ਨੇ ਕਿ ਹਰ ਗੁਰਦੁਆਰੇ ਅੰਦਰ ਕਿਤਾਬਾਂ ਦੀ ਵੱਡੀ ਅਲਮਾਰੀ ਜਾਂ ਸ਼ੈਲਫ ਹੋਵੇ ਜਾਂ ਸਾਰੇ ਵੱਡੇ ਧਾਰਮਕ ਸਥਾਨਾਂ ਵਿਚ ਆਪਣੀ ਲਾਇਬ੍ਰੇਰੀ ਹੋਵੇ। ਜਿੱਥੋਂ ਇਤਿਹਾਸ, ਗੁਰਮਤਿ ਅਤੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਫਲਸਫੇ ਸਬੰਧੀ ਸਹੀ ਜਾਣਕਾਰੀ ਅਤੇ ਸਾਹਿਤ ਅਸਾਨੀ ਨਾਲ ਘੱਟ ਕੀਮਤ 'ਤੇ (ਜਾਂ ਮੁਫਤ) ਪ੍ਰਾਪਤ ਹੋ ਸਕੇ (ਉਂਜ ਤਾਂ ਸਾਹਿਤ ਸਮੁਚੇ ਸੱਭਿਆਚਾਰ ਨਾਲ ਸਬੰਧਤ ਰੱਖਿਆ ਜਾਣਾ ਚਾਹੀਦਾ ਹੈ, ਕਿਉਂਕਿ ਧਰਮ ਸੱਭਿਆਚਾਰ ਦਾ ਹੀ ਅੰਗ ਹੈ)। ਇਨ੍ਹਾਂ ਧਾਰਮਕ ਸਥਾਨਾਂ ਅੰਦਰ



ਚਾਨਣੀਆਂ, ਕਨਾਤਾਂ, ਕੜਾਹੀਆਂ, ਪਰਾਤਾਂ, ਥਾਲ਼-ਥਾਲ਼ੀਆਂ ਤੇ ਬਾਟਿਆਂ ਆਦਿ ਦੀ ਤਾਂ ਬਥੇਰੀ ਭਰਮਾਰ ਹੈ। ਸਟੋਰ ਭਰੇ ਪਏ ਹਨ, ਜੇ ਇਹ ਕੁੱਝ ਹੈ ਤਾਂ ਸਾਹਿਤ ਕਿਉਂ ਨਹੀਂ? ਸ਼ਬਦ ਕਿਉਂ ਨਹੀਂ? ਇਹ ਸੋਚਣਾਂ ਤਾਂ ਬਣਦਾ ਹੀ ਹੈ। ਇਸ ਕਰਕੇ ਅੱਜ ਸੋਚਣ ਵਾਲੇ ਸਿਰਾਂ ਦੀ ਵੀ ਲੋੜ ਹੈ।

ਸਿੱਖ ਧਰਮ ਦੀ ਭਾਵਨਾਂ ਹਰ ਵਿਅਕਤੀ ਨੂੰ ਸ਼ਬਦ ਦੇ ਲੜ ਲੱਗਣ ਦਾ ਸੱਦਾ ਦਿੰਦੀ ਹੈ। ਸ਼ਬਦ ਸਿਰਫ ਧਰਮ ਨਾਲ ਹੀ ਨਹੀਂ ਜੀਵਨ ਦੇ ਹਰ ਖੇਤਰ ਨਾਲ ਸਬੰਧਤ ਹਨ ਤੇ ਸੂਝ ਦਾ ਵਿਕਾਸ ਕਰਦੇ ਹਨ। ਪਰ ਜਿਨ੍ਹਾਂ ਧਰਮ ਪ੍ਰਚਾਰਕਾਂ 'ਤੇ ਵੱਡੀਆਂ ਰਕਮਾਂ ਖਰਚੀਆਂ ਜਾਂਦੀਆਂ ਹਨ ਉਨ੍ਹਾਂ ਨੇ ਆਪਣੇ ਪ੍ਰਚਾਰ ਨਾਲ ਕਿੰਨੇ ਕੁ ਲੋਕਾਂ ਨੂੰ ਸ਼ਬਦ ਦੇ ਲੜ ਲਾਇਆ ਹੈ? ਗੱਲ ਸਮਾਜੀ, ਸਿਆਸੀ ਤੇ ਸਾਹਿਤਕ ਪੱਧਰ 'ਤੇ ਵਿਚਰਦੀਆਂ ਲਹਿਰਾਂ ਬਾਰੇ ਵੀ ਹੋ ਸਕਦੀ ਹੈ। ਪਿਛਲੇ ਸਮੇਂ ਅੰਦਰ ਜਿਨ੍ਹਾਂ ਕੁੱਝ ਵਿਦਵਾਨਾਂ ਨੇ ਖੋਜ ਰਾਹੀਂ ਲੋਕਾਂ ਨੂੰ ਸ਼ਬਦ ਦੇ ਨੇੜੇ ਲਿਆਉਣ ਦਾ ਜਤਨ ਕੀਤਾ ਉਨ੍ਹਾਂ ਨੂੰ 'ਧਰਮ' ਤੇ ਕਾਬਜ਼, ਧਰਮੋਂ ਸੱਖਣੇ ਟੋਲੇ ਨੇ ਜ਼ਲੀਲ ਹੀ ਕੀਤਾ।

ਗੱਲ ਇੱਥੇ ਮੰਗਤਿਆਂ ਦੀ ਵੀ ਕੀਤੀ ਜਾਣੀ ਚਾਹੀਦੀ ਹੈ। ਮਾਫ ਕਰਨਾ ਇਹ ਸੜਕਾਂ ਦੇ ਕੰਢੇ ਬੈਠੇ ਮੰਗਤੇ ਨਹੀਂ ਸਗੋਂ ਇਹ ਉਹ ਹਨ ਜੋ 'ਵੱਡੇ ਲੋਕ' 'ਇੱਜ਼ਤਦਾਰ' 'ਮਾਣ-ਸਤਿਕਾਰ' ਰੱਖਦੇ ਆਪਣੇ ਆਪ ਨੂੰ 'ਚੌਧਰੀ ਸਾਹਿਬ' ਜਾਂ 'ਸਰਦਾਰ ਸਾਹਿਬ' ਅਖਵਾਉਂਦੇ ਹਨ। ਜੋ ਸਮਾਜ ਅੰਦਰਲੇ ਹਰ ਧਰਮ, ਜਾਤ ਅਤੇ ਫਿਰਕੇ ਵਿਚ ਮਿਲਦੇ ਹਨ। ਉਹ ਵੱਡੇ ਅਹੁਦਿਆਂ ਤੇ ਬੈਠੇ ਛੋਟੇ-ਵੱਡੇ ਅਫਸਰ ਵੀ ਹੋ ਸਕਦੇ ਹਨ। ਵੱਡੀਆਂ ਵੱਡੀਆਂ ਕੋਠੀਆਂ, ਜਾਇਦਾਦਾਂ ਤੇ ਕਾਰਖਾਨਿਆਂ ਦੇ ਮਾਲਕ ਵੀ ਹੋ ਸਕਦੇ ਹਨ। ਇਨ੍ਹਾਂ ਮੰਗਤਿਆਂ ਦੀਆਂ ਕਰਤੂਤਾਂ ਉੱਤੇ ਹਰ ਕਿਸੇ ਨੂੰ ਸ਼ਰਮ ਆਉਂਦੀ ਹੈ ਅਤੇ ਤਰਸ ਵੀ। ਇਨ੍ਹਾਂ ਨੂੰ ਦੇਖ ਕੇ ਹਰ ਕਿਸੇ ਨੂੰ ਕਹਿਣਾ ਹੀ ਪੈਂਦਾ ਹੈ ਕਿ ਕਿੰਨੇ ਕਮੀਨੇ ਹੁੰਦੇ ਹਨ ਖਚਰੇ ਹਾਸੇ ਵਾਲੇ ਬੀਬੇ ਚਿਹਰੇ। ਬੇਸ਼ਰਮ, ਬੇਰਹਿਮ ਅਤੇ ਇਖ਼ਲਾਕੋਂ ਸੱਖਣੇ।

ਧੀਆਂ-ਪੁੱਤਰਾਂ ਨੂੰ ਹਰ ਕੋਈ ਆਪਣਾ ਭਵਿੱਖ ਆਖਦਾ ਹੈ। ਚੰਗਾ ਪਾਲਣ-ਪੋਸ਼ਣ ਤੇ ਉੱਚ ਵਿੱਦਿਆ ਦਾ ਵਿਚਾਰ ਇੱਥੋਂ ਹੀ ਪੈਦਾ ਹੁੰਦੇ ਹਨ। ਪੁੱਤਰਾਂ ਨੂੰ ਉੱਚ ਵਿੱਦਿਆ ਤਾਂ ਆਪਣੇ ਬੁਢਾਪੇ ਨੂੰ ਆਸਰਾ ਦੇਣ ਦਾ ਵਿਚਾਰ ਅੱਗੇ ਰੱਖ ਕੇ ਹੀ ਦਿਵਾਈ ਜਾਂਦੀ ਹੈ-ਆਪਣੇ ਸੁਖ ਵਾਸਤੇ। ਜਦੋਂ ਲੋਕ ਧੀਆਂ ਨੂੰ ਉੱਚ ਵਿੱਦਿਆ ਦਿਵਾਉਂਦੇ ਹਨ ਤਾਂ ਧੀਆਂ ਦੇ ਭਵਿੱਖ ਨੂੰ ਸੁਖ ਨਾਲ ਭਰਨ ਦਾ ਵਿਚਾਰ ਵੀ ਹੁੰਦਾ ਹੈ ਅਤੇ ਉਨ੍ਹਾਂ ਦੇ ਅੰਦਰ ਸਵੈਮਾਣ ਪੈਦਾ ਕਰਨ ਦਾ ਵੀ। ਸਮਾਜਕ ਅਤੇ ਆਰਥਕ ਬਰਾਬਰੀ ਦਾ ਨੁਕਤਾ ਵੀ ਸਾਹਮਣੇ ਹੁੰਦਾ ਹੈ। ਚੰਗੇ ਸਮਾਜ ਦੀ ਸਿਰਜਣਾ ਵੀ ਚੰਗੀਆਂ ਮਾਵਾਂ ਹੀ ਕਰ ਸਕਦੀਆਂ ਹਨ। ਧੀਆਂ ਡਾਕਟਰ, ਅਧਿਆਪਕ, ਵਕੀਲ, ਇੰਜਨੀਅਰ ਤੇ ਸਫਲ ਘਰੇਲੂ ਔਰਤਾਂ ਵੀ ਬਣਦੀਆਂ ਹਨ, ਗੱਲ ਕੀ ਹਰ ਖੇਤਰ ਵਿਚ ਧੀਆਂ ਦੀ ਕਾਮਯਾਬੀ ਸਮਾਜ ਦੀ ਬਹੁਪੱਖੀ ਤਰੱਕੀ ਦੀ ਬੁਨਿਆਦ ਬਣਦੀ ਹੈ। ਜਦੋਂ ਧੀ ਦੀ ਸ਼ਾਦੀ ਦਾ ਵਕਤ ਆਉਂਦਾ ਹੈ ਤਾਂ ਆਮ ਕਰਕੇ ਧੀ ਦੇ ਬਾਪ ਦੇ ਘਰ ਛੋਟੇ-ਵੱਡੇ ਮੰਗਤੇ ਆਉਣ ਲਗਦੇ ਹਨ। ਰਿਸ਼ਤੇ ਵੇਲੇ ਕੁੜੀ ਦੀ

ਵਿੱਦਿਆ, ਜੀਵਨ ਵਿਚ ਇਕੱਠੀ ਕੀਤੀ ਸ਼ਬਦ ਦਾਤ, ਗਿਆਨ-ਸੂਝ ਦੀ ਗੱਲ ਘੱਟ ਕੀਤੀ ਜਾਂਦੀ ਹੈ, ਪਰ ਕਾਰਾਂ, ਕੋਠੀਆਂ ਤੇ ਬੈਂਕ ਖਾਤਿਆਂ ਦੀ ਗੱਲ ਵੱਧ, ਮੰਗਤੇ ਜੁ ਹੋਏ। ਅਜਿਹੀਆਂ ਗੱਲਾਂ ਕਰਦਿਆਂ ਲੋਕ ਸ਼ਰਮ-ਹਯਾ ਦੀ ਪ੍ਰਵਾਹ ਨਹੀਂ ਕਰਦੇ। ਆਪਣੇ ਆਪ ਨੂੰ ਪੂਰੀ ਬੇਸ਼ਰਮੀ, ਬੇਹਯਾਈ ਅਤੇ ਢੀਠਤਾਈ ਨਾਲ ਪੇਸ਼ ਕਰਦੇ ਹਨ।

ਕੁੜੀ ਦੇ ਬਾਪ ਨੇ ਆਪਣੀ ਧੀ ਨੂੰ ਉੱਚ ਵਿੱਦਿਆਂ ਦਿਵਾ ਕੇ ਸਮਾਜ ਅੰਦਰ ਉਹਦੇ ਮਾਣ ਤੇ ਸਵੈਮਾਣ ਦੀ ਧਰਤ ਤਿਆਰ ਕੀਤੀ ਹੁੰਦੀ ਹੈ। ਪਰ, ਦੂਜੇ ਬੰਨਿਉਂ ਗੱਲ ਹੀ ਹੋਰ ਹੁੰਦੀ ਹੈ। ਚਾਹੀਦਾ ਤਾਂ ਇਹ ਹੈ ਕਿ ਮੁੰਡੇ ਵਾਲੇ ਕੁੜੀ ਦੇ ਵਿਆਹ ਵੇਲੇ ਜੇ ਉਸਦੀ ਵਿੱਦਿਆ ਪ੍ਰਾਪਤੀ 'ਤੇ ਹੋਇਆ ਖਰਚ ਨਾ ਵੀ ਦੇਣ ਤਾਂ ਕੁੜੀ ਦੇ ਪਿਉ ਦਾ ਲੱਖ ਵਾਰ ਧੰਨਵਾਦ ਕਰਨ, ਜਿਨ੍ਹਾਂ ਨੇ ਸ਼ਬਦ ਦਾਤ ਨਾਲ ਉਨ੍ਹਾਂ ਦਾ ਘਰ ਭਰਿਆ ਹੁੰਦਾ ਹੈ। ਸ਼ਬਦਾਂ ਦੀ ਦਿੱਤੀ ਦਾਤ ਗੌਲ਼ੀ ਨਹੀਂ ਜਾਂਦੀ, ਦਾਜ ਘੱਟ ਲਿਆਉਣ ਕਰਕੇ ਕਈ ਵਾਰ ਜਾਨ ਜ਼ਰੂਰ ਲੈ ਲਈ ਜਾਂਦੀ ਹੈ ਜਾਂ ਫੇਰ ਰਾਤ-ਦਿਨ ਮਿਹਣਿਆਂ ਆਦਿ ਨਾਲ ਉਹਨੂੰ ਜ਼ਲੀਲ ਕੀਤਾ ਜਾਂਦਾ ਹੈ। ਪੁੱਛਿਆ ਜਾਣਾ ਚਾਹੀਦਾ ਹੈ ਕਿ ਛੋਟੇ-ਵੱਡੇ ਅਹੁਦਿਆਂ 'ਤੇ ਬੈਠੀਆਂ ਇਹ ਧੀਆਂ (ਨੂਹਾਂ ਬਣ ਜਾਣ ਤੋਂ ਬਾਅਦ ਵੀ) ਜੋ ਹਰ ਮਹੀਨੇ ਆਪਣੇ ਪਤੀ ਦੇ ਘਰ ਵਾਸਤੇ ਕਮਾਉਂਦੀਆਂ ਹਨ, ਉਹ ਉਸੇ ਸ਼ਬਦ-ਦਾਤ ਦੀ ਬਦੌਲਤ ਹੈ ਜੋ ਉਹ ਆਪਣੇ ਪਿਉ ਦੇ ਘਰੋਂ ਲੈ ਕੇ ਆਈਆਂ ਹੁੰਦੀਆਂ ਹਨ। ਕਈ ਵਾਰ ਸੂਝਹੀਣ ਲੋਕ ਆਪਣੀਆਂ ਸਿਆਣੀਆਂ ਧੀਆਂ ਨੂੰ ਅਹੁਦਿਆਂ, ਜਾਇਦਾਦਾਂ ਦੇ ਲਾਲਚਵਸ ਖੋਤਿਆਂ ਵਰਗੀ ਬੁੱਧੀ ਵਾਲੇ ਮੁੰਡਿਆਂ ਦੇ ਲੜ ਲਾ ਦਿੰਦੇ ਹਨ। ਫੇਰ ਲਾਲ ਨੂੰ ਖੋਤੇ ਦੇ ਲੜ ਬੰਨਣ ਦੀ ਕਹਾਵਤ ਸਾਰਾ ਜੱਗ ਦੇਖਦਾ ਹੈ। ਇਸ ਸਭ ਕੁੱਝ ਦੇ ਸੁਧਾਰ ਵਾਸਤੇ ਤਾਂ ਵੱਡੇ ਸਮਾਜੀ ਅੰਦੋਲਨ ਦੀ ਲੋੜ ਹੈ। ਸ਼ਬਦ ਦੀ ਦਾਤ ਨੂੰ ਨਕਾਰਨ ਵਾਲੇ ਤੋਂ ਵੱਡਾ ਮੂਰਖ ਤੇ ਉਜੱਡ ਹੋਰ ਕੋਈ ਨਹੀਂ ਹੁੰਦਾ।



# ਹਿੰਸਾ ਤੇ ਬੱਚੇ

ਜੱਗ ਤੇ ਆਏ ਹਰ ਪ੍ਰਾਣੀ ਨੂੰ ਜੀਉਣ ਦਾ ਹੱਕ ਹੈ, ਪਰ ਬਹੁਤ ਸਾਰੇ ਜੀਉਂਦੇ ਨਹੀਂ, ਸਿਰਫ ਦਿਨ-ਕਟੀ ਕਰਨ ਲਈ ਮਜਬੂਰ ਕਰ ਦਿੱਤੇ ਜਾਂਦੇ ਹਨ, ਉਨ੍ਹਾਂ ਵਿੱਚੋਂ ਬਹੁਤ ਵੱਡੀ ਗਿਣਤੀ ਬੱਚਿਆਂ ਦੀ ਹੈ। ਜਿਨ੍ਹਾਂ ਦੇ ਬਚਪਨ ਨੂੰ ਵਧਣ-ਫੁਲਣ ਦੇ ਮੌਕੇ ਹੀ ਨਹੀਂ ਦਿੱਤੇ ਜਾਂਦੇ, ਸਗੋਂ ਉਨ੍ਹਾਂ ਦੇ ਅਰਮਾਨ ਕੁਚਲ ਦਿੱਤੇ ਜਾਂਦੇ ਹਨ। ਉਨ੍ਹਾਂ ਦੀ ਸ਼ਖਸੀਅਤ ਦੇ ਵਿਕਾਸ ਵਾਲੇ ਰਾਹ ਵਿੱਚ ਕੰਡੇ ਖਿਲਾਰ ਦਿੱਤੇ ਜਾਂਦੇ ਹਨ। ਦੁਨੀਆਂ ਅੰਦਰ ਬੱਚਿਆਂ ਵੱਲੋ ਜੁਰਮਾਂ ਦੇ ਰਾਹੇ ਪੈਣ ਦਾ ਬਹੁਤ ਰੌਲ਼ਾ ਪੈਂਦਾ ਹੈ, ਪਰ ਅਜਿਹਾ ਕਿਉਂ ਹੁੰਦਾ ਹੈ? ਕੌਣ ਹੈ ਇਸ ਦਾ ਜੁੰਮੇਵਾਰ? ਹੱਲ ਕੀ ਹੋਵੇ? ਆਦਿ ਸਵਾਲਾਂ ਨੂੰ ਵਿਗਾੜਨ ਜਾਂ ਦਬਾਉਣ ਦਾ ਸੁਚੇਤ ਜਤਨ ਵੀ ਕੀਤਾ ਜਾਂਦਾ ਹੈ। ਲੋਕਾਂ ਨੂੰ ਬੁੱਧੂ ਬਨਾਉਣ ਵਾਸਤੇ ਤਿਕੜਮ ਵਾਲੀਆਂ, ਬੇਸ਼ਰਮੀ ਭਰੀਆਂ ਕੁਚਾਲਾਂ ਚੱਲੀਆਂ ਜਾਂਦੀਆਂ ਹਨ। ਸਿਆਣੇ ਤੇ ਬੁੱਧੀਮਾਨ ਅਖਵਾਉਣ ਵਾਲੇ 'ਮਹਾਂਪੁਰਸ਼' ਵੀ ਇਸ ਕੰਮ ਲਈ ਵਰਤੇ ਜਾਂਦੇ ਹਨ। ਮੀਡੀਏ ਅੰਦਰ ਕੰਮ ਕਰਦੇ ਬਹੁਤ ਸਾਰੇ ਪੜ੍ਹੇ-ਲਿਖੇ ਤੇ ਉੱਚੇ ਅਹੁਦਿਆਂ 'ਤੇ ਬੈਠੇ ਆਪਣੇ ਇਨਸਾਨੀ ਤੇ ਕਾਨੂੰਨੀ ਫਰਜ਼ ਭੁੱਲ ਕੇ ਚਗ਼ਲ ਸਿਆਸਤਦਾਨਾਂ ਤੇ ਭਾੜਚੀ ਬਣ ਕੇ ਕੰਮ ਕਰਦੇ ਹਨ। ਉਨ੍ਹਾਂ ਦੀਆਂ ਭੁੱਖੀਆਂ ਨਜ਼ਰਾਂ (ਰੂਹਾਂ) ਸੱਚ ਨੂੰ ਲੱਤ ਮਾਰ ਕੇ ਟੁਕੜਬੋਚ ਬਣ ਬੈਠਦੀਆਂ ਹਨ। ਦੱਲਿਆਂ ਵਾਲੀ ਅਉਧ ਹੰਢਾਉਣ ਦੇ ਰਾਹੇ ਪੈ ਜਾਂਦੇ ਹਨ, ਇਹ ਜੀਊੜੇ। ਜੇ ਬਹੁਤ ਕੁਝ ਨਾ ਕਹਿਣਾ ਹੋਵੇ ਤਾਂ ਇਹ ਹੀ ਕਿਹਾ ਜਾ ਸਕਦਾ ਹੈ ਕਿ ਉਹ ਖੁਦ ਆਪਣੀ ਜ਼ਮੀਰ ਦਾ ਹੱਥੀਂ ਕਤਲ ਕਰਕੇ ਫੇਰ ਆਪਣੀ ਮਾਨਸਿਕਤਾ ਨਾਲ ਵਾਰ ਵਾਰ 'ਬਲਾਤਕਾਰ' ਕਰਦੇ ਹਨ ।

ਪਛੜੇ ਤੇ ਗਰੀਬ ਮੁਲਕਾਂ ਦੀ ਗੱਲ ਹੀ ਨਿਆਰੀ ਹੈ, ਬੱਚੇ ਰੱਬ ਦੀ ਦਾਤ ਵਜੋਂ ਆਈ ਜਾਂਦੇ ਹਨ ਜਾਂ ਫਿਰ ਬਹੁਤ ਸਾਰਿਆਂ ਨੇ ਅਣ-ਜੰਮਿਆਂ (ਖਾਸ ਕਰਕੇ ਲੜਕੀਆਂ) ਦੇ ਕਤਲਾਂ ਦਾ ਰਾਹ ਫੜਿਆ ਹੋਇਆ ਹੈ। ਸਰਕਾਰ ਦੇ ਮੋਹਰੀ ਅੱਖਾਂ ਮੀਟ ਕੇ ਇਸ ਪੱਖੋਂ ਘੇਸਲ ਮਾਰੀ ਬੈਠੇ ਰਹਿੰਦੇ ਹਨ। ਪੈਸੇ ਦੇ ਭੁੱਖੇ ਜਿਹੜੇ ਕਿਸੇ ਦੀ ਜਾਨ ਦੀ ਪ੍ਰਵਾਹ ਵੀ ਨਹੀਂ ਕਰਦੇ ਵੱਡੇ ਮੁਨਾਫੇ ਕਮਾ ਰਹੇ ਹਨ । ਧਾਰਮਕ ਆਗੂ ਲੋਕਾਂ ਦੀਆਂ ਅਸਲ ਸਮੱਸਿਆਵਾਂ ਤੋਂ ਪਾਸਾ ਵੱਟਦਿਆਂ ਰੱਬ ਦੇ ਨਾਂ ਦਾ ਚੂਸਾ ਲੋਕਾਂ ਦੇ ਹੱਥ ਫੜਾ ਕੇ ਉਨ੍ਹਾਂ ਦਾ ਦਿਲ ਪ੍ਰਚਾਇਆ ਚਾਹੁੰਦੇ ਹਨ।

ਬਹੁ-ਗਿਣਤੀ ਗਰੀਬ ਲੋਕਾਂ ਨੂੰ ਪੇਟ ਭਰ ਕੇ ਰੋਟੀ ਦੇ ਸੰਸੇ ਲੱਗੇ ਰਹਿੰਦੇ ਹਨ ਇਸ ਕਰਕੇ ਬੱਚਿਆਂ ਨੂੰ ਖੇਡਣ-ਮੱਲ੍ਹਣ ਦੀ ਉਮਰੇ ਹੀ ਘਰ ਦੇ ਜੀਆਂ ਵਾਸਤੇ ਰੋਟੀ-ਟੁੱਕ ਇੱਕਠਾ ਕਰਨ ਦੇ ਰਾਹੇ ਪਾ ਦਿੰਦੇ ਹਨ। ਕੋਈ ਬੂਟ ਪਾਲਿਸ਼ ਕਰੇ, ਕੋਈ ਹੋਟਲਾਂ-

ਢਾਬਿਆਂ 'ਤੇ ਭੂਠੇ ਭਾਂਡੇ ਮਾਂਜੇ, ਕੋਈ ਕਿਸੇ ਨਾਲ ਸੀਰੀ/ਸਾਂਝੀ ਰਲਕੇ ਉਸ ਦੇ ਡੰਗਰ-ਪਸ਼ੂ ਚਾਰੇ, ਕੋਲੇ ਦੀਆਂ ਖਾਣਾਂ ਵਿੱਚੋਂ ਹੱਥੀਂ ਰੇਹੜੀ ਰੋੜ੍ਹ ਕੇ ਕੋਲਾ ਬਾਹਰ ਕੱਢੇ, ਇੱਟਾਂ ਦੇ ਭੱਠਿਆਂ ਤੇ ਪਥੇਰ ਦਾ ਕੰਮ ਕਰੇ, ਜਾਂ ਥੋੜਾ ਜਿਹਾ ਵੱਡਾ ਹੋਵੇ ਰਿਕਸ਼ਾ ਚਲਾਵੇ, ਪੱਲੇਦਾਰੀ ਕਰੇ ਜਾਂ ਹੋਰ ਕਿਸੇ ਅਜਿਹੇ ਧੰਦੇ ਦੇ ਭਾਰ ਹੇਠ ਆਇਆ ਹੋਵੇ। ਅਜਿਹੇ ਹੋਰ ਵੀ ਬਹੁਤ ਸਾਰੇ ਧੰਦੇ ਗਿਣਵਾਏ ਜਾ ਸਕਦੇ ਹਨ, ਜੋ ਸਿਹਤ ਲਈ ਅੱਤ ਦੇ ਹਾਨੀਕਾਰਕ ਹਨ। ਟੈਕਸਟਾਈਲ ਦੇ ਖੇਤਰ ਵਿੱਚ ਕਤਾਈ ਮਿੱਲਾਂ, ਧਾਗਾ ਰੰਗਣ, ਜੂਟ ਜਾਂ ਰਬੜ ਆਦਿ ਦੀਆਂ ਫੈਕਟਰੀਆਂ, ਲੋਹੇ ਦਾ ਤੇ ਲਕੜ ਦਾ ਬੂਰਾ ਆਦਿ ਵਾਲੇ ਥਾਵੀਂ ਕੰਮ ਕਰਨ ਵਾਲੇ ਬੱਚੇ ਟੀ. ਬੀ ਅਤੇ ਕੈਂਸਰ ਦੇ ਮਰੀਜ਼ ਹੋ ਜਾਂਦੇ ਹਨ ਜਾਂ ਫੇਰ ਹੋ ਜਾਣ ਦਾ ਡਰ ਬਣਿਆ ਰਹਿੰਦਾ ਹੈ। ਤਣਾਉ (ਸਟਰੈਸ), ਡਰ ਹੇਠ ਜੀਊਣਾ ਉਂਜ ਵੀ ਬੀਮਾਰੀ ਤੋ ਘੱਟ ਨਹੀਂ ਹੁੰਦਾ। ਮਨੁੱਖ ਦੇ ਅੰਦਰਲੇ ਤਣਾਉ ਨੂੰ ਬਹੁਤ ਸਾਰੀਆਂ ਬੀਮਾਰੀਆਂ ਦੇ ਲੱਗ ਜਾਣ ਦਾ ਕਾਰਨ ਗਿਣਿਆ ਜਾਂਦਾ ਹੈ। ਧਾਗਾ ਆਦਿ ਰੰਗਣ ਵਾਸਤੇ ਵਰਤੇ ਜਾਂਦੇ ਘਟੀਆਂ ਰੰਗਾਂ ਵਿੱਚੋ ਅਜਿਹੇ ਖਤਰਨਾਕ ਤੱਤ ਮਿਲਣ ਬਾਰੇ ਸੁਣਿਆ ਜਾਂਦਾ ਹੈ, ਜਿਸ ਨਾਲ ਕੈਂਸਰ ਆਦਿ ਹੋ ਜਾਣ ਦਾ ਡਰ ਹੁੰਦਾ ਹੈ। ਕੀ ਇਹ ਬੱਚਿਆਂ 'ਤੇ ਹਿੰਸਾ ਨਹੀਂ ? ਜਾਂ ਫੇਰ ਅੱਖਾਂ ਵਾਲੇ ਅੰਨ੍ਹੇ, ਪੜ੍ਹੇ ਲਿਖੇ 'ਸਿਆਣੇ', ਬੁੱਧੀਜੀਵੀ ਅਤੇ ਹਰਾਮੀ ਮਾਨਸਿਕਤਾ ਰੱਖਣ/ਹੰਢਾਉਣ ਵਾਲੇ ਸਿਆਸੀ ਲੀਡਰ ਇਸ ਨੂੰ ਕੀ ਨਾਂ ਦੇਣਗੇ?

ਜਦੋਂ ਗੱਲ ਜੁਰਮਾਂ ਦੀ ਤੁਰਦੀ ਹੈ ਤਾਂ ਇਹ ਨਹੀਂ ਭੁੱਲਣਾ ਚਾਹੀਦਾ ਕਿ ਦੁਨੀਆਂ ਦੇ ਪੱਧਰ ਤੇ ਅੱਜ ਮਾਫੀਆਂ ਹਰ ਥਾਵੇਂ ਮੋਹਰੀ ਹੈ (ਸਮੇਤ ਸਿਆਸਤ ਦੇ) ਫੇਰ ਤਾਂ ਉਹ ਹੀ ਹੋਊ ਜੋ ਉਹ ਚਾਹੁਣਗੇ। ਪੱਛਮੀ ਸਮਾਜ ਦੇ ਸੱਭਿਆ ਹੋਣ ਦੀਆਂ ਡੀਗਾਂ ਮਾਰਨ ਵਾਲਿਆਂ ਨੂੰ ਇਸ ਗੱਲ ਦਾ ਜਵਾਬ ਦੇਹ ਹੋਣਾ ਪੈਂਦਾ ਹੈ, ਦੇਹ ਵਪਾਰ (ਪੋਰਨੋਗਰਾਫੀ) ਦੇ ਧੰਦੇ ਵਿੱਚ ਬੱਚਿਆਂ ਦੁਆਰਾ ਬੇਥਾਹ ਡਾਲਰਾਂ ਦੀ ਕਮਾਈ, ਕੀ ਹਿੰਸਾ ਨਹੀਂ ਹੈ? ਕਿੱਡੀ ਵੱਡੀ ਗਿਣਤੀ ਹੈ ਉਨ੍ਹਾਂ ਪੱਛਮੀ ਲੋਕਾਂ ਦੀ ਜੋ ਜਿਨਸੀ ਭੁੱਖ ਤ੍ਰਿਪਤ ਕਰਨ ਲਈ ਥਾਈਲੈਂਡ, ਹਾਂਗਕਾਂਗ, ਫਿਲਪਾਈਨਜ਼ ਤੇ ਇੱਥੋਂ ਤੱਕ ਕਿ ਚੀਨ ਵੱਲ ਦੀ 'ਸੈਰ' ਕਰਨ ਨਿਕਲਦੇ ਹਨ। ਇਹ ਬੀਮਾਰ ਪਰ ਹਰਾਮੀ ਸੋਚ ਵਾਲੇ ਇੰਨੇ ਨਿਘਰੇ ਹੋਏ ਹਨ ਕਿ ਆਪਣੇ ਨਾਲ 'ਸੌਣ' ਵਾਸਤੇ ਘੱਟ ਤੋ ਘੱਟ ਉਮਰ ਦੇ ਬੱਚਿਆਂ ਦੀ ਮੰਗ ਕਰਦੇ ਹਨ। ਦੱਲਿਆਂ ਦੇ ਗਰੋਹ (ਸਰਪ੍ਰਸਤੀ ਇੱਥੇ ਵੀ ਮਾਫੀਏ ਦੀ ਹੈ, ਮਾਫੀਏ ਦੇ ਸਿਰ 'ਤੇ ਹੱਥ ਆਮ ਕਰਕੇ ਹਕੂਮਤੀ ਸਿਆਸਤਦਾਨਾਂ ਦਾ ਹੀ ਹੁੰਦਾ ਹੈ) ਇੰਟਰਨੈਟ ਤੱਕ ਨੂੰ ਇਸ ਵਾਸਤੇ ਵਰਤ ਰਹੇ ਹਨ। ਉਹ ਆਪਣੇ ਮੁਲਕ ਬੈਠੇ ਹੀ ਇਨ੍ਹਾਂ ਹਰਾਮੀਆਂ ਨਾਲ ਹਮਬਿਸਤਰ ਹੋਣ ਵਾਲੇ ਬੱਚੇ ਦੀ ਚੋਣ ਤੇ ਸੌਦਾ ਤੈਅ ਕਰਦੇ ਹਨ। ਇਨ੍ਹਾਂ 'ਅੰਕਲ' ਕਹਾਉਣ ਵਾਲੇ ਹਰਾਮੀ/ਬਦਮਾਸ਼ਾਂ ਵਲੋਂ ਬੱਚਿਆਂ ਨੂੰ ਸਰੀਰਕ ਪੱਖੋਂ ਰੱਜ ਕੇ ਕੋਹਿਆ ਜਾਂਦਾ ਹੈ। ਮਾਨਸਿਕ ਪੱਖੋਂ ਗਲੀਆਂ ਤੇ ਕੱਖਾਂ ਤੋ ਵੀ ਹੌਲ਼ਾ ਕਰ ਦਿੱਤਾ ਜਾਂਦਾ ਹੈ ਉਨ੍ਹਾਂ ਦੇ ਬਚਪਨ ਨੂੰ।

ਸਾਇੰਸ ਦੀਆਂ ਮਨੁੱਖ ਦੀ ਭਲਾਈ ਵਾਸਤੇ ਕੱਢੀਆਂ ਕਾਢਾਂ ਅੱਜ ਬਦਮਾਸ਼ਾ ਦੀ ਮਾਰ ਹੇਠੋਂ ਬਚੀਆ ਹੋਈਆਂ ਨਹੀਂ ਸਗੋ ਖੱਜਲ ਖੁਆਰ ਹੋ ਰਹੀਆਂ ਹਨ। ਪੈਸੇ ਦੀ ਹਵਸ ਵਿੱਚ ਗੁੰਮਿਆਂ ਗੁਆਚਿਆ ਮਨੁੱਖ ਆਪਣੇ ਤੇ ਆਪਣੇ ਬੱਚਿਆਂ ਦੇ ਭਵਿੱਖ ਤੋਂ ਬਹੁਤ ਹੀ ਬੇਖਬਰ ਹੈ । ਸਵਾਲ ਇਹ ਹੈ ਕਿ ਬੱਚਿਆਂ ਨੂੰ ਸੇਧ ਕਿਵੇਂ ਦਿੱਤੀ ਜਾਵੇ? ਅਨਹੋਣੀਆਂ ਤੋਂ ਕਿਵੇਂ ਬਚਿਆ/ਬਚਾਇਆ ਜਾਵੇ? ਸਰਕਾਰਾਂ ਵਿਚ ਬੈਠੇ ਲੋਕ ਆਪਣੇ ਆਪ ਨੂੰ ਅਤੇ ਆਪਣੇ ਫਰਜ਼ਾਂ ਨੂੰ ਪਹਿਚਾਨਣ। ਅੰਤਰਰਾਸ਼ਟਰੀ ਪੱਧਰ ਤੇ ਬੱਚਿਆਂ ਦੇ ਭਲੇ ਵਾਸਤੇ ਕੰਮ ਕਰਦੀਆਂ ਜੱਥੇਬੰਦੀਆਂ ਸਰਕਾਰਾਂ ਨੂੰ ਬੱਚਿਆ ਦੇ ਭਲੇ ਵਾਸਤੇ ਅਤੇ ਬੱਚਿਆਂ ਦੀ ਸੁਰੱਖਿਆ ਦੇ ਸਾਰੇ ਸਾਧਨ ਵਰਤਣ ਲਈ ਮਜਬੂਰ ਕਰਨ ।

ਸਿਆਣੇ ਲੋਕਾਂ ਦੀ ਅਗਵਾਈ ਸਮਾਜ ਨੂੰ ਸਿਹਤਮੰਦ ਭਵਿੱਖ ਦੇ ਸਕਦੀ ਹੈ। ਵਿੱਦਿਅਕ ਢਾਂਚੇ ਨੂੰ ਸੋਧਣਾ ਅਤੇ ਆਮ ਲੋਕਾਂ ਦੀ ਪਹੁੰਚ ਵਿਦਿਆ ਤੱਕ ਸੌਖੀ ਕਰਨੀ ਲੋੜਾਂ ਦੀ ਲੋੜ। ਲੋਕਾਂ ਨੂੰ ਸਿਆਸਤ ਵਲੋਂ ਉਦਾਸੀਨਤਾ ਛੱਡ ਕੇ ਇਸ ਵਿੱਚ ਸਰਗਰਮ ਸ਼ਮੂਲੀਅਤ ਦੇ ਜਤਨ ਕਰਨੇ ਚਾਹੀਦੇ ਹਨ। ਜਿਸ ਰਾਹੀਂ ਆਉਣ ਵਾਲਾ ਕੱਲ੍ਹ ਭਾਵ ਅੱਜ ਦੇ ਬੱਚੇ ਖੁਸ਼ਗਵਾਰ ਮਹੌਲ ਵਿੱਚੋ ਲੰਘ ਕੇ ਆਪਣੇ ਤੇ ਸਮਾਜ ਉੱਤੇ ਮਾਣ ਕਰਨ ਦੇ ਯੋਗ ਹੋ ਸਕਣ ।

ਕੁੱਝ ਸਾਲ ਹੋਏ ਬੱਚਿਆਂ ਦੇ ਦਿਹਾੜੇ ਤੋਂ ਕੁਝ ਦਿਨ ਪਹਿਲਾਂ ਪੰਜਾਬ ਦੀ ਉਸ ਵੇਲੇ ਦੀ ਸਰਕਾਰ ਵਲੋਂ ਸਿਆਣੇ, ਬੁੱਧੀਮਾਨਾਂ ਅਤੇ ਅਕਲ ਵਾਲੇ ਲੋਕਾਂ, ਵਿਦਵਾਨਾਂ ਵਲੋਂ ਦਲੀਲ ਨਾਲ ਵਰਜਣ ਦੇ ਬਾਵਜੂਦ ਪੰਜਾਬ ਦੇ ਬੱਚਿਆਂ ਉੱਤੇ ਉਨ੍ਹਾਂ ਦੀ ਮਾਂ ਬੋਲੀ ਵੱਲੋ ਮੋਹ ਤੋੜਨ ਵਾਸਤੇ ਅੰਗਰੇਜੀ ਲਾਗੂ ਕਰਕੇ ਹਿੰਸਾ ਭਰਪੂਰ ਹਮਲਾ ਕੀਤਾ ਗਿਆ ਸੀ। ਆਪਣੇ ਹੀ ਆਉਣ ਵਾਲੇ ਕੱਲ੍ਹ ਨੂੰ ਕਲੰਕਿਤ ਕਰਨ ਦਾ ਸਭ ਤੋਂ ਵੱਡਾ ਜਤਨ ਸੀ ਇਹ। ਆਪਣੀ ਹੀ ਮਾਂ/ਮਾਂ ਬੋਲੀ ਨਾਲ ਧਰੋਹ ਕਮਾਉਣ ਵਾਲੀ ਅਕ੍ਰਿਤਘਣਤਾ। ਜਿਸ ਦੇ ਸਿੱਟੇ ਹੁਣ ਦੇਖਣ ਨੂੰ ਮਿਲ ਰਹੇ ਹਨ, ਪ੍ਰਾਇਮਰੀ ਸਕੂਲਾਂ ਵਿਚ ਅੰਗਰੇਜ਼ੀ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਖੁਦ ਅੰਗਰੇਜ਼ੀ ਨਹੀਂ ਆਉਂਦੀ ਨਾ ਹੀ ਉਨ੍ਹਾਂ ਨੂੰ ਅੰਗਰੇਜ਼ੀ ਪੜ੍ਹਾਉਣ ਦਾ ਗਿਆਨ ਹੈ, ਫੇਰ ਉਹ ਕਿਹੜੇ 'ਚੰਦ' ਚਾੜ੍ਹਨਗੇ? ਇਹ ਕਿਸੇ ਵਿਆਖਿਆ ਦੇ ਮੁਥਾਜ ਨਹੀਂ। ਬੱਚਿਆਂ ਨੂੰ ਨਾ ਅੰਗਰੇਜ਼ੀ ਆਉਂਦੀ ਹੈ ਨਾ ਪੰਜਾਬੀ। ਇਸਦਾ ਜੰਮੇਵਾਰ ਕੌਣ ਹੈ? ਉਹ ਲੋਕ ਜਿਨ੍ਹਾਂ ਨੇ ਪੰਜਾਬੀ ਦੀਆਂ ਜੜ੍ਹਾਂ ਨੂੰ ਖੋਖਲਾ ਕਰਨ ਵਾਲਾ ਅਕਲ ਵਿਹੂਣਾ ਫੈਸਲਾ ਕੀਤਾ ਸੀ। ਅੰਗਰੇਜ਼ੀ ਪੜ੍ਹੀ ਜਾਣੀ ਚਾਹੀਦੀ ਹੈ, ਦੁਨੀਆਂ ਦੀਆਂ ਹੋਰ ਜ਼ੁਬਾਨਾ ਵੀ ਪੜ੍ਹੀਆਂ ਜਾਣੀਆਂ ਚਾਹੀਦੀਆਂ ਹਨ, ਪਰ ਪਹਿਲੀ ਤੋਂ ਕਿਉਂ? ਪਹਿਲਾਂ ਪੰਜਾਬ ਦੇ ਬੱਚਿਆਂ ਨੂੰ ਉਨ੍ਹਾਂ ਦੀ ਮਾਂ ਬੋਲੀ ਦੇ ਆਸਰੇ ਆਪਣੀ ਪਹਿਚਾਣ ਤਾਂ ਹੋ ਲੈਣ ਦਿਉ। ਜਿਸ ਦੇ ਕੋਲ ਆਪਣਾ ਕੁਝ ਨਾ ਹੋਵੇ, ਉਹ ਬੇਗਾਨਾ ਹੋ ਜਾਂਦਾਂ ਹੈ, ਪੰਜਾਬ ਦੇ ਆਉਣ ਵਾਲੇ ਕੱਲ ਨੂੰ ਆਪਣੇ ਤੋਂ ਬੇਗਾਨਾ ਕਰਨਾ ਹਿੰਸਾ ਨਹੀਂ ਤਾਂ ਹੋਰ ਕੀ ਹੈ?

ਬੱਚਿਆਂ ਦੇ ਦਿਹਾੜੇ ਮਨਾਉਣ ਦਾ ਮਕਸਦ ਲੋਕਾਂ ਦੇ ਮਨਾਂ ਤੱਕ ਜਾਵੇ, ਇਸ ਕਾਰਜ ਲਈ ਸਿਆਣੇ ਲੋਕਾਂ ਨੂੰ ਜਾਗਣ ਦੀ ਲੋੜ ਹੈ। ਬੱਚਿਆਂ ਨੂੰ ਉਨ੍ਹਾਂ ਦਾ ਸੁਰੱਖਿਅਤ, ਮਕਸਦ ਭਰਪੂਰ ਭਵਿੱਖ ਦੇਣਾ ਸਿਰਫ ਸਰਕਾਰਾਂ ਦੀ ਹੀ ਨਹੀਂ ਸਗੋਂ ਸਮੁੱਚੇ ਸਮਾਜ ਦੀ ਜੁੰਮੇਵਾਰੀ ਹੈ। ਬੱਚਿਆਂ ਨੂੰ ਹਿੰਸਾ ਰਾਹੀਂ ਹਿੰਸਾ ਵੱਲ ਤੋਰਨ ਦੀਆਂ ਕੋਸ਼ਿਸ਼ਾਂ ਬੰਦ ਹੋਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਹੀ ਅਮਨ ਭਰੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ।

# ਇਨਸਾਨ ਬਣੀਏ

ਇੱਕੀਵੀ ਸਦੀ ਦੇ ਸ਼ੁਰੂ ਹੋਣ ਵੇਲੇ ਹਰ ਪਾਸੇ ਬਹੁਤ ਹੀ ਸ਼ੋਰ ਭਰਿਆ ਰੌਲ਼ਾ ਸੀ, ਉਤਸ਼ਾਹ ਪੂਰਵਕ ਰੌਲ਼ਾ। ਇਸ ਮੌਕੇ 'ਤੇ ਮਿਲੇਨੀਅਮ ਪਾਰਟੀਆਂ-ਮੇਲਿਆਂ ਅਤੇ ਢੋਲ-ਢਮੱਕਿਆਂ ਦੀ ਆਵਾਜ ਉੱਚੀ ਕਰਨ ਦੇ ਬੇਲੋੜੇ ਪਰ ਬੇਥਾਅ ਜਤਨ ਕੀਤੇ ਗਏ ਸਨ। ਭਾਵੇਂ ਕਿ ਇਨ੍ਹਾਂ ਦੀ ਬਹੁਤ ਲੋੜ ਨਹੀਂ ਸੀ। ਭੁੱਖੇ ਅੱਗੇ ਸਵਾਲ ਪਾਇਆਂ ਜਵਾਬ ਰੋਟੀ ਹੀ ਹੋਣਾ ਹੁੰਦਾ ਹੈ। ਦੋ ਡੰਗ ਦੀ ਪੇਟ ਭਰ ਕੇ ਰੋਟੀ ਲਈ ਤਰਸਦੇ ਲੋਕਾਂ ਨੂੰ ਮਿਲੇਨੀਅਮ ਪਾਰਟੀਆਂ ਨਾਲ ਹੋਰ ਸ਼ਰਮਿੰਦਾ ਕਰਨ ਦੇ ਯਤਨ ਵੀ ਕੀਤੇ ਗਏ ਸਨ? ਮੌਕਾ ਸ਼ੁਭ ਇਸ ਕਰਕੇ ਸੀ ਕਿ ਅਸੀਂ ਇੱਕਵੀ ਸਦੀ ਦੀ ਸ਼ੁਰੂਆਤ ਵੇਲੇ ਮੌਕੇ ਦੇ ਗਵਾਹ ਸਾਂ। ਇਹ ਮੌਕਾ ਸ਼ਾਇਦ ਹਰ ਇਨਸਾਨੀ ਪੀੜੀ ਦੇ ਹਿੱਸੇ ਨਹੀਂ ਆਉਂਦਾ ।

ਇਸ ਮੌਕੇ ਸਵਾਲ ਉੱਚੇ ਕੀਤੇ ਜਾਣੇ ਜਰੂਰੀ ਸਨ ਅਤੇ ਕੀਤੇ ਵੀ ਗਏ ਸਨ ਕਿ ਕੀ ਵੀਹਵੀਂ ਸਦੀ ਦੇ ਬੀਤਣ ਤੇ ਇੱਕੀਵੀਂ ਸਦੀ ਦੇ ਸ਼ੁਰੂ ਹੋਣ ਨਾਲ ਕੁਝ ਚੰਗਾ ਵੀ ਵਾਪਰੇਗਾ? ਸਾਡੀਆਂ ਭਵਿੱਖੀ ਸ਼ੁਭ ਇੱਛਾਵਾ ਨੂੰ ਬੂਰ ਪਵੇਗਾ? ਜਾਂ ਕੀ ਇਹ ਸ਼ੁਭ ਇੱਛਾਵਾਂ ਸ਼ੁਭ ਸ਼ਗਨਾਂ ਵਰਗੀਆਂ ਬਣਨਗੀਆਂ? ਕੀ ਅਸੀਂ ਇਸ ਯੋਗ ਵੀ ਹਾਂ ਕਿ ਸਦੀ ਦੀ ਪਹਿਲੀ ਤੋਰ ਨੂੰ ਸੋਧ ਕੇ ਚੰਗੇ ਪਾਸੇ ਵਲ ਮੋੜ ਦੇ ਸਕੀਏ? ਅੱਜ ਲੋੜਾਂ ਦੀ ਲੋੜ ਮਨੁੱਖੀ ਸੂਝ ਦੀ ਸੁਚੱਜੀ ਤੇ ਈਮਾਨਦਾਰ ਵਰਤੋਂ ਅਤੇ ਉਸ ਦੇ ਸਿੱਟਿਆਂ ਨੂੰ ਹਾਂਅ-ਪੱਖੀ ਮੋੜ ਦੇਣਾ ਹੈ। ਲੋੜ ਹੈ ਭਰੋਸੇ ਅਤੇ ਹੌਸਲੇ ਵਾਲੇ ਪਾਸੇ ਤੁਰਨ ਦੀ ਅਤੇ ਅੱਗੇ ਵਧਣ ਲਈ ਹੋਸ਼ਮੰਦ ਕਦਮਾਂ ਦੀ। ਗੰਭੀਰਤਾ ਇਸ ਵਾਸਤੇ ਲਾਜਮੀ ਸ਼ਰਤ ਹੈ। ਪਰ ਦੇਖਣਾ ਇਹ ਹੈ ਕਿ ਕਿੰਨੇ ਕੁ ਸਿਆਣੇ ਲੋਕ ਜੁੜਨਗੇ, ਜੋ ਅਜਿਹੇ ਜਤਨਾਂ ਵਾਸਤੇ ਗੰਭੀਰਤਾ ਭਰੀ ਦਿਲਚਸਪੀ ਨਾਲ ਜਤਨਸ਼ੀਲ ਹੋਣਗੇ । ਅਪਣੇ ਆਪ ਜਾਂ ਸਿਰਫ ਚਾਹੁਣ ਨਾਲ ਤਾਂ ਕੁਝ ਵੀ ਨਹੀਂ ਬਦਲ ਸਕਦਾ। ਇਸ ਵਾਸਤੇ ਹਰਕਤ ਲੋੜੀਂਦੀ ਹੈ।

ਬੀਤ ਗਈ ਸਦੀ ਬਹੁਤ ਹੀ ਹਲਚਲ ਭਰਭੂਰ ਸੀ। ਚੰਗੀਆਂ ਮੰਦੀਆਂ ਬਹੁਤ ਸਾਰੀਆਂ ਘਟਨਾਵਾਂ ਇਤਿਹਾਸ ਦੇ ਸਫੇ ਤੇ ਤੇਜ ਧੁੱਪ ਨਾਲ ਚਮਕਦੇ ਸੂਰਜ ਵਾਂਗ ਚਮਕੀਆਂ ਅਤੇ ਫੇਰ ਕਈ ਅਲੋਪ ਹੋ ਗਈਆਂ, ਪਰ ਉਹ ਸਦੀ ਦੇ ਇਤਿਹਾਸ ਨਾਲ ਜੁੜੀਆਂ ਰਹਿਣਗੀਆਂ। ਅਜਿਹੇ ਹਾਂਅ-ਪੱਖੀ ਤੇ ਨਾਂਹ-ਪੱਖੀ ਬੀਤ ਗਏ ਵਰਤਾਰੇ ਲੋਕਾਈ ਦੀ ਬਹਿਸ ਦਾ ਵਿਸ਼ਾ ਬਣਦੇ ਰਹੇ ਹਨ ਅੱਗੇ ਵੀ ਬਣਦੇ ਰਹਿਣਗੇ।

ਉਂਜ ਵੀ ਭਵਿੱਖ ਨੂੰ ਰੋਸ਼ਨ ਕਰਨ ਵਾਸਤੇ ਇਤਿਹਾਸ ਨੂੰ ਦਲੀਲ ਭਰੀ ਤਰਕਸ਼ੀਲ ਜਾਂ ਕਹੀਏ ਕਿ ਹਾਂਅ-ਪੱਖੀ ਸੋਚ ਰਾਹੀਂ ਰਿੜਕਦੇ ਰਹਿਣਾ ਚਾਹੀਦਾ ਹੈ ਤਾਂ ਜੋ ਹੋ



ਗਈਆਂ ਭੁੱਲਾਂ, ਰਹਿ ਗਈਆਂ ਘਾਟਾਂ ਤੋ ਸਬਕ ਸਿੱਖਿਆ ਜਾ ਸਕੇ। ਆਪਣੀਆਂ ਗਲਤੀਆਂ ਜਾਂ ਘਾਟਾਂ ਨੂੰ ਸੋਧ ਕੇ ਅੱਗੇ ਤੁਰਨ ਵਾਲੇ ਹਮੇਸ਼ਾ ਹੀ ਮੰਜ਼ਿਲਾਂ ਤੇ ਪਹੁੰਚਣ ਲਈ ਜਤਨਸ਼ੀਲ ਰਹਿੰਦੇ ਹਨ। ਜਤਨਸ਼ੀਲ ਰਹਿਣਾ ਸਿਰਜਣਾ ਵਾਸਤੇ ਲਾਜਮੀ ਸ਼ਰਤ ਹੁੰਦੀ ਹੈ। ਸਿਰਜਣਾਤਮਕ ਸ਼ਕਤੀ ਇਸ ਸੰਸਾਰ ਦੇ ਪਹੀਏ ਨੂੰ ਅੱਗੇ ਤੋਰਦੀ ਹੈ । ਹਰ ਰੋਸ਼ਨ ਦਿਮਾਗ ਇਨਸਾਨ ਇਸ ਦਾ ਇਛੁੱਕ ਹੈ ।

ਬੀਤ ਗਈ ਸਦੀ ਹੀ ਸੀ, ਜਦੋਂ ਬੇਕਸੂਰ ਮਨੁੱਖਾਂ ਦੀ ਤਬਾਹੀ ਵਾਸਤੇ ਦੋ ਸੰਸਾਰ ਜੰਗਾਂ ਤੇ ਹਜਾਰਾਂ ਹੀ ਹੋਰ ਛੋਟੀਆਂ ਜੰਗਾਂ (ਅਤੇ ਘਰੇਲੂ ਯੁੱਧਾਂ) ਰਾਹੀਂ ਮਨੁੱਖੀ ਮਾਨਸਿਕਤਾ ਨੂੰ ਵਾਰ ਵਾਰ ਜਖ਼ਮੀ ਕੀਤਾ ਗਿਆ। ਜਦੋਂ ਧਰਮਾਂ ਵਾਲਿਆਂ ਨੇ ਮਨੁੱਖੀ ਭਰੱਪਣ, ਇਨਸਾਨੀ ਦੋਸਤੀ ਅਤੇ ਮੁਹੱਬਤ ਦੇ ਅਰਥਾਂ ਨੂੰ ਕਤਲ ਕਰਨ ਵਾਲੇ ਜਹਾਦ ਛੇੜੇ। ਸਿਆਸੀ ਧੌਂਸ ਤੇ ਬਦਮਾਸ਼ੀ ਰਾਹੀਂ ਕਿਸੇ ਦਾ ਸਿਰ ਨੀਵਾਂ ਕਰਨ ਵਾਸਤੇ ਪਸ਼ੂਪੁਣੇ ਵਾਲੀ ਬਿਰਤੀ ਅਪਣਾਈ ਅਤੇ ਐਟਮ ਬੰਬ ਸੁੱਟ ਕੇ ਹੀਰੋਸ਼ੀਮਾਂ ਤੇ ਨਾਗਾਸਕੀ ਵਰਗੇ ਬਦਨੁਮਾ ਧੱਬੇ ਇਤਿਹਾਸ ਦੀ ਹਿੱਕ ਤੇ ਦਾਗ ਦਿੱਤੇ। ਜਦੋਂ ਵੱਖਰੇ ਧਰਮ ਰਾਹੀਂ ਆਪਣੀ ਵੱਖਰੀ ਹੋਂਦ, ਪਹਿਚਾਣ ਤੇ ਅਕੀਦਾ ਰੱਖਣ ਵਾਲਿਆਂ ਨੂੰ ਸਿਆਸੀ ਹਵਸ ਨਾਲ ਭਰਪੂਰ ਸੰਸਾਰ ਜਿੱਤਣ ਦੇ ਫੁਕਰੇਪਣ ਵਾਲੇ ਸੁਪਨੇ ਸਿਰਜਣ ਵਾਲੇ ਨਾਜ਼ੀਵਾਦੀਆਂ ਨੇ 65 ਲੱਖ ਤੋਂ ਵੀ ਜ਼ਿਆਦਾ ਗਿਣਤੀ ਵਿੱਚ ਯਹੂਦੀ ਬੱਚਿਆਂ, ਬੁੱਢਿਆਂ, ਜਵਾਨ ਧੀਆਂ, ਮਾਂਵਾਂ ਦਾ ਲਿਹਾਜ ਕੀਤੇ ਬਿਨਾਂ ਸਿਰੇ ਦੀ ਦਰਿੰਦਗੀ ਦਾ ਨਾਚ ਨੱਚਦਿਆਂ ਜੀਊਂਦਿਆਂ ਨੂੰ ਗੈਸ ਭੱਠੀਆਂ ਵਿਚ ਸੁੱਟ ਕੇ ਫੂਕਿਆ ਸੀ ਤਾਂ ਉਨ੍ਹਾਂ ਸੰਸਾਰ ਇਤਿਹਾਸ ਦੇ ਸਫੇ ਤੇ ਮਨੁੱਖੀ ਪਸ਼ੂਪੁਣੇ ਅਤੇ ਦਰਿੰਦਗੀ ਦਾ ਸੋਗ ਭਰਿਆ ਕਾਲਾ ਧੱਬਾ ਚਿਪਕਾ ਦਿੱਤਾ ਸੀ। ਕਦੇ ਫੇਰ ਇਸ ਹੀ ਸਦੀ ਦੇ ਅਖੀਰਲੇ ਪਹਿਰੀਂ ਜਿਊਂਦਿਆਂ ਦੇ ਗਲ਼ਾਂ ਵਿਚ ਸੜਦੇ ਟਾਇਰ ਪਾ ਕੇ ਇਨਸਾਨਾਂ ਨੂੰ ਮਾਰ ਮੁਕਾਇਆ, ਮਾਂਵਾਂ, ਭੈਣਾਂ ਦੀਆਂ ਇੱਜਤਾਂ ਰੋਲੀਆਂ ਸੁਹਾਗ ਉਜਾੜੇ, ਬੱਚਿਆਂ ਨੂੰ ਸਦਾ ਵਾਸਤੇ ਯਤੀਮ ਬਣਾ ਦਿੱਤਾ ਗਿਆ। ਕੀ ਕੁੱਝ ਨਹੀ ਵਾਪਰਿਆ। ਰੱਬ ਦੇ ਭਗਤ ਹੀ ਰੱਬ ਦੇ ਘਰ ਢਾਹੁੰਦੇ ਰਹੇ। ਆਪਣੇ ਹੀ ਇਸ਼ਟ ਦੀ ਇਜੱਤ ਨਾਲ ਖੇਡਦੇ ਰਹੇ। ਕਿਹੜਾ ਰੱਬ ਤੇ ਕਿਸਦੇ ਇਹ ਭਗਤ? ਕੀ ਕੋਈ ਧਰਮੀ ਕਹਾਉਣ ਵਾਲਾ ਵੀ ਇਹੋ ਜਹੀ ਕਰਤੂਤ ਕਰ ਸਕਦਾ ਹੈ? ਕੀ ਇਹੋ ਜਹੇ ਲੋਕ ਵੀ ਇਨਸਾਨ ਕਹਾਉਣ ਦੇ ਹੱਕਦਾਰ ਹੋ ਸਕਦੇ ਹਨ?

ਕਦੇ ਮੁਲਕਾਂ ਦੀਆਂ ਵੰਡਾਂ, ਵੰਡ-ਵੰਡਾਰਿਆਂ, ਧਰਤੀ ਦੇ ਛੋਟੇ ਛੋਟੇ ਹਿੱਸਿਆਂ 'ਤੇ ਕਬਜੇ ਦੀ ਹਵਸ ਨੇ ਮਨੁੱਖ ਨੂੰ ਮਨੁੱਖ ਨਾ ਰਹਿਣ ਦਿੱਤਾ। ਨਵੀਆਂ ਵੰਡੀਆਂ ਨੇ ਮਨੁੱਖਤਾ ਦੇ ਨਵੇਂ ਪੈਮਾਨੇ ਕਾਇਮ ਕੀਤੇ। ਮਨੁੱਖਾਂ ਦੇ ਅੰਦਰ ਵਸਦੀ ਸਿਆਸੀ, ਆਰਥਿਕ ਭੁੱਖ ਨੇ ਉਨ੍ਹਾਂ ਨੂੰ ਹਾਵੜਪੁਣੇ ਦੇ ਵੱਸ ਪਾ ਦਿੱਤਾ ਅਤੇ ਉਹ ਨਿੱਘਰਦਾ ਗਿਆ, ਕਾਫੀ ਸਾਰੇ ਮਨੁੱਖੀ ਸਰੂਪ ਵਿੱਚ ਦੈਂਤ ਬਣ ਕੇ ਵਿਚਰਦੇ ਰਹੇ । ਵਾਰ ਵਾਰ ਮਨੁੱਖੀ ਰੂਹ ਕਤਲ ਕੀਤੀ ਜਾਂਦੀ ਰਹੀ। ਨੇਕੀ ਨੂੰ ਬਦੀ ਵੱਲੋਂ ਲਤਾੜਿਆ ਜਾਂਦਾ ਰਿਹਾ, ਪਰ ਇਹ ਜਰਵਾਣੇ ਭੁੱਲਦੇ ਰਹੇ ਕਿ ਕਦੇ ਨੇਕੀ ਵੀ ਹਾਰੀ ਹੈ?

ਬੀਤ ਗਈ ਸਦੀ ਹੀ ਸੀ, ਜਦੋ ਅਸੱਭਿਅਕ ਸਾਮਰਾਜੀਆਂ ਵੱਲੋ ਕੂਟਨੀਤਕ ਚਾਲਾਂ, ਧੱਕੇ ਤੇ ਗੁੰਡਾਗਰਦੀ ਨਾਲ ਦੂਜਿਆਂ ਮੁਲਕਾਂ ਨੂੰ ਆਪਣੀਆਂ ਬਣਾਈਆਂ ਬਸਤੀਆਂ ਦੇ ਹੋਸ਼ਮੰਦ ਲੋਕ ਜਾਗੇ ਤੇ ਬਹੁਤਿਆਂ ਨੇ ਆਪਣੇ ਗਲੋਂ ਗੁਲਾਮੀ ਦਾ ਜੂਲ੍ਹਾ ਲਾਹ ਸੁੱਟਿਆ। ਆਜਾਦੀ ਪ੍ਰਾਪਤ ਕਰਕੇ ਆਪਣੇ ਚੰਗੇ ਮਾੜੇ ਰਾਜ ਕਾਇਮ ਕੀਤੇ। ਇਹੋ ਸਦੀ ਹੀ ਸੀ, ਜਦੋ ਸਿਆਸੀ ਪੱਧਰ 'ਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਸਮਝਿਆ ਗਿਆ । ਲੰਬੇ ਸੰਘਰਸ਼ਾਂ ਤੋਂ ਬਾਅਦ ਉਸ ਨੂੰ ਵੋਟ ਦਾ ਹੱਕ ਮਿਲਿਆ। ਜਦੋਂ ਤਕੜੇ ਤੋਂ ਕਮਜ਼ੋਰ ਮੁਲਕਾਂ ਦੀ ਰਾਖੀ, ਅਤੇ ਆਪਸੀ ਝਗੜੇ ਅਮਨ ਪੂਰਵਕ ਨਿਪਟਾਉਣ ਵਾਸਤੇ ਸੰਯੁਕਤ ਰਾਸ਼ਟਰ ਤੇ ਹੋਰ ਬਹੁਤ ਸਾਰੇ ਕੌਮਾਂਤਰੀ ਅਦਾਰੇ ਕਾਇਮ ਹੋਏ ।

ਇਸ ਸਦੀ ਅੰਦਰ ਹੀ ਇਸ ਧਰਤੀ ਤੇ ਸਮਾਜਵਾਦੀ ਸਮਾਜ ਦੀ ਸਥਾਪਨਾ ਹੋਈ। ਹੱਥੀਂ ਕਿਰਤ ਕਰਨ ਵਾਲਿਆਂ ਦਾ ਆਪਣਾ ਰਾਜ ਕਾਇਮ ਹੋਇਆ। ਪਰ, ਪੌਣੀ ਸਦੀ ਬਾਅਦ ਹੀ ਇਸ ਮਨੁੱਖੀ ਭਲੇ ਵਾਲੇ ਸਮਾਜਵਾਦੀ ਪ੍ਰਬੰਧ ਦੇ ਨਿਘਾਰ ਕਰਕੇ ਇਸਦੇ ਅੰਤ ਦਾ ਵਾਪਰ ਜਾਣਾ ਖੁਸ਼ੀ ਨੂੰ ਸੋਗ ਵਿੱਚ ਬਦਲ ਗਿਆ। ਕੁੱਲ ਲੋਕਾਈ ਦਾ ਭਲਾ ਕਰਨ ਵਾਲੇ ਆਖਰ ਛੋਟੀ ਮਾਨਸਿਕਤਾ ਦੇ ਮਾਲਕ ਕਿਵੇਂ ਬਣ ਬੈਠੇ? ਕਿਉਂ ਉਨ੍ਹਾਂ ਦੇ ਅੰਦਰੋਂ ਨਵੇਂ ਤੇ ਸੁਚੱਜੇ ਮਨੁੱਖ ਦੀ ਸਿਰਜਣਾ ਦਾ ਸੁਪਨਾ ਮਰ ਮੁੱਕ, ਸੁੱਕ ਗਿਆ। ਇਸ ਸੋਚ ਦੇ ਪੈਰੋਕਾਰਾਂ ਦੇ ਮਨਾਂ ਅੰਦਰ ਘੋਰ ਉਦਾਸੀ ਦਾ ਪ੍ਰਛਾਵਾਂ ਆ ਗਿਆ। ਓਹ ਆਪਣੇ ਆਪ ਨੂੰ ਹਾਰਿਆਂ ਵਰਗੇ ਮਹਿਸੂਸ ਕਰਨ ਲੱਗੇ।

ਹੋਈ ਤਰੱਕੀ ਦਾ ਆਪਣੇ ਥਾਂ ਜਿਕਰ ਕਰਨਾ ਬਣਦਾ ਹੈ। ਮਨੁੱਖ ਦਾ ਚੰਦ ਤੱਕ ਦਾ ਅਤੇ ਉਸ ਤੋਂ ਵੀ ਅੱਗੇ ਮੰਗਲਗਹ੍ਰਿ ਤੱਕ ਦਾ ਸਫਰ ਇਹ ਮਨੁੱਖੀ ਸਿਰਜਣਾ ਦੇ ਉੱਤਮ ਕਾਰਨਾਮੇ ਹਨ। ਇਹ ਤਾਂ ਜਾਰੀ ਹੀ ਰਹਿਣਗੇ। ਅੱਜ ਤੱਕ ਦੀ ਮਨੁੱਖੀ ਨੇੜਤਾ ਵਧਾਉਂਦੀ ਤਕਨੀਕੀ ਤਰੱਕੀ ਇੰਟਰਨੈਟ ਦੇ ਯੁੱਗ ਤੇ ਦੁਨੀਆਂ ਨੂੰ ਨੇੜੇ ਲੈ ਆਉਣ ਵਾਲਾ ਤਕਨੀਕੀ ਇਨਕਲਾਬ ਲਿਆਂਦਾ ਹੈ। ਮਨੁੱਖਤਾ ਦੇ ਭਲੇ ਵਾਸਤੇ ਹੋਈਆਂ ਨਵੀਆਂ ਖੋਜਾਂ ਨੂੰ ਤੋਪਾਂ ਦੇ ਬੰਬਾ ਵਿੱਚੋਂ ਨਿਕਲਦਾ ਵਹਿਸ਼ੀ ਧੂੰਆਂ ਆਪਣੀ ਜ਼ਹਿਰ ਨਾਲ ਡੰਗਦਾ ਹੈ। ਮੁਨਾਫੇ ਦੀ ਹਵਸ ਮਨੁੱਖ ਨੂੰ ਨਿਘਾਰ ਵਲ ਧੱਕੀ ਜਾ ਰਹੀ ਹੈ। ਮਨੁੱਖਤਾ ਲਈ ਇਹ ਸਭ ਤੋਂ ਵੱਡਾ ਖਤਰਾ ਹੈ।

'ਧਰਮੀਆਂ' ਤੇ ਗੈਰ ਧਰਮੀਆਂ ਨੇ ਇੱਕ ਦੂਜੇ ਦੇ ਵਿਸ਼ਵਾਸ਼ਾਂ/ਅਕੀਦਿਆਂ ਨੂੰ ਉਜਾੜਿਆਂ, ਤਬਾਹ ਕੀਤਾ, ਜੋ ਗੈਰ ਮਨੁੱਖੀ ਕਿਸਮ ਦਾ ਗੁਨਾਹ ਹੈ। ਇਸ ਦਾ ਹੀ ਸਿੱਟਾ ਹੈ ਕਿ ਕੌਮਾਂ, ਧਰਮ, ਦੇਸ਼ ਸਭ ਸ਼ਬਦ ਬੌਣੇ ਹੁੰਦੇ ਗਏ ਤੇ ਮਨੁੱਖ ਖੁਦ ਵੀ ਬੌਣਾ ਹੁੰਦਾ ਗਿਆ। ਅੱਜ ਇੰਨਾ ਬੌਣਾ ਹੋ ਗਿਆ ਹੈ ਕਿ ਆਪਣੀ ਅਸਲੀ ਪਹਿਚਾਣ ਗਵਾਉਣ ਦੇ ਨੇੜੇ ਪਹੁੰਚ ਗਿਆ ਹੈ। ਭਲਾਂ ਇਹ ਹੋਰ ਕਿੱਥੇ ਕੁ ਤੱਕ ਨਿੱਘਰੇਗਾ। ਇਸ ਸਵਾਲ ਦਾ ਜਵਾਬ ਤਾਂ ਭਵਿੱਖ ਦੀ ਕੁੱਖ ਵਿਚ ਲੁਕਿਆ ਪਿਆ ਹੈ।

ਕੀ ਧਰਮ, ਮੁਲਕ, ਕੌਮ ਇਹ ਸ਼ਬਦ ਮਨੁੱਖ ਤੋਂ ਵੀ ਉੱਪਰ ਹਨ? ਇਨਸਾਨ ਤੋਂ ਉੱਤਮ ਇੱਥੇ ਕੁਝ ਵੀ ਨਹੀਂ। ਜਿਸ ਇਨਸਾਨ ਨੇ ਰੱਬ ਦੀ ਸਿਰਜਨਾ ਕੀਤੀ, ਫੇਰ ਉਹ



ਆਪਣੇ ਆਪੇ ਸਿਰਜੇ ਰੱਬ ਤੋਂ ਕਿਉਂ ਡਰਨ ਲੱਗਾ? ਆਪਣੇ ਕੀਤੇ ਗੁਨਾਹ ਕਿਸੇ ਦੂਸਰੇ ਦੀ ਮਰਜੀ ਕਹਿ ਕੇ ਮਨ ਨੂੰ ਕਿਉਂ ਰਾਜੀ ਰੱਖਣ ਲੱਗਾ? ਦਲੀਲ ਤੇ ਇਹ ਵਿਚਾਰ ਪੂਰਾ ਨਹੀ ਉਤਰਦਾ। ਇਸ ਨੂੰ ਤਰਕ ਨਾਲ ਰੱਦ ਕੀਤਾ ਜਾਣਾ ਚਾਹੀਦਾ ਹੈ। ਕਿਸੇ ਦੂਸਰੇ ਦੇ ਵਿਸ਼ਵਾਸ਼ ਜਾਂ ਅਵਿਸ਼ਵਾਸ਼ ਨੂੰ ਮੰਨਣਾ ਜਾਂ ਨਾ ਮੰਨਣਾ ਹਰ ਕਿਸੇ ਦੀ ਆਪਣੀ ਮਰਜੀ ਹੈ, ਪਰ ਕਿਸੇ ਵੀ ਹੋਰ ਨੂੰ ਅਪਮਾਨਤਾ ਕਰਨ ਦਾ ਹੱਕ ਕਿਸੇ ਵੀ ਦੂਜੇ ਨੂੰ ਨਹੀ। ਪਰ ਇੱਥੇ ਤਾਂ ਵਾਰ ਵਾਰ ਵਾਪਰਦਾ ਹੀ ਇਹੋ ਕੁੱਝ ਹੈ। ਆਖਰ ਕਿਉਂ? ਮਨੁੱਖ ਨੇ ਬੀਤੇ ਤੋਂ ਕੀ ਸਿੱਖਿਆ?

ਸਦੀਆਂ ਤੋਂ ਤੁਰਿਆ ਆਉਂਦਾ ਅਣਮਨੁੱਖੀ ਵਿਹਾਰ ਅਤੇ ਵਿਚਾਰ, ਜਿਸ ਨੂੰ ਆਮ ਕਰਕੇ ਭਾਰਤੀ ਨਸਲਵਾਦ (ਜਾਤ-ਪਾਤ ਦਾ ਪ੍ਰਬੰਧ ਅਣਮਨੁੱਖੀ ਤੇ ਗੈਰ ਹਰੀਕੀ ਹੈ) ਵੀ ਕਿਹਾ ਜਾਂਦਾ ਹੈ। ਇਸ ਨਵੀਂ ਸਦੀ ਵਿਚ ਐਹੋ ਜਹੇ ਘਟੀਆ ਵਿਚਾਰਾਂ ਨੂੰ ਨਕਾਰਨਾ/ਭੰਡਣਾਂ ਹੀ ਕਾਫੀ ਨਹੀਂ ਸਗੋਂ ਆਪਣੀ ਪੂਰੀ ਸ਼ਕਤੀ ਨਾਲ ਇਸ ਦੇ ਖਾਤਮੇ ਲਈ ਕੰਮ ਕਰਨਾ ਹਰ ਸੱਚੇ ਇਨਸਾਨ ਦਾ ਫਰਜ ਹੋਣਾ ਚਾਹੀਦਾ ਹੈ ਤਾਂ ਕਿ 'ਮਹਾਨ' ਕਹੇ ਜਾਂਦੇ ਭਾਰਤ ਦੇ ਮੱਥੇ ਤੋਂ ਨਸਲਵਾਦ ਦਾ ਦਾਗ ਧੋਤਾ ਜਾ ਸਕੇ। ਹਰ ਮਨੁੱਖ ਨੂੰ ਮਨੁੱਖ ਹੋਣ ਦਾ ਬਰਾਬਰ ਦਾ ਹੱਕ ਮਿਲੇ।

ਹੁਣ ਕੀ ਲੋੜੀਂਦਾ ਹੈ? ਮਨੁੱਖੀ ਮਨ ਪਿਆਰ-ਮੁਹੱਬਤਾਂ ਦਾ ਮੁਜੱਸਮਾ ਬਣੇ। ਕਿਸੇ ਕਵੀ ਦੀ ਕਲਪਨਾ ਕਿ 'ਹਰ ਇੱਕ ਬੰਦਾ ਸ਼ਾਹ ਦੁਨੀਆਂ ਦਾ, ਹਰ ਇੱਕ ਤੀਵੀਂ ਰਾਣੀ' ਸੱਚ ਹੋਵੇ, ਸਾਕਾਰ ਹੋਵੇ। ਵੱਡਾ ਤੇ ਮਹੱਤਵਪੂਰਨ ਸੁਪਨਾ ਕਿ ਖਿਲਰਿਆ ਮਨੁੱਖ ਸੁੱਚਾ, ਸੁਚੱਜਾ, ਦੂਜੇ ਦਾ ਦੁੱਖ-ਪੀੜ ਜਰਨ ਵਾਲਾ ਸਮਾਜੀ ਜੀਵ ਬਣੇ। ਮਨੁੱਖੀ ਮਨ ਵਿੱਚ ਵੰਡੀਆਂ ਤੇ ਦੁਸ਼ਮਣੀਆਂ ਦਾ ਮੈਲ ਭਰਿਆ ਪਲਦਾ ਰੋਗ ਖ਼ਤਮ ਹੋਵੇ।

ਆਉਣ ਵਾਲਾ ਸਮਾਂ ਹੋਰ ਵੀ ਤੇਜ ਰਫਤਾਰ ਵਾਲਾ ਹੋਵੇਗਾ। ਉਪਭੋਗਤਾਵਾਦੀ ਸਮਾਜੀ-ਸਿਆਸੀ 'ਸੱਭਿਆਚਾਰਕ' ਵਰਤਾਰਾ ਮਨੁੱਖੀ ਨਿਘਾਰ ਦਾ ਸੂਚਕ ਹੈ। ਮਨੁੱਖੀ ਸੂਝ ਨੂੰ ਲਾਹੇਵੰਦ ਕਾਰਜਾਂ ਵਾਸਤੇ ਵਰਤਣਾ, ਨਿੱਘਰਦੇ ਜਾ ਰਹੇ ਸਮਾਜ ਨੂੰ ਨਵੀਂ ਸੇਧ ਦੇਣ ਦਾ ਸਬੱਬ ਪੈਦਾ ਕਰ ਸਕਦਾ ਹੈ। ਨਵੀਂ ਸੋਚ, ਨਵੀਆਂ ਜੁਗਤਾਂ ਰਾਹੀਂ ਹੀ ਨਵੇਂ ਸਮਾਜ ਅਤੇ ਨਵੇਂ ਮਨੁੱਖ ਦੀ ਸਿਰਜਣਾ ਤੇ ਉਸਾਰੀ ਹੋ ਸਕਦੀ ਹੈ। ਇਹ ਸਦੀ ਦਾ ਸੱਚਾ ਸੰਦੇਸ਼ ਕਿ ਹੱਥੀਂ ਕਿਰਤ ਕਰਨ ਵਾਲਾ ਜਹਾਨ ਦਾ ਪਾਲਕ ਦੁੱਖ ਭਰੇ ਨਰਕੀ ਜੀਵਨ ਤੋਂ ਮੁਕਤ ਹੋਵੇ। ਇਹ ਸਦੀ ਸੱਚ ਦੇ ਨਾਂ ਹੋਵੇ, ਇਹ ਸਦੀ ਕਿਰਤ ਅਤੇ ਕਿਰਤੀ ਦੇ ਨਾਂ ਹੋਵੇ । ਇਹ ਸਦੀ ਸਾਡੀ ਹੋਵੇ। ਮਨੁੱਖ ਜਦੋਂ ਵੀ ਚਾਹੇ ਤਾਂ ਕਿਸੇ ਵੀ ਸਮਾਜੀ, ਸਿਆਸੀ ਵਿਚਾਰਧਾਰਾ ਦਾ ਅੰਗ ਬਣ ਸਕਦਾ ਹੈ, ਕਿਸੇ ਵੀ ਧਰਮ ਦਾ ਲੜ ਫੜ ਸਕਦਾ ਹੈ। ਪਰ, ਇਸ ਤੋਂ ਵੀ ਜ਼ਰੂਰੀ ਅੱਜ ਲੋੜਾਂ ਦੀ ਲੋੜ ਕਿ ਸਭ ਤੋਂ ਪਹਿਲਾਂ ਸੰਸਾਰ ਅਮਨ ਦਾ ਹੋਕਾ ਦਿੰਦਿਆ, ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ ਨਾਅਰਾ ਉੱਚਾ ਹੋਵੇ ਕਿ ਹੋਰ ਕੁਝ ਵੀ ਬਣਨ ਤੋਂ ਪਹਿਲਾ ਅਸੀਂ ਸੱਚੇ ਸੁੱਚੇ ਇਨਸਾਨ ਬਣੀਏਂ।

# ਮਨਾਂ ਦੀ ਮੈਲ਼

ਵਿਅਕਤੀ ਸਮਾਜ ਵਿੱਚ ਵਿਚਰਦਿਆਂ ਸੁਪਨੇ ਸਿਰਜਦਾ ਹੈ ਅਤੇ ਉਨ੍ਹਾਂ ਦੀ ਪੂਰਤੀ ਦੀ ਖਾਹਿਸ਼ ਕਰਦਾ ਹੈ। ਕੁਦਰਤ ਦੇ ਵਰਤਾਰੇ ਵੀ ਇਸ ਵਿਚ ਸਹਾਈ ਹੁੰਦੇ ਹਨ। ਇੱਥੋਂ ਬਹੁਤ ਕੁਝ ਸਿੱਖਿਆ ਤੇ ਸਮਝਿਆ ਜਾ ਸਕਦਾ ਹੈ, ਜਿਸ ਨਾਲ ਬਿਨਾਂ ਮਨ ਅੰਦਰ ਪ੍ਰਦੂਸ਼ਣ ਪੈਦਾ ਕੀਤਿਆਂ ਅੱਗੇ ਵਧਿਆ ਜਾ ਸਕੇ। ਪਰ ਅਜਿਹਾ ਹੁੰਦਾ ਬੜਾ ਘੱਟ ਹੈ, ਕਿਉਂਕਿ ਮਨੁੱਖੀ ਜੀਵਨ ਨੂੰ ਸੇਧ ਸਮਾਜਕ, ਆਰਥਕ ਤੇ ਰਾਜਨੀਤਕ ਪ੍ਰਬੰਧ ਦਿੰਦੇ ਹਨ। ਜਿਨ੍ਹਾਂ ਦੀ ਸਿਰਜਣਾ ਤੇ ਅਗਵਾਈ ਆਮ ਕਰਕੇ ਭ੍ਰਿਸ਼ਟ ਰਾਜਨੀਤਕਾਂ ਦੇ ਹੱਥ ਹੈ। ਇਹੋ ਜਿਹੇ ਮਹੌਲ ਵਿੱਚ ਅੱਗੇ ਵਧਣ ਲਈ ਜਿਹੜਾ ਮਨੁੱਖ ਨੂੰ ਸ਼ੈਤਾਨ ਬਨਾਉਣ ਵਿਚ ਸਹਾਈ ਹੁੰਦਾ ਹੈ, ਕਿੰਨੇ ਕੁ ਰਹਿ ਜਾਂਦੇ ਹਨ ਜੋ ਇਸ ਸ਼ੈਤਾਨ ਬਿਰਤੀ ਨੂੰ ਅਪਨਾਉਣ ਤੋਂ ਇਨਕਾਰੀ ਹੋਣ?

ਆਮ ਸੁਣਨ ਦੀਆਂ ਗੱਲਾ ਹਨ ਕਿ ਅਮੀਰ ਕੋਈ ਜੁਰਮ ਵੀ ਕਰੇ ਤਾਂ ਸਜਾ ਦਾ ਭਾਗੀ ਹੁੰਦਿਆਂ ਹੋਇਆਂ ਵੀ ਆਪਣੀ ਥਾਵੇਂ ਕਿਸੇ ਗਰੀਬ ਆਦਮੀ ਉੱਤੇ ਨਵਾਂ ਲੇਬਲ ਲਾ ਕੇ ਆਪਣੇ ਕੀਤੇ ਜੁਰਮ ਦਾ ਭਾਰ ਉਸ ਦੇ ਮੋਢੇ ਧਰ ਕੇ ਆਪਣੇ ਹਿੱਸੇ ਦੀ ਸਜਾ ਭੁਗਤਨ ਲਈ ਖਰੀਦ ਲੈਂਦਾ ਹੈ। ਉਸੇ ਤਰ੍ਹਾਂ ਹੀ ਜਿਵੇਂ ਪੱਛਮੀ 'ਸੱਭਿਆ' ਸਮਾਜ ਅੰਦਰ ਅਮੀਰ ਔਰਤਾਂ ਡਾਲਰਾਂ ਦੇ ਰੋਅਬ ਨਾਲ ਆਪਣੇ ਬਾਂਝਪਣ ਨੂੰ ਹਰਾ ਕਰਨ ਵਾਸਤੇ ਗਰੀਬ ਔਰਤਾਂ ਦੀ ਕੁੱਖ ਖਰੀਦ ਲੈਂਦੀਆਂ ਹਨ। ਉਹ ਗਰੀਬ ਔਰਤਾਂ ਅਮੀਰਾਂ ਵਾਸਤੇ ਭਾੜੇ ਉੱਤੇ ਬੱਚੇ ਜੰਮਦੀਆਂ ਹਨ। ਇਹ ਸਾਰਾ ਕੁਝ ਉਨ੍ਹਾਂ ਦੇਸ਼ਾਂ ਵਿੱਚ ਹੁੰਦਾ ਹੈ ਜੋ ਆਪਣੇ ਆਪ ਨੂੰ ਅਮੀਰ, ਸੱਭਿਅਕ ਤੇ ਦੁਨੀਆਂ ਦੇ ਆਗੂ ਵਜੋਂ ਪੇਸ਼ ਕਰਦੇ ਨਹੀਂ ਥੱਕਦੇ ।

ਮਨੁੱਖੀ ਮਨਾਂ ਅੰਦਰ ਵਧਦੀ ਮੈਲ਼ ਦਾ 'ਜਲਵਾ' ਹਰ ਥਾਵੇਂ ਦੇਖਿਆ ਜਾ ਸਕਦਾ ਹੈ। ਕਹਿੰਦੇ ਹਨ ਧਰਮ ਸਹਿਣਸ਼ੀਲਤਾ ਸਿਖਾਉਂਦੇ ਹਨ। ਪਰ, ਇਹਨਾਂ ਧਰਮ ਦੇ ਮੋਹਰੀਆਂ ਤੇ ਲੜ ਲੱਗਿਆਂ ਨਾਲ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਵਿਚਲੇ ਬਹੁਤਿਆਂ ਦੇ ਮੂੰਹੋਂ ਤੇ ਨੱਕੋਂ ਨਫ਼ਰਤ ਦੇ ਠੂੰਹੇ ਡਿਗਦੇ ਹਨ। ਸਹਿਣਸ਼ੀਲਤਾ ਨੇੜੇ-ਤੇੜੇ ਵੀ ਨਹੀਂ ਦਿਸਦੀ। ਇੱਕ ਦੂਜੇ ਦੇ ਧਰਮ ਨੂੰ ਆਪਣੇ ਤੋਂ ਹੀਣਾਂ ਸਮਝਦੇ ਹਨ। ਇਨ੍ਹਾਂ ਦੇ ਭੜਾਸ ਭਰੇ ਮਨ ਇਸੇ ਧਾਰਨਾ ਅਧੀਨ ਦੂਜਿਆਂ ਨੂੰ ਸੰਬੋਧਨ ਹੋਣ ਵੇਲੇ ਨੈਤਿਕਤਾ ਦਾ ਪੱਲਾ ਛੱਡ ਜਾਂਦੇ ਹਨ ਅਤੇ ਬੋਲਾਂ ਨੂੰ ਕੁਬੋਲ ਬਣਾ ਕੇ ਸਿੱਖਾਂ ਨੂੰ ਸਿਖੜੇ, ਮੁਸਲਮਾਨਾ ਨੂੰ ਮੁਸਲੇ ਤੇ ਹਿੰਦੂਆਂ ਨੂੰ ਬੋਦੀ ਵਾਲੀ ਲੱਲੀ ਛੱਲੀ ਅਤੇ ਜਾਤ ਤੋਂ ਕੁਜਾਤ ਕਰਕੇ



ਬੁਲਾਉਂਦੇ ਹਨ। ਕੀ ਇਹ ਹੀ ਹੁੰਦੀ ਹੈ ਸਹਿਣਸ਼ੀਲਤਾ ਅਤੇ ਪ੍ਰੇਮ ਦੀ ਡੋਰ, ਜੋ ਇਨ੍ਹਾਂ ਅੰਦਰ ਪਲਦੀ ਹੈ? ਆਪਣੇ ਆਪ ਨੂੰ ਰੱਬ ਦੇ ਭਗਤ ਕਹਾਉਣ ਵਾਲੇ ਦੂਜੇ ਧਰਮ ਵਾਲਿਆਂ ਦੇ ਧਾਰਮਿਕ ਸਥਾਨ (ਰੱਬ ਦੇ ਘਰ) ਨੂੰ ਹੀ ਢਾਹ ਦਿੰਦੇ ਹਨ। ਇਹ ਸਿਰਫ ਉਹ ਹੀ ਕਰ ਸਕਦੇ ਹਨ ਜਿਨਾਂ ਦੇ ਮਨ ਮੈਲ਼ੇ ਹੋਣ। ਨਿਰਮਲ/ਸੱਚੇ ਮਨ ਵਾਲਾ ਸੰਵਾਦ ਦੇ ਰਾਹੇ ਪੈਂਦਾ ਹੈ। ਬਦੀ ਦੇ ਲੜ ਨਹੀਂ ਲਗਦਾ, ਪਰ ਇੱਥੇ ਤਾਂ ਧਰਮ ਦੇ ਨਾਂ ਉੱਤੇ ਬਦੀ ਦਾ ਢੋਲ ਪਿਟਿਆਂ ਜਾਂਦਾ ਹੈ, ਬੇਸ਼ਰਮੀ ਦੇ ਡਗੇ ਨਾਲ ।

ਗੱਲ ਰੱਬ ਦੇ ਚਾਲੂ ਜਹੇ ਭਗਤਾਂ ਦੀ ਕਰੀਏ ਤਾਂ ਬੇੜਾ ਗਰਕ ਜਿਹਾ ਹੀ ਹੋਇਆ ਨਜ਼ਰ ਆਉਂਦਾ ਹੈ। ਸਤਿਸੰਗਾਂ, ਜਗਰਾਤਿਆਂ ਆਦਿ ਰਾਹੀਂ ਸੰਘ ਪਾੜ ਪਾੜ ਕੇ ਟੱਲੀਆਂ-ਛੈਣਿਆਂ ਦੇ ਆਸਰੇ ਪਤਾ ਨਹੀਂ ਕਿਹੜੀਆਂ ਮਾਤਾ ਤੇ ਕਿਹੜਿਆਂ ਬਾਬਿਆਂ ਨੂੰ ਆਵਾਜਾਂ ਮਾਰਦੇ ਹਨ? ਜੋ ਉਨ੍ਹਾਂ ਦੇ ਹੱਥ ਹੀ ਨਹੀਂ ਆ ਰਹੇ? ਕਥਾ ਕੀਰਤਨ ਕਰਨ ਵਾਲੇ ਆਪਣੇ ਪਰਚਾਰ ਨਾਲ ਲੋਕਾਂ ਨੂੰ ਚੰਗੀਆਂ ਮੱਤਾ ਚੰਗਾ ਜੀਵਨ ਗੁਜਾਰਨ, ਲੋਭ, ਮੋਹ ਮਾਇਆ ਦਾ ਹੰਕਾਰ ਤਿਆਗਣ ਦਾ ਉਪਦੇਸ਼ ਦਿੰਦੇ ਹਨ, ਪਰ ਜਦੋਂ ਵਾਰੀ ਮਿੱਥੀ ਗਈ ਫੀਸ (ਦਾਨ ਦੱਛਣਾ) ਵਸੂਲ ਕਰਨ ਦੀ ਆਉਂਦੀ ਹੈ ਤਾਂ ਇਹ ਨਿਰਮਲ ਚਿੱਤ ਵਾਲੀਆਂ 'ਬੀਬੀਆਂ ਸੂਰਤਾਂ' ਮਾਇਆ ਪਿੱਛੇ ਜੂਤ-ਪਤਾਨ ਹੁੰਦੀਆਂ ਨਜ਼ਰ ਆਉਂਦੀਆਂ ਹਨ। ਕੀ ਉਪਦੇਸ਼ ਸਿਰਫ ਦੂਜਿਆਂ ਵਾਸਤੇ ਹੀ ਹੁੰਦਾ ਹੈ? ਆਪਣੇ ਵਲੋਂ ਕੀਤੇ ਹਲੀਮੀ ਦੇ ਪ੍ਰਚਾਰ ਨੂੰ ਇਹ ਚੌਰਾਹੇ ਗੱਡ ਦਿੰਦੇ ਹਨ। ਆਪ ਹਉਮੈ ਦੇ ਘੋੜੇ ਚੜ੍ਹਕੇ ਵੱਡੇ ਬਣਦੇ ਹਨ, ਦੂਜਿਆਂ ਨੂੰ ਆਪਣੇ ਆਪ ਤੋਂ ਨੀਵਾਂ ਗਿਣਦੇ ਹਨ। ਪਤਾ ਨਹੀਂ ਕਿਉਂ ਭੁੱਲ ਜਾਂਦੇ ਹਨ ਉਨ੍ਹਾਂ ਨੂੰ ਮਹਾਪੁਰਸ਼ਾਂ ਦੇ ਵਾਕ 'ਮਿੱਠਤ ਨੀਵੀਂ ਨਾਨਕਾ...'। ਇਹ ਮਨਾਂ ਦੀ ਮੈਲ਼ ਦਾ ਹੀ ਨਤੀਜਾ ਹੈ ਕਿ ਉਹ ਦੂਜਿਆਂ ਨੂੰ ਨਾਮ ਦੇ ਲੜ ਲੱਗਣ ਦਾ ਪ੍ਰਚਾਰ ਕਰਦੇ ਹਨ, ਅਤੇ ਆਪਣੀ ਅੱਖ ਮਾਇਆ ਦੀ ਗਠੜੀ ਤੇ ਧਰੀ ਬੈਠੇ ਰਹਿੰਦੇ ਹਨ, ਵਿਚਾਰੇ ਲੋਭੀ ਜੀਊੜੇ।

ਇਹੋ ਹਾਲ ਰਾਜਨੀਤਕਾਂ ਦਾ ਹੈ। ਉਨ੍ਹਾਂ ਦੇ ਮਨ ਦੀ ਮੈਲ਼ ਸਮਾਜਾਂ ਤੇ ਦੇਸ਼ਾਂ ਅੰਦਰ ਵਿਰੋਧ ਖੜ੍ਹੇ ਕਰਦੀ ਹੈ। ਆਪਣੇ ਲੋਕਾਂ ਅੰਦਰ ਦੂਜਿਆਂ ਪ੍ਰਤੀ ਨਫਰਤ, ਵੱਖੋ ਵੱਖ ਭਾਈਚਾਰਿਆਂ ਨੂੰ ਇੱਕ ਦੂਜੇ ਤੋਂ ਵੰਡਣਾਂ ਤੇ ਰਾਜ ਕਰਨਾ, ਕੌਮੀ ਕੌਮਾਂਤਰੀ ਝਗੜੇ ਜੋ ਜੰਗਾਂ ਦਾ ਰੂਪ ਧਾਰ ਲੈਂਦੇ ਹਨ ਇਸੇ ਮਨਾਂ ਦੀ ਮੈਲ਼ ਦਾ ਸਿੱਟਾ ਹੁੰਦੇ ਹਨ। ਸਮਾਜਕ ਪੱਧਰ ਤੇ ਕੰਮ ਕਰਨ ਵਾਲੇ ਦੇਖਦੇ ਹੀ ਰਹਿੰਦੇ ਹਨ ਤੇ ਕਦੀਂ ਕਦੀਂ ਅਪੀਲਾਂ ਦਾ ਪ੍ਰਸ਼ਾਦ ਵੰਡਦੇ ਹਨ। ਬਿਆਨਾਂ ਦੇ ਡੂੰਨਿਆਂ ਵਿੱਚ ਪਾ ਕੇ ਆਪਣੀ ਬੇਹਿੰਮਤੀ ਨੂੰ ਦਰਦ ਭਰੇ ਹੰਝੂਆਂ ਨਾਲ ਧੋ ਲੈਂਦੇ ਹਨ। ਉਨ੍ਹਾਂ ਦੇ ਇਹ ਹੰਝੂੰ ਬੇਵਸੀ ਭਰੇ ਧੋਖੇ ਤੋਂ ਵੱਧ ਕੁੱਝ ਵੀ ਨਹੀਂ ਹੁੰਦੇ।

ਆਮ ਜਿਹੀ ਗੱਲ ਹੈ ਕਿ ਬਹੁਤੇ ਜੀਊੜੇ ਆਪਣੇ ਆਪ ਨੂੰ ਉੱਚਾ/ਵੱਡਾ ਸਾਬਤ ਕਰਨ ਵਾਸਤੇ ਦੂਜੇ ਨੂੰ ਨੀਵਾਂ ਕਰਨਾਂ ਚਾਹੁੰਦੇ ਹਨ। ਜਦੋਂ ਕਿ ਆਪ ਵੱਡਾ ਬਣਨ ਵਾਸਤੇ ਕਿਸੇ ਨੂੰ ਛੋਟਾ ਕਰਨਾ ਜਰੂਰੀ ਨਹੀਂ ਹੁੰਦਾ। ਆਪਣੇ ਆਪ ਨੂੰ ਤਮੀਜ਼/ਤਹਿਜ਼ੀਬ ਵਾਲਾ ਦੱਸਣ ਖਾਤਰ ਜ਼ਰੂਰੀ ਨਹੀ ਕਿਸੇ ਹੋਰ ਨੂੰ ਬਦਤਮੀਜ਼ ਦੱਸਿਆ ਜਾਵੇ। ਵੱਡਾ ਕੋਈ

ਆਪ ਹੀ ਆਪਣੀ ਫੋਕੀ ਵਡਿਆਈ ਕਰਕੇ ਹੀ ਨਹੀਂ ਬਣ ਜਾਂਦਾ ਇਸ ਵਾਸਤੇ ਈਮਾਨਦਾਰੀ, ਸਚਾਈ, ਲੋੜ ਵੇਲੇ ਕਿਸੇ ਦੇ ਕੰਮ ਆਉਣ ਅਤੇ ਕਿਸੇ ਦੂਜੇ ਦੀ ਪੀੜ ਨੂੰ ਹੰਢਾਅ ਸਕਣ ਵਾਲਾ ਔਖਾ ਰਾਹ ਅਪਨਾਉਣਾ ਪੈਂਦਾ ਹੈ। ਇਨਸਾਨ ਨੂੰ ਇਨਸਾਨ ਸਮਝਣ ਵਾਲੀ ਬਿਰਤੀ ਅਪਨਾਉਣੀ ਪੈਂਦੀ ਹੈ। ਮਨ ਨੂੰ ਕਾਬੂ ਵਿਚ ਰੱਖਣ ਤੇ ਮਨ ਦੀ ਮੈਲ਼ ਧੋਣ ਵਾਸਤੇ ਗੁਰਬਾਣੀ ਦਾ ਉਪਦੇਸ਼ ਸੁਣਨ ਦੀ ਹੀ ਨਹੀਂ ਇਸ ਨੂੰ ਅਮਲ ਵਿੱਚ ਲਿਆਉਣ ਦੀ ਲੋੜ ਹੁੰਦੀ ਹੈ :-

'ਮਨ ਜੀਤੈ ਜਗੁ ਜੀਤ'

ਟੱਲੀਆਂ ਬਜਾਇਆਂ ਅਤੇ ਟੋਕਰੇ, ਪਰਾਤਾਂ ਭਰ ਭਰ ਕੇ ਪ੍ਰਸ਼ਾਦ ਵੰਡਿਆਂ ਕਿਸੇ ਦੀ ਨੀਤ ਨਹੀਂ ਬਦਲੀ ਜਾ ਸਕਦੀ। ਉੱਚਾ ਉੱਠਣ ਵਾਸਤੇ ਦੂਜਿਆ ਤੋਂ ਵੱਡਾ ਅਤੇ ਚੰਗਾ ਕੰਮ ਕਰਨਾ ਪੈਂਦਾ ਹੈ। ਇੱਥੇ ਇੱਕ ਮਿਸਾਲ ਕੁਥਾਂਹ ਨਹੀ ਹੋਵੇਗੀ। ਇੱਕ ਸਕੂਲ ਦੀ ਜਮਾਤ ਵਿੱਚ ਅਧਿਆਪਕ ਨੇ ਆ ਕੇ ਬਲੈਕ ਬੋਰਡ ਉੱਤੇ ਚਾਕ ਨਾਲ ਇੱਕ ਲਕੀਰ ਖਿੱਚ ਦਿੱਤੀ ਅਤੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਇਸ ਲਕੀਰ ਨੂੰ ਛੋਟੀ ਕਰਕੇ ਦਿਖਾਉਣ। ਇੱਕ ਵਿਦਿਆਰਥੀ ਕਾਹਲੀ ਨਾਲ ਉੱਠਿਆ ਅਤੇ ਉਸ ਨੇ ਸੂਫਾ ਜਿਹਾ ਫੜ ਕੇ ਲਕੀਰ ਨੂੰ ਖੱਬੇ ਪਾਸਿਉਂ ਥੋੜਾ ਜਿਹਾ ਮਿਟਾ ਦਿੱਤਾ। ਇਸੇ ਤਰਾਂ ਦੂਜੇ ਵਿਦਿਆਰਥੀ ਨੇ ਉਸ ਲਕੀਰ ਨੂੰ ਥੋੜਾ ਜਿਹਾ ਮਿਟਾਉਣ ਦਾ ਯਤਨ ਕੀਤਾ। ਪਰ ਅਧਿਆਪਕ ਨੇ ਕਿਹਾ ਇਸ ਲਕੀਰ ਨੂੰ ਮਟੇਣਾ ਨਹੀ ਛੋਟਾ ਕਰਨਾ ਹੈ। ਜਮਾਤ ਅੰਦਰ ਬੈਠੇ ਵਿਦਿਆਰਥੀ ਚੁੱਪ ਦਾ ਰੂਪ ਧਾਰ ਗਏ। ਅੰਤ ਵਿੱਚ ਇੱਕ ਵਿਦਿਆਰਥੀ ਉੱਠਿਆ ਬਲੈਕ ਬੋਰਡ ਦੇ ਸਾਹਮਣੇ ਆਇਆ ਹੱਥ ਵਿੱਚ ਚਾਕ ਲੈ ਕੇ ਅਧਿਆਪਕ ਵੱਲੋਂ ਵਾਹੀ ਲਕੀਰ ਦੇ ਬਰਾਬਰ ਉਸ ਤੋਂ ਵੱਡੀ ਲਕੀਰ ਖਿੱਚ ਦਿੱਤੀ ਜਿਸ ਨਾਲ ਪਹਿਲਾਂ ਵਾਹੀ ਲਕੀਰ ਆਪਣੇ ਆਪ ਛੋਟੀ ਹੋ ਗਈ। ਇਸੇ ਤਰ੍ਹਾਂ ਕਿਸੇ ਤੋਂ ਵੱਡਾ ਜਾਂ ਚੰਗਾ ਬਣਨ ਲਈ ਉਸ ਤੋਂ ਵੱਧ ਚੰਗੇ ਤੇ ਵੱਡੇ ਕੰਮ ਕਰਨੇ ਪੈਂਦੇ ਹਨ। ਇਹ ਰਾਹ ਔਖਾ ਹੈ ਪਰ ਅਸੰਭਵ ਨਹੀਂ। ਮਿਹਨਤ ਕੀਤਿਆਂ ਫਲ ਦੀ ਆਸ ਰੱਖਣੀ ਹੀ ਚਾਹੀਦੀ ਹੈ।

ਪ੍ਰੇਰਨਾ ਬਿਨਾਂ ਇਹ ਕੰਮ ਨਹੀਂ ਹੋ ਸਕਦਾ। ਇਸਦੇ ਵਾਸਤੇ ਸਮਾਜ ਸੁਧਾਰਕਾਂ, ਰਾਜਨੀਤਕਾਂ, (ਜੋ ਭ੍ਰਿਸ਼ਟ ਨਹੀਂ ਭਾਵੇਂ ਕਿ ਉਹ ਵਿਰਲੇ ਟਾਵੇਂ ਹੀ ਹਨ) ਨੂੰ ਮੋਹਰੀ ਰੋਲ ਅਦਾ ਕਰਨਾ ਪਵੇਗਾ। ਤਦ ਹੀ ਲੋਕ ਪਾਈਆਂ ਨਵੀਆਂ ਪੈੜਾਂ ਦਾ ਰਾਹ ਫੜ ਸਕਦੇ ਹਨ। ਹਿੰਸਾ, ਤਸ਼ੱਦਦ, ਝੂਠ, ਨਫਰਤ, ਧੋਖਾ, ਲੁੱਟ, ਬੇਈਮਾਨੀ, ਰਿਸ਼ਵਤਖੋਰੀ ਅਤੇ ਕਿਸੇ ਦਾ ਹੱਕ ਮਾਰਨਾ ਆਦਿ ਇਹ ਸਭ ਮਨ ਦੀ ਮੈਲ਼ (ਮਨ ਦਾ ਪ੍ਰਦੂਸ਼ਣ) ਹਨ । ਮਨਾਂ ਦੀ ਮੈਲ਼ ਸਮਾਜਾਂ ਨੂੰ ਗੰਦਾ ਅਤੇ ਪਲੀਤ ਕਰ ਦਿੰਦੀ ਹੈ । ਇਸ ਤੋਂ ਛੁਟਕਾਰਾ ਪਾਏ ਬਿਨਾਂ ਕਿਸੇ ਵੀ ਸਮਾਜ ਦੀ ਸਿਹਤਮੰਦ ਉਸਾਰੀ ਨਹੀਂ ਹੋ ਸਕਦੀ।



# ਕੱਚ ਦੇ ਗਲਾਸ ਵਰਗੀ

ਮੀਂਹ ਵਰ੍ਹ ਹਟਣ ਤੋ ਮਗਰੋਂ ਜਦੋਂ ਢਲਦੀ ਦੁਪੈਹਰ ਸੂਰਜ ਚਮਕਦਾ ਹੈ ਦੂਰ ਉੱਭਰ ਆਈ ਸਤਰੰਗੀ ਪੀਂਘ ਅਸਮਾਨ ਦੇ ਹੁਸਨ ਨੂੰ ਚਾਰ ਚੰਨ ਲਾ ਕੇ ਹਰ ਅੱਖ ਨੂੰ ਆਪਣੇ ਵੱਲ ਖਿੱਚਦੀ ਹੈ। ਇਸ ਰੰਗਾਂ ਦੇ ਜਾਦੂ ਵਿੱਚੋਂ ਹਰ ਕੋਈ ਕੁਦਰਤ ਨੂੰ ਪਿਆਰ ਕਰਨ ਵਾਲਾ ਜ਼ਿੰਦਗੀ ਦੀ ਰੰਗੀਨੀ ਵਾਸਤੇ ਮੋਹ ਢੂੰਡਣ ਦਾ ਜਤਨ ਕਰਦਾ ਹੈ। ਇਨ੍ਹਾਂ ਪਲਾਂ ਦਾ ਸਹੀ ਵਰਣਨ ਕਰਨ ਵਾਸਤੇ ਸਹੀ ਸ਼ਬਦ ਤਾਂ ਕੋਈ ਸ਼ਬਦਾਂ ਦਾ ਜਾਦੂਗਰ ਹੀ ਦੱਸ ਸਕਦਾ ਹੈ ।

ਇੱਕ ਗੀਤ ਵੱਜਦਾ ਹੁੰਦਾ ਸੀ ਨਰਿੰਦਰ ਬੀਬਾ ਦਾ ਗਾਇਆ ਹੋਇਆ:

'ਕਾਹਨੂੰ ਮਾਰਦੈਂ ਚੰਦਰਿਆ ਛਮਕਾਂ ਮੈ ਕੱਚ ਦੇ ਗਲਾਸ ਵਰਗੀ'

ਕੱਚ ਦੇ ਗਲਾਸ ਦੀ ਤੁਲਨਾ ਜਿੱਥੇ ਸੁਹੱਪਣ ਨਾਲ ਕੀਤੀ ਜਾ ਸਕਦੀ ਹੈ, ਉੱਥੇ ਨਾਲ ਹੀ ਨਿਮਰਤਾ ਅਤੇ ਲਾਜ ਪਾਲਣ ਵਾਲੀ ਪਿਆਰ ਭਰੀ ਤੱਕਣੀ ਵੀ ਇਸ ਨੂੰ ਆਖਿਆ ਜਾ ਸਕਦਾ ਹੈ। ਸਾਫ ਤੇ ਸੁੱਚਮਤਾ ਵਾਲੀ ਸੋਚ ਤੇ ਰੂਹ ਦੀ ਪਾਕੀਜ਼ਗੀ ਇਸੇ ਕੱਚ ਦੇ ਗਲਾਸ ਦੇ ਅਰਥ ਪੇਸ਼ ਕਰਦੇ ਹਨ। ਵੈਰ-ਵਿਰੋਧ ਤੋਂ ਦੂਰ, ਮੋਹ ਦੀਆਂ ਭੁੱਖੀਆਂ ਤੇ ਮੋਹ ਭਰੀਆਂ ਇਨਸਾਨੀ ਜਿੰਦਾਂ ਹੀ ਤਾਂ ਹੋ ਸਕਦੀਆਂ ਹਨ, ਇਹੋ ਜਿਹੀਆਂ।

ਸਮਾਜੀ ਸੰਦਰਭ ਵਿੱਚ ਇਸ ਦੇ ਅਰਥਾਂ ਵਿੱਚੋ ਗੁਜ਼ਰਦਿਆਂ ਕੁਝ ਹੋਰ ਗੱਲਾਂ ਪੱਲੇ ਪੈਂਦੀਆਂ ਹਨ। ਲੋਕ ਹਰ ਚੀਜ਼ ਜਾਂ ਵਰਤਾਰੇ ਦਾ ਬਾਹਰੀ ਰੂਪ ਤਾਂ ਦੇਖਦੇ ਹਨ, ਪਰ ਅੰਦਰਲੀ ਟੁੱਟ-ਭੱਜ, ਭੁੱਖ, ਲੋਭ ਉਦੋਂ ਨਜ਼ਰ ਆਉਂਦੇ ਹਨ, ਜਦੋਂ ਓਹ ਸਮਾਜ ਦੇ ਮੱਥੇ ਦਾ ਕਲੰਕ ਬਣ ਜਾਂਦੇ ਹਨ ਜਾਂ ਫੇਰ ਸਮਾਜਕ ਸਾੜ੍ਹਸਤੀ (ਕੋਹੜ) ਵੀ ਆਖਿਆ ਜਾ ਸਕਦਾ ਹੈ, ਇਸ ਵਰਤਾਰੇ ਨੂੰ।

ਜਦੋਂ ਛਮਕਾਂ ਦੀ ਗੱਲ ਤੁਰਦੀ ਹੈ, ਤਾਂ ਦੇਖਦੇ ਹਾਂ ਕਿ ਮਰਦ ਪ੍ਰਧਾਨ ਸਮਾਜ ਅੰਦਰ ਉਹ ਕਿਹੜੀ ਵਧੀਕੀ ਹੈ, ਜਿਹੜੀ ਔਰਤਾਂ ਨਾਲ ਨਹੀਂ ਹੁੰਦੀ? ਛਮਕਾਂ ਹਰ ਥਾਵੇਂ ਵੱਜਦੀਆ ਹਨ। ਸਮਾਜਕ ਤੇ ਆਰਥਕ ਖੇਤਰ ਅੰਦਰ ਤਸੀਹੇ ਹੀ ਨਹੀਂ ਲੁੱਟ ਵੀ ਹੈ, ਲੁੱਟ ਸਮੁੱਚੇ ਔਰਤਪਨ ਦੀ, ਲਿੰਗ ਅਧਾਰਤ। ਆਪਣੇ ਸਮਾਜ ਅੰਦਰ ਤਾਂ ਇਹ ਜਨਮ ਤੋਂ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਜਾਂਦੀ ਹੈ। ਗਰਭ ਟੈਸਟ ਦੇ ਆਸਰੇ ਬੱਚੀ ਦਾ ਜਨਮ ਤੋਂ ਪਹਿਲਾਂ ਹੀ ਕਤਲ ਕਰ ਦਿੱਤਾ ਜਾਂਦਾ ਹੈ। ਸਾਇੰਸ ਦੀ ਹੋਈ ਤਰੱਕੀ ਦਾ ਵੀ ਜਲੂਸ ਕੱਢਿਆ ਜਾਂਦਾ ਹੈ।

ਔਰਤ  ਮਾਂ, ਭੈਣ, ਧੀ, ਮਹਿਬੂਬ ਤੇ ਪਤਨੀ ਹੈ। ਔਰਤ ਜਗਤ ਦੀ ਜਣਨੀ ਹੈ, ਫੇਰ ਇਸ ਜਣਨੀ ਨੂੰ ਧਿਰਕਾਰ ਕਿਉਂ? ਔਰਤਾਂ ਨਾਲ ਧੱਕਾ ਉਨ੍ਹਾਂ ਦੇ ਪੇਟੋਂ ਜੰਮਿਆਂ ਇਨਸਾਨ ਹੀ ਕਰਦਾ ਹੈ। ਔਰਤਾਂ ਨਾਲ ਧੱਕਾ ਤੇ ਬਲਾਤਕਾਰ ਕਰਨ ਵਾਲਾ ਮਰਦ, ਉਨ੍ਹਾਂ ਨੂੰ ਕੋਠਾ ਪੇਸ਼ ਕਰਨ ਵਾਲਾ ਮਰਦ, ਦੱਲਾ ਬਣ ਕੇ ਮਾਂ, ਭੈਣ ਦਾ ਮਾਸ ਵੇਚਣ ਵਾਲਾ ਵੀ ਮਰਦ ਹੈ। ਉਸਦੀ ਹਵਸ ਸਾਰੇ ਹੱਦਾਂ-ਬੰਨੇ ਟੱਪ ਜਾਂਦੀ ਹੈ, ਬੇ-ਹਯਾਈ ਦੇ। ਮਾਂ ਤਾਂ ਮਮਤਾ ਦੀ ਮੂਰਤ ਹੁੰਦੀ ਹੈ। ਮਾਂ ਤਾਂ ਧਰਤੀ ਵਰਗਾ ਜੇਰਾ ਰੱਖਦੀ ਹੈ, ਪਰ ਮਰਦ ਪ੍ਰਧਾਨ ਸਮਾਜ ਉਸ ਦੇ ਇਸ ਜੇਰੇ ਦੀਆਂ ਲੀਰਾਂ ਕਰਨ ਬਾਰੇ ਹੀ ਸੋਚਦਾ ਰਹਿੰਦਾ ਹੈ। ਸਕੀਮਾਂ ਘੜਦਾ ਹੈ। ਚਤਰਾਈ ਨਾਲ ਜੂਏ ਦੇ ਦਾਅ 'ਤੇ ਲਾਅ ਦਿੰਦਾ ਹੈ, ਉਸ ਧਰਤੀ ਵਰਗੀ ਪਵਿੱਤਰ ਔਰਤ ਨੂੰ। ਇਸ ਸਮਾਜ ਵਿੱਚ ਰਿਸ਼ਤਿਆਂ ਦੀ ਭੰਨ-ਤੋੜ ਕਰਕੇ ਉਨ੍ਹਾਂ ਦੀਆਂ ਵੰਡੀਆਂ ਪਾਉਣਾ ਮੁਨਾਫੇ ਬਖਸ਼ ਸਮਝਿਆ ਜਾਂਦਾ ਹੈ। ਮੁਨਾਫੇ ਦੇ ਯੁਗ ਵਿੱਚ ਇਸ ਤੋਂ ਕਿੰਨੇ ਕੁ ਬਚਦੇ ਹਨ?

ਸਾਡੇ ਸਮਾਜ ਦਾ ਇਕ ਨਾਂਹ ਪੱਖੀ ਵਰਤਾਰਾ ਬਦਲਣ ਵਾਸਤੇ ਹਰ ਕਿਸੇ ਨੂੰ ਜ਼ੋਰ ਲਾਉਣਾ ਚਾਹੀਦਾ ਹੈ। ਹਰ ਕੋਈ ਜਾਣਦਾ ਹੈ ਕਿ ਲੜਾਈ-ਝਗੜੇ ਵੇਲੇ ਜਿੰਨੀਆਂ ਵੀ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ ਉਹ ਮਾਂ, ਭੈਣ  ਤੇ ਧੀ ਦਾ ਨਾਂ ਲੈ ਕੇ ਹੀ ਕੱਢੀਆਂ ਜਾਂਦੀਆਂ ਹਨ। ਹੈ ਕੋਈ ਅਜਿਹੀ ਗਾਲ੍ਹ ਜਿਹੜੀ ਮਰਦਾਂ ਦਾ ਨਾਂ ਲੈ ਕੱਢੀ ਜਾਂਦੀ ਹੋਵੇ? ਮਰਦ ਆਪਸ ਵਿਚ ਲੜਦੇ ਸਮੇਂ ਮਾਂ, ਭੈਣ ਤੇ ਧੀ ਨੂੰ ਨੰਗਿਆਂ ਕਰਨ ਦਾ ਕੁਕਰਮ ਆਮ ਹੀ ਕਰਦੇ ਹਨ। ਹਰ ਭੈੜਾ ਬੋਲ ਔਰਤ ਵਾਸਤੇ ਹੀ ਕਿਉਂ? ਕੀ ਕਿਸੇ ਸਿਹਤਮੰਦ ਸਮਾਜ ਵਿਚ ਅਜਿਹਾ ਵਾਪਰ ਸਕਦਾ ਹੈ? ਕੀ ਕੋਈ ਅਜਿਹੀ ਬੋਦੀ ਸੋਚ ਰਖਦਾ ਸਮਾਜ ਆਧੁਨਿਕਤਾ ਦੇ ਹਾਣੀ ਹੋਣ ਦਾ ਦਮ ਭਰ ਸਕਦਾ ਹੈ?

ਮੁਲਕਾਂ ਦੀਆਂ ਜੰਗਾਂ, ਧਰਮਾਂ ਦੇ ਝਗੜੇ ਤੇ ਸ਼ਰੀਕਿਆਂ ਦੇ ਵੈਰ ਹੋਣ ਤਾਂ ਧੱਕਾ ਕਿਸ ਦੇ ਨਾਲ ਹੁੰਦਾ ਹੈ? ਆਬਰੂ ਕਿਸ ਦੀ ਰੁਲਦੀ ਹੈ? ਹੌਕੇ ਤੇ ਸਿਸਕੀਆਂ ਆਸਮਾਨ ਨੂੰ ਕਿਸ ਦੀਆਂ ਛੂੰਹਦੀਆਂ ਹਨ? ਔਰਤ ਦੀਆਂ। 1947 ਦੂਰ ਨਹੀਂ, ਅਜੇ ਤੱਕ ਭੁੱਲਿਆਂ ਵੀ ਨਹੀਂ ਕਿਸੇ ਨੂੰ, ਗੱਲ ਕੀ ਸੀ ਤੇ ਹੋਇਆ ਕੀ ? ਇਨ੍ਹਾਂ ਦਾ ਸਤ ਭੰਗ ਕੀਤਾ ਗਿਆ। ਆਖਰ ਕਿਉਂ? ਸੁਣੀਆਂ ਕਿਸੇ ਨੇ ਮਜ਼ਲੂਮਾ ਦੀਆਂ ਚੀਕਾਂ? ਮੰਨੇ ਕਿਸੇ ਨੇ ਮਮਤਾ ਭਰੇ ਜੋੜੇ ਹੱਥਾਂ ਦੇ ਤਰਲੇ? ਅਜੇ ਕੱਲ੍ਹ ਦੀ ਗੱਲ ਕੁਵੈਤ ਅਤੇ ਇਰਾਕ ਦੀ ਲੜਾਈ, ਉਹ ਤਾਂ ਇੱਕੋ ਧਰਮ ਵਾਲੇ ਸਨ। ਯੂਗੋਸਲਾਵੀਆਂ ਦੇ ਮੁਸਲਮਾਨਾਂ ਤੇ ਸਰਬਾਂ ਦੇ ਖ਼ੂਨ ਦੀ ਸਾਂਝ ਕਿੰਝ ਖਿਲਰਦੀ ਦੇਖੀ ਸਭ ਨੇ। ਪਰ ਇੱਜਤ-ਆਬਰੂ ਕੀਹਦੀ ਨੀਲਾਮ ਹੋਈ? ਦੁਹੱਥੜੀਂ ਛਾਤੀਆਂ ਕੀਹਨੇ ਪਿੱਟੀਆਂ? ਉਨ੍ਹਾਂ ਔਰਤਾਂ ਨੇ ਜਿਨ੍ਹਾਂ ਨੂੰ ਵਿਰੋਧੀ ਧਿਰ ਗਿਣਿਆ ਗਿਆ। ਮਿਸਾਲਾਂ ਹੋਰ ਵੀ ਬਹੁਤ ਹਨ, ਦੁਨੀਆਂ ਦੇ ਹੋਰ ਬਹੁਤ ਸਾਰੇ ਮੁਲਕਾਂ ਵਿਚ ਅਜਿਹਾ ਕੁੱਝ ਨਿੱਤ ਵਾਪਰਦਾ ਹੈ।

ਸਾਰਾ ਜੱਗ ਸੁਹੱਪਣ ਦੀ ਕਦਰ ਕਰਦਾ ਹੈ। ਫੇਰ ਉਹ ਕੌਣ ਹਨ, ਜੋ ਹਵਸ ਭਰੀਆਂ ਨਜ਼ਰਾਂ ਲੈ ਕੇ ਘੁੰਮ ਰਹੇ ਹਨ? ਜੋ ਆਪਣੀਆਂ ਕਮੀਨੀਆਂ ਕਰਤੂਤਾਂ ਨਾਲ ਸਾਰੀ



ਮਨੁੱਖ ਜਾਤੀ ਨੂੰ ਸ਼ਰਮਿੰਦਾ ਕਰਦੇ ਹਨ? ਮੋਹ, ਮਮਤਾ ਤੇ ਮੁਹੱਬਤਾਂ ਦਾ ਕਤਲ ਕਰਕੇ ਬਦੀ ਹੱਸਦੀ ਹੈ। ਇਹੋ ਬਦੀ ਪਿਛਲਾ ਲੰਮਾਂ ਸਮਾਂ ਪੰਜਾਬ ਵਿੱਚ ਵੀ ਹੱਸਦੀ ਰਹੀ। ਆਪਣੇ ਆਪ ਨੂੰ ਸੂਰਮੇ ਅਖਵਾਂਉਂਦੇ ਕਿਵੇਂ ਧੀਆਂ, ਭੈਣਾ ਦੀ ਆਬਰੂ ਨਾਲ ਆਪਣੀ 'ਸੂਰਮਗਤੀ' ਦੇ ਆਸਰੇ ਖੇਡਦੇ ਰਹੇ? ਕਿਸ 'ਬਾਬੇ' ਦਾ ਹੁਕਮ ਬਜਾਇਆ ਉਨ੍ਹਾਂ ਨੇ? ਸਿਆਸੀ ਸਿੰਘਾਸਨਾਂ ਤੇ ਬੈਠੇ ਹਾਕਮ ਅਤੇ ਉਨ੍ਹਾਂ ਦੇ ਵਰਦੀਆਂ ਵਾਲੇ ਮੋਹਰੇ ਤਾਕਤ ਦੇ ਨਸ਼ੇ ਵਿੱਚ ਆਪਣੇ ਮੋਢਿਆ ਤੇ ਲੱਗੀਆਂ ਫੀਤੀਆਂ ਦੇ ਆਸਰੇ  ਇਨਸਾਨੀ ਲਿਬਾਸ ਲਾਹ ਲਾਹ ਸੁਟੱਦੇ ਰਹੇ, ਇਨਸਾਨੀਅਤ ਨੂੰ ਅੱਖੋਂ ਪਰੋਖੇ ਕਰਦੇ ਰਹੇ ਅਤੇ ਆਪਣੇ ਇਨਸਾਨੀ ਤੇ ਕਾਨੂੰਨੀ ਫਰਜਾਂ ਨਾਲ ਪੂਰੇ ਨਾ ਨਿਭੇ। ਐਹੋ ਜਿਹੇ ਸਮੇਂ ਧਰਤੀ ਤੇ ਕਹਿਰ ਵਾਪਰਦਾ ਹੈ ਤੇ ਧਰਤੀ ਰੋਂਦੀ ਹੈ, ਆਪਣੇ ਹੀ ਜਾਇਆਂ ਹੱਥੋਂ ਜ਼ਲੀਲ ਹੁੰਦੀ ਹੈ। ਸੱਚ ਦੇ ਪਾਸੇ ਭਾਵੇਂ ਥੋੜੇ ਹੀ ਹੋਣ ਓਹ ਹਮੇਸ਼ਾਂ ਵੰਗਾਰਦੇ ਹਨ ਬਦੀ ਅਤੇ ਬਦੀ ਦੇ ਪੁੱਤਰਾਂ ਨੂੰ। ਸੱਚ ਮਰਦਾ ਵੀ ਨਹੀ, ਆਖਰ ਜਿੱਤ ਸੱਚ ਦੀ ਹੀ ਹੁੰਦੀ ਹੈ। ਪਰ, ਸਮਾਜ ਨੂੰ ਇਸ ਦੀ ਬਹੁਤ ਵੱਡੀ ਕੀਮਤ ਤਾਰਨੀ ਪੈਂਦੀ ਹੈ।

ਸਾਹਿਰ ਲੁਧਿਆਣਵੀ ਸਾਡਾ ਬਹੁਤ ਉੱਘਾ ਅਦੀਬ ਹੋਇਆ ਹੈ ਉਹਦਾ ਲਿਖਿਆ ਤੇ ਲਤਾ ਮੰਗੇਸ਼ਕਰ ਦਾ ਗਾਇਆ ਗੀਤ :

ਔਰਤ ਨੇ ਜਨਮ ਦੀਆ ਮਰਦੋਂ ਕੋ
ਮਰਦੋਂ ਨੇ ਉਸੇ ਧਿਤਕਾਰ ਦੀਆ...

ਸੁਣ ਕੇ ਸੀਨੇ ਵਿੱਚ ਦਿਲ ਰੱਖਦਾ ਕਿਹੜਾ  ਇਨਸਾਨ ਹੈ ਜੋ ਤਿਪ ਤਿਪ ਹੋ ਕੇ ਨਹੀਂ ਖੁਰਦਾ? ਇਨਸਾਨੀ ਜਾਮੇਂ ਵਾਲੇ ਦਰਿੰਦਿਆਂ ਦੀਆਂ ਕਰਤੂਤਾਂ ਅਤੇ ਉਨ੍ਹਾਂ ਵੱਲੋਂ ਆਪਣੀ ਹੀ ਜਣਨੀ ਨੂੰ ਮਾਰੀਆਂ ਛਮਕਾਂ ਦਾ ਸੇਕ ਨਾ ਸਹਾਰਦਾ ਹੋਇਆ ਸ਼ਰਮਿੰਦਾ ਨਹੀਂ ਹੁੰਦਾ? ਇਨ੍ਹਾਂ ਕਾਰਿਆਂ ਤੇ ਸ਼ਰਮਿੰਦਾ ਹੋਣਾ ਓਸ ਦੀ ਇਨਸਾਨੀਅਤ ਹੈ। ਕਿਸੇ ਵਲੋਂ ਵੀ ਇਹੋ ਜਿਹੀ ਸਥਿਤੀ ਤੇ ਹੰਝੂ ਕੇਰਨੇ ਓਸਦੇ ਦਿਲ ਦਾ ਦਰਦ ਹੈ। ਲੋਕ ਭੁੱਲ ਜਾਂਦੇ ਹਨ ਮਹਾਂਪੁਰਸ਼ ਕੀ ਕਹਿੰਦੇ ਹਨ।  ਗੁਰਬਾਣੀ ਕਿਵੇਂ ਮਹਿਮਾ ਗਾਂਓਦੀ ਹੈ, ਇਸ ਜਣਨੀ ਦੀ? ਕਈ ਤਾਂ ਐਵੇਂ ਹੀ ਪਾਗਲ ਹੋ ਗਏ ਸਾਨ੍ਹ ਵਰਗਾ ਮਰਦਊਪੁਣਾ ਹੀ ਦਿਖਾਉਣਾ ਚਾਹੁੰਦੇ ਹਨ। ਕੁੱਝ ਵੀ ਕਰਨ-ਕਰਾਉਣ ਜੋਗੇ ਉਹ ਹੁੰਦੇ ਹੀ ਨਹੀਂ।

ਲੋੜ ਹੈ ਅੱਜ ਅਜਿਹੇ ਸੂਝ ਤੇ ਦਰਦ ਭਰੇ ਦਿਲਾਂ ਦੀ, ਜੋ ਔਰਤ ਦੇ ਖਿਲਾਫ ਉਠਦੀਆਂ ਛਮਕਾਂ ਨੂੰ ਤੋੜ ਸੁੱਟਣ। ਵਿਤਕਰੇ ਭਰੇ ਉਸ ਸਮਾਜੀ ਤੇ ਆਰਥਕ ਪ੍ਰਬੰਧ ਨੂੰ ਖਤਮ ਕਰਨ ਵੱਲ ਵਧਣ, ਜੋ ਇਹਨਾਂ 'ਛਮਕਾਂ' ਨੂੰ ਬਲ ਬਖਸ਼ਦਾ ਹੈ। ਕੱਚ ਦੇ ਗਲਾਸ ਵਰਗੀ ਸੁੱਚੀ, ਸਾਫ ਅਤੇ ਪਾਰਦਰਸ਼ੀ ਸੋਚ ਚਾਹੀਦੀ ਹੈ ਸਮੇਂ ਨੂੰ। ਕੱਚ ਦੇ ਗਲਾਸ ਵਰਗੀ ਦੇ ਅਰਥਾਂ ਨੂੰ ਸਪਸ਼ਟ ਕਰਨ ਵਾਸਤੇ ਲੋੜ ਇਹਨਾਂ ਸ਼ਬਦਾ ਦੇ ਸਹੀ ਅਰਥ ਸਮਝਣ ਦੀ ਹੈ।

# ਪੰਜਾਬੀਅਤ ਦਾ ਪਸਾਰ

ਭਾਈਚਾਰਿਆਂ ਅੰਦਰਲੀ ਸਾਂਝ, ਸਮਾਜ ਦੇ ਬਹੁਪੱਖੀ ਵਿਕਾਸ ਦੀ ਬੁਨਿਆਦ ਆਖੀ ਜਾ ਸਕਦੀ ਹੈ। ਪੰਜਾਬੀ ਵੀ ਹੋਰ ਲੋਕਾਂ ਵਾਂਗ ਵਧਣਾ-ਫੁਲਣਾ ਚਾਹੁੰਦੇ ਹਨ, ਅੱਗੇ ਵਧਣ ਦੀ ਤਾਂਘ ਰਖਦੇ ਹਨ। ਨਿੱਤ ਦਿਨ ਪੰਜਾਂ ਪਾਣੀਆਂ ਵਾਲੇ ਪੰਜਾਬ ਨੂੰ ਹਰ ਥਾਵੇਂ ਯਾਦ ਕੀਤਾ ਜਾਂਦਾ ਹੈ। ਇੱਥੇ ਦੇ ਲੋਕ ਗੀਤ, ਲੋਕ ਕਥਾਵਾਂ ਅਤੇ ਪਿਆਰ ਕਥਾਵਾਂ ਨੂੰ ਵੰਡਿਆ ਨਹੀਂ ਜਾ ਸਕਦਾ। ਸਵਾਲ ਤਾਂ ਹੋਰ ਵੀ ਬਹੁਤ ਹਨ, ਕਿ ਸੂਫੀ ਕਿਹੜੇ ਪਾਸੇ ਦੇ ਹਨ? ਵਾਰਸ, ਬੁੱਲ੍ਹੇ ਤੇ ਹਾਸ਼ਮ ਦੇ ਵਾਰਿਸ ਕੌਣ ਹਨ? ਸੁਲਤਾਨ ਬਾਹੂ ਕਿਨ੍ਹਾਂ ਦੀ ਸੱਦ ਲਾਉਂਦਾ ਹੈ? ਦੁੱਲੇ ਦੀ ਵਾਰ ਦੋਹੀਂ ਪਾਸੀਂ ਲੋਕ ਮਨਾਂ ਦਾ ਵਾਰਸ ਬਣਦੀ ਹੈ । ਅਤੇ ਉੱਚੇ ਕੱਦ ਵਾਲੇ ਅਣਖੀ ਇਨਸਾਨ ਤੇ ਪੰਜਾਬੀ ਅਦੀਬ ਉਸਤਾਦ ਦਾਮਨ ਦਾ ਨਾਂ ਸੁਣਦਿਆਂ ਕਿਸ ਦਾ ਸਿਰ ਸਤਿਕਾਰ ਵਿੱਚ ਨਹੀਂ ਝੁਕਦਾ। ਅਮ੍ਰਿਤਾ ਪ੍ਰੀਤਮ ਚੜ੍ਹਦੇ-ਲਹਿੰਦੇ ਜਾਂ ਬਾਹਰਲੇ ਪੰਜਾਬਾਂ ਵਿੱਚ ਕਿੱਥੇ ਵੱਧ ਸਤਿਕਾਰੀ ਜਾਂਦੀ ਹੈ? ਹੀਰ ਰਾਂਝਾ, ਸੱਸੀ ਪੁਨੂੰ, ਮਿਰਜ਼ਾ ਸਾਹਿਬਾਂ, ਕੀਮਾਂ ਮਲਕੀ ਤੇ ਹੋਰ ਅਜਿਹੀਆਂ ਪ੍ਰੀਤ ਕਹਾਣੀਆਂ ਕਿਵੇਂ ਪੰਜਾਬੀਆਂ ਦੀ ਰੂਹ ਦਾ ਰੱਜ ਬਣਦੀਆਂ ਹਨ। ਪੰਜਾਬੀਅਤ ਦਾ ਘੇਰਾ ਸਾਰੀ ਦੁਨੀਆਂ ਅੰਦਰ ਫੈਲਿਆ ਹੋਇਆ ਹੈ। ਹੁਣ ਪੰਜਾਬੀਅਤ ਦੀ ਗੱਲ ਕਰਦਿਆਂ ਗਲੋਬਲ ਪੱਧਰ ਤੇ ਸੋਚਣ ਤੇ ਸਿੱਝਣ ਦੀ ਲੋੜ ਹੈ। ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਉੱਤੇ ਗੰਭੀਰ ਤੌਰ 'ਤੇ ਸਰਗਰਮ ਜਤਨ ਹੋਣੇ ਚਾਹੀਦੇ ਹਨ ਤਾਂ ਹੀ ਪੰਜਾਬੀ ਦੁਨੀਆਂ ਅੰਦਰਲੀ ਸਥਿਤੀ ਦੇ ਹਾਣੀ ਹੋਣ ਵਾਲੇ ਕਦਮ ਪੁੱਟ ਸਕਦੇ ਹਨ।

ਸਿਆਸਤ ਪੰਜਾਬੀਅਤ ਦੇ ਘੇਰੇ ਨੂੰ ਸਰਹੱਦਾਂ ਅੰਦਰ ਕੈਦ ਰੱਖਣਾ ਚਾਹੁੰਦੀ ਹੈ। ਇਹ ਤਾਂ ਸੱਭਿਆਚਾਰਕ, ਸਾਹਿਤ ਤੇ ਕਲਾ ਦੇ ਖੇਤਰ ਅੰਦਰ ਸਰਗਰਮ ਕਾਮੇ ਹੀ ਹਨ ਜੋ ਪੰਜਾਬੀਅਤ ਦੇ ਬੂਟੇ ਨੂੰ ਵਧਦਾ-ਫੁਲਦਾ ਕਰ ਸਕਦੇ ਹਨ। ਪਰ ਇੱਥੋਂ ਤੱਕ ਪਹੁੰਚਣ ਲਈ ਵੱਡੀ ਲੋਕ ਲਹਿਰ ਦੀ ਉਸਾਰੀ ਲੋੜਾਂ ਦੀ ਲੋੜ ਹੈ ।

ਪੰਜਾਬੀ ਚੜ੍ਹਦੇ-ਲਹਿੰਦੇ ਪੰਜਾਬ ਵਿੱਚ ਹੀ ਨਹੀਂ ਦੁਨੀਆਂ ਦੇ ਹੋਰ ਵੀ 112 ਤੋਂ ਵੱਧ ਮੁਲਕਾਂ ਵਿੱਚ ਰਹਿੰਦੇ ਹਨ। ਇਹਨਾਂ ਮੁਲਕਾਂ ਵਿੱਚ ਵੀ ਵਖਰੇਵਾਂ ਹੈ। ਕਈ ਮੁਲਕਾਂ ਵਿੱਚ ਜਿਵੇਂ ਅਮਰੀਕਾ, ਕੈਨੇਡਾ ਤੇ ਇੰਗਲੈਂਡ ਆਦਿ ਆਪਣੇ ਲੋਕ ਬਹੁਤ ਵੱਡੀ ਗਿਣਤੀ ਵਿੱਚ ਰਹਿ ਰਹੇ ਹਨ। ਹੋਰ ਵੀ ਬਹੁਤ ਸਾਰੇ ਮੁਲਕ ਹਨ, ਜਿੱਥੇ ਆਪਣੇ ਲੋਕਾਂ ਦੀ ਕਾਫੀ ਘੱਟ ਗਿਣਤੀ ਹੈ। ਪਰ ਉਹ ਥੋੜੇ ਜਿਹੇ, ਉਦਾਸ ਬਿਰਤੀ ਨਾਲ ਵਿਚਰਦੇ ਹੋਏ ਵੀ ਆਪਣੇਪਨ ਲਈ ਤਾਂਘਦੇ ਹਨ। ਇਹ ਤਾਂਘ ਹੀ ਤਾਂ ਪੰਜਾਬੀਅਤ ਦਾ ਅਸਲੀ ਰੂਪ ਹੈ। ਇੱਥੇ ਲੋਕ ਸਾਰਥਕ ਜਤਨ ਕਰਦੇ ਹਨ ਅਤੇ ਪੰਜਾਬੀਅਤ ਵਧਦੀ-ਫੁਲਦੀ ਹੈ ।



ਨਵੇਂ ਦਿਸਹੱਦਿਆਂ ਤੱਕ ਪਹੁੰਚਣ ਜਾਂ ਉਨ੍ਹਾਂ ਨੂੰ ਫੜਨ ਦਾ ਹੌਸਲਾ ਰੱਖਣ ਵਾਲੇ ਵਖਰੇਵੇਂ ਵਾਲੀਆਂ ਹਾਲਤਾਂ, ਵੱਖਰੇ ਸਮਾਜਕ, ਧਾਰਮਕ ਪਿਛੋਕੜ ਅਤੇ ਨਵੀਆਂ ਆਰਥਕ ਹਾਲਤਾਂ ਨਾਲ ਜਿਵੇਂ ਹੀ ਸਮਝੌਤਾ ਕਰਨ ਲਈ ਤਿਆਰ ਹੁੰਦੇ, ਇਹੀ ਤਾਂ ਉਨ੍ਹਾਂ ਵਲੋਂ ਸਮੇਂ ਦੇ ਹਾਣ ਦਾ ਹੋਣ ਵਾਸਤੇ ਜਤਨ ਹੁੰਦਾ ਹੈ। ਫੇਰ ਆਪਣੇ ਤਜ਼ਰਬੇ ਵਿੱਚੋਂ ਲੰਘਦਿਆਂ ਉਹ ਆਪਣੇ ਸੰਸਕਾਰਾਂ/ਰਹੁ-ਰੀਤਾਂ/ਰਵਾਇਤਾਂ ਨੂੰ ਨਵਿਆਉਂਦੇ ਹਨ। ਸਮੇਂ ਦੇ ਹਾਣ ਅਤੇ ਮੇਚ ਦਾ ਹੋਣ ਵਾਸਤੇ ਇਹ ਜਰੂਰੀ ਹੁੰਦਾ ਹੈ ਕਿ ਸਮੇਂ ਦੀ ਧਾਰਾ ਵਿਚਲੇ ਹਾਂਅ ਪੱਖੀ ਰੁਝਾਨਾਂ ਦਾ ਸਰਗਰਮ ਸਾਥ ਦਿੱਤਾ ਜਾਵੇ। ਜਿਹੜਾ ਇਸ ਤਰਾਂ ਨਹੀਂ ਕਰਦਾ ਉਹ ਪਛੜ ਜਾਂਦਾ ਹੈ। ਪਛੜੇ ਲੋਕ ਕਿਹੜੇ ਪਾਸੇ ਜਾ ਸਕਦੇ ਹਨ, ਇਸ ਦੀ ਵਿਆਖਿਆ ਕਰਨ ਦੀ ਲੋੜ ਨਹੀਂ ।

ਪੰਜਾਬੀ ਜਿੱਥੇ ਵੀ ਵਸਦੇ ਹਨ ਉਨ੍ਹਾਂ ਦੀ ਸਾਂਝੀ ਤੰਦ ਪੰਜਾਬੀ ਬੋਲੀ/ਭਾਸ਼ਾ, ਪੰਜਾਬੀ ਸੱਭਿਆਚਾਰ ਹੈ। ਅੱਜ ਇਸਦੇ ਪਸਾਰ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਧਰਮਾਂ-ਮਜ੍ਹਬਾਂ ਤੇ ਆਪੋ ਆਪਣੇ ਵਿਸ਼ਵਾਸ਼ਾਂ ਦੀ ਝੂਠੀ ਕੰਧ ਨੂੰ ਇਸ ਦੇ ਦਰਮਿਆਨ ਖੜ੍ਹੀ ਕਰਕੇ ਪੰਜਾਬੀਅਤ ਦੇ ਵਿਕਾਸ ਅੰਦਰ ਰੋੜੇ ਨਹੀਂ ਅਟਕਾਉਣੇ ਚਾਹੀਦੇ ਸਗੋਂ ਭਾਈਚਾਰਿਆਂ ਅੰਦਰ ਉਠਦੇ ਵਿਰੋਧ ਜਾਂ ਮਸਲੇ ਗੱਲਬਾਤ ਨਾਲ ਸੁਲ਼ਝਾਏ ਜਾਣ ਤਾਂ ਕਿ ਪੰਜਾਬੀਅਤ ਦੀ ਬੁਲੰਦੀ ਵਾਸਤੇ ਸਾਂਝੀ ਸਰਗਰਮੀ ਮੱਠੀ ਨਾ ਪਵੇ ।

ਦੋਹਾਂ ਪੰਜਾਬਾਂ (ਚੜ੍ਹਦੇ-ਲਹਿੰਦੇ) ਵਿੱਚ 1947 ਦੀ ਵੰਡ ਤੋ ਬਾਅਦ ਪੰਜਾਬੀ ਭਾਸ਼ਾ ਲਈ ਵਰਤੀ ਜਾਣ ਵਾਲੀ ਲਿੱਪੀ ਦਾ ਮਸਲਾ ਵੀ ਕਾਫੀ ਪੇਚੀਦਾ ਹੈ। ਕਿਉਂਕਿ ਚੜ੍ਹਦੇ ਪਾਸੇ ਗੁਰਮੁਖੀ ਅਤੇ ਲਹਿੰਦੇ ਪਾਸੇ ਸ਼ਾਹਮੁਖੀ (ਫਾਰਸੀ) ਇਸ ਲਈ ਵਰਤੋਂ ਵਿੱਚ ਆਈਆ। ਅਜਾਦੀ ਤੋ ਬਾਅਦ ਦੋਹਾਂ ਪੰਜਾਬਾਂ ਵਿੱਚ ਅੱਧੇ-ਅੱਧੇ ਪੰਜਾਬੀ ਹੀ ਪੈਦਾ ਹੋਏ। ਅੱਧ ਨਾਲੋ ਹਮੇਸ਼ਾ ਹੀ ਕੱਟੇ ਰਹੇ। ਹੋਣਾ ਤਾਂ ਇਹ ਨਹੀਂ ਸੀ ਚਾਹੀਦਾ, ਪਰ ਇਤਿਹਾਸ ਇਸ ਦਾ ਗਵਾਹ ਹੈ ਕਿ ਇੰਜ ਹੋਇਆ। ਜਤਨ ਹੋਣੇ ਚਾਹੀਦੇ ਹਨ ਕਿ ਜਦੋਂ ਤੱਕ ਲਿੱਪੀ ਦਾ ਮਸਲਾ ਹੱਲ ਨਹੀ ਹੁੰਦਾ ਉਦੋਂ ਤੱਕ ਪੰਜਾਬੀ ਸਾਹਿਤ (ਅਤੇ ਹੋਰ ਵਿਸ਼ਿਆਂ ਸਬੰਧੀ ਵੀ) ਦੀਆਂ ਚੰਗੀਆਂ ਕਿਤਾਬਾਂ ਦਾ ਲਿੱਪੀ ਅੰਤਰ ਹੋਵੇ। ਇਸ ਨਾਲ ਪੰਜਾਬੀ ਸਾਹਿਤ/ਸੱਭਿਆਚਾਰ ਅਮੀਰ ਹੋਵੇਗਾ। ਲੋਕ ਇੱਕ ਦੂਜੇ ਵਾਲੇ ਪਾਸੇ ਵਾਪਰ ਰਹੇ ਚੰਗੇ-ਮਾੜੇ ਤੋਂ ਜਾਣੂ ਰਹਿਣਗੇ । ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਸਰਕਾਰਾਂ ਇਹੋ ਜਿਹੇ ਕਾਰਜਾਂ ਵਾਸਤੇ ਵੱਡੇ ਫੰਡ ਰੱਖਣ ਅਤੇ ਇਸ ਸਬੰਧ 'ਚ ਜਿਹੜੇ ਮਹਿਕਮੇ ਕੰਮ ਕਰਨ ਦੇ ਯੋਗ ਸਮਝੇ ਜਾਣ ਲਿਪੀਅੰਤਰ ਕਰਨ-ਕਰਵਾਉਣ ਦਾ ਜਤਨ ਕਰਨ ਮਿਸਾਲ ਵਜੋਂ (ਚੜ੍ਹਦੇ ਪਾਸੇ) ਇਹ ਕੰਮ ਭਾਸ਼ਾ ਵਿਭਾਗ ਪੰਜਾਬ, ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਪੰਜਾਬੀ ਦੇ ਵਿਕਾਸ ਲਈ ਕੰਮ ਕਰ ਰਹੇ ਹੋਰ ਅਦਾਰਿਆਂ ਨੂੰ ਦਿੱਤਾ ਜਾਣਾ ਚਾਹੀਦਾ ਹੈ। ਜੇ ਇਹ ਅਦਾਰੇ ਇਸ ਪਾਸੇ ਸਰਗਰਮ ਹੋਣ ਤਾਂ ਮਸਲਾ ਬਹੁਤ ਵੱਡਾ ਨਹੀਂ ਰਹਿ ਜਾਂਦਾ ।

ਦੋਹਾਂ ਪੰਜਾਬਾਂ ਦੇ ਅਦੀਬਾਂ ਦੀਆ ਪੰਜਾਬੀ ਬੋਲੀ/ਭਾਸ਼ਾ, ਸਾਹਿਤ, ਸੱਭਿਆਚਾਰ ਦੇ ਮਸਲਿਆ ਤੇ ਸਾਂਝੀਆਂ ਬੈਠਕਾਂ, ਗੋਸ਼ਟੀਆਂ, ਕਾਨਫਰੰਸਾਂ ਹੋਣੀਆ ਚਾਹੀਦੀਆ ਹਨ। ਜਿੱਥੇ ਸਾਹਿਤ, ਸੱਭਿਆਚਾਰ ਨਾਲ ਜੁੜੇ ਮਸਲਿਆਂ ਨੂੰ ਦੁਨੀਆਂ ਅੰਦਰਲੀ ਸਥਿਤੀ ਤਹਿਤ ਹੀ ਵਿਚਾਰਿਆ ਜਾਣਾ ਚਾਹੀਦਾ ਹੈ। ਹੋਰ ਬੋਲੀਆਂ ਭਾਸ਼ਾਵਾ ਨੂੰ ਸਾਹਮਣੇ ਰੱਖ ਕੇ ਪੰਜਾਬੀ ਦਾ ਕਦ ਮਿਣਿਆ ਜਾਵੇ ਤਾਂ ਹੀ ਅਸੀਂ ਆਪਣੇ ਆਪ ਨੂੰ ਗਲੋਬਲ ਪੱਧਰ ਤੇ ਪਰਖਣ ਦੇ ਯੋਗ ਹੋ ਸਕਦੇ ਹਾਂ ।

ਕਿਤਾਬਾਂ, ਰਸਾਲਿਆਂ, ਅਖਬਾਰਾਂ ਪ੍ਰਕਾਸ਼ਤ ਜਾਂ ਗੈਰ ਪ੍ਰਕਾਸ਼ਤ ਸਮੱਗਰੀ ਇਕ-ਦੂਜੇ ਮੁਲਕ ਨੂੰ ਭੇਜਣ-ਮੰਗਵਾਉਣ ਲਈ ਦੋਹਾਂ ਪੰਜਾਬਾਂ ਦਰਮਿਆਨ ਕੋਈ ਪਾਬੰਦੀ ਨਾ ਹੋਵੇ। ਲੇਖਕਾਂ, ਸਾਹਿਤਕਾਰਾਂ, ਸੱਭਿਆਚਾਰਕ ਕਾਮਿਆਂ, ਨਾਟ ਮੰਡਲੀਆ, ਸੰਗੀਤ ਮੰਡਲੀਆਂ ਅਤੇ ਹਰ ਕਿਸਮ ਦੇ ਕਲਾਕਾਰਾਂ ਦੇ ਦੋਹੀ ਪਾਸੀਂ ਆਉਣ-ਜਾਣ ਦੀ ਬਿਨਾਂ ਰੋਕ-ਟੋਕ ਖੁੱਲ੍ਹ ਹੋਵੇ । (ਇਨ੍ਹਾਂ ਨੂੰ ਵੀਜ਼ੇ ਤੋਂ ਛੋਟ ਜ਼ਰੂਰੀ ਹੈ) ਇੱਥੇ ਮੁਲਕਾਂ ਦੀਆਂ ਸਰਹੱਦਾਂ ਦੇ ਨਿਯਮਾਂ ਨੂੰ ਦੋਸਤੀ, ਮੋਹ ਤੇ ਲੋਕਾਂ ਅੰਦਰਲੇ ਪਣਪਦੇ ਨਿੱਘ ਅਤੇ ਪੰਜਾਬੀਅਤ ਦੇ ਵਿਕਾਸ ਨੂੰ ਰੋਕਣ ਲਈ ਕਦਾਚਿਤ ਨਹੀਂ ਵਰਤਿਆ ਜਾਣਾ ਚਾਹੀਦਾ, ਸਗੋਂ ਅਜਿਹੇ ਦੋਸਤੀ, ਮੋਹ ਤੇ ਭਰੱਪਣ ਭਰੇ ਕਦਮਾਂ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਹ ਪੰਜਾਬੀਅਤ ਦੀ ਹੀ ਨਹੀਂ ਸਗੋਂ ਇਨਸਾਨੀਅਤ ਦੀ ਵੀ ਸੇਵਾ ਹੋਵੇਗੀ। ਇਸ ਨਾਲ ਜ਼ਖ਼ਮੀ ਅਤੀਤ ਨੂੰ ਭੁੱਲ ਕੇ ਆਉਣ ਵਾਲੇ ਕੱਲ੍ਹ ਨੂੰ ਖੁਸ਼ਗਵਾਰ ਬਣਾਇਆ ਜਾ ਸਕਦਾ ਹੈ। ਘੂਰਦੀਆਂ ਨਜ਼ਰਾਂ ਨੂੰ ਇਸ ਤਰ੍ਹਾਂ ਹੀ ਗਲਵਕੜੀਆਂ ਵਿਚ ਬਦਲਿਆ ਜਾ ਸਕਦਾ ਹੈ।

ਸ਼ਹਿਰਾਂ, ਕਸਬਿਆਂ ਤੇ ਨਾਲ ਨਾਲ ਪਿੰਡਾਂ ਵਿੱਚ ਵੀ ਲਾਇਬ੍ਰੇਰੀਆਂ ਖੋਲ੍ਹਣ ਦੇ ਜਤਨ ਹੋਣੇ ਚਾਹੀਦੇ ਹਨ। ਜਿਸ ਨਾਲ ਲੋਕ ਕਿਤਾਬਾਂ ਨਾਲ ਜੁੜਨ ਅਤੇ ਨਵੀਂ ਸੂਝ ਦਾ ਪੱਲਾ ਫੜਨ। ਇਹੋ ਜਿਹੇ ਕਾਰਜਾਂ ਖਾਤਰ ਤਾਂ ਵੱਧ ਖਰਚ ਅਤੇ ਵੱਧ ਸਰਗਰਮੀ ਦੇ ਜਤਨ ਕਰਨੇ ਚਾਹੀਦੇ ਹਨ। ਇਹ ਸੱਭਿਆ ਸਮਾਜ ਵੱਲ ਜਾਂਦਾ ਸੂਝ ਭਰਿਆ ਰਸਤਾ ਹੈ। ਇਸ ਨੂੰ ਇਖ਼ਤਿਆਰ ਕੀਤੇ ਬਿਨਾਂ ਕੋਈ ਵੀ ਸਮਾਜ ਤਰੱਕੀ ਨਹੀਂ ਕਰ ਸਕਦਾ।

ਪੰਜਾਬ ਦੇ ਵਿਦਵਾਨ ਪੰਜਾਬੀਅਤ ਖਾਤਰ ਗੱਲੀਂ-ਬਾਤੀਂ ਬੁੱਤਾ ਸਾਰਿਆ ਚਾਹੁੰਦੇ ਹਨ। ਇਹ ਭਾਵਕ ਕਿਸਮ ਦੀ ਜ਼ਹਿਨੀਅਤ ਦੇ ਸ਼ਿਕਾਰ ਹਨ। ਦੇਰ-ਸਵੇਰ ਇਨ੍ਹਾਂ ਨੂੰ ਭਾਵਕਤਾ ਤੋ ਮੁਕਤ ਹੋ ਕੇ ਗੰਭੀਰਤਾ ਵੱਲ ਤੁਰਨ ਦੇ ਜਤਨ ਕਰਨੇ ਹੀ ਪੈਣੇ ਹਨ। ਇਨ੍ਹਾਂ ਵਿਦਵਾਨਾਂ ਨੂੰ ਬਹੁਤ ਚਿੰਤਾ ਰਹਿੰਦੀ ਹੈ ਕਿ ਪਰਦੇਸਾਂ ਵਿੱਚ ਪੰਜਾਬੀਅਤ ਵਧੇ-ਫੁਲੇ। ਉਨ੍ਹਾਂ ਦੀ ਇਹ ਚਿੰਤਾ ਜਾਇਜ਼ ਹੈ। ਪਰ ਉਹ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਤੋ ਅੱਖਾਂ ਕਿਉਂ ਮੀਟ ਲੈਂਦੇ ਹਨ? ਕਿਹੜੀਆਂ ਕੋਸ਼ਿਸ਼ਾਂ ਕਰਦੇ ਹਨ ਉਹ ਦੋਵਾਂ ਪੰਜਾਬਾਂ ਵਿੱਚ ਡੁਬਦੀ ਜਾਂਦੀ ਪੰਜਾਬੀਅਤ (ਇਸ ਦੀ ਬੁਨਿਆਦ ਪੰਜਾਬੀ) ਨੂੰ ਬਚਾਉਣ ਦੀਆਂ? ਉਹ ਬਾਹਰ ਵਸਦੇ ਪੰਜਾਬੀਆਂ ਨੂੰ 'ਨੇਕ' ਸਲਾਹਾਂ ਦੇਣ ਆਉਂਦੇ ਹਨ। ਉਨ੍ਹਾਂ ਮਸਲਿਆ ਬਾਰੇ ਜਿਨਾਂ ਬਾਰੇ ਉਨ੍ਹਾਂ ਨੂੰ ਮਾੜਾ ਮੋਟਾ ਹੀ ਗਿਆਨ ਹੁੰਦਾ ਹੈ। ਸੁਣੀਆਂ-ਸੁਣਾਈਆਂ ਗੱਲਾਂ ਜਾਂ



ਘੜੇ-ਘੜਾਏ ਫਾਰਮੂਲੇ ਕੱਛ ਹੇਠ ਦੇ ਕੇ ਨਿਕਲ ਤੁਰਦੇ ਹਨ 'ਮੱਤਾਂ' ਵੰਡਣ। ਰੌਲਾ ਬਾਹਰਲਾ ਗੇੜਾ ਜਾਂ ਵਲੈਤੀ ਦਾਰੂ-ਵੱਤਾ ਅਤੇ ਸੈਰ ਕਰਨ ਦਾ ਹੁੰਦਾ ਹੈ, ਪੰਜਾਬੀਅਤ ਦੇ ਬਹਾਨੇ। ਬੱਸ ਜਿਵੇਂ ਆਉਂਦੇ ਹਨ ਉਵੇਂ ਹੀ ਮੁੜ ਜਾਂਦੇ ਹਨ। ਉਨ੍ਹਾ ਨੂੰ ਦੇਖਿਆ, ਸੁਣਿਆ (ਸਿੱਖਿਆ ਹੋਇਆ ਨਹੀਂ ਕਿਉਂਕਿ ਸਿੱਖਣ ਦੀ ਤਾਂ ਉਨ੍ਹਾਂ ਨੂੰ ਲੋੜ ਹੀ ਕੋਈ ਨਹੀਂ, ਬਹੁਤਿਆਂ ਕੋਲ ਸਿੱਖਣ ਦੀ ਸਮਰੱਥਾ ਵੀ ਨਹੀਂ) ਦੇਸ਼ ਨੂੰ ਜਾਣ ਵੇਲੇ ਨਾਲ ਲੈ ਕੇ ਜਾਣਾ ਚਾਹੀਦਾ ਹੈ। ਉਸ ਦੇ ਆਸਰੇ ਆਪਣੇ ਲੋਕਾਂ, ਅਦਬੀ ਅਤੇ ਬੌਧਕ ਹਲਕਿਆਂ ਅੰਦਰ ਬਹਿਸ ਛੇੜਨੀ ਚਾਹੀਦੀ ਹੈ । ਪਰ ਅਜੇ ਤੱਕ ਇੰਜ ਘੱਟ ਹੀ ਦੇਖਣ ਨੂੰ ਮਿਲਿਆ ਹੈ ।

ਪੰਜਾਬੀ ਖਾਤਰ ਕਾਨਫੰਰਸਾਂ ਵੀ ਹੁੰਦੀਆਂ ਹਨ। ਵਿਚਾਰੇ ਜਾਂਦੇ/ਗਏ ਮਸਲਿਆ 'ਤੇ ਅਮਲ ਕਰਵਾਉਣ ਵਾਸਤੇ ਤਾਂ ਲੋਕ ਲਹਿਰ ਨੂੰ ਉਸਾਰਨਾ ਹੁੰਦਾ ਹੈ। ਪਰ, ਅਜਿਹਾ ਅਜੇ ਤੱਕ ਨਹੀਂ ਹੋਇਆ। ਵਿਦਵਾਨ ਤਾਂ ਆਪਣੀਆਂ ਕੁਰਸੀਆਂ ਉੱਚੀਆਂ ਚੁੱਕਣ ਦੇ ਆਹਰ ਵਿਚ ਹਨ। ਇਹ ਮਾੜੀ ਬਿਰਤੀ ਹੈ। ਪੰਜਾਬੀਅਤ ਦੇ ਭਲੇ ਵਾਸਤੇ ਇਸ ਰੋਗ ਦੇ 'ਮਰੀਜ਼ਾਂ' ਲਈ ਇਸ ਤੋ ਛੁਟਕਾਰਾ ਪਾਉਣਾ ਬਹੁਤ ਜ਼ਰੂਰੀ ਹੈ।

ਪੰਜਾਬੀਆਂ ਦੀ ਅਜੋਕੀ ਪੀੜ੍ਹੀ ਨੂੰ ਪੰਜਾਬ ਦੇ ਬੀਤੇ ਦਾ ਬਹੁਤਾ ਸਹੀ ਗਿਆਨ ਨਹੀਂ। ਇਸ ਵਾਸਤੇ ਪੰਜਾਬੀ ਸਾਹਿਤ ਦਾ ਸਾਂਝਾ ਇਤਿਹਾਸ ਛਾਪਿਆ ਜਾਣਾ ਸਮੇਂ ਦੀ ਸਭ ਤੋ ਵੱਡੀ ਲੋੜ ਹੈ । ਜੋ ਇੱਕੋ ਸਮੇਂ ਦੋਹੀਂ ਪਾਸੀਂ ਦੋਹਾਂ ਲਿੱਪੀਆਂ ਵਿੱਚ ਪ੍ਰਕਾਸ਼ਿਤ ਹੋਵੇ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਵਿਦਵਾਨਾਂ, ਅਦੀਬਾਂ ਤੋਂ ਲੇਖ ਲਿਖਵਾ ਕੇ ਇਸ ਵਿੱਚ ਸ਼ਾਮਲ ਕੀਤੇ ਜਾਣ। ਹੁਣ ਤੱਕ ਜਦੋਂ ਵੀ ਪੰਜਾਬੀ ਸਾਹਿਤ ਦਾ ਇਤਿਹਾਸ ਪੜ੍ਹਦੇ ਹਾਂ ਤਾਂ 12-14 ਲੇਖ ਇੱਕ ਪਾਸੇ ਦੇ ਵਿਦਵਾਨਾਂ ਦੇ ਹੁੰਦੇ ਹਨ ਤੇ ਇੱਕ ਅੱਧਾ ਲੇਖ ਦੂਜੇ ਪਾਸੇ ਵਾਲੇ ਅੱਧ ਦੇ ਕਿਸੇ ਵਿਦਵਾਨ ਦਾ। ਇਹ ਗਲਤ ਰਾਹ ਹੀ ਨਹੀਂ ਇਹ ਤਾਂ ਸਰਾਸਰ ਧੋਖਾ ਹੈ, ਆਪਣੇ ਨਾਲ, ਪੰਜਾਬੀ ਸਾਹਿਤ/ਅਦਬ ਨਾਲ ਅਤੇ ਪੰਜਾਬੀਅਤ ਨਾਲ। ਇਸ ਪਾਸੇ ਸਰਗਰਮੀ ਭਰੇ ਸੁੱਚਜੇ ਤੇ ਸਾਰਥਕ ਜਤਨ ਬਹੁਤ ਜ਼ਰੂਰੀ ਹਨ। ਇਸ ਵਿੱਚ ਪਰਦੇਸੀਂ ਵਸਦੇ ਪੰਜਾਬੀ ਭਾਈਚਾਰੇ (ਸਾਹਿਤਕ) ਨੂੰ ਸ਼ਾਮਲ ਕਰਨਾ ਵੀ ਬਹੁਤ ਜ਼ਰੂਰੀ ਹੈ, ਨਹੀਂ ਤਾਂ ਇਹ ਅਧੂਰਾ ਕਾਰਜ ਹੀ ਹੋਵੇਗਾ। ਇਸ ਤਰਾਂ ਦੀ ਬਹੁਮੁੱਲੀ ਰਚਨਾ ਨੂੰ ਵੱਧੋ ਵੱਧ ਲੋਕਾਂ ਤੱਕ ਪਹੁੰਚਾ ਕੇ ਮਨਾਂ ਵਿੱਚ ਦੋਸਤੀ ਦਾ ਨਿੱਘ ਪੈਦਾ ਕੀਤਾ ਜਾਵੇ, ਨਵੀਂ ਲੋਅ ਵਾਲੇ ਦੀਵੇ ਉਨ੍ਹਾਂ ਦੇ ਮੱਥਿਆਂ ਵਿੱਚ ਚਮਕਣ। ਜਿਸ ਦੇ ਆਸਰੇ ਪੰਜਾਬੀਅਤ ਵਧੇ-ਫੁਲੇ ਤੇ ਇਸ ਦਾ ਪਸਾਰ ਹੋਵੇ। ਇਸ ਸਭ ਤੋਂ ਬਿਨਾ ਪੰਜਾਬੀਅਤ ਦੀਆਂ ਗੱਲਾ ਚਲੇ ਵਿੱਚ ਲਾਠੀ ਫੇਰਨ ਤੋ ਵਾਧੂ ਕੁੱਝ ਵੀ ਨਹੀਂ। ਭਲਾਂ ਅਸੀਂ ਹੋਰ ਕਦੋਂ ਕੁ ਤੱਕ ਚਲੇ ਵਿੱਚ ਲਾਠੀ ਹੀ ਫੇਰੀ ਜਾਂਵਾਂਗੇ? ਹੁਣ ਵੇਲਾ ਗੱਲਾਂ-ਬਾਤਾਂ ਹੀ ਕਰੀ ਜਾਣ ਦਾ ਨਹੀਂ ਸਗੋਂ ਅਮਲ ਕਰਨ ਦਾ ਹੈ।

# ਖ਼ਤਰਨਾਕ ਖੇਡ

ਜ਼ਿੰਦਗੀ ਜੀਊਂਦਿਆਂ ਮਨੁੱਖ ਨੂੰ ਬਹੁਤ ਸਾਰੇ ਉਤਰਾਵਾਂ-ਚੜ੍ਹਾਵਾਂ ਰਾਹੀਂ ਲੰਘਣਾ ਪੈਂਦਾ ਹੈ। ਇਹ ਸਦਾ ਹੀ ਸਿੱਧੇ-ਸਾਦੇ ਤੇ ਸੁੱਖ ਭਰੇ ਨਹੀਂ ਹੁੰਦੇ। ਅੱਜ ਦੇ ਤੇਜ ਰਫਤਾਰ ਅਤੇ ਜਟਿਲਤਾ ਭਰਪੂਰ ਸਮੇਂ ਅੰਦਰ ਇਨ੍ਹਾਂ 'ਗੇੜਾਂ' ਨੂੰ ਸਮਝਣਾ ਬਹੁਤ ਔਖਾ ਹੈ, ਪਰ ਇਸ ਤੋਂ ਪਾਸਾ ਵੱਟ ਕੇ ਲੰਘ ਜਾਣਾ ਵੀ ਸੰਭਵ ਨਹੀਂ। ਜਿਵੇਂ ਜਿਵੇਂ ਅਸੀਂ ਪੇਚੀਦਾ ਸਵਾਲਾਂ ਦੇ ਅੰਦਰ ਝਾਕਣ ਦਾ ਜਤਨ ਕਰਦੇ ਹਾਂ, ਉਨ੍ਹਾਂ ਦੀਆਂ ਹੋਰ ਤਹਿਆਂ ਫਰੋਲਦੇ ਹਾਂ ਤਾਂ ਅੱਗਿਉਂ ਕਿਸੇ ਲੀਰਾਂ ਦੀ ਗੇਂਦ ਵਾਂਗ ਉਘੜੇ-ਦੁਗੜੇ ਵਲ਼ ਨਿਕਲਦੇ ਹੀ ਚਲੇ ਆਉਂਦੇ ਹਨ।

ਮਾਇਆਧਾਰੀ ਯੁੱਗ ਵਿੱਚ ਅਜਿਹਾ ਬਹੁਤ ਕੁਝ, ਹੈ ਜੋ ਆਮ ਤੌਰ ਤੇ ਸਾਡੀ ਸੋਚ ਧਾਰਾ ਨੂੰ ਪ੍ਰਭਾਵਿਤ ਕਰ ਜਾਂਦਾ ਹੈ ਐਵੇਂ ਤਾਂ ਨਹੀ ਇਸ ਭੋਗਵਾਦੀ ਸਮਾਜ ਅੰਦਰ ਭਗਵੇਂ-ਚਿੱਟੇ ਚੋਲ਼ੇ ਪਾਈ ਆਪਣੇ-ਆਪ 'ਤੇ ਆਪ ਹੀ 'ਸਾਧ-ਸੰਤ' (?) ਹੋਣ ਦਾ ਲੇਬਲ ਲਾਈ ਫਿਰਦੇ ਆਪੇ ਬਣੇ ਇਹ 'ਮਹਾਂਪੁਰਸ਼' (ਜਰੂਰੀ ਨਹੀਂ ਇਹ ਨੇਕ ਪੁਰਸ਼ ਵੀ ਹੋਣ) ਵਧੀਆ ਕਾਰਾਂ ਤੇ ਸੁੱਖ ਅਰਾਮ, ਦਰਅਸਲ ਐਸ਼ਪ੍ਰਸਤੀ ਵਾਲੀ ਜ਼ਿੰਦਗੀ (ਜੋ ਮਹਾਨ ਭਾਰਤ ਅੰਦਰ ਸਿਰਫ ਵਿਹਲੜਾਂ, ਜਾਂ ਮਾੜੇ ਕੰਮ ਕਰਨ ਵਾਲਿਆਂ ਨੂੰ ਹੀ ਨਸੀਬ ਹੁੰਦੀ ਹੈ) ਦੀ ਕਾਮਨਾ ਕਰਨ ਲੱਗ ਜਾਂਦੇ ਹਨ ਅਤੇ ਹੁਣ ਉਹ ਸਮਾਧੀ ਕਿਸੇ ਕੁਟੀਆਂ, ਵਣ ਜਾਂ ਜੰਗਲ-ਬੇਲੇ ਵਿੱਚ ਨਹੀਂ ਲਗਾਉਂਦੇ ਇਸ ਕੰਮ ਲਈ ਵੀ ਓਨ੍ਹਾਂ ਨੂੰ ਅਜੋਕੇ ਯੁੱਗ ਦੇ ਪਦਾਰਥਾਂ ਨਾਲ ਭਰਪੂਰ ਇਕਾਂਤ ਵਾਲੀ ਏਅਰਕੰਡੀਸ਼ਨ ਕੋਠੀ ਚਾਹੀਦੀ ਹੈ (ਜਦੋਂ ਉਹ ਆਪਣੀਆਂ ਕਰਤੂਤਾਂ ਕਰਕੇ ਜੇਲ੍ਹ ਜਾਂਦੇ ਹਨ, ਉੱਥੇ ਵੀ ਉਹ ਪੂਰੀਆਂ ਸਹੂਲਤਾਂ ਮੰਗਦੇ ਤੇ ਪ੍ਰਾਪਤ ਕਰ ਲੈਂਦੇ ਹਨ), ਹੋ ਸਕਦਾ ਹੈ ਉਨ੍ਹਾਂ ਨੇ ਆਪਣੇ 'ਭਗਵਾਨ' ਨੂੰ ਆਪਣੇ ਵਰਗਾ ਹੀ ਕਰ ਲਿਆ ਹੋਵੇ, ਜਾਂ ਫਿਰ ਉਹ ਆਪ ਉਂਜ ਹੀ ਸਮਝਣ ਲੱਗ ਪਏ ਹੋਣ ।

ਪਹਿਲੇ ਸਮਿਆਂ ਵਿੱਚ ਲੋਕਾਂ ਅੰਦਰ ਸਹਿਜ ਭਰਿਆ ਸੁਭਾਅ, ਬੋਲਾਂ 'ਚ ਮਿਠਾਸ, ਦੂਜੇ ਪ੍ਰਤੀ ਮੋਹ ਆਦਿ ਆਮ ਹੀ ਵੇਖਣ ਨੂੰ ਮਿਲਦੇ ਸਨ, ਪਰ ਉਦੋਂ ਤੇ ਅੱਜ ਦਾ ਫਰਕ ਕੀਤਿਆਂ ਪਤਾ ਲੱਗਦਾ ਹੈ ਕਿ ਹਰ ਪਾਸੇ ਹੀ ਬੇ-ਮਤਲਬ ਦੌੜ ਜਾਂ ਕਾਹਲ ਹੀ ਨਹੀਂ, ਸਗੋਂ ਹਫੜਾ-ਦਫੜੀ ਜਿਹੀ ਮਚੀ ਹੋਈ ਨਜ਼ਰੀਂ ਪੈਂਦੀ ਹੈ । ਆਮ ਤੌਰ ਤੇ ਸਹਿਜ ਦਿਸਦਾ ਵਿਅਕਤੀ ਵੀ ਜਦੋਂ ਉਸ ਦਾ ਕਿਸੇ ਦੂਸਰੇ ਨਾਲ ਵਾਹ ਪੈਂਦਾ ਹੈ, ਅੰਦਰੋਂ ਖੌਲ਼ਦਾ ਜਿਹਾ ਦਿਸਣ ਲੱਗ ਪੈਂਦਾ ਹੈ, ਬੋਲੇਗਾ ਤਾਂ ਮੂੰਹੋਂ ਅੱਗ ਸੁੱਟਣ ਦਾ ਯਤਨ ਕਰਦਾ



ਹੋਇਆ ਦਿਖਾਈ ਦੇਵੇਗਾ। ਉਸ ਵਿਅਕਤੀ ਦਾ ਇਹ ਪ੍ਰਤੀਕ੍ਰਮ ਸਮਾਜ ਅੰਦਰ ਵਾਪਰਦੇ ਨਿੱਤ ਦੇ ਕਾਰਜਾਂ ਦਾ ਹੀ ਇੱਕ ਰੂਪ ਹੈ। ਕੌਣ ਭਲਾਂ ਦੂਸਰੇ ਵੱਲ ਉਂਗਲ ਕਰੇ? ਕੌਣ ਦੂਸਰੇ ਤੋ ਬੁਰਾ-ਭਲਾ ਸੁਣੇ? ਆਪਣਾ ਚਿੰਤਨ ਕਰਨ ਤੋਂ ਹਰ ਕੋਈ ਕਤਰਾਉਂਦਾ ਹੈ।

ਸਮਾਜ ਨੇ ਹਰ ਖੇਤਰ ਅੰਦਰ ਬਹੁਤ ਤਰੱਕੀ ਕੀਤੀ ਹੈ, ਪਰ ਇਸ ਦੇ ਹੋਏ ਵਿਕਾਸ ਨੇ ਕਈ ਮਾੜੇ ਪੱਖ ਵੀ ਨਾਲ ਹੀ ਲੈ ਆਂਦੇ ਹਨ। ਇੱਥੇ ਵਿਗਿਆਨ ਅੰਦਰਲੀ ਤਰੱਕੀ ਜਾਂ ਵਿਕਾਸ ਨੂੰ ਉਸਾਰੂ ਪਾਸੇ ਘੱਟ, ਮਾਇਕ ਪੱਖੋਂ ਤਕੜੇ ਹੋਣ ਵਾਸਤੇ ਵੱਧ ਵਰਤਣ ਦੇ ਯਤਨ ਹੋ ਰਹੇ ਹਨ। ਤਕੜੇ ਮੁਲਕ ਜੰਗਾਂ ਦਾ ਸਮਾਨ ਲੜਾਕੇ ਜਹਾਜ, ਟੈਂਕ, ਤੋਪਾਂ ਆਦਿ ਬਣਾ ਕੇ ਗਰੀਬ ਲੋਕਾਂ ਦੇ ਮੂੰਹ ਦੀ ਰੋਟੀ ਖੋਹ ਰਹੇ ਹਨ। ਮੌਤ ਦਾ ਇਹ ਸਮਾਨ ਵੇਚਣ ਨਾਲ ਉਨ੍ਹਾਂ ਦੀਆਂ ਤਿਜੌਰੀਆਂ ਭਰਦੀਆਂ ਹਨ। ਜਦੋਂ ਕਿਸੇ ਹੋਰ ਮੁਲਕ ਦੇ ਉਨ੍ਹਾਂ ਵਰਗੇ ਉਜੱਡ ਆਗੂ ਵੀ ਬੰਬ ਬਣਾ ਕੇ ਬੋਝੇ ਪਾਈ ਫਿਰਨ ਤਾਂ ਉਨ੍ਹਾਂ ਨੂੰ ਦਬਕੇ ਮਾਰਦੇ ਹਨ। ਸਿਆਸਤ ਦੀ ਇਹ ਖੇਡ ਲੋਕਾਂ ਦੇ ਪੱਲੇ ਨਮੋਸ਼ੀ ਹੀ ਪਾਉਂਦੀ ਹੈ। ਜਿੱਥੇ ਜੀਊਣ ਦੇ ਹੱਕ 'ਤੇ ਡਾਕਾ ਮਾਰਨ ਦੇ ਯਤਨ ਕੀਤੇ ਜਾਂਦੇ ਹੋਣ, ਜਿੱਥੇ ਭਰਾਵਾਂ ਨੂੰ ਗਲਵਕੜੀ ਪਾਉਣ ਤੋ ਪਹਿਲਾਂ ਹੀ ਠਾਹ ਦੀ ਅਵਾਜ਼ ਸੁਣਨੀ ਪਵੇ, ਜਿੱਥੇ ਆਪਣਿਆਂ ਨੂੰ ਪਰਾਇਆ ਐਲਾਨ ਦਿੱਤਾ ਜਾਵੇ ਉੱਥੇ ਤਾਂ ਮਨ ਸਿਰਫ ਉਦਾਸ ਹੀ ਹੋ ਸਕਦਾ ਹੈ। ਐਹੋ ਜਹੀ ਹਾਲਤ ਵਿਚ ਤਾਂ ਮਨੁੱਖ ਆਪਣੇ ਆਪ ਨਾਲ ਵੀ ਰੁੱਸਿਆਂ ਵਰਗਾ ਹੀ ਵਿਹਾਰ ਕਰਦਾ ਹੈ।

ਕੰਪਿਊਟਰ ਆਇਆ ਤਾਂ ਲੋਕ ਅਸ਼ ਅਸ਼ ਕਰ ਉੱਠੇ ਕਿ ਕੰਮ ਦੇ ਫਾਹੇ ਵਢਦਾ ਐ ਜੀ ਅਤੇ ਇੰਟਰਨੈਟ ਨੇ ਤਾਂ ਹਵਾ ਨਾਲ ਗੱਲਾਂ ਕਰਨ ਲਾ ਦਿੱਤੇ ਲੋਕ। ਇਸ ਰਾਹੀਂ ਸੂਚਨਾਵਾਂ ਦੇ ਭੰਡਾਰ ਇੱਕਠੇ ਹੋ ਕੇ ਮਿੰਟਾਂ ਸਕਿੰਟਾਂ ਅੰਦਰ ਲੋਕਾਂ ਤੱਕ ਪਹੁੰਚਣ ਲੱਗੇ ਪਰ ਨਾਲ ਹੀ ਹਰਾਮੀ ਕਿਸਮ ਦੇ ਮਾਫੀਆਂ ਗਰੁੱਪ (ਕਾਲੀਆਂ ਭੇਡਾਂ) ਵੀ ਪਿੱਛੇ ਨਹੀਂ ਰਹੇ, ਇਸ ਤਰੱਕੀ 'ਚੋਂ ਹਿੱਸਾ ਵੰਡਾਓਣ ਵੇਲੇ। ਉਨ੍ਹਾਂ ਨੇ ਆਪਣੇ ਹਿਤਾਂ ਵਾਲੀ ਸੂਚਨਾਂ ਨੂੰ ਇੰਟਰਨੈਟ ਦੇ ਸਹਾਰੇ ਦੂਰ-ਦੁਰਾਡੇ ਪਹੁੰਚਾਇਆ। ਇਨਾਂ ਵਿੱਚ ਸਮਗਲਰ, ਭੰਨ-ਤੋੜ ਕਰਨ-ਕਰਾਉਣ ਵਾਲੇ, ਬਲੈਕ 'ਚ ਹਥਿਆਰ ਵੇਚਣ ਤੇ ਖਰੀਦਣ ਵਾਲੇ ਅਤੇ ਦੇਹ ਵਪਾਰ ਕਰਨ-ਕਰਵਾਉਣ ਵਾਲੇ, ਉੱਚੀਆਂ ਪਹੁੰਚਾਂ ਦੇ ਆਸਰੇ ਗੈਰ ਕਾਨੂੰਨੀਂ ਧੰਦਿਆਂ, ਚਕਲਿਆਂ ਤੋ ਧੰਨ ਕਮਾਓਣ ਵਾਲੇ ਅਤੇ ਉਨ੍ਹਾਂ ਦੇ ਦਿਸਦੇ-ਅਣਦਿਸਦੇ ਰਾਜ ਸੱਤਾ ਤੇ ਕਾਬਜ਼ ਜਾਂ ਰਾਜ ਸੱਤਾ ਵਿਚ ਵਿੰਗੇ-ਸਿੱਧੇ ਭਾਈਵਾਲ, ਲੁਕਵੇਂ ਮਾਲਕ ਸਭ ਸ਼ਾਮਿਲ ਹੋ ਗਏ ।

ਵਸਤਾਂ ਨੂੰ ਦੇਖਣ-ਪਰਖਣ ਦਾ ਢੰਗ-ਤਰੀਕਾ ਵੀ ਬਦਲ ਗਿਆ ਹੈ। ਪੂਰੇ ਤੌਰ ਤੇ ਅਜਾਦ ਹੁੰਦੇ ਹੋਏ ਵੀ ਖਰੀਦਦਾਰੀ ਅਸੀਂ ਆਪਣੀ ਮਰਜੀ ਨਾਲ ਨਹੀਂ, ਸਗੋਂ ਬਹੁਤੀ ਨਿੱਤ ਹੁੰਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਕਰਦੇ ਹਾਂ। ਅਖਬਾਰਾਂ, ਰੇਡੀਓ, ਟੈਲੀਵੀਜ਼ਨ, ਆਦਿ ਦੇ ਨਾਲ ਹੀ ਨਿੱਤ ਘਰਾਂ ਵਿੱਚ ਸੁੱਟੀ ਜਾਂਦੀ ਮੁਫਤ ਦੀ ਪਰਚਾਰ ਸਮੱਗਰੀ ਸਾਨੂੰ ਇਸ ਪਾਸੇ ਪ੍ਰਭਾਵਤ ਕਰਕੇ ਪ੍ਰੇਰਦੀ ਹੈ। ਹੁਣ ਤਾਂ ਲੋੜੀਂਦਾ ਸਮਾਨ ਲੋਕਾਂ ਵਲੋਂ ਫੋਨ

ਰਾਹੀਂ ਦਿੱਤੇ ਆਰਡਰ ਤੇ ਹੀ ਕੰਪਨੀਆਂ ਘਰ ਪਹੁੰਚਾ ਦਿੰਦੀਆਂ ਹਨ। ਇਹ ਹੀ ਕੰਪਨੀਆਂ ਜੋ ਪਰਚਾਰ ਦੇ ਆਸਰੇ ਕਰੋੜਾਂ, ਅਰਬਾਂ ਰੁਪਏ ਕਮਾਉਂਦੀਆਂ ਹਨ। ਇਨ੍ਹਾਂ ਦੇ ਕਾਰਜ ਖੇਤਰ ਅੰਦਰ ਸਿਆਸੀ ਸਮਾਜੀ ਤੇ ਇੱਥੋਂ ਤੱਕ ਕੇ ਆਰਥਿਕ ਢਾਂਚੇ ਨੂੰ ਪ੍ਰਭਾਵ ਕਰਨ ਦੀ ਸਮਰੱਥਾ ਹੈ।

ਮਿਸਾਲ ਵਜੋਂ ਪਿਛਲੇ ਡੇਢ ਕੁ ਦਹਾਕੇ ਤੋਂ ਬੰਦਿਆਂ ਨੂੰ ਹਾਰ-ਸ਼ਿੰਗਾਰ ਕਰਨਾ ਚਾਹੀਦਾ ਹੈ ਕਿ ਨਹੀਂ, ਦੀ ਬਹਿਸ ਤੁਰੀ ਹੀ ਰਹਿੰਦੀ ਹੈ। ਇਹੋ ਹੀ ਖੂਬਸੂਰਤੀ ਦਾ ਸਮਾਨ ਤਿਆਰ ਕਰਨ ਵਾਲੀਆਂ ਮਾਡਰਨ ਕੰਪਨੀਆਂ ਲੋਕਾਂ ਨੂੰ ਪ੍ਰਭਾਵਤ ਕਰਕੇ ਸੈਮੀਨਾਰਾਂ ਆਦਿ ਰਾਹੀਂ ਇਸ ਵਿਸ਼ੇ ਵੱਲ ਖਿੱਚਦੇ ਹਨ ਅਤੇ ਬਹੁਤ ਸਾਰੇ ਇਸ ਪਾਸੇ ਪ੍ਰੇਰੇ ਵੀ ਜਾਂਦੇ ਹਨ । ਉਹ ਕੰਪਨੀਆਂ ਔਰਤਾਂ ਵਾਲੇ ਮੇਕ-ਅੱਪ ਦੇ ਸਮਾਨ ਦੇ ਨਾਲ ਹੀ (ਥੋੜੇ ਜਿਹੇ ਹੇਰ ਫੇਰ ਨਾਲ ) ਬੰਦਿਆਂ ਦੇ ਮੇਕ-ਅੱਪ ਦਾ ਸਮਾਨ ਤਿਆਰ ਕਰਦੀਆਂ ਹਨ। ਜਿਹੜੇ ਸਮਾਨ ਅੰਦਰ ਚਮੜੀ ਨੂੰ ਤਬਾਹ ਕਰਨ ਵਾਲੇ ਕੈਮੀਕਲਾਂ (ਖਤਰਨਾਕ ਰਸਾਇਣਕ ਤੱਤ) ਦੀ ਭਰਮਾਰ ਹੁੰਦੀ ਹੈ, ਕੀ ਹੁਣ ਖੂਬਸੂਰਤੀ ਦਾ ਰਾਜ ਕਰੀਮਾਂ, ਪਾਊਡਰ ਤੇ ਸੁਰਖੀਆਂ ਹੀ ਗਿਣੀਆਂ ਜਾਣ ਜਾਂ ਫਿਰ ਮਨੁੱਖ ਦਾ ਮਨੁੱਖਤਾ ਪ੍ਰਤੀ ਵਤੀਰਾ, ਗੁਆਂਢੀ ਨਾਲ ਵਿਹਾਰ, ਮੁਲਕ ਦੇ ਲੋਕਾਂ ਵੱਲ ਸੂਝ ਭਰੀ ਸੋਚ, ਸਮਾਜ ਅੰਦਰ ਸਮਾਜਕ, ਆਰਥਕ ਬਰਾਬਰੀ ਵਾਸਤੇ  ਅਤੇ ਲੁੱਟ ਅਧਾਰਤ ਪ੍ਰਬੰਧ ਨੂੰ ਬਦਲਣ ਲਈ ਲੜੇ ਜਾਂਦੇ ਘੋਲਾਂ ਵਿੱਚ ਸ਼ਮੂਲੀਅਤ ਆਦਿ । ਇਹ ਸੋਚਣਾ ਤਾਂ ਬਣਦਾ ਹੀ ਹੈ ।

ਸਮਾਜ ਦੇ ਅਮੀਰ ਤਬਕੇ ਥਲੜੇ ਤਬਕਿਆਂ ਲਈ ਸ਼ੀਸ਼ਾ ਨਹੀ ਬਣ ਸਕਦੇ। ਅਮੀਰ ਔਰਤਾਂ ਹਾਰ ਸ਼ਿੰਗਾਰ ਦਾ ਸਮਾਨ ਖਰੀਦਣ ਵੇਲੇ ਖਿਆਲ ਰਖਦੀਆਂ ਹਨ ਕੁਆਲਟੀ ਦਾ, ਪਰ ਗਰੀਬ ਔਰਤਾਂ ਕੋਲ ਇਹ ਖਿਆਲ ਰੱਖਣ ਜੋਗਾ ਬੋਝਾ ਨਹੀ ਹੁੰਦਾ, ਪਰ ਸ਼ੌਕੀਨੀ ਉਨ੍ਹਾਂ ਨੇ ਵੀ ਕਰਨੀ ਹੁੰਦੀ ਹੈ, ਸੋਹਣੀਆਂ ਉਨ੍ਹਾਂ ਨੇ ਵੀ ਦਿਸਣਾ ਹੁੰਦਾ ਹੈ। ਫਿਰ ਘਟੀਆਂ ਕਿਸਮ ਦਾ ਸਮਾਨ ਖਰੀਦ ਕੇ ਆਪਣੀ ਚਮੜੀ, ਜਿਸਮ ਨੂੰ ਤਬਾਹ ਕੀਤਾ ਜਾਂਦਾ ਹੈ। ਜਦੋਂ ਚਮੜੀ ਦੇ ਰੋਗ ਹੋਣ ਲਗਦੇ ਹਨ ਤਾਂ  ਮੇਕ-ਅੱਪ ਹੋਰ ਸੰਘਣਾ ਹੋਣ ਲੱਗਦਾ ਹੈ, ਉਦੋਂ ਤਾਂ ਕਈ ਲੋਕ ਆਪਣੀ ਬੀਵੀ ਨੂੰ ਚੁੰਮਣ ਤੋਂ ਵੀ ਪਾਸਾ ਵੱਟਣ ਲਗਦੇ ਹਨ, ਅਖੇ ਜੀ ਕਿਹੜਾ ਕਰੀਮ-ਪਾਊਡਰ ਚੱਟਦਾ ਫਿਰੇ। ਫੇਰ ਕੀ ਲੋੜ ਅਜਿਹੇ ਸੁਹੱਪਣ ਦੀ ਜਿੱਥੇ ਰਿਸ਼ਤਿਆਂ ਵਿਚ ਵੀ ਕਾਲਖ਼ ਪੈਦਾ ਹੋਣ ਲੱਗ ਪਵੇ?

ਅੱਜ ਸੋਚ ਦਾ ਜ਼ਮਾਨਾ ਹੈ, ਗਿਆਨ ਇਕੱਠਾ ਕਰਕੇ ਖੁਦ ਕੋਈ ਫੈਸਲਾ ਕਰ ਲੈਣ ਵਿੱਚ ਹਰਜ ਵੀ ਕੋਈ ਨਹੀਂ। ਅਸੀਂ ਜਿਸ ਸਮਾਜ ਵਿੱਚ ਰਹਿ ਰਹੇ ਹਾਂ, ਇੱਥੇ ਬਹੁਤ ਖਤਰਨਾਕ ਖੇਡ ਖੇਡੀ ਜਾ ਰਹੀ ਹੈ। ਇਸ ਵਿੱਚ ਸ਼ਾਮਿਲ ਹੋਣ ਵੇਲੇ ਵਾਰ ਵਾਰ ਸੋਚਣ ਦੀ ਲੋੜ ਹੈ। ਸਾਵਧਾਨੀ ਹਾਂ ਪੱਖੀ ਹੋ ਸਕਦੀ ਹੈ।



# ਹੀਣ ਭਾਵਨਾ ਦਾ ਡੰਗ

ਆਮ ਤੌਰ ਤੇ ਘੱਟ ਅਕਲ ਵਾਲੇ ਲੋਕ ਕਿਸੇ ਦੂਜੇ ਨੂੰ ਐਵੇਂ ਹੀ ਠਿੱਠ ਕਰਦਿਆਂ ਆਪਣੀ ਵਡੱਤਣ ਸਮਝਣ ਲੱਗ ਪੈਂਦੇ ਹਨ। ਉਹ ਇਹ  ਬਿਲਕੁੱਲ ਨਹੀਂ ਸੋਚਦੇ ਕਿ ਉਨ੍ਹਾਂ ਵਲੋਂ ਇੰਜ ਕੀਤਿਆਂ ਦੂਜੇ ਦੇ ਮਨ ’ਤੇ ਕੀ ਬੀਤਦੀ ਹੈ? ਸੁਚੇਤ ਹੋ ਕੇ ਨਾ ਸੋਚਣ ਵਾਲੇ ਜਦੋਂ ਕੋਈ ਅਜਿਹੀ ਗੱਲ ਦਿਲ ਨੂੰ ਲਾ ਲੈਂਦੇ ਹਨ ਜਿਸ ਦੀ ਉਨ੍ਹਾਂ ਨੂੰ ਪੂਰੀ ਸਮਝ ਨਾ ਪਈ ਹੋਵੇ ਕਿ ਗੱਲ ਕਰਨ ਵਾਲੇ ਦਾ ਅਸਲ ਇਰਾਦਾ ਕੀ ਸੀ ਤਾਂ ਉਹ ਅੰਦਰੋ-ਅੰਦਰੀਂ ਨਿਘਰਨ ਲੱਗ ਪੈਂਦੇ ਹਨ। ਅਜਿਹੇ ਵਿਅਕਤੀ ਦੇ ਸਵੈਮਾਣ ਨੂੰ ਸੱਟ ਲਗਦੀ ਹੈ ਸਿੱਟੇ ਵਜੋਂ ਉਸਦੀ ਮਾਨਸਿਕਤਾ ਜ਼ਖ਼ਮੀ ਹੋਣ ਲੱਗ ਪੈਂਦੀ ਹੈ। ਸਵੈ-ਵਿਸ਼ਵਾਸ ਗੁਆਚਣ ਲਗਦਾ ਹੈ। ਭਾਵ ਕਿ ਉਸ ਮਨੁੱਖ ਦੀ ਸ਼ਖਸੀਅਤ ਨੂੰ ਖੋਰਾ ਲੱਗਣ ਲੱਗ ਪੈਂਦਾ ਹੈ ਮਨ ਤਣਾਉ ਦੇ ਰੋਗ ਦੀ ਪੀੜ ਸਹਿੰਦਾ ਹੈ ਜਿਸ ਨਾਲ ਉਹ ਐਵੇਂ ਹੀ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਅਜਿਹੇ ਲੋਕ ਵੀ ਮਿਲਦੇ ਹਨ ਜਿਨ੍ਹਾਂ ਨੂੰ ਜ਼ਿੰਦਗੀ ਦੇ ਸਫਰ ਨੇ ਸਖਤ ਮਿਹਨਤ ਦੇ ਰਾਹੇ ਪਾਇਆ ਹੁੰਦਾ ਹੈ ਅਤੇ ਅਜਿਹੇ ਦ੍ਰਿੜਤਾ ਭਰੇ ਆਪਣੇ ਅਨੁਭਵ ਜਾਂ ਤਜੁਰਬੇ ਵਿਚੋਂ ਹੀ ਉਨ੍ਹਾਂ ਨੇ ਆਪਣੇ ਆਪ ਤੇ ਵਿਸ਼ਵਾਸ ਕਰਨਾ ਸਿੱਖਿਆ ਹੁੰਦਾ ਹੈ ਅਤੇ ਸੱਚ ਦਾ ਰਾਹ ਫੜਿਆ ਹੁੰਦਾ ਹੈ। ਅਜਿਹੇ ਲੋਕ ਜਦੋਂ ਵੀ ਕਿਸੇ ਕੰਮ ਨੂੰ ਹੱਥ ਪਾਉਂਦੇ ਹਨ ਤਾਂ ਨਿਸ਼ਾਨਾ ਮਿੱਥ ਕੇ ਸਹੀ ਸੇਧ ਨਾਲ ਤੁਰਨ ਲਗਦੇ ਹਨ। ਦਿਸ਼ਾ ਸਹੀ ਹੋਵੇ ਤਾਂ ਦਸ਼ਾ ਬਦਲਣ ਲਈ ਘੋਲ਼ ਦਾ ਰਾਹ ਸੌਖਾ ਕੀਤਾ ਜਾ ਸਕਦਾ ਹੈ। ਕਈ ਵਾਰ ਹਾਲਤ ਹੀ ਅਜਿਹੇ ਕਠੋਰ ਹੁੰਦੇ ਹਨ ਕਿ ਉਹ ਮਿੱਥੇ ਨਿਸ਼ਾਨੇ ਵਿਚ ਸਫਲ ਨਹੀਂ ਹੁੰਦੇ। ਪਰ ਇਸ ਦਾ ਮਤਲਬ ਇਹ ਤਾਂ ਨਹੀਂ ਹੋਇਆ ਕਿ ਉਹ ਹਾਰ ਮੰਨ ਲੈਣ। ਸਫਲ ਨਾ ਹੋਣ ਦੇ ਬਾਵਜੂਦ ਉਹ ਅਸਫਲਤਾ ਨੂੰ ਪ੍ਰਵਾਨ ਨਹੀਂ ਕਰਦੇ । ਹੀਣ ਭਾਵਨਾ ਨੂੰ ਨੇੜੇ ਨਹੀਂ ਫਟਕਣ ਦਿੰਦੇ। ਅਜਿਹੀ ਸਥਿਤੀ ਵਿਚ ਉਹ ਫੇਰ ਮੁੱਢੋਂ ਆਪਣਾ ਘੋਲ਼ ਸ਼ੁਰੂ ਕਰਦੇ ਹਨ। ਨਵੇਂ ਖਿਆਲ, ਨਵੇਂ ਹੋਸ਼ ਤੇ ਨਵੇਂ ਜੋਸ਼ ਨਾਲ ਪੈਰੋ-ਪੈਰ ਅੱਗੇ ਵਧਦੇ ਹਨ। ਹਾਰ ਨਾ ਮੰਨਣਾ ਹੀ ਉਨ੍ਹਾਂ ਦੀ ਹੀਣ ਭਾਵਨਾ ’ਤੇ ਜਿੱਤ ਹੁੰਦੀ ਹੈ। ਇਹੋ ਸਥਿਤੀ ਹੀ ਮਨੁੱਖ ਨੂੰ ਤਣਾਉ ਮੁਕਤ ਕਰਨ ਦਾ ਸੁਚੱਜਾ ਕਾਰਜ ਕਰਦੀ ਹੈ। ਆਪਣੇ ਆਪ ਤੋਂ ਬੇਗਾਨੇ ਨਾ ਹੋਣ ਵਾਲੀ ਹਾਂਅ ਪੱਖੀ ਸੋਚ ਹੀ ਮਨੁੱਖ ਲਈ ਸਫਲਤਾ ਪ੍ਰਾਪਤੀ ਵਾਸਤੇ ਪ੍ਰੇਰਨਾ ਸ਼ਕਤੀ ਬਣਦੀ ਹੈ। ਉਂਜ ਵੀ ਦੋ-ਚਿਤੀ ਵਾਲਾ ਮਨੁੱਖ ਕਦੋਂ ਪਾਰ ਲੰਘਿਆ ਹੈ?

ਅੱਜ ਦਾ ਸਮਾਜ ਪੈਸੇ ਵਾਲੇ ਨੂੰ ਝੁਕ ਕੇ ਸਲਾਮ ਕਰਦਾ ਹੈ। ਇੱਥੇ ਗਰੀਬ ਨੂੰ ਇਮਾਨਦਾਰ ਤੇ ਸੂਝਵਾਨ ਹੋਣ ਦੇ ਬਾਵਜੂਦ ਬਹੁਤਾ ਇੱਜਤ-ਮਾਣ ਨਹੀਂ ਦਿੱਤਾ ਜਾਂਦਾ। ਪਰ ਜਦੋਂ ਕੋਈ ਗਰੀਬ ਕਿਸੇ ਅਮੀਰ ਨੂੰ ਉਹਦੀ ਅਮੀਰੀ ਦਾ ਭੇਤ/ਰਾਜ਼ ਪੁੱਛ ਲਵੇ ਤਾਂ ਅਜਿਹੇ ਢੁੱਠ ਵਾਲੇ ਅਮੀਰਜਾਦੇ ਨੂੰ ਉੱਥੋਂ ਭੱਜਣ ਦਾ ਰਾਹ ਨਹੀਂ ਲੱਭਦਾ, ਅਜਿਹੇ ਸਮੇਂ ਧਰਤੀ ਉਹਨੂੰ ਗਰਕਣ ਲਈ ਥਾਂ ਨਹੀਂ ਦਿੰਦੀ। ਜਵਾਬ ਦੇਣ ਜੋਗਾ ਉਹ ਹੁੰਦਾ ਹੀ ਨਹੀਂ। ਉਹਨੂੰ ਖੁਦ ਨੂੰ ਤਾਂ ਪਤਾ ਹੀ ਹੁੰਦਾ ਹੈ ਕਿ ਇਹ ਮਾਇਆ (ਅਮੀਰੀ) ਕਿਹੜੇ 'ਮਹਾਰਾਜ' ਨੇ 'ਕਿਹੜੇ ਰਸਤੇ' ਘੱਲੀ ਐ? ਬਾਬਾ ਨਾਨਕ ਦਾ ਕਥਨ ਝੂਠਾ ਕਰਨ ਜੋਗੇ ਅਜੇ ਉਹ ਹੋਏ ਨਹੀਂ ਉਹ ਕਥਨ ਅਜੇ ਵੀ ਸੱਚ ਐ ਕਿ :

ਪਾਪਾਂ ਬਾਝਹੁ ਹੋਇ ਨਾਹਿ ਮੋਇਆਂ ਸਾਥ ਨਾ ਜਾਈ......

ਇਸ ਦੁਨੀਆਂ ਵਿਚ ਕੌਣ ਚਾਹੁੰਦਾ ਹੈ ਕਿ ਉਹਨੂੰ ਗਰੀਬੀ ਮਿਲੇ? ਸਾਡਾ ਸਮਾਜਕ ਤੇ ਆਰਥਕ ਢਾਂਚਾ ਹੀ ਇਹੋ ਜਿਹਾ ਹੈ ਕਿ ਜਿੱਥੇ ਕਿਸੇ ਮਾਇਆਧਾਰੀ, ਜਗੀਰਦਾਰ ਤੇ ਕਾਰਖਾਨੇਦਾਰ ਦਾ ਨਲ਼ੀਚੋਚੋ ਜਿਹਾ 'ਸਾਹਿਬਜਾਦਾ' ਜਿਸ ਨੂੰ ਇੱਲ੍ਹ ਤੇ ਕੋਕੋ ਦੇ ਫਰਕ ਦਾ ਵੀ ਪਤਾ ਨਹੀਂ ਹੁੰਦਾ, ਸੌ ਤੱਕ ਗਿਣਤੀ ਵੀ ਟੁੱਟ-ਭੱਜ ਕੇ ਹੀ ਆਉਂਦੀ ਹੁੰਦੀ ਐ ਉਹਨੂੰ ਹੀ ਗਰਜਾਂ ਬੱਝੇ ਲੋਕ 'ਛੋਟਾ ਸਰਦਾਰ', 'ਛੋਟਾ ਚੌਧਰੀ', 'ਨਿੱਕਾ ਮੀਆਂ' ਆਦਿ ਆਖ ਕੇ ਵਡਿਆਈ ਕਰਦੇ ਹਨ। ਭਲਾਂ ਕਿਉਂ? ਕਿਉਂਕਿ ਪਿਉ ਦੀ ਜਾਇਦਾਦ ਉਹਦੇ ਨਾਂ ਨਾਲ ਕਲਗੀ ਲਾ ਦਿੰਦੀ ਐ ਅਤੇ ਗਰਦਨ ਵਿਚ ਆਕੜ ਤੇ ਘੁਮੰਡ ਦਾ ਕਿੱਲ ਠੋਕ ਦਿੰਦੀ ਹੈ। ਗਰੀਬ ਦੇ ਪੁੱਤਰ ਦਾ ਕਿੱਡਾ ਵੱਡਾ ਨਾਮ ਹੋਵੇ ਆਪਣੇ ਆਪ ਨੂੰ ਵੱਡੇ ਅਖਵਾਉਣ ਵਾਲੇ ਲੋਕ ਉਹਨੂੰ ਅੱਧਾ ਕਰਨ ਦੀ ਜਿਦ ਫੜ ਲੈਣਗੇ। ਇਸ ਸਬੰਧ ਵਿਚ ਪੁਰਾਣੀ ਕਹਾਵਤ ਅਜੇ ਵੀ ਸੱਚ ਐ ਕਿ ਪਰਸੂ, ਪਰਸਾ, ਪਰਸ ਰਾਮ। ਵਿਚਾਰੇ ਲੋਕ। ਸਮਾਜ ਦੇ ਆਰਥਕ ਢਾਂਚੇ ਵਿਚਲੀਆਂ ਚੋਰ ਮੋਰੀਆਂ ਵਿਚੀਂ ਲੰਘ ਕੇ ਨੀਚ ਸੋਚਣੀ ਵਾਲਾ ਬੰਦਾ ਵੀ ਜਦੋਂ 'ਵੱਡਾ' (ਦਰਅਸਲ ਅਜਿਹੇ ਬੰਦੇ ਕਦੇ ਵੀ ਵੱਡੇ ਮਨੁੱਖ ਨਹੀਂ ਬਣਦੇ ਸਿਰਫ ਉਰਲ-ਪਰਲ ਕਰਕੇ ਪੈਸੇ ਇਕੱਠੇ ਕਰ ਲੈਂਦੇ ਹਨ) ਹੋ ਜਾਂਦਾ ਹੈ ਤਾਂ ਦੂਜਿਆਂ ਨੂੰ ਆਪਣੇ ਆਪ ਤੋਂ ਹੀਣੇ ਦੱਸਣ ਲੱਗ ਪੈਂਦਾ ਹੈ। ਕਿਸੇ ਦੂਸਰੇ ਵਾਸਤੇ ਇਹ ਜ਼ਹਿਰੀ ਡੰਗ ਹੋ ਜਾਂਦਾ ਹੈ। ਉਸਦੇ ਦਿਲ-ਦਿਮਾਗ ਉੱਤੇ ਇਸ ਦਾ ਭੈੜਾ ਅਸਰ ਹੁੰਦਾ ਹੈ। ਇਹ ਸਮਾਜੀ, ਆਰਥਕ ਢਾਂਚੇ ਤੇ ਕਾਬਜ ਸ਼ੈਤਾਨ ਬਿਰਤੀ ਵਾਲਿਆ ਵਲੋਂ ਆਪਣਾ ਭਾਰ/ਦੁੱਖ ਘੱਟ ਕਰਨ ਦੇ ਨੁਸਖੇ ਤਹਿਤ ਆਮ ਮਨੁੱਖ ਦੇ ਮੋਢੇ ਧਰਿਆ ਕੋਝਾ 'ਸਰਾਪ' ਹੁੰਦਾ ਹੈ। ਗਰੀਬ ਨੂੰ ਆਪਣੀ ਗਰੀਬੀ 'ਤੇ ਝੂਰਨ ਦੀ ਥਾਵੇਂ ਇਹਦੇ ਕਾਰਨਾਂ ਨੂੰ ਜਾਨਣ ਦੀ ਤੇ ਉਨ੍ਹਾਂ ਦੇ ਖਾਤਮੇ ਦੀ ਸਬੀਲ ਸੋਚਣੀ, ਬਨਾਉਣੀ ਚਾਹੀਦੀ ਹੈ। ਆਪਣੇ ਵਰਗੇ ਹੋਰ ਲੋਕਾਂ ਨਾਲ ਰਲ ਕੇ ਸਾਂਝੇ ਉਪਰਾਲਿਆਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਤਾਂ ਕਿ ਉਹ ਆਪਣੇ ਗਰੀਬ ਹੋਣ ਵਾਲੀ ਹੀਣ ਭਾਵਨਾ ਤੋਂ ਛੁਟਕਾਰਾ ਪਾ ਸਕੇ। ਜ਼ਿੰਦਗੀ ਦੀ ਸਫਲਤਾ ਵਲ ਜਾਣ ਵਾਲਾ, ਭਰਪੂਰ ਤੇ ਸੁਹਣੀ-ਸੁਚੱਜੀ ਜ਼ਿੰਦਗੀ ਜੀਊਣ



ਦਾ ਇਹ ਵੀ ਇਕ ਰਾਹ ਹੈ। ਲੋੜ, ਜਿਗਰੇ ਨਾਲ ਇਸ 'ਤੇ ਪੈਰ ਧਰ ਕੇ ਲਗਾਤਾਰ ਅੱਗੇ ਵਧਣ ਦੀ ਹੈ।

ਭਾਰਤੀ ਸਮਾਜ ਅੰਦਰ ਸਿਰੇ ਦਾ ਨਸਲਵਾਦ ਸਦੀਆਂ ਤੋਂ ਪਲ ਰਿਹਾ ਹੈ। ਜਾਤ-ਪਾਤ ਸਮਾਜੀ ਕੋਹੜ ਹੈ। ਮਨੁੱਖਾਂ ਵਿਚ ਦਲੀਲ ਰਹਿਤ ਵੰਡੀਆਂ ਪਾਉਣ ਵਾਲਾ। ਜਿੱਥੇ ਅਖੌਤੀ ਉੱਚੀਆਂ ਜਾਤਾਂ ਵਾਲੇ ਅਖੌਤੀ ਨੀਵੀਆਂ ਜਾਤਾਂ ਨੂੰ ਆਪਣੇ ਆਪ ਤੋਂ ਹੀਣਾਂ ਅਤੇ ਘਟੀਆਂ ਸਮਝਦੇ ਹਨ। ਇਸ ਮਿਣਤੀ ਦਾ ਗਜ਼ ਉਨ੍ਹਾਂ ਨੇ ਭਲਾਂ ਕਿੱਥੋਂ ਲਿਆ? ਕੋਈ ਨਹੀਂ ਜਾਣਦਾ। ਜਾਤ-ਪਾਤ ਦੀ ਘੋਖ ਕੀਤੀ ਜਾਵੇ ਤਾਂ ਸ਼ਰਮਿੰਦਗੀ ਉਪਜਦੀ ਹੈ। ਆਪਣੇ ਆਪ ਨੂੰ ਉੱਚੀ ਜਾਤ ਕਹਾਉਣ ਵਾਲੇ ਬ੍ਰਾਹਮਣਾਂ ਵਿਚ ਹੀ ਨੌਤੀ ਸੌ 'ਕਿਸਮਾਂ' ਦੇ ਬ੍ਰਾਹਮਣ ਪਾਏ ਜਾਂਦੇ ਹਨ। ਉਨ੍ਹਾਂ ਵਿਚੋਂ ਕਈ ਦੂਜਿਆਂ ਨੂੰ ਆਪਣੇ ਆਪ ਤੋਂ ਘਟੀਆ ਸਮਝਦੇ ਹਨ। ਕੀ ਇਹ ਜ਼ਰੂਰੀ ਹੈ ਕਿ ਬ੍ਰਾਹਮਣ ਦੇ ਘਰ ਜੰਮਿਆਂ ਬੱਚਾ ਕਿਸੇ ਛੋਟੀ ਕਹੀ ਜਾਂਦੀ ਜਾਤ ਦੇ ਬੱਚੇ ਨਾਲੋਂ ਹੁਸ਼ਿਆਰ ਤੇ ਅਕਲਮੰਦ ਹੋਵੇਗਾ? ਇਹ ਦਲੀਲ ਬੇ ਸਿਰ ਵਿਚ ਬੇ-ਅਕਲੀ ਦਾ ਸੋਟਾ ਮਾਰਨ ਵਾਲੀ ਗੱਲ ਨਹੀਂ ਤਾਂ ਹੋਰ ਕੀ ਹੈ? ਕਿਸੇ ਛੋਟੀ ਕਹੀ ਜਾਂਦੀ ਜਾਤ ਵਿਚ ਜਨਮ ਲੈਣ ਵਾਲੇ ਬੱਚੇ ਨੂੰ ਵੱਡੇ ਹੁੰਦਿਆਂ ਆਪਣੇ ਅੰਦਰ ਅਜਿਹੀ ਹੀਣ ਭਾਵਨਾ ਪੈਦਾ ਕਰਨ ਦੀ ਕੀ ਲੋੜ ਹੈ? ਲੋੜ ਹੈ ਤਾਂ ਆਪਣੀ ਸਿਆਣਪ ਨਾਲ ਅੱਗੇ ਵਧਦਿਆਂ ਮਨੁੱਖਾਂ ਅੰਦਰ ਵੰਡੀਆਂ ਪਾਉਣ ਵਾਲੇ ਸਮਾਜਿਕ ਢਾਂਚੇ ਨੂੰ ਤੋੜਨ ਦੀ ਅਤੇ ਉਸਨੂੰ ਬਲ ਬਖਸ਼ਦੇ ਰਾਜਨੀਤਕ ਅਤੇ ਆਰਥਕ ਪ੍ਰਬੰਧ ਦੇ ਖਿਲਾਫ ਬੇਕਿਰਕ ਲੜਾਈ ਲੜਨ ਦੀ।

ਸਮਾਜੀ, ਸਿਆਸੀ ਅਤੇ ਆਰਥਕ ਵਿਤਕਰੇ ਅਧੀਨ ਹੀਣ ਭਾਵਨਾ ਹੰਢਾਉਂਦੇ ਲੋਕਾਂ ਨੂੰ ਲੋੜ ਹੈ ਸ਼ੈਤਾਨਾਂ ਦੇ ਲੁੱਟ ਅਧਾਰਤ ਸਿਰਜੇ ਹੋਏ ਸਰਮਾਏਦਾਰੀ ਪ੍ਰਬੰਧ ਅਤੇ ਉਸਨੂੰ ਹੱਕਣ (ਚਲਾਉਣ) ਵਾਲੇ ਛਟੇ ਹੋਏ ਹਾਕਮਾਂ ਤੇ ਉਨ੍ਹਾਂ ਦੇ ਅਫਸਰਸ਼ਾਹਾਂ ਨੂੰ ਨੰਗਿਆਂ ਕਰਨ ਦੀ ਤਾਂ ਕਿ ਲੋਕ ਇਸ ਅਸਲੀਅਤ ਨੂੰ ਜਾਣ ਸਕਣ। ਧਰਮਾਂ ਵਾਲੇ ਵੀ ਝੂਠ ਨੂੰ 'ਦਲੀਲ' ਬਣਾ ਕੇ ਇਹਨੂੰ ਮਨੁੱਖ ਦੇ ਕਰਮਾਂ ਦਾ ਫਲ ਆਖ ਕੇ ਸਿੱਧੀ ਗੱਲ ਨੂੰ ਵੀ ਗੋਲ-ਮੋਲ ਕਰਕੇ ਸਿਰਫ ਆਪਣੇ ਹਲਵੇ-ਮੰਡੇ ਦੀ ਪੂਰਤੀ ਦੇ ਲੋਭ ਵਿਚ ਇਸ ਸ਼ੈਤਾਨੀ ਪ੍ਰਬੰਧ ਦੀ ਭਰਪੂਰ ਸੇਵਾ ਕਰਦੇ ਹਨ। ਸਿਆਸਤਦਾਨ ਇਸ ਬਾਂਦਰ ਵੰਡ ਨੂੰ ਕਾਇਮ ਰੱਖਣ ਵਿਚ ਸਹਾਈ ਹੁੰਦੇ ਹਨ। ਆਪਣੀਆਂ ਕੋਝੀਆਂ ਗਰਜ਼ਾਂ ਖਾਤਰ ਉਹ ਵੀ ਇਸ ਹੀਣ ਭਾਵਨਾ ਦੇ ਡੰਗ ਨਾਲ ਸਮਾਜ ਦੇ ਲਤਾੜੇ ਜਾ ਰਹੇ ਵਰਗਾਂ ਨੂੰ ਵਾਰ ਵਾਰ ਜ਼ਖ਼ਮੀ ਵੀ ਕਰਦੇ ਹਨ ਅਤੇ ਨਾਲ ਹੀ ਆਪਣੇ ਆਪ ਨੂੰ ਉਨ੍ਹਾਂ ਦੇ ਹਮਦਰਦ ਬਣਾ ਕੇ ਪੇਸ਼ ਕਰਦੇ ਹਨ। ਸ਼ਾਇਦ ਇਸੇ ਕਰਮ ਨੂੰ ਹੀ ਚਲਿੱਤਰ ਆਖਿਆ ਜਾਂਦਾ ਹੈ।

ਜ਼ਮਾਨਾ ਬਹੁਤ ਅੱਗੇ ਵਧ ਗਿਆ ਹੈ, ਸਮਾਂ ਲਗਾਤਾਰ ਤੁਰ ਰਿਹਾ ਹੈ। ਸੁਚੱਜੀ ਸੋਚ ਦੇ ਮਾਲਕਾਂ ਨੂੰ ਬੌਣੀ ਸੋਚ ਦਾ ਖਹਿੜਾ ਛੱਡ ਕੇ ਪੂਰੇ-ਸੂਰੇ ਮਨੁੱਖ ਬਣਨ ਦਾ ਜਤਨ ਕਰਨਾ ਪਵੇਗਾ। ਹਰ ਵਿਤਕਰੇ ਨੂੰ ਲਲਕਾਰਨਾ ਪਵੇਗਾ ਤਾਂ ਕਿ ਇਹ ਲਲਕਾਰ ਇਕ ਰਾਹ

ਬਣਕੇ ਲੁੱਟ, ਵਿਤਕਰਿਆ ਅਤੇ ਵੰਡਾਂ ਤੋਂ ਮੁਕਤ ਸਮਾਜ ਦੀ ਸਿਰਜਣਾ ਵਲ ਵਧ ਸਕੇ ਜਿੱਥੇ ਕਿਸੇ ਨੂੰ ਵੀ ਆਪਣੇ ਆਪ ਨੂੰ ਹੀਣਾ ਨਾ ਸਮਝਣਾ ਪਵੇ। ਉਹ ਸਮਾਜ ਦਾ ਮਾਣ ਭਰਿਆ ਅੰਗ ਹੋਵੇ ਅਤੇ ਉਸ ਨੂੰ ਸਮਾਜ ਅੰਦਰ ਵਿਚਰਦਿਆਂ ਖੁਸ਼ੀ ਭਰੇ ਪਲਾਂ ਦਾ ਸੰਗ-ਸਾਥ ਨਿਭਾਉਣ ਦਾ ਅਤੇ ਹਰ ਕਿਸੇ ਦੇ ਬਰਾਬਰ ਦਾ ਮੌਕਾ ਮਿਲੇ। ਜਦੋਂ ਕੋਈ ਵੀ ਮਨੁੱਖ ਦੂਜਿਆਂ ਵਲੋਂ ਆਪਣੇ 'ਤੇ ਬਿਨਾ ਕਿਸੇ ਕਾਰਨ ਤੋਂ ਲੱਦਿਆ ਹੀਣ ਭਾਵ ਦਾ 'ਭਾਰ' ਤਿਆਗ ਦੇਵੇਗਾ ਤਾਂ ਉਹ ਸਮਾਜ ਅੰਦਰ ਪੂਰੇ ਮਨੁੱਖ ਤੇ ਤੌਰ 'ਤੇ ਵਿਚਰੇਗਾ। ਇਹ ਕਾਰਜ ਔਖਾ ਤਾਂ ਜ਼ਰੂਰ ਹੈ ਪਰ ਅਸੰਭਵ ਨਹੀਂ।



# ਕੁਝ ਲੋਕ

ਸਮਾਂ ਬਹੁਤ ਕੀਮਤੀ ਹੈ, ਦੁਨੀਆਂ ਬਹੁਤ ਵੱਡੀ ਹੈ, ਲੋਕ ਵੀ ਇੱਕ ਸੁਰ ਨਹੀਂ ਤੇ ਹੋ ਵੀ ਨਹੀਂ ਸਕਦੇ। ਕਿਉਂਕਿ ਵੱਖੋ ਵੱਖ ਥਾਵੀਂ ਰਹਿੰਦੇ ਲੋਕਾਂ ਦੇ ਰਹਿਣ-ਸਹਿਣ ਅਤੇ ਜ਼ਿੰਦਗੀ ਜੀਊਣ ਦੇ ਤੌਰ ਤਰੀਕੇ ਆਪੋ ਆਪਣੀਆਂ ਸਥਿਤੀਆਂ ਅਤੇ ਰਹੁ-ਰੀਤਾਂ ਅਨੁਸਾਰ ਹੀ ਹੋ ਸਕਦੇ ਹਨ। ਕੁਦਰਤੀ ਸੋਮੇਂ ਮਨੁੱਖੀ ਜ਼ਿੰਦਗੀ ਦਾ ਹੁਲਾਰਾ ਬਣਕੇ ਉਸਾਰੂ ਤਬਦੀਲੀਆਂ ਦਾ ਅਧਾਰ ਬਣਦੇ ਹਨ। ਇਸ ਅਧਾਰ ਦੀ ਪਾਰਦਰਸ਼ਤਾ ਵਿਚੋ ਲੰਘਦਿਆਂ ਹੀ ਅਸਲ ਜ਼ਿੰਦਗੀ ਦਾ ਸੁੱਚਾ ਗੀਤ ਗਾਇਆ ਜਾ ਸਕਦਾ ਹੈ, ਭਾਵੇਂ ਕਿ ਸਮੇਂ ਅਨੁਸਾਰ ਉੱਠਦੇ ਮਸਲੇ ਪ੍ਰਸ਼ਨ ਬਣ ਕੇ ਸਦਾ ਹੀ ਮਨੁੱਖ ਦੇ ਅੱਗੇ ਖੜ੍ਹਦੇ ਹੀ ਰਹਿਣਗੇ।

ਕਿਧਰੇ ਹੋਂਦ ਦਾ ਸਵਾਲ ਮੁੱਖ ਹੈ। ਕਿਧਰੇ ਦੂਸਰਿਆਂ ਨੂੰ ਦੁੱਖ ਦੇ ਕੇ ਖੱਟੇ (ਜਾਂ ਲੁੱਟੇ) ਗੈਰ ਜ਼ਰੂਰੀ ਮੁਨਾਫਿਆਂ ਰਾਹੀ ਧੰਨ ਦੇ ਅੰਬਾਰ ਖੜ੍ਹੇ ਕਰਨ ਦਾ। ਕਿਧਰੇ ਮਨੁੱਖ ਦੀ ਹੋਣੀ/ਹੋਂਦ ਹੀ ਦਾਅ ਤੇ ਲੱਗ ਜਾਂਦੀ ਹੈ ਅਤੇ ਕਿਧਰੇ ਇਨਸਾਨ ਖੁਦ ਆਪਣੇ ਹੱਥੀਂ ਕੁਦਰਤੀ ਸਾਧਨਾ ਦਾ ਸੱਤਿਆਨਾਸ ਕਰੀ ਜਾ ਰਿਹਾ ਹੈ। ਮੁਨਾਫੇਖੋਰ ਮਨੁੱਖ ਵਲੋਂ ਜ਼ਿੰਦਗੀ ਦੇ ਕੁਦਰਤੀ ਸੁਹਜ/ਸੁਹੱਪਣ ਨੂੰ ਮਨੁੱਖਤਾ ਤੋ ਖੋਹਣ ਦਾ ਇਹ ਪਹਿਲਾ ਪਰ ਸਭ ਤੋਂ ਕੋਝਾ ਜਤਨ ਆਖਿਆ ਜਾ ਸਕਦਾ ਹੈ। ਜਿਸ ਦੇ ਸਿੱਟੇ ਵਜੋਂ ਮਨੁੱਖ ਦੇ ਆਉਣ ਵਾਲੇ ਸੁਹਣੇ ਸਮੇਂ ਅੱਗੇ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। ਇਸ ਸਭ ਕੁੱਝ ਦੇ ਬਾਵਜੂਦ ਆਮ ਕਰਕੇ ਵਿਚਾਰ ਅਧੀਨ ਸਵਾਲ ਫੇਰ ਵੀ ਭਵਿੱਖ ਦਾ ਹੀ ਸੁਣਨ ਨੂੰ ਮਿਲਦਾ ਹੈ।

ਕੁਝ ਲੋਕ ਸਦਾ ਹੀ ਇਸ ਪਾਸਿਉ ਬੇ-ਧਿਆਨੇ/ਅਵੇਸਲੇ ਰਹਿੰਦੇ ਹਨ। ਕਦੀਂ ਇਹ ਇਸ ਕਰਕੇ ਹੁੰਦਾ ਹੈ ਕਿ ਉਨ੍ਹਾਂ ਦੀਆਂ ਡੋਰੀਆਂ ਉੱਪਰ ਵਾਲੇ ਦੇ ਹੱਥ ਸੁਣੀਆਂ ਜਾਂਦੀਆਂ ਹਨ (ਜਾਂ ਉਹ ਇੰਝ ਸਮਝਦੇ ਹਨ) ਇਹ ਕੁੱਝ ਉਹ ਜਾਣ ਬੁੱਝ ਕੇ ਕਰਦੇ ਹਨ ਜਾਂ ਅਨਜਾਣਪੁਣੇ ਵਿਚ ਇਹ ਤਾਂ ਉਨ੍ਹਾਂ ਵਿਚੋਂ ਸ਼ਾਇਦ ਬਹੁਤੇ ਖੁਦ ਵੀ ਨਾ ਜਾਣਦੇ ਹੋਣ। ਸਮੇਂ ਦੀ ਕਦਰ ਕਰਨ ਵਾਲੇ ਤੁਰਦੇ ਸਮੇਂ ਵਲ ਨੀਝ ਭਰੀ ਅੱਖ ਰੱਖਦੇ ਹਨ। ਜਿਨ੍ਹਾ ਦੀ ਅੱਖ ਸਮੇਂ ਤੇ ਹੋਵੇ ਸਮਾਂ ਉਨ੍ਹਾਂ ਨੂੰ ਝਕਾਨੀ ਦੇ ਕੇ ਅੱਗੇ ਲੰਘ ਜਾਣ ਵਿਚ ਕਾਮਯਾਬ ਨਹੀਂ ਹੋ ਸਕਦਾ। ਇਸ ਤਰਾਂ ਦੇ ਜਾਗਦੇ ਮਨੁੱਖ ਆਪਣੀ ਮਿਹਨਤ ਦੇ ਸਦਕਾ ਹੀ ਵੱਡੀਆਂ ਪ੍ਰਾਪਤੀਆਂ ਕਰ ਲੈਂਦੇ ਹਨ। ਪਰ ਸਮੇਂ ਨਾਲ ਲੁਕਣਮੀਟੀ ਖੇਡਣ ਵਾਲੇ ਬਹੁਤੀ ਵਾਰ ਹਨੇਰੇ ਵਿਚ ਹੀ ਲੁਕੇ ਰਹਿ ਜਾਂਦੇ ਹਨ, ਚਾਨਣ ਉਨ੍ਹਾਂ ਦੀਆਂ ਅੱਖਾਂ ਮੂਹਰਿਉ ਹੁੰਦਾ ਹੋਇਆ ਲੰਘ ਜਾਂਦਾ ਹੈ ਪਰ ਉਨ੍ਹਾਂ ਨੂੰ ਪਤਾ ਹੀ ਨਹੀਂ ਲਗਦਾ।

ਅਗਿਆਨਤਾ ਭਰੇ ਆਲਸ ਵਿਚੋਂ ਜਾਗਣ ਤੋ ਬਾਅਦ ਜਦੋਂ ਉਨ੍ਹਾਂ ਨੂੰ ਅਸਲੀਅਤ ਦਾ ਪਤਾ ਲਗਦਾ ਹੈ ਤਾਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਹੱਥਾਂ ਵਿਚੋ ਕਿਰ ਗਏ ਵਕਤ ਨੂੰ ਮੁੜ ਫੜ ਸਕਣਾ ਕੋਈ ਸੌਖਾ ਤਾਂ ਨਹੀ ਹੁੰਦਾ। ਪਛਤਾਵੇ ਨੂੰ ਫੜ ਕੇ ਬਹਿ ਜਾਣਾ ਇਸ ਦਾ ਇਲਾਜ ਬਿਲਕੁੱਲ ਨਹੀਂ ਆਖਿਆ ਜਾ ਸਕਦਾ। ਵਕਤ ਅਜਾਈਂ ਲੰਘ ਜਾਣ ਤੋ ਬਾਅਦ ਫੇਰ ਉਹ ਚਾਨਣ ਦੀਆਂ ਰਿਸ਼ਮਾਂ ਫੜਨ ਵਾਸਤੇ ਉਮਰ ਭਰ ਘੋਲ ਕਰਦੇ ਹਨ। ਕਦੀ ਘੋਲ ਮੁੱਕ ਜਾਂਦਾ ਹੈ ਕਦੀ ਉਮਰ, ਪਰ ਚਾਨਣ ਤੇ ਰਿਸ਼ਮਾਂ ਵਿਚੋਂ ਕੋਈ ਵੀ ਉਨ੍ਹਾਂ ਦੇ ਹੱਥ ਨਹੀਂ ਆਉਂਦਾ। ਬਸ! ਫੇਰ ਉਹ ਹੱਥ ਮਲਣ ਜੋਗੇ ਹੀ ਰਹਿ ਜਾਂਦੇ ਹਨ।

ਹਕੀਕਤਾਂ ਸਾਹਮਣੇ ਹੁੰਦੇ ਹੋਏ ਵੀ ਕਈ ਭਰਮ ਪਾਲਣ ਵਲ ਸਰਗਰਮ ਰਹਿੰਦੇ ਹਨ। ਇਸ ਤਰਾਂ ਕਰਕੇ ਉਹ ਹੋਰ ਕਿਸੇ ਨਾਲ ਨਹੀਂ ਸਗੋਂ ਆਪਣੇ ਆਪ ਨਾਲ ਹੀ ਧੋਖਾ ਕਰ ਰਹੇ ਹੁੰਦੇ ਹਨ। ਧੋਖੇ ਵਿਚ ਵਿਚਰਦੇ ਮਨੁੱਖ ਵਲੋਂ ਵਾਧੂ ਰੁਚੀਆਂ ਵਲ ਤੁਰ ਜਾਣ ਦਾ ਖਦਸ਼ਾ ਸਦਾ ਹੀ ਬਣਿਆ ਰਹਿੰਦਾ ਹੈ, ਕਿਉਕਿ ਸੁਚੇਤ ਤੌਰ 'ਤੇ (ਭਾਵੇਂ ਪਰਦੇ ਹੇਠ ਹੀ ਹੋਵੇ) ਝੂਠ ਜੀਉਂਦੇ ਲੋਕ ਸੱਚ ਦੇ ਦਾਅਵੇਦਾਰ ਹੋਣ ਵਾਲਾ ਆਪਣਾ ਨੈਤਿਕ ਅਧਾਰ ਗੁਆ ਬੈਠਦੇ ਹਨ।

ਹਉਮੈ ਅੰਦਰ ਗ੍ਰਸੇ ਹੋਣਾ ਮਨੁੱਖ ਦੀ ਤਰਾਸਦੀ ਦਾ ਸਿਖਰ ਹੁੰਦਾ ਹੈ, ਜਿੱਥੋਂ ਉਸ ਦੇ ਚੰਗੇ ਰਾਹੇ ਅੱਗੇ ਵਧਣ ਦੇ ਆਸਾਰ ਘਟ ਜਾਂਦੇ ਹਨ। ਕਿਉਂਕਿ ਇਹ ਹੰਕਾਰ ਮਨ ਅੰਦਰ ਪਲਦੀ ਮੈਲ਼ (ਪ੍ਰਦੂਸ਼ਣ) ਦਾ ਬਾਹਰੀ ਅਕਸ ਹੁੰਦਾ ਹੈ। ਨਿਮਰਤਾ, ਮਿੱਠ ਬੋਲੜਾ ਤੇ ਗਿਆਨਵਾਨ ਹੋਣਾ ਮਨੁੱਖ ਦਾ ਗਹਿਣਾ ਹੈ, ਜੋ ਸਾਫ ਅਤੇ ਨਿਰਮਲ ਮਨ ਅੰਦਰ ਹੀ ਪੈਦਾ ਹੋ ਸਕਦੇ ਹਨ। ਪਰ ਇਸਦੇ ਵਾਸਤੇ ਗਿਆਨ ਦੀ ਪੌੜੀ ਦਾ ਅਗਲਾ ਡੰਡਾ (ਸਥਾਨ) ਫੜਨਾ ਪੈਂਦਾ ਹੈ। ਹਰ ਕੋਈ ਹੀ ਇਸ ਮੁਕਾਮ ਤੇ ਪਹੁੰਚਣ ਦਾ ਦਾਅਵਾ ਨਹੀਂ ਕਰ ਸਕਦਾ। ਇਹ ਰਾਹ ਕਰੜੀ ਅਤੇ ਈਮਾਨਦਾਰ ਸਾਧਨਾ ਦੀ ਮੰਗ ਕਰਦਾ ਹੈ। ਜਦੋਂ ਮਨੁੱਖ ਉੱਚੀ ਅਵਸਥਾ ਵਿਚ ਪਹੁੰਚ ਜਾਵੇ ਤਾਂ ਬਾਬਾ ਬੁੱਲੇ ਸ਼ਾਹ ਦੇ ਬੋਲ ਗੂੰਜਦੇ ਹਨ :

'ਬੁੱਲਿਆ ਕੀ ਜਾਣਾਂ ਮੈਂ ਕੌਣ'

ਇੱਥੇ ਪਹੁੰਚ ਕੇ ਵੈਰ-ਵਿਰੋਧ, ਦੂਜ-ਤੀਜ ਤੇ ਬੇਗਾਨਗੀ ਦੇ ਹੱਦਾਂ-ਬੰਨੇ ਸਭ ਮੁੱਕ ਜਾਂਦੇ ਹਨ। ਕਿਸੇ ਦੇ ਪਿਆਰ, ਸਤਿਕਾਰ ਵਜੋਂ ਝੁਕ ਕੇ, ਨੀਵਾਂ ਹੋ ਕੇ ਲੰਘਣਾਂ, ਕਿਸੇ ਦੂਸਰੇ ਮਨੁੱਖ ਦੀ ਮਹਾਨਤਾ ਆਖੀ ਜਾ ਸਕਦੀ ਹੈ। ਆਕੜਖੋਰ ਮਨੁੱਖ ਸਿਰਫ ਪਸ਼ੂ ਬਿਰਤੀ ਦਾ ਮਾਲਕ ਹੀ ਹੋ ਸਕਦਾ ਹੈ ਜਾਂ ਇਸ ਪਾਸੇ ਵਲ ਵਧ ਸਕਦਾ ਹੈ। ਚੰਗਾ ਮਨੁੱਖ ਬਣਨ ਵਾਸਤੇ ਹਰ ਕਿਸੇ ਨੂੰ ਪਹਿਲਾਂ ਗਿਆਨ ਦੇ ਲੜ ਤਾਂ ਲੱਗਣਾ ਹੀ ਪੈਂਦਾ ਹੈ। ਇਸ ਵਾਸਤੇ ਧੋਖੇਬਾਜ਼ੀ, ਝੂਠ-ਫਰੇਬ, ਮੱਕਾਰੀ ਤੇ ਅੱਖੀਂ ਘੱਟਾ ਪਾਉਣ ਵਾਲੀ ਬੇਈਮਾਨੀ ਭਰੀ ਚਤਰਾਈ ਆਦਿ ਸਭ ਨੂੰ ਛੱਡਣਾ ਪਹਿਲੀ ਸ਼ਰਤ ਹੁੰਦੀ ਹੈ। ਬਹੁਤੇ ਧਾਰਮਿਕ ਕਹੇ ਜਾਂਦੇ ਵਿਅਕਤੀਆਂ ਬਾਰੇ ਬੜਾ ਕੁੱਝ ਰੰਗ-ਬਰੰਗਾ ਸੁਣਨ ਨੂੰ ਮਿਲਦਾ ਹੈ। ਉਨ੍ਹਾਂ ਦੇ



ਆਪੇ ਸਜਾਏ 'ਪ੍ਰਚਾਰਕ', 'ਬਾਬਿਆਂ ਦੀ ਮਹਿਮਾਂ' ਨੂੰ ਧੋਖੇ ਭਰੇ ਲਫ਼ਜ਼ਾਂ ਵਾਲੀਆਂ 'ਸ਼ਹਿਦ ਦੀਆਂ ਪੁੜੀਆਂ' ਵਿਚ ਪਾ ਕੇ ਵੇਚਦੇ (ਵੰਡਦੇ ਨਹੀਂ) ਹਨ। ਪਰ ਰੱਬ ਦੇ ਭਗਤਾਂ ਨੇ ਜੇ ਅਸਲ ਗੱਲ ਸਮਝਣੀ ਹੋਵੇ ਤਾਂ ਬਾਬਾ ਬੁੱਲੇ ਸ਼ਾਹ ਨੂੰ ਲਾਜ਼ਮੀ ਹੀ ਸੁਣਨਾ ਪਵੇਗਾ। ਉਹ ਆਖਦੇ ਹਨ :-

'ਗੱਲ ਸਮਝ ਲਈ ਤਾਂ ਰੌਲ਼ਾ ਕੀ
ਇਹ ਰਾਮ, ਰਹੀਮ ਤੇ ਮੌਲਾ ਕੀ ?'

ਇਸ ਤਰਾਂ ਦੇ ਬੋਲ ਜਦੋਂ ਕੰਨੀਂ ਪੈਂਦੇ ਹਨ ਤਾਂ ਸੰਵੇਦਨਸ਼ੀਲ ਮਨੁੱਖ ਦੇ ਅੰਦਰ ਇਕ ਰੀਝ ਪੈਦਾ ਹੁੰਦੀ ਹੈ, ਚਾਨਣ ਦੀ ਕੰਨੀ ਫੜਨ ਦੀ, ਕਿਉਂਕਿ ਹਰ ਮਨੁੱਖ ਦੇ ਅੰਦਰ ਭਰਪੂਰ ਜ਼ਿੰਦਗੀ ਨੂੰ ਜੀਊਣ ਦੀ ਤਾਂਘ ਸਦਾ ਬਣੀ ਹੀ ਰਹਿੰਦੀ ਹੈ। ਇਸ ਦੀ ਪੂਰਤੀ ਕਿਵੇਂ ਹੋਵੇ, ਬਸ! ਇਹ ਹੀ ਨੁਕਤਾ ਉਹਨਾ ਦੇ ਹੱਥ ਨਹੀਂ ਆਉਂਦਾ। ਅੱਜ ਦੇ ਸਮਾਜ ਦੀ ਸਮਾਜੀ ਬਣਤਰ ਬੜੀ ਹੀ ਉਲਝਣਾਂ ਭਰੀ ਹੈ, ਜਿਸ ਵਿਚ ਅਸੀਂ ਵਿਚਰ ਰਹੇ ਹਾਂ ਉੱਥੇ ਕੁੱਝ ਲੋਕ ਅਕਸਰ ਹੀ ਇਸ ਯਤਨ ਵਿਚ ਰਹਿੰਦੇ ਹਨ ਕਿ ਕਿਸੇ ਦੂਸਰੇ ਨੂੰ ਛੋਟਾ ਕਿਵੇਂ ਕੀਤਾ ਜਾਵੇ। ਇਹ ਸਿਰਫ ਛੋਟੀ ਸੋਚ ਵਾਲੇ ਵਿਅਕਤੀ ਹੀ ਸੋਚ/ਕਰ ਸਕਦੇ ਹਨ। ਜਤਨ ਤਾਂ ਇਹ ਹੋਣਾ ਚਾਹੀਦਾ ਹੈ ਕਿ ਆਪ ਵੱਡੇ, ਸਿਆਣੇ (ਗਿਆਨ ਦੇ ਖੇਤਰ ਵਿਚ) ਕਿਵੇਂ ਬਣਿਆਂ ਜਾਵੇ। ਇਸ ਵਾਸਤੇ ਕਿਸੇ ਵੈਦ/ਹਕੀਮ, ਡਾਕਟਰ ਤੋਂ ਗੋਲੀਆਂ ਜਾਂ ਪੁੜੀਆਂ ਤਾਂ ਮਿਲਣੋਂ ਰਹੀਆਂ। ਇਸ ਵਾਸਤੇ ਤਾਂ ਸਾਧਨਾਂ, ਕਰੜੀ ਮਿਹਨਤ, ਸੱਚ ਅਤੇ ਉੱਚੀ ਨੈਤਿਕਤਾ ਹੀ ਇਸ ਦਾ ਅਧਾਰ ਬਣ ਸਕਦੇ ਹਨ। ਜਿੱਥੋਂ ਗਿਆਨ ਦੇ ਤਿਹਾਏ ਨੂੰ ਕੁੱਝ ਬੂੰਦਾਂ ਮਿਲ ਸਕਦੀਆਂ ਹੋਣ ਤਾਂ ਉਹ ਔਖੇ ਰਸਤਿਆਂ ਵਿਚੋ ਲੰਘਦਾ ਹੋਇਆ ਵੀ ਜ਼ਿੰਦਗੀ ਦਾ ਹਾਸਲ ਫੜਨ ਵਾਸਤੇ ਸਦਾ ਜਤਨਸ਼ੀਲ ਰਹੇਗਾ। ਇਹੋ ਹੀ ਗਤੀਸ਼ੀਲਤਾ ਮਨੁੱਖੀ ਜ਼ਿੰਦਗੀ ਦੀ ਸਾਰਥਿਕਤਾ ਬਣ ਜਾਂਦੀ ਹੈ।

ਸਮੇਂ ਨਾਲ ਜੁੜੇ ਬਿਨਾ ਹਰ ਵਿਖਿਆਨ ਵਿਅਰਥ ਹੈ। ਕਿਸੇ ਦੂਜੇ ਨੂੰ ਜਿੱਤਣ ਵਾਸਤੇ ਮੋਹ ਭਰੇ ਬੋਲਾਂ ਦੀ ਲੋੜ ਪੈਂਦੀ ਹੈ। ਮੋਹ ਹੀ ਸੰਸਾਰ ਦਾ ਮੂਲ਼ ਹੈ, ਜਿਸ ਨਾਲ ਰਿਸ਼ਤਿਆਂ ਦੀ ਮੈਲ਼ ਧੋਤੀ ਜਾ ਸਕਦੀ ਹੈ। ਚੰਗੇ ਮਨੁੱਖ ਦੇ ਮਨ ਅੰਦਰਲਾ ਮੋਹ ਹੀ ਨਿਮਰਤਾ ਬਣਕੇ ਲਿਫਦਾ ਹੈ। ਇਹ ਆਪਣੇ ਮਨ ਤੇ ਕਾਬੂ ਪਾ ਲੈਣ ਅਤੇ ਸਮੇਂ ਦਾ ਸੰਗੀ ਹੋ ਜਾਣ ਦਾ ਰਸਤਾ ਵੀ ਹੋ ਸਕਦਾ ਹੈ। ਸਮੇਂ ਦੇ ਨਾਲ ਤੁਰਦਿਆਂ ਕਦਮ ਅੱਗੇ ਵਲ ਹੀ ਵਧਦੇ ਹਨ। ਮਨ ਅੰਦਰ ਪਲਦੇ ਖੋਟ ਤੋਂ ਛੁਟਕਾਰਾ ਪਾਉਣਾ ਬਹੁਤ ਔਖਾ ਤਾਂ ਹੈ, ਅਸੰਭਵ ਬਿਲਕੁੱਲ ਨਹੀਂ। ਪਰ ਚੰਗੀ, ਸੁਚੱਜੀ, ਸਾਊ, ਮਨੁੱਖਵਾਦੀ ਅਤੇ ਸੁਹਜਮਈ ਸਲੀਕੇ ਵਾਲੀ ਭਰਪੂਰ ਜ਼ਿੰਦਗੀ ਜੀਊਣ ਵਾਲੇ ਰਾਹ ਪੈਣ ਵਾਸਤੇ ਇਹ ਬਹੁਤ ਜਰੂਰੀ ਹੈ।

# ਜਮਹੂਰੀਅਤ ਬਨਾਮ : ਲੱਲਾ-ਲਾਲਟੈਣ

ਜਮਹੂਰੀ ਪ੍ਰਬੰਧ ਨੂੰ ਲੋਕ ਭਾਵਨਾਵਾਂ ਦੀ ਪ੍ਰਤੀਨਿਧਤਾ ਵਾਲਾ ਰਾਜ ਪ੍ਰਬੰਧ ਗਿਣਿਆ ਜਾਂਦਾ ਹੈ। ਜਮਹੂਰੀਅਤ, ਭਾਵ ਲੋਕ ਰਾਜ, ਜਿਸ ਰਾਜ-ਕਾਜ ਵਿਚ ਲੋਕਾਂ ਦੀ ਭਾਈਵਾਲੀ ਹੋਵੇ, ਲੋਕਾਂ ਦਾ ਸਿੱਧਾ ਦਖਲ ਤੇ ਸ਼ਮੂਲੀਅਤ ਹੋਵੇ। ਜਿਵੇਂ ਕਿ ਹਰ ਪ੍ਰਬੰਧ ਆਪਣੇ ਲੋਕਾਂ/ਨਾਗਰਿਕਾਂ ਵਾਸਤੇ ਨੇਮ, ਕਾਨੂਨ ਬਣਾਉਂਦਾ ਹੈ ਉਵੇਂ ਹੀ ਜਮਹੂਰੀ ਪ੍ਰਬੰਧ ਵਾਲੇ ਮੁਲਕ ਦੇ ਨਾਗਰਿਕ ਆਪਣੇ ਫ਼ਰਜ਼ ਤਾਂ ਪੂਰੇ ਕਰਦੇ ਹੀ ਹਨ ਪਰ ਉਨ੍ਹਾਂ ਵਾਸਤੇ ਆਪਣੇ ਹੱਕਾਂ ਪ੍ਰਤੀ ਵੀ ਸੁਚੇਤ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਸੁਚੇਤ ਹੋਣ ਕਰਕੇ ਹੀ ਨਾਗਰਿਕਾਂ ਦੇ ਸ਼ਹਿਰੀ/ਜਮਹੂਰੀ ਹੱਕਾਂ ਦੀ ਪ੍ਰਾਪਤੀ ਹੋ ਸਕਦੀ ਹੈ। ਬਹੁਤ ਵਾਰ ਤਾਕਤ ਦੇ ਨਸ਼ੇ ਵਿਚ ਭ੍ਰਿਸ਼ਟ ਹੋਏ ਹਾਕਮ ਆਮ ਲੋਕਾਂ ਨੂੰ ਲਤਾੜਨ ਵੀ ਤੁਰ ਪੈਂਦੇ ਹਨ। ਫੇਰ ਉਸ ਰਾਜ ਪ੍ਰਬੰਧ ਦੇ ਜਮਹੂਰੀ ਹੋਣ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ । ਜਿਵੇਂ ਕਿ ਸੰਸਾਰ ਵਿਚ ਅਜ ਬਹੁਤੇ ਥਾਵੀਂ ਜਮਹੂਰੀ ਪ੍ਰਬੰਧ ਹੁੰਦਿਆਂ ਹੋਇਆਂ ਵੀ ਇਹੋ ਸਵਾਲੀਆ ਨਿਸ਼ਾਨ ਲੱਗਾ ਨਜ਼ਰੀਂ ਪੈਂਦਾ ਹੈ।

ਜਮਹੂਰੀਅਤ ਅੰਦਰ ਲੋਕ/ਨਾਗਰਿਕ ਹੀ ਸਭ ਤੋਂ ਉੱਤਮ ਗਿਣੇ ਜਾਂਦੇ ਹਨ। ਇਸ ਪ੍ਰਬੰਧ ਦੀ ਅਗਵਾਈ ਕਰਨ ਵਾਸਤੇ 'ਡੋਰ' ਕਿਸਦੇ ਹੱਥ ਹੋਵੇ ਲੋਕਾਂ ਤੋਂ ਹੀ ਪੁੱਛਿਆ ਜਾਂਦਾ ਹੈ। ਇਸ ਵਾਸਤੇ ਚੋਣਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਲੋਕਾਂ ਦਾ ਫੈਸਲਾ ਹਰ ਕਿਸੇ ਨੂੰ ਮੰਨਣਾ ਪੈਂਦਾ ਹੈ। ਇਹ ਚੰਗੀ ਧਾਰਨਾ ਹੈ, ਪਰ ਇੱਥੇ ਪਹਿਲਾ ਸਵਾਲ ਇਹ ਉਭਰਦਾ ਹੈ ਕਿ ਲੋਕਾਂ ਨੂੰ ਜਮਹੂਰੀਅਤ ਅਤੇ ਜਮਹੂਰੀ ਪ੍ਰਬੰਧ ਬਾਰੇ ਗਿਆਨ ਵੀ ਹੈ? ਜੇ ਉਨ੍ਹਾਂ ਨੂੰ ਇਸ ਗੱਲ ਦਾ ਹੀ ਪਤਾ ਨਹੀਂ ਕਿ ਉਹ ਕੀ ਕਰ ਰਹੇ ਹਨ? ਕਿਉਂ ਕਰ ਰਹੇ ਹਨ ? ਕੀਹਦੇ ਵਾਸਤੇ ਕਰ ਰਹੇ ਹਨ? ਤਾਂ ਉਨ੍ਹਾਂ ਦੀਆਂ ਭਾਵਨਾਵਾਂ ਤੇ ਇਛਾਵਾਂ ਦੇ ਵਰਗਲ਼ਾ ਲਏ ਜਾਣ ਦਾ ਡਰ ਬਣਿਆ ਰਹਿੰਦਾ ਹੈ। ਹੁਣ ਤੱਕ ਅਕਸਰ ਇਹ ਦੇਖਿਆ ਗਿਆ ਹੈ ਕਿ ਖਚਰੀ ਸਿਆਸਤ ਇਸ ਡਰ ਨੂੰ ਉਧਾਲ਼ ਲੈਂਦੀ ਹੈ ।

'ਲੀਡਰ' ਵੀ ਤਾਂ ਉਨ੍ਹਾਂ ਲੋਕਾਂ ਵਿਚੋਂ ਹੀ ਬਣਨੇ ਹੁੰਦੇ ਹਨ ਜਿਨ੍ਹਾਂ ਨੂੰ ਸਮਾਜ ਦੀਆਂ ਵੱਖੋ ਵੱਖ ਸਮਾਜਿਕ ਪਰਤਾਂ ਦਾ ਗਿਆਨ ਹੀ ਨਹੀਂ ਹੁੰਦਾ। ਭਲਾਂ ਕੀ ਗੁੱਲ ਖਿੜਾ ਸਕਦੇ ਹਨ ਇਹੋ ਜਹੇ 'ਲੀਡਰ'? ਇਹ ਤਾਂ ਨਿੱਤ ਦੇ ਵਿਹਾਰ ਵਿਚੋਂ ਦੇਖਿਆ ਜਾ ਸਕਦਾ ਹੈ । ਇਸ ਸਬੰਧ ਵਿਚ ਗਰੀਬ ਮੁਲਕਾਂ ਦੇ ਲੀਡਰਾਂ ਦੀ ਹੀ ਗੱਲ ਕਰਨੀ ਹੋਵੇ ਤਾਂ ਸਾਹ ਉੱਪਰ ਨੂੰ ਜਾਂਦਾ ਹੈ। ਆਮ ਲੋਕਾਂ ਦੇ ਕੱਪੜੇ ਲਾਹੁਣ ਤੱਕ ਜਾਂਦੇ ਹਨ ਹਾਕਮ। ਟੈਕਸਾਂ ਆਦਿ ਨਾਲ ਲੋਕਾਂ ਦਾ ਕਚੂਮਰ ਕੱਢਿਆ ਜਾਂਦਾ ਹੈ। ਬਹੁਤ ਹਨ ਇਹੋ ਜਹੇ



ਮੁਲਕ। ਬੰਗਲਾ ਦੇਸ ਵਰਗੇ ਮੁਲਕ ਗਰੀਬੀ ਹੀ ਨਹੀਂ ਭੋਗਦੇ ਸਗੋਂ ਭੁੱਖਮਰੀ ਨਾਲ ਜੂਝਦੇ ਹਨ । ਪਾਕਿਸਤਾਨ ਵਰਗੇ 'ਜਮਹੂਰੀ' ਮੁਲਕ ਦਾ ਬੰਬਾਂ ਅਤੇ ਤੋਪਾਂ ਦੇ 'ਸਾਏ' ਹੇਠ ਦੀਵਾਲੀਆ ਹੋਣ ਤੱਕ ਅੱਪੜ ਜਾਣਾ। ਮੁਲਕ ਦਾ ਇਹ ਹਾਲ ਹੈ ਕਿ ਪਹਿਲਾਂ ਲਿਆ ਕਰਜ਼ਾ ਲਾਹੁਣ ਖਾਤਰ ਹੋਰ ਕਰਜ਼ਾ ਲੈਣ ਵਾਸਤੇ ਤਰਲੇ ਮਾਰੇ ਜਾਂਦੇ ਹਨ। ਜਿਸ ਨਾਲ ਮੁਲਕ ਦਾ ਸਵੈਮਣ ਅਤੇ ਦੇਸ਼ ਦੀ ਅਰਥ ਵਿਵਸਥਾ ਖਤਰੇ ਦੀ ਰੇਖਾ ਵਲ ਵਧਣ ਲਗਦੀ ਹੈ। ਜਦੋਂ ਉਹ ਕਿਸੇ ਕੌਮਾਂਤਰੀ ਅਦਾਰੇ ਕੋਲੋਂ ਕਰਜ਼ਾ ਮੰਗਦੇ ਹਨ ਤਾਂ ਅਦਾਰੇ ਵਾਲੇ ਇਹ ਸੋਚਣ ਲੱਗ ਪੈਂਦੇ ਹਨ ਕਿ ਕੀ ਇਹ ਕਰਜ਼ੇ ਦੇ ਵਿਆਜ਼ ਦੀ ਕਿਸ਼ਤ ਤਾਰਨ ਜੋਗੇ ਵੀ ਹਨ? ਭਲਾਂ ਕੀ ਹਾਕਮਾਂ ਨੂੰ ਇਹ ਦਿਸਦਾ ਹੀ ਨਹੀਂ? ਜਾਂ ਫੇਰ ਉਹ ਜਾਣ ਬੁੱਝ ਕੇ ਅੱਖਾਂ ਮੀਚ ਕੇ ਵਕਤ ਕਟੀ ਕਰਨਾਂ ਹੀ ਆਪਣਾ 'ਧਰਮ'ਸਮਝਣ ਲੱਗ ਪੈਂਦੇ ਹਨ ।

ਭਾਰਤ ਵਰਗੇ ਮੁਲਕ ਅੰਦਰ ਬੇਥਾਹ ਕੁਦਰਤੀ ਭੰਡਾਰ ਅਤੇ ਅਥਾਹ ਮਨੁੱਖੀ ਸ਼ਕਤੀ ਕੋਲ ਹੋਣ ਦੇ ਬਾਵਜੂਦ ਉੱਜੜ ਹਾਕਮਾਂ ( ਲੀਡਰਾਂ /ਸਿਆਸਤਦਾਨਾਂ) ਦੀਆਂ ਗਲਤ ਨੀਤੀਆਂ ਕਰਕੇ ਮੁਲਕ ਦਾ ਕਰਜ਼ਿਆਂ ਦੀ ਦਲਦਲ ਵਿਚ ਡੂੰਘੇ ਧਸਦੇ ਜਾਣ ਨਾਲ ਆਮ ਲੋਕਾਂ ਦਾ ਜੀਵਨ ਨਿੱਤ ਦਿਨ ਨਿਘਾਰ ਵਲ ਵਧ ਰਿਹਾ ਹੈ। ਦੁਨੀਆਂ ਨੂੰ ਵਿਖਾਉਣ ਵਾਸਤੇ ਤਰੱਕੀ ਕਰਦੇ ਝੂਠੇ/ਸੱਚੇ ਅੰਕੜੇ ਪੇਸ਼ ਕਰ ਦਿੱਤੇ ਜਾਂਦੇ ਹਨ। ਗਰੀਬੀ ਹੱਥੋਂ ਤੰਗ ਆ ਕੇ ਵੱਡੀ ਗਿਣਤੀ ਵਿਚ ਅੰਨ ਦਾਤਾ ਕਹੇ ਜਾਂਦੇ ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ। ਮਰਨਾਂ ਤਾਂ ਮੁਲਕ ਦੇ ਨਾਲਾਇਕ ਲੀਡਰਾਂ ਨੂੰ ਚਾਹੀਦਾ ਹੈ, ਸ਼ਰਮ ਨਾਲ, ਪਰ ਮਰ ਰਿਹਾ ਹੈ ਗਰੀਬ-ਗੁਰਬਾ। ਜਿੱਥੇ ਬੇ-ਗਿਣਤ ਪੰਜ ਤਾਰਾ ਹੋਟਲ ਉਸਰਦੇ ਹੋਣ ਉੱਥੇ ਗਰੀਬ ਲੋਕ ਫੁੱਟ ਪਾਥਾਂ ਉੱਤੇ ਸੌਣ ਵਾਸਤੇ ਕਿਉਂ ਮਜਬੂਰ ਕੀਤੇ ਜਾਂਦੇ ਹਨ? ਲੋਕਾਂ ਦੀ ਕੁੱਲੀ-ਗੁੱਲੀ-ਜੁੱਲੀ ਦਾ ਇਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਫਿਕਰ ਕਿਉਂ ਨਹੀਂ? ਕੀ ਮੁਲਕ ਦੇ 'ਮਾਲਕ' ਸਿਰਫ ਅਮੀਰ ਲੋਕ ਅਤੇ ਉਨ੍ਹਾਂ ਦੀਆਂ ਕਠਪੁਤਲੀਆਂ ਬਣੇ ਬਹੁਗਿਣਤੀ ਸਿਆਸਤਦਾਨ ਹੀ ਹੁੰਦੇ ਹਨ? ਜਦੋਂ ਜਮਹੂਰੀ ਪ੍ਰਬੰਧ ਨੂੰ ਲੋਕਾਂ ਦਾ ਰਾਜ ਕਿਹਾ ਜਾਂਦਾ ਹੈ ਤਾਂ ਲੀਡਰ ਇਸ ਨੂੰ ਮੰਨਣ ਤੋਂ ਕਿਉਂ ਇਨਕਾਰੀ ਹੋਏ ਫਿਰਦੇ ਹਨ? ਬਸ ! ਐਵੇਂ ਹੀ ਲੋਲੋ-ਪੋਪੋ ਕਰਕੇ ਡੰਗ ਟਪਾਈ ਜਾਂਦੇ ਹਨ।

ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਤੇ ਹੇਰਾਫੇਰੀ (ਉਂਜ ਇਹ ਹਰ ਥਾਵੇਂ ਹੀ ਹੈ) ਸਾਡਿਆਂ ਮੁਲਕਾਂ ਦਾ ਕੌਮੀ ਚਰਿਤ੍ਰ ਬਣ ਚੁੱਕਾ ਹੈ। 'ਲੁੱਚਾ ਸਭ ਤੋਂ ਉੱਚਾ' ਵਾਲੀ ਕਹਾਵਤ ਸਾਡੇ ਲੀਡਰਾਂ 'ਤੇ ਸਹੀ ਢੁੱਕਦੀ ਹੈ। ਜਿਸ ਮੁਲਕ ਅੰਦਰ ਅਤਿ ਦੇ ਲੁੱਚੇ , ਬੇਈਮਾਨ, ਕਾਤਲ ਆਦਿ ਵੀ ਲੀਡਰ ਬਣ ਜਾਣ ਜਾਂ ਦਸ ਨੰਬਰੀਏ ਬਦਮਾਸ਼ ਵਜ਼ਾਰਤਾਂ ਤੱਕ ਪਹੁੰਚ ਜਾਣ ਫੇਰ ਉਸ ਮੁਲਕ ਦੀ ਸਿਆਸਤ (ਲੀਡਰਾਂ) ਤੋਂ ਭਲਾਂ ਕਿਹੜੇ ਭਲੇ ਦੀ ਆਸ ਰੱਖੀ ਜਾ ਸਕਦੀ ਹੈ? ਅਜਿਹੀ ਆਸ ਰੱਖਣਾਂ ਮੂਤ ਵਿਚੋਂ ਮੱਛੀਆਂ ਫੜਨ ਤੋਂ ਵੀ ਔਖਾ ਕੰਮ ਹੈ। ਪਰ ਕਮਾਲ ਹੈ 'ਜਮਹੂਰੀ ਪ੍ਰਬੰਧ' ਦੇ ਆਗੂ ਲੋਕਾਂ ਦੀਆਂ ਵੋਟਾਂ ਨਾਲ ਚੁਣੇ ਜਾਂਦੇ ਹਨ। ਜੇ ਲੋਕ ਕਿਸੇ ਨੂੰ ਰੱਦ ਕਰ ਦੇਣ ਤਾਂ ਸਿਆਸੀ ਪਾਰਟੀਆਂ ਲੋਕਾਂ ਵਲੋਂ ਰੱਦ ਕੀਤੇ ਗਏ/ਨਕਾਰੇ ਗਏ ਉਸ 'ਨੇਤਾ' ਨੂੰ ਕਿਸੇ ਹੋਰ 'ਜਮਹੂਰੀ' ਰਸਤੇ ਪਾਰਲੀਮੈਂਟ

ਅੰਦਰ ਪਹੁੰਚਾ ਦਿਦੀਆਂ ਹਨ, ਉਹ ਪਹੁੰਚਦੇ ਹੀ ਨਹੀਂ ਵਜ਼ੀਰ ਤੱਕ ਬਣ ਜਾਂਦੇ ਹਨ- ਲੋਕਾਂ ਵਲੋਂ ਜਮਹੂਰੀ ਤਰੀਕੇ ਨਾਲ ਰੱਦ ਕੀਤੇ ਗਏ ਇਹ 'ਲੀਡਰ'। ਕੀ ਇਹ ਲੋਕਾਂ ਦਾ, ਜਮਹੂਰੀਅਤ ਦਾ ਅਪਮਾਨ ਨਹੀਂ?

ਭਾਰਤ ਦੀ ਅਜਾਦੀ ਨੂੰ ਛੇ ਦਹਾਕਿਆਂ ਤੋਂ ਉੱਪਰ ਹੋ ਗਏ ਹਨ ਪਰ ਅਜੇ ਤੱਕ ਵੀ ਮੁਲਕ ਦੀ ਕਾਫੀ ਵੱਡੀ ਗਿਣਤੀ ਵਿੱਦਿਆ ਤੋਂ ਵਿਰਵੀ ਹੀ ਤੁਰੀ ਫਿਰਦੀ ਹੈ। ਮੁਲਕ ਦੇ ਲੀਡਰ ਇਸ ਨੂੰ ਆਪਣੀ ਕੰਮ ਅਕਲੀ/ਉਜੱਡਤਾ ਸਮਝਣ ਤਾਂ ਉਨ੍ਹਾਂ ਨੂੰ ਸ਼ਰਮ ਆਵੇ, ਪਰ ਨੇਤਾ ਤੇ ਸ਼ਰਮ..... ਤੌਬਾ-ਤੌਬਾ। ਕੀ ਛੇ ਦਹਾਕੇ ਕਾਫੀ ਨਹੀਂ ਹੁੰਦੇ ਲੋਕਾਂ ਨੂੰ ਸਿੱਖਿਅਤ ਕਰਨ ਵਾਸਤੇ? ਕਿਸੇ ਦੇਸ/ਕੌਮ ਦੀ ਨੁਹਾਰ ਬਦਲਣ ਵਾਸਤੇ? ਬਹੁਤੇ ਲੋਕ ਤਾਂ ਅਜੇ ਵੀ ਅੰਗੂਠਾ ਲਾ ਕੇ ਅਜਾਦੀ ਦਾ 'ਅਨੰਦ' ਮਾਣ ਰਹੇ ਹਨ।

ਚੋਣਾਂ ਵੇਲੇ ਪਾਰਟੀਆਂ ਦੇ ਉਮੀਦਵਾਰਾਂ ਦੇ ਨਾਵਾਂ ਨਾਲ ਪਹਿਲੀ ਜਮਾਤ ਵਿਚ ਪੜ੍ਹਦੇ ਬੱਚੇ ਵਾਲੇ ਬਾਲ-ਬੋਧ (ਕਾਇਦਾ) ਤੋਂ ਹੀ ਕੰਮ ਲਿਆ ਜਾਂਦਾ ਹੈ। ਚੋਣ ਲੜ ਰਹੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ 'ਅਲਾਟ' ਕੀਤੇ ਜਾਂਦੇ ਹਨ। ਵੋਟਰਾਂ ਨੂੰ ਤਿੰਨ ਚਾਰ ਸਾਲ ਦੇ ਬੱਚਿਆਂ ਵਾਂਗ ਮੂਰਤਾਂ ਨਾਲ ਸਮਝਾਇਆ ਜਾਂਦਾ ਹੈ। ਸਾਈਕਲ, ਗੱਡਾ, ਖੋਤਾ, ਬਾਂਦਰ, ਉੱਲੂ ਤੇ ਲਾਟੂ ਆਦਿ ਵਿਖਾ ਕੇ ਲੋਕਾਂ ਤੋਂ ਵੋਟ ਵਟੋਰੀ ਜਾਂਦੀ ਹੈ। ਭਲਾਂ ਜਿਨ੍ਹਾਂ ਲੋਕਾਂ ਨੂੰ ਵੋਟ ਦੀ ਮਹੱਤਤਾ ਬਾਰੇ ਪਤਾ ਹੀ ਨਹੀਂ ਉਹ ਵੋਟ ਦੀ ਸਹੀ ਵਰਤੋਂ ਕਿਵੇਂ ਕਰ ਸਕਦੇ ਹਨ? ਲੋਕਾਂ ਨੂੰ ਹੁਣ ਤੱਕ ਸਿੱਖਿਆ ਤੋਂ ਵਿਰਵੇ ਕੀਹਨੇ ਰੱਖਿਆ? ਲੋਕ ਪੱਖੀ ਰਾਜ ਪ੍ਰਬੰਧ ਦੀ ਸਿਰਜਣਾਂ ਤੋਂ ਕੀਹਨੇ ਅਤੇ ਕਿਉਂ ਪਾਸਾ ਵੱਟੀ ਰੱਖਿਆ? ਇਸ ਸਵਾਲ ਦਾ ਜਵਾਬ ਕੋਈ ਨਹੀਂ ਦਿੰਦਾ।

ਜਦੋਂ ਛੋਟਾ ਬੱਚਾ ਸਕੂਲ ਜਾਂਦਾ ਹੈ ਤਾਂ ਅੱਖਰਾਂ ਦੀ ਪਹਿਚਾਣ ਕਰਵਾਉਣ ਵਾਸਤੇ ਪਹਿਲਾਂ ਉਹਨੂੰ ਮੂਰਤਾਂ ਰਾਹੀਂ ਸਮਝਾਇਆ ਜਾਂਦਾ ਹੈ, ਊੜਾ-ਉੱਲੂ, ਐੜਾ-ਅੰਬ, ਈੜੀ-ਇੱਟ ਆਦਿ। ਪਰ ਸਾਲ -ਛੇ ਮਹੀਨੇ ਬਾਅਦ ਹੀ ਉਹ ਬੱਚਾ ਮੂਰਤਾਂ ਦਾ ਆਸਰਾ ਛੱਡ ਕੇ ਆਪ ਹੀ ਪੜ੍ਹਨ-ਲਿਖਣ ਲੱਗ ਪੈਂਦਾ ਹੈ। 'ਸਦਕੇ ਜਾਈਏ' ਭਾਰਤੀ ਜਮਹੂਰੀਅਤ ਤੇ ਅਤੇ ਇਹਨੂੰ 'ਹੱਕ' ਰਹੇ ਸੂਝੋਂ ਸੱਖਣੇ ਤੇ ਅਸਲੋਂ ਬੇਸ਼ਰਮ 'ਲੀਡਰਾਂ' ਦੇ ਕਿ ਭਾਰਤੀ ਜਮਹੂਰੀਅਤ ਛੇ ਦਹਾਕੇ ਦੀ ਹੋ ਕੇ ਵੀ ਬਾਲ-ਬੋਧ ਦੇ ਆਸਰੇ ਹੀ ਖੜ੍ਹੀ ਹੈ ਭਾਵ ਅਜੇ ਵੀ ਕੱਚੀ-ਪਹਿਲੀ ਵਿਚ ਹੀ ਤੁਰੀ ਫਿਰਦੀ ਹੈ। ਇਸ ਦੇ ਜੁੰਮੇਵਾਰ ਮੁਲਕ ਦੇ ਸਿਆਸੀ ਲੀਡਰ ਹਨ ਹੋਰ ਕਈ ਨਹੀਂ। ਇਨ੍ਹਾਂ ਨੂੰ ਸਿਆਸੀ ਹੀਜੜੇ ਵੀ ਕਿਹਾ ਜਾ ਸਕਦਾ ਹੈ।

ਮੀਡੀਏ ਨੂੰ ਜਮਹੂਰੀਅਤ ਦਾ ਚੌਥਾ ਪਾਵਾ ਕਿਹਾ ਜਾਂਦਾ ਹੈ। ਕੀ ਮੀਡੀਏ ਨਾਲ ਸਬੰਧਤ ਲੋਕਾਂ ਨੇ ਆਪਣੇ ਫ਼ਰਜ਼ਾਂ ਦੀ ਈਮਾਨਦਾਰੀ ਨਾਲ ਪੂਰਤੀ ਬਾਰੇ ਕਦੇ ਸੋਚਿਆ ਹੈ (ਸਿਰਫ ਕੁੱਝ ਇਕ ਨੂੰ ਛੱਡਕੇ)। ਇੱਥੇ ਵੀ ਬਹੁਤ ਸਾਰੇ ਭ੍ਰਿਸ਼ਟਾਚਾਰ ਤੋਂ ਪ੍ਰਭਾਵਿਤ ਹੋ ਜਾਂਦੇ ਹਨ। ਫੇਰ ਲੋਕਾਂ ਨਾਲ ਕੌਣ ਖੜ੍ਹੇਗਾ? ਲੋਕਾਂ ਦੀ ਅਵਾਜ਼ ਕੌਣ ਬਣੇਗਾ? ਕੀ ਮੀਡੀਏ ਨੇ ਲੋਕਾਂ ਨੂੰ ਕਦੇ ਸਮੇਂ ਸਿਰ ਦੱਸਿਆ ਹੈ ਅਸੰਬਲੀਆਂ, ਪਾਰਲੀਮੈਂਟ ਅਤੇ ਹੋਰ



'ਜਮਹੂਰੀ' ਅਦਾਰਿਆਂ ਅੰਦਰ ਇਨ੍ਹਾਂ ਲੋਕਾਂ ਵਲੋਂ ਚੁਣੇ ਹੋਏ ਪ੍ਰਤੀਨਿਧਾਂ ਵਿਚੋਂ ਕਿਵੇਂ ਕਾਫੀ ਸਾਰੇ ਸਰਮਾਏਦਾਰਾਂ ਦੇ ਏਜੰਟ ਬਣ ਕੇ ਵਿਚਰਦੇ ਹਨ? ਬਦਲੇ ਵਿਚ ਧੰਨ ਦੀਆਂ ਵੱਡੀਆਂ ਥੈਲੀਆਂ ਪ੍ਰਾਪਤ ਕਰਦੇ ਹਨ। ਸਰਕਾਰੀ ਮੀਡੀਆ ਤਾਂ ਲੋਕਾਂ ਵੱਲ ਪਿੱਠ ਕਰਕੇ ਸਿਰਫ ਸਰਕਾਰ ਦਾ ਮਰਾਸਪੁਣਾਂ ਕਰਦਾ ਹੈ, ਪਰ ਗੈਰ ਸਰਕਾਰੀ ਵਿਚੋਂ ਵੀ ਬਹੁਤੇ ਬੁਰਕੀ ਦੀ ਕੁੱਤੇ ਝਾਕ ਤੋਂ ਬਰੀ ਨਹੀਂ ਹੋ ਸਕਦੇ। ਬਹੁਤ ਹੀ ਛੋਟੀ ਜਹੀ ਘੱਟ ਗਿਣਤੀ ਹੈ ਪੱਤਰਕਾਰਾਂ ਦੀ ਜੋ ਅਸੂਲ ਨਾਲ ਤੇ ਲੋਕਾਂ ਨਾਲ ਖੜ੍ਹੇ ਹੋਣ ਦਾ ਦਮ ਭਰ ਸਕਦੇ ਹਨ। ਮੀਡੀਏ ਵਲੋਂ ਆਪਣਾ ਫ਼ਰਜ਼ ਪੂਰੀ ਈਮਾਨਦਾਰੀ ਨਾਲ ਨਾ ਪੂਰਾ ਕਰਨ ਕਰਕੇ ਹੀ ਨਿਘਾਰ ਇੰਨਾ ਵਧਿਆ ਹੈ। ਲੋਕਾਂ ਤੱਕ ਸੱਚ ਨੂੰ ਪਹੁੰਚਣ ਹੀ ਨਹੀਂ ਦਿੱਤਾ ਜਾਂਦਾ। ਇਹੋ ਨਿਘਾਰ ਜਮਹੂਰੀਅਤ ਨੂੰ ਖੋਰਾ ਲਾਉਂਦਾ ਤੇ ਕਮਜ਼ੋਰ ਕਰਦਾ ਹੈ।

ਸਿਆਸਤ ਅਤੇ ਸਿਆਸਤਦਾਨਾਂ ਨੇ ਹੁਣ ਤੱਕ ਮੁਲਕ ਨੂੰ ਹਨੇਰੇ ਵੱਲ ਧੱਕਿਆ ਹੈ। ਤਰੱਕੀ ਦੀਆਂ ਟਾਅਰਾਂ ਦੇ ਨਾਲ ਭੁੱਖ, ਗਰੀਬੀ, ਭਿਰਸ਼ਟਾਚਾਰ ਤੇ ਇਹੋ ਜਹੀਆਂ ਹੋਰ ਨਿਸ਼ਾਨਦੇਹੀਆਂ ਭਾਰਤੀ ਸਮਾਜ ਦੀ ਪਹਿਚਾਣ ਬਣਦੀਆਂ ਹਨ। ਮੌਕਾਪ੍ਰਸਤ ਸਿਆਸਤਦਾਨ ਆਪਣਾ ਸਿਆਸੀ ਖੁਸਰਾਪਨ ਲੁਕਾਉਣ ਵਾਸਤੇ 'ਬੰਬ' 'ਤੇ ਚੜ੍ਹਕੇ ਪੋਖਰਨ ਪਹੁੰਚਦੇ ਹਨ। ਫੋਕੀਆਂ ਫੜ੍ਹਾਂ ਮਾਰਦੇ ਹਨ। ਉਹ ਕਿਉਂ ਨਹੀਂ ਸੁਣਦੇ ਲੋਕਾਂ ਦੀ ਅਵਾਜ਼ ਕਿ ਲੋਕ ਬੰਬ ਨਹੀਂ ਵਿੱਦਿਆ ਚਾਹੁੰਦੇ ਹਨ। ਲੋਕ ਬੰਬ ਨਹੀਂ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਚਾਹੁੰਦੇ ਹਨ। ਲੋਕ ਬੰਬ ਨਹੀਂ ਚੰਗੇ ਹਸਪਤਾਲ ਅਤੇ ਚੰਗੀ ਸਿਹਤ ਸੇਵਾ ਚਾਹੁੰਦੇ ਹਨ। ਬੀਮਾਰਾਂ ਵਾਸਤੇ ਚੰਗੇ ਇਲਾਜ ਦਾ ਪ੍ਰਬੰਧ ਚਾਹੁੰਦੇ ਹਨ। ਬੁਢਾਪੇ ਦੀ ਸਾਂਭ-ਸੰਭਾਲ ਖਾਤਰ ਬੁਢਾਪਾ ਸਾਂਭ ਸੰਭਾਲ ਕੇਂਦਰ ਚਾਹੁੰਦੇ ਹਨ। ਲੋਕ 'ਗੁਆਂਢੀਆਂ' ਨਾਲ ਦੁਸ਼ਮਣੀ ਨਹੀਂ ਦੋਸਤੀ ਚਾਹੁੰਦੇ ਹਨ। ਲੋਕ ਜੰਗ ਨਹੀਂ, ਅਮਨ ਚਾਹੁੰਦੇ ਹਨ। ਲੋਕ ਮੌਤ ਨਹੀਂ, ਜ਼ਿੰਦਗੀ ਚਾਹੁੰਦੇ ਹਨ। ਜਿਹੜੇ ਹਾਕਮ/ਸਿਆਸਤਦਾਨ ਲੋਕਾਂ ਨੂੰ ਇਹ ਕੁੱਝ ਨਹੀਂ ਦੇ ਸਕਦੇ ਉਹ ਲੋਕਾਂ ਨੂੰ ਹਨੇਰਾ ਢੋਣ ਲਈ ਮਜਬੂਰ ਕਰ ਰਹੇ ਹਨ। ਇਹ ਜਮਹੂਰੀਅਤ ਨਾਲ ਮਜ਼ਾਕ ਵੀ ਹੈ ਤੇ ਧੱਕਾ ਵੀ। ਇਹ ਲੋਕ ਕੋਈ ਨਿਸ਼ਾਨ ਬਣਨ ਦੀ ਥਾਵੇਂ ਧੱਬੇ ਬਣਦੇ ਹਨ। ਇਤਿਹਾਸ ਦੇ ਧੱਬਿਆਂ ਨੂੰ ਲੋਕ ਸਦਾ ਹੀ ਨਫਰਤ ਨਾਲ ਦੇਖਦੇ ਹਨ।

ਸਿਆਸੀ ਲੀਡਰਾਂ ਦੇ ਝੂਠੇ ਲਾਰੇ ਕਿਸੇ ਦਾ ਕੁੱਝ ਨਹੀਂ ਸਵਾਰ ਸਕਦੇ। ਲੋਕਾਂ ਨੂੰ ਹੀ ਜਾਗ੍ਰਿਤ ਹੋ ਕੇ ਸਿਆਸਤ ਦੇ ਖੁਸਰੇਪਨ ਤੋਂ ਜਮਹੂਰੀਅਤ ਨੂੰ ਬਚਾਉਣਾ ਪਵੇਗਾ। ਜਮਹੂਰੀਅਤ ਨੂੰ ਸਾਈਕਲ, ਖੋਤਾ, ਬਾਂਦਰ ਤੇ ਗੱਡਾ ਆਦਿ ਦੀਆਂ ਮੂਰਤਾਂ ਵਾਲਾ ਹਨੇਰਾ ਨਹੀਂ ਚਾਹੀਦਾ ਸਗੋਂ ਫੈਲ ਗਏ ਹਨੇਰੇ ਨੂੰ ਦੂਰ ਕਰਨ ਲਈ ਸੂਝ ਦੀ, ਸਮਝ ਦੀ, ਏਕੇ ਦੀ ਜਗਦੀ ਲਾਲ਼ਟੈਣ ਦੀ ਲੋੜ ਹੈ ਜੋ ਮੁਲਕ 'ਚੋਂ ਅਤੇ ਲੋਕਾਂ ਦੀ ਜ਼ਿੰਦਗੀ 'ਚੋਂ ਹਨੇਰਾ ਦੂਰ ਕਰਕੇ ਗਿਆਨ ਦੇ ਚਾਨਣ ਦਾ ਛੱਟਾ ਦੇਵੇ, ਲੋਕਾਂ ਨੂੰ ਜਮਹੂਰੀਅਤ ਦੇ ਸਹੀ ਅਰਥ ਦੱਸੇ। ਲੋਕਾਂ ਦੀ ਸਰਗਰਮ ਸ਼ਮੂਲੀਅਤ ਤੋਂ ਬਿਨਾਂ ਕੋਈ ਵੀ ਜਮਹੂਰੀਅਤ ਅਧੂਰੀ ਹੁੰਦੀ ਹੈ।

# ਲੇਖਕ ਦੀ ਮਜ਼ਦੂਰੀ

ਜਦੋਂ ਵੀ ਕੋਈ ਇਨਸਾਨ ਸੁਚੇਤ ਹੋ ਕੇ ਸਮਾਜ ਬਾਰੇ ਸੋਚਣ/ਸਮਝਣ ਲਗਦਾ ਹੈ ਤਾਂ ਉਸਦੀ ਰਾਤਾਂ ਦੀ ਨੀਂਦ, ਮਨ ਦਾ ਅਮਨ-ਚੈਨ ਝੋਰੇ ਦੇ ਵਸ ਪੈ ਜਾਂਦੇ ਹਨ। ਇਹ ਝੋਰਾ ਸਦਾ ਉਦਾਸੀ ਵਰਗਾ ਨਹੀਂ ਹੁੰਦਾ ਸਗੋਂ ਇਹ ਝੋਰਾ ਰੋਹ ਦਾ ਰੂਪ ਧਾਰਨ ਕਰਨ ਵਲ ਵਧ ਜਾਂਦਾ ਹੈ। ਜਾਗਦੀ ਜ਼ਮੀਰ ਵਾਲੇ ਅਨੁਭਵੀ ਉਹ ਕਰਮ ਚੁਣਨ ਲਈ ਮਜਬੂਰ ਹੋ ਜਾਂਦੇ ਹਨ ਜਿਹੜਾ ਭਾਵੇਂ ਦੁੱਖਾਂ, ਤਕਲੀਫਾਂ , ਤੰਗੀਆਂ ਅਤੇ ਕੰਡਿਆਂ ਭਰਿਆ  ਹੁੰਦਾ ਹੈ। ਪਰ, ਉਸਦੇ ਅੰਦਰ ਅਵਾਮ ਦੀ ਵੱਡੀ ਗਿਣਤੀ ਅੰਦਰਲੀ ਗੁਰਬਤ, ਜੀਵਨ ਵਿਚ ਅਸਮਾਨਤਾ ਅਤੇ ਉਨ੍ਹਾਂ ਦੇ ਹੁੰਦੇ ਅਪਮਾਨ ਤੋਂ ਮੁਕਤੀ ਦਾ ਰਾਹ ਲੁਕਿਆ ਹੁੰਦਾ ਹੈ।

ਜਹਾਲਤ ਭਰੀ ਸੋਚ ਵਾਲੇ ਹਾਕਮਾਂ ਅਤੇ ਮੌਜੂਦਾ ਪ੍ਰਬੰਧ ਦੀ ਲੁੱਟ-ਖੋਹ ਵਾਲੀ ਕਮੀਨਗੀ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਅਤੇ ਉਸਤੋਂ ਸੁਚੇਤ ਕਰਨ ਵਾਲੇ ਕਲਮਕਾਰ ਆਪਣੀਆਂ ਰਚਨਾਵਾਂ ਰਾਹੀਂ ਲੋਕਾਂ ਨੂੰ ਇਸ ਸਭ ਕਾਸੇ ਬਾਰੇ ਸੋਚਣ ਵਲ ਤੁਰਨ ਦਾ ਹੋਕਾ ਦਿੰਦੇ ਹਨ ਜੀਹਦੇ ਨਾਲ ਜ਼ਿੰਦਗੀ ਖੂਬਸੂਰਤੀ ਵਲ ਵਧਣ ਦਾ ਰਾਹ ਫੜ੍ਹ ਲਵੇ।

ਭਾਵੇਂ ਇਹ ਜਾਣੀ ਜਾਂਦੀ ਸਚਾਈ ਹੈ ਕਿ ਲੇਖਕ ਸਿੱਧੇ ਤੌਰ 'ਤੇ ਤਬਦੀਲੀ ਲਿਆਉਣ ਦੇ ਯੋਗ ਨਹੀਂ ਹੁੰਦੇ ਪਰ ਉਨ੍ਹਾਂ ਵਲੋਂ ਜ਼ੁੰਮੇਵਾਰੀ ਨਾਲ ਸਿਰਜੀਆਂ ਸੁਚੇਤ ਕਰਦੀਆਂ ਸੂਝ ਭਰੀਆਂ ਈਮਾਨਦਾਰ ਅਤੇ ਸਮਰਥਾਵਾਨ  ਲਿਖਤਾਂ ਅਵਾਮ ਦੇ ਮੱਥਿਆਂ ਦੀ ਲੋਅ ਨੂੰ ਤਿੱਖਿਆਂ ਕਰਨ, ਸਮਾਜ ਬਾਰੇ ਸੁਚੇਤ ਹੋ ਕੇ ਸੋਝੀ ਇਕੱਠੀ ਕਰਨ, ਸਮਾਜ ਅੰਦਰ ਪੈਂਦੇ ਵਿਗਾੜਾਂ ਨੂੰ ਸਮਝਣ/ਸਮਝਾਉਣ ਅਤੇ ਹੇਠੀ ਭਰੀ ਸਥਿਤੀ ਵਿਚੋਂ ਬਾਹਰ ਨਿਕਲਣ ਦਾ ਰਾਹ ਜ਼ਰੂਰ ਉਨ੍ਹਾਂ ਦੇ ਪੱਲੇ ਪਾਉਂਦੀਆਂ ਹਨ ਅਤੇ ਲੇਖਕ ਆਪਣੀਆਂ ਲਿਖਤਾਂ ਨਾਲ ਲੋਕਾਂ ਨੂੰ ਜੀਊਣ ਦੇ ਅਸਲ ਮਕਸਦ ਵਲ ਪ੍ਰੇਰਦੇ ਹਨ ਜਿਸ ਨਾਲ ਹੋਰ ਚੰਗਾ ਜੀਊਣ ਦੀ ਲਾਲਸਾ ਪੈਦਾ ਹੁੰਦੀ ਰਹੇ ਅਤੇ ਲੋਕ ਚੰਗੇ ਤੋਂ ਚੰਗੇਰੇ ਤੱਕ ਪਹੁੰਚਣ ਖਾਤਰ ਘੋਲ ਕਰਨ ਵਲ ਵਧਣ ਜਿਸ ਨਾਲ ਉਹ ਜ਼ਿੰਦਗੀ ਦੀ ਅਸਲੀਅਤ ਜਾਣ ਅਤੇ ਮਾਣ ਸਕਣ। ਰਚਨਾਕਾਰ ਆਮ ਲੋਕਾਈ ਦੇ ਰਾਹ ਦਸੇਰੇ ਬਣ ਜਾਂਦੇ ਹਨ। ਉਡਾਰੀ ਮਾਰਦੇ ਲੋਅ ਭਰੇ ਜੁਗਨੂਆਂ ਵਰਗੇ ਜਾਂ ਹਨੇਰੇ ਵਿਚ ਜਗਦੀ ਲਾਲਟੈਣ ਵਰਗੇ ।

ਲੇਖਕ ਦਰਦ ਵਿਚੋਂ ਨਪੀੜ ਹੋ ਕੇ ਰਚਨਾ ਕਰਦਾ ਹੈ। ਉਹ ਦਰਦ ਕਿਸੇ ਦਾ ਆਪਣਾ ਵੀ ਹੋ ਸਕਦਾ ਹੈ,  ਲੋਕਾਈ ਦਾ ਵੀ , ਜਿਸ ਲੋਕਾਈ ਵਿਚ ਉਹ ਖੁਦ ਵੀ ਸ਼ਾਮਲ ਹੁੰਦਾ ਹੈ। ਸਮਾਜ ਦੀ ਨਬਜ਼ 'ਤੇ ਹੱਥ ਰੱਖਕੇ ਮਰਜ਼ ਟੋਹਣ ਵਾਲੇ ਵੈਦ ਵਰਗਾ ਅਤੇ ਕਦੇ  ਉਸ ਮਰਜ਼ ਨੂੰ ਦੂਰ ਕਰਨ ਦੇ ਹੀਲੇ ਕਰਨ ਵਾਲੇ ਕਿਸੇ ਸਿਆਣੇ ਸਰਜਨ ਵਰਗਾ ਵੀ ਹੋ ਨਿਬੱੜਦਾ ਹੈ।



ਇੰਨਾ ਕੁੱਝ ਕਰਨ ਦੇ ਬਾਵਜੂਦ ਸਾਡੇ ਸਮਾਜ ਅੰਦਰ ਲੇਖਕ ਦੀ ਨਾ ਤਾਂ ਅਜੇ ਤੱਕ ਸਨਮਾਨ ਯੋਗ ਥਾਂ ਹੈ ਅਤੇ ਨਾ ਹੀ ਉਸ ਨੂੰ ਉਸਦੀ ਮਿਹਨਤ ਦਾ ਪੂਰਾ ਕਿਰਤ ਫਲ ਮਿਲਦਾ ਹੈ। ਸੋਚਿਆ ਜਾਵੇ ਕਿ ਸੁਹਣੇ-ਸੁਨੱਖੇ ਮੌਸਮਾਂ ਵਿਚ ਜਦੋਂ ਲੋਕ ਉਸ ਰੁੱਤ ਦਾ ਅਨੰਦ ਮਾਣਦੇ ਹਨ, ਸੈਰਾਂ ਕਰਦੇ ਹਨ, ਕੁਦਰਤ ਦੇ ਸੁਹੱਪਣ ਭਰੇ ਨਜ਼ਾਰਿਆਂ ਨਾਲ ਇਕ-ਮਿਕ ਹੋ ਕੇ ਜ਼ਿੰਦਗੀ ਵਿਚ ਸੁਹਜ ਭਰ ਰਹੇ ਹੁੰਦੇ ਹਨ ਉਦੋਂ ਵੀ ਲੇਖਕ ਆਪਣੀ ਮੇਜ਼ ਦੁਆਲੇ ਬੈਠਾ ਆਪਣੀਆਂ ਲਿਖਤਾਂ ਨੂੰ ਲਿਖ ਸੋਧ ਰਿਹਾ ਹੁੰਦਾ ਹੈ। ਤੜਕੇ, ਦੁਪਿਹਰੇ ਅਤੇ ਸ਼ਾਮਾਂ ਨੂੰ ਉਹ ਲਫ਼ਜ਼ਾਂ ਸੰਗ ਵਿਚਰਦਾ ਹੈ। ਉਠਦਾ, ਬੈਠਦਾ, ਜਾਗਦਾ ਅਤੇ ਸੌਂਦਾ ਵੀ ਉਹ ਸੋਚੀਂ ਪਿਆ ਹੀ ਨਜ਼ਰ ਆਉਂਦਾ ਹੈ। ਲੋਕਾਂ ਦੇ ਦਰਦ ਨੂੰ ਆਪਣੇ ਸੀਨੇ ਰੱਖਕੇ ਆਪ ਪੀੜ ਹੰਢਾਉਂਦਾ ਹੈ। ਉਹ ਸਮਾਜ ਅੰਦਰ ਫੈਲੀ ਮਨੁੱਖ ਨੂੰ ਦੁੱਖ ਦੇਣ ਵਾਲੀ ਜ਼ਹਿਰ/ਗੰਦਗੀ ਨੂੰ ਜ਼ਿੰਦਗੀ ਦੇ ਰਾਹਾਂ ਵਿਚ ਖਿਲਰੇ ਕੰਡੇ ਸਮਝ ਕੇ ਆਪਣੇ ਪੋਟਿਆਂ ਨਾਲ ਚੁਗਣ ਦਾ ਯਤਨ ਕਰਦਾ ਹੈ। ਇਹ ਸੌਖਾ ਤਾਂ ਹੈ ਨਹੀਂ ਪਰ ਫੇਰ ਵੀ ਉਹਦਾ ਸਿਰੜ, ਸਿਦਕ ਅਤੇ ਲੋਕਾਈ ਵਾਸਤੇ ਚੰਗੇ ਦਿਨਾਂ ਦੇ ਆਉਣ ਦੀ ਆਸ ਉਸਦਾ ਮਾਰਗ ਦਰਸ਼ਨ ਕਰਦੀ ਰਹਿੰਦੀ ਹੈ ।

ਲੇਖਕ ਨੇ ਸਮਾਜ ਵਿਚ ਵਿਚਰਦਿਆਂ ਆਪਣੇ ਅਨੁਭਵ ਨਾਲ ਜਿੱਥੇ ਬਹੁਤ ਕੁੱਝ ਸਿੱਖਿਆ ਹੁੰਦਾ ਹੈ ਉੱਥੇ ਉਹਨੂੰ ਹੋਰ ਅਧਿਅਨ ਵਾਸਤੇ ਕਿਤਾਬਾਂ/ਅਖਬਾਰਾਂ/ਵੱਖੋ ਵੱਖ ਵਿਸ਼ਿਆਂ ਨਾਲ ਸਬੰਧਤ ਰਸਾਲਿਆਂ/ਮੈਗਜ਼ੀਨਾਂ ਦੀ ਵੀ ਲੋੜ ਪੈਂਦੀ ਹੈ ਤਾਂ ਜੋ ਉਹ ਵੱਖੋ ਵੱਖ ਵਿਸ਼ਿਆਂ ਸਬੰਧੀ ਹੋਰ ਜਾਣਕਾਰੀ ਅਤੇ ਬਹੁ ਪਰਤੀ ਗਿਆਨ ਪ੍ਰਾਪਤ ਕਰ ਸਕੇ। ਪੇਂਡੂ ਲੇਖਕਾਂ ਦੀ ਖਾਸ ਤੌਰ ਤੇ ਇਹ ਮਜਬੂਰੀ ਹੈ ਕਿ ਉਨ੍ਹਾਂ ਵਾਸਤੇ ਨੇੜੇ ਕਿਸੇ ਲਾਇਬ੍ਰੇਰੀ ਆਦਿ ਦਾ ਪ੍ਰਬੰਧ ਨਾ ਹੋਣ ਕਰਕੇ ਚੰਗੀਆਂ ਕਿਤਾਬਾਂ ਪ੍ਰਾਪਤ ਕਰ ਸਕਣਾ ਵਸੋਂ ਬਾਹਰੀ ਜਹੀ ਗੱਲ ਲੱਗਣ ਲੱਗ ਪੈਂਦੀ ਹੈ ਅਤੇ ਇੰਨੀਆਂ ਕਿਤਾਬਾਂ ਖਰੀਦਣ ਦੇ ਉਹ ਯੋਗ ਨਹੀਂ ਹੁੰਦੇ। ਦੁੱਖਾਂ ਭਰਿਆ ਇਹ ਅਣਦਿਸਦਾ ਵਰਤਾਰਾ ਲੇਖਕ ਦੇ ਮਨ ਵਿਚ ਵਿਗੋਚਾ ਹੀ ਪੈਦਾ ਕਰਦਾ ਹੈ। ਅਤੇ ਇਸ ਰੋਸ ਵਿਚੋਂ ਕਦੇ ਕਦੇ ਰੋਹ ਵੀ ਪੈਦਾ ਹੁੰਦਾ ਹੈ।

ਔਖੇ ਹੋ, ਲਿਖ ਕੇ ਆਪਣੇ ਪੱਲਿਉਂ ਪੈਸੇ ਖਰਚ ਕਿਤਾਬਾਂ ਛਪਵਾ ਕੇ ਫੇਰ ਉਨ੍ਹਾਂ ਦੇ ਨਾ ਵਿਕਣ ਦੀ ਚਰਚਾ ਨਿੱਤ ਦਿਨ ਹੁੰਦੀ ਹੀ ਰਹਿੰਦੀ ਹੈ ।ਇਸ ਮਾਮਲੇ ਵਿਚ ਲੇਖਕਾਂ ਨਾਲ ਵੱਡੀ ਪੱਧਰ ਉੱਤੇ ਵਿਤਕਰਾ ਵੀ ਹੁੰਦਾ ਹੈ ਅਤੇ ਉਨ੍ਹਾਂ ਦੀ ਲੁੱਟ ਵੀ ਹੁੰਦੀ ਹੈ। ਲੇਖਕ ਸਮਾਜ ਦੇ ਹੋਰ ਹਿੱਸਿਆਂ ਨੂੰ ਉਨ੍ਹਾਂ ਨਾਲ ਹੁੰਦੇ ਅਨਿਆਂ/ਵਿਤਕਰਿਆਂ ਦੇ ਖਿਲਾਫ ਘੋਲ਼ ਕਰਨ ਵਾਸਤੇ ਪ੍ਰੇਰਦੇ ਹਨ  ,ਪਰ ਆਪਣੇ ਨਾਲ ਹੁੰਦੇ ਅਨਿਆਂ ਦੇ ਵਿਰੁੱਧ ਕੋਈ ਪਾਏਦਾਰ ਘੋਲ਼ ਨਹੀਂ ਵਿੱਢਦੇ। ਅਜਿਹਾ ਘੋਲ਼ ਜੋ ਉਨ੍ਹਾਂ ਦੇ ਪੱਲੇ ਇੱਜਤ ਮਾਣ ਅਤੇ ਕੀਤੀ ਕਿਰਤ ਦਾ ਮੁਨਾਸਬ ਮਿਹਨਤਾਨਾ ਪਾ ਸਕਦਾ ਹੈ ਅਤੇ ਉਨ੍ਹਾਂ ਨੂੰ ਇਨਸਾਫ ਦੇ ਬੂਹੇ ਤੱਕ ਵੀ ਪਹੁੰਚਾ ਸਕਦਾ ਹੈ, ਉਨ੍ਹਾਂ ਦੇ ਬੋਲ/ ਸ਼ਬਦ ਅਤੇ ਹੱਕ ਸੱਚ ਦੇ ਪਹਿਰੇ ਲਈ ਤੁਰਦੇ ਕਦਮ ਲੋਕਾਂ ਲਈ ਪ੍ਰੇਰਨਾ ਸ੍ਰੋਤ ਵੀ ਹੋ ਨਿਬੜਨਗੇ ।

ਜੇ ਇਸ ਹੀ ਮਸਲੇ ਬਾਰੇ ਮਿਸਾਲ ਵਜੋਂ ਕੁੱਝ ਕਹਿਣਾ ਹੋਵੇ ਤਾਂ ਬਾਹਰਲੇ ਸਮਾਜਾਂ ਨੂੰ ਦੇਖ ਲਿਆ ਜਾਣਾ ਚਾਹੀਦਾ ਹੈ  ਜਿੱਥੇ ਵੱਡੀ ਗਿਣਤੀ ਵਿਚ ਪੇਸ਼ਾਵਰ ਲੇਖਕ

ਹਨ ਅਤੇ ਉਹ ਇੱਜਤ ਮਾਣ ਨਾਲ, ਆਰਥਿਕ ਪੱਖੋਂ ਵੀ ਸੌਖੇ ਜੀਊਂਦੇ ਹਨ। ਭਾਵੇਂ ਕਿ ਇਨ੍ਹਾਂ ਸਮਾਜਾਂ ਵਿਚ ਵੀ ਨਵੇਂ ਲੇਖਕ ਨੂੰ ਬਹੁਤ ਸੰਘਰਸ਼ ਵਿਚੋਂ ਲੰਘਣਾਂ ਪੈਂਦਾ ਹੈ । ਪਰ ਆਪਣੇ ਤਾਂ ਸਥਾਪਤ ਲੇਖਕ ਵੀ ਜੇ ਉਹ ਜੁਗਾੜੀ ਨਾ ਹੋਣ ਤਾਂ ਉਹ ਸਾਰੀ ਉਮਰ ਹੀ ਧੱਕੇ-ਧੌੜੇ ਦੇ ਵਸ ਪਏ ਰਹਿੰਦੇ ਹਨ। ਲੇਖਕਾਂ ਵਿਚੋਂ ਵੱਡੇ ਅਹੁਦਿਆਂ ਉੱਤੇ ਬਿਰਾਜਮਾਨ ਸਾਧਾਰਨ ਜਹੇ ਲੇਖਕ ਵੀ ਆਪਣੇ ਆਪ ਨੂੰ ਵੱਡਾ 'ਸਿੱਧ' ਕਰਵਾ ਲੈਂਦੇ ਹਨ। ਇਹ ਉਨ੍ਹਾਂ ਦੀ ਵੱਡੇ ਅਹੁਦੇ ਦੀ 'ਅਸਲੀ ਕਾਰਗੁਜ਼ਾਰੀ' ਹੁੰਦੀ ਹੈ। ਕਈ ਵਾਰ ਇਹ ਵੱਡੇ ਅਹੁਦਿਆਂ ਵਾਲੇ ਵਿਤਕਰਾ ਵੀ ਆਪਣੀ ਹੀ 'ਬਿਰਾਦਰੀ' ਨਾਲ ਕਰ ਜਾਂਦੇ ਹਨ ਜਦੋਂ ਉਨ੍ਹਾਂ ਨੂੰ ਆਪਣਾ ਨੰਗ ਦਿਸਣ ਲੱਗ ਪਵੇ। ਉਦੋਂ ਉਹ ਬੇਸ਼ਰਮੀ ਦਾ ਸਹਾਰਾ ਲੈਂਦੇ ਹਨ, ਹਉਮੈਂ ਦੇ ਵਸ ਪੈਕੇ ਨਿਮਰਤਾ ਤੋਂ ਕਿਨਾਰਾ ਕਰ ਜਾਂਦੇ ਹਨ। ਆਪਣੀਆਂ ਖਰੀਦੀਆਂ "ਫੀਤੀਆਂ" ਹੀ ਉਨ੍ਹਾਂ ਨੂੰ ਆਪਣੀ ਅਸਲੀ ਯੋਗਤਾ ਦਿਸਣ ਲੱਗ ਪੈਂਦੀ ਹੈ ਭਾਵੇਂ ਕਿ ਇਹ ਸੱਚ ਬਿਲਕੁਲ ਨਹੀਂ ਹੁੰਦਾ। ਝੂਠ ਸੱਚ ਵਰਗਾ ਵੀ ਦਿਸਦਾ ਹੋਵੇ ਤਾਂ ਵੀ ਝੂਠ ਹੀ ਰਹਿੰਦਾ ਹੈ।

ਕੰਮ ਕੋਈ ਵੀ ਹੋਵੇ ਅਤੇ ਉਹਨੂੰ ਕੋਈ ਵੀ ਕਰੇ ਉਸਨੂੰ ਉਸਦੀ ਮਿਹਨਤ ਦਾ ਮੁੱਲ ਤਾਂ ਮਿਲਣਾਂ ਹੀ ਚਾਹੀਦਾ ਹੈ ਜੇ ਨਾਲ ਸ਼ਾਬਾਸ਼ ਵੀ ਮਿਲ ਜਾਵੇ ਤਾਂ ਕੰਮ ਕਰਨ ਵਾਲੇ ਅੰਦਰ ਦੋਹਰੀ ਤਕੜਾਈ, ਦੁੱਗਣਾ ਉਤਸ਼ਾਹ ਪੈਦਾ ਹੋ ਜਾਂਦਾ ਹੈ। ਉਸਦੇ ਅੰਦਰਲੀਆਂ ਸੰਭਾਵਨਾਵਾਂ ਆਪਣੇ ਨਵੇਂ ਰੂਪ ਵਿਚ ਨਜ਼ਰ ਆਉਣ ਲਗ ਪੈਂਦੀਆਂ ਹਨ। ਪਰ, ਜੇ ਉਸਨੂੰ ਆਪਣੀ ਮਿਹਨਤ ਤੋਂ ਵੀ ਸੱਖਣਾ ਹੀ ਰਹਿਣਾ ਪਵੇ ਤਾਂ ਕਿਹੜੀ ਤੋਰ ਅਤੇ ਕਿਹੜੇ ਉਤਸ਼ਾਹ, ਕਿਹੜੇ ਹੌਸਲੇ ਨਾਲ ਉਸਦੇ ਕਦਮ ਅਗਾਂਹ ਵਲ ਤੁਰਨਗੇ/ਵਧਣਗੇ ਇਸਦੀ ਵਿਆਖਿਆ ਕਰਨ ਦੀ ਲੋੜ ਨਹੀਂ। ਲੇਖਕ ਹੋਣਾ ਵੀ ਇਕ ਕਿੱਤਾ ਹੈ ਤਾਂ ਫੇਰ ਲੇਖਕ ਨੂੰ ਵੀ ਉਸਦੀ ਸਿਰਜਣਾਮਿਕ ਸੁੱਚੀ ਕਿਰਤ ਦੀ ਯੋਗ ਮਜ਼ਦੂਰੀ ਮਿਲਣੀ ਚਾਹੀਦੀ ਹੈ। ਲੇਖਕ ਕੌਮਾਂ, ਦੇਸਾਂ ਅਤੇ ਵੱਖੋ ਵੱਖ ਭਾਈਚਾਰਿਆਂ ਅੰਦਰ ਸਮਝਦਾਰੀ ਭਰੀ ਸਾਂਝ ਵਾਲੇ ਪੁਲ਼ਾਂ ਦੇ ਉਸਰੱਈਏ ਹੁੰਦੇ ਹਨ। ਇਨ੍ਹਾ ਦਾ ਮਾਣ ਕਰਨਾ ਕਿਸੇ ਵੀ ਕੌਮ ਲਈ ਆਪਣਾ ਮਾਣ ਕਰਨ ਦੇ ਬਰਾਬਰ ਹੁੰਦਾ ਹੈ। ਲੋੜ ਇਸ ਬਾਰੇ ਗੰਭੀਰਤਾ ਨਾਲ ਸੋਚਣ ਅਤੇ ਸੋਚ ਕੇ ਉਸ ਉੱਤੇ ਉਸਾਰੂ ਤੇ ਹਾਂਅ ਪੱਖੀ ਅਮਲ ਕਰਨ ਦੀ ਹੈ ।



# ਦੋ ਨੰਬਰੀ

ਲੋਕ ਆਮ ਤੌਰ 'ਤੇ ਸਮੇਂ ਦੀ ਧਾਰਾ ਵੇਖ ਕੇ ਚੱਲਣ ਦੇ ਆਦੀ ਹੋ ਗਏ ਹਨ। ਨਵੀਆਂ ਪੈੜਾਂ ਪਾਉਣ ਵਾਲੇ ਬਹੁਤ ਹੀ ਘੱਟ ਲੋਕ ਮਿਲਦੇ ਹਨ, ਜੋ ਸੱਚਮੁੱਚ ਜ਼ਿੰਦਗੀ ਨਾਲ ਸਬੰਧਤ ਗੰਭੀਰ ਮੁੱਦਿਆਂ/ਮਸਲਿਆਂ ਵਲ ਸੁਹਿਰਦਤਾ ਤੇ ਸੋਝੀ ਭਰੀ ਰੁਚੀ ਰੱਖਦੇ ਹੋਣ। ਬਹੁਤੇ ਤਾਂ 'ਵਗਦੀ ਗੰਗਾ' ਵਿਚ ਹੱਥ ਧੋ ਕੇ ਆਪਣਾ ਆਪ ਛੱਡ ਹੋਰਾਂ ਵਰਗੇ ਹੋਏ ਚਾਹੁੰਦੇ ਹਨ ਜਾਂ ਫੇਰ ਉਸ ਵੱਗ ਵਿਚ ਰਲ਼ਿਆ ਚਾਹੁੰਦੇ ਹਨ ਜਿਹੜਾ ਵੱਗ ਗਲ਼ ਪਈ ਪੰਜਾਲੀ ਦਾ ਭਾਰ ਢੋਣ ਅਤੇ ਖੋਪੇ ਲੱਗੀ ਜ਼ਿੰਦਗੀ ਹੰਢਾਉਣ ਦਾ ਆਦੀ ਹੋ ਚੁੱਕਿਆਂ ਹੈ, ਕਿਉਂਕਿ ਹਵਾ ਦੇ ਰੁਖ ਚੱਲਣਾ ਸੌਖਾ ਹੁੰਦਾ ਹੈ। ਹਵਾ ਦਾ ਰੁਖ ਮੋੜਨਾ ਔਖਾ ਤਾਂ ਜ਼ਰੂਰ ਹੁੰਦਾ ਹੈ ਪਰ ਅਸੰਭਵ ਬਿਲਕੁਲ ਨਹੀਂ। ਇਤਿਹਾਸ ਵਿਚ ਇਸ ਦੀਆਂ ਕਾਫੀ ਸਾਰੀਆਂ ਮਿਸਾਲਾਂ ਮਿਲਦੀਆਂ ਹਨ।

ਨਵੀਆਂ ਪੈੜਾਂ ਪਾਉਣ ਵਾਸਤੇ ਨਵੀਂ ਸੋਚ ਅਤੇ ਨਵੇਂ ਜੋਸ਼ ਦੀ ਲੋੜ ਪੈਂਦੀ ਹੈ। ਨਵੀਂ ਸੋਚ ਵਾਸਤੇ ਮਨ ਦਾ ਜਗਿਆਸੂ ਤੇ ਖੋਜੀ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਨਵੇਂ ਤੇ ਪੁਰਾਣੇ ਅਤੇ ਖਰੇ-ਮਾੜੇ ਦੀ ਨਿਰਖ, ਪਰਖ ਕਰਨ ਵਾਸਤੇ ਸੋਚ ਨੂੰ ਤਿੱਖਿਆਂ/ਤਕੜਿਆਂ ਪਰ ਸਮਤੋਲ ਕਰਦਿਆਂ ਨਵੀਆਂ ਧਾਰਨਾਵਾਂ, ਨਵੀਆਂ ਜੁਗਤਾਂ ਨਾਲ ਜੁੜਨਾ/ਜੂਝਣਾ ਪੈਂਦਾ ਹੈ। ਇਹ ਤਾਂ ਫੇਰ ਉਹ ਹੀ ਕਰ ਸਕੇਗਾ ਜਿਸ ਦੇ ਮਨ ਮਸਤਕ ਵਿਚ ਚਿੰਤਨ ਦਾ ਦੀਵਾ ਬਲਦਾ ਹੋਵੇ, ਮਨੁੱਖਤਾ ਦਾ ਦਰਦ ਵਸਦਾ ਹੋਵੇ, ਲੋਕਾਈ ਦਾ ਦੁੱਖ ਹਰਨ ਦੀ ਤਾਂਘ ਘਰ ਕਰੀ ਬੈਠੀ ਹੋਵੇ ਤਾਂ ਫੇਰ ਉਹ ਆਪਣੇ ਵਿਚਾਰਾਂ ਨਾਲ, ਆਪਣੇ ਅਨੁਭਵ ਦੇ ਆਸਰੇ ਹੋਰਨਾਂ ਨੂੰ ਵੀ ਆਪਣੇ ਵਿਚਾਰਾਂ ਨਾਲ ਪ੍ਰਭਾਵਿਤ ਕਰਦਿਆਂ ਆਪਣੇ ਨਾਲ ਰਲਾ ਕੇ ਸੱਚ ਦੀ ਇਕ ਲਹਿਰ ਉਸਾਰਨ ਦਾ ਜ਼ੋਖ਼ਮ ਭਰਿਆ ਰਾਹ ਅਪਣਾ ਸਕਦਾ ਹੋਵੇ। ਅਜਿਹਾ ਕਾਰਜ ਕਿਸੇ ਵੀ ਲਹਿਰ ਤੋਂ ਬਿਨਾ ਅੱਗੇ ਨਹੀਂ ਵਧ ਸਕਦਾ। ਜਿਸ ਨੇ ਕਿਸੇ ਚੰਗੇ ਕਾਰਜ ਦਾ ਨਿਸਚਾ ਕਰ ਹੀ ਲਿਆ ਹੋਵੇ ਉਹ ਫੇਰ ਯਤਨ ਕਰਕੇ ਆਪਣੇ ਵਰਗੇ ਹੋਰ ਲੋਕ ਵੀ ਲੱਭ ਹੀ ਲੈਂਦਾ ਹੈ ਜੋ ਉਸ ਕਾਰਜ ਨੂੰ ਨੇਪਰੇ ਚਾੜ੍ਹਨ ਵਾਸਤੇ ਮੱਦਦਗਾਰ ਸਾਬਤ ਹੋ ਸਕਦੇ ਹੋਣ, ਔਖੇ ਕਾਰਜ ਦਾ ਭਾਰ ਵੰਡਾਅ ਸਕਦੇ ਹੋਣ। ਯਤਨ ਜਾਰੀ ਰੱਖੇ ਜਾਣ ਤਾਂ ਕੀਤੀ ਮਿਹਨਤ ਨੂੰ ਫਲ ਪੈਂਦਾ ਹੀ ਹੈ। ਇਹ ਵੀ ਅੱਜ ਦੀ ਦੁੱਖ ਭਰੀ ਅਸਲੀਅਤ ਹੈ ਕਿ ਜਿਵੇਂ ਜਿਵੇਂ ਇਨਸਾਨ ਦੀਆਂ ਪਦਾਰਥਕ ਲੋੜਾਂ ਪੂਰੀਆਂ ਹੁੰਦੀਆਂ ਜਾ ਰਹੀਆਂ ਹਨ ਉਸ ਦੀ ਪਦਾਰਥਕ ਭੁੱਖ ਹੋਰ ਵਧਦੀ ਜਾ ਰਹੀ ਹੈ। ਇਸ 'ਹੋਰ' ਦੀ ਗੈਰ ਜਰੂਰੀ ਪ੍ਰਾਪਤੀ ਉਸ ਨੂੰ ਗਲਤ ਰਾਹੇ ਤੋਰਦੀ ਹੈ ਜੋ ਆਖਰ ਉਸ ਨੂੰ

ਚਰਿਤਰਹੀਣਤਾ ਦੀ ਝੋਲੀ ਪਾ ਦਿੰਦੀ ਹੈ। ਸੋਚਿਆ ਜਾਵੇ ਭਲਾਂ ਇਖ਼ਲਾਕਹੀਣ ਇਨਸਾਨ ਦਾ ਵੀ ਕੋਈ ਜੀਊਣ ਹੁੰਦਾ ਹੈ?

ਹਾਥੀ ਦੇ ਦੰਦਾਂ ਵਾਲੀ ਕਹਾਵਤ ਅੱਜ ਸੌ ਨਹੀਂ ਕਈ ਸੌ ਫੀਸਦੀ ਸੱਚ ਹੈ। ਆਪਣੇ ਆਪ ਨੂੰ ਸਮਾਜ ਸੇਵਕ ਕਹਾਉਣ ਵਾਲਿਆਂ ਵਿਚੋਂ ਬਹੁਤੇ ਸਿਆਸਤ ਦਾ ਧੰਦਾ ਕਰਦੇ ਹਨ। ਸਿਆਸਤਦਾਨਾਂ ਵਿਚਲੇ 'ਗੰਦੇ ਆਂਡਿਆਂ' ਨੇ ਸਮਾਜ ਅੰਦਰ ਇੰਨਾ ਗੰਦ ਪਾ ਦਿੱਤਾਂ ਹੈ, ਜਿਸਨੂੰ ਸਾਫ ਕਰਨ ਵਾਲਾ ਕਾਸਟਕ ਸੋਢਾ ਕਿਧਰੇ ਨਹੀਂ ਮਿਲਦਾ। ਦੋਹਰੀ ਜਾਂ ਦੋ ਨੰਬਰ ਦੀ ਜ਼ਿੰਦਗੀ ਜੀਊਣ ਵਾਲੇ ਆਪ ਹੀ ਆਪਣੇ ਆਪ ਨੂੰ ਸਿਆਣੇ ਦੱਸਕੇ ਬਾਹਵਾਂ ਉਲਾਰ ਉਲਾਰ ਕੇ ਸਭ ਤੋਂ ਵੱਧ ਨੈਤਿਕਤਾ (ਮੋਰੈਲਿਟੀ) ਦਾ ਪ੍ਰਚਾਰ ਕਰਦੇ ਹਨ। ਬਸ, ਸਟੇਜ ਤੋਂ ਥੱਲੇ ਲਹਿਣ ਦੀ ਦੇਰ ਹੈ ਕਿ ਬਿਨਾ ਕਿਸੇ ਸ਼ਰਮ-ਹਯਾ ਤੋਂ ਉਹ ਉਸੇ ਨੈਤਿਕਤਾ ਦਾ ਕਤਲ ਕਰਦੇ ਨਜ਼ਰ ਆਉਣਗੇ। ਇਹ ਦੰਭ ਅੱਜ ਦੀ ਸਿਆਸਤ ਦਾ ਧੰਦਾ ਕਰਨ ਵਾਲੇ ਦਲਾਲਾਂ ਵਲੋਂ ਹਰ ਹੀਲੇ ਤਾਕਤ (ਖਾਸ ਕਰਕੇ ਰਾਜਸੀ ਅਤੇ ਆਰਥਕ) ਪ੍ਰਾਪਤ ਕਰਨ ਦੀ ਭੁੱਖ ਵਿਚੋਂ ਜੰਮਿਆਂ ਅੱਤ ਦਾ ਕਮੀਨਾ ਅਤੇ ਨਿੰਦਣਯੋਗ ਵਰਤਾਰਾ ਹੈ, ਜੋ ਸਮਾਜ ਅੰਦਰ ਬੁਰਿਆਈ ਪੈਦਾ ਹੀ ਨਹੀਂ ਕਰਦਾ ਸਗੋਂ ਉਹਦੇ ਵਧਣ ਫੁਲਣ ਵਿਚ ਵੀ ਸਹਾਈ ਹੁੰਦਾ ਹੈ। ਜਾਂ ਫੇਰ ਇਸ ਨੂੰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਇਹ ਨਵੇਂ ਕਿਸਮ ਦੇ ਭੁੱਖਿਆਂ ਦਾ ਨੰਗਪੁਣਾ ਤੇ ਫੁਕਰਪੁਣਾ ਹੈ। ਇਸ ਭੁੱਖਪੁਣੇ/ਤੇ ਫੁਕਰੇਪਨ ਨੂੰ ਸਿਆਸੀ ਭਾਸ਼ਾ ਵਿਚ ਮੌਕਾਪ੍ਰਸਤੀ ਕਿਹਾ ਜਾਵੇ ਜਾਂ ਸੁਆਰਥਵਾਦੀ ਰੁਚੀ, ਦੋਵੇਂ ਹੀ ਠੀਕ ਹਨ। ਅਜਿਹੇ ਲੋਕ ਸਦਾ ਹੀ ਬੇਪੈਂਦ ਲੋਟੇ ਵਰਗੀਆਂ ਕਰਤੂਤਾਂ ਕਰਦੇ ਹਨ। ਗਿਰਜੇ ਦੇ ਕੁੱਕੜ ਵਾਂਗ ਹਵਾ ਦੇ ਰੁਖ ਨਾਲ ਹੀ ਘੁੰਮਦੇ ਨਜ਼ਰ ਆਉਂਦੇ ਹਨ।

ਜੀਵਨ ਦੇ ਹੋਰ ਖੇਤਰਾਂ ਵਿਚ ਵੀ ਆਮ ਤੌਰ 'ਤੇ ਅਜਿਹਾ ਹੀ ਹੋ ਰਿਹਾ ਹੈ। ਕਿਸੇ ਪਾਸੇ ਵੀ ਨਿਗਾਹ ਮਾਰੋ ਤਾਂ ਮਨ ਦੇ ਕਦਮ ਉਦਾਸੀ ਦੀਆਂ ਡੂੰਘਾਣਾਂ ਵਲ ਤੁਰਦੇ ਹਨ। ਭਾਰਤ ਬਾਰੇ ਗੱਲ ਕਰਦਿਆਂ ਲੋਕ ਇਹ ਹੀ ਕਹਿੰਦੇ ਸੁਣੀਂਦੇ ਹਨ ਕਿ ਭਾਰਤ ਕਦੇ ਸੋਨੇ ਦੀ ਚਿੜੀ ਹੁੰਦਾ ਸੀ, ਇਹ ਕਥਨ ਠੀਕ ਹੀ ਹੋਵੇਗਾ। ਸਾਮਰਾਜੀਆਂ/ਬਸਤੀਵਾਦੀਆਂ ਨੇ ਵੀ ਬਥੇਰਾ ਲੁੱਟਿਆ। ਹੁਣ ਤਾਂ ਅਜਾਦੀ ਆਇਆਂ ਵੀ ਅੱਧੀ ਸਦੀ ਤੋਂ ਦਸ ਸਾਲ ਉੱਪਰ ਹੋ ਗਏ ਹਨ। ਪਰ, ਇਹਦੀ ਲੁੱਟ ਅਜੇ ਵੀ ਕਿਉਂ ਹੋਈ ਜਾ ਰਹੀ ਹੈ? ਹੁਣ ਇਹ ਕਿਉਂ ਮਿੱਟੀ ਦੀ ਚਿੜੀ ਬਣਦਾ ਜਾ ਰਿਹਾ ਹੈ? ਦੂਸਰੇ ਪਾਸੇ ਫਾਸ਼ਿਸ਼ਟ ਸੋਚ ਵਾਲਿਆਂ ਨੇ ਆਪਣੀ ਬੇ-ਹਯਾਈ ਭਰੀ ਲੋਕ ਵਿਰੋਧੀ, ਲੋਕਾਂ ਨੂੰ ਵੰਡਦੀ, ਪਾੜਦੀ ਫਿਰਕਾਪ੍ਰਸਤ ਵਾਲੀ ਵੱਖੋ-ਵੱਖਰੀ 'ਧਾਰਮਿਕ' ਕੱਟੜਤਾ ਭਰੀ ਗੰਦੀ ਸਿਆਸਤ ਲੈ ਕੇ ਮੁਲਕ ਦੇ ਸੈਕੂਲਰ ਢਾਂਚੇ ਦੇ ਮੂਹ 'ਤੇ ਫਿੱਟੇ-ਮੂੰਹ ਲਿਖਣ ਦੇ ਯਤਨਾਂ ਰਾਹੀਂ ਆਪਣਾ ਹੀ ਮੂੰਹ ਕਾਲਾ ਕੀਤਾ ਹੈ। ਦਰਅਸਲ ਧਾਰਮਕ ਕੱਟੜਤਾ ਨੂੰ ਅਪਣਾਏ ਹੋਏ 'ਧਾਰਮਿਕਤਾ' ਦਾ ਪਖੰਡ ਕਰਨ ਵਾਲੇ ਭਾਰਤ ਦੀਆਂ ਸੁੱਚੀਆਂ ਸੱਭਿਆਚਾਰਕ ਅਤੇ ਭਾਈਚਾਰਕ ਸਾਝਾਂ ਨੂੰ ਹੀ ਕਲੰਕਤ ਕਰਦੇ ਹਨ। ਐਹੋ ਜਹੀ ਪੁੱਠੀ ਖੋਪਰੀ ਵਾਲੇ ਇਨਸਾਨੀਅਤ ਦੇ ਮਿੱਤਰ ਨਹੀਂ ਦੁਸ਼ਮਣ ਹੀ ਹੋ ਸਕਦੇ ਹਨ। ਧਰਮ ਨਿਰਪੱਖ ਅਤੇ ਦੇਸ਼ਭਗਤੀ ਵਾਲੀ ਸੋਚ ਰੱਖਣ



ਵਾਲਿਆਂ ਨੂੰ ਤਾਂ ਹਰ ਸਮੇਂ, ਹਰ ਥਾਵੇਂ ਸੁਚੇਤ ਹੋ ਕੇ ਇਸ ਬਾਰੇ ਬਹੁਤ ਹੀ ਗੰਭੀਰਤਾ ਨਾਲ ਸੋਚਣਾ ਪਵੇਗਾ। ਲੋਕਾਂ ਨੂੰ ਕੱਟੜਤਾ ਦੇ ਕੋਹੜ ਪ੍ਰਤੀ ਸੁਚੇਤ ਕਰਨ ਲਈ ਆਪਣਾ ਹਰ ਹੀਲਾ ਵਰਤਣਾ ਪਵੇਗਾ, ਤਾਂ ਕਿ ਲੋਕ ਇਸ ਜ਼ਹਿਰ ਭਰੇ ਡੰਗ ਤੋਂ ਬਚ ਸਕਣ।

ਸ਼ਰਾਬੀ-ਕਬਾਬੀ ਕਿਸਮ ਦੇ ਨੇਤਾ ਸ਼ਰਾਬਬੰਦੀ ਵਾਲੀ ਮੁਹਿੰਮ ਦੇ ਉਦਘਾਟਨਾਂ 'ਤੇ ਪਹੁੰਚ ਕੇ ਧੂੰਆ-ਰਾਲ਼ੀ ਵਾਲਾ ਭਾਸ਼ਣ ਕਰਨ ਤੋਂ ਬਾਅਦ 'ਮੂੰਹ ਗਿੱਲਾ' ਕਰਦੇ ਹਨ। ਖੁਦ ਰਿਸ਼ਵਤਾਂ ਲੈਣ ਵਾਲੇ ਵੱਡੇ ਵੱਡੇ ਨੇਤਾ (ਪਰ ਛੋਟੇ ਮਨੁੱਖ) ਰਿਸ਼ਵਤਖੋਰਾਂ ਨੂੰ ਫੜਾਉਣ ਵਾਲਿਆਂ ਵਾਸਤੇ ਇਨਾਮ ਦੇਣ ਦਾ ਐਲਾਨ ਕਰਦੇ ਹਨ, ਬਸ! ਐਲਾਨ ਕਰਦੇ ਹਨ। ਇਸੇ ਓਹਲੇ 'ਚ ਉਹ ਆਪਣੇ ਘਰ ਭਰਦੇ ਹਨ। ਨਾਅਰਾ ਉਨ੍ਹਾਂ ਦਾ ਆਪਣਾ ਹੀ ਘੜਿਆ ਹੋਇਆ ਹੈ 'ਲੁੱਟ ਮਚੀ ਹੈ ਲੁੱਟ, ਆਪਣੇ ਵੀ ਘਰ ਭਰ ਲਉ'। ਬਸ, ਉਹ ਤਾਂ ਇਸ ਨੂੰ ਹੀ ਸਾਕਾਰ ਕਰੀ ਜਾ ਰਹੇ ਹਨ।

ਆਪਣੇ ਹੀ ਘਰਾਂ ਅੰਦਰ ਔਰਤਾਂ ਨਾਲ ਦੁਰਵਿਵਾਰ ਕਰਨ ਅਤੇ ਉਨ੍ਹਾਂ ਨੂੰ ਕੁੱਟਣ ਮਾਰਨ ਵਾਲੇ ਕਾਫੀ ਸਾਰੇ ਔਰਤਾਂ ਦੀ ਬਰਾਬਰੀ ਅਤੇ ਉਨ੍ਹਾਂ ਉੱਤੇ ਹੁੰਦੇ ਅੱਤਿਆਚਾਰਾਂ ਦੇ ਖਿਲਾਫ ਨਿਕਲਦੇ ਜਲਸੇ-ਜਲੂਸਾਂ ਵਿਚ ਵੱਧ ਚੜ੍ਹਕੇ ਸ਼ਾਮਲ ਹੁੰਦੇ ਹਨ। ਦਾਜ-ਦਹੇਜ ਉੱਤੇ ਪਾਬੰਦੀ ਲਾਉਣ ਦਾ ਜੋਸ਼-ਖਰੋਸ਼ ਨਾਲ ਸੰਘ ਪਾੜ ਪਾੜ ਕੇ ਪ੍ਰਚਾਰ ਕਰਨ ਅਤੇ ਇਸ ਮਕਸਦ ਖਾਤਰ ਘੋਲ ਚਲਾਉਣ ਵਾਲਿਆਂ ਵਿਚੋਂ ਬਹੁਤੇ ਆਪਣੇ ਬੱਚਿਆਂ ਦੇ ਵਿਆਹ-ਸ਼ਾਦੀਆਂ ਵੇਲੇ ਹਿੱਕ ਠੋਕ ਕੇ ਵੱਧ ਤੋਂ ਵੱਧ ਦਾਜ ਲੈਣ ਦੀ ਜਿਦ ਪੂਰੀ ਕਰਕੇ ਆਪਣੀ "ਸ਼ਾਨ" ਵਿਚ ਵਾਧਾ ਕਰਦੇ ਹਨ। ਅਜਿਹਾ ਬਹੁਤ ਕੁੱਝ ਗਿਣਾਇਆ ਜਾ ਸਕਦਾ ਹੈ ਜੋ ਸਾਡੇ ਸਮਾਜ ਨੂੰ ਘੁਣ ਬਣਕੇ ਚੰਬੜਿਆ ਹੋਇਆ ਹੈ ਅਤੇ ਸਾਡੀ ਸੋਚ ਨੂੰ ਖੋਖਲਾ ਕਰ ਰਿਹਾ ਹੈ।

ਪਰਦੇਸ ਜੋ ਖਾਸ ਕਰਕੇ ਆਪਣੇ ਲੋਕਾਂ ਦੀ ਖਿੱਚ ਦਾ ਕੇਂਦਰ ਬਿੰਦੂ ਬਣਿਆਂ ਹੋਇਆ ਹੈ। ਮੁੰਡਾ ਜਾਂ ਕੁੜੀ ਕਿਸੇ ਨਾ ਕਿਸੇ ਤਰ੍ਹਾਂ ਬਾਹਰ ਸੈੱਟ ਹੋ ਜਾਣ, ਇਹ ਆਮ ਸੋਚ ਦਾ ਹਿੱਸਾ ਬਣ ਗਿਆ ਹੈ। ਕਾਫੀ ਸਾਰੇ ਮੁੰਡੇ ਬਾਹਰ ਪਹੁੰਚ ਕੇ ਪੱਕੇ ਹੋਣ ਵਾਸਤੇ ਕਿਸੇ ਵੀ ਤਰ੍ਹਾਂ ਦੀਆਂ ਔਰਤਾਂ ਦਾ ਸਹਾਰਾ ਲੈਂਦੇ ਹਨ ਭਾਵੇਂ ਕਿ ਬਹਾਨਾ ਘਰ ਵਸਾਉਣ ਦਾ ਲਾਇਆ ਜਾਂਦਾ ਹੈ। ਜਦੋਂ ਘਰ ਵਸ ਗਿਆ ਮਹਿਸੂਸ ਹੁੰਦਾ ਹੈ ਤਾਂ ਪੱਕੇ ਪੈਰੀਂ ਹੁੰਦਿਆਂ ਹੀ ਉਹ ਔਰਤ ਉਨ੍ਹਾਂ ਨੂੰ ਬੁੱਢੀ ਤੇ ਗਈ-ਗੁਜ਼ਰੀ ਦਿਸਣ ਲੱਗ ਪੈਂਦੀ ਹੈ। ਪਹਿਲਾਂ ਕਹਿਣਗੇ 'ਨਹੀਂ ਉਮਰ ਤਾਂ 'ਨੀ ਬਹੁਤੀ' ਜਦੋਂ ਤੋੜ ਵਿਛੋੜਾ ਕਰਦੇ ਹਨ ਤਾਂ ਆਖਣਗੇ 'ਭਲਾਂ ਕਿਹੜਾ ਬੁੱਢੀ-ਢੇਰੀ ਨਾਲ ਧੱਕੇ ਖਾਂਦਾ ਫਿਰੇ', ਨਾਲੇ ਮੇਰੀ ਅਜੇ ਉਮਰ ਹੀ ਕੀ ਐ? ਉਸਨੂੰ ਆਪਣੇ ਹੀ ਪਹਿਲਾਂ ਕਹੇ ਹੋਏ ਸ਼ਬਦ ਭੁੱਲ ਜਾਦੇ ਹਨ, ਜਿਨ੍ਹਾਂ ਲਫ਼ਜ਼ਾਂ ਦੇ ਆਸਰੇ ਉਹਨੇ ਵਕਤ ਕੱਢਿਆ ਸੀ। ਜਦੋਂ ਉਹ ਉਸੇ ਬੇਬੇ ਦੇ ਹਾਣ ਦੀ 'ਬੁੱਢੀ-ਠੇਰੀ' ਦੇ ਅੱਗੇ ਪਿੱਛੇ 'ਡਾਰਲਿੰਗ, ਡਾਰਲਿੰਗ' ਦਾ ਰਾਗ ਅਲਾਪਦਾ ਸਾਹ ਨਹੀਂ ਸੀ ਲੈਂਦਾ। ਇਸ ਤੋਂ ਬਾਅਦ ਫੇਰ ਉਹ ਦੋ ਨੰਬਰੀ ਆਪਣੇ ਮੁਲਕ ਵਲ ਰਵਾਨਾ ਹੁੰਦਾ ਹੈ।

ਆਪਣੇ ਲੋਕ ਪਰਦੇਸ ਦੇ ਲਾਲਚ ਵਸ ਆਪਣੀਆਂ ਪੜ੍ਹੀਆਂ-ਲਿਖੀਆਂ, ਘੱਟ ਉਮਰ ਦੀਆਂ ਕੰਜ-ਕੁਆਰੀਆਂ ਧੀਆਂ ਨੂੰ ਅਜਿਹੇ ਦੋ ਨੰਬਰੀ (ਆਮ ਬੋਲੀ ਵਿਚ ਦਹਾਜੂ) 'ਗਭਰੂਆਂ' ਦੇ ਲੜ ਬੰਨ੍ਹ ਦਿੰਦੇ ਹਨ। ਲੜਕੀ ਦੇ ਮਾਪਿਆਂ ਨੂੰ ਉਸ ਲੜਕੇ ਬਾਰੇ ਬਹੁਤਾ ਪਤਾ ਹੀ ਨਹੀਂ ਹੁੰਦਾ। ਰਿਸ਼ਤਾ ਕਰਨ ਲੱਗਿਆਂ ਆਮ ਕਰਕੇ ਕਿਹਾ ਜਾਂਦਾ ਹੈ ਕਿ 'ਉੱਥੇ ਤਾਂ ਮੇਰਾ ਕਾਗਜ਼ੀ ਵਿਆਹ ਹੋਇਆ ਸੀ ਸਿਰਫ ਪੱਕਾ ਹੋਣ ਵਾਸਤੇ'। ਬਸ ਏਦਾਂ ਦੇ ਫਿਕਰੇ ਬੋਲ 'ਗਊ ਦੀ ਪੂਛ ਫੜਕੇ ਗੰਗਾ ਤਰਨ ਦਾ ਜਤਨ' ਕੀਤਾ ਜਾਂਦਾ ਹੈ। ਪਰ ਵਹੁਟੀ ਜਦੋਂ 'ਲਾੜੇ' ਦੇ ਬਾਹਰਲੇ ਘਰ ਪਹੁੰਚਦੀ ਹੈ ਤਾਂ ਅਸਲੀਅਤ ਦਾ ਪਤਾ ਲਗਦਾ ਹੈ। ਬਹੁਤੇ ਕੇਸਾਂ ਵਿਚ ਕਿ ਕਾਗਜ਼ੀ ਦੱਸੇ ਗਏ ਵਿਆਹ ਵਿਚੋਂ ਬੱਚੇ ਵੀ ਹਨ, ਜਿਨ੍ਹਾਂ ਦਾ ਉਸ 'ਗਭਰੂ' ਨੂੰ ਜੇ ਉਹ ਕਾਨੂੰਨੀ ਕੰਮ ਕਰਦਾ ਹੋਵੇ ਤਾਂ ਹਰ ਮਹੀਨੇ ਕਾਨੂੰਨ ਮੁਤਾਬਿਕ ਖਰਚਾ ਵੀ ਤਾਰਨਾ ਪੈਂਦਾ ਹੈ। ਪਿੰਡੋਂ ਆਈ ਵਹੁਟੀ ਨੂੰ ਆਪਣੇ ਲਾੜੇ ਦਾ ਬਿਜ਼ਨਸ ਵੀ ਕਿਧਰੇ ਨਹੀਂ ਲੱਭਦਾ ਜਿਸ ਦੇ ਲਾਲਚ ਵਸ ਉਸ ਦੇ ਮਾਪਿਆਂ ਨੇ ਉਸਨੂੰ ਪਰਦੇਸ ਤੋਰਨ ਦਾ ਕੌੜਾ ਘੁੱਟ ਭਰਿਆ ਹੁੰਦਾ ਹੈ। ਅਜਿਹੇ ਲੋਕ ਆਪਣੇ ਆਪ ਨੂੰ ਹਾਸ਼ੀਏ ਵਲ ਧੱਕ ਕੇ ਦੋ ਨੰਬਰ ਦੀ ਜ਼ਿੰਦਗੀ ਭੋਗਦੇ ਦਿਨ ਕਟੀ ਕਰੀ ਜਾਂਦੇ ਹਨ/ਕਰੀ ਜਾ ਰਹੇ ਹਨ। ਆਖਰ ਇਹ ਰਾਹ ਭਲਾਂ ਕਿੱਧਰ ਜਾਂਦਾ ਹੈ?

ਕਿੱਥੇ ਹੈ ਰਿਸ਼ਤਿਆਂ ਵਿਚਲਾ ਨਿੱਘ, ਮੋਹ ਤੇ ਪਿਆਰ? ਕਿੱਥੇ ਹੈ ਆਪਣੇ ਇਖ਼ਲਾਕ ਨੂੰ ਉੱਚਾ ਚੁੱਕਣ ਵਾਲਾ ਰਾਹ? ਕਿੱਥੇ ਹੈ ਸੁਹਣੀ ਜ਼ਿੰਦਗੀ ਜੀਊਣ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਾਲੀ ਰੀਝਾਂ ਦੀ ਧਰਤੀ? ਕਿਸੇ ਦਾ ਉਤਾਰ ਪਾਉਣ ਵਾਲਿਆਂ ਨੂੰ ਮਾੜਾ ਕਿਹਾ ਜਾਂਦਾ ਹੈ। ਅਸੀਂ ਤਾਂ ਹੋਰਨਾਂ ਦੀ ਦੇਖਾ-ਦੇਖੀ ਆਪਣੇ ਆਪ ਤੋਂ ਥਿੜਕ ਕੇ ਕਿਸੇ ਹੋਰ ਦੇ ਰਾਹੇ ਤੁਰੇ ਜਾ ਰਹੇ ਹਾਂ। ਇਹ ਜਾਣਦਿਆਂ ਹੋਇਆਂ ਵੀ ਕਿ ਇਹ ਰਾਹ ਸਰਾਸਰ ਗਲਤ ਹੈ। ਲੋੜ ਹੈ ਸਿੱਧਾ ਰਾਹ ਫੜਕੇ ਜ਼ਿੰਦਗੀ ਅੰਦਰ ਨਵੀਂ ਰੌਸ਼ਨੀ ਭਰਨ ਦੀ, ਜਿਸ ਰੌਸ਼ਨੀ ਵਿਚ ਆਪਣਾ ਆਪ ਦੇਖਿਆ ਅਤੇ ਪਹਿਚਾਣਿਆ ਜਾ ਸਕੇ।



# ਦੋਸਤੀ ਦੀ ਮਹਿਕ

ਦੋਸਤੀ ਮੋਹ ਦੀ ਸਿਖਰ ਅਤੇ ਅਪਣੱਤ ਦੇ ਮਘਦੇ ਅਹਿਸਾਸ ਦਾ ਨਾਂ ਹੈ । ਦੋਸਤੀ ਮਨਾਂ ਦੇ ਅੰਦਰ ਪਲ਼ਦੇ ਸੱਚੇ ਸਾਥ ਨੂੰ ਵੀ ਆਖਿਆ ਜਾ ਸਕਦਾ ਹੈ। ਦੋਸਤੀ ਮਨੁੱਖੀ ਰਿਸ਼ਤਿਆਂ ਦਾ ਉਹ ਫੁੱਲ ਹੈ, ਜੀਹਦੇ ਵਰਗਾ ਦੁਨੀਆਂ ਵਿੱਚ ਹੋਰ ਕੋਈ ਫੁੱਲ ਨਹੀਂ, ਜੀਹਦੇ ਵਰਗੀ ਹੋਰ ਕੋਈ ਸੁਗੰਧੀ ਨਹੀਂ। ਕਹਿੰਦੇ ਹਨ ਕਿ ਸਤੀ-ਸਵਿਤਰੀ ਔਰਤ ਦਾ ਧਰਮ ਹੁੰਦਾ ਹੈ-ਸਤ। ਸਤ, ਭਾਵ ਸੱਚ। ਉਸ ਨੂੰ ਸੱਚ ਦੇ ਲੜ ਲੱਗ ਇਸ ਦੀ ਪਾਲਨਾ ਕਰਨੀ ਪੈਂਦੀ ਹੈ। ਪਰ ਦੋਸਤ ਬਣਨ ਵਾਸਤੇ ਇੱਕ ਸੱਚ ਨਹੀਂ ਦੋ ਸਤ (ਦੋ+ਸਤ) ਭਾਵ ਦੋ ਸੱਚ ਪਾਲਣੇ ਪੈਂਦੇ ਹਨ। ਚੰਗੇ ਮਾੜੇ ਸਮੇਂ ਵਿੱਚ ਸਿਰਾਂ ਨਾਲ ਨਿਭਣ ਵਾਲੇ ਨੂੰ ਹੀ ਦੋਸਤ ਆਖਿਆ ਜਾ ਸਕਦਾ ਹੈ। ਜਿੱਥੇ ਦੋਸਤੀ ਕਿਸੇ ਸਾਂਝੇ ਹਾਸੇ ਦਾ ਨਾਂ ਹੈ ਉੱਥੇ ਹੀ ਦੁੱਖ ਨੂੰ ਅੱਧੋ ਅੱਧ ਕਰਨ ਦਾ (ਵੰਡਾਉਣ) ਸਾਹਸ ਵੀ ਦੋਸਤ ਹੀ ਕਰ ਸਕਦਾ ਹੈ। ਇਹੋ ਤਾਂ ਦੋਸਤੀ ਦੀ ਸੁੱਚੀ ਪਛਾਣ ਦਾ ਸੱਚਾ ਕੇਂਦਰ ਬਿੰਦੂ ਹੁੰਦਾ ਹੈ। ਦੋਸਤੀ ਬਾਰੇ ਬਹੁਤ ਕੁੱਝ ਸੁਣਨ ਨੂੰ ਮਿਲਦਾ ਹੈ। ਇਹ ਤਾਂ ਦਿਲ ਮਿਲੇ ਦਾ ਮੇਲਾ ਵਾਲੀ ਗੱਲ ਹੈ। ਕਿਤੇ ਰਾਜੇ-ਰੰਕ ਵਾਲੀ ਦੋਸਤੀ ਦੀ ਮਿਸਾਲ ਦੇਣ ਵਾਲੇ ਕ੍ਰਿਸ਼ਨ ਸੁਧਾਮੇ ਦੀ ਦੋਸਤੀ ਦੀ ਮਿਸਾਲ ਪੇਸ਼ ਕਰਦੇ ਹਨ। ਪੰਜਾਬੀ ਸਮਾਜ ਵਿਚ ਜੀਊਣੇ ਮੌੜ ਤੇ ਇਹਦੇ ਵਰਗੀਆਂ ਹੋਰ ਦੰਦ ਕਥਾਵਾਂ ਦੋਸਤੀ ਵਾਲੇ ਸਦੰਰਭ ਦੇ ਅੰਦਰ ਝਾਕਦੀਆਂ ਹਨ।

ਹਿੰਦੂ ਮੱਤ ਨੂੰ ਪ੍ਰਣਾਏ ਲੋਕ ਹੱਦੋਂ ਬਾਹਰੀਆਂ ਦੋਸਤੀਆਂ ਨੂੰ ਜਾਣੇ ਅਣਜਾਣੇ (ਜਾਂ ਅੰਨ੍ਹੀ ਸ਼ਰਧਾ ਵਸ) ਮਾਨਤਾ ਹੀ ਨਹੀਂ ਦਿੰਦੇ ਉਨ੍ਹਾਂ ਦੀ ਪੂਜਾ ਤੱਕ ਕਰਦੇ ਹਨ। ਸਵੇਰ ਵੇਲੇ ਰਾਮ ਦੇ ਭਗਤ ਪੂਜਾ ਸਮੇਂ ਸੀਤਾ-ਰਾਮ ਦਾ ਜਾਪ ਕਰਦੇ ਹਨ। ਭਾਵ ਸੀਤਾ ਦਾ ਨਾਮ, ਰਾਮ ਤੋਂ ਵੀ ਪਹਿਲਾਂ ਲੈਂਦੇ ਹਨ। ਕ੍ਰਿਸ਼ਨ ਦੇ ਭਗਤ ਕ੍ਰਿਸ਼ਨ ਦਾ ਨਾਂ ਲੈਣ ਤੋ ਪਹਿਲਾ ਰਾਧਾ (ਰਾਧਾ-ਕ੍ਰਿਸ਼ਨ ਦਾ ਇਕੱਠਾ ਨਾਂ ਲੈਂਦੇ ਹਨ) ਦਾ ਨਾਮ ਲੈਂਦੇ ਹਨ। ਜਿਵੇਂ ਕਿ ਸਾਰੇ ਹੀ ਜਾਣਦੇ ਹਨ ਕਿ ਕ੍ਰਿਸ਼ਨ ਦੀ ਪਤਨੀ ਦਾ ਨਾਂ ਤਾਂ ਰੁਕਮਣੀ ਸੀ, ਫੇਰ ਕ੍ਰਿਸ਼ਨ ਨਾਲ ਰਾਧਾ ਕਿਉਂ? ਰੁਕਮਣੀ ਕਿਉਂ ਨਹੀਂ? ਕਹਿੰਦੇ ਹਨ ਕਿ ਰਾਧਾ ਰਿਸ਼ਤੇ 'ਚੋਂ ਕ੍ਰਿਸ਼ਨ ਦੀ ਭੂਆ ਲਗਦੀ ਸੀ। ਭਗਤ ਲੋਕ ਰਾਧਾ ਨੂੰ ਕ੍ਰਿਸ਼ਨ ਦੀ ਗੋਪੀ ਦੱਸਦੇ ਹਨ। ਕਿਹਾ ਜਾਂਦਾ ਹੈ ਕਿ ਰਾਧਾ ਕ੍ਰਿਸ਼ਨ ਦੇ ਬਹੁਤ ਨੇੜੇ ਸੀ। ਭਗਤ ਲੋਕ ਇਹਨਾਂ ਦੇ ਰਿਸ਼ਤੇ ਨੂੰ ਹੋਰ ਤਰ੍ਹਾਂ ਦਾ ਰਿਸ਼ਤਾ ਵੀ ਆਖਦੇ ਹਨ। ਦੋਸਤੀ ਹੁੰਦਾ ਹੀ ਹੋਰ ਤਰ੍ਹਾਂ ਦਾ ਰਿਸ਼ਤਾ ਹੈ। ਇਸਦੇ ਅੰਦਰ ਸਾਧਾਰਨਤਾ ਹੁੰਦੀ ਹੀ ਨਹੀਂ। ਤੇਰ-ਮੇਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਬਸ! ਇਹ ਤਾਂ ਦੋਸਤੀ ਹੁੰਦੀ ਹੈ। ਉਂਜ ਵੀ ਔਰਤ ਮਰਦ ਦੀ ਦੋਸਤੀ ਇਲਜ਼ਾਮ

ਵਰਗੀ ਹੀ ਨਹੀਂ ਇਬਾਦਤ ਵਰਗੀ ਵੀ ਹੁੰਦੀ ਹੈ । ਜਦੋ ਕੋਈ ਰੱਬ ਦਾ ਭਗਤ ਦੋਸਤੀ ਵਾਲੇ ਇਸ ਸਦਰਭ 'ਚ ਗੱਲ ਕਰਦਾ ਹੈ ਤਾਂ ਓਹ 'ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ' ਆਖਦਾ ਹੈ । ਜੇ ਫੇਰ ਦੋਸਤੀ ਦੇ ਸਿਖਰ ਨੂੰ ਦੇਖਣਾ ਹੋਵੇ ਤਾਂ ਦੋ ਜੀਊਂਦਿਆਂ ਦਾ ਇਕ ਦੂਜੇ ਨੂੰ ਆਖਿਆ 'ਤੇਰੀ ਆਈ ਮੈਂ ਮਰਜਾਂ ......' ਭਲਾਂ ਦੋਸਤ ਤੋਂ ਬਿਨਾ ਕਿਸੇ ਲਈ ਕੌਣ ਮਰ ਸਕਦਾ ਹੈ? ਜਾਂ ਫੇਰ 'ਤੂੰ ਫੁੱਲ ਤੇ ਮੈਂ ਖੁਸ਼ਬੋ......' ਦੇ ਖਿਆਲ ਵੱਲ ਧਿਆਨ ਦੇਣਾ ਬਣਦਾ ਹੈ । ਕਿਉਂਕਿ ਫੁੱਲ ਤੋਂ ਖੁਸ਼ਬੋ ਨੂੰ ਜੁਦਾ ਕੀਤਾ ਹੀ ਨਹੀਂ ਜਾ ਸਕਦਾ। ਦੋਸਤੀ 'ਚ ਕਿਸੇ ਦੇ ਹੰਝੂ ਆਪਣੀਆਂ ਅੱਖਾਂ ਥਾਣੀਂ ਬਹਾਉਣੇ ਪੈਂਦੇ ਹਨ। ਕਿਸੇ ਦਾ ਹਾਸਾ ਆਪਣੇ ਬੁੱਲ੍ਹਾਂ 'ਤੇ ਨਚਾਉਣਾ ਪੈਂਦਾ ਹੈ। ਯਾਰ ਦੀ ਕਮਲੀ ਹੋ ਜਾਣਾ ਪੈਂਦਾ ਹੈ। ਮੋਹ ਦੀ ਸੱਚੀ ਸੁੱਚੀ ਮਹਿਕ ਨੂੰ ਪਾ ਲੈਣ ਦਾ ਨਾਂ ਹੀ ਦੋਸਤੀ ਹੈ। ਦੋਸਤੀ ਦੇ ਅਰਥ ਪਾ ਲੈਣੇ ਕੋਈ ਸੌਖੀ ਗੱਲ ਨਹੀਂ। ਇਹ ਸਮੁੰਦਰੋਂ ਵੱਧ ਡੂੰਘੇ ਆਖੇ ਜਾ ਸਕਦੇ ਹਨ। ਇਹ ਅਖੌਤਾਂ ਰਾਹੀਂ ਨਹੀਂ ਅਮਲਾਂ ਵਿੱਚ ਹੀ ਪਰਖੀ ਜਾਂਦੀ ਹੈ।

ਦੋਸਤੀ ਤਾਂ ਚੰਗੇ-ਮਾੜੇ ਸਮੇਂ ਵਿੱਚ ਕਿਸੇ ਆਪਣੇ ਵਾਸਤੇ ਸਿਰ ਨਾਲ ਨਿਭਣ ਦਾ ਨਾਂ ਹੈ। ਜਿੱਥੇ ਕਿਤੇ ਦੋਸਤ ਦੀਆਂ ਪ੍ਰਾਪਤੀਆਂ ਵਾਸਤੇ ਮਾਣ ਹੋਣਾ ਲਾਜ਼ਮੀ ਹੈ ਉੱਥੇ ਹੀ ਦੋਸਤ ਜੇ ਕਿਸੇ ਗਲਤ ਰਾਹੇ ਜਾਂ ਕੁਰਾਹੇ ਪਵੇ ਤਾਂ ਉਸਨੂੰ ਟੋਕਣਾ ਤੇ ਰੋਕਣਾ ਵੀ ਦੋਸਤ ਦਾ ਹੀ ਫਰਜ਼ ਹੁੰਦਾ ਹੈ। ਕੋਈ ਵੀ ਬੇਗਾਨਾ ਕਿਸੇ ਦੂਸਰੇ ਨੂੰ ਮਾੜੇ ਕੰਮੋਂ ਜਾਂ ਗਲਤ ਰਾਹੇ ਜਾਂਦੇ ਨੂੰ ਰੋਕਦਾ ਨਹੀਂ। ਕੋਈ ਅਜਿਹਾ ਯਤਨ ਵੀ ਨਹੀਂ ਕਰਦਾ ਕਿਉਂਕਿ ਕਿਸੇ ਬੇਗਾਨੇ ਜਾਂ ਬੇਗਾਨਗੀ ਦਾ ਕਿਸੇ ਦੂਸਰੇ ਸਮਝੇ ਜਾਂਦੇ ਨਾਲ ਕਾਹਦਾ ਵਾਸਤਾ? ਸਗੋਂ ਕਈ ਵਾਰ ਖਾਰ ਖਾਣ ਵਾਲੇ ਦਿਲਾਂ ਵਿੱਚ ਨਫਰਤਾਂ ਪਾਲੀ ਬੈਠੇ ਅਜਿਹੇ ਲੋਕਾਂ ਨੂੰ ਮਾੜੇ ਜਾਂ ਗਲਤ ਰਾਹ ਵੱਲ ਤੁਰਨ ਲਈ ਉਕਸਾਉਂਦੇ ਤੇ ਪ੍ਰੇਰਦੇ ਵੀ ਹਨ ਅਤੇ ਹੱਲਾਸ਼ੇਰੀ ਵੀ ਦਿੰਦੇ ਹਨ। ਆਪਣੇ ਪੱਲਿਉਂ ਖਰਚ ਕਰਕੇ ਕਿਸੇ ਦੂਸਰੇ ਦੇ ਘਰ ਨੂੰ ਪੱਟਣ, ਤਬਾਹ ਕਰਨ ਵਾਲੀ ਮਾੜੀ ਸ਼ਰੀਕੇਬਾਜੀ ਵਾਲੀ ਮਾਨਸਿਕਤਾ ਬਹੁਤ ਸਾਰੇ ਲੋਕਾਂ ਵਿੱਚ ਹੁੰਦੀ ਹੈ। ਜਦੋਂ ਅਜਿਹਾ ਮਨੁੱਖ ਮਾੜੇ ਰਾਹੇ ਤੁਰ ਪਵੇ ਤਾਂ ਉਹੀ ਮਾੜੇ ਲੋਕ ਝੂਠੀ ਜਿੱਤ ਵਾਲਾ ਮੀਸਣਾ ਹਾਸਾ ਹੱਸਦੇ ਹਨ । ਇਹੋ ਜਿਹੇ ਲੋਕ ਕਮੀਨਗੀ ਦਾ ਸਿਰਾ ਆਖੇ ਜਾ ਸਕਦੇ ਹਨ ।

ਕਿਸੇ ਦਾ ਆਪਣੇ ਦੋਸਤ ਪ੍ਰਤੀ ਆਲੋਚਕ ਹੋਣਾ ਉਸ ਦੇ ਮੋਹ ਦਾ ਸੂਚਕ / ਸਬੂਤ ਹੁੰਦਾ ਹੈ। ਜੋ ਦੋਸਤੀ ਦਾ ਧੁਰਾ ਹੈ । ਜੇ ਕੋਈ ਆਪਣੇ ਦੋਸਤ ਨੂੰ ਕਿਸੇ ਮਾੜੇ ਰਾਹੇ ਜਾਂਦਿਆਂ ਰੋਕਦਾ-ਟੋਕਦਾ ਹੀ ਨਹੀਂ ਤਾਂ ਓਹ ਦੋਸਤ ਕਹਾਓਣ ਦਾ ਹੱਕਦਾਰ ਹੀ ਨਹੀਂ ਹੋ ਸਕਦਾ। ਜਿਹੜਾ ਮਨੁੱਖ ਆਪਣੇ ਦੋਸਤ ਦੀ ਕਹੀ ਸੱਚੀ ਗੱਲ ਸੁਣਨ, ਸਮਝਣ ਤੋ ਇਨਕਾਰ ਕਰਦਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਸ ਨੂੰ ਦੋਸਤੀ ਦੀ ਸਮਝ-ਸੂਝ ਹੀ ਨਹੀਂ ਜਾਂ ਫੇਰ ਉਹ ਦੋਸਤੀ ਦੇ ਲਾਇਕ ਹੀ ਨਹੀਂ। ਦੋਸਤੀ ਹਰ ਕਿਸੇ ਦੇ ਸਮਝ ਆਉਣ ਵਾਲੀ 'ਸ਼ੈਅ' ਵੀ ਨਹੀਂ। ਸਿਰਫ ਨਿਰਮਲ ਮਨਾਂ ਵਿਚ ਹੀ ਇਸਦਾ ਵਾਸ ਹੁੰਦਾ ਹੈ।



ਦੋਸਤੀ ਦੇ ਅਰਥ ਸਮਝਣ ਵਾਸਤੇ ਮਨੁਖੀ ਮਨਾਂ ਅੰਦਰਲੇ ਸੱਤਾ ਰੰਗਾਂ ਦੀ ਸੁਗੰਧ ਸੁੰਘਣ/ਫੜਨ ਜੋਗੀ ਸੂਝ/ਸਮਝ, ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਹੈ। ਦੋਸਤੀ ਵਰਗਾ ਹੋਰ ਕੋਈ ਧਰਮ ਨਹੀਂ ਹੁੰਦਾ। ਦੋਸਤੀ ਵਰਗਾ ਹੋਰ ਕੋਈ ਨਸ਼ਾ ਨਹੀਂ ਹੁੰਦਾ। ਇਸਦੇ ਆਸਰੇ ਸਾਰਾ ਹੀ ਜਗ ਨਸ਼ਿਆਇਆ ਨਜ਼ਰ ਆਉਂਦਾ ਹੈ। ਇਹਦੇ ਆਸਰੇ ਹੀ 'ਸਾਰਾ ਪਿੰਡ ਮਿੱਤਰਾਂ ਦਾ' ਨਜ਼ਰ ਆਉਣ ਲੱਗ ਪੈਂਦਾ ਹੈ। ਜਿੱਥੇ ਮੋਹ ਨਿਮਰਤਾ, ਨਿਰਮਾਣਤਾ ਅਤੇ ਦੂਜੇ ਵਾਸਤੇ ਆਪਣਾ ਆਪ ਵਾਰ ਦੇਣ ਦਾ ਹੌਸਲਾਂ ਤੇ ਸਿਦਕ ਪੱਲੇ ਹੋਣਾ ਲਾਜ਼ਮੀ ਹੁੰਦਾ ਹੈ। ਆਪਾ ਵਾਰ ਕੇ ਹੀ ਕਿਸੇ ਨੂੰ ਆਪਣਾ ਬਣਾਇਆ ਤੇ ਪਾਇਆ ਜਾ ਸਕਦਾ ਹੈ। ਆਪਾ ਵਾਰਨ ਦਾ ਸਿਦਕ ਪੱਲੇ ਬੰਨ ਕੇ ਹੀ ਦੋਸਤੀ ਨੂੰ ਪਾਲਿਆ ਜਾ ਸਕਦਾ ਹੈ। ਫੇਰ ਦੋਸਤੀ ਮਹਿਕ ਦਾ ਰੂਪ ਧਾਰ ਲੈਂਦੀ ਹੈ ।

# ਨਿਰਾਦਰੀ ਦੀ ਠੇਕੇਦਾਰੀ

ਕਿਸੇ ਵੀ ਵਿਸ਼ੇ ਜਾਂ ਵਸਤ ਸਬੰਧੀ ਉਸਾਰੂ ਤੇ ਜਾਇਜ਼ ਨੁਕਤਾਚੀਨੀ ਕਰਨੀ ਹਰ ਸੋਚਵਾਨ/ਸੂਝਵਾਨ ਦਾ ਹੱਕ ਸਮਝਿਆ ਜਾਂਦਾ ਹੈ। ਪਰ ਸਿਆਣੇ ਇਹ ਵੀ ਆਖਦੇ ਹਨ ਕਿ ਅਜਿਹੇ ਸਮੇਂ ਜੇ ਤੁਸੀਂ ਇਕ ਉਂਗਲ ਕਿਸੇ ਦੂਸਰੇ ਵੱਲ ਉਠਾ ਰਹੇ ਹੋ ਤਾਂ ਤੁਹਾਡੀਆਂ ਆਪਣੀਆਂ ਹੀ ਤਿੰਨ ਉਂਗਲਾਂ ਤੁਹਾਡੇ ਆਪਣੇ ਵਲ ਉੱਠ ਰਹੀਆਂ ਹੁੰਦੀਆਂ ਹਨ। ਇਹ ਦੇਖ/ਸੁਣ ਕੇ ਬਾਬਾ ਸ਼ੇਖ ਫਰੀਦ ਦੀ 'ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖ ਨ ਲੇਖੁ.....' ਵਾਲੀ ਨਸੀਹਤ ਯਾਦ ਆਉਂਦੀ ਹੈ, ਜੀਹਦੇ ਵਿਚੋਂ ਜ਼ਿੰਦਗੀ ਦਾ ਫਲਸਫਾ ਤੇ ਤਜੁਰਬਾ ਦੋਵੇਂ ਹੀ ਬੋਲਦੇ ਹਨ। ਲੋੜ ਪੈਂਦੀ ਹੈ ਅਜਿਹੇ ਨੁਕਤਿਆਂ ਨੂੰ ਸਮਝਣ ਵਾਲਿਆਂ ਦੀ ਜਿਹੜੇ ਅਜਿਹੇ ਸੁਨੇਹਿਆਂ ਦੀ ਭਾਵਨਾ ਨੂੰ ਫੜ ਸਕਣ। ਅੱਜ ਦੇ ਸਮੇਂ ਤਾਂ ਉਨ੍ਹਾਂ ਦੀ ਬਹੁਤੀ ਹੀ ਲੋੜ ਹੈ। ਪਰ ਕਿੱਥੇ ਤੇ ਕਿੰਨੇ ਕੁ ਹਨ ਉਹ? ਫੇਰ ਉਨ੍ਹਾਂ ਵਿਚੋਂ ਕਿੰਨੇ ਕੁ ਪੂਰੇ ਤੌਰ 'ਤੇ ਜਾਗਦੇ ਹਨ?

ਲਿਖਣ ਕਾਰਜ ਮਨੁੱਖ ਦੀ ਉਤਪਤੀ ਤੋਂ ਕਿੰਨੀ ਦੇਰ ਬਾਅਦ ਹੋਂਦ ਵਿਚ ਆਇਆ? ਇਹਦੇ ਬਾਰੇ ਤਾਂ ਕਿਆਸ ਅਰਾਈਆਂ ਹੀ ਸੁਣੀਆਂ ਜਾ ਸਕਦੀਆਂ ਹਨ, ਪੱਕੀ ਤਰ੍ਹਾਂ ਕੁੱਝ ਵੀ ਨਹੀਂ ਕਿਹਾ ਜਾ ਸਕਦਾ। ਪਰ, ਲਿਖਣ ਕਾਰਜ ਹੈ ਬੜਾ ਔਖਾ। ਸੰਸਾਰ ਵਿਚ ਨਿੱਤ ਵਾਪਰਦੀਆਂ ਘਟਨਾਵਾਂ ਨੂੰ ਦੇਖਦੇ ਸੁਣਦੇ ਤਾਂ ਸਾਰੇ ਹੀ ਹਨ ਪਰ ਕੀ ਇਨ੍ਹਾਂ ਸਾਰੀਆਂ ਘਟਨਾਵਾਂ ਦਾ ਅਸਰ ਸਭ 'ਤੇ ਇੱਕੋ ਜਿਹਾ ਹੁੰਦਾ ਹੈ ਜਾਂ ਉਸਦੇ ਪ੍ਰਤੀਕ੍ਰਮ ਵਜੋਂ ਸਾਰੇ ਲੋਕ ਇਕੋ ਜਿਹਾ ਹੀ ਸੋਚਦੇ ਹਨ, ਇਕੋ ਜਿਹਾ ਹੀ ਰੁਖ ਅਪਣਾਉਂਦੇ ਹਨ? ਅਜੇ ਤੱਕ ਤਾਂ ਅਜਿਹਾ ਸੰਭਵ ਨਹੀਂ ਹੋ ਸਕਿਆ।

ਜਨਮ ਤੋਂ ਬਾਅਦ ਹਰ ਮਨੁੱਖ ਹੀ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਆਲੇ-ਦੁਆਲੇ ਦਾ ਪ੍ਰਭਾਵ ਕਬੂਲਦਾ ਹੈ ਕਿਉਂਕਿ ਉਹਨੂੰ ਅਜੇ ਇੱਥੋਂ ਕੁ ਤੱਕ ਦੀ ਹੀ ਸੋਝੀ ਹੁੰਦੀ ਹੈ। ਜਿਵੇਂ ਆਦਿ-ਕਾਲ ਦੇ ਸਮੇਂ ਮਨੁੱਖ ਜੰਗਲਾਂ ਵਿਚ ਰਹਿੰਦਿਆਂ ਆਪਣੇ ਕਬੀਲੇ ਬਾਰੇ ਸੋਚਦਾ ਸੀ। ਸਮਾਂ ਅੱਗੇ ਤੁਰਦਾ ਹੈ ਤਾਂ ਵਿਕਾਸ ਦੇ ਰਾਹੇ ਅੱਗੇ ਵਧਦਿਆਂ ਹੋਰ ਬਹੁਤ ਕੁੱਝ ਉਸਦੇ ਕੰਨੀਂ ਪੈਣ ਲਗਦਾ ਹੈ। ਇਸੇ ਰਾਹੇ ਅੱਗੇ ਤੁਰਦਿਆਂ ਉਹ ਬੋਲੀ, ਭਾਸ਼ਾ, ਧਰਮ, ਜਾਤ-ਪਾਤ, ਕੌਮ ਤੇ ਸਮਾਜ ਆਦਿ ਦੀ ਗੱਲ ਫੜਨ ਲਗਦਾ ਹੈ। ਕਈ ਲੋਕ ਇਸ ਨੂੰ ਆਮ ਜਾਂ ਸਾਧਾਰਨ ਵਰਤਾਰਾ ਸਮਝਦੇ ਹਨ ਪਰ ਸੂਝਵਾਨ ਲੋਕ ਇਸ ਦਾ ਨਿਰੀਖਣ ਕਰਦੇ ਹਨ। ਅਜਿਹਾ ਕਿਉਂ ਹੈ? ਅੱਗੇ ਕੀ ਤੇ ਕਿਵੇਂ ਹੋਵੇ? ਅਜਿਹੇ ਬਹੁਤ ਸਾਰੇ ਸਵਾਲ ਸਿਆਣੇ ਮਨਾਂ/ਸਿਰਾਂ ਵਿਚ ਹੋਰ ਸਵਾਲ ਪੈਦਾ ਕਰਦੇ ਹਨ। ਫੇਰ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਦਾ ਕਾਰਜ ਸ਼ੁਰੂ ਹੁੰਦਾ ਹੈ।



ਪਿੱਛੇ ਸ਼ੈਤਾਨ ਵੀ ਨਹੀਂ ਰਹਿੰਦਾ ਉਹ ਆਪਣੀ ਲਾਲਸਾ ਭਰੀ ਬਿਰਤੀ ਅਨੁਸਾਰ ਕਬਜ਼ੇ ਦੀ ਭਾਵਨਾ ਲੈ ਕੇ ਅੱਗੇ ਆਉਣ ਲਗਦਾ ਹੈ, ਸਮਾਜ 'ਤੇ ਕਬਜ਼ੇ ਦੀ ਭਾਵਨਾ। ਆਪਣੀ ਪੂਰਵ ਨਿਰਧਾਰਤ ਸੋਚ ਮੁਤਾਬਕ ਲੋਕ ਸਮੂਹਾਂ ਨੂੰ ਢਾਲਣਾਂ। ਆਪਣੇ ਆਲੇ-ਦੁਆਲੇ ਅਜਿਹੇ ਲੋਕ ਇਕੱਠੇ ਕਰਨੇ ਜੋ ਉਸਦੀ ਕਾਰਜ ਪੂਰਤੀ ਦੇ ਸਾਧਨਾ ਦਾ ਅੰਗ ਬਣਕੇ ਕਿਸੇ ਮਸ਼ੀਨੀ ਪੁਰਜੇ ਜਾਂ ਧਾਗਿਆਂ ਨਾਲ ਬੱਝੀ ਕਠਪੁਤਲੀ ਵਾਂਗ ਕੰਮ ਕਰ ਸਕਣ। ਇਤਿਹਾਸ ਨੂੰ ਫੋਲਦਿਆਂ ਅਜਿਹੀਆਂ ਨਾ ਮੁੱਕਣ ਵਾਲੀਆਂ ਮਿਸਾਲਾਂ ਮਿਲਦੀਆਂ ਹਨ। ਵਰਣ ਵੰਡ ਵਰਗੀ ਸਮਾਜੀ ਵਿਵਸਥਾ ਬਾਰੇ ਢੋਲ ਪਿੱਟਣਾ ਇਸੇ ਹਰਾਮੀ ਸੋਚ ਦਾ ਨਤੀਜਾ ਹੋ ਨਿੱਬੜਿਆ। ਇਹ ਉਨ੍ਹਾਂ ਲੋਕਾਂ ਨੇ ਪੈਦਾ ਕੀਤੀ ਜੋ ਮਨੁੱਖੀ ਨਿਰਾਦਰੀ ਦੇ ਸਭ ਤੋਂ ਵੱਡੇ ਠੇਕੇਦਾਰ ਬਣੇ ਪਰ ਪਤਾ ਨਹੀਂ ਕਿਵੇਂ ਫੇਰ ਵੀ ਦੇਵਤੇ ਕਹਾਏ। ਇਹ ਆਪਾ ਵਿਰੋਧੀ ਤਾਂ ਹੈ ਹੀ ਅਸਲੋਂ ਨਿੰਦਣਯੋਗ ਤੇ ਰੱਦ ਕਰਨ ਯੋਗ ਵੀ ਹੈ। ਇਨ੍ਹਾਂ ਦੇ ਪਿੱਛੇ ਲੱਗ ਕਾਬਜ਼ ਜਮਾਤ ਨੇ ਇਸ ਵਿਵਸਥਾ ਨੂੰ ਹੋਰ ਪੱਕਿਆਂ ਕੀਤਾ ਜਿਸ ਦੇ ਸਿੱਟੇ ਵਜੋਂ ਸਮਾਜ ਅੰਦਰ ਨਾ ਬਰਾਬਰੀ, ਨਫ਼ਰਤ ਤੇ ਲੁੱਟ ਨੇ ਜਨਮ ਲਿਆ।

ਗੁਲਾਮਦਾਰੀ ਦਾ ਯੁੱਗ ਵੀ ਇਸੇ ਤਰ੍ਹਾਂ ਦੀ ਗਲੀ-ਸੜੀ ਤੇ ਮਾੜੀ ਸੋਚ ਵਿਚੋਂ ਨਿਕਲਦਾ ਹੈ। ਗੁਲਾਮ ਤੇ ਬਾਦਸ਼ਾਹ (ਮਾਲਕ) ਦੋਵੇਂ ਹੀ ਔਰਤ ਦੇ ਪੇਟੋਂ ਜਨਮ ਲੈਂਦੇ ਹਨ। ਪਰ ਝੂਠ ਦੇ ਪੁੱਤਰ "ਵਿਦਵਾਨ" ਕਹਾਉਣ ਵਾਲੇ "ਹਿੰਦੂ ਮਹਾਂਪੁਰਸ਼" ਇੱਥੋਂ ਤੱਕ ਕਹਿਣ ਚਲੇ ਗਏ ਕਿ 'ਸ਼ੂਦਰ, ਢੋਰ, ਪਸ਼ੂ, ਔਰ ਨਾਰੀ-ਚਾਰੋਂ ਤਾੜਨ ਕੇ ਅਧਿਕਾਰੀ...' ਅਜਿਹੀ ਪੁੱਠੀ ਖੋਪਰੀ ਵਾਲਿਆਂ ਨੇ ਪਸ਼ੂ ਤੇ ਆਪਣੀ ਹੀ ਮਾਂ ਨੂੰ (ਮਾਂ, ਜੋ ਜਗਤ ਦੀ ਜਣਨੀ ਹੈ) ਬਰਾਬਰ ਹੀ ਲਿਖ ਧਰਿਆ। ਕੀ ਪਾਗਲ ਤੋਂ ਬਿਨਾ ਹੋਰ ਕੋਈ ਮਨੁੱਖ ਅਜਿਹੇ "ਪ੍ਰਵਚਨ" ਮੂਹੋਂ ਕੱਢ ਸਕਦਾ ਹੈ? ਬਹੁਤ ਸਾਰੇ ਲੋਕ ਅਜੇ ਤੱਕ ਵੀ ਚਲਾਕੀ ਭਰੀ ਅਜਿਹੀ ਹੇਰਾਫੇਰੀ ਸਮਝਣ ਤੋਂ ਅਸਮਰਥ ਹਨ। ਉਨ੍ਹਾਂ ਨੂੰ ਪਸ਼ੂਆਂ ਵਾਲੀ ਗੂੰਗੀ ਜ਼ੁਬਾਨ ਲੱਗੀ ਹੈ। ਉਹ ਬੇਚਾਰੇ ਅਸਲੋਂ ਹੀ ਤਰਸ ਦੇ ਪਾਤਰ ਹਨ।

ਇੱਥੇ ਇਹ ਵੀ ਸਮਝਣਾ ਚਾਹੀਦਾ ਹੈ ਕਿ ਸਮਾਜ ਅੰਦਰ ਚੱਲਦੇ ਮਾੜੇ ਵਰਤਾਰਿਆਂ ਬਾਰੇ ਵੀ ਬਹੁਤੇ ਲੋਕ ਚੁੱਪ ਹੀ ਰਹਿੰਦੇ ਹਨ। ਸੂਝ ਤੇ ਸੋਚਣ, ਸਮਝਣ ਵਾਲੇ ਮੈਦਾਨੇ ਨਿੱਤਰਦੇ ਹਨ। ਆਪੋ ਆਪਣੇ ਢੰਗ ਨਾਲ ਲੋਕ ਸਮੂਹਾਂ ਨੂੰ ਜਾਗ੍ਰਿਤ ਕਰਨ ਦੇ ਰਾਹੇ ਪੈਂਦੇ ਹਨ। ਸ਼ੈਤਾਨੀ ਭਰੀ ਮਾੜੀ ਸੋਚ ਵਾਲਿਆਂ ਵਲੋਂ ਔਰਤ ਨੂੰ ਪਸ਼ੂ ਨਾਲ ਤੁਲਨਾ ਦੇਣ ਦਾ ਵਿਰੋਧ ਬਾਬਾ ਨਾਨਕ " ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ......" ਦੇ ਸ਼ਬਦਾਂ ਨਾਲ ਕਰਦੇ ਹਨ। ਭਾਵੇਂ ਕਿ ਅੱਜ ਦੀ ਸਿੱਖੀ ਦੇ ਠੇਕੇਦਾਰ ਬਾਬੇ ਨਾਨਕ ਵਾਲੀ ਸੁੱਚੀ ਭਾਵਨਾ ਨੂੰ ਨਿੱਤ ਦਿਨ ਨਕਾਰਦੇ ਹੀ ਨਜ਼ਰ ਆਉਂਦੇ ਹਨ। ਉਂਝ ਅਜਿਹੇ ਮਸਲਿਆਂ ਵਿਚ ਕਿਸੇ ਵੀ ਧਰਮ ਦੇ ਪੈਰੋਕਾਰਾਂ ਦਾ ਹੀ ਹਾਲ ਮਾਣ ਯੋਗ ਨਹੀਂ ਕਿਹਾ ਜਾ ਸਕਦਾ।

ਲੋਕ ਮਨਾਂ 'ਤੇ ਸਮਾਜਕ ਪ੍ਰਵਿਰਤੀਆਂ ਦਾ ਅਸਰ ਹੁੰਦਾ ਹੈ। ਇੱਥੇ ਹਾਂਅ ਪੱਖੀ ਤੇ ਨਾਂਹ ਪੱਖੀ ਵਿਚਾਰਾਂ ਦਾ ਭੇੜ ਹੁੰਦਾ ਹੈ। ਪਰ, ਜਿਵੇਂ ਇਹ ਦੇਖਿਆ ਜਾਂਦਾ ਹੈ ਕਿ ਸਮਾਜੀ ਰਿਸ਼ਤਿਆਂ ਦੀ ਬਹੁਤੀ ਨਿਰਭਰਤਾ ਆਰਥਿਕਤਾ 'ਤੇ ਹੁੰਦੀ ਹੈ ਅਤੇ ਆਰਥਿਕ ਨਿਜ਼ਾਮ

ਦੀ ਡੋਰ ਸਿਆਸੀ ਤਾਕਤ ਦੇ ਕਿੱਲੇ ਨਾਲ ਬੱਝੀ ਹੁੰਦੀ ਹੈ। ਇਨ੍ਹਾਂ ਪੇਚੀਦਗੀਆਂ ਨੂੰ ਸਮਝਣਾ ਅਤੇ ਲੋਕ ਸਮੂਹਾਂ ਨੂੰ ਇਸ ਤੋਂ ਜਾਣੂ ਕਰਵਾ ਕੇ ਉਨ੍ਹਾਂ ਨੂੰ ਮੋਹ ਭਰੀ ਸੁੱਚੀ/ ਖਰੀ ਜ਼ਿੰਦਗੀ ਜੀਊਣ ਦਾ ਹੋਕਾ ਦੇਣਾ ਕੋਈ ਸੌਖਾ ਕਾਰਜ ਨਹੀਂ। ਕਿਉਂਕਿ ਸਮੇਂ ਨੇ ਅੱਗੇ ਵਲ ਹੀ ਤੁਰਨਾ ਹੁੰਦਾ ਹੈ। ਇਸ ਕਰਕੇ ਪਿਛਾਂਹ ਵਲ ਤੱਕਣਾ ਅੱਗੇ ਵਧਦੀ ਤੋਰ ਨੂੰ ਮੱਠਿਆਂ ਕਰਨ ਦਾ ਸਬੱਬ ਹੀ ਬਣ ਸਕਦਾ ਹੈ ਹੋਰ ਕੁੱਝ ਨਹੀਂ। ਇਸ ਤੋਂ ਬਚਿਆ ਜਾਣਾ ਬਹੁਤ ਜ਼ਰੂਰੀ ਹੈ। ਇੱਥੇ ਵੀ ਲਿਖਣ ਕਾਰਜ ਵਾਲੇ ਲੋਕ ਆਪਣੀ ਸਰਗਰਮੀ ਰਾਹੀਂ ਲੋਕ ਮਨਾਂ ਦੇ ਖੜ੍ਹੇ ਪਾਣੀ ਵਿਚ ਹਲਚਲ ਭਰੀਆਂ ਲਹਿਰਾਂ ਪੈਦਾ ਕਰਦੇ ਹਨ ਅਤੇ ਇਨ੍ਹਾਂ ਲਹਿਰਾਂ ਵਲੋਂ ਤੂਫਾਨ ਦਾ ਰੂਪ ਧਾਰ ਲੈਣ ਤੱਕ ਇਹ ਕਾਰਜ ਜਾਰੀ ਰਹਿੰਦਾ ਹੈ।

ਸ਼ੈਤਾਨ ਮਨ ਵੀ ਹੁਣ ਪਹਿਲਾਂ ਵਰਗਾ ਨਹੀਂ। ਇਸ ਕਰਕੇ ਹੀ 'ਉਹ' ਇਨ੍ਹਾਂ ਸੂਝਵਾਨਾਂ ਵਿਚੋਂ ਕੁੱਝ ਲੋਕਾਂ ਨੂੰ ਚੁਣਦੇ ਹਨ। ਆਪਣਾ ਹਥਿਆਰ ਬਣਾਉਂਦੇ ਹਨ ਉਨ੍ਹਾਂ ਨੂੰ (ਬਾਦਸ਼ਾਹ ਵੀ ਇੰਝ ਹੀ ਕਰਿਆ ਕਰਦੇ ਸਨ) ਅਤੇ ਚੰਗੀ ਜ਼ਿੰਦਗੀ ਜੀਊਣ ਦੀ ਚਾਹਤ ਲਈ ਲੜ ਰਹੇ ਅਵਾਮ ਦੇ ਰਾਹ ਵਿਚ ਕੰਡੇ ਖਿਲਾਰਨ, ਮੁਸ਼ਕਲਾਂ ਪੈਦਾ ਕਰਨ ਵਾਲਾ ਕੰਮ ਹੁਸ਼ਿਆਰੀ ਨਾਲ ਕਰਨ ਦਾ 'ਠੇਕਾ' ਦਿੰਦੇ ਹਨ। ਐਸ਼-ਅਰਾਮ, ਸੁਖ, ਧਨ-ਦੌਲਤ ਅਤੇ ਕਈ ਹੋਰ ਵੱਡੇ ਅਹੁਦਿਆਂ ਦੇ ਲਾਲਚ ਨਾਲ ਭਰਮਾਏ ਜਾਂਦੇ ਹਨ। ਇਸ ਤਰ੍ਹਾਂ ਕਈ ਕਲਮਾਂ ਭਾੜੇ 'ਤੇ ਵਿਕ ਜਾਂਦੀਆਂ ਹਨ। ਅਜਿਹੇ ਕਲਮਕਾਰ ਆਪਣੇ ਹੀ ਦੀਨ-ਈਮਾਨ ਨਾਲ ਧੋਖਾ ਕਰ ਜਾਂਦੇ ਹਨ। ਇਹੋ ਜਹੀਆਂ ਕਲਮਾਂ ਆਪਣੇ ਕੋਝੇ ਅਮਲ ਨਾਲ ਆਪਣੇ ਹੀ ਲੋਕਾਂ ਦੀ ਪਿੱਠ ਵਿਚ ਖੰਜਰ ਖੋਭ੍ਹਦੀਆਂ ਹਨ। ਇਹ ਤਾਂ ਹਰ ਸਮੇਂ ਅਤੇ ਹਰ ਯੁੱਗ ਵਿਚ ਹੁੰਦਾ ਰਿਹਾ ਹੈ। ਪਰ ਫੇਰ ਵੀ, ਲੋਕ ਸਮੂਹ ਹਾਰਨ ਵਾਲੀ ਸ਼ਕਤੀ ਹੁੰਦੇ ਹੀ ਨਹੀਂ। ਉਹ ਲੜਦੇ ਹਨ, ਸੰਘਰਸ਼ ਕਰਦੇ ਹਨ ਆਪਣੇ ਚੰਗੇ ਤੇ ਉਜਲੇ ਭਵਿੱਖ ਵਾਸਤੇ। ਇਤਿਹਾਸ ਇਸਦਾ ਸਦਾ ਹੀ ਗਵਾਹ ਰਿਹਾ ਹੈ।

ਆਮ ਕਹੇ ਜਾਂਦੇ ਲੋਕਾਂ ਜਾਂ ਅਣਹੋਇਆਂ ਨੂੰ ਜੀਊਣ ਜੋਗਿਆਂ ਵਿਚ ਕਰਨਾ, ਉਨ੍ਹਾਂ ਨੂੰ ਉਨ੍ਹਾਂ ਦੀ ਹੋਂਦ ਦਾ ਡੂੰਘਾ ਅਹਿਸਾਸ ਕਰਵਾਉਣਾ ਕਲਮਾਂ ਵਾਲਿਆਂ ਦਾ ਮੁੱਖ ਕਾਰਜ ਹੁੰਦਾ ਹੈ। ਜਦੋਂ ਕਿਸੇ ਨੂੰ ਇਹ ਅਹਿਸਾਸ ਹੋ ਜਾਵੇ ਕਿ ਮੈਂ ਵੀ ਕੁੱਝ ਹਾਂ ਤਾਂ ਉਹ ਸੋਚਣ ਵੀ ਲੱਗ ਪੈਂਦਾ ਹੈ। ਮੈਂ ਕੀ ਹਾਂ? ਮੈਂ ਕਿਉਂ ਹਾਂ? ਮੈਂ ਕੀ ਕਰਨਾ ਹੈ? ਕੀ ਹੋਣਾ ਚਾਹੀਦਾ ਹੈ? ਜਾਂ ਇਹ ਕਿਵੇਂ ਹੋਵੇ? ਜਦੋਂ ਕਿਸੇ ਦੇ ਅੰਦਰ ਅਜਿਹੇ ਸਵਾਲ ਪੈਦਾ ਹੋਣ ਲੱਗ ਪੈਣ ਤਾਂ ਉਹ ਜਵਾਬ ਢੂੰਡਣ ਦੇ ਰਾਹੇ ਤੁਰਦਾ ਹੈ। ਆਪਣੇ ਵਰਗੇ ਹੋਰ ਸੁਹਜ ਤੇ ਸੁਹੱਪਣ ਭਰੀ ਜ਼ਿੰਦਗੀ ਦੀ ਭਾਲ ਕਰਨ ਵਾਲਿਆਂ ਦਾ ਸੰਗ ਕਰਨ ਵਲ ਤੁਰਦਾ ਹੈ। ਜਦੋਂ ਅਜਿਹੇ ਕਾਫਲੇ ਜੋਸ਼ ਅਤੇ ਹੋਸ਼ ਨਾਲ ਬੇਖ਼ੌਫ ਹੋ ਕੇ ਅੱਗੇ ਵਲ ਵਧਣਾ ਸ਼ੁਰੂ ਕਰਦੇ ਹਨ ਤਾਂ ਨਿਰਾਦਰੀ ਦੇ ਠੇਕੇਦਾਰ ਮੂੰਹ ਵਿਚ ਉਂਗਲਾਂ ਪਾਈ ਡੈਂਬਰੇ ਜਹੇ ਖੜ੍ਹੇ ਹੀ ਦੇਖਦੇ ਰਹਿ ਜਾਂਦੇ ਹਨ-ਆਪਣੇ ਆਪ ਨੂੰ ਕੋਸਦੇ ਹੋਏ। ਪਰ ਖਰੀ ਜ਼ਿੰਦਗੀ ਦੀ ਭਾਲ ਵਿਚ ਤੁਰੇ ਕਾਫਲਿਆਂ ਦੇ ਕਦਮ ਅੱਗੇ ਵਧਦੇ ਹਨ। ਇਸ ਤਰ੍ਹਾਂ ਚੰਗੀ ਤੇ ਸੁਹਜਮਈ ਜ਼ਿੰਦਗੀ ਜੀਊਣ ਦਾ ਅਹਿਸਾਸ ਤੇਜ ਤੋਰ ਦੇ ਰਾਹੇ ਪੈ ਜਾਂਦਾ ਹੈ।



# ਆਪਨੜੈ ਗਿਰੀਵਾਨ ਮਹਿ ..........

ਕੋਈ ਵੀ ਸੂਝਵਾਨ ਵਿਅਕਤੀ ਕਿਸੇ ਦੂਸਰੇ ਬਾਰੇ ਵਿਚਾਰ ਕਰਦਿਆਂ ਉਸਦੇ ਉਸਾਰੂ ਪੱਖਾਂ ਦਾ ਜ਼ਿਕਰ ਕਰਨਾ ਲਾਜ਼ਮੀ ਪਸੰਦ ਕਰੇਗਾ, ਪਰ ਫੇਰ ਵੀ ਕਿਉਂਕਿ ਇਕ ਪਾਸੇ ਵਾਲਾ ਸਿੱਕਾ ਹੁੰਦਾ ਹੀ ਨਹੀਂ ਇਸ ਕਰਕੇ ਉਸਦੇ ਗੁਣਾਂ ਨਾਲ ਉਸਦੀਆਂ ਘਾਟਾਂ ਜਾਂ ਦਿਸਦੇ-ਅਣਦਿਸਦੇ ਅਵਗੁਣਾਂ ਦਾ ਵੀ ਹੋਣਾ ਕੋਈ ਹੈਰਾਨੀ ਵਾਲੀ ਜਾਂ ਅਲੋਕਾਰ ਗੱਲ ਨਹੀਂ ਕਹੀ ਜਾ ਸਕਦੀ । ਇਥੇ ਇਕ ਕਹਾਵਤ ਨੂੰ ਚੇਤੇ ਕਰਨ ਦੀ ਲੋੜ ਪੈਂਦੀ ਹੈ ਕਿ 'ਕੋਈ ਵੀ ਵਿਅਕਤੀ ਸੋਲਾਂ ਕਲਾ ਸੰਪੂਰਨ ਨਹੀਂ ਹੁੰਦਾ'। ਦੁੱਖ ਤਾਂ ਉਸ ਵੇਲੇ ਹੁੰਦਾ ਹੈ ਜਦੋਂ ਕਿਸੇ ਦੇ ਅਵਗੁਣ ਹੀ ਉਸਦੇ ਗੁਣਾਂ 'ਤੇ ਭਾਰੂ ਹੋ ਜਾਣ ਅਤੇ ਉਸਦੀ ਸ਼ਖਸੀਅਤ ਨੂੰ ਢਾਅ ਲਾਉਣ ਲੱਗ ਪੈਣ ਜਾਂ ਬੌਨਾਂ ਕਰਨ ਦੇ ਰਾਹੇ ਤੁਰ ਪੈਣ। ਪਰ ਅਜਿਹਾ ਕਿਸੇ ਦੀ ਵੀ ਇਕ ਅੱਧੀ ਨਾਂਹ ਪੱਖੀ ਆਦਤ ਨੂੰ ਹੀ ਲੈ ਕੇ ਫਤਵੇ ਦੇਣ ਨਹੀਂ ਤੁਰ ਪੈਣਾ ਚਾਹੀਦਾ ਸਗੋਂ ਕਿਸੇ ਸਿਰੇ ਜਾਂ ਫੈਸਲੇ ਉੱਤੇ ਪਹੁੰਚਣ ਤੋਂ ਪਹਿਲਾਂ ਉਸ ਇਨਸਾਨ ਦੇ ਸਮੁੱਚੇ ਵਿਹਾਰ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ ।

ਜਦੋਂ ਕਦੇ ਕਿਸੇ ਸਿਆਣੇ, ਸੂਝਵਾਨ ਵਿਅਕਤੀ ਵਲੋਂ ਕਿਸੇ ਵੀ ਕਿਸਮ ਦੀਆਂ ਨੀਵਾਣਾਂ ਵਲ ਤੁਰ ਜਾਣ ਦਾ ਪਤਾ ਲਗਦਾ ਹੈ ਤਾਂ ਪਹਿਲਾਂ ਲੋਕ ਆਪਣੀ ਆਦਤ ਮੁਤਾਬਕ ਇਕ ਦੂਜੇ ਦੇ ਕੰਨਾਂ ਕੋਲ ਮੂੰਹ ਕਰਕੇ ਗੱਲਾਂ ਕਰਦੇ ਹਨ ਅਤੇ ਫੇਰ ਸ਼ਰੇਆਮ ਗਲ਼ੀਂ-ਬਜ਼ਾਰੀਂ ਉਸਦੀ ਚਰਚਾ ਹੋਣ ਲੱਗ ਪੈਂਦੀ ਹੈ। ਜਦੋਂ ਅਜਿਹਾ ਮਾਮਲਾ ਆਮ ਬਣ ਜਾਵੇ ਤਾਂ ਜਿੰਨੇ ਮੂੰਹ ਓਨੀਆਂ ਗੱਲਾਂ, ਫੇਰ ਅਸਲੀ ਗੱਲ/ ਮਸਲੇ ਦੇ ਨਾਲ ਨਾਲ ਮਨਘੜਤ/ਗੈਰਹਕੀਕੀ ਫੰਘ੍ਹਾਂ ਦੀਆਂ ਡਾਰਾਂ ਵੀ ਬਣਦੀਆਂ ਹਨ, ਜੋ ਆਮ ਜਿਹਾ ਵਰਤਾਰਾ ਹੈ। ਕਈ ਤਾਂ ਅਜਿਹੇ ਵਿਅਕਤੀ ਦਾ ਸਾਹ-ਸਤ ਚੂਸਣ ਤੁਰ ਪੈਂਦੇ ਹਨ ਜਿਸ ਨਾਲ ਅਜਿਹੇ ਵਿਅਕਤੀ ਦੇ ਮਨੋਬਲ ਨੇ ਡਿਗਣਾਂ ਹੀ ਹੁੰਦਾ ਹੈ।

ਅੱਜ ਦਾ ਸਮਾਂ ਹੀ ਅਜਿਹਾ ਹੈ ਕਿ ਆਮ ਆਦਮੀ ਦੀ ਮਾਨਸਿਕਤਾ ਅਤੇ ਆਮ ਲੋਕਾਂ ਦੇ ਸਿਰਾਂ ਨੂੰ ਭੋਗਵਾਦੀ, ਪਦਾਰਥਕ ਰੁਝਾਨ ਨੇ ਕੈਦ ਕਰ ਰੱਖਿਆ ਹੈ। ਅਜਿਹੀ ਸਥਿਤੀ ਵਿਚ ਤਾਂ ਬਹੁਤ ਸਾਰੇ ਸਿਆਣੇ, ਸੂਝਵਾਨ ਵੀ ਆਪਣੇ ਹੀ ਵਿਚਾਰਾਂ ਅਤੇ ਗੈਰ ਜ਼ਰੂਰੀ ਖਾਹਿਸ਼ਾਂ (ਲੋੜਾਂ ਨਹੀਂ) ਦੇ ਆਪਣੇ ਆਪ ਹੀ ਕੈਦੀ ਹੋ ਕੇ ਰਹਿ ਜਾਂਦੇ ਹਨ। ਸਭ ਕੁੱਝ ਲੋੜੋਂ ਵੱਧ ਕੋਲ ਹੁੰਦਿਆਂ-ਸੁੰਦਿਆਂ, ਭੁੱਖਿਆਂ 'ਤੇ ਨੰਗਿਆਂ ਵਾਲ਼ੀ ਬਿਰਤੀ ਹੰਢਾਉਂਦੇ ਹਨ, ਮੰਗਤਿਆਂ ਵਾਲਾ ਸੁਭਾਅ ਹੋ ਜਾਂਦਾ ਹੈ ਉਨ੍ਹਾਂ ਦਾ। ਉੱਪਰ ਵਲ ਮੂੰਹ ਚੁੱਕ ਕੇ ਤੁਰਨ ਵਾਲਾ ਅਗਾਂਹ ਕਿਸੇ ਟੋਏ ਵਿਚ ਡਿਗਣ ਤੋਂ ਬਚ ਨਹੀਂ ਸਕਦਾ ਕਿਉਂਕਿ

ਉਹ ਸਾਹਮਣੇ ਦਿਸਦੇ ਟੋਏ ਨੂੰ ਦੇਖਣ ਤੋਂ ਜਾਣ ਬੁੱਝ ਕੇ ਇਨਕਾਰੀ ਹੋ ਜਾਂਦਾ ਹੈ, ਫੇਰ ਭਲਾਂ ਟੋਏ ਦਾ ਕੀ ਕਸੂਰ? ਬਿਨਾਂ ਕਾਰਨ ਆਪਣੀ ਚਾਦਰ ਤੋਂ ਬਾਹਰ ਝਾਕਣ ਵਾਲੇ ਲੋਕ ਆਪਣੀ ਹੀ ਚਾਦਰ ਪਾੜ ਸਕਦੇ ਹਨ। ਨਫ਼ਾ ਇਸ ਨਾਲ ਕੋਈ ਹੋਣਾਂ ਨਹੀਂ ਹੁੰਦਾ ਪਰ ਨੁਕਸਾਨ ਹੋਣਾ ਲਾਜ਼ਮੀ ਹੁੰਦਾ ਹੈ, ਜੇ ਕੋਈ ਸਮਝੇ ਤਾਂ ।

ਕਿਸੇ ਵੀ ਇਨਸਾਨ ਦੇ ਵਿਅਕਤਿਤਵ (ਸ਼ਖਸੀਅਤ) ਦੇ ਵਿਕਾਸ ਵਿਚ ਰਹਿ ਗਈ ਘਾਟ ਇਹ ਮੁਹਰ ਨਹੀਂ ਬਣ ਜਾਣੀ ਚਾਹੀਦੀ ਕਿ ਉਹ ਊਣਾਂ-ਪੌਣਾ ਹੈ ਜਾਂ ਫੇਰ ਉਹ ਗਿਆਂ-ਗੁਜ਼ਰਿਆਂ ਵਿਚੋਂ ਹੋ ਗਿਆ ਹੈ, ਕਿਉਂਕਿ ਦੁਨੀਆਂ ਅੰਦਰ ਬਹੁਤ ਸਾਰੀਆਂ ਹਾਂਅ ਪੱਖੀ ਅਤੇ ਨਾਂਹ ਪੱਖੀ ਘਟਨਾਵਾਂ ਘਟਦੀਆਂ ਹੀ ਰਹਿੰਦੀਆਂ ਹਨ। ਇੰਝ ਵੀ ਹੁੰਦਾ ਹੈ ਕਿ ਅੰਗਹੀਣ (ਜਾਂ ਊਣੇ-ਪੌਣੇ) ਕਹੇ ਜਾਂਦੇ ਵਿਅਕਤੀ ਅੰਗਾਂ ਵਾਲਿਆਂ ਤੋਂ ਅੱਗੇ ਲੰਘ ਜਾਂਦੇ ਹਨ ’ਤੇ ਉਨ੍ਹਾਂ ਤੋਂ ਸਿਆਣੇ ਸਾਬਤ ਹੋ ਜਾਂਦੇ ਹਨ। ਬਹੁਤ ਤਾਂ ਨਹੀਂ ਇੱਥੇ ਸਿਰਫ ਦਾਲ਼ ਵਿਚੋਂ ਦਾਣੇ ਟੋਹਣ ਵਾਲੀ ਦਲੀਲ ਦਾ ਪੱਲਾ ਫੜਿਆ ਜਾ ਸਕਦਾ ਹੈ। ਆਪਣੇ ਆਪ ਤੋਂ ਲਾਚਾਰ ਮੰਜੇ ’ਤੇ ਪਈ ਲੇਖਿਕਾ ਕ੍ਰਿਸਟੀ ਬਰਾਊਨ ਦਾ ਨਾਂ ਲੈਣਾ ਜਾਂ ਵਿਗਿਆਨਕ ਕਾਢਾਂ ਦੇ ਖੇਤਰ ਅੰਦਰ ਆਈਨਸਟਾਈਨ ਤੋਂ ਬਾਅਦ ਬਹੁਤ ਵੱਡਾ ਨਾਂ ਉਭਰਿਆ ਸਟੇਫਨ ਹਾਕਿੰਗ ਦਾ ਜਿਹੜਾ ਪਤੂਆਂ ਵਾਲੀ ਕੁਰਸੀ ਉੱਤੇ ਬੈਠਕੇ ਹੀ ਟੁਰਨ ਫਿਰਨ ਦਾ ਆਹਰ ਕਰਨ ਦੇ ਯੋਗ ਹੈ। ਦੂਰ ਕੀ ਜਾਣਾ ਪਿੱਛੇ ਜਹੇ ਸੁਰਗਵਾਸ ਹੋਏ ਪੰਜਾਬੀ ਸਾਹਿਤ ਦੇ ਮਹਾਨ ਪੁਰਖ, ਖੁਸ਼ਬੂਦਾਰ ਅਤੇ ਮੁਹੱਬਤੀ ਇਨਸਾਨ ਪਿਆਰਾ ਸਿੰਘ ਸਹਿਰਾਈ ਦਾ ਨਾਂ ਲਿਆ ਜਾ ਸਕਦਾ ਹੈ ਜੋ ਪਹਿਲਾਂ ਪਹੀਆਂ ਵਾਲੀ (ਰੇਹੜੀ) ਕੁਰਸੀ ਤੇ ਤੁਰਦੇ ਫਿਰਦੇ ਸਨ। ਘਰ ਅੰਦਰ ਖੜ੍ਹਕੇ ਤੁਰਨੋ ਆਰੀ ਬਾਥਰੂਮ ਤੱਕ ਜਾਣ ਵੇਲੇ ਵੀ ਹੱਥਾਂ ਵਿਚ ‘ਖੜਾਵਾਂ’ ਜਹੀਆਂ ਪਾ ਕੇ ਹੀ ਜਾਂਦੇ ਸਨ, ਪਰ ਸੋਚ ਉਨ੍ਹਾਂ ਕੋਲ ਉਹ ਸੀ – ਵਿਗਿਆਨਕ ਜੋ ਵਿਰਲਿਆਂ ਟਾਵਿਆਂ ਕੋਲ ਹੀ ਹੁੰਦੀ ਹੈ। ਇਹ ਉਨ੍ਹਾਂ ਦੀਆਂ ਲਿਖਤਾਂ ਪੜ੍ਹਕੇ ਹਰ ਕੋਈ ਪਰਖ ਸਕਦਾ ਹੈ।

ਪੰਜਾਬੀਆਂ ਕੋਲ ਹੌਸਲਾ ਅਤੇ ਸਿਦਕ, ਸਿਰੜ ਸਭ ਕਮਾਲ ਹੈ ਇੱਥੇ ਕੁੱਝ ਕੁ ਉਨ੍ਹਾਂ ਸ਼ਬਦ/ਸਾਹਿਤ ਨਾਲ ਜੁੜੇ ਸੂਰਮਿਆਂ ਦਾ ਨਾਂ ਲਿਆ ਜਾ ਸਕਦਾ ਹੈ ਜਿਨ੍ਹਾਂ ਦੀਆਂ ਅੱਖਾਂ ਦੀ ਲੋਅ ਗੁਆਚ ਜਾਣ ’ਤੇ ਵੀ ਉਨ੍ਹਾਂ ਦਿਲ ਨਾ ਛੱਡਿਆ, ਹੌਸਲਾ ਨਾ ਹਾਰਿਆ ਪ੍ਰੋ: ਕਸੇਲ , ਡਾ: ਐਸ.ਤਰਸੇਮ ਅਤੇ ਅਜੀਤ ਸੈਲਾਨੀ ਅਜਿਹੇ ਹੀ ਸਿਦਕ ਦੀ ਮਿਸਾਲ ਹਨ। ਹੋਰ ਵੀ ਕਈ ਨਾਂ ਗਿਣੇ ਜਾ ਸਕਦੇ ਹਨ ਜਿਨ੍ਹਾਂ ਦੀ ਸੁਨੱਖੀ ਤੇ ਵਿਗਿਆਨਕ ਸੋਚ ਸਮਾਜੀ ਵਿਹਾਰ ਅਤੇ ਕੁੱਝ ਕਰਨ ਦੇ ਦਾਈਏ ਨੇ ਉਨ੍ਹਾਂ ਨੂੰ ਸਦਾ ਹੀ ਅੱਗੇ ਜਾਣ ਵਾਸਤੇ ਪ੍ਰੇਰੀ ਰੱਖਿਆ । ਇਸ ਸਿਦਕ ਬਦਲੇ ਕਿੰਨਾ ਮੁੱਲ ਤਾਰਨਾ ਪੈਂਦਾ ਹੈ, ਕਿੱਡੇ ਜਿਗਰੇ ਦੀ, ਕਿੰਨੀ ਮਿਹਨਤ ਦੀ ਲੋੜ ਪੈਂਦੀ ਹੈ ਅਜਿਹੇ ਲੋਕਾਂ ਨੂੰ ਮੁਸੀਬਤਾਂ ਭਰੇ ਅੱਗ ਦਾ ਦਰਿਆ ਤਰਨ ਸਮੇਂ। ਇਹ ਸੋਚਦਿਆਂ ਹੀ ਉਨ੍ਹਾਂ ਸ਼ਖਸੀਅਤਾਂ ਦੇ ਹੌਸਲੇ ਅੱਗੇ ਸਤਿਕਾਰ ਨਾਲ ਸਿਰ ਝੁਕ ਜਾਂਦਾ ਹੈ ।



ਸਾਹਿਤ ਪੜ੍ਹਨ ਵਾਲਿਆਂ ਨੇ ਰੂਸੀ ਸਾਹਿਤ ਦੀ ਉੱਤਮ ਰਚਨਾ ‘ਅਸਲੀ ਇਨਸਾਨ ਦੀ ਕਹਾਣੀ’ ਲੱਭ ਲੱਭ ਕੇ ਪੜ੍ਹੀ ਸੀ। ਸ਼ਾਇਦ ਹੀ ਪੰਜਾਬੀ ਦਾ ਕੋਈ ਸਾਹਿਤ ਰਸੀਆਂ ਹੋਵੇ ਜਿਸਨੇ ਬੋਰਿਸ ਪੋਲੇਬੋਈ ਦੀ ਇਸ ਰਚਨਾ ਦਾ ਪੰਜਾਬੀ ਅਨੁਵਾਦ ਨਾ ਪੜ੍ਹਿਆ ਹੋਵੇ। ਜਿਸਦੇ ਪੜ੍ਹਨ ਨਾਲ ਮਨੁੱਖ ਨੂੰ ਆਪਣੇ ਅੰਦਰ ਸਾਹਸ ਦੇ ਜਾਗ ਪੈਣ ਦਾ ਅਹਿਸਾਸ ਹੁੰਦਾ ਹੈ। ਇਸਨੂੰ ਰਚਨਾ/ਸਾਹਿਤ ਦੀ ਸ਼ਕਤੀ ਵੀ ਆਖਿਆ ਜਾ ਸਕਦਾ ਹੈ। ਜਿਹੜੇ ਲੋਕ ਸਾਹਿਤ ਨੂੰ ਦਿਲ ਪ੍ਰਚਾਵੇ ਦਾ ਸਾਧਨ ਗਿਣਤ ਤੱਕ ਸੀਮਤ ਹਨ ਜਾਂ ਹੋਣਾ ਚਾਹੁੰਦੇ ਹਨ ਉਨ੍ਹਾਂ ਵਾਸਤੇ ਇਹ ਰਾਹ ਵੰਗਾਰ ਵੀ ਹੈ ਅਤੇ ਸ਼ੀਸ਼ਾ ਵੀ। ਵੰਗਾਰ ਨੂੰ ਕਬੂਲਣਾ ਅਤੇ ਸ਼ੀਸ਼ੇ ਅੰਦਰ ਝਾਕਣਾ ਉਨ੍ਹਾਂ ਦਾ ਹੀ ਕੰਮ ਹੈ। ਸ਼ਾਇਦ ਇਸ ਤਰ੍ਹਾਂ ਹੀ ਕੋਈ ਕੰਮ ਦਾ ਨੁਕਤਾ, ਕੋਈ ਸਾਰਥਕ ਰਾਹ ਉਨ੍ਹਾਂ ਦੇ ਪੱਲੇ ਪੈ ਜਾਵੇ ।

ਵਿਸ਼ਵਾਸ ਸੌ ਦੁੱਖਾਂ ਦਾ ਦਾਰੂ ਹੈ। ਆਪਣੇ ਅੰਦਰਲੇ ਵਿਸ਼ਵਾਸ ਨੂੰ ਫੜ ਲੈਣ ਵਾਲੇ, ਜ਼ਮਾਨੇ ਨੂੰ ਉਂਗਲ ਲਾ ਕੇ ਆਪਣੇ ਨਾਲ ਤੋਰ ਲੈਂਦੇ ਹਨ। ਉਹ ਬਹੁਤ ਸਾਰਿਆਂ ਵਾਸਤੇ ਪ੍ਰੇਰਨਾ ਦਾ ਸ੍ਰੋਤ ਹੋ ਨਿੱਬੜਦੇ ਹਨ। ਉਹ ਕਸਤੂਰੀ ਦੀ ਸੁਗੰਧੀ ਬਾਹਰੋਂ ਨਹੀਂ ਅੰਦਰੋਂ ਹੀ ਭਾਲ਼ ਲੈਂਦੇ ਹਨ। ਇਹ ਢੂੰਡ, ਭਾਲ਼ ਦਾ ਕਾਰਜ ਔਖਾ ਤਾਂ ਹੈ ਪਰ ਅਸੰਭਵ ਬਿਲਕੁਲ ਨਹੀਂ ਕਿਉਂਕਿ ਅਸੰਭਵ ਕੁੱਝ ਵੀ ਨਹੀਂ ਹੁੰਦਾ। ਲੋੜ ਤਾਂ ਮੜ੍ਹਾਸਾ ਮਾਰ ਕੇ ਠੋਸ ਕਦਮੀਂ ਤੁਰਨ ਦੀ ਹੁੰਦੀ ਹੈ। ਫੇਰ ਵਿਰਲੇ-ਟਾਵੇਂ ਵੀ ਕਾਫਲਿਆਂ ਦੀ ਸ਼ਕਲ ਧਾਰਨ ਕਰ ਹੀ ਲੈਂਦੇ ਹਨ ਅਤੇ ਜ਼ਿੰਦਗੀ ਨੂੰ ਖੁਬਸੂਰਤੀ ਵਿਚ ਢਾਲਣ ਵਾਸਤੇ ਯਤਨਸ਼ੀਲ ਹੋ ਜਾਂਦੇ ਹਨ। ਇਸ ਰਾਹੇ ਤੁਰਨ ਵੇਲੇ ਆਪਣੇ ਆਪ ਵਲ ਮੋਹ ਭਰੇ, ਆਲੋਚਨਾਤਮਿਕ ਵਤੀਰੇ ਦਾ ਸਾਥ ਮਨੁੱਖ ਨੂੰ ਅਵਗੁਣਾ ਤੋਂ ਗੁਣਾਂ ਵਲ ਤੋਰਨ ਦਾ ਸੁਚੱਜਾ ਕਾਰਜ ਹੋ ਨਿੱਬੜਦਾ ਹੈ ।

# ਧੰਨਵਾਦ ਰਹਿਤ

ਧਰਤੀ ਗੋਲ਼ ਹੈ, ਪਰ ਇਸ ਉੱਤੇ ਵਸਦੇ ਇਨਸਾਨ ਭਾਂਤ-ਸੁਭਾਂਤੇ ਹਨ । ਅਕਲਾਂ ਤੇ ਸ਼ਕਲਾਂ ਪੱਖੋਂ ਵੀ, ਰਹਿਣੀ-ਬਹਿਣੀ ਪੱਖੋਂ ਵੀ, ਆਦਤਾਂ ਵੀ ਹਰ ਕਿਸੇ ਦੀਆਂ ਵੱਖੋ-ਵੱਖਰੀਆਂ ਹਨ। ਇਸੇ ਤਰ੍ਹਾਂ ਪਹਿਰਾਵੇ ਹਨ , ਖਾਣੇ ਹਨ, ਬੋਲੀਆਂ ਤੇ ਭਾਸ਼ਾਵਾਂ ਹਨ। ਆਪੋ-ਆਪਣੇ ਰਿਵਾਜ਼ ਹਨ, ਸੰਸਕਾਰ ਹਨ ਪਰ ਫੇਰ ਵੀ ਹਰ ਥਾਵੇਂ ਵਸਦੇ ਲੋਕਾਂ ਅੰਦਰ ਬਹੁਤ ਕੁੱਝ ਮਿਲਦਾ-ਜੁਲ਼ਦਾ ਅਤੇ ਸਾਂਝਾ ਹੁੰਦਾ ਹੈ। ਲੋੜ ਵੇਲੇ ਕਿਸੇ ਦੂਸਰੇ ਦੇ ਕੰਮ ਆਉਣਾ, ਮਨੁੱਖੀ ਵਿਹਾਰ ਵਜੋਂ ਦੋਸਤਾਨਾ ਰਵੱਈਆ ਅਪਨਾਉਣਾ, ਦੂਸਰਿਆਂ ਵਲੋਂ ਕੀਤੀ ਮੱਦਦ (ਕਿਸੇ ਤਰ੍ਹਾਂ ਦੀ ਵੀ) ਦਾ ਸ਼ੁਕਰੀਆ ਅਦਾ ਕਰਨਾ ਅਤੇ ਅਹਿਸਾਨ ਮੰਨਣਾ, ਲੋੜ ਵੇਲੇ ਆਪ ਕਿਸੇ ਦੂਸਰੇ ਦੀ ਮੱਦਦ ਕਰਨ ਦਾ ਗੁਣ ਪ੍ਰਾਪਤ ਕਰਨ ਦਾ ਯਤਨ ਕਰਨਾ ਆਦਿ। ਲੋਕਾਂ ਅੰਦਰਲਾ ਵਖਰੇਵਾਂ ਹੀ ਹੈ ਕਿ ਅਜਿਹੇ ਮਨੁੱਖੀ ਗੁਣ ਵੀ ਹਰ ਕਿਸੇ ਵਿਚ ਨਹੀਂ ਹੁੰਦੇ। ਇਹ ਗੁਣ ਪ੍ਰਾਪਤ ਕਰਨ ਵਾਸਤੇ ਸਮਝਦਾਰੀ, ਮਨ ਅੰਦਰ ਨਿਮਰਤਾ ਅਤੇ ਸੋਚ ਅੰਦਰ ਰੋਸ਼ਨੀ ਦਾ ਹੋਣਾ ਬਹੁਤ ਜ਼ਰੂਰੀ ਹੈ, ਪਰ ਅਫਸੋਸ ਕਿ ਅਜਿਹਾ ਕੁੱਝ ਹਰ ਕਿਸੇ ਦੇ ਪੱਲੇ ਨਹੀਂ ਹੁੰਦਾ। ਇੱਥੇ ਪੰਜਾਬੀ ਦੀ ਕਹਾਵਤ ਬਿਲਕੁੱਲ ਢੁੱਕਦੀ ਹੈ ਕਿ 'ਬਿਨ ਅਕਲੋਂ ਖੂਹ ਖਾਲੀ'।

ਬਹੁਤ ਕੁੱਝ ਹੁੰਦਾ ਹੈ, ਜਿਸ ਬਦਲੇ ਮਨੁੱਖ ਕਿਸੇ ਦੂਸਰੇ ਨੂੰ ਧੰਨਵਾਦ ਆਖ ਕੇ ਉਸ ਦੇ ਮਨ ਅੰਦਰ ਆਪਣੇ ਵਾਸਤੇ ਚੰਗਾਪਨ ਪੈਦਾ ਕਰ ਸਕਦਾ ਹੈ। ਉਸ ਦੇ ਕੀਤੇ ਅਹਿਸਾਨ ਦਾ ਥਕੇਵਾਂ ਲਾਹ ਸਕਦਾ ਹੈ , ਪਰ ਨਾ-ਸਮਝੀ ਕਹੀਏ ਜਾਂ ਬਦਨੀਤੀ ਜਾਂ ਫੇਰ ਕਮ-ਅਕਲੀ ਕਿ ਬਹੁਤ ਸਾਰੇ ਲੋਕ ਇਸ ਗੁਣੋਂ ਵੀ ਵਾਂਝੇ ਹੀ ਦੇਖੇ ਜਾ ਸਕਦੇ ਹਨ। ਕਈ ਇਸ ਨੂੰ ਖਾਸ ਕਿਸਮ ਦੇ ਲੋਕਾਂ ਦੀ ਈਗੋ (ਹੰਕਾਰ) ਵੀ ਆਖਦੇ ਹਨ, ਪਰ ਈਗੋ ਕਿਧਰੇ 'ਧੁਰੋਂ' ਜਾਂ 'ਉੱਪਰੋਂ' ਤਾਂ ਨਹੀਂ ਆਉਂਦੀ। ਇਹ ਵੀ ਤਾਂ ਇਨਸਾਨ ਆਪਣੇ ਖੁਦ ਸਿਰਜੇ ਝੂਠ ਵਿਚੋਂ ਹੀ ਪੈਦਾ ਕਰਦਾ ਹੈ, ਆਪਣੀ 'ਝੂਠੀ' ਤਸੱਲੀ ਵਾਸਤੇ। ਜਦੋਂ ਇਹ ਆਦਤ ਬਣ ਜਾਵੇ ਤਾਂ ਮਨੁੱਖ ਅੰਦਰਲੇ ਮਨੁੱਖੀਪਨ ਨੂੰ ਢਾਅ ਲੱਗਣੀ ਸ਼ੁਰੂ ਹੋ ਜਾਂਦੀ ਹੈ ਤੇ ਮਨੁੱਖ ਢਹਿੰਦੀ ਕਲਾ ਵਲ ਰੁੜ੍ਹਨਾਂ ਸ਼ੁਰੂ ਕਰ ਦਿੰਦਾ ਹੈ।

ਜਦੋਂ ਕਿਸੇ ਵੀ ਇਨਸਾਨ ਅੰਦਰ ਕਿਸੇ ਵੀ ਕਿਸਮ ਦਾ ਹੰਕਾਰ ਪੈਦਾ ਹੋ ਜਾਵੇ ਤਾਂ ਉਹ ਆਪਣੀ ਇਸ ਨਵੀਂ 'ਫ਼ਿਤਰਤ' ਦੇ ਸਦਕਾ ਦੂਜੇ ਲੋਕਾਂ ਦੇ ਮਨਾਂ ਵਿਚ ਨੀਵਾਂ ਹੋਣਾ ਸ਼ੁਰੂ ਹੋ ਜਾਂਦਾ ਹੈ। ਭਾਵੇਂ ਕਿ ਇਸ ਦਿਖਾਵੇ ਦੇ ਯੁੱਗ ਵਿਚ ਲੋਕ ਸਾਹਮਣੇ ਤਾਂ ਕੁੱਝ ਨਹੀਂ ਕਹਿੰਦੇ , ਪਰ ਜੋ ਉਸ ਵਿਅਕਤੀ ਦੀ ਪਿੱਠ ਪਿੱਛੇ ਕਹਿੰਦੇ ਹਨ ਉਹ ਹੀ ਉਸ ਵਿਅਕਤੀ ਦਾ ਅਸਲ ਹੁੰਦਾ ਹੈ।



ਕਿਸੇ ਵੱਡੇ ਅਹੁਦੇ ਕਰਕੇ ਜਾਂ 'ਕਿਸੇ ਵੀ ਤਰ੍ਹਾਂ' ਮਾਇਆਧਾਰੀ ਬਣ ਗਏ ਹੰਕਾਰੀ ਲੋਕ ਤਾਂ ਇਹ ਹੀ ਸਮਝਣ ਲੱਗ ਜਾਂਦੇ ਹਨ ਕਿ ਉਹ ਬਹੁਤ ਹੀ ਹਰਮਨ ਪਿਆਰੇ ਹਨ। ਲੋਕ ਉਨ੍ਹਾਂ ਨੂੰ ਜੀ ਜੀ ਕਰਦੇ ਉਨ੍ਹਾਂ ਦੇ ਅੱਗੇ-ਪਿੱਛੇ ਤੁਰੇ ਫਿਰਦੇ ਹਨ। ਪਰ ਆਪਣੀਆਂ ਜਾਇਜ਼-ਨਾਜਾਇਜ਼ ਗਰਜਾਂ ਖਾਤਰ ਲੋਕ ਆਸਰਾ ਭਾਲ਼ਦੇ ਹੋਏ ਕੁੱਝ ਵੀ ਹੀਲਾ ਨਾ ਬਣਦਾ ਦੇਖਕੇ ਨਾ ਚਾਹੁੰਦਿਆਂ ਹੋਇਆਂ ਵੀ ਅਜਿਹੇ ਲੋਕਾਂ ਦੀਆਂ ਸਿਫਤਾਂ ਕਰਨ ਲਈ ਮਜਬੂਰ ਹੋ ਜਾਂਦੇ ਹਨ। ਅਜਿਹੀ ਮਜਬੂਰੀ ਦਾ ਨਾਂ ਸ਼ੁਕਰੀਆ ਬਣ ਜਾਂਦਾ ਹੈ। ਬੇਵਸੀ ਲਾਚਾਰ ਲੋਕਾਂ ਨੂੰ ਮਜਬੂਰੀ ਦੇ ਵੇਲ਼ਣੇ ਵਿਚ ਪੀੜਦੀ ਹੈ ਅਤੇ ਉਹ ਸੁਆਹ ਨੂੰ ਸੋਨਾ ਆਖ ਦਿੰਦੇ ਹਨ। ਹੁੰਦਾ ਤਾਂ ਇਹ ਝੂਠ ਹੀ ਹੈ, ਇਹ ਵੱਡੇ ਕਹਾਉਣ ਵਾਲੇ ਪਰ ਕਮੀਨੇ 'ਤੇ ਸੁਆਰਥੀ ਆਪਣੇ ਆਪ ਨੂੰ ਖੁਸ਼ ਕਰਨ ਵਾਸਤੇ ਇਸ ਝੂਠ ਨੂੰ ਹੀ ਸੱਚ ਮੰਨਣ ਲੱਗ ਪੈਂਦੇ ਹਨ। ਦੂਰ ਕੀ ਜਾਣਾ, ਬੇਸਮਝੀ ਦਾ ਇਹ ਆਲਮ ਹੈ ਕਿ ਲੋਕ ਕਾਰੀਗਰ ਹੱਥਾਂ ਵਲੋਂ ਬਣਾਈਆਂ ਮਿੱਟੀ ਦੀਆਂ ਮੂਰਤੀਆਂ ਨੂੰ ਹੀ ਭਗਵਾਨ ਮੰਨਣ ਲੱਗ ਪੈਂਦੇ ਹਨ। ਉਹ ਤਾਂ ਫੇਰ ਵੀ ਚੰਗੇ ਜਾਂ ਮਾੜੇ ਹੱਡ-ਮਾਸ ਦੇ ਇਨਸਾਨ ਹੁੰਦੇ ਹਨ।

ਜਦੋਂ ਵੀ ਅਸੀਂ ਪੂਰਬੀ 'ਤੇ ਪੱਛਮੀ ਸਮਾਜਾਂ ਦੇ ਸਮਾਜਕ ਵਿਹਾਰਾਂ ਨੂੰ ਬਰਾਬਰ ਰੱਖਕੇ ਮਿਣਨ ਲਗਦੇ ਹਾਂ ਤਾਂ ਹਮੇਸ਼ਾ ਹੀ ਬਿਨ ਦਲੀਲੋਂ ਇਹ ਮੱਤ ਭਾਰੂ ਕੀਤਾ ਚਾਹੁੰਦੇ ਹਾਂ ਕਿ ਪੂਰਬੀ ਰਹੁ-ਰੀਤਾਂ ਅਤੇ ਸੱਭਿਆਚਾਰ ਬਹੁਤ ਅਮੀਰ ਹੈ। ਪੱਛਮੀ ਸਮਾਜ ਤਾਂ ਸਾਡੇ ਮੁਕਾਬਲੇ ਕੁੱਝ ਵੀ ਨਹੀਂ, ਉਂਝ ਵੀ ਇਹ ਢਹਿੰਦੀਆਂ ਕਲਾਂ ਵਲ ਜਾ ਰਿਹਾ ਹੈ। ਲੋੜ ਅਜਿਹੇ ਹੂੰਝਾਫੇਰੂ, ਨਾਂਹ ਪੱਖੀ (ਬੇਦਲੀਲੇ) ਤੇ ਆਪਣੇ ਆਪ ਨੂੰ ਹੀ ਪੁੱਗਦੇ ਫੈਸਲੇ ਕਰਨ ਦਾ ਨਹੀਂ ਸਗੋਂ ਦਲੀਲ ਦੀ ਕਸਵੱਟੀ ਉੱਤੇ ਅਮਲ ਪਰਖਣ ਦਾ ਹੈ। ਜਿਸ ਸਮਾਜ ਅੰਦਰ ਜੋ ਵੀ ਇਨਸਾਨ ਅਤੇ ਇਨਸਾਨੀਅਤ ਵਾਸਤੇ ਚੰਗਾ ਹੈ ਉਸ ਦੀ ਵਡਿਆਈ ਕਰਨੀ ਜਰੂਰੀ ਹੈ ਅਤੇ ਜੋ ਵੀ ਮਾੜਾ ਹੈ ਉਸਨੂੰ ਸਿਰਫ ਭੰਡਣਾ ਹੀ ਨਹੀਂ ਸਗੋਂ ਨਕਾਰਨਾ ਵੀ ਜ਼ਰੂਰੀ ਹੈ। ਆਖਰੀ ਸੱਚ ਹੁੰਦਾ ਹੀ ਕੋਈ ਨਹੀਂ ਇਸ ਕਰਕੇ ਲੱਭਣਾ ਸੰਭਵ ਨਹੀਂ ਹੋ ਸਕਣਾ, ਕਿਉਂਕਿ ਇਕ ਪਾਸੇ ਵਾਲਾ ਸਿੱਕਾ ਅਜੇ ਬਣਿਆ ਹੀ ਨਹੀਂ ਤੇ ਉਹਦੀ ਭਾਲ਼ ਕਰਨਾ ਹੀ ਫਜ਼ੂਲ ਹੈ ।

ਪੂਰਬੀ ਸਮਾਜਾਂ ਦੇ ਪਹਿਰੇਦਾਰਾਂ ਦੀ ਗੱਲ ਕਰੀਏ ਤਾਂ ਬਹੁਤ ਵਾਰ ਕਚਿਆਣ ਜਹੀ ਆਉਣ ਲੱਗ ਪੈਂਦੀ ਹੈ। ਜਿੱਥੇ ਬੰਦੇ (ਇਨਸਾਨ) ਨੂੰ ਧਰਮਾਂ ਤੇ ਜਾਤਾਂ ਰਾਹੀਂ ਮਿਣਿਆ ਜਾਂਦਾ ਹੋਵੇ ਉਥੇ ਇਨਸਾਨ , ਇਨਸਾਨੀਅਤ ਅਤੇ ਮਨੁੱਖੀਪਣ ਕਿਥੋਂ ਲੱਭਣਗੇ? ਕੋਈ ਹਕੀਮ-ਲੁਕਮਾਨ ਵੀ ਇਸ ਦੀ ਦਵਾਈ ਨਹੀਂ ਦੇ ਸਕਦਾ। ਇਸ ਪੱਖੋਂ ਸਾਡਾ ਵਿਹਾਰ ਗੰਵਾਰਾਂ ਅਤੇ ਉਜੱਡਾਂ ਵਾਲਾ ਹੈ ਅਤੇ ਉਜੱਡਪੁਣਾ ਮਨੁੱਖਵਾਦ ਨਹੀਂ ਹੁੰਦਾ । ਕਿਸੇ ਨੂੰ ਧਰਮ ਜਾਂ ਨਸਲ ਕਰਕੇ ਛੋਟਾ, ਵੱਡਾ ਜਾਂ ਚੰਗਾ , ਮਾੜਾ ਆਖਣਾ ਮਨੁੱਖਵਾਦ ਨਹੀਂ ਨਸਲਵਾਦ ਹੁੰਦਾ ਹੈ। ਇਸ ਦੀਆਂ ਮਿਸਾਲਾਂ ਨਾਲ ਤਾਂ ਸੰਸਾਰ ਇਤਿਹਾਸ ਵੀ ਗੰਦਾ ਹੋਇਆ ਤੇ ਮੁਸ਼ਕ ਮਾਰਦਾ ਨਜ਼ਰ ਆਉਂਦਾ ਹੈ। ਇਸ ਤੋਂ ਕੋਈ ਮਹਾਂਦੀਪ ਨਹੀਂ ਬਚਿਆ ਹੋਇਆ। ਕਿਧਰੇ ਗੁਲਾਮਾਂ ਨਾਲ ਧੱਕਾ, ਕਿਧਰੇ ਕਾਲਿਆਂ ਨਾਲ ਗੈਰ ਇਨਸਾਨੀ

ਵਿਹਾਰ, ਕਿਧਰੇ ਸੂਦਰਾਂ-ਦਲਿਤਾਂ ਦੇ ਪ੍ਰਛਾਵੇਂ ਤੋਂ ਵੀ ਬਚ ਕੇ ਚੱਲਣ ਵਰਗਾ ਉਜੱਡਪੁਣਾਂ, ਇਨਸਾਨੀਅਤ ਦੇ ਮੱਥੇ ਉੱਤੇ ਲੱਗੇ ਗੈਰ ਇਨਸਾਨੀਅਤ ਦੇ ਕਾਲ਼ੇ ਦਾਗ ਹਨ। ਇਹ ਨਾਸ਼ੁਕਰਿਆਂ ਦੇ ਹਰਾਮੀਪੁਣੇ ਦੀਆਂ ਜੀਉਂਦੀਆਂ ਜਾਗਦੀਆਂ ਮਿਸਾਲਾਂ ਹਨ। ਇਸੇ ਕਰਕੇ ਕਿਧਰੇ ਭਗਤੀ ਲਹਿਰ ਉੱਭਰਦੀ ਹੈ, ਕਿਧਰੇ 'ਬਲੈਕ ਪਾਵਰ' ਅਤੇ ਸਮੇਂ ਬਾਅਦ 'ਦਲਿਤ' ਕਹੇ ਜਾਣ ਵਾਲੇ ਲੋਕ ਆਪਣੇ ਖਿਲਾਫ਼ ਚਲ ਰਹੇ ਗੈਰ ਮਨੁੱਖੀ ਵਰਤਾਰਿਆਂ ਦਾ ਵਿਰੋਧ ਕਰਨ ਵਾਸਤੇ ਮੈਦਾਨ ਵਿਚ ਨਿੱਤਰਦੇ ਹਨ। ਇਤਿਹਾਸ ਦੇ ਪੜ੍ਹਾਕੂ ਅਤੇ ਪਾਰਖੂ ਇਸ ਤੋਂ ਚੰਗੀ ਤਰ੍ਹਾਂ ਵਾਕਿਫ਼ ਹਨ ।

ਜਦੋਂ ਕੋਈ ਵਿਅਕਤੀ ਕਿਸੇ ਨਾ ਕਿਸੇ ਤਰ੍ਹਾਂ (ਜ਼ਰੂਰੀ ਨਹੀਂ ਉਹ ਲਾਇਕ ਵੀ ਹੋਵੇ) ਕੋਈ ਅਫ਼ਸਰ ਬਣ ਜਾਂਦਾ ਹੈ ਤਾਂ ਉਸਨੂੰ ਲੱਗੀ ਅਫ਼ਸਰੀ ਦੀ ਪੂਛ ਟਿਕਣ ਨਹੀਂ ਦਿੰਦੀ। ਅਜਿਹੇ ਲੋਕ ਸਭਾ ਸੁਸਾਇਟੀਆਂ ਵਿਚ 'ਮੈਨਰਜ਼' ਦਾ ਬਹੁਤ ਰੌਲ਼ਾ ਪਾਉਂਦੇ ਹਨ ਪਰ ਆਪ ਇਸ ਪੱਖੋਂ ਸੱਖਣੇ ਹੀ ਹੁੰਦੇ ਹਨ। ਉਹ ਤਾਂ ਥੁੱਕ ਨਾਲ ਬੜੇ ਪਕਾਏ ਚਾਹੁੰਦੇ ਹਨ। ਅਜਿਹੇ ਅਫ਼ਸਰ ਮਾਰਕਾ ਜ਼ਿਹਨੀ ਤੌਰ 'ਤੇ ਮਰੀਜ਼ ਅਤੇ ਸੋਚ ਪੱਖੋਂ ਕੰਗਾਲ ਲੋਕਾਂ ਦਾ ਇਹ ਹਾਲ ਹੈ ਕਿ ਕੋਈ ਕਲਰਕ ਉਹਦੇ ਮੇਜ਼ 'ਤੇ ਫਾਈਲ ਲੈ ਕੇ ਆਵੇ ਜਾਂ ਚਪੜਾਸੀ ਕਹੇ ਜਾਣ ਵਾਲਾ ਕਰਮਚਾਰੀ (ਭਾਵ ਸੇਵਾਦਾਰ) ਗਰਮੀਆਂ ਨੂੰ ਦੁਪਹਿਰੇ 'ਸਾਹਿਬ' ਨੂੰ ਠੰਢਾ ਪਾਣੀ ਪਿਲਾਵੇ ਤਾਂ ਉਸ 'ਅਫ਼ਸਰ' ਦਾ ਇਖ਼ਲਾਕੀ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਸੇਵਾਦਾਰਾਂ ਨੂੰ ਧੰਨਵਾਦ ਸਹਿਤ ਮਾਣ ਦੇਵੇ। ਪਰ ਅਜਿਹੇ ਤਹਿਜ਼ੀਬ ਵਾਲੇ ਮਾਈ ਦੇ ਲਾਲ 'ਅਫ਼ਸਰ' ਦਾਲ਼ ਵਿਚਲੇ ਕੋਕੜੂਆਂ ਨਾਲੋਂ ਵੀ ਘੱਟ ਹਨ। ਉਨ੍ਹਾਂ ਦੇ ਮੂਹੋਂ ਧੰਨਵਾਦ ਸ਼ਬਦ ਨਹੀਂ ਨਿਕਲਦਾ। ਇਹੋ ਤਾਂ ਗੈਰਇਨਸਾਨੀ ਫ਼ਿਤਰਤ ਹੈ ਜਿਸ ਵਿਚੋਂ ਹੰਕਾਰ ਵੀ ਜਨਮਦਾ ਹੈ। ਜਦੋਂ ਕਿਸੇ ਇਨਸਾਨ ਜਾਂ ਅਫ਼ਸਰ ਵਿਚੋਂ ਇਨਸਾਨੀਅਤ ਕਿਰ ਜਾਵੇ ਤਾਂ ਉਹ ਧੰਨਵਾਦ ਰਹਿਤ ਹੋ ਜਾਂਦਾ ਹੈ। ਇਹ ਵੀ ਹੋ ਸਕਦਾ ਹੈ ਕਿ ਇਨਸਾਨੀਅਤ ਪੱਖੋਂ ਚਪੜਾਸੀ ਉਸ ਅਫ਼ਸਰ ਤੋਂ ਚੰਗਾ ਮਨੁੱਖ ਹੋਵੇ, ਪਰ ਇੱਥੇ ਫੇਰ ਅਫ਼ਸਰੀ ਦਾ ਗਜ਼ ਵਿਚਾਲੇ ਆ ਫਸਦਾ ਹੈ। ਇਸ ਪੱਖੋਂ ਇੱਥੇ ਹੋਰ ਬਹੁਤ ਕੁੱਝ ਕਿਹਾ ਜਾ ਸਕਦਾ ਹੈ ਮਿਸਾਲ ਵਜੋਂ ਰਿਕਸ਼ੇ ਦੀ ਸਵਾਰੀ ਕਰ ਉੱਤਰ ਕੇ ਜਾਣ ਲੱਗਿਆਂ ਪਸੀਨੋਂ-ਪਸੀਨੇ ਹੋਏ ਮਜ਼ਦੂਰ ਦਾ ਸ਼ੁਕਰੀਆ ਕੋਈ ਵਿਰਲਾ ਟਾਵਾਂ ਹੀ ਕਰਦਾ ਹੈ, ਅਕਸਰ ਰਿਕਸ਼ੇ ਵਾਲਾ ਹੀ ਧੰਨਵਾਦ ਆਖਦਾ ਹੈ। ਕਿਉਂ ਹੁੰਦਾ ਹੈ ਅਜਿਹਾ ? ਇਸ ਕਰਕੇ ਕਿ ਧੰਨਵਾਦ/ਸ਼ੁਕਰੀਆ ਵਰਗੇ ਸ਼ਬਦ ਅਜੇ ਤੱਕ ਸਾਡੀ ਸੂਝ ਅਤੇ ਸੋਚ ਦਾ ਹਿੱਸਾ ਨਹੀਂ ਬਣ ਸਕੇ। ਕਿਉਂ ਨਹੀਂ ਬਣ ਸਕੇ? ਇਸ ਬਾਰੇ ਸਾਡੇ 'ਵਿਦਵਾਨਾਂ' ਨੂੰ ਹੀ ਨਹੀਂ ਸਗੋਂ ਹਰ ਕਿਸੇ ਨੂੰ ਸੋਚਣਾ ਚਾਹੀਦਾ ਹੈ।

ਪੱਛਮੀ ਸਮਾਜ ਇਸ ਪੱਖੋਂ (ਨਿਘਾਰ ਦੇ ਪੱਖ ਹੋਰ ਬਥੇਰੇ ਹਨ) ਪੂਰਬੀਆਂ ਤੋਂ ਅੱਗੇ ਹੈ। ਬੱਚਾ ਵੀ ਆਪਣੇ ਪਿਉ ਨੂੰ ਰਸੋਈ ਵਿਚੋਂ ਕੁੱਝ ਖਾਣ-ਪੀਣ ਨੂੰ ਲਿਆ ਕੇ ਦੇਵੇ ਤਾਂ ਲੋਕ ਉਸ ਦਾ ਵਾਰ ਵਾਰ ਸ਼ੁਕਰੀਆ ਅਦਾ ਕਰਦੇ ਹਨ। ਕਿਸੇ ਦਫਤਰ ਜਾਂ ਕਾਰਖਾਨੇ ਦਾ ਬੌਸ ਵੀ ਆਪਣੇ ਤੋਂ ਹੇਠਲੇ ਰੁਤਬੇ (ਮਾਤਹਿਤਾਂ) ਵਾਲਿਆਂ ਨੂੰ ਜੀ ਕਰਕੇ ਬੁਲਾਉਂਦਾ ਹੈ, ਕਿਸੇ ਤਰ੍ਹਾਂ ਦਾ ਕੰਮ ਕਰ ਦੇਣ 'ਤੇ ਧੰਨਵਾਦ ਕਰਦਿਆਂ ਉਹਦਾ ਮੂੰਹ ਸੁੱਕਦਾ ਹੈ।



ਇਹ ਸ਼ਿਸ਼ਟਾਚਾਰ ਨੂੰ ਪ੍ਰਣਾਏ ਲੋਕਾਂ ਦਾ ਫ਼ਰਜ਼ ਹੈ। ਇਸੇ ਤਰ੍ਹਾਂ ਹੀ ਫਿਰਨ ਤੁਰਨ ਦੇ ਸ਼ੌਕੀਨ ਲੋਕ ਜਾਣਦੇ ਹਨ ਕਿ ਬੇਗਾਨੇ ਥਾਵੀਂ ਕਿਵੇਂ ਲੋਕ ਮੱਦਦ ਕਰਦੇ ਹਨ। ਬੱਸ, ਗੱਡੀ ਵਿਚ ਸਫਰ ਕਰੋ, ਕਿਸੇ ਥਾਂ ਬਾਰੇ ਪਤਾ ਬਗੈਰਾ ਕਰਨਾ ਹੋਵੇ ਪੱਛਮ ਵਿਚ ਵੀ ਬਹੁਤ ਸਾਰੇ ਲੋਕ ਮੱਦਦ ਕਰਦੇ ਹਨ (ਉਂਝ ਕੁੱਝ ਕੁ ਕੋਕੜੂ ਹਰ ਥਾਵੇਂ ਹੀ ਹੁੰਦੇ ਹਨ) ਇਸ ਦੇ ਬਦਲੇ ਧੰਨਵਾਦ ਕਹਿਣਾ ਜ਼ਰੂਰੀ ਹੋਇਆ ਕਿ ਨਾ? ਅਧਿਆਪਕ ਕਿਸੇ ਵੀ ਦੇਸ, ਕੌਮ ਦੀ ਸੁਚੱਜੀ ਉਸਾਰੀ ਵਿਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ, ਪਰ ! ਆਪਣੇ ਅਧਿਆਪਕਾਂ ਦਾ ਹਾਲ ਹੋਰ ਵੀ ਬੁਰਾ ਹੈ। ਕਿਸੇ ਵਿਦਿਆਰਥੀ ਨੂੰ ਧੰਨਵਾਦ ਕਹਿਣਾ ਤਾਂ ਇਕ ਪਾਸੇ ਉਹ ਤਾਂ ਧੰਨਵਾਦ ਕਹਿਣ ਵਿਚ ਆਪਣਾ ਨਿਰਾਦਰ ਸਮਝਦੇ ਹਨ। ਅਜਿਹੇ ਅਧਿਆਪਕਾਂ ਦੇ ਪੜ੍ਹਾਏ ਵਿਦਿਆਰਥੀ ਭਲਾਂ ਕਿਹੜੇ ਰਾਹ ਤੁਰਨਗੇ? ਕਿਹੜੇ ਆਦਰਸ਼ ਤੇ ਕਿਹੜੇ ਸੰਸਕਾਰ ਲੈ ਕੇ ਉਹ ਸਕੂਲੋਂ ਬਾਹਰ ਜਾਣਗੇ? ਇਹਦੇ ਬਾਰੇ ਵਿਖਿਆਨ ਕਰਨ ਦੀ ਕੋਈ ਲੋੜ ਨਹੀਂ।

ਕਿਸੇ ਦੇ ਮਹਿਮਾਨ ਜਾਉ ਤਾਂ ਉਸ ਦੀ ਪ੍ਰਹੁਣਚਾਰੀ/ਮਹਿਮਾਨ ਨਿਵਾਜ਼ੀ ਦਾ ਧੰਨਵਾਦ ਕਰਨਾ ਬਣਦਾ ਹੈ। ਦੇਸੋਂ ਬੰਦੇ ਪ੍ਰਦੇਸ ਆਉਂਦੇ ਹਨ, ਹੋ ਸਕਦਾ ਹੈ ਕਿ ਉਨ੍ਹਾਂ ਵਿਚ ਕਈ ਅਫ਼ਸਰ ਵੀ ਆਉਂਦੇ ਹੋਣ, ਉਨ੍ਹਾਂ ਵਿਚੋਂ ਬਹੁਤੇ ਇਹ ਹੀ ਸਮਝਦੇ ਹਨ (ਖਾਸ ਕਰਕੇ ਪੰਜਾਬੀ ਦੇ ਸਾਹਿਤਕਾਰ) ਕਿ ਬਾਹਰ ਰਹਿੰਦੇ ਪੰਜਾਬੀਆਂ ਦਾ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਦੀ ਸੇਵਾ ਕਰਨ, ਭਲਾਂ ਕੋਈ ਪੁੱਛੇ ਕਿਉਂ? ਕਿਧਰੇ ਇਹ ਨਵਾਂ ਪ੍ਰੋਹਿਤਵਾਦ (ਸਾਹਿਤਕ) ਤਾਂ ਨਹੀਂ ਪੈਦਾ ਕੀਤਾ ਜਾ ਰਿਹਾ? ਉਂਝ ਬਾਹਰ ਵਸਦੇ ਪੰਜਾਬੀਆਂ (ਖਾਸ ਕਰਕੇ ਸਾਹਿਤਕ ਜਾਂ ਸਾਹਿਤਕਾਰ) ਨੇ ਘਰ ਆਏ ਪ੍ਰਾਹੁਣਿਆਂ ਦੀ ਆਪਣੀ ਪਹੁੰਚ ਮੁਤਾਬਿਕ ਸੇਵਾ/ਖਾਤਿਰਦਾਰੀ ਕਰਨ ਦਾ ਆਪਣਾ ਗੁਣ ਅਜੇ ਛੱਡਿਆ ਨਹੀਂ। ਪੰਜਾਬੀ ਸੱਭਿਆਚਾਰ ਦਾ ਇਹ ਵੱਡਾ ਸਰਮਾਇਆ ਉਹ ਅਜੇ ਵੀ ਆਪਣੇ ਦਿਲ 'ਚ ਵਸਾਈ ਬੈਠੇ ਹਨ। ਭਾਵੇਂ ਕਿ ਦੇਸੋਂ ਆਉਣ ਵਾਲੇ ਵਾਪਸ ਜਾ ਕੇ ਸਫਰਨਾਮੇ ਦੇ ਨਾਂ ਥੱਲੇ ਕਈ 'ਜੀਊੜੇ' ਆਪਣੀ ਕਲਮ ਵਾਹੁਣ (ਭਾਵ ਕਲਮੀਂ ਹੱਥਰਸੀ ਕਰਦਿਆਂ) ਸਮੇਂ ਬਾਹਰ ਵਸਦਿਆਂ ਨੂੰ 'ਭੁੱਖੇ' ਸਾਬਿਤ ਕਰਨ ਦਾ ਕੋਝਾ ਯਤਨ ਵੀ ਕਰਦੇ ਹਨ। ਪੰਜਾਬੀ ਜਿੱਥੇ ਵੀ ਵਸਦੇ ਹਨ ਉਹ ਕਿਵੇਂ ਸੋਚਦੇ ਹਨ ਮਹਿਮਾਨਾਂ ਬਾਰੇ ਇਸ ਦੀ ਗੱਲ ਕਰਦਿਆਂ ਕੈਨੇਡਾ ਵਸਦੇ ਪੰਜਾਬੀ ਕਵੀ ਸਾਧੂ ਬਿਨਿੰਗ ਦੇ ਹਵਾਲੇ ਨਾਲ਼ ਆਖਿਆ ਜਾ ਸਕਦਾ ਹੈ :

ਪੰਜਾਬੀਆਂ ਲਈ ਤਾਂ ਸੱਜਣੋਂ
ਰੱਬ ਹੁੰਦੇ ਨੇ ਮਹਿਮਾਨ
ਕਰਮਾਂ ਵਾਲਿਆਂ ਦੇ ਘਰੀਂ ਬਹੁੜਦੇ ਨੇ.....

ਸੋਚਣ ਵਾਲਿਆਂ ਨੂੰ ਆਪਣੀ ਸੋਚ ਦੇ ਖ਼ਾਨੇ ਵਿਚ ਝਾਤ ਮਾਰਨੀ ਬਣਦੀ ਹੈ ਕਿ ਜ਼ਿੰਦਗੀ ਨੂੰ ਸਾਰਥਿਕ ਬਨਾਉਣ ਖ਼ਾਤਿਰ ਹਰ ਇਨਸਾਨ ਨੂੰ ਸੁਚੱਜੇ ਚੱਜ-ਵਿਹਾਰ ਆਉਣੇ ਜ਼ਰੂਰੀ ਹਨ। ਨਹੀਂ ਤਾਂ ਉਨ੍ਹਾਂ ਦੀ ਸਾਰੀ ਜ਼ਿਦਗੀ ਧੰਨਵਾਦ ਸਹਿਤ ਦੀ ਥਾਵੇਂ ਧੰਨਵਾਦ ਰਹਿਤ ਹੀ ਹੋ ਕੇ ਰਹਿ ਜਾਵੇਗੀ। ਧੰਨਵਾਦ ਰਹਿਤ ਹੋਣਾ ਜ਼ਿੰਦਗੀ ਵਿਚੋਂ ਕਿਸੇ ਬਹੁਤ ਹੀ ਮੁੱਲਵਾਨ ਗੁਣ ਦੇ ਕਿਰ ਜਾਣ ਬਰਾਬਰ ਹੁੰਦਾ ਹੈ।

# ਸਮੇਂ ਨਾਲ ਸੰਵਾਦ

ਜਦੋਂ ਵੀ ਅਸੀਂ ਸਮੇਂ ਨੂੰ ਪ੍ਰੀਭਾਸ਼ਤ ਕਰਨ ਦਾ ਹੀਲਾ ਕਰਦੇ ਹਾਂ ਤਾਂ ਘੜੀ ਦੀਆਂ ਤੁਰਦੀਆਂ ਸੂਈਆਂ ਨਾਲ਼ ਮਿਣੇ ਗਏ ਸਮੇਂ ਦਾ ਹੀ ਹਵਾਲਾ ਦਿੰਦੇ ਹਾਂ ਇਹ ਤਾਂ ਸਿਰਫ ਸਮੇਂ ਨੂੰ ਇਕਹਿਰੀ ਹੱਦਬੰਦੀ ਅੰਦਰ ਡੱਕਣ ਦਾ ਨਿਗੂਣਾ ਜਿਹਾ ਜਤਨ ਹੀ ਆਖਿਆ ਜਾ ਸਕਦਾ ਹੈ। ਹਾਲਾਂਕਿ ਸਮੇਂ ਦਾ ਘੇਰਾ ਬਹੁਤ ਹੀ ਵਿਸ਼ਾਲ ਹੁੰਦਾ ਹੈ। ਤੁਰਦੇ ਪਲਾਂ ਵਿਚ ਬਹੁਤ ਕੁਝ ਵਾਪਰਦਾ ਹੈ, ਚੰਗਾ ਵੀ ਤੇ ਮਾੜਾ ਵੀ। ਭਾਵੇਂ ਕਿ ਹਰ ਕਿਸੇ ਦੀ ਖਾਹਸ਼ ਹੁੰਦੀ ਹੈ ਕਿ ਉਸਦੇ ਹਿੱਸੇ ਖੁਸ਼ਗਵਾਰ ਪਲ ਹੀ ਆਉਣ। ਪਰ ਅਜਿਹਾ ਹੋ ਸਕਣਾ ਅਜੇ ਤੱਕ ਤਾਂ ਸੰਭਵ ਹੋ ਨਹੀਂ ਸਕਿਆ, ਇਹ ਸ਼ਾਇਦ ਕੁਦਰਤ ਦਾ ਹੀ ਨੇਮ ਹੈ। ਉਂਜ ਵੀ, ਇਕ ਪਾਸੇ ਵਾਲਾ ਸਿੱਕਾ ਹੁੰਦਾ ਹੀ ਨਹੀਂ।

ਸਮੇਂ ਦੇ ਸਨਮੁੱਖ ਹੁੰਦਿਆਂ ਜ਼ਰੂਰੀ ਹੁੰਦਾ ਹੈ ਕਿ ਹਕੀਕਤ ਨੂੰ ਸਾਹਮਣੇ ਰੱਖ ਕੇ ਪੂਰੀਆਂ ਅੱਖਾਂ ਖੋਲ੍ਹ, ਚਿੰਤਨੀ ਸੁਭਾਅ ਧਾਰਨ ਕਰਦਿਆਂ ਹਰ ਮਾਮਲੇ/ਗੱਲ ਨੂੰ ਦਾਰਸ਼ਨਿਕ ਪੱਧਰ ਉੱਤੇ ਸੋਚਿਆ, ਸਮਝਿਆ ਜਾਵੇ ਤਾਂ ਸ਼ਾਇਦ ਸੱਚ ਦੇ ਨੇੜੇ ਹੋਣ ਵਰਗਾ ਅਨੁਭਵ ਸਿਰਜਿਆ ਜਾ ਸਕਦਾ ਹੋਵੇ। ਜੇ ਜ਼ਿੰਦਗੀ ਦੇ ਅਰਥਾਂ ਦੀ ਭਰਪੂਰਤਾ ਤੱਕ ਪਹੁੰਚਣ ਦਾ ਅਹਿਸਾਸ ਪਾਲਣਾ ਸਮੇਂ ਦੀ ਯਥਾਰਥਿਕਤਾ ਵਿਚ ਸ਼ਾਮਲ ਹੋਵੇ ਫੇਰ ਨਾਂ ਤਾਂ ਜ਼ਿੰਦਗੀ 'ਚ ਬੇਲੋੜੀ ਭੁੱਖ ਪੈਦਾ ਹੰਦੀ ਹੈ ਅਤੇ ਨਾ ਹੀ ਬਿਨ-ਮਤਲਬ ਮਨੁੱਖੀ ਮਨ ਹਾਬੜਪੁਣੇ ਦਾ ਸ਼ਿਕਾਰ ਹੋ ਕੇ ਕਿਸੇ ਕਿਸਮ ਦੇ ਕੁਰਾਹੇ ਤੁਰਨ ਦਾ ਭਾਗੀਦਾਰ ਬਣ ਸਕਦਾ ਹੈ। ਮਨ ਨੂੰ ਸਹਿਜ ਕਰਨ ਦਾ ਇਹ ਵੀ ਇਕ ਰਾਹ ਹੈ।

ਅੱਜ ਦਾ ਖਪਤਕਾਰੀ ਯੁੱਗ ਸਭ ਕੁਝ ਹੀ ਖਪਤ ਕਰੀ ਜਾ ਰਿਹਾ ਹੈ। ਚੰਗੇ ਭਲੇ ਮਨੁੱਖ ਇਸ ਯੁੱਗ ਦੀਆਂ ਅਲਾਮਤਾਂ ਦਾ ਸਹਿਜੇ ਹੀ ਸ਼ਿਕਾਰ ਹੋ ਰਹੇ ਹਨ। ਸਮੇਂ ਅਤੇ ਸਮਾਜ ਬਾਰੇ ਓਪਰੀ ਸੂਝ/ ਸਮਝ ਰੱਖਣ ਵਾਲਿਆਂ ਤੋਂ ਤਾਂ ਸਹਿਜੇ ਹੀ ਅਜਿਹੀ ਆਸ ਕੀਤੀ ਜਾ ਸਕਦੀ ਹੈ। ਪਰ ਜਦੋਂ ਸੋਚਵਾਨ ਤੇ ਸੂਝਵਾਨ ਮਨੁੱਖ ਵੀ ਅਜਿਹੇ ਬੇ-ਮੁਹਾਰੇ ਵੱਗ ਵਿਚ ਰਲ਼ ਜਾਣ ਜਾਂ ਰਲ਼ਣ ਲਈ ਤਾਂਘਦੇ ਫਿਰਨ ਤਾਂ ਅਜਿਹੀ ਸਥਿਤੀ ਵਿੱਚੋਂ ਕਿਹੋ ਜਹੇ ਸਿੱਟੇ ਨਿਕਲਣ ਦੀ ਆਸ ਕੀਤੀ ਜਾ ਸਕਦੀ ਹੈ? ਫੇਰ ਕੀ ਬਣੇਗਾ ਕੱਲ੍ਹ ਵਾਸਤੇ ਚੰਗੇ ਸੁਪਨੇ ਸਿਰਜਦੇ ਸਾਊ ਲੋਕਾਂ ਦਾ? ਕੌਣ ਕਰੇਗਾ ਉਹਨਾਂ ਦੀ ਅਗਵਾਈ ਅਤੇ ਕੌਣ ਦੱਸੇਗਾ ਉਹਨਾਂ ਨੂੰ ਚੰਗੇ ਮਾੜੇ ਦੀ ਪਰਖ ਕਰਨ ਦਾ ਢੰਗ ਤਰੀਕਾ? ਅਜਿਹੇ ਦੁਬਿਧਾ ਭਰੇ ਸਮੇਂ ਬਹੁਤ ਸਾਰੇ ਲੋਕ ਨਿਰਾਸ਼ਾ ਦਾ ਪੱਲਾ ਫੜ ਲੈਂਦੇ ਹਨ। ਢੇਰੀ ਢਾਹ ਕੇ, ਬੇਹਿੰਮਤੇ ਜਹੇ ਹੋ ਕੇ, ਬਹਿ ਜਾਣ ਵਰਗਾ ਹਾਲ ਹੋ ਜਾਂਦਾ ਹੈ ਉਨ੍ਹਾਂ ਦਾ। ਸੂਝ ਦੀ ਘਾਟ ਕਰਕੇ ਉਹ



ਬਿਨਾਂ ਲੜੇ ਹੀ ਹਾਰ ਮੰਨ ਲੈਣ ਵਰਗੀ ਸਥਿਤੀ ਦੇ ਵਸ ਪਾ ਲੈਂਦੇ ਹਨ, ਆਪਣੇ ਆਪ ਨੂੰ। ਉਹ ਤੂਫਾਨ ਨਾਲ਼ ਲੜਦੇ ਕਿਸੇ ਕੱਲੇ-ਕਾਰੇ ਵਰਗੇ ਹੋ ਜਾਂਦੇ ਹਨ। ਆਪ ਹੀ ਬਿਨਾਂ ਕਿਸੇ ਠੋਸ ਕਾਰਨ ਆਪਣੇ ਆਪ ਨੂੰ ਕਾਫਲੇ ਤੋਂ ਨਿੱਖੜੇ ਹੋਏ ਸਮਝਣ ਲੱਗ ਪੈਂਦੇ ਹਨ। ਇਸ ਤਰ੍ਹਾਂ ਦੇ ਦੋਚਿਤੀ ਭਰੇ ਚੌਰਾਹੇ ਵਿਚ ਖੜ੍ਹੇ ਅਣਜਾਣ ਲੋਕਾਂ ਨੂੰ ਕੌਣ ਦਰਸਾਵੇਗਾ ਸਹੀ ਦਿਸ਼ਾ? ਕੌਣ ਬਾਲ਼ੇਗਾ ਉਨ੍ਹਾਂ ਵਾਸਤੇ ਹਨੇਰਿਆਂ ਭਰੇ ਚੌਰਾਹੇ ਵਿੱਚ ਸੋਚ ਤੇ ਸੂਝ ਦਾ ਚੌਮੁਖੀਆ ਦੀਵਾ? ਰਾਹ ਵੇਖਣ ਵਾਸਤੇ ਅੱਖਾਂ ਦੇ ਨਾਲ਼-ਨਾਲ਼ ਰੌਸ਼ਨੀ ਦੀ ਲੋੜ ਵੀ ਪੈਂਦੀ ਹੈ। ਨਜ਼ਰ ਦੇ ਨਾਲ ਨਜ਼ਰੀਏ ਦਾ ਹੋਣਾ ਬਹੁਤ ਜ਼ਰੂਰੀ ਹੈ। ਤਦ ਹੀ ਮਨੁੱਖ ਹਾਂਅ ਪੱਖੀ ਹੋ ਕੇ ਸਹੀ ਸੇਧ ਵਲ ਅੱਗੇ ਤੁਰ ਸਕਦਾ ਹੈ। ਤੁਰਨ ਲੱਗਿਆਂ ਪਹਿਲੇ ਕਦਮ ਭਾਵੇਂ ਬਹੁਤ ਭਾਰੀ ਮਹਿਸੂਸ ਹੁੰਦੇ ਹਨ ਪਰ ਤੁਰਨ ਦੀ ਲੋੜ ਅਤੇ ਹੌਸਲਾ ਉਹਨਾਂ ਕਦਮਾਂ ਦੀ ਤੋਰ ਅਤੇ ਰਵਾਨੀ ਨੂੰ ਸੌਖਿਆਂ ਕਰ ਦਿੰਦਾ ਹੈ। ਸਿਦਕ ਪਾਲਣ ਦਾ ਹੱਠ ਉਨ੍ਹਾਂ ਨੂੰ ਮੰਜ਼ਿਲ ਵਲ ਲੈ ਤੁਰਦਾ ਹੈ।

ਸਮੇਂ ਦੀ ਵਿਸ਼ਾਲ ਚਾਦਰ ਤੇ ਨਿਗਾਹ ਮਾਰਦਿਆਂ ਨਜ਼ਰ ਆਉਂਦਾ ਹੈ ਕਿ ਇੱਥੇ ਸਦਾ ਹੀ ਤਬਦੀਲੀ (ਉਥਲ-ਪੁਥਲ) ਦਾ ਦੌਰ ਰਹਿੰਦਾ ਹੈ। ਪੁਰਾਣੇ ਪੱਤੇ ਝੜਕੇ ਨਵੇਂ ਆਉਣ ਵਾਂਗ ਹੀ ਸਮੇਂ ਸਮੇਂ ਪੁਰਾਣੇ ਪ੍ਰਬੰਧ ਢਹਿੰਦੇ ਅਤੇ ਨਵੇਂ ਸਿਰਜੇ ਜਾਂਦੇ ਰਹੇ ਹਨ। ਵੱਖੋ-ਵੱਖ ਲਹਿਰਾਂ ਉਠਦੀਆਂ ਰਹੀਆਂ ਅਤੇ ਆਪੋ ਆਪਣਾ ਥੋੜਾ ਜਾਂ ਬਹੁਤਾ ਯੋਗਦਾਨ ਪਾ ਕੇ ਅਲੋਪ ਹੋ ਜਾਂਦੀਆਂ ਰਹੀਆਂ ਹਨ। ਨਰੋਏ ਜੁੱਸੇ ਵਾਲੀਆਂ ਲਹਿਰਾਂ ਇਤਿਹਾਸ ਬਣਕੇ ਸਦਾ ਹੀ ਸਮੇਂ ਦੀ ਹਿੱਕ ਤੇ ਪਸਰੀਆਂ ਰਹੀਆਂ ਹਨ। ਉਹ ਲੋਕਾਂ ਦੇ ਮਨਾਂ ਵਿੱਚ ਕੁਝ ਕਰਨ ਵਾਲੀ ਭਾਵਨਾ ਵਰਗੇ ਮਘਦੇ ਅਹਿਸਾਸ ਬਣਕੇ ਗੁਜ਼ਰੀਆਂ/ਲੰਘੀਆਂ ਅਤੇ ਆਉਣ ਵਾਲੇ ਕੱਲ੍ਹ ਨੂੰ ਵੀ ਉਹ ਪ੍ਰੇਰਨਾ ਦਾ ਸੋਮਾਂ ਹੀ ਬਣੀਆਂ ਰਹਿਣਗੀਆਂ।

ਸਿਰਫ ਸਮਾਂ ਹੀ ਅੱਗੇ ਨਹੀਂ ਤੁਰਦਾ ਸਗੋਂ ਅੱਗੇ ਵਧਦਿਆਂ ਮਨੁੱਖ ਦੀ ਸੋਚ ਵੀ ਵਿਕਸਦੀ/ਨਿੱਖਰਦੀ ਹੈ। ਇਸ ਵਿਕਾਸ ਦੇ ਦਵੰਧ ਨੂੰ ਸਮਝ ਕੇ ਉਹਦੇ ਵਿੱਚੋਂ ਨਿਕਲਦੀ ਤੰਦ ਦੇ ਸਿਰੇ ਤੱਕ ਅੱਪੜਨ ਵਾਸਤੇ ਜੋਸ਼ ਅਤੇ ਜੁੱਸਾ ਵੀ ਮਨੁੱਖ ਕੋਲ ਹੋਣਾ ਚਾਹੀਦਾ ਹੈ। ਹੁੰਦੇ ਹੋਇਆਂ ਵੀ ਆਪਣੇ ਆਪ ਨੂੰ ਅਨਹੋਣਾ ਨਹੀਂ ਸਮਝਣਾ ਚਾਹੀਦਾ। ਇਸ ਸੋਚ ਦੇ ਵਸ ਪੈ ਕੇ ਮਨੁੱਖ ਦੁਨੀਆ ਵੱਲ ਹੀ ਨਹੀਂ ਸਗੋਂ ਆਪਣੇ ਆਪ ਵਲ ਵੀ ਨਾਂਹ ਪੱਖੀ ਹੋਣ ਲਗਦਾ ਹੈ। ਆਪਣੇ ਵਲ ਪਿੱਠ ਕਰਕੇ ਜੀਊਣਾਂ ਭਲਾਂ ਕਿੱਥੋਂ ਦੀ ਅਕਲਮੰਦੀ ਹੈ? ਇਸ ਤਰਾਂ ਦਾ ਅਮਲ ਕਿਸੇ ਵੀ ਪ੍ਰਾਣੀ ਵਾਸਤੇ ਬਹੁਤ ਘਾਤਕ ਸਾਬਤ ਹੋ ਸਕਦਾ ਹੈ। ਸਿੱਟੇ ਵਜੋਂ ਮਨੁੱਖ ਦੇ ਆਪਣੇ ਹੀ ਵਿਅਕਤਿਤਵ ਦੇ ਛੋਟੇ ਹੋ ਜਾਣ ਦਾ ਡਰ ਬਣਿਆ ਰਹਿੰਦਾ ਹੈ। ਕੰਨਾਂ ਦੇ ਹੁੰਦਿਆਂ ਬੋਲ਼ਾ ਅਤੇ ਅੱਖਾਂ ਦੇ ਹੁੰਦਿਆਂ ਅੰਨ੍ਹਾਂ ਬਣਨ ਦੀ 'ਬੌਧਿਕ' ਦਲੀਲ ਕਿਸੇ ਨੂੰ ਵੀ ਜਚ ਨਹੀਂ ਸਕਦੀ। ਇਸ ਤਰਾਂ ਦਾ ਅਮਲ ਨਿਰਾਸ਼ਾ ਵਲ ਹੀ ਨਹੀਂ ਸਗੋਂ ਵਿਨਾਸ਼ ਵੱਲ ਜਾਂਦਾ ਰਾਹ ਬਣ ਜਾਂਦਾ ਹੈ। ਅਜਿਹਾ ਕਰਨ ਵਾਲੇ ਆਪਣੇ ਆਪ ਹੀ ਦੂਸਰਿਆਂ ਦੇ ਮਨਾਂ ਵਿੱਚ ਆਪਣੀ ਹੋਂਦ (ਸਖਸ਼ੀਅਤ) ਬਾਰੇ ਸ਼ੱਕੀ ਜਹੇ ਸਵਾਲ ਪੈਦਾ ਕਰ ਦਿੰਦੇ ਹਨ। ਜਦੋਂ ਫੇਰ ਉਹ ਆਪ ਜਵਾਬ ਲੱਭਣ ਵਾਸਤੇ ਅੱਕੀਂ-ਪਲ਼ਾਹੀਂ ਹੱਥ

ਮਾਰਦੇ ਹਨ ਤਾਂ ਪਤਾ ਲਗਦਾ ਹੈ ਕਿ ਖੁੰਝਿਆ ਵੇਲਾ ਤਾਂ ਹੁਣ ਹੱਥ ਨਹੀਂ ਆ ਸਕਦਾ। ਹੱਥ ਮਲ਼ਦਿਆਂ ਪਛਤਾਵੇ ਦੀਆਂ ਵੱਟੀਆਂ ਹੀ ਹੇਠਾਂ ਡਿੱਗਦੀਆਂ ਨਜ਼ਰ ਆਉਂਦੀਆਂ ਹਨ। ਪਛਤਾਵਾ ਸਮੇਂ ਦੇ ਅਜਾਈਂ ਹੀ ਲੰਘ ਜਾਣ ਅਤੇ ਉਸਦੇ ਨਾ ਫੜੇ ਜਾਣ ਦਾ।

ਜਦੋਂ ਵੀ ਕਦੇ ਕਿਸੇ ਨੇ ਸਮੇਂ ਨਾਲ਼ ਸੰਵਾਦ ਛੇੜਿਆ ਤਾਂ ਉਹ ਬ੍ਰਹਿਮੰਡ ਤੱਕ ਵੀ ਪਹੁੰਚਿਆ, ਪਤਾਲ਼ ਤੱਕ ਵੀ ਉਤਰਿਆ। ਜਦੋਂ ਖੁੱਲ੍ਹੀਆਂ ਅੱਖਾਂ ਵਾਲਿਆਂ ਨੇ ਨੀਝ ਲਾ ਕੇ ਦੇਖਣ ਤੇ ਪਰਖਣ ਦਾ ਜਤਨ ਕੀਤਾ ਤਾਂ ਅਗਿਆਨ ਦੀ ਧੁੰਦ ਦੇ ਪੁੱਤਰਾਂ ਨੇ ਝੂਠ ਦਾ ਢੋਲ ਗਲ਼ ਪਾ ਕੇ ਹਾਲ ਦੁਹਾਈ ਦਿੱਤੀ। ਜਦੋਂ ਗਲੀਲੀਓ ਵਰਗੇ ਵਿਗਿਆਨ ਦੇ ਖੋਜੀਆਂ ਨੇ ਕਿਹਾ ਕਿ ਸੂਰਜ ਨਹੀਂ ਸਗੋਂ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਤਾਂ ਅਕਲ ਦੇ ਅੰਨ੍ਹਿਆਂ ਨੇ ਫ਼ਤਵੇ ਜਾਰੀ ਕੀਤੇ। ਧਰਮ ਦੇ ਗਲ਼ ਝੂਠ ਦਾ ਪਟਾ ਪਾ ਕੇ ਉਹਨੂੰ ਗਵਾਹ ਵਜੋਂ ਵਰਤਿਆ, ਸਿੱਟੇ ਵਜੋਂ ਦੁਨੀਆਂ ਅੰਦਰ ਚਾਨਣ ਵੰਡਦੇ, ਸਿਆਣਪ ਦੇ ਭਰੇ ਮਨੁੱਖ ਨੂੰ ਜੀਊਂਦਿਆਂ ਜਾਲ਼ਣ ਦੇ ਹੁਕਮ ਹੋਏ। ਪਰ ਬਹੁਤ ਦੇਰ ਪਿੱਛੋਂ ਝੂਠ ਦੇ ਪੁੱਤਰ ਆਖਰ ਝੂਠੇ ਸਾਬਤ ਹੋਏ। ਫੇਰ ਬੇਸ਼ਰਮੀ ਦੇ ਖੋਤੇ ਉਤੇ ਸਵਾਰ ਹੋ ਕੇ ਉਹਨਾਂ ਨੇ ਆਪਣੇ ਆਪ ਨੂੰ ਆਪ ਹੀ ਲਾਹਣਤਾਂ ਪਾਈਆਂ ਅਤੇ ਮੰਨਿਆਂ ਕਿ ਗਲੀਲੀਓ ਦੀ ਕਹੀ ਗੱਲ ਠੀਕ ਸੀ।

ਜਦੋਂ ਸੂਝ ਵਿਕਸਦੀ ਹੈ ਤਾਂ ਉਹ ਦੂਰ ਤੱਕ ਪਹੁੰਚਦੀ ਹੈ। ਅਸਮਾਨ ਵਿੱਚ ਚਮਕਦਾ ਚੰਦਰਮਾਂ ਵਡੇਰਿਆਂ ਵਲੋਂ ਸੁਣਾਈਆਂ ਲੋਕ-ਕਹਾਣੀਆਂ ਵਿੱਚ ਸਦਾ 'ਚੰਦ ਮਾਮਾ' ਬਣਕੇ ਹੀ ਆਉਂਦਾ ਰਿਹਾ। ਪਰ ਜਦੋਂ ਵਿਗਿਆਨ ਨੇ ਸਾਬਤ ਕਰ ਦਿੱਤਾ ਕਿ ਇਹ ਵੀ ਧਰਤੀ ਵਰਗਾ ਹੀ ਇੱਕ ਗ੍ਰਹਿ ਹੈ ਤਾਂ ਸਾਡੇ ਮੱਥਿਆਂ ਨੂੰ ਸਦੀਆਂ ਪੁਰਾਣਾ ਲੱਗਿਆ ਜੰਗਾਲ ਭੁਰ-ਭੁਰ ਡਿਗਣ ਲੱਗ ਪਿਆ ਸੀ। ਲੋਕਾਂ ਦੇ ਸਿਰਾਂ ਅੰਦਰ ਸੂਝ ਦਾ ਇਕ ਨਵਾਂ ਦੀਵਾ ਬਲ਼ ਪਿਆ ਸੀ। ਇਸੇ ਤਰਾਂ ਦੀਆਂ ਹੋਰ ਬਹੁਤ ਸਾਰੀਆਂ ਕਾਢਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਜਿੱਥੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਸਮੇਂ ਨਾਲ਼ ਰਚਾਇਆ ਇਹ ਸੰਵਾਦ ਮਨੁੱਖ ਦੀ ਹੋਣੀ ਬਦਲ ਦਿੰਦਾ ਹੈ। ਕਿਰਤ ਅਤੇ ਕਿਰਤੀ ਦੀ ਮਹਿਮਾ ਬਣਕੇ ਜੱਗ-ਜਹਾਨ ਵਿੱਚ ਫੈਲਦਾ ਹੈ। ਇੱਥੋਂ ਤੱਕ ਪਹੁੰਚਣ ਵਾਸਤੇ ਅਤੇ ਇਸਨੂੰ ਸਮਝਣ ਵਾਸਤੇ ਵੀ ਤਾਂ ਜਾਗਦੇ ਸਿਰਾਂ ਦੀ ਲੋੜ ਪੈਂਦੀ ਹੈ। ਚਿੰਤਕਾਂ-ਦਾਰਸ਼ਨਿਕਾਂ ਨੂੰ ਔਝੜੇ ਰਾਹਾਂ ਤੇ ਤੁਰਨਾ ਪੈਂਦਾ ਹੈ। ਭੁੱਖਾਂ ਤੇ ਫਾਕੇ ਵੀ ਕੱਟਣੇ ਪੈਂਦੇ ਹਨ। ਆਪਣੇ ਪ੍ਰਤੀ ਤੋਹਮਤਾਂ ਵੀ ਸੁਣਨੀਆਂ ਪੈਂਦੀਆਂ ਹਨ, ਉਨ੍ਹਾਂ ਉੱਤੇ ਘਟੀਆ ਦੂਸ਼ਣ ਵੀ ਲਾਏ ਜਾਂਦੇ ਹਨ। ਪਰ ਉਹ ਆਪਣੇ ਸਿਦਕ ਦੇ ਆਸਰੇ ਆਪਣੀ ਲਗਨ ਉਤੇ ਪਹਿਰਾ ਦਿੰਦੇ ਹਨ। ਹਾਥੀ ਤੁਰਦੇ ਰਹਿੰਦੇ ਹਨ ਅਤੇ ਕੁੱਤੇ ਭੌਂਕਦੇ ਰਹਿੰਦੇ ਹਨ। ਆਖਰ ਕਾਮਯਾਬੀ ਉਨ੍ਹਾਂ ਤੁਰਦਿਆਂ ਦੇ ਹੀ ਪੈਰ ਚੁੰਮਦੀ ਹੈ। ਜਦੋਂ ਉਨ੍ਹਾਂ ਦੇ ਕੀਤੇ ਦੀ ਮਹਿਮਾਂ ਹੋਣ ਲਗਦੀ ਹੈ ਤਾਂ ਝੂਠ ਦੇ ਪੁੱਤਰਾਂ ਦੀ ਪੂਛ ਚੱਡਿਆਂ ਵਿੱਚ ਜਾ ਵੜਦੀ ਹੈ। ਫੇਰ ਉਨ੍ਹਾਂ ਨੂੰ ਮੂੰਹ ਛੁਪਾਉਣ ਵਾਸਤੇ ਕਿਧਰੇ ਥਾਂ ਵੀ ਨਹੀਂ ਲੱਭਦੀ। ਇਨ੍ਹਾਂ ਝੂਠਿਆਂ ਦੇ ਪੱਲੇ ਜੱਗ-ਜਹਾਨ ਦੀਆਂ ਲਾਅਨਤਾਂ ਤੋਂ ਬਿਨਾਂ ਕੁੱਝ ਨਹੀਂ ਪੈਂਦਾ।



ਮਨੁੱਖ ਦੀ ਭਲਾਈ ਇਸ ਵਿਚ ਹੀ ਹੈ ਕਿ ਸੋਚਣ ਲੱਗਿਆਂ ਮਨੱਖ ਨੂੰ ਧੁਰਾ ਬਣਾਕੇ ਸੋਚਿਆ-ਸਮਝਿਆ ਜਾਵੇ। ਸਮੇਂ ਦੀ ਅੱਖ ਵਿੱਚ ਅੱਖ ਪਾ ਕੇ ਸੰਵਾਦ ਰਚਾਇਆ ਜਾਵੇ। ਇਸ ਤਰਾਂ ਸਮੇਂ ਨੂੰ ਬਹੁਤ ਮੁੱਲਵਾਨ ਬਣਾਇਆ ਜਾ ਸਕਦਾ ਹੈ ਅਤੇ ਪੂਰਨਤਾ ਦੇ ਰਾਹ ਦੀ ਹਾਥ ਵੀ ਪਾਈ ਜਾ ਸਕਦੀ ਹੈ। ਜੇ ਸਮਾਂ ਅਜਾਂਈਂ ਹੀ ਲੰਘ ਜਾਵੇ ਤਾਂ ਪੱਲੇ ਪਛਤਾਵਾ ਹੀ ਰਹਿ ਜਾਂਦਾ ਹੈ। ਪਛਤਾਵੇ ਤੋਂ ਕਦੇ ਕਿਸੇ ਨੇ ਕੀ ਖੱਟਿਆ? ਦਲੀਲ ਨਾਲ਼ ਗੱਲ ਕਰਦਿਆਂ ਤਾਂ ਸਿਰਫ ਇਹ ਸੋਚਣਾ ਹੀ ਕਾਫੀ ਹੈ ਕਿ ਚਾਟੀ ਵਿੱਚ ਦੁੱਧ ਦੇ ਜੰਮੇ ਦਹੀਂ ਨੂੰ ਛੋਟੀ ਜਹੀ ਮਧਾਣੀ ਦੇ ਰਿੜਕਣ ਨਾਲ਼ ਮੱਖਣ ਕੱਢਿਆ ਜਾ ਸਕਦਾ ਹੈ। ਤਾਂ ਫੇਰ ਸਮੇਂ ਨੂੰ ਸੂਝ-ਸਿਆਣਪ ਨਾਲ਼ ਰਿੜਕਣ ਵਾਲੇ ਇਸ ਵਿਸ਼ਾਲ ਸਮੁੰਦਰ ਵਿੱਚੋਂ ਜ਼ਿੰਦਗੀ ਵਾਸਤੇ ਕੀ ਕੁਝ ਪ੍ਰਾਪਤ ਨਹੀਂ ਕਰ ਲੈਣਗੇ? ਫੇਰ ਇਹ ਕੁੱਝ ਕੀਤਾ ਕਿਉਂ ਨਾ ਜਾਵੇ? ਅਗਵਾਈ ਸਿਆਣਿਆਂ ਦੇ ਹੱਥ ਹੈ-ਉਹ ਸੋਚਣ ਤਾਂ ਸਹੀ।

ਸਮੇਂ ਨਾਲ਼ ਸੰਵਾਦ ਰਚਾਉਣ ਵਾਲਿਆਂ ਦਾ ਸਮਾਂ ਸਦਾ ਹੀ ਮੁੱਲ ਪਾਉਂਦਾ ਹੈ। ਇਸ ਵਿਚ ਦੇਰ ਤਾਂ ਹੋ ਸਕਦੀ ਹੈ ਪਰ ਇਹ ਅਕਾਰਥ ਨਹੀਂ ਜਾਂਦਾ। ਉਨ੍ਹਾਂ ਦੀ ਬਾਤ ਛਿੜਦੀ ਹੈ, ਜਿਨ੍ਹਾਂ ਨੇ ਆਪਣੀ ਅਕਲ ਤੇ ਹਿੰਮਤ ਨਾਲ਼ ਔਖੇ ਕਾਰਜਾਂ/ਪੈਂਡਿਆਂ ਵਲ ਨਵੀਆਂ ਪੈੜਾਂ ਪਾਈਆਂ ਹੁੰਦੀਆਂ ਹਨ, ਜੋਖ਼ਮ ਭਰਿਆ ਕਾਰਜ ਸ਼ੁਰੂ ਕੀਤਾ ਹੁੰਦਾ ਹੈ/ ਨਿਭਾਇਆ ਹੁੰਦਾ ਹੈ। ਹਿੰਮਤ ਨਾਲ਼ ਤੁਰਨ ਵਾਲੇ ਮੰਜ਼ਿਲ ਪਾ ਹੀ ਲੈਂਦੇ ਹਨ। ਇਤਿਹਾਸ ਵੀ ਇਸ ਦੀ ਗਵਾਹੀ ਦਿੰਦਾ ਹੈ। ਅਜ ਸਾਡੇ ਅਖੌਤੀ ਬੁਧੀਜੀਵੀਆਂ ਅੱਗੇ ਅਜਿਹੀ ਸਥਿਤੀ ਚਣੌਤੀ ਬਣੀ ਖੜ੍ਹੀ ਹੈ। ਪਰ ਉਹ ਇਸ ਦੇ ਮੁਕਾਬਲੇ ਬਹੁਤ ਹੀ ਬੌਣੇ ਨਜ਼ਰ ਆਉਂਦੇ ਹਨ। ਉਨ੍ਹਾਂ ਦਾ ਇਖ਼ਲਾਕੀ ਫ਼ਰਜ਼ ਉਨ੍ਹਾਂ ਤੋਂ ਇਸ ਦੀ ਮੰਗ ਕਰਦਾ ਹੈ ਕਿ ਉਹ ਇਸ ਚਣੌਤੀ ਵਲ ਧਿਆਨ ਦੇਣ। ਕੀ ਉਹ ਧਿਆਨ ਦੇਣਗੇ? ਜਾਂ ਫੇਰ ਜੱਗ-ਜਹਾਨ ਦੇ ਮਸਲਿਆਂ ਤੋਂ ਅਵੇਸਲੇ ਰਹਿ ਕੇ, ਉਹਨਾਂ ਵੱਲ ਪਿੱਠ ਕਰਕੇ ਕਿਸੇ ਨਿਗੂਣੀ ਜਹੀ ਚਾਕਰੀ ਵਿੱਚ ਫਸਿਆਂ ਦਿਨ ਕਟੀ ਕਰਦਿਆਂ ਜੂਨ ਪੂਰੀ ਕਰਕੇ ਤੁਰ ਜਾਣਗੇ? ਲੋੜ ਹੈ ਸਮੇਂ ਨਾਲ਼ ਸੂਝ ਭਰਿਆ ਸੰਵਾਦ ਰਚਾਉਣ ਦੀ।

# ਭੰਬਲ਼ਭੂਸਿਆਂ ਦਾ ਚੌਰਾਹਾ

ਜ਼ਿੰਦਗੀ ਦਾ ਸਫਰ ਤੈਅ ਕਰਦਿਆਂ ਇਨਸਾਨ ਸੁਖ ਵੀ ਹੰਢਾਉਂਦਾ ਹੈ ਅਤੇ ਬਹੁਤ ਹੀ ਔਕੜਾਂ ਭਰੇ ਮੋੜਾਂ ਨੂੰ ਵੀ ਪਾਰ ਕਰਦਾ ਹੈ। ਇਸ ਤੋਂ ਬਾਅਦ ਵੀ ਹਰ ਕੋਈ ਦਾਅਵਾ ਨਹੀਂ ਕਰ ਸਕਦਾ ਕਿ ਉਸਨੇ ਉਹ ਕੁੱਝ ਪ੍ਰਾਪਤ ਕਰ ਲਿਆ ਹੈ ਜੋ ਉਸਨੇ ਚਿਤਵਿਆ ਸੀ, ਚਾਹਿਆ ਸੀ ਜਾਂ ਜਿਸ ਨੂੰ ਉਹ ਜੀਵਨ ਦੀ ਵੱਡੀ ਪ੍ਰਾਪਤੀ ਗਿਣ ਸਕੇ। ਮਿਹਨਤ ਤਾਂ ਸਾਰੇ ਹੀ ਲੋਕ ਕਰਦੇ ਹਨ ਪਰ ਕੀ ਸਾਰਿਆਂ ਦੀ ਮਿਹਨਤ ਨੂੰ ਫਲ ਪੈਂਦਾ ਹੈ? ਜਾਂ ਕਿਉਂ ਨਹੀਂ ਪੈਂਦਾ? ਇਹ ਸਵਾਲ ਸਦੀਆਂ ਤੋਂ ਤੁਰੇ ਆ ਰਹੇ ਹਨ ਤੇ ਅਜੇ ਵੀ ਕਾਇਮ ਹਨ।

ਅੱਜ ਦੇ ਯੁੱਗ ਅੰਦਰਲੇ ਭੰਬਲਭੂਸੇ ਮਨੁੱਖ ਨੂੰ ਆਪਣੇ ਆਪ ਅਤੇ ਸਮਾਜ ਨਾਲ ਜੋੜਨ ਨਾਲੋਂ ਤੋੜਨ ਵਾਸਤੇ ਵੱਧ ਜਤਨਸ਼ੀਲ ਰਹਿੰਦੇ ਹਨ। ਇਨ੍ਹਾਂ ਭੰਬਲਭੂਸਿਆਂ ਦੇ ਪਰਦੇ ਪਿੱਛੇ ਲੁਕੇ (ਅਣਦਿਸਦੇ) ਕਾਰਜਸ਼ੀਲ ਹੱਥ/ ਵਿਚਾਰ ਜਾਂ ਸਿਧਾਂਤ ਆਪਣਾ ਕਾਰਜ ਕਰਦਿਆਂ ਬੜੀ ਸਰਗਰਮੀ ਤੇ ਸਾਵਧਾਨੀ ਨਾਲ ਪ੍ਰਚਾਰ ਸਾਧਨਾਂ ਨੂੰ ਆਪਣੀ ਰਖੇਲ ਸਮਝ ਕੇ ਵਰਤਦਿਆਂ ਉਸ ਸਿਧਾਂਤ, ਗੱਲ ਤੇ ਰੁਝਾਨ ਦਾ ਜ਼ਿਕਰ ਵਾਰ ਵਾਰ ਕਰਦੇ ਹਨ, ਜਿਹੜਾ ਉਨ੍ਹਾਂ ਵਲੋਂ ਆਪਣੇ ਮੁਫਾਦ ਖਾਤਰ ਘੜਿਆ/ ਜਨਮਾਇਆ ਗਿਆ ਹੁੰਦਾ ਹੈ ਅਤੇ ਉਨ੍ਹਾਂ ਨੂੰ ਹਰ ਥਾਵੇਂ ਸੂਤ ਬੈਠਦਾ ਹੈ। ਪਰ ਆਪਣੇ ਝੂਠ ਨੂੰ ਲੁਕਾਉਂਦਿਆਂ ਜ਼ਾਹਿਰ ਉਹ ਇਹ ਕਰਦੇ ਹਨ ਜਿਵੇਂ ਇਹ ਕੁੱਝ ਉਨ੍ਹਾਂ ਦੀ ਮੁਨਾਫੇਖੋਰ (ਲੋਟੂ) ਰੂਹ ਜਾਂ ਬਿਰਤੀ ਦੀ ਪੂਰਤੀ ਖਾਤਰ ਕੀਤੇ ਜਾ ਰਹੇ ਪੁੱਠੇ/ਸਿੱਧੇ ਪਰ ਤਾਬੜਤੋੜ ਜਤਨਾਂ ਦਾ ਸਿੱਟਾ ਨਹੀਂ ਸਗੋਂ ਇਹ ਸਭ ਕੁੱਝ ਕਿਸੇ ਕੁਦਰਤੀ ਵਰਤਾਰੇ ਵਜੋਂ ਹੀ ਵਾਪਰ ਰਿਹਾ ਹੈ। ਪਰ ਅਸਲ ਤੱਕ ਪਹੁੰਚਦਿਆਂ ਉਨ੍ਹਾਂ ਦੀ ਖਾਹਿਸ਼ ਦੀ ਅਸਲੀਅਤ ਨੰਗੀ ਜਾਂ ਉਜਾਗਰ ਹੋ ਹੀ ਜਾਂਦੀ ਹੈ। ਜਿਸ ਦਾ ਧੁਰਾ ਗੰਦੇ-ਮੰਦੇ 'ਕੰਮਾਂ' ਰਾਹੀਂ ਇਕੱਠਾਂ ਕੀਤਾ ਜਾਣ ਵਾਲਾ ਮੁਨਾਫਾ ਬਣਦਾ ਹੈ। ਫੇਰ ਉਹ ਇਸ ਨੂੰ ਆਪਣੀ ਪਰਾਪਤੀ ਸਮਝਦੇ ਹਨ।

ਲੁਕੇ ਹੋਏ ਕੋਝੇ 'ਹੱਥ' ਨਵੀਆਂ ਇਨਸਾਨੀ ਕਦਰਾਂ-ਕੀਮਤਾਂ ਅਤੇ ਨਵੇਂ ਯੁੱਗ ਵਲ ਵਧਣ ਦਾ ਝੂਠਾ ਢੋਲ ਪਿੱਟਦੇ ਹਨ। ਫੇਰ ਇਸ ਪਿੱਟ-ਪਿਟਾਈ ਵਿਚਲੇ ਰੌਲੇ-ਰੱਪੇ ਵਾਲੇ ਪ੍ਰਚਾਰ ਦੇ ਅਸਰ ਨਾਲ ਆਮ ਮਨੁੱਖ ਨੂੰ ਠਗਿਆ ਜਾਂਦਾ ਹੈ (ਪਰਚਾਰ ਦਾ ਯੁੱਗ ਜੁ ਹੋਇਆ)। ਇਹ ਠੱਗੀ ਮਾਰਨ ਵਾਲੇ ਨਕਾਬਪੋਸ਼ ਸ਼ਰਮ-ਹਯਾ ਦੇ ਸਾਰੇ ਹੱਦਾਂ ਬੰਨੇ ਟੱਪ ਜਾਂਦੇ ਹਨ। ਬੇਸ਼ਰਮੀ, ਸੱਭਿਅਕ ਹੋਣ ਦੀ ਘੱਗਰੀ ਪਾ ਕੇ ਚਾਰੇ ਪਾਸੇ ਬੇਖੌਫ਼ ਨੱਚਦੀ ਹੈ। ਇਹ ਕਮੀਨੇ ਇੰਨੇ 'ਵਧੀਆ ਕਿਰਦਾਰ' ਦੇ ਮਾਲਕ ਹਨ ਕਿ ਨਮੋਸ਼ੀ ਵੀ ਉਨ੍ਹਾ ਦੇ



ਨੇੜਿਉਂ ਲੰਘਣਾ ਸ਼ਰਮ ਦੀ ਗੱਲ ਸਮਝਦੀ ਹੈ। ਇਹ ਉਹ ਹਨ ਜੋ ਅਚੇਤ ਨਹੀਂ ਸੁਚੇਤ ਤੌਰ ਤੇ ਝੂਠ ਨੂੰ ਸੱਚ ਬਨਾਉਣਾ ਲੋਚਦੇ ਹਨ। ਇਹ ਲੋਚਾ (ਲੋਭ) ਜਿਸ ਦਾ ਕੋਈ ਅੰਤ ਨਹੀਂ। ਇਸ ਉੱਤੇ ਇਖਲਾਕ, ਸਦਾਚਾਰ, ਧਰਮ ਜਾਂ ਸਮਾਜ ਦੇ ਚੰਗੇ ਪੱਖ ਦਾ ਵੀ ਕੋਈ ਪ੍ਰਭਾਵ ਨਹੀਂ ਪੈਂਦਾ ਜਾਂ ਉਹ ਅਜਿਹਾ ਪ੍ਰਭਾਵ ਕਬੂਲ ਹੀ ਨਹੀਂ ਕਰਦੇ। ਉਂਜ ਅਜਿਹਿਆਂ ਵਿਚ ਬਹੁਤੇ ਉਹ ਹਨ ਜੋ ਲੋਕਾਂ ਨੂੰ ਭੰਬਲਭੂਸਿਆਂ ਵਿਚ ਪਾਈ ਰੱਖਣ ਵਾਸਤੇ 'ਦਾਨੀ ਪੁਰਸ਼', 'ਸਮਾਜ ਸੇਵਕ' ਆਦਿ ਕਈ ਤਰ੍ਹਾਂ ਦੇ ਝੂਠੇ ਲੇਬਲ ਆਪਣੀ ਹਿੱਕ ਤੇ ਲਟਕਾਈ ਰਖਦੇ ਹਨ। ਆਪਣੇ ਆਪ ਨੂੰ ਸਮਾਜ ਦੀ ਅਗਵਾਈ ਕਰਨ ਵਾਲੇ ਹੋਣ ਦਾ ਢੰਡੋਰਾ ਪਿੱਟਦੇ, ਪਿਟਵਾਉਂਦੇ ਰਹਿੰਦੇ ਹਨ।

ਭੈੜੇ ਮਨੁੱਖੀ ਕਿਰਦਾਰ ਨੇ ਸੰਸਥਾਵਾਂ ਦੀ ਰੂਹ ਵਿਚੋਂ ਉਹ ਸਮਾਜੀ, ਧਾਰਮਕ ਹੋਣ ਜਾਂ ਰਾਜਸੀ ਸਭ ਦੇ ਅੰਦਰੋਂ ਆਮ ਕਰਕੇ ਸੱਚ, ਇਖਲਾਕ ਤੇ ਸਦਾਚਾਰ ਨੂੰ ਕੱਢ ਦਿੱਤਾ ਹੋਇਆ ਹੈ। ਖਾਸ ਕਰਕੇ ਜੀਵਨ ਅਤੇ ਸਿਆਸਤ ਉੱਤੇ ਧਰਮ ਦਾ ਕੁੰਡਾ ਲਾਉਣ ਦਾ ਪ੍ਰਚਾਰ ਕਰਨ ਵਾਲੇ ਖੁਦ ਅੰਦਰੋਂ ਕਿੰਨੇ ਖੋਖਲੇ ਅਤੇ ਅਧਰਮੀ ਹੁੰਦੇ ਹਨ? ਦੁਨੀਆਂ ਅੰਦਰ ਇਹ ਸੱਚ ਪਰਦੇ ਪਾੜ ਕੇ ਨੰਗਾ ਖੜ੍ਹਾ ਹੈ। ਉਨ੍ਹਾਂ ਦਾ ਦੋਹਰਾ (ਜਾਂ ਬਹੁਪਰਤੀ) ਕਿਰਦਾਰ ਇਸ ਦਾ ਸਬੂਤ ਹੈ। ਉਹ ਫੇਰ ਵੀ ਹੀਜੜਿਆਂ ਵਾਲਾ ਹਾਸਾ ਹੱਸ ਕੇ ਸਾਰ ਦਿੰਦੇ ਹਨ।

ਕਿਸੇ ਦੀ ਸਮਾਜਕਤਾ, ਕਿਸੇ ਦੀ ਧਾਰਮਕਤਾ ਅਤੇ ਕਿਸੇ ਦੀ ਰਾਜਨੀਤੀ ਇਹ ਸਭ ਰਲ਼-ਮਿਲ਼ ਕਰੰਗੜੀਆਂ ਪਾ ਕੇ ਆਮ ਮਨੁੱਖ ਦਾ ਬਹੁਤ ਸਾਰੇ ਤਰੀਕਿਆਂ ਨਾਲ ਸੋਸ਼ਣ (ਲੁੱਟ) ਕਰਦੇ ਹਨ। ਸਮਾਜ ਅੰਦਰ ਵਿਚਰਦੇ ਸੂਝਵਾਨ/ਬੁੱਧੀਜੀਵੀ ਜੀਊੜੇ ਜਿਹੜੇ ਉਨ੍ਹਾਂ ਲੋਟੂਆਂ ਦੀਆਂ ਕਸੂਤੀਆਂ ਚਾਲਾਂ ਤੋਂ ਬੇਖਬਰ ਨਹੀਂ ਹੁੰਦੇ, ਪਰ ਉਹ ਬਗਲਾ ਬਿਰਤੀ ਅਪਣਾਉਂਦਿਆਂ ਆਪਣੇ ਫ਼ਰਜ਼ ਵੱਲ ਪਿੱਠ ਕਰਕੇ ਬੁਤਾ ਸਾਰ ਲੈਂਦੇ ਹਨ। ਇਸ ਤਰ੍ਹਾਂ ਉਹ ਆਪਣੀ ਜਿੰਦ ਸੌਖੀ ਰੱਖਣ ਵਾਸਤੇ ਕਰਦੇ ਹਨ। ਜੇ ਉਹ ਵੀ ਲੋਕਾਂ ਨੂੰ ਭੰਬਲਭੂਸਿਆਂ ਤੋਂ ਬਚਣ ਦਾ ਸਹੀ ਰਸਤਾ ਦੱਸਣ ਤੇ ਸੁਚੇਤ ਕਰਨ ਤਾਂ ਲੋਕ ਬਹੁਤ ਸਾਰੀਆਂ ਮੁਸ਼ਕਲਾਂ ਤੋਂ ਬਚ ਸਕਦੇ ਹਨ, ਸੌਖੇ ਹੋ ਸਕਦੇ ਹਨ। ਪਰ ਇਹ ਬੁੱਧੀਜੀਵੀਏ ਲੋਕਾਂ ਵਾਸਤੇ ਕੁੱਝ ਵੀ ਚੰਗਾ ਕਰਨ ਨਾਲੋਂ ਬਸ! ਦੇਖਿਆ ਹੀ ਚਾਹੁੰਦੇ ਹਨ। ਦਰਅਸਲ ਇਹ ਜੀਊਣ ਤੋਂ ਕਿਨਾਰਾ ਕਰ ਰਹੇ ਹਨ। ਆਪਣੀ ਰਜ਼ਾ ਵਿਚ ਮਸਤ ਹੋਏ ਇਹ 'ਸਿਆਣੇ ਲੋਕ' ਆਪਣੇ ਆਪ ਨਾਲ ਹੀ ਧੋਖਾ ਕਰੀ ਜਾ ਰਹੇ ਹਨ। ਇਨ੍ਹਾਂ ਵਿਚੋਂ ਬਹੁਤ ਹੀ ਨਿਗੂਣੀ ਜਹੀ ਗਿਣਤੀ ਹੈ ਜੋ ਆਪਣੇ ਲੋਕਾਂ ਵਾਸਤੇ ਹਿੱਕ ਡਾਹ ਕੇ ਉਨ੍ਹਾਂ ਵਲੋਂ ਜ਼ਿੰਦਗੀ ਲਈ ਲੜੇ ਜਾਂਦੇ ਘੋਲਾਂ ਵਿਚ ਸ਼ਾਮਲ ਹੁੰਦੇ ਹਨ। ਇਸ ਕਰਕੇ ਹੀ ਸਮਾਜ ਦਾ ਹਰ ਹਿੱਸਾ ਤਰ੍ਹਾਂ ਤਰ੍ਹਾਂ ਦੇ ਨਿਘਾਰਾਂ ਵਿਚ ਨਿੱਘਰਦਾ ਹੀ ਜਾ ਰਿਹਾ ਹੈ। ਜਿਸ ਦੇ ਸਿੱਟੇ ਵਜੋਂ ਆਮ ਆਦਮੀ ਆਸਮੰਦ ਹੋਣ ਦੀ ਥਾਵੇਂ ਨਿਰਾਸ਼ਾ ਵਲ ਵਧ ਜਾਂਦਾ ਹੈ। ਇਸ ਦੀ ਕੁੱਝ ਜੁੰਮੇਵਾਰੀ ਸਮਾਜ ਅੰਦਰਲੇ ਇਨ੍ਹਾਂ ਸੁਚੇਤ ਕਹੇ ਜਾਂਦੇ ਲੋਕਾਂ ਦੇ ਸਿਰ ਵੀ ਹੈ। ਲੋਕਾਂ ਦੀ ਚੇਤਨਾ ਨੂੰ ਟੁੰਬਣਾਂ ਅਤੇ ਉਹਦੇ ਵਿਕਾਸ ਲਈ ਜਤਨ ਕਰਨੇ ਬੁੱਧੀਜੀਵੀਆਂ

ਦਾ ਹੀ ਕਾਰਜ ਹੁੰਦਾ ਹੈ। ਇਹੋ ਚੇਤਨਾ ਜਦੋਂ ਜਥੇਬੰਦਕ ਤੌਰ 'ਤੇ ਸਰਗਰਮੀ ਕਰਦੀ ਹੈ ਤਾਂ ਯੁੱਗ ਬਦਲਦੇ ਹਨ।

ਅੱਜ ਦੀ ਸਮਾਜਕ ਉਧੇੜ-ਬੁਣ ਦੀ ਚਾਲਕ ਸ਼ਕਤੀ ਸਰਮਾਇਆ ਹੈ। ਉਹ ਇਨ੍ਹਾਂ ਦੀ ਸੇਧ ਮਿੱਥਣ ਤੇ ਨਿਸ਼ਾਨੇ ਪ੍ਰਾਪਤ ਕਰਨ ਲਈ ਰਾਹ ਦਿਸੇਰਾ ਬਣਦਾ ਹੈ। ਉਹ ਨਿਸ਼ਾਨੇ ਜਿਹੜੇ ਮੁਨਾਫੇ ਵਾਲੀ ਬਿਰਤੀ ਵਿਚੋਂ ਜਨਮਦੇ ਹਨ ਜਾਂ ਪ੍ਰਾਪਤ ਕੀਤੇ ਜਾਂਦੇ ਹਨ। ਇਹ ਮਨੁੱਖ ਨੂੰ ਜ਼ਿੰਦਗੀ ਦੇ ਅਸਲ ਅਰਥਾਂ ਤੱਕ ਪਹੁੰਚਣ ਤੋਂ ਰੋਕਣ ਦਾ ਸਬੱਬ ਬਣਦੇ ਹਨ। ਇਸ ਤਰ੍ਹਾਂ ਬੇਸਮਝੀ (ਜਾਂ ਸੂਝ ਦੀ ਘਾਟ ਕਰਕੇ) ਆਮ ਮਨੁੱਖ ਹੌਲ਼ੀ-ਹੌਲ਼ੀ ਉਸ ਦੌੜ ਵਿਚ ਸ਼ਾਮਲ ਹੋਣ ਲਗਦਾ ਹੈ ਜਿਸ ਨਾਲ ਲੋਭ, ਲਾਲਚ ਤੇ ਭਰਾ ਮਾਰੂ ਰੁਝਾਨ ਪੈਦਾ ਹੁੰਦਾ ਹੈ। ਪੋਜ਼ੀਸ਼ਨਾਂ, ਰੁਤਬੇ, ਉੱਚੇ ਅਹੁਦੇ ਤੇ ਮਹਿਲ ਨੁਮਾ ਕੋਠੀਆਂ ਹੀ ਸਭ ਕੁੱਝ ਹੋ ਜਾਂਦੇ ਹਨ, ਕਈ ਵਾਰ ਤਾਂ ਮਨੁੱਖ ਦੀ ਪਹਿਚਾਣ ਬਣ ਜਾਂਦੇ ਹਨ। ਸਰਮਾਏ ਦਾ ਗੁੱਝਾ ਕਾਰਜ ਉਜਾਗਰ ਹੋਣ ਲਗਦਾ ਹੈ ਤੇ ਸਮਾਜ ਅੰਦਰਲੇ ਬਹੁ ਗਿਣਤੀ ਲੋਕਾਂ ਨੂੰ ਆਪਣੇ ਨੜਿਨਵੇਂ ਦੇ ਗੇੜ ਜਾਂ ਤੰਦੂਆ ਜਾਲ ਵਿਚ ਲਪੇਟ ਲੈਂਦਾ ਹੈ। ਜਿਸ ਨਾਲ ਸਮਾਜ ਦੀ ਅੱਗੇ ਵਧਦੀ ਤੋਰ ਮੱਠੀ ਹੀ ਨਹੀਂ ਪੈਂਦੀ ਕਈ ਵਾਰ ਰੁਕ ਜਾਂਦੀ ਹੈ। ਰੁਕਣਾ ਤਾਂ ਮੌਤ ਦੀ ਨਿਸ਼ਾਨੀ ਵਰਗਾ ਹੀ ਗਿਣਿਆਂ ਜਾਂਦਾ ਹੈ।

ਇਸ ਨੁਕਤੇ ਦੇ ਚੌਰਾਹੇ ਤੋਂ ਰਾਹ ਚੰਗੇ ਪਾਸੇ ਵੀ ਜਾਂਦੇ ਹਨ ਤੇ ਮੰਦੇ ਪਾਸੇ ਵੀ। ਹੁਣ ਸੋਚਣ ਦਾ ਸਬੱਬ ਬਣਦਾ ਹੈ ਕਿ ਅਸੀਂ ਜ਼ਿੰਦਗੀ ਨੂੰ ਅਰਥਾਂ ਨਾਲ ਭਰਨਾ ਹੈ ਜਾਂ ਬੇਅਰਥ ਕਰਨ ਵਾਲਾ ਰਾਹ ਫੜਨਾ ਹੈ। ਸਰਮਾਏ ਦੇ ਪ੍ਰਭੂ ਨਾਂਹ ਪੱਖੀ ਰੁਝਾਨ ਵਾਲੇ ਪਾਸੇ ਜ਼ੋਰ ਦਿੰਦੇ ਹਨ ਇਸ ਨਾਲ ਉਨ੍ਹਾਂ ਦੇ ਮੁਨਾਫਿਆਂ ਵਿਚ ਵਾਧਾ ਹੁੰਦਾ ਹੈ। ਇਸ ਭੰਬਲ਼ਭੂਸੇ ਚੋਂ ਨਿਕਲਣ ਦੀ ਦੁਆ ਜਾਂ ਦਵਾ ਨਾ ਕਿਸੇ ਸਾਧ-ਸੰਤ ਕੋਲ ਹੈ ਤੇ ਨਾ ਹੀ ਕਿਸੇ ਅਣਦਿਸਦੀ ਸ਼ਕਤੀ ਦੇ ਹੱਥ। ਇਸ ਦਾ ਇਲਾਜ ਬਹੁ ਪੱਖੀ ਚੇਤਨਾ ਭਰਪੂਰ ਲੋਕ ਸ਼ਕਤੀ ਹੈ। ਵਿਰੋਧ ਤੇ ਵਿਕਾਸ ਵਾਲੇ ਫਲਸਫੇ ਨੂੰ ਸਮਝਣ ਅੰਦਰ ਹੈ। ਸੂਝ ਨੂੰ ਤਿੱਖਿਆਂ ਤੇ ਸਮੇਂ ਦੀ ਹਾਣ ਵਾਲੀ ਕਰਨ ਵਿਚ ਹੈ। ਬੁੱਧਮੱਤ/ਸਿਆਣਪ ਨਾਲ ਸਰਬੱਤ ਦੇ ਭਲੇ ਵਾਲੇ ਭਰੱਪਣ ਦੇ ਅਰਥ ਸਮਝ ਕੇ ਅੱਗੇ ਵਧਣ ਲਈ ਤੇ ਜ਼ਿੰਦਗੀ ਨੂੰ ਬੇਰੰਗ ਅਤੇ ਸੁੱਕੇ ਰੁੱਖ ਵਰਗੀ ਹੋਣ ਤੋਂ ਬਚਾਉਣ ਵਾਸਤੇ ਜ਼ਿੰਦਗੀ ਦੇ ਸੁੱਚੇ ਅਰਥਾਂ ਵਿਚ ਰੰਗ ਭਰਨਾ ਹੀ ਹੋ ਸਕਦਾ ਹੈ। ਜਿਸ ਨਾਲ ਜ਼ਿੰਦਗੀ ਜੀਊਣਯੋਗ ਤੇ ਹੋਰ ਵੀ ਪਿਆਰੀ ਲੱਗਣ ਲੱਗ ਪੈਂਦੀ ਹੈ। ਫੇਰ ਰੰਗਾਂ ਭਰਪੂਰ ਜ਼ਿੰਦਗੀ ਨੂੰ ਪੂਰੀ ਰੂਹ ਨਾਲ ਜੀਊਣ ਤੋਂ ਮੁੱਖ ਕਿਉਂ ਮੋੜਿਆ ਜਾਵੇ?



# ਚੁੱਪ ਦੇ ਬੋਲ

ਬੇਗਾਨੇ ਵੀ ਇਨਸਾਨ ਹੁੰਦੇ ਹਨ। ਕੁੱਝ ਲੋਕ ਸਿਰਫ ਆਪਣੀ ਖੁਸ਼ੀ ਲਈ ਹੀ ਬੇਗਾਨਿਆਂ ਨੂੰ ਆਪਣਾ ਆਖ ਦਿੰਦੇ ਹਨ, ਤੇ ਆਪਣੇ ਹੰਝੂ ਉਸ ਬੇਗਾਨੇ ਦੀ ਝੋਲੀ ਪਾ ਦਿੰਦੇ ਹਨ। ਬਦਲੇ 'ਚ ਉਸ ਤੋਂ ਉਸ ਦੇ ਹਾਸੇ ਖੋਹ ਲੈਂਦੇ ਹਨ। ਉਦੋਂ ਚੁਫੇਰੇ ਚੁੱਪ ਪਸਰ ਜਾਂਦੀ ਹੈ। ਜ਼ਖ਼ਮੀ ਹੋਏ ਹਾਸੇ ਤੜਪ ਜਾਂਦੇ ਹਨ। ਗੁਜ਼ਰ ਗਏ ਪਲ ਸੋਚ ਛੱਡ ਜਾਂਦੇ ਹਨ। ਮਨੁੱਖ ਆਪਣੇ ਹੀ ਹੰਝੂ ਪੀਣ ਲਈ ਮਜ਼ਬੂਰ ਹੋ ਜਾਂਦਾ ਹੈ। ਬੀਤ ਗਏ ਪਲ ਸਮੇਂ ਦੀ ਸਪਾਟ ਕੈਨਵਸ 'ਤੇ ਘਟਨਾਵਾਂ ਬਣ ਉੱਘੜ ਆਉਂਦੇ ਹਨ। ਉਨ੍ਹਾਂ 'ਚ ਰੰਗ ਭਰਨ ਵੇਲੇ ਹੋਈ ਜ਼ਰਾ ਜਿੰਨੀ ਗਲਤੀ ਉਦਾਸੀ ਦਾ ਰੂਪ ਧਾਰ ਲੈਂਦੀ ਹੈ।

ਕਿਸੇ ਦੂਜੇ ਨੂੰ ਅਪਮਾਨਤ ਕਰਨ ਤੋਂ ਪਹਿਲਾਂ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਤੁਹਾਡੇ ਇਸ ਗਲਤ ਰਵੱਈਏ ਕਾਰਨ ਦੂਜੇ ਦਾ ਦਿਲ ਤਾਂ ਨਹੀਂ ਦੁਖਦਾ? ਉਸਦੇ ਦਿਨ ਉਦਾਸ ਤੇ ਰਾਤਾਂ ਬੇਚੈਨ ਤਾਂ ਨਹੀਂ ਹੋ ਜਾਣਗੀਆਂ? ਇਸ ਦਾ ਖਿਆਲ ਰੱਖਿਆ ਜਾਣਾ ਚਾਹੀਦਾ ਹੈ ਕਿ ਉਸਦਾ ਹਰ ਪਲ ਹਾਦਸਾ ਨਾ ਬਣ ਜਾਵੇ। ਤੁਰੇ ਜਾ ਰਹੇ ਪਲਾਂ ਨਾਲ ਸਾਂਝ ਦਾ ਨਾਂ ਹੀ ਤਾਂ ਜ਼ਿੰਦਗੀ ਹੈ। ਉਹ ਕਿੰਨੇ ਦੁੱਖ ਭਰੇ ਪਲ ਹੁੰਦੇ ਹਨ ਜਦੋਂ ਮਨੁੱਖ ਆਪਣੇ ਹੀ ਪ੍ਰਛਾਵੇਂ ਦੇ ਗਲ ਲੱਗ ਕੇ ਰੋਣ ਲਈ ਮਜ਼ਬੂਰ ਹੋ ਜਾਂਦਾ ਹੈ। ਉਨ੍ਹਾਂ ਦੁਖਾਂਤਕ ਪਲਾਂ ਦੀ ਗਵਾਹੀ ਉੱਥੇ ਹਾਜ਼ਰ ਉਦਾਸ ਪੌਣ (ਹਵਾ) ਹੀ ਦੇ ਸਕਦੀ ਹੈ ਜਾਂ ਚੁੱਪ ਖੜ੍ਹੇ ਦਰੱਖਤ, ਛੋਟੇ ਬਾਗਾਂ ਦੀਆਂ ਪਗਡੰਡੀਆਂ, ਨੇਰ੍ਹੀਆਂ ਤੇ ਸੁੰਨੀਆਂ ਸੜਕਾਂ, ਖੁੱਲੇ ਖੇਤਾਂ ਦਾ ਦਾ ਕੁਦਰਤੀ ਚੁੱਪ ਨਾਲ ਭਰਿਆ ਮਹੌਲ।

ਇਹ ਵੀ ਸਮੇਂ ਦਾ ਹੀ ਹੇਰ-ਫੇਰ ਹੈ ਕਿ ਦੋਸਤੀ ਦੇ ਨਾਂ ਥੱਲੇ ਗੁਜ਼ਾਰੇ ਪਲ ਉਮਰ ਦੀ ਕਿਤਾਬ ਦੇ ਸਫੇ ਬਣ ਜਾਂਦੇ ਹਨ। ਇਨ੍ਹਾਂ ਪਲਾਂ ਦੀ ਸਾਂਝ ਦੇ ਬੋਲ ਵਕਤ ਦੇ ਕੋਰੇ ਸਫਿਆਂ 'ਤੇ ਉੱਕਰੇ ਜਾਂਦੇ ਹਨ ਅਤੇ ਸਦੀਵੀ ਯਾਦਾਂ ਬਣ ਜਾਂਦੇ ਹਨ। ਯਾਦਾਂ! ਜਿਨ੍ਹਾਂ ਨੂੰ ਲੱਖ ਯਤਨ ਕਰਕੇ ਵੀ ਭੁਲਾਇਆ ਨਹੀਂ ਜਾ ਸਕਦਾ। ਉਂਜ ਵੀ, ਯਾਦਾਂ ਨੂੰ ਜ਼ਿੰਦਗੀ ਚੋਂ ਕੱਢ ਦਿੱਤਾ ਜਾਵੇ ਤਾਂ ਉਹ ਕੋਰੇ ਸਫਿਆਂ ਵਾਲੀ ਕਿਤਾਬ ਹੀ ਰਹਿ ਜਾਂਦੀ ਹੈ।

ਕਾਰਨ ਜੋ ਵੀ ਮਰਜ਼ੀ ਹੋਣ ਜੀਊਣ ਦੇ ਲਾਲਚ ਖਾਤਰ ਕਈ ਵਾਰ ਮਨੁੱਖ ਆਪਣੇ ਆਖੇ ਸੱਚ ਨੂੰ ਹੀ ਝੂਠ ਆਖ ਦਿੰਦਾ ਹੈ। ਕਦੇ ਮਨੁੱਖ ਉਸ ਸਥਿਤੀ 'ਚੋਂ ਗੁਜ਼ਰਦਾ ਹੈ ਜਦੋਂ ਸਮੇਂ ਦੀ ਮਾਰ ਕਾਰਨ ਤੇ ਮਨੁੱਖ ਦੀ ਬੇ-ਵਫਾਈ ਕਰਕੇ ਉਹ ਮੌਸਮ ਦੇ ਗਲ਼ ਲੱਗ ਕੇ ਰੋਂਦਾ ਹੈ, ਆਪਣੇ ਆਪ ਨੂੰ ਅਣਸੁਖਾਵੀਆਂ ਸਥਿਤੀਆਂ ਵਿਚ ਬੇਕਸੂਰੇ ਹੀ ਪੀੜ ਹੁੰਦਾ ਵੇਖਦਾ ਹੈ, ਤਿਪਕਾ ਤਿਪਕਾ ਹੋ ਕੇ ਆਪਣਾ ਆਪਾ ਕਿਰਦਾ ਵੇਖਦਾ ਹੈ। ਆਖਰ

ਜਦੋਂ ਉਹ ਹੌਸਲਾ ਕਰਕੇ ਜੀਊਣ ਦਾ ਸਾਹਸ ਕਰਦਾ ਹੈ ਤਾਂ ਮੌਸਮ ਆਪ ਉਸ ਦੇ ਗ਼ਲ ਲੱਗ ਕੇ ਧਾਹਾਂ ਮਾਰਦੇ ਹਨ, ਵੈਣ ਪਾਉਂਦੇ ਹਨ ਆਪਣੇ ਹੀ ਬੀਤੇ ਕੱਲ੍ਹ ਦਾ ਮਾਤਮ ਮਨਾਉਂਦੇ ਹਨ। ਗੁਜ਼ਰ ਰਹੇ ਪਲ ਉਸ ਲਈ ਹਾਦਸਿਆਂ ਦਾ ਹਜੂਮ ਬਣ ਜਾਂਦੇ ਹਨ, ਪਰ ਉਹ ਉਸ ਹਜੂਮ ਨੂੰ ਆਪਣੇ ਸੋਝੀ ਭਰੇ ਕਦਮਾਂ ਦੀ ਖਾਕ ਬਣਾ ਕੇ ਅੱਗੇ ਵਧਣਾ ਜਾਰੀ ਰਖਦਾ ਹੈ।

ਭਾਵਨਾਵਾਂ ਦੇ ਵਹਿਣ ਵਿਚ ਵਹਿ ਜਾਣਾ ਕਿਸੇ ਦੀ ਕਮਜ਼ੋਰੀ ਨਹੀਂ ਆਖੀ ਜਾ ਸਕਦੀ। ਸਾਡੇ ਵਿਚਾਰ ਹੀ ਭਾਵਨਾਵਾਂ ਵਿਚ ਲੁਪਤ ਹੁੰਦੇ ਹਨ। ਕੋਈ ਵੀ ਗੱਲ ਜਾਂ ਕੋਈ ਵੀ ਕਾਰਜ ਕਰਨ ਤੋਂ ਪਹਿਲਾਂ ਮਨੁੱਖ ਸੋਚਦਾ ਜ਼ਰੂਰ ਹੈ ਭਾਵੇਂ ਥੋੜੀ ਦੇਰ ਲਈ ਹੀ ਸਹੀ, ਬਿਨਾ ਸੋਚੇ ਸਮਝੇ ਕੋਈ ਕੁੱਝ ਵੀ ਨਹੀਂ ਕਰ ਸਕਦਾ। ਜੇ ਕੋਈ ਇੰਜ ਆਖੇ ਤਾਂ ਉਹ ਝੂਠ ਬੋਲ ਰਿਹਾ ਹੁੰਦਾ ਹੈ

ਸੋਚਾਂ ਦੀ ਸੜ੍ਹਿਆਂਦ ਤੇ ਡਰ ਸਾਡੇ ਵਿਚਾਰਾਂ ਨੂੰ ਗੰਧਲਿਆਂ ਕਰ ਜਾਂਦੇ ਹਨ। ਸੰਕੀਰਣਤਾਂ ’ਚੋਂ ਉਪਜੀ ਸੋਚ ਮਨੁੱਖੀ ਸਾਂਝ ਅਤੇ ਮਨਾਂ ’ਚ ਤ੍ਰੇੜਾਂ ਪਾ ਸਕਦੀ ਹੈ ਅਤੇ ਉਸਦੇ ਵਿਕਾਸ ਵਿਚ ਰੋੜਾ ਬਣ ਸਕਦੀ ਹੈ। ਰੰਗ ਆਪਣੇ ਥਾਂ ਇਕ ਧੱਬਾ ਵੀ ਬਣ ਸਕਦਾ ਹੈ ਪਰ ਕਿਸੇ ਸਿਆਣੇ ‘ਹੱਥ’ ਵਲੋਂ ਬੁਰਸ਼ ਨੂੰ ਮਾਧਿਅਮ ਬਣਾ ਕੇ ਵਾਹੀਆਂ ਲਕੀਰਾਂ (ਰੇਖਾਵਾਂ, ਚਿੱਤਰ) ਤੇ ਉਨ੍ਹਾਂ ਲਕੀਰਾਂ ਦੇ ਅੰਦਰ ਲੁਕਿਆ ਸੱਚ ਹੀ ਰੰਗ ਦਾ ਅਸਲ ਹੁੰਦਾ ਹੈ। ਲੁਕਿਆ ਸੱਚ ਰੰਗ ਦੀ ਚੁੱਪ ਹੈ। ਜੋ ਲਕੀਰਾਂ, ਤਸਵੀਰਾਂ ਰਾਹੀਂ ਜਦ ਬੋਲਦੀ ਹੈ ਤਾਂ ਇਸ ਨੂੰ ਸਮਝਿਆ ਤੇ ਸੁਣਿਆ ਜਾ ਸਕਦਾ ਹੈ।

ਰਿਸ਼ਤਿਆਂ ਦੇ ਬਣਨ ਤੇ ਬਿਗੜਨ ਦੀ ਆਪਣੀ ਕ੍ਰਿਆ ਹੈ। ਇਸ ਕ੍ਰਿਆ ਦੇ ਅਰਥ ਨੂੰ ਪ੍ਰਤੀਬਿੰਬਤ ਕਰਨ ਲਈ ਕਈ ਵਾਰ ਅਸੀਂ ਗਲਤੀ ਕਰ ਬੈਠਦੇ ਹਾਂ। ਫੇਰ ਵੀ ਹਰ ਰਿਸ਼ਤੇ ਦਾ ਆਪਣਾ ਸੱਚ ਹੈ ਅਤੇ ਹਰ ਸੱਚ ਦੀ ਆਪਣੀ ਸਮਰੱਥਾ ਤੇ ਸੀਮਾਂ ਹੈ। ਜਦੋਂ ਮਨੁੱਖ ਦਾ ਮਨੋਬਲ ਔਝੜਿਆ ਹੋਵੇ ਤਾਂ ਇਸਦਾ ਸਿੱਟਾ ਪ੍ਰੇਸ਼ਾਨੀਆਂ ਦੀ ਲੰਬੀ ਕਤਾਰ ਬਣ ਜਾਂਦਾ ਹੈ। ਪਰ ਇਹ ਪ੍ਰੇਸ਼ਾਨੀਆਂ ਕਦੇ ਵੀ ਸਥਾਈ ਨਹੀਂ ਹੁੰਦੀਆਂ, ਹੋ ਹੀ ਨਹੀਂ ਸਕਦੀਆਂ ਕਿਉਂਕਿ ਤਬਦੀਲੀ ਕੁਦਰਤ ਦਾ ਨਿਯਮ ਹੈ। ਮਨੁੱਖ ਗ਼ਮੀਆਂ ਤੇ ਖੁਸ਼ੀਆਂ ਵਿਚੋਂ ਸਦਾ ਹੀ ਅਗਲੇਰੇ ਪੜਾਵਾਂ ਵੱਲ ਤੁਰਦਾ ਰਿਹਾ ਹੈ ਤੇ ਤੁਰਦਾ ਰਹੇਗਾ। ਇਹ ਮਨੁੱਖ ਦੇ ਬੌਧਿਕ ਤੇ ਇਤਿਹਾਸਕ ਵਿਕਾਸ ਦਾ ਸਦੀਆਂ ਲੰਮਾਂ ਸੱਚ ਹੈ।

ਜਦੋਂ ਕਿਸੇ ਦੇ ਹਾਸੇ ਚੋਰੀ ਹੋ ਜਾਣ ਤਾਂ ਉਸ ਕੋਲ ਬਚਦਾ ਹੀ ਕੀ ਹੈ? ਸਿਵਾਏ ਚੁੱਪ ਤੋਂ, ਉਹ ਵੀ ਸੱਨਾਟੇ ਵਰਗੀ। ਇਕ ਵਾਰ ਤਾਂ ਉਹ ਆਪਣਾ ਭਵਿੱਖ ਸਰਾਪਿਆ ਮਹਿਸੂਸਣ ਲਗਦਾ ਹੈ। ਪਰ ਉਸਦਾ ਦ੍ਰਿੜ ਨਿਸਚਾ/ਇਰਾਦਾ ਉਸਨੂੰ ਅੱਗੇ ਵੱਲ ਤੋਰੀ ਰੱਖਦਾ ਹੈ। ਕਿਸੇ ਲਈ ਉਦਾਸੀ ਇਕ ਰੋਗ ਬਣ ਜਾਂਦਾ ਹੈ ਤੇ ਕਿਸੇ ਵਾਸਤੇ ਦੂਜਿਆਂ ਤੋਂ ਬਚਣ ਦਾ ਬਹਾਨਾ। ਉਦਾਸੀ ਰੋਗ ਬਣ ਜਾਵੇ ਤਾਂ ਮਨ ’ਤੇ ਚੁੱਪ ਛਾ ਜਾਂਦੀ ਹੈ। ਦੂਜਿਆਂ ਤੋਂ ਅਤੇ ਆਪਣੇ ਆਪ ਤੋਂ ਬਚਣ ਲਈ ਬਹਾਨਿਆਂ ਦੀ ਬੁਕੱਲ ਮਾਰ ਲਈ ਜਾਂਦੀ ਹੈ ਤੇ ਇੰਜ ਵਿਚਰਨ ਲਈ ਚੁੱਪ ਦੀ ਦੋਸਤੀ ਜ਼ਰੂਰੀ ਹੋ ਜਾਂਦੀ ਹੈ।



ਸ਼ਬਦ ਦੂਜਿਆਂ ਦੀ ਵਡਿਆਈ ਕਰਨ ਲਈ ਵੀ ਵਰਤੇ ਜਾ ਸਕਦੇ ਹਨ ਤੇ ਕਿਸੇ ਨੂੰ ਅਪਮਾਨਤ ਕਰਨ ਲਈ ਵੀ। ਸ਼ਬਦ ਨਸੀਹਤ ਵਜੋਂ ਵੀ ਦਿੱਤੇ ਜਾ ਸਕਦੇ ਹਨ ਅਤੇ ਤੋਹਫਿਆਂ ਵਜੋਂ ਵੀ। ਖਾਲੀ ਹੱਥਾਂ ਤੇ ਸਾਫ ਦਿਲਾਂ ਵਾਲੇ ਲੋਕ ਅਕਸਰ ਸ਼ਬਦਾਂ/ਲਫ਼ਜ਼ਾਂ ਦੀ ਵਰਤੋਂ ਤੋਹਫਿਆਂ ਵਜੋਂ ਹੀ ਕਰਦੇ ਹਨ। ਤੋਹਫਿਆਂ ਦਾ ਭਾਵ ਸਾਂਝੇ ਪਲਾਂ ਦੀ ਯਾਦ ਤਾਜ਼ਾ ਰੱਖਣ ਦਾ ਯਤਨ ਹੀ ਆਖਿਆ ਜਾ ਸਕਦਾ ਹੈ ਅਤੇ ਸਾਂਝ ਨੂੰ ਹੋਰ ਡੂੰਘੀ ਤੇ ਗੂੜ੍ਹੀ ਕਰਨ ਦਾ ਉਪਰਾਲਾ ਵੀ। ਕਿਸੇ ਦੂਜੇ ਦੀ ਬੁਰਾਈ ਨੂੰ ਮੁਆਫ ਕਰਨਾ ਹੀ ਚੰਗੇ ਮਨੁੱਖ ਦੀ ਚੰਗਿਆਈ/ਨਿਸ਼ਾਨੀ ਹੁੰਦੀ ਹੈ ਅਤੇ ਉਸ ਦੇ ਦਿਲ ਅੰਦਰ ਮਨੁੱਖਤਾ ਪ੍ਰਤੀ ਮੋਹ ਦਾ ਸੰਕੇਤ ਵੀ। ਪਿਆਰ ਦਾ ਅੰਤ ਵੀ ਸਿਰਫ ਪਿਆਰ (ਨਫਰਤ ਨਹੀਂ) ਹੀ ਹੁੰਦਾ ਹੈ। ਜਿਸਦਾ ਅੰਤ ਨਫਰਤ ਹੋਵੇ ਉਹ ਪਿਆਰ ਹੁੰਦਾ ਹੀ ਨਹੀਂ ਉਹ ਸਿਰਫ ਝੂਠ ਹੁੰਦਾ ਹੈ।

ਚੁੱਪ ਦੇ ਬੋਲਾਂ ਦੇ ਅਰਥ ਹਮੇਸ਼ਾ ਹੀ ਅਸਾਧਾਰਨ ਤੇ ਡੂੰਘੇ ਹੁੰਦੇ ਹਨ। ਜਿਨ੍ਹਾਂ ਦੀ ਡੂੰਘਾਈ ਤੇ ਵਿਸ਼ਾਲਤਾ ਸਿਰਫ ‘ਚੁੱਪ ਦੀ ਭਾਸ਼ਾ’ ਸਮਝਣ ਵਾਲੇ ਹੀ ਜਾਣ ਸਕਦੇ ਹਨ। ਦਰਅਸਲ ਤਾਂ ਚੁੱਪ ਦੀ ਭਾਸ਼ਾ ਹੈ ਹੀ ਮਹਿਸੂਸਣ ਵਾਲੀ ਚੀਜ਼/ਭਾਵਨਾ ਜੋ ਅਨੁਭਵ ਤੇ ਅਭਿਆਸ ਦੀ ਸਾਧਨਾ ਮੰਗਦੀ ਹੈ। ਚੁੱਪ ਬੋਲਦੀ ਹੈ ਉਨ੍ਹਾਂ ਲਈ ਜੋ ਚੁੱਪ ਦੀ ਬੋਲੀ ਜਾਣਦੇ ਹਨ।

# ਦਰਦ ਦਾ ਬੋਝ

ਮਾਨਸਿਕ ਉਲਝਣਾਂ ਬਹੁਤ ਵਾਰ ਉਦਾਸੀ ਨੂੰ ਜਨਮ ਦਿੰਦੀਆਂ ਹਨ। ਕਈ ਵਾਰ ਇਹ ਆਪਣੀਆਂ ਹੀ ਪੈਦਾ ਕੀਤੀਆਂ ਹੁੰਦੀਆਂ ਹਨ ਅਤੇ ਕਦੇ ਕਦੇ ਵਿੰਗੇ-ਟੇਢੇ ਢੰਗ ਨਾਲ ਆਪਣੀਆਂ ਬਣ ਜਾਂਦੀਆਂ ਹਨ। ਇਨ੍ਹਾਂ ਉਲਝਣਾਂ ਵਿਚੋਂ ਜਨਮੀਂ ਉਦਾਸੀ, ਦਰਦ ਦੀ ਪੀੜ/ਚੀਸ ਵਿਚ ਵਟ ਜਾਂਦੀ ਹੈ, ਜੋ ਅਖੀਰ ਵਿਚ ਆਪਣਾ ਰੂਪ ਕਿਸੇ ਮਨੋਵਿਗਿਆਨਕ ਰੋਗ ਵਿਚ ਵਟਾ ਲੈਂਦੀ ਹੈ ਜਿਸ ਨਾਲ ਤੁਰੀ ਜਾਂਦੀ ਸੁੱਖਾਂ ਭਰੀ, ਸਾਵੀਂ ਜ਼ਿੰਦਗੀ ਵਿਚ ਖਲਲ ਪੈਣਾ ਸ਼ੁਰੂ ਹੋ ਜਾਂਦਾ ਹੈ। ਫੇਰ ਤਾਂ ਮਨ ਆਪਣੇ ਨਾਲ ਹੀ ਰੁੱਸਿਆਂ ਵਰਗਾ ਵਿਹਾਰ ਕਰਦਾ ਹੈ।

ਬੱਚਿਆਂ ਬਾਰੇ ਬਹੁਤ ਕੁੱਝ ਸੁਣਨ ਨੂੰ ਮਿਲਦਾ ਹੈ ਕਿ ਬੱਚੇ ਸਾਡਾ ਹਾਸਾ ਹਨ, ਜ਼ਿੰਦਗੀ ਦਾ ਅਸਲੀ ਖੇੜਾ ਹਨ, ਸਾਡੀ ਜ਼ਿੰਦਗੀ ਦੇ ਵਿਹੜੇ ਵਿਚਲੇ ਤੁਰੇ ਫਿਰਦੇ ਸੁਗੰਧੀ ਭਰੇ ਫੁੱਲ ਹਨ। ਸਾਡਾ ਖ਼ੂਨ ਤੇ ਸਾਡਾ ਸੁਨਹਿਰਾ ਭਵਿੱਖ ਹਨ, ਆਦਿ ਕਹਿ ਕੇ ਉਨ੍ਹਾਂ ਨੂੰ ਵਡਿਆਇਆ ਜਾਂਦਾ ਹੈ। ਜਿੱਥੇ ਬੱਚਿਆਂ ਨੂੰ ਮਾਪਿਆਂ ਦੀਆਂ ਜਾਇਦਾਦਾਂ ਸੁੱਖ, ਪਿਆਰ-ਮੁਹੱਬਤ ਪ੍ਰਾਪਤ ਹੁੰਦੇ ਹਨ, ਉੱਥੇ ਬਹੁਤ ਸਾਰੇ ਬੱਚੇ ਅਜਿਹੇ ਵੀ ਮਿਲਦੇ ਹਨ ਜਿਨ੍ਹਾਂ ਨੂੰ ਆਪਣੇ ਮਾਪਿਆਂ ਦੀ ਬੇਵਸੀ, ਮੂਰਖਤਾ, ਨਾ-ਸਮਝੀ ਅਤੇ ਇਕਹਿਰੇ ਜਾਂ ਦੁਵੱਲੇ ਹੰਕਾਰ ਵਿਚੋਂ ਜਨਮਿਆਂ ਦਰਦ ਵੀ ਵਿਰਸੇ ਵਿਚ ਮਿਲਦਾ ਹੈ। ਜਿਸ ਦਾ ਬੋਝ ਨਾ ਚਾਹੁੰਦਿਆਂ ਹੋਇਆਂ ਵੀ ਉਨ੍ਹਾਂ ਨੂੰ ਸਾਰੀ ਉਮਰ ਹੀ ਹੰਢਾਉਣਾ/ਢੋਣਾਂ ਪੈਂਦਾ ਹੈ। ਫੇਰ ਉਹ ਸਮੇਂ ਦੀਆਂ ਧੁੰਦਲਾਂ-ਧੂੜਾਂ ਵਿਚ ਗੁਆਚੇ ਬਚਪਨ ਨੂੰ ਢੂੰਡਦੇ ਰਹਿ ਜਾਂਦੇ ਹਨ। ਬਾਲਪੁਣੇ ਵਿਚ ਰਹਿ ਗਈ ਮੋਹ ਦੀ ਘਾਟ/ਭੁੱਖ ਪੂਰਨ ਦੀ ਸੱਧਰ ਨੂੰ ਢੂੰਡਦੇ ਰਹਿ ਜਾਂਦੇ ਹਨ। ਖਾਲੀ ਜਹੀਆਂ ਡਡਿਆਈਆਂ ਅੱਖਾਂ ਨਾਲ ਬਚਪਨੇ ਵਿਚ ਮਾਪਿਆਂ ਦੇ ਗੁਆਚੇ ਲਾਡ-ਪਿਆਰ ਨੂੰ ਤਰਸਦੇ ਰਹਿ ਜਾਂਦੇ ਹਨ। ਅਜਿਹੇ ਬੱਚੇ ਵਡੇਰੀ ਉਮਰ ਦੇ ਹੋ ਜਾਣ 'ਤੇ ਵੀ ਜਦੋਂ ਕਿਧਰੇ ਰਾਹੇ ਲੰਘਦਿਆਂ ਕਿਸੇ ਥਾਵੇਂ ਵਡੇਰਿਆਂ ਵਲੋਂ ਬੱਚਿਆਂ ਨੂੰ ਲਾਡ ਲਡਾਉਂਦੇ ਦੇਖਦੇ ਹਨ, ਝੱਟ ਹੀ ਉਹ ਆਪਣੇ ਮੋਹ ਵਿਹੂਣੇ ਕੱਲ੍ਹ ਵਿਚ ਉਤਰ ਜਾਂਦੇ ਹਨ। ਉਸ ਰਾਹੇ ਉਹ ਆਪਣੇ ਦਰਦ ਦੇ ਕੁੱਝ ਹੰਝੂ ਧਰਤੀ ਦੀ ਹਿੱਕ ਨੂੰ ਅਰਪਤ ਕਰਦੇ ਹਨ, ਆਪਣੀ ਪੀੜ ਦਾ ਬੋਝ ਹਲਕਾ ਕਰਨ ਵਾਸਤੇ। ਇਸ ਤਰ੍ਹਾਂ ਅਜਿਹੇ ਵਿਅਕਤੀ ਚੁੱਪ-ਚੁਪੀਤੇ ਆਪਣੀ ਉਮਰ ਵਿਚ ਬੇਹਿਸਾਬ ਹੰਝੂਆਂ ਨਾਲ ਆਪਣਾ ਦਰਦ ਧੋਂਦੇ ਰਹਿੰਦੇ ਹਨ।



ਵਿਕਾਸ ਕਰ ਰਹੇ ਅਤੇ ਗਰੀਬ ਮੁਲਕਾਂ ਦੀ ਤਾਂ ਹੋਰ ਗੱਲ ਹੈ। ਮਾਂ-ਪਿਉ ਬਾਹਰੇ ਅਨੇਕਾਂ ਬੱਚੇ ਸੜਕਾਂ ਦੇ ਕੰਢਿਆਂ 'ਤੇ ਨੀਲੇ ਅਸਮਾਨ ਦੀ ਛੱਤ ਹੇਠ ਰੈਣ ਬਸੇਰਾ ਕਰਦੇ ਹਨ ( ਇੱਥੋਂ ਤੱਕ ਕਿ ਕੁਦਰਤੀ ਵਸੀਲਿਆਂ ਨਾਲ ਮਾਲਾਮਾਲ ਬਰਾਜ਼ੀਲ ਵਰਗੇ ਮੁਲਕ ਵਿਚ ਅਜਿਹੇ ਸੜਕੀ ਬੱਚਿਆਂ ਦੀ ਗਿਣਤੀ ਲੱਖਾਂ ਤੱਕ ਸੁਣੀਂਦੀ ਹੈ) ਜਾਂ ਛੋਟੀ ਉਮਰੇ ਹੀ ਰੋਟੀ ਕਮਾਉਣ ਖਾਤਰ ਹਲਕੇ ਕਹੇ ਜਾਂਦੇ ਗੰਦੇ ਅਤੇ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੰਮਾਂ ਵੱਲ ਧੱਕ ਦਿੱਤਾ ਜਾਂਦਾ ਹੈ ਉਨ੍ਹਾਂ ਨਿਮਾਣਿਆਂ/ਨਿਤਾਣਿਆਂ ਨੂੰ ਅਤੇ ਉਨ੍ਹਾਂ ਤੋਂ ਉਨ੍ਹਾਂ ਦਾ ਬਚਪਨ ਖੋਹ ਲਿਆ ਜਾਂਦਾ ਹੈ। ਬੀਮਾਰੀਆਂ ਅਤੇ ਇਲਾਜ ਦੀ ਘਾਟ ਕਰਕੇ ਜਾਂ ਭੁੱਖ ਨਾਲ ਮਰਦੇ ਬੱਚਿਆਂ ਦਾ ਤਾਂ ਹਿਸਾਬ ਹੀ ਹਿਸਾਬੋਂ ਬਾਹਰ ਹੈ। ਇਸ ਵਾਸਤੇ ਤੀਜੀ ਦੁਨੀਆਂ ਦੇ ਗਰੀਬ ਮੁਲਕਾਂ ਅਤੇ ਅਫਰੀਕੀ ਮਹਾਂਦੀਪ ਦੇ ਦੇਸ਼ਾਂ ਵਲ ਨਿਗਾਹ ਮਾਰ ਲੈਣੀ ਚਾਹੀਦੀ ਹੈ, ਤਾਂ ਹਰ ਕਿਸੇ ਦੀਆਂ ਅੱਖਾਂ ਸੱਚ ਦੇ ਸਾਹਮਣੇ ਸ਼ਰਮਿੰਦੀਆਂ ਹੋਈਆਂ ਨਜ਼ਰ ਆਉਣਗੀਆਂ। ਅੰਗਹੀਣ ਅਤੇ ਅਪਾਹਜ ਬੱਚਿਆਂ ਦੀ ਹਾਲਤ ਤਾਂ ਤਰਸਯੋਗ ਵਰਗੇ ਲਫਜ਼ ਤੋਂ ਵੀ ਬਹੁਤ ਹੀ ਘਿਨਾਉਣੀ ਹੈ। ਜਿਵੇਂ ਉਹ ਇਨਸਾਨ ਹੀ ਨਾ ਹੋਣ।

ਗੱਲ ਉਨ੍ਹਾਂ ਬੱਚਿਆਂ ਦੀ ਕਰੀਏ ਜੋ ਵਿਆਹੇ ਜਾਂ ਅਣਵਿਆਹੇ ਮਾਪਿਆਂ ਦੇ ਹਨ (ਯੂਰਪ ਅਤੇ ਪੱਛਮੀ ਸਮਾਜ ਵਿਚ ਅਣਵਿਆਹੇ ਮਾਪਿਆਂ ਦੇ ਬੱਚਿਆਂ ਨੂੰ ਸਮਾਜੀ ਪ੍ਰਵਾਨਗੀ ਵੀ ਹੈ ਅਤੇ ਪੂਰੇ ਕਾਨੂੰਨੀ ਹੱਕ ਵੀ ਹਨ)। ਸਾਵੀਂ ਤੁਰਦੀ ਜ਼ਿੰਦਗੀ ਵਿਚ ਕਿਸੇ ਤਰ੍ਹਾਂ ਦੇ ਵਿਗਾੜ ਪੈਦਾ ਕਰਨ ਵਾਲੇ ਕਾਰਨ ਪੈਦਾ ਹੋ ਜਾਣ ਕਰਕੇ ਉਹ ਵਿਆਹੇ ਜਾਂ ਅਣਵਿਆਹੇ ਜੋੜੇ ਵੱਖ ਹੋ ਗਏ ਹੋਣ ਜਾਂ ਉਨ੍ਹਾਂ ਨੇ ਇਕ-ਦੂਜੇ ਤੋਂ ਤਲਾਕ ਲੈ ਲਿਆ ਹੋਵੇ। ਕਾਰਨ ਆਰਥਕ ਮਾੜੀ ਹਾਲਤ/ਦਸ਼ਾ ਵੀ ਹੋ ਸਕਦੀ ਹੈ। ਨਸ਼ੇ-ਪੱਤੇ ਵਾਲੀ ਖੋਟੀ ਆਦਤ ਜਾਂ ਆਪਣੀ ਚਾਦਰੋਂ ਬਾਹਰ ਪੈਰ ਪਸਾਰਨ ਵਾਲੀਆਂ ਗੈਰ-ਹਕੀਕੀ, ਬੇਲੋੜੀਆਂ ਖਾਹਿਸ਼ਾਂ ਦੀ ਪੂਰਤੀ/ਅਪੂਰਤੀ ਵੀ ਜਾਂ ਫੇਰ ਆਪਣੇ ਸਾਥੀ/ਸਾਥਣ ਨਾਲ ਜ਼ਿੰਦਗੀ ਭਰ ਦਾ ਸਾਥ ਨਿਭਾਉਣ ਦੇ ਕੀਤੇ ਕੌਲ-ਕਰਾਰਾਂ ਨੂੰ ਉਲੰਘ ਕੇ ਅੱਖਾਂ ਦਾ ਕਿਸੇ ਤੀਜੇ ਪਾਸੇ ਜਾ ਲੜਨਾ ਵੀ ਹੋ ਸਕਦਾ ਹੈ। ਪੱਛਮੀ ਮੁਲਕਾਂ ਵਿਚ ਅਜਿਹੇ ਮਾਪਿਆਂ ਤੋਂ ਵਿਹੂਣੇ ਹੋ ਗਏ ਬੱਚਿਆਂ ਦੀ ਵੱਡੀ ਗਿਣਤੀ ਹੈ। ਭਾਵੇਂ ਕਿ ਇੱਥੇ ਬੱਚਿਆਂ ਨੂੰ ਕਾਫੀ ਕਾਨੂੰਨੀ ਸੁਰੱਖਿਆ ਮਿਲਦੀ ਹੈ। ਪਰ ਕਿਧਰੇ ਹੈ ਕੋਈ ਅਜਿਹਾ ਕਾਨੂੰਨ ਜੋ ਬੱਚੇ ਦੀ ਪੀੜੀ ਜਾਂਦੀ ਮਾਨਸਿਕਤਾ ਤੋਂ ਉਸਦਾ ਛੁਟਕਾਰਾ ਕਰਵਾ ਸਕਦਾ ਹੋਵੇ? ਜੋ ਬੱਚਿਆਂ ਨੂੰ ਉਨ੍ਹਾਂ ਦੇ ਅੰਦਰਲੇ ਦਰਦ ਤੋਂ ਮੁਕਤ ਕਰਵਾ ਸਕੇ? ਉਸ ਦਰਦ ਦੀ ਚੀਸ ਨੂੰ 'ਚੂਸ' ਸਕੇ? 'ਮਾਪਿਆਂ' ਵਲ ਵੇਖ ਕੇ ਅੱਖਾਂ ਦੇ ਕੋਇਆਂ ਵਿਚ ਛਲਕ ਆਉਣ ਵਾਲੇ ਹੰਝੂਆਂ ਨੂੰ ਪੀ ਸਕੇ? ਉਂਜ ਵੀ ਇਹ ਕੰਮ ਕਾਨੂੰਨ ਕਰ ਹੀ ਨਹੀਂ ਸਕਦਾ, ਕਿਉਂਕਿ ਅਹਿਸਾਸ ਅਤੇ ਕਾਨੂੰਨ ਦੋ ਵੱਖੋ-ਵੱਖਰੇ ਵਰਤਾਰੇ ਤੇ ਪਹਿਲੂ ਹਨ।

ਜਦੋਂ ਵੀ ਇਕੱਠੇ ਰਹਿ ਰਹੇ ਵਿਆਹੇ ਜਾਂ ਅਣਵਿਆਹੇ ਬੱਚਿਆਂ ਵਾਲੇ ਜੋੜੇ ਵਿਚੋਂ ਕਿਸੇ ਇਕ ਦੀਆਂ ਅੱਖਾਂ ਵਿਚ ਕਿਸੇ ਹੋਰ ਤੀਸਰੇ ਦੀ ਖਿੱਚ ਦੇ ਡੋਰੇ ਨੱਚਣ ਲੱਗ ਪੈਣ ਤਾਂ ਘਰ ਵਿਚ ਕਲੇਸ਼ ਵਾਲੀ ਸਥਿਤੀ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ। ਨਸ਼ਤਰ

ਵਰਗੇ ਤਿੱਖੇ ਸ਼ਬਦਾਂ ਨਾਲ ਇਕ ਦੂਜੇ ਨੂੰ 'ਜ਼ਖ਼ਮੀ' ਕੀਤਾ ਜਾਂਦਾ ਹੈ ਜਾਂ ਆਖਰ ਕਈ ਵਾਰ ਬਿਨ ਬੋਲੇ ਹੀ ਮੀਸਣਿਆਂ ਵਾਗੂੰ ਇਹੋ ਜਹੀ ਸਥਿਤੀ ਵਿਚੋਂ ਬਾਹਰ ਹੋ ਜਾਂਦੇ ਹਨ- ਅਜਿਹੇ ਲੋਕ। ਆਪਣੇ ਵਲੋਂ ਢੂੰਡੇ ਨਵੇਂ 'ਹੱਸੇ' ਦੇ ਗਲ ਲੱਗ ਕੇ ਆਪੇ ਸਹੇੜੀ ਪੀੜ ਵਿਚੋਂ ਪਿਆਰ ਭਾਲਣ ਲੱਗ ਜਾਂਦੇ ਹਨ, ਜਦੋਂ ਕਿ ਅਜਿਹੇ ਲੋਕਾਂ ਵਿਚੋਂ ਬਹੁਗਿਣਤੀ ਪਿਆਰ ਦੇ ਬਿਲਕੁੱਲ ਕਾਬਲ ਨਹੀਂ ਹੁੰਦੀ। ਜਿਹੜੇ, ਫੁੱਲ ਦੀ ਸੁਗੰਧੀ ਵਰਗੇ ਆਪਣੇ ਬੱਚਿਆਂ ਨੂੰ ਠੋਕਰ ਮਾਰ ਕੇ ਘਰੋਂ ਨਿਕਲ ਤੁਰਦੇ ਹਨ। ਪਰ, ਤੁਰਨ ਤੋਂ ਪਹਿਲਾਂ ਉਹ ਬਿਲਕੁੱਲ ਨਹੀਂ ਸੋਚਦੇ ਕਿ ਕੀ ਹੱਕ ਹੈ ਉਨ੍ਹਾਂ ਨੂੰ ਆਪਣੀ ਅੱਯਾਸ਼ੀ ਵਿਚੋਂ ਜੰਮੇ ਦਰਦ ਨੂੰ ਉਮਰ ਭਰ ਲਈ ਆਪਣੇ ਬੱਚਿਆਂ ਦੇ ਮੋਢੇ ਧਰਨ ਦਾ? ਕੀ ਅਧਿਕਾਰ ਹੈ ਉਨ੍ਹਾਂ ਨੂੰ ਆਪਣੇ ਖ਼ੂਨ ਦੇ ਕਿਸੇ ਹਿੱਸੇ ਨੂੰ ਮੱਲੋਜ਼ੋਰੀ ਗੰਦੀ ਨਾਲ਼ੀ ਵਲ ਧੱਕਣ ਦਾ? ਉਹ ਕਿਵੇਂ ਭੁੱਲ ਜਾਂਦੇ ਹਨ ਕਿ ਬੱਚਿਆਂ ਦੇ ਆਉਣ ਵੇਲੇ ਦੀ ਉਡੀਕ ਨੇ ਉਦੋਂ ਉਨ੍ਹਾਂ ਨੂੰ ਕਿੰਨੀ ਖੁਸ਼ੀ, ਖਲੂਸ ਤੇ ਸਕੂਨ ਬਖਸ਼ਿਆ ਸੀ? ਆਪਣੇ ਹੀ ਸਾਥੀ/ਸਾਥਣ ਨਾਲ ਕੀਤਾ ਬੱਚੇ ਦਾ ਇਕਰਾਰ ਵੀ ਉਨ੍ਹਾਂ ਨੂੰ ਯਾਦ ਨਹੀਂ ਰਹਿੰਦਾ? ਬਹੁਤ ਸਾਰੇ ਛੱਡ-ਛਡਾਈ ਵੇਲੇ ਕਿਵੇਂ ਭੁੱਲ ਜਾਂਦੇ ਹਨ ਆਪਣੀ ਜਾਨੋਂ ਵੱਧ ਪਿਆਰੇ ਕਹੇ ਜਾਂਦੇ ਬੱਚਿਆਂ ਦਾ ਮੋਹ? ਨਿਰਮੋਹਾ ਹੋਣ ਵਾਸਤੇ ਮਨੁੱਖ ਨੂੰ ਪੱਥਰ ਦਿਲ ਹੋਣਾ ਪੈਂਦਾ ਹੈ ਅਤੇ ਬਹੁਤ ਸਾਰੇ ਹੋ ਵੀ ਜਾਂਦੇ ਹਨ। ਅਜਿਹੇ ਪੱਥਰਾਂ ਵਰਗੇ ਮਨੁੱਖਾਂ ਦੀ ਵਾਰਤਾ ਜਿੰਨੀ ਦਰਦਨਾਕ ਤੇ ਘਿਨਾਉਣੀ ਹੈ ਉਸ ਤੋਂ ਕਿਤੇ ਜ਼ਿਆਦਾ ਲੰਬੀ ਹੈ।

ਅਜਿਹੇ ਮਾਪਿਆਂ ਜਾਂ ਜੋੜਿਆਂ ਦੇ ਬੱਚੇ ਜਿੱਥੋਂ ਵੀ ਗੁਜ਼ਰਦੇ ਹਨ/ਜਿੱਥੇ ਵੀ ਜਾਂਦੇ ਹਨ ਉਥੋਂ ਅਕਸਰ ਹੀ ਉਦਾਸੀ ਭਰਿਆ ਚਿਹਰਾ ਲੈ ਕੇ ਵਾਪਸ ਮੁੜਦੇ ਹਨ। ਸਕੂਲ ਹੋਵੇ, ਖੇਡ ਕਲੱਬ, ਕਿਸੇ ਵਾਕਿਫ਼ ਮਿੱਤਰ ਦੇ ਘਰ ਆਉਣ-ਜਾਣ ਦਾ ਸਬੱਬ ਬਣਦਾ ਹੋਵੇ ਜਾਂ ਕਿਸੇ ਵਲੋਂ ਖੁਸ਼ੀ ਸਾਂਝੀ ਕਰਨ ਹਿਤ ਕੀਤੀ ਕੋਈ ਪਾਰਟੀ ਬਗੈਰਾ। ਬੱਚਿਆਂ ਵਿਚ ਆਮ ਜਹੀ ਹੀ ਆਦਤ ਹੈ ਮਾਪਿਆਂ ਬਾਰੇ ਗੱਲਾਂ ਕਰਨ ਦੀ। ਮਿੱਤਰਾਂ-ਦੋਸਤਾਂ ਵਿਚ ਵਿਚਰਦਿਆਂ ਅਜਿਹੇ ਬੱਚੇ ਦੱਬੇ-ਘੁੱਟੇ ਹੀ ਰਹਿੰਦੇ ਹਨ। ਅਜਿਹੀ ਸਥਿਤੀ ਦੇ ਹੁੰਦਿਆ ਕਿਸੇ ਖੁੱਲੇ ਮਹੌਲ ਵਿਚ ਵੀ ਉਨ੍ਹਾਂ ਦਾ ਸੰਕੋਚਵਾਂ ਵਿਹਾਰ ਉਨ੍ਹਾਂ ਦੇ ਸਵੈ ਵਿਸ਼ਵਾਸ ਨੂੰ ਵਧਣ ਫੁਲਣ ਨਹੀਂ ਦਿੰਦਾ। ਜਿਸ ਕਰਕੇ ਕਈ ਵਾਰ ਉਨ੍ਹਾਂ ਦੀ ਸ਼ਖਸੀਅਤ ਦਾ ਪੂਰਾ ਵਿਕਾਸ ਹੋਣੋਂ ਪਛੜ ਜਾਂਦਾ ਹੈ। ਜਦੋਂ ਕਿ ਕਸੂਰਵਾਰ ਬੱਚੇ ਖੁਦ ਨਹੀਂ ਸਗੋਂ ਉਨ੍ਹਾਂ ਦੇ ਮਾਪੇ ਹੁੰਦੇ ਹਨ। ਜਿਨ੍ਹਾਂ ਨੇ ਮੂਰਖਤਾ ਦੇ ਘੋੜੇ ਚੜ੍ਹਕੇ ਸਿਰਫ ਆਪਣੇ ਦਿਲ ਨੂੰ ਰਾਜ਼ੀ ਕਰਨ ਲਈ ਆਪਣੇ ਹੱਸਦੇ-ਖੇਡਦੇ ਬੱਚਿਆਂ ਦੇ ਹਾਸੇ 'ਤੇ ਪੈਰ ਰੱਖਕੇ ਅਗਲੇ ਪਾਸੇ ਜਾਣ ਦਾ ਕਾਰਜ ਕੀਤਾ ਹੁੰਦਾ ਹੈ। ਬੱਚਿਆਂ ਦਾ ਕੁਚਲਿਆ ਹਾਸਾ ਉਮਰ ਭਰ ਲਈ ਉਨ੍ਹਾਂ ਦੇ ਅੰਦਰਲਾ ਸਹਿਮ ਬਣ ਜਾਂਦਾ ਹੈ। ਇਸ ਸਥਿਤੀ ਵਿਚ ਕਈਆਂ ਲਈ ਮਾਪੇ, ਕੁ-ਮਾਪੇ ਬਣ ਜਾਂਦੇ ਹਨ।

ਪਦਾਰਥਵਾਦੀ ਮਨੁੱਖੀ ਰੁਚੀਆਂ ਆਪਣੇ ਹੀ ਵਸਦੇ-ਰਸਦੇ ਘਰਾਂ ਨੂੰ/ਪ੍ਰੀਵਾਰਾਂ ਨੂੰ ਤੋੜ ਰਹੀਆਂ ਹਨ। ਨਵਾਂ ਭੋਗਵਾਦੀ 'ਸੱਭਿਆਚਾਰਕ' ਸਮਾਜੀ ਵਰਤਾਰਾ ਬੱਚਿਆਂ ਦੇ



ਹਾਸੇ ਖੋਹ ਰਿਹਾ ਹੈ। ਇਸ ਤਰ੍ਹਾਂ ਮਨੁੱਖਤਾ ਦੇ ਆਉਣ ਵਾਲੇ ਕੱਲ੍ਹ ਨੂੰ ਮੱਲੋਜ਼ੋਰੀ ਘਸਮੈਲ਼ਾ ਕਰਨ ਦੇ ਯਤਨ ਹੋ ਰਹੇ ਹਨ। ਘਸਮੈਲ਼ੇ ਵਰਤਮਾਨ ਵਿਚੋਂ ਉਜਲਾ ਭਵਿੱਖ ਕਿਵੇਂ ਪੈਦਾ ਹੋ ਸਕਦਾ ਹੈ? ਔਰਤ-ਮਰਦ ਬੱਚਿਆ ਨੂੰ ਇਸ ਜਹਾਨ ਵਿਚ ਲਿਆਉਣ ਦਾ ਸਾਧਨ (ਅਨਰਜ਼ੀ) ਹਨ। ਪਰ ਆਏ ਬੱਚਿਆਂ ਨੂੰ ਸਾਂਝੇ ਤੌਰ 'ਤੇ ਸਾਂਭਣ, ਉਨ੍ਹਾਂ ਦਾ ਸਹੀ ਪਾਲਣ-ਪੋਸ਼ਣ ਅਤੇ ਉਨ੍ਹਾਂ ਦੀ ਸਮੁੱਚੀ ਸ਼ਖਸੀਅਤ ਨੂੰ ਵਿਕਸਤ ਕਰਨ ਵਾਸਤੇ ਲੋਕਾਂ ਨੂੰ ਅਜੇ ਹੋਰ ਬਹੁਤ ਸਾਰੀ ਸਮਝ-ਸੂਝ, ਸਾਂਝੀ ਸੋਚ ਅਤੇ ਸਹਿਣਸ਼ੀਲਤਾ ਭਰੇ ਜੇਰੇ ਦੀ ਲੋੜ ਹੈ। ਜਿਸ ਦੇ ਸਦਕਾ ਬੱਚਿਆਂ ਦੀ ਸਮੁੱਚੀ ਸ਼ਖਸੀਅਤ ਦਾ ਭਰਵਾਂ ਤੇ ਸਾਵਾਂ ਵਿਕਾਸ ਹੋ ਸਕੇ । ਇਸ ਪਾਸੇ ਕੀਤੇ ਜਾਣ ਵਾਲੇ ਹਾਂਅ ਪੱਖੀ ਯਤਨ ਬੱਚਿਆਂ ਦੇ ਸੁਹਣੇ ਭਵਿੱਖ ਦੇ ਜ਼ਾਮਨ ਹੋ ਸਕਦੇ ਹਨ। ਇਹ ਰਾਹ ਹੀ ਨਵੇਂ ਮਨੁੱਖ ਦੀ ਸਿਰਜਣਾ ਦੀ ਬੁਨਿਆਦ ਬਣ ਸਕਦਾ ਹੈ।

ਮਾਪਿਆਂ ਦੇ ਵੱਖੋ-ਵੱਖ ਹੋ ਜਾਣ ਤੋਂ ਬਾਅਦ ਬਹੁਤੇ ਬੱਚੇ ਮਾਵਾਂ ਕੋਲ ਹੀ ਰਹਿੰਦੇ ਹਨ। ਪਰ ਕਾਫੀ ਸਾਰੀਆ ਔਰਤਾਂ ਜਦੋਂ ਆਪਣੀ ਨਵੀਂ ਖਾਹਿਸ਼ ਅਧੀਨ ਫੇਰ ਕੋਈ ਨਵਾਂ ਸਾਥ ਚੁਣ ਲੈਂਦੀਆਂ ਹਨ ਤਾਂ ਬਹੁਤ ਵਾਰ ਬੱਚਿਆਂ ਦੀ ਸਹੀ ਪ੍ਰਵਰਿਸ਼ ਵਿਚ ਔਕੜਾਂ ਪੈਦਾ ਹੁੰਦੀਆਂ ਹਨ। ਉਸ ਔਰਤ ਦਾ ਨਵਾਂ ਸਾਥ ਆਮ ਤੌਰ 'ਤੇ ਉਨ੍ਹਾਂ ਬੱਚਿਆਂ ਨੂੰ ਬੇਗਾਨਾ ਹੀ ਸਮਝਦਾ ਹੈ। ਭਲਾਂ ਬੇਗਾਨਿਆਂ ਦੀ ਕੌਣ ਪ੍ਰਵਾਹ ਕਰਦਾ ਹੈ?

ਬਹੁਤ ਹੀ ਘੱਟ ਮਰਦ ਹਨ ਜੋ ਆਪਣੇ ਵਲੋਂ ਕਿਸੇ ਔਰਤ ਨੂੰ ਆਪਣੀ ਦੋਸਤ ਜਾਂ ਪਤਨੀ ਮੰਨ ਲੈਣ ਤੋਂ ਬਾਅਦ ਵੀ ਉਸਦੇ (ਪਹਿਲੇ) ਬੱਚਿਆਂ ਨੂੰ ਆਪਣਾਪਨ ਦਿੰਦੇ ਹਨ। ਬਹੁਤਿਆਂ ਵਾਸਤੇ ਤਾਂ ਉਹ ਬੋਝ ਹੀ ਹੁੰਦੇ ਹਨ। ਹਾਲਾਂਕਿ ਉਸ ਮਰਦ ਨੂੰ ਆਪਣੀ ਨਵੀਂ ਸਾਥਣ ਦੇ ਬੱਚਿਆਂ ਬਾਰੇ ਪਹਿਲਾਂ ਹੀ ਚੰਗਾ ਭਲਾ ਗਿਆਨ ਹੁੰਦਾ ਹੈ। ਉਹ ਇਕਰਾਰ ਕਰਦੇ ਹਨ ਚੰਗੇ ਨਿਭਣ ਦਾ ਪਰ ਆਮ ਕਰਕੇ ਨਿਭਦੇ ਨਹੀਂ। ਸਿਰਫ ਮਰਦਾਂ ਬਾਰੇ ਹੀ ਅਜਿਹਾ ਸੋਚਣਾ ਗਲਤ ਹੋ ਸਕਦਾ ਹੈ ਕਿਉਂਕਿ ਤਾੜੀ ਦੋਵਾਂ ਹੱਥਾਂ ਨਾਲ ਹੀ ਵੱਜਦੀ ਹੈ।

ਬੱਚੇ ਆਪਣੇ ਨਾਲ ਹੁੰਦੇ ਜਾਂ ਹੋਏ ਮਾੜੇ ਵਿਹਾਰ ਕਰਕੇ ਕਈ ਵਾਰ ਵਿਰੋਧੀ ਰੁਚੀਆਂ ਧਾਰਨ ਕਰ ਲੈਂਦੇ ਹਨ। ਮਾੜੀ ਸੰਗਤ/ਸੁਹਬਤ ਦਾ ਸ਼ਿਕਾਰ ਹੋ ਜਾਂਦੇ ਹਨ। ਕਈ ਵਾਰ ਨਸ਼ੇ-ਪੱਤੇ ਦੀ ਆਦਤ ਵੀ ਪਾ ਲੈਂਦੇ ਹਨ। ਬੇ-ਕਸੂਰੇ ਹੀ ਕਸੂਰਵਾਰ ਹੋ ਜਾਂਦੇ ਹਨ। ਲੋੜ ਅਜਿਹੇ ਬੱਚਿਆਂ ਨੂੰ ਉਨ੍ਹਾਂ ਦਾ ਬਚਪਨ ਵਿਚ ਗੁਆਚਿਆ ਖੇੜਾ ਮੋੜਨ ਦੀ ਹੈ, ਤਾਂ ਜੋ ਉਨ੍ਹਾਂ ਦੀ ਸਾਵੀਂ ਤੋਰ ਨਾਲ ਸੰਸਾਰ ਦੇ ਖੂਬਸੂਰਤ ਭਵਿੱਖ ਦੀ ਆਸ ਕੀਤੀ ਜਾ ਸਕੇ, ਇਹੋ ਆਸ ਉੱਜਲ ਭਵਿੱਖ ਦੀ ਜਾਮਨੀ ਹੋ ਸਕਦੀ ਹੈ। ਇਸ ਤਰ੍ਹਾਂ ਹੀ ਉਨ੍ਹਾਂ ਬੱਚਿਆਂ ਦੇ ਮੋਢਿਆਂ 'ਤੇ ਮੱਲੋਜ਼ੋਰੀ ਸੁੱਟਿਆ ਗ਼ੈਰਜ਼ਰੂਰੀ ਦਰਦ ਦਾ ਬੋਝ ਘਟਣ ਦੀ ਆਸ ਕੀਤੀ ਜਾ ਸਕਦੀ ਹੈ। ਕਿਉਂਕਿ ! ਬੱਚੇ ਦਾ ਹੱਸਣਾ ਤੇ ਫੁੱਲ ਦਾ ਖਿੜਨਾ ਹੀ ਜਹਾਨ ਦੀ ਖੂਬਸੂਰਤੀ ਹੈ।

# ਲਿਖਣ ਬੋਲਣ ਅਤੇ ਅਜ਼ਾਦੀ

ਮਨੁੱਖ ਜੀਊਂਦਾ ਭਾਵੇਂ ਕਿਧਰੇ ਵੀ ਹੋਵੇ ਪਰ ਇਕ ਤਮੰਨਾ ਹਰ ਕਿਸੇ ਦੇ ਮਨ ਵਿਚ ਹੁੰਦੀ ਹੈ ਕਿ ਉਹਦੇ ਜੀਊਣ ਉੱਤੇ ਕਿਸੇ ਤਰ੍ਹਾਂ ਦੀਆਂ ਵੀ ਗੈਰ ਜ਼ਰੂਰੀ ਪਾਬੰਦੀਆਂ ਨਾ ਹੋਣ। ਉਹ ਆਪਣੇ ਆਪ ਨੂੰ ਅਜਾਦ ਸਮਝੇ ਹੀ ਨਾ, ਹੋਵੇ ਵੀ। ਜੋ ਸੋਚਦਾ ਹੋਵੇ ਲਿਖਕੇ ਜਾਂ ਬੋਲ ਕੇ ਕਿਸੇ ਡਰ-ਭੌਅ ਤੋਂ ਬਿਨਾ ਉਹ ਕੁੱਝ ਲਿਖ/ਕਹਿ ਸਕਣ ਦਾ ਹੱਕ ਵੀ ਰੱਖਦਾ ਹੋਵੇ। ਤਦ ਹੀ ਅਜਾਦੀ ਵਾਲਾ ਅਹਿਸਾਸ ਜੀਵਿਆ ਜਾ ਸਕਦਾ ਹੈ, ਜੀਵੇ ਇਸ ਅਹਿਸਾਸ ਦਾ ਆਨੰਦ ਮਾਣਿਆ ਜਾ ਸਕਦਾ ਹੈ। ਜ਼ਿੰਦਗੀ ਜੀਊਣ ਦਾ ਦਾਅਵਾ ਕੀਤਾ ਜਾ ਸਕਦਾ ਹੈ।

ਵੱਖੋ ਵੱਖ ਮੁਲਕਾਂ ਵਲ ਨਿਗਾਹ ਮਾਰਿਆਂ ਇਹ ਆਮ ਹੀ ਦੇਖਣ ਸੁਣਨ ਨੂੰ ਮਿਲਦਾ ਹੈ ਕਿ ਰਾਜ ਸੱਤਾ ਵਲੋਂ ਲਿਖਣ, ਬੋਲਣ ਦੀ ਅਜਾਦੀ ਨੂੰ ਧੱਕੇ ਅਤੇ ਜਬਰ/ਤਾਕਤ ਨਾਲ ਦਬਾਉਣ ਜਾਂ ਖਤਮ ਕਰਨ ਦੇ ਜਤਨ ਕੀਤੇ ਜਾਂਦੇ ਹਨ। ਉਸ ਮਨੁੱਖ ਨੂੰ ਜੋ ਬੋਲਾਂ ਜਾਂ ਸ਼ਬਦਾਂ ਰਾਹੀਂ ਲੋਕਾਂ ਦੀ ਅਜਾਦੀ ਦੀ ਗੱਲ ਕਰਦਾ ਹੋਵੇ। ਲੋਕਾਂ ਦੇ ਮਾਣ ਭਰੇ ਜੀਵਨ ਦੀ ਬਾਤ ਪਾਉਂਦਾ ਹੋਵੇ ਉਸਨੂੰ ਦਬਾਉਣ ਦਾ ਹਰ ਹੀਲੇ ਜਤਨ ਕੀਤਾ ਜਾਂਦਾ ਹੈ। ਪੁਲੀਸ, ਮਿਲਟਰੀ ਆਦਿ ਰਾਹੀਂ ਮਾਨਸਿਕ ਅਤੇ ਸਰੀਰਕ ਜਬਰ ਦੇ ਬੇਲਣੇ ਵਿਚੋਂ ਲੰਘਾਇਆ ਜਾਂਦਾ ਹੈ। ਉਹਨੂੰ ਇੱਥੋਂ ਤੱਕ ਤੰਗ-ਪਰੇਸ਼ਾਨ ਕੀਤਾ ਜਾਂਦਾ ਹੈ ਕਿ ਉਸਦਾ ਆਪਾ ਤਿੜਕ, ਟੁੱਟ ਤੇ ਬਿਖਰ ਜਾਵੇ ਤੇ ਉਹ ਆਪਣੇ ਆਪ ਨੂੰ ਹੀ ਭੁੱਲ ਜਾਵੇ। ਇਸ ਸਥਿਤੀ ਵਿਚ ਉਹਨੂੰ ਲਾਲਚ ਵੀ ਦਿੱਤੇ ਜਾਂਦੇ ਹਨ। ਪਰ ਲਿਖਣ, ਬੋਲਣ ਦੇ ਰਾਹੇ ਪੈਣ ਵਾਲੇ ਦਲੀਲ ਭਰੀ ਵਿਗਸੀ ਹੋਈ ਸੂਝ, ਨਿੱਤਰੀ ਸੋਚ ਅਤੇ ਜਾਗਦੀ ਹੋਈ ਜ਼ਮੀਰ ਵਾਲੇ ਲੋਕਾਂ ਉੱਤੇ ਉੱਘੇ ਲੇਖਕ ਹੈਮਿੰਗਵੇ ਦੇ ਇਹ ਸ਼ਬਦ ਭਾਰੂ ਰਹਿੰਦੇ ਹਨ ਕਿ 'ਮਨੁੱਖ ਨੂੰ ਤਬਾਹ ਤਾਂ ਕੀਤਾ ਜਾ ਸਕਦਾ ਹੈ ਪਰ ਹਰਾਇਆ ਨਹੀਂ ਜਾ ਸਕਦਾ'। ਹਾਰ ਜਾਣਾ ਸਿਰਫ ਕਮਜ਼ੋਰਾਂ ਦੇ ਹਿੱਸੇ ਆਉਂਦਾ ਹੈ। ਜਾਗਦੇ, ਸੁਚੇਤ ਲੋਕ ਆਪਣੇ ਹੱਕਾਂ ਖਾਤਰ ਜੂਝਦੇ ਹਨ। ਆਪਣੀ ਦਲੀਲ ਭਰੀ/ਤਰਕਸ਼ੀਲ ਸੂਝ ਦੇ ਚਾਨਣ ਨਾਲ ਗਿਆਨ ਵੰਡਦੇ ਹਨ।

ਅਵਾਮ ਜਾਂ ਲੋਕ ਸ਼ਬਦਾਂ ਨਾਲ ਹਾਕਮਾਂ ਦਾ ਵਾਸਤਾ ਸਿਰਫ ਵੋਟ ਪੁਆਉਣ ਜਾਂ ਖਰੀਦਣ ਤੱਕ ਹੀ ਹੁੰਦਾ ਹੈ। ਚੁਣੇ ਜਾਣ ਤੋਂ ਬਾਅਦ ਫੇਰ ਉਹ ਜੜੀ-ਜਮਹੂਰੀਅਤ ਨੂੰ ਨੇੜੇ ਨਹੀਂ ਢੁੱਕਣ ਦਿੰਦੇ। ਇਸ ਸਾਰੇ ਸਮੇਂ ਲੋਕ ਤਾਂ ਰਾਜ-ਪ੍ਰਬੰਧ ਵਿਚੋਂ ਖਾਰਜ ਹੁੰਦੇ ਹਨ। ਸਿਰਫ ਟੈਕਸ ਤਾਰਨੇ ਅਤੇ ਮੁਲਕ ਦੇ ਸਾਊ ਢੱਗੇ ਬਣਕੇ ਹਾਕਮਾਂ ਦੀ ਰਜ਼ਾ ਵਿਚ ਚੱਲਣਾਂ ਉਨ੍ਹਾਂ ਦੇ ਫਰਜ਼ ਹੁੰਦੇ ਹਨ।



ਸ਼ਬਦ ਜਮਹੂਰੀਅਤ ਦੀ ਰੂਹ ਹੁੰਦੇ ਹਨ। ਜਿੱਥੇ ਵੀ ਲਿਖਣ-ਬੋਲਣ 'ਤੇ ਪਾਬੰਦੀ ਲਗਦੀ ਹੋਵੇ, ਸ਼ਬਦਾਂ ਨੂੰ ਪਹਿਰੇ ਹੇਠ ਰੱਖਿਆ ਜਾਂਦਾ ਹੋਵੇ, ਲੋਕ ਹਿਤਾਂ/ਹੱਕਾਂ ਵਲ ਖੜ੍ਹਨ ਵਾਲੇ ਸ਼ਬਦਾਂ ਵਾਲਿਆਂ ਨੂੰ ਜੇਲਾਂ ਵਿਚ ਡੱਕਿਆ ਜਾਂਦਾ ਹੋਵੇ ਫੇਰ ਵੀ ਉੱਥੇ ਜਮਹੂਰੀਅਤ ਦੀ ਡੌਂਡੀ ਪਿੱਟੀ ਜਾਂਦੀ ਹੋਵੇ ਤਾਂ ਇਸ ਨੂੰ ਉਨ੍ਹਾਂ ਸਰਕਾਰਾਂ ਦੀ ਬੇਸ਼ਰਮੀ ਹੀ ਆਖਿਆ ਜਾ ਸਕਦਾ ਹੈ। ਇਹ ਸੱਚ ਬਿਲਕੁੱਲ ਨਹੀਂ ਹੁੰਦਾ। ਲੋਕਾਂ ਦੇ ਸੰਵਿਧਾਨਕ ਹੱਕਾਂ 'ਤੇ ਡਾਕੇ ਮਾਰਨ ਵਾਲੀਆਂ ਸਰਕਾਰਾਂ ਵੀ ਆਪਣੇ ਆਪ ਨੂੰ ਪਾਕਿ-ਸਾਫ ਹੋਣ ਦਾ ਪ੍ਰਚਾਰ ਕਰਦੀਆਂ ਰਹਿੰਦੀਆਂ ਹਨ। ਕਾਫੀ ਸਾਰੇ ਮੁਲਕਾਂ ਅੰਦਰ ਲੇਖਕਾਂ, ਪੱਤਰਕਾਰਾਂ ਤੇ ਅਦੀਬਾਂ ਦੇ ਜੇਲੀਂ ਡੱਕੇ ਹੋਣ ਦੀਆਂ ਖਬਰਾਂ ਨਿੱਤ ਪੜ੍ਹਨ ਨੂੰ ਮਿਲਦੀਆਂ ਹਨ। ਜੇ ਗੱਲ ਸਰਕਾਰੀ ਪ੍ਰਚਾਰ ਸਾਧਨਾਂ/ਸਰਕਾਰੀ ਢਾਂਚੇ ਰਾਹੀਂ ਸ਼ਬਦਾਂ/ਬੋਲਾਂ ਵਾਲਿਆਂ ਨੂੰ ਹੀਣੇ ਕਰਨ ਦੀ ਕੀਤੀ ਜਾਵੇ ਤਾਂ ਹਾਲਤ ਕਿਧਰੇ ਵੀ ਬਹੁਤੇ ਸੁਖਾਵੇਂ ਨਹੀਂ ਕਹੇ ਜਾ ਸਕਦੇ।

ਆਪਣੇ ਲੋਕਾਂ ਨਾਲ ਖੜ੍ਹੇ ਹੋਣ ਵਾਲੇ, ਉਨ੍ਹਾਂ ਦੇ ਹੱਕਾਂ ਖਾਤਰ ਉਨ੍ਹਾਂ ਨੂੰ ਸੋਝੀ ਦੇਣ ਵਾਲੇ ਅਦੀਬ ਸਦਾ ਹੀ ਜਤਨ ਕਰਦੇ ਹਨ ਕਿ ਉਹ ਆਪਣੇ ਲੋਕਾਂ ਦੇ ਦੁੱਖਾਂ, ਭੁੱਖਾਂ ਤੇ ਦਰਦਾਂ ਦੀ ਗੱਲ ਕਰਨ। ਪਰ ਉਨ੍ਹਾਂ ਕੋਲ ਬਹੁਤ ਸਾਰੇ ਸਾਧਨ ਨਹੀਂ ਹੁੰਦੇ। ਸਰਕਾਰੀ ਪ੍ਰਚਾਰ ਸਾਧਨ ਉਨ੍ਹਾਂ ਦੀ ਸੋਚ ਅਤੇ ਉਨ੍ਹਾਂ ਦੇ ਕਹੇ ਸੱਚ ਨੂੰ ਸਰਕਾਰੀ ਮਨਸ਼ਾ ਅਨੁਸਾਰ ਲੋਕਾਂ ਤੱਕ ਪਹੁੰਚਣੋਂ ਰੋਕਦੇ ਹਨ। ਹਰ ਮੁਲਕ ਦੇ ਸੰਵਿਧਾਨ ਅੰਦਰ ਹਰ ਕਿਸੇ ਨਾਗਰਿਕ ਵਾਸਤੇ ਬਰਾਬਰੀ, ਲਿਖਣ ਅਤੇ ਬੋਲਣ ਦੀ ਅਜਾਦੀ ਦਾ ਅਧਿਕਾਰ ਦਰਜ ਹੈ, ਪਰ ਆਮ ਕਰਕੇ ਰਾਜ ਸੱਤਾ ਤੇ ਕਾਬਜ ਸੱਤਾਧਾਰੀ ਇਸ ਤੇ ਅਮਲ ਨਹੀਂ ਹੋਣ ਦਿੰਦੇ। ਹਾਕਮ ਤਾਂ ਲੋਕਾਂ ਨੂੰ ਸਿਰਫ ਉਨ੍ਹਾਂ ਦੇ ਫ਼ਰਜ਼ ਪੂਰੇ ਕਰਨ ਦੀ ਦੁਹਾਈ ਪਾਉਂਦੇ ਹਨ। ਪਰ ਆਪ.....।

ਮੁਲਕਾਂ ਦੇ ਰਾਜ ਪ੍ਰਬੰਧਾਂ ਨੂੰ ਚਲਾਉਣ ਵਾਲੇ ਵਜ਼ੀਰ ਅਤੇ ਉਨ੍ਹਾਂ ਦੇ ਕਰਿੰਦੇ ਭਾਵ ਅਫਸਰ ਸੰਵਿਧਾਨ ਦੇ ਨਾਂ 'ਤੇ ਕਸਮਾਂ 'ਖਾਂਦੇ' ਹਨ (ਉਹ ਕਸਮਾਂ ਪਾਲਦੇ ਨਹੀਂ ਸਗੋਂ ਕਸਮਾਂ ਦੇ ਨਾਲ ਨਾਲ ਕਈ ਕੁੱਝ ਹੋਰ ਵੀ ਖਾਂਦੇ ਹਨ) ਉਹ ਈਮਾਨਦਾਰੀ ਨਾਲ ਆਪਣੇ ਫਰਜ਼ਾਂ ਦੀ ਪਾਲਣਾ ਦਾ ਹਲਫ ਲੈਂਦੇ ਹਨ। ਪਰ ਕੀ ਉਹ ਅਜਿਹਾ ਕਰਦੇ ਵੀ ਹਨ? ਨਾ ਜੀ ਨਾ, ਉਹ ਤਾਂ ਵਜੀਰ/ਅਫਸਰ ਦੇ ਨਾਵਾਂ ਵਾਲੇ ਹਾਕਮ ਹੁੰਦੇ ਹਨ। ਉਹ ਕੋਈ ਸਾਧਾਰਨ ਲੋਕ ਤਾਂ ਨਹੀਂ ਹੁੰਦੇ ਜੋ ਆਪਣੀ ਨੈਤਿਕਤਾ ਜਾਂ ਜ਼ਮੀਰ ਬਾਰੇ ਵੀ ਸੋਚਣ। ਉਹ ਤਾਂ ਆਪਣੇ ਕਹੇ ਹੋਏ ਤੋਂ ਮੁੱਕਰ ਜਾਣ ਦੇ ਪੱਕੇ ਆਦੀ ਹੁੰਦੇ ਹਨ। ਮੁੱਕਰ ਜਾਣਾ ਹੀ ਦਰਸਾਉਂਦਾ ਹੈ ਕਿ ਉਹ ਆਪਣੀ ਹੀ ਚੁੱਕੀ ਜਾਂ ਖਾਧੀ (ਜਾਂ ਖਾਧੀ-ਪੀਤੀ) ਕਸਮ ਦੇ ਆਪ ਹੀ ਚਪੇੜਾਂ ਮਾਰਨ ਦਾ ਕਾਰਜ ਕਰਦੇ ਹਨ। ਕੀ ਇਹ ਸਾਊਆਂ ਵਾਲਾ ਕੰਮ ਹੈ? ਕੀ ਕਿਸੇ ਦੇਸ਼ ਦੇ ਸਾਊ ਧੀਆਂ-ਪੁੱਤ ਇੰਜ ਵੀ ਕਰਦੇ ਹੁੰਦੇ ਹਨ ਕਿ ਆਪਣੇ ਹੀ ਕਹੇ ਹੋਏ ਨੂੰ ਨਕਾਰਦੇ ਫਿਰਨ ਅਤੇ ਉਹਦੇ ਤੇ ਥੁੱਕਦੇ ਫਿਰਨ? ਕੀ ਇਸਨੂੰ ਜਮਹੂਰੀ ਚਲਣ ਵੀ ਕਿਹਾ ਜਾ ਸਕਦਾ ਹੈ?

ਕਿਸੇ ਵੀ ਅਦੀਬ ਵਲੋਂ ਇਨ੍ਹਾਂ ਸਰਕਾਰੀ ਪ੍ਰਚਾਰ ਸਾਧਨਾਂ (ਸਰਕਾਰੀ ਮੀਡੀਆ ਜਾਂ ਪ੍ਰਕਾਸ਼ਨ) ਉੱਤੇ ਪੇਸ਼ ਕਰਨ ਵਾਲੀ ਰਚਨਾ ਨੂੰ ਕਹਿੰਦੇ ਹਨ ਕਿ ਪਹਿਲਾਂ ਪਾਸ ਕੀਤਾ

ਜਾਂਦਾ ਹੈ। ਪਾਸ ਤੋਂ ਸਿੱਧਾ ਜਿਹਾ ਹੀ ਭਾਵ ਹੈ ਕਿ ਉਹ ਰਚਨਾ ਹਾਕਮ ਜਮਾਤ ਅਤੇ ਹਾਕਮਾਂ ਨੂੰ ਸੂਤ ਬੈਠਦੀ ਹੋਵੇ। ਸਰਕਾਰੀ ਪ੍ਰਚਾਰ ਸਾਧਨਾ ਰਾਹੀਂ ਜੇ ਕਿਸੇ ਨੇ ਆਪਣੀ ਰਚਨਾ ਪੇਸ਼ ਕਰਨੀ ਹੋਵੇ ਤਾਂ ਪਹਿਲਾਂ ਉਸ ਰਚਨਾਂ ਨੂੰ ਸੋਧਿਆ ਜਾਂਦਾ ਹੈ। ਉੱਚੀਆਂ ਕੁਰਸੀਆਂ 'ਤੇ ਬੈਠੇ ਕਾਫੀ ਸਾਰੇ ਛੋਟੇ ਲੋਕ ਆਪਣੇ ਸਿਆਣੇ ਹੋਣ ਦਾ ਭਰਮ ਪਾਲਦੇ ਹਨ। ਉਨ੍ਹਾਂ ਵਲੋਂ ਹੀ ਸਾਹਿਤ ਦੇ ਪੁਲਸੀਏ ਬਣਕੇ ਉਸਨੂੰ 'ਤਸੀਹੇ' ਦਿੱਤੇ ਜਾਂਦੇ ਹਨ ਤਾਂ ਕਿ ਸਰਕਾਰ ਜਾਂ ਸਰਕਾਰੀ ਪਾਲਿਸੀ ਨੂੰ ਸੇਕ ਜਾਂ ਤੱਤੀ ਵਾਅ ਨਾ ਲੱਗੇ ਭਾਵ ਲੋਕਾਂ ਤੱਕ ਉਨ੍ਹਾਂ ਦੇ ਅਦੀਬ ਦੀ ਗੱਲ ਉਵੇਂ ਨਾ ਪਹੁੰਚੇ ਜਿਵੇਂ ਉਹ ਚਾਹੁੰਦਾ ਹੈ ਸਗੋਂ ਉਵੇਂ ਪਹੁੰਚੇ ਜਿਵੇਂ "ਜਮਹੂਰੀ" ਸਰਕਾਰ ਚਾਹੁੰਦੀ ਹੋਵੇ। ਭਲਾਂ ਇਹੋ ਹੈ ਕਿਸੇ ਸੰਵਿਧਾਨ ਵਲੋਂ ਦਿੱਤੇ ਅਧਿਕਾਰਾਂ ਦੀ ਰਾਖੀ? ਕੀ ਇਹ ਸੰਵਿਧਾਨ ਦੀ ਤੌਹੀਨ ਕਰਨਾ ਨਹੀਂ? ਅਦੀਬ ਜਾਂ ਹੋਰ ਸੂਝਵਾਨ ਜਿਨ੍ਹਾਂ ਦਾ ਮਾਣ ਸਤਿਕਾਰ ਹੋਣਾ ਚਾਹੀਦਾ ਹੈ ਸਰਕਾਰੀ ਤੰਤਰ ਵਲੋਂ ਉਨ੍ਹਾਂ ਨੂੰ ਵਿਚਾਰੇ ਜਹੇ ਬਣਾ ਦਿੱਤਾ ਜਾਂਦਾ ਹੈ। ਕੀ ਉਹ ਫੇਰ ਵੀ ਆਪਣੇ ਆਪ ਨੂੰ ਅਜਾਦ ਹੋਣ ਦਾ ਅਹਿਸਾਸ ਪਾਲਦੇ ਰਹਿਣ?

ਉਂਜ ਅਦੀਬ ਹੋਰ ਕਿਸਮ ਦੇ ਵੀ ਹਨ ਜੋ ਅਕਸਰ ਹੀ ਉੱਚੀ ਜ਼ਮੀਰ ਦੀ ਡੌਂਡੀ ਤਾਂ ਪਿੱਟਦੇ ਹਨ ਪਰ ਉਹ ਇਨ੍ਹਾਂ "ਸੱਭਿਆ" ਤਸੀਹੇਦਾਰਾਂ ਦੇ ਅੱਗੇ-ਪਿੱਛੇ ਵਿਚਾਰੇ ਜਹੇ ਬਣਕੇ ਫਿਰਦੇ ਰਹਿੰਦੇ ਹਨ। ਕੀ ਉਹ ਸ਼ਬਦਾਂ ਦੇ ਰਚਣਹਾਰੇ ਆਪਣੇ ਲੋਕਾਂ ਤੇ ਆਪਣੇ ਅਵਾਮ ਦੀ ਸਹੀ ਤਸਵੀਰ ਪੇਸ਼ ਕਰਨ ਦੇ ਯੋਗ ਹੋ ਸਕਦੇ ਹਨ? ਨਹੀਂ ਜੀ, ਉਹ ਤਾਂ ਟੁੱਟੀਆਂ ਜਹੀਆਂ ਗਰਜਾਂ ਦੇ ਮਾਰੇ ਹੋਏ ਜੀਉੜੇ ਹੁੰਦੇ ਹਨ। ਜਿਨ੍ਹਾਂ ਨੂੰ ਸਮੇਂ ਦੀਆਂ ਹਕੂਮਤਾਂ ਸਦਾ ਹੀ ਚਾਂਦੀ ਦੀ ਜੁੱਤੀ ਹੇਠ ਰਖਦੀਆਂ ਹਨ ਜਿਸ ਦੇ ਬਦਲੇ ਵਿਚ ਉਹ ਆਪਣੀ ਜ਼ਮੀਰ ਦੀ ਗੱਲ ਸੁਣਨੋਂ ਹਟ ਜਾਂਦੇ ਹਨ ਅਤੇ ਪ੍ਰਾਪਤ ਹੋਏ ਕੁੱਝ ਤਰਸ ਭਰੇ ਟੁਕੜਿਆਂ ਦੇ ਆਸਰੇ "ਮਾਣ ਭਰਿਆ" ਜੀਵਨ ਜੀਊਣ ਦਾ ਦੰਭ ਪਾਲਦੇ ਹਨ।

ਜਦੋਂ ਵੀ ਸੋਚ, ਸੂਝ ਅਤੇ ਸੱਚੀ ਜ਼ਮੀਰ ਵਾਲੇ ਅਦੀਬਾਂ ਨੇ ਲੋਕਾਂ ਦੀ ਗੱਲ ਕੀਤੀ ਤਾਂ ਲੋਕਾਂ ਨੇ ਉਨ੍ਹਾਂ ਨੂੰ ਆਪਣੇ ਜਾਣਦਿਆਂ ਨਿੱਘ ਤੇ ਮੋਹ ਭਰਿਆ ਮਾਣ ਦਿੱਤਾ। ਉਨ੍ਹਾਂ ਲੇਖਕਾਂ ਨੇ ਆਪਣੀ ਲਿਖਣ, ਬੋਲਣ ਦੀ ਅਜਾਦੀ ਬਦਲੇ ਕਦੇ ਵੀ ਕੋਈ ਸਮਝੌਤਾ ਨਹੀਂ ਕੀਤਾ। ਇਹੋ ਜਹੇ ਅਦੀਬ ਹੀ ਆਪਣੇ ਲੋਕਾਂ ਦਾ ਵੱਡਾ ਸਰਮਾਇਆ ਹੁੰਦੇ ਹਨ। ਮੁਲਕਾਂ ਕੌਮਾਂ ਦਾ ਮਾਣ ਅਤੇ ਸ਼ਾਨ ਹੁੰਦੇ ਹਨ ਅਤੇ ਇਤਿਹਾਸ ਵਿਚ ਇਹ ਸਮੇਂ ਦੇ ਸਾਹਿਤਕ ਸੂਰਮੇ ਵੀ ਅਖਵਾਉਂਦੇ ਹਨ।



# ਪਹਿਰੇਦਾਰੀ

ਮਨੁਖੀ ਸੁਭਾਅ ਬਹੁ-ਪਰਤੀ ਹੈ, ਇਹ ਸਦਾ ਹੀ ਟਿਕਾਅ ਦੀ ਸਥਿਤੀ ਵਿੱਚ ਨਹੀਂ ਰਹਿੰਦਾ ਅਕਸਰ ਲੋਕਾਂ ਵਿੱਚ ਹੁੰਦੀਆਂ ਤਬਦੀਲੀਆਂ ਦੇਖੀਆਂ ਜਾ ਸਕਦੀਆਂ ਹਨ, ਪਰ ਜਿਹੜਾ ਮਨੁੱਖੀ ਵਤੀਰਾ ਹਾਂ-ਪੱਖੀ ਰੁਝਾਨਾਂ ਵੱਲ ਕਦਮ ਲੈ ਕੇ ਤੁਰਦਾ ਹੈ, ਓਹ ਸਖਤ ਇਰਾਦੇ ਤੇ ਨੈਤਿਕਤਾ ਦੀ ਮੰਗ ਕਰਦਾ ਹੈ । ਇਸ ਨੈਤਿਕਤਾ ਦੇ ਮਿਆਰ ਕੀ ਹੋਣ, ਕੌਣ ਇਸ ਦੀ ਪਰਵਾਹ ਕਰੇ ਤੇ ਕਿਉਂ ? ਸਿਆਣੇ ਲੋਕ ਇਸ ਉੱਤੇ ਅਕਸਰ ਵਿਚਾਰ ਕਰਦੇ ਹਨ, ਇਸ ਕਾਰਜ ਵਾਸਤੇ ਛੋਟੇ-ਵੱਡੇ ਇਕੱਠਾਂ ਦਾ ਪ੍ਰਬੰਧ ਕੀਤਾ ਜਾਦਾ ਹੈ ।

ਜਰਮਨੀ ਦੇ ਸ਼ਹਿਰ ਫਰੈਂਕਫਰਟ ਵਿੱਚ ਹਰ ਸਾਲ ਅਕਤੂਬਰ ਦੇ ਮਹੀਨੇ ਪੁਸਤਕ ਮੇਲਾ ਲੱਗਦਾ ਹੈ, ਇਸ ਵਿੱਚ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਵਿੱਚੋ ਹਜ਼ਾਰਾਂ ਹੀ ਪ੍ਰਕਾਸ਼ਕ ਭਾਗ ਲੈਂਦੇ ਹਨ । ਨਵੀਆਂ ਛਪੀਆਂ ਪੁਸਤਕਾਂ ਅਤੇ ਓਹਨਾਂ ਦੇ ਰਚਣਹਾਰਿਆਂ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾਂ ਜਾਂਦਾ ਹੈ । ਪੁਸਤਕਾਂ ਦੇ ਤਬਾਦਲੇ ਭਾਵ ਅਨੁਵਾਦ ਆਦਿ ਦੇ ਸਮਝੌਤੇ (ਸੌਦੇ) ਹੁੰਦੇ ਹਨ, ਲਿਖਤਾਂ ਦਾ ਪਸਾਰ ਹੁੰਦਾ ਹੈ, ਦੁਨੀਆਂ ਅੰਦਰ ਸਮਝਦਾਰੀ ਦਾ ਘੇਰਾ ਵਧਦਾ ਹੈ । ਛਾਪੇ ਖਾਨੇ ਵਿਚ ਨਵੀਂ ਵਿਕਾਸ ਕਰ ਰਹੀ ਤਕਨੀਕ ਉੱਤੇ ਚਾਨਣਾ ਪਾਇਆ ਜਾਂਦਾਂ ਹੈ। ਇਕ ਮੁਲਕ ਨੂੰ ਇਸ ਮੇਲੇ ਦੇ ਵਿਸ਼ੇ ਵਜੋ ਮਹਿਮਾਨ ਬਣਾ ਕੇ ਉਸ ਦੇ ਸਾਹਿਤ, ਸੱਭਿਆਚਾਰ ਨੂੰ ਖਾਸ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ ਅਤੇ ਉਸਦਾ ਪਰਚਾਰ ਕੀਤਾ ਜਾਂਦਾ ਹੈ ।

ਇਸ ਦੇ ਨਾਲ ਹੀ ਇਸ ਮੇਲੇ ਦੇ ਪ੍ਰਬੰਧਕ, ਪਬਲਿਸ਼ਰਾ ਦੀ ਜਥਬੰਦੀ ਵਜੋ ਹਰ ਸਾਲ ਕਿਸੇ ਜਾਣੇ-ਪਹਿਚਾਣੇ, ਮਨੱਖੀ ਕਦਰਾ-ਕੀਮਤਾਂ ਦੀ ਰਾਖੀ ਕਰਨ ਵਾਲੇ, ਮਨੁੱਖਤਾ ਦੀ ਭਲਾਈ ਦਾ ਹੋਕਾ ਦੇਣ ਵਾਲੇ, ਉੱਚੇ ਕੱਦ ਵਾਲੇ ਲੇਖਕ ਅਤੇ ਉਸਦੇ ਹੌਸਲੇ ਨੂੰ ਥਾਪੀ ਦੇਣ ਲਈ ਅਤੇ ਉਸਦੀ ਸਿਦਕਦਿਲੀ ਤੇ ਦ੍ਰਿੜਤਾ ਨੂੰ ਸਲਾਮ ਕਰਨ ਵਾਸਤੇ ਸ਼ਾਂਤੀ ਪੁਰਸਕਾਰ ਦਿੱਤਾ ਜਾਂਦਾ ਹੈ । ਜਿਸ ਨਾਲ ਦੁਨੀਆ ਦੇ ਸਾਹਿਤਕ ਹਲਕਿਆਂ ਅੰਦਰ ਉਸ ਦਾ ਕੱਦ ਹੋਰ ਉੱਚਾ ਹੋ ਜਾਂਦਾਂ ਹੈ । ਇਹ ਇਨਾਮ ਬੁਕਰ ਇਨਾਮ ਜਿੰਨਾ ਕੱਦ ਰੱਖਦਾ ਹੈ।

ਕੁੱਝ ਸਾਲ ਹੋਏ ਇਹ ਸ਼ਾਂਤੀ ਪੁਰਸਕਾਰ ਤੁਰਕੀ ਦੇ ਕੁਰਦ ਪਿਛੋਕੜ ਵਾਲੇ ਉੱਘੇ ਲੇਖਕ ਯਾਸਰ ਕੇਮਾਲ (74) ਨੂੰ ਦਿੱਤਾ ਗਿਆ ਸੀ। ਅਨਾਤੋਲੀਆਂ ਇਲਾਕੇ ਅੰਦਰ ਖਾਂਦੇ-ਪੀਦੇ ਘਰ ਦਾ ਜੰਮਿਆ ਕੇਮਾਲ ਆਪਣੀ 17 ਸਾਲਾਂ ਦੀ ਉਮਰ ਤੋ ਸਾਹਿਤ ਵਾਲੇ ਪਾਸੇ ਪੈ ਗਿਆ ਸੀ । ਅੱਜ ਉਹ ਤੁਰਕੀ ਦਾ ਸਭ ਤੋਂ ਵੱਧ ਪੜ੍ਹਿਅ ਜਾਣ ਵਾਲਾ ਲੇਖਕ

ਹੈ। ਜੋ ਆਪਣੀ ਸਾਰੀ ਜ਼ਿੰਦਗੀ ਹੀ ਆਪਣੇ ਲੋਕਾ ਦੇ ਸੰਗ ਖੜ੍ਹਿਆ, ਉਹਨੇ ਲੋਕਾਈ ਦੇ ਦਰਦ ਨੂੰ ਆਪਣੇ ਦਿਲ ਦਿਮਾਗ ਅਤੇ ਪਿੰਡੇ ਤੇ ਹੰਢਾਇਆ ਜਿਸ ਖਾਤਰ ਉਹਨੂੰ ਭਾਰੀ ਕੀਮਤ ਵੀ ਤਾਰਨੀ ਪਈ, ਹਕੂਮਤੀ (ਪੁਲਸੀ) ਜਬਰ, ਜੇਲ੍ਹ ਬੰਦੀਆ ਤੇ ਅਦਾਲਤਾਂ ਵਿੱਚ ਵਰ੍ਹਿਆ ਬੱਧੀ ਧੱਕੇ ਖਾਣੇ ਪਏ, ਖੱਜਲ਼ ਹੋਣਾ ਪਿਆ ਪਰ ਉਹ ਡਰਿਆ ਬਿਲਕੁੱਲ ਨਹੀਂ, ਉਸਨੇ ਕਲਮ ਨਾਲ ਹਨੇਰਿਆਂ ਨੂੰ ਪਾੜਨ ਦਾ ਕਾਰਜ ਜਾਰੀ ਰੱਖਿਆ ਅਤੇ ਸਿਦਕ ਪਾਲਦਾ ਰਿਹਾ । ਲੇਖਕ ਦੀਆਂ ਉੱਚੀਆਂ ਕਦਰਾਂ ਕੀਮਤਾਂ ਦੀ ਰਾਖੀ ਉਸ ਦਾ ਆਦਰਸ਼ ਰਿਹਾ ।

ਯਾਸਰ ਕੇਮਾਲ ਦੀਆਂ ਲਿਖਤਾ ਲੁੱਟੇ-ਪੁੱਟੇ ਜਾਂਦੇ ਗਰੀਬਾਂ ਦੇ ਹੱਕ ਵਿੱਚ ਭੁਗਤਦੀਆਂ ਹਨ। ਉਸ ਦੀਆਂ ਲਿਖਤਾ ਵਿੱਚ ਜੰਗ ਦੀ ਵਿਰੋਧਤਾ ਅਤੇ ਅਮਨ ਦਾ ਪ੍ਰਚਾਰ ਉੱਚੀਆਂ ਸੁਰਾਂ ਵਿੱਚ ਬੋਲਦਾ ਹੈ। ਉਸ ਦੀਆਂ ਲਿਖਤਾਂ ਮਨੁੱਖਤਾ ਅੰਦਰਲੇ ਭਰੱਪਣ ਦਾ ਦਮ ਭਰਦੀਆਂ ਹਨ। ਇਨਾਮ ਦੇਣ ਵਾਲਿਆ ਨੇ ਓਹਨੂੰ ਮਨੁੱਖੀ ਅਧਿਕਾਰਾਂ ਦਾ ਝੰਡਾ ਬਰਦਾਰ ਗਰਦਾਨਦਿਆਂ ਉਹਦੇ ਵਲੋਂ ਲੋਕ ਸਮੂਹਾਂ ਵੱਲ ਖੜ੍ਹਨ ਦੀ ਪ੍ਰਸੰਸਾ ਕੀਤੀ । ਇਸ ਤੋ ਵੱਡੀ ਥਾਪੀ ਉਸ ਦੀ ਕਲਮ ਲਈ ਕੀ ਹੋ ਸਕਦੀ ਹੈ ?

ਇਹ ਇਨਾਮ ਦੇਣ ਦੀ ਰਸਮ ਆਪਣੇ ਹੀ ਢੰਗ ਨਾਲ ਚੱਲਦੀ ਹੈ, ਲੇਖਕ ਦੇ ਮਾਣ ਵਿੱਚ ਦਿੱਤੇ ਜਾਣ ਵਾਲੇ ਸਵਾਗਤੀ ਭਾਸ਼ਣ ਲਈ ਕਿਸੇ ਉੱਘੇ ਕਲਮਕਾਰ ਨੂੰ ਚੁਣਿਆ ਜਾਂਦਾ ਹੈ। ਯਾਸਰ ਕੇਮਾਲ ਦੇ ਮਾਣ ਵਿੱਚ ਸਵਾਗਤੀ ਭਾਸ਼ਣ ਜਰਮਨੀ ਦੇ ਨੋਬਲ ਪੁਰਸਕਾਰ ਜੇਤੂ ਉੱਘੇ ਲੇਖਕ ਗੁੰਟਰ ਗਰਾਸ ਨੇ ਦਿੱਤਾ, ਜੋ ਹਾਇਨਰਿਖਬੋਲ (ਨੋਬਲ ਇਨਾਮ ਜੇਤੂ) ਤੋਂ ਬਾਅਦ ਲੋਕਾਂ ਸੰਗ ਖੜਨ ਵਾਲਾ ਉੱਚੇ ਤੇ ਸੁੱਚੇ ਕਿਰਦਾਰ ਵਾਲਾ ਜਰਮਨ ਲੇਖਕ ਹੈ। ਉਹ ਖੁਦ ਮਨੁੱਖ ਨੂੰ ਕਦੇ ਵੀ ਆਪਣੀਆਂ ਲਿਖਤਾਂ ਵਿੱਚੋ ਖਾਰਜ ਨਹੀਂ ਹੋਣ ਦਿੰਦਾ ਹੈ ਤੇ ਨਾ ਹੀ ਨਿੱਤ ਦੇ ਕਰਮ ਵਿੱਚੋਂ। ਮਸਲਾ ਕਿਧਰੇ ਦਾ ਵੀ ਹੋਵੇ, ਲੇਖਕ ਕਿਧਰੇ ਵੀ ਤੰਗ ਕੀਤੇ ਜਾਣ, ਓਹ ਬਾਂਹ ਫੜਨ ਲਈ ਬਹੁੜਦਾ ਹੈ। ਗੱਲ ਭਾਵੇਂ ਅਮਰੀਕਾ ਦੀ ਹੋਵੇ, ਨਾਇਜੀਰੀਆ, ਅਲਜੀਰੀਆ, ਜਾਂ ਈਰਾਨੀ ਮੁੱਲਿਆ ਵੱਲੋ ਮੌਤ ਦੇ ਦੰਡ ਨਾਲ ਸਲਮਾਨ ਰਸ਼ਦੀ ਨੂੰ ਮਾਰ ਮੁਕਾਓਣ ਦੀ ਹੋਵੇ ਜਾਂ ਫੇਰ ਤਸਲੀਮਾ ਨਸਰੀਨ ਨੂੰ ਖੱਜਲ ਖੁਆਰ ਕਰਕੇ ਮੁਲਕੋ ਬਾਹਰ ਧੱਕਣ ਦੀ ਹੋਵੇ, ਗੁੰਟਰ ਗਰਾਸ ਸਦਾ ਹੀ ਉਚੀ ਸੁਰ ਵਿੱਚ ਬੇਇਨਸਾਫੀ ਦੇ ਖਿਲਾਫ ਬੋਲਿਆ ।

ਇਨਾਮ ਦੀ ਰਸਮ ਸਮੇ ਗਰਾਸ ਨੇ ਕੇਮਾਲ ਦੀਆਂ ਲਿਖਤਾ ਦੀ ਰੱਜ ਕੇ ਪ੍ਰਸੰਸਾ ਕੀਤੀ, ਓਹਨੂੰ ਮਨੁੱਖੀ ਹੱਕਾਂ ਦੀ ਰਾਖੀ ਕਰਦਾ ਜਿਗਰੇ ਵਾਲਾ ਲੇਖਕ ਕਿਹਾ ਅਤੇ ਉਹਨੇ ਜਰਮਨ ਸਰਕਾਰ ਦੀ ਤੁਰਕੀ ਨੂੰ ਹਥਿਆਰ ਵੇਚਣ ਦੇ ਅਮਲ ਦੀ ਨਿੰਦਾ ਕਰਦਿਆਂ ਇਸ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ। ਇਹਨਾਂ ਹਥਿਆਰਾਂ (ਜਿਹਨਾਂ ਵਿੱਚ ਟੈਂਕ ਤੱਕ ਸ਼ਾਮਿਲ ਹਨ) ਨਾਲ ਕੁਰਦਾਂ ਦਾ ਘਾਣ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਗਰਾਸ ਨੇ ਸਰਕਾਰ ਵੱਲੋ ਸਿਆਸੀ ਪਨਾਹ ਦੇ ਕਾਨੂੰਨ ਅੰਦਰ ਕੀਤੀਆਂ ਤਬਦੀਲੀਆਂ ਵੱਲ ਵੀ ਤਿੱਖੀ ਟਿੱਪਣੀ ਕੀਤੀ । ਜਿਸ ਨਾਲ ਸਰਕਾਰੀ ਹਲਕਿਆਂ ਅੰਦਰ ਤਿੱਖੀ ਪ੍ਰਤੀਕ੍ਰਿਆ



ਹੋਈ । ਉਸ ਦੀ ਤਕਰੀਰ ਨੇ ਮੁਲਕ ਦੇ ਲੋਕਾਂ ਖਾਸ ਕਰਕੇ ਬੁੱਧੀਜੀਵੀਆਂ ਨੂੰ ਟੁੰਬਿਆਂ ਪਰਵਾਸੀ ਤਾਂ ਉਸ ਤੋ ਬਹੁਤ ਖੁਸ਼ ਹੋਏ। ਯਾਸਰ ਕੇਮਾਲ ਨੇ ਆਪਣੇ ਭਾਸ਼ਣ ਵਿੱਚ ਆਪਣੇ ਲੇਖਕ ਬਣਨ ਦੀ ਪ੍ਰਤੀਕ੍ਰਿਆ ਬਾਰੇ ਗੱਲ ਸ਼ੁਰੂ ਕਰਦਿਆਂ ਆਖਿਆ ਕਿ ਕਈ ਵਾਰ ਉੱਥੇ ਤਾਨਾਸ਼ਾਹੀ ਤੇ ਜਮਹੂਰੀਅਤ ਦੇ ਫਰਕ ਦਾ ਪਤਾ ਹੀ ਨਹੀਂ ਲੱਗਦਾ ਉਨ੍ਹੇ ਕਿਹਾ ਕਿ ਤੁਰਕੀ ਤੇ ਕੁਰਦ ਬੁੱਧੀਜੀਵੀ ਇਸ ਬਰਬਰੀਅਤ ਭਰਪੂਰ ਜੰਗ ਨੂੰ ਛੇਤੀ ਖਤਮ ਹੋਇਆ ਦੇਖਣਾ ਚਾਹੁੰਦੇ ਹਨ। ਉਸ ਨੇ ਫਿਰ ਤੁਰਕੀ ਤੇ ਜਰਮਨ ਸਰਕਾਰ ਦੀ ਅਲੋਚਨਾ ਕੀਤੀ । ਤੁਰਕੀਆਂ ਨੂੰ ਤੀਜੇ ਦਰਜੇ ਦੇ ਸ਼ਹਿਰੀ ਸਮਝਣ ਵਾਲੀ ਨਾਸਮਝੀ ਦਾ ਜ਼ਿਕਰ ਵੀ ਕੀਤਾ। ਇਸ ਸਮਾਗਮ ਵਿੱਚ ਤੁਰਕੀ ਦਾ ਸੱਭਿਆਚਾਰਕ ਮੰਤਰੀ ਵੀ ਹਾਜ਼ਰ ਸੀ । ਸਮਾਗਮ ਅੰਦਰ ਜਰਮਨ ਦਾ ਸਾਬਕਾ ਰਾਸ਼ਟਰਪਤੀ, ਪਰਲੀਮੈਂਟ ਦਾ ਚੇਅਰਮੈਨ ਤੇ ਕਈ ਵਜ਼ੀਰ ਸ਼ਾਮਲ ਹੋਏ।

ਦੋਹਾਂ ਲੇਖਕਾਂ ਦੀਆਂ ਤਕਰੀਰਾਂ ਨੇ ਕਰੋੜਾਂ ਹੀ ਲੋਕਾਂ ਅੰਦਰ ਇੱਕ ਨਵੇਂ ਖਿਆਲ ਨੂੰ ਝੰਜੋੜਿਆ, ਜਾਗਣ ਦਾ, ਤਕੜੇ ਹੋਣ ਦਾ ਉਨ੍ਹਾ ਦੇ ਕਹੇ ਦੀ ਉੱਚੀ ਸੁਰ ਕਲਮ ਦੀ ਪਹਿਰੇਦਾਰੀ ਕਰਦੀ ਹੈ । ਇਸ ਪਹਿਰੇਦਾਰੀ ਬਿਨਾਂ ਲਿਖਤ ਦਾ ਮਹੱਤਵ ਫਿੱਕਾ ਪੈ ਜਾਣਾ ਸੀ । ਯਾਸਰ ਕੇਮਾਲ ਤੇ ਗੁੰਟਰ ਗਰਾਸ ਦਿਆਂ ਬੋਲਾਂ ਅਤੇ ਲਿਖਤਾਂ ਨੇ ਕਲਮ ਦੇ ਮਾਣ ਦਾ ਮਹੱਤਵ ਵਧਾਇਆ।

# ਖੁਸ਼ਆਮਦੀਦ

ਪੈਰਾਂ ਦੀਆਂ ਪੈੜਾਂ ਦਾ ਸਫਰ ਗਜ਼ਾਂ ਤੇ ਮੀਲਾਂ ਨਾਲ ਵੀ ਮਿਣਿਆਂ ਜਾ ਸਕਦਾ ਹੈ ਅਤੇ ਅਹਿਸਾਸ ਨਾਲ ਵੀ। ਸਾਰਥਕ ਕਿਹੜਾ ਹੁੰਦਾ ਹੈ? ਇਹ ਮਿਣਨ ਵਾਲੇ ਦੀ ਮੰਨਸ਼ਾ ’ਤੇ ਨਿਰਭਰ ਕਰਦਾ ਹੈ ਕਿਉਂਕਿ ਅਹਿਸਾਸ ਦੇ ਘੇਰੇ ਦਾ ਵਰਗੀਕਰਨ ਨਹੀਂ ਹੋ ਸਕਦਾ। ਫਿਰ ਵੀ ਪੈੜਾਂ ਦੇ ਨਿਸ਼ਾਨ ਗਵਾਹ ਹੁੰਦੇ ਹਨ, ਗੁਜ਼ਰ ਗਏ ਵਕਤ ਦੇ, ਹੰਢਾਏ ਹੋਏ ਪਲਾਂ ਦੇ। ਇਸ ਗਵਾਹੀ ਦੇ ਲੜ ਲੱਗ ਕੇ, ਤੁਰਦੇ ਸਮੇਂ ਦੀ ਪੈੜ ਦੱਬ, ਕਦਮਾਂ ਦੀ ਸੁਰ-ਸੇਧ ਉਜਲੇ ਭਵਿੱਖ ਵੱਲ ਵੀ ਕੀਤੀ ਜਾ ਸਕਦੀ ਹੈ, ਜੋ ਵਕਤ ਦਾ ਹਾਸਲ ਵੀ ਬਣ ਸਕਦਾ ਹੈ। ਜਿਹੜਾ ਸਮੇਂ ਦੇ ਸਫੇ ’ਤੇ ਇਕ ਪਾਸੇ ਨਹੀਂ ਵਿਚਕਾਰ ਲਿਖਿਆ ਹੋਵੇ। ਇਹੋ ਜਹੇ ਸੂਝ ਭਰੇ ਵਰਤਾਰੇ ਜ਼ਿੰਦਗੀ ਨੂੰ ਹੁਸੀਨ ਤੇ ਮੁੱਲਵਾਨ ਬਣਾ ਦਿੰਦੇ ਹਨ, ਖਿੜੇ ਹੋਏ ਸੁੰਦਰ ਫੁੱਲ ਦੀ ਮਹਿਕ ਵਰਗੇ।

ਜਾਗਦੀ ਜ਼ਮੀਰ ਤੇ ਜਿਊਂਦੀ ਸੋਚ ਵਾਲਿਆਂ ਦੇ ਮਨ ਵਿਚ ਉਠਦੇ ਵਲਵਲੇ ਠਹਿਰਾਉ ਜਾਂ ਇਕਸਾਰਤਾ (ਭਾਵ ਜਿਉਂ ਦਾ ਤਿਉਂ) ਦਾ ਗੀਤ ਨਹੀਂ ਗਾ ਸਕਦੇ ਕਿਉਂਕਿ ਸਿਰਜਣਾਤਮਕ ਮਨ ਟਿਕਾਉ ਦੀ ਸਥਿਤੀ ਦਾ ਆਦੀ ਨਹੀਂ ਹੁੰਦਾ ਤੇ ਹੋਣਾ ਵੀ ਨਹੀਂ ਚਾਹੀਦਾ। ਟਿਕਾਉ ਗਤੀ ਰਹਿਤ ਹੁੰਦਾ ਹੈ ਪਰ ਜੀਵਨ ਸਦਾ ਹੀ ਗਤੀਸ਼ੀਲਤਾ ਲੋੜਦਾ ਹੈ। ਇਸ ਹਰਕਤ (ਗਤੀ) ਨੇ ਜੀਵਨ ਨੂੰ ਅੱਗੇ ਵੱਲ ਧੱਕਾ ਲਾਉਣਾ ਹੁੰਦਾ ਹੈ। ਜ਼ਿੰਦਗੀ ਦਾ ਸਹਾਇਕ ਬਣਨ ਦਾ ਕਾਰਜ ਨਿਭਦਾ ਹੈ ਇਸ ਰਾਹੀਂ। ਵਾਟ ਤਾਂ ਅੱਗੇ ਵੱਲ ਤੁਰਿਆਂ ਹੀ ਮੁੱਕਦੀ ਹੈ।

ਕੋਈ ਆਪਣਾ ਮਨ ਦੇ ਵਿਹੜੇ ਆਵੇ ਤਾਂ ਅੱਧੀ-ਰਾਤੀਂ ਖਿੜੀ ਦੁਪੈਹਰ ਦਾ ਭੁਲੇਖਾ ਪੈ ਜਾਂਦਾ ਹੈ। ਮੱਥੇ ਦੀਆਂ ਤਿਊੜੀਆਂ ਢਿੱਲੀਆਂ ਪੈ ਜਾਂਦੀਆਂ ਹਨ ਮਨੁੱਖ ਦਾ ਆਪਾ ਜੀ ਆਇਆਂ ਵਰਗਾ ਹੋ ਨਿੱਬੜਦਾ ਹੈ। ਸਿੱਟੇ ਵਜੋਂ ਉਸਦੇ ਮੱਥੇ ਤਾਰੇ ਆ ਸਜਦੇ ਹਨ, ਜਿਨ੍ਹਾਂ ਨੂੰ ਚੰਨ ਦੀ ਚਾਨਣੀ ਅਗਲਵਾਂਢੀ ਹੋ ਕੇ ਮਿਲਦੀ ਹੈ ਤੇ ਜ਼ਿੰਦਗੀ ਇਸ ਦੇ ਆਸਰੇ ਆਪੇ ਹੀ ਪੂਰਨਮਾਸ਼ੀ ਦਾ ਰੂਪ ਧਾਰਨ ਕਰ ਜਾਂਦੀ ਹੈ। ਪੂਰਨਮਾਸ਼ੀ ਜੋ ਮਹੀਨੇ ਦੇ ਦਿਨਾਂ ਦਾ ਗੇੜ ਹੀ ਨਹੀਂ ਹੁੰਦਾ ਸਗੋਂ ਕੁਦਰਤ ਦੇ ਮਘਦੇ ਰੂਪ ਦਾ ਨਜ਼ਾਰਾ ਵੀ ਪੇਸ਼ ਕਰਦੀ ਹੈ। ਮਨੁੱਖ ਇਸ ਚਾਨਣੀ ਹੇਠ ਤੁਰਿਆ ਜਾਂਦਾ ਕਿਸੇ ਲੋਕ ਗੀਤ ਵਰਗਾ ਹੋ ਜਾਂਦਾ ਹੈ ਅਤੇ ਇਸ ਗੀਤ ਦੀ ਉੱਚੀ ਲੰਮੀ ਹੇਕ ਜ਼ਿੰਦਗੀ ਦਾ ਸੁੱਚਾ ਗੀਤ ਬਣ ਜਾਂਦੀ ਹੈ। ਜਿਸ ਦੇ ਆਸਰੇ ਉਜਾੜਾਂ, ਉਜਾੜ ਨਹੀਂ ਰਹਿੰਦੀਆਂ। ਭਾਂਅ ਭਾਂਅ ਕਰਦੇ ਸੁੰਨੇ ਰਾਹ ਵੀ ਭਰੇ ਭਰੇ ਲੱਗਣ ਲੱਗ ਪੈਂਦੇ ਹਨ ਤੇ ਮੂੰਹੋ ਫੁਟਦੇ ਬੋਲ ਵਗਦੀਆਂ ਹਵਾਵਾਂ ਵਿਚ ਸੁਗੰਧੀ



ਘੋਲ਼ ਦਿੰਦੇ ਹਨ। ਫਿਰ ਮਨੁੱਖ ਨੂੰ ਕਿਸੇ ਬਾਹਰੀ ਮਨਸੂਈ ਨਸ਼ੇ ਦੀ ਲੋੜ ਨਹੀਂ ਰਹਿੰਦੀ। ਬਸ! ਉਹ ਉਂਜ ਹੀ ਨਸ਼ਿਆਇਆ ਜਾਂਦਾ ਹੈ। ਇਹ ਹੀ ਲੋਕ ਜੀਵਨ ਦੀ ਅਸਲੀ ਪਾਰਦਰਸ਼ਤਾ ਹੁੰਦੀ ਹੈ।

ਵਗਦੇ ਪਾਣੀਆਂ ਦਾ ਕੁਦਰਤੀ ਲੈਅ, ਰਿਦਮ ਫੜਨ ਵਾਸਤੇ ਕਿਸੇ ਮਹਾਂਰਿਸ਼ੀ ਵਰਗੀ ਸਮਾਧੀ ਲੋੜੀਦੀ ਹੈ, ਸਮਾਧੀ ਜੋ ਚਿੰਤਨ ਤੇ ਮੰਥਨ ਕਰਨ ਦਾ ਕਾਰਜ ਨਿਭਾਅ ਸਕਣ ਦੇ ਹਾਣ ਤੇ ਯੋਗ ਹੋ ਸਕੇ। ਚੇਤਨਾ ਜੋ ਧਰਤੀ ਤੇ ਬ੍ਰਹਿਮੰਡ ਦੇ ਸੁਮੇਲ ਦੀ ਜਾਮਨੀ ਭਰਦੀ ਹੋਵੇ। ਨੀਵੇਂ ਸੁਰਾਂ ਵਿਚ ਵੀ ਉੱਚਾ ਗੀਤ ਗਾ ਸਕਣ ਦੀ ਸੂਝ ਤੇ ਜੁਅਰਤ ਰੱਖਦੀ ਹੋਵੇ। ਜੋ ਜ਼ਿੰਦਗੀ ਨੂੰ ਪੂਜਣਯੋਗ ਨਹੀਂ ਸਗੋਂ ਪਿਆਰਨ ਯੋਗ, ਸਤਿਕਾਰਨ ਯੋਗ ਤੇ ਜੀਊਣ ਯੋਗ ਬਣਾ ਸਕੇ ਜਿਸ ਨਾਲ ਹਾਸਿਆਂ ਦੀ ਗੁੰਜਾਰ ਸਾਰੀ ਧਰਤੀ ’ਤੇ ਫੈਲੇ ਅਤੇ ਧਰਤੀ ਧੰਨ ਹੋ ਜਾਵੇ।

ਤੁਰਦੇ ਪੈਰ ਅਨੁਭਵ ਹੰਢਾਉਂਦੇ ਹਨ, ਅੱਗੇ ਵਧਦੇ ਹਨ ਅਤੇ ਹੋਰ ਅੱਗੇ ਵਧਣਾ ਲੋਚਦੇ ਹਨ। ਲੋਕਾਂ ਨੂੰ ਨਾਂਹ ਪੱਖ ਵਲੋਂ ਹਾਂਅ ਪੱਖ ਵਲ ਮੋੜਨਾ ਮਨੁੱਖ ਦੇ ਆਪਣੇ ਵਸ ਵਿਚ ਵੀ ਹੈ। ਸਮਾਜੀ ਹਕੀਕਤਾਂ ਨੂੰ ਖੁੱਲ੍ਹੀਆਂ ਅੱਖਾਂ ਨਾਲ ਦੇਖਣਾ, ਪਰਖਣਾ ਫੇਰ ਤੋਲਣਾ ਇਹ ਜੀਵਨ ਦੇ ਨਵੇਂ ਮੁੱਲ ਮਿੱਥਣ ਅਤੇ ਉਨ੍ਹਾਂ ਨੂੰ ਸਥਾਪਤ ਕਰਨ ਵਿਚ ਸਹਾਈ ਹੁੰਦੇ ਹਨ। ਪਰ, ਸਥਾਪਤੀ ਨੂੰ ਸਦੀਵੀ ਸਮਝਣ ਦਾ ਭਰਮ ਪਾਲਣਾ ਵੀ ਅਰਧ ਪਾਗਲਪਨ ਨੂੰ ਕਬੂਲ ਕਰਨ ਦੇ ਬਰਾਬਰ ਹੈ। ਜੇ ਸਮਾਂ ਕਦੇ ਨਹੀਂ ਰੁਕਦਾ ਤਾਂ ਸਹੀ ਵਿਰੋਧ ਵਿਚੋਂ ਵਿਕਾਸ ਵੀ ਇਸ ਦਾ ਹੀ ਸਿੱਟਾ ਹੈ।

ਸੰਸਕਾਰਾਂ ਦੀ ਝੂਠੀ ਦੁਹਾਈ ਹੇਠ ਸੁੱਚੀਆਂ ਮਨੁੱਖੀ ਭਾਵਨਾਵਾਂ ਨੂੰ ਕਤਲ ਨਹੀਂ ਕੀਤਾ ਜਾਣਾ ਚਾਹੀਦਾ ਤਾਂ ਕਿ ਮਨੁੱਖ ਦੀ ਸੋਚ ਵਧਣ ਫੁੱਲਣ ਤੇ ਵਿਕਾਸ ਕਰਨ ਦਾ ਕਾਰਜ ਨਿਭਾਉਂਦੀ ਰਹੇ। ਇਸ ਵਿਗਸੀ ਸੋਚ ਨੇ ਹੀ ਵੈਰ-ਵਿਰੋਧ, ਦੂਜ-ਤੀਜ ਤੋਂ ਨਿਖੇੜ ਕਰਨ ਵਿਚ ਸਹਾਈ ਹੋਣਾ ਹੁੰਦਾ ਹੈ। ਜਦੋਂ ਨਿੱਖਰੇ ਪਾਣੀਆਂ ਵਰਗੀ ਨਿਰਮਲ ਸੋਚ ਅਤੇ ਸੱਚੇ ਦਿਲ ਨਾਲ ਸਰਬੱਤ ਦੇ ਭਲੇ ਦਾ ਝੰਡਾ ਹੱਥ ਫੜ ਕੇ ਮਨੁੱਖ ਅੱਗੇ ਵਧਦਾ ਹੈ ਤਾਂ ‘ਸਾਰਾ ਪਿੰਡ ਮਿੱਤਰਾਂ ਦਾ’ ਦੀ ਭਾਵਨਾ ਉਜਾਗਰ ਹੁੰਦੀ ਹੈ। ਹਰ ਚੰਗਿਆਈ ਲਈ ਦਿਲੋਂ-ਮਨੋਂ ਖੁਸ਼ਆਮਦੀਦ ਇਹੋ ਜਹੀ ਅਵਸਥਾ ਵਿਚੋਂ ਹੀ ਨਿਕਲ ਸਕਦਾ ਹੈ, ਜੋ ਦੂਜਿਆਂ ਦੇ ਨਾਲ ਹੀ ਆਪਣੇ ਆਪ ਲਈ ਵੀ ਸਭ ਤੋਂ ਵੱਡਾ ਧਰਵਾਸ ਹੁੰਦਾ ਹੈ।

# ਹਾਜ਼ਰੀ ਦੀ ਗ਼ੈਰ-ਹਾਜ਼ਰੀ

ਕੁੱਝ ਪਲ ਅਜਿਹੇ ਹੁੰਦੇ ਹਨ ਜਦੋਂ ਮਨੁੱਖ ਕਿਸੇ ਦੀ ਹਾਜ਼ਰੀ ਲੋੜਦਾ ਹੈ। ਇਹ ਹਾਜ਼ਰੀ ਉਸ ਵਿਅਕਤੀ ਵਾਸਤੇ ਉਤਸ਼ਾਹ ਤੇ ਹੁਲਾਸ ਦਾ ਮੌਕਾ ਬਣਦੀ ਹੈ ਅਤੇ ਪ੍ਰੇਰਨਾ ਦਾ ਸਰੋਤ ਵੀ। ਇਸ ਹਾਜ਼ਰੀ ਦੇ ਸਦਕਾ ਉਸ ਦੇ ਅੰਦਰੋਂ ਆਪਣੇ ਆਪ ਹੀ ਧੰਨਵਾਦ ਵਰਗਾ ਸ਼ਬਦ ਵੀ ਨਿਕਲਦਾ ਹੈ। ਅਜਿਹੇ ਸਮੇਂ ਮਨੁੱਖ ਨਸ਼ਿਆਇਆ ਜਿਹਾ ਜਾਂਦਾ ਹੈ, ਇਹ ਇਸ ਸਾਰੇ ਮਹੌਲ ਅੰਦਰ ਖਿਲਰੇ ਮਨੁੱਖੀ ਮੋਹ ਦਾ ਕ੍ਰਿਸ਼ਮਾ ਹੀ ਹੁੰਦਾ ਹੈ। ਕਈ ਵਾਰ ਇਸ ਸਾਰੇ ਦਾ ਸਬੰਧ ਉਸ ਵਿਅਕਤੀ ਦੇ ਮਾਨਸਿਕ ਤਣਾਉ ਵਿਚੀਂ ਲੰਘਦਿਆਂ ਇਸ ਤੋਂ ਮੁਕਤੀ/ਸ਼ਕਤੀ ਤੱਕ ਪਹੁੰਚਣ ਦੇ ਰਾਹ ਦੀ ਤਲਾਸ਼ ਵੀ ਹੋ ਸਕਦੀ ਹੈ। ਤਣਾਵਾਂ ਤੋਂ ਮੁਕਤ ਕਰਦਿਆਂ  ਆਪਣੇ ਆਪ ਨੂੰ ਸਾਵਾਂ ਕਰਨ ਦਾ ਸਿੱਧਾ ਜਿਹਾ ਜਤਨ ਵੀ। ਇਸ ਦੀ ਲੋੜ, ਇਸ ਦਾ ਉਪਯੋਗ ਕਿਨ੍ਹਾਂ ਪਲਾਂ-ਛਿਣਾਂ ਦੀ ਮੰਗ ਕਰਦਾ ਹੈ? ਹਰ ਵਿਅਕਤੀ ਅਤੇ ਹਰ ਸਮਾਜ ਅੰਦਰ ਇਸ ਦੀ ਵੱਖਰੀ ਲੋੜ, ਵੱਖਰਾ ਸਥਾਨ ਤੇ ਵੱਖਰਾ ਸੰਕਲਪ ਹੋਣਾ ਕੋਈ ਅਚੰਭੇ ਵਾਲੀ ਗੱਲ ਨਹੀਂ ਕਹੀ ਜਾ ਸਕਦੀ।

ਕੁੱਝ ਪਲ ਅਜਿਹੇ ਹੁੰਦੇ ਹਨ ਜਦੋਂ ਉਹ ਹੀ ਵਿਅਕਤੀ ਆਪਣੀ 'ਹਾਜ਼ਰੀ' ਦੀ ਗੈਰ-ਹਾਜ਼ਰੀ ਦਾ ਚਾਹਵਾਨ ਹੁੰਦਾ ਹੈ, ਕਿਉਂਕਿ ਉਨ੍ਹਾਂ ਪਲਾਂ ਨੇ ਅਹਿਸਾਸ ਦਾ ਪੱਲਾ ਫੜਨਾ ਹੁੰਦਾ ਹੈ। ਇਨ੍ਹਾਂ ਨੂੰ ਕਰਤਾਰੀ ਪਲ ਜਾਂ ਸਿਰਜਣਾਤਮਕ ਪਲਾਂ ਦਾ ਨਾਂ ਵੀ ਦਿੱਤਾ ਜਾਂਦਾ ਹੈ। ਕੁੱਝ ਵੀ ਹੋਵੇ ਸੰਵੇਦਨਸ਼ੀਲ ਮਨੁੱਖ ਡੂੰਘੀ ਸੋਚ ਵਿਚ ਲੱਥਿਆ ਰੌਲੇ-ਰੱਪੇ ਭਰੀ ਸੱਥ ਵਿਚ ਬੈਠਾ ਵੀ ਇਕੱਲਾ ਹੀ ਹੁੰਦਾ ਹੈ। ਮੇਲੇ ਵਿਚ ਘੁੰਮਦਿਆਂ ਵੀ ਉਹ ਮੇਲੀ ਨਹੀਂ ਹੁੰਦਾ, ਗੁੰਮਿਆਂ-ਗੁਆਚਿਆ ਹੀ ਲੱਭੇਗਾ। ਬਹੁਤੀ ਵਾਰ ਉਹ ਆਪਣੇ ਆਪ ਤੋਂ ਵੀ ਗੈਰਹਾਜ਼ਰ ਹੀ ਹੁੰਦਾ ਹੈ। ਪਤਾ ਨਹੀਂ ਦੂਜੇ ਸ਼ਬਦਾਂ ਵਿਚ ਇਸੇ ਨੂੰ ਹੀ ਸਮਾਧੀ ਦਾ ਨਾਂ ਦਿੱਤਾ ਜਾਂਦਾ ਹੈ। ਜਦੋਂ ਮਨੁੱਖ ਆਪਣੇ ਹੀ ਅੰਦਰ ਬਹੁਤ ਡੂੰਘਾ ਲਹਿ ਜਾਵੇ, ਏਨਾ ਡੂੰਘਾ ਕਿ ਉਸਨੂੰ ਆਪਣੇ ਆਪ ਦੇ ਅੰਦਰ ਦੇ ਨਵੇਂਪਨ ਦਾ ਅਹਿਸਾਸ ਹੋਣ ਲੱਗੇ। ਆਪਣੇ ਆਪ ਨੂੰ ਹੌਲਾ-ਫੁਲ ਮਹਿਸੂਸ ਕਰਨ ਵਰਗਾ ਅਨੁਭਵ। ਜਿੱਥੋਂ ਨਵੇਂਪਨ ਦੀ ਸ਼ੁਰੂਆਤ ਹੁੰਦੀ ਹੈ। ਸ਼ਾਇਦ ਇਹ ਹੀ ਪਲ ਹੁੰਦੇ ਹਨ ਜਦੋਂ ਕਿਸੇ ਨਵੇਂ ਫਲਸਫੇ, ਨਵੀਆਂ ਧਾਰਨਾਵਾਂ ਤੇ ਨਵੇਂ ਵਿਚਾਰਾਂ ਦੇ ਜਨਮਣ ਦੀ ਪੁੰਗਰਾਂਦ ਫੁਟਦੀ ਹੈ। ਜਿਸ ਦੇ ਸਰੂਪ ਦਾ ਨਿਖਾਰ ਤਾਂ ਪਿੱਛੋਂ ਹੀ ਹੋਣਾ ਹੁੰਦਾ ਹੈ, ਫੇਰ ਇਸ ਚੁੱਪ, ਇਕੱਲ ਤੇ  ਇਸ ਸਮਾਧੀ 'ਚੋਂ ਜੰਮੇ ਵਿਚਾਰ ਦੀ ਮਹਿਮਾਂ ਸਾਰਾ ਜੱਗ ਸੁਣਦਾ, ਦੇਖਦਾ ਅਤੇ ਮਾਣਦਾ  ਹੈ।



ਕਿਸੇ ਆਪਣੇ ਦੀ ਹਾਜ਼ਰੀ ਕਈ ਵਾਰ ਚੰਗਾ ਮਹੌਲ ਵੀ ਸਿਰਜ ਸਕਦੀ ਹੈ। ਇੱਥੇ ਸਮਾਜਕ ਕਾਰਜਾਂ ਅੰਦਰ ਵਿਚਰਦੇ ਲੋਕ ਮਿਸਾਲ ਬਣਕੇ ਸਾਹਮਣੇ ਆਉਂਦੇ ਹਨ। ਪੂਰਬ ਦੇ ਸਮਾਜਕ ਢਾਂਚੇ ਅੰਦਰ ਰਹੁ-ਰੀਤਾਂ, ਰਿਸ਼ਤਿਆਂ ਦਾ ਬਹੁਤ ਵੱਡਾ ਮਹੱਤਵ ਸਮਝਿਆ ਜਾਂਦਾ ਹੈ। ਜਦੋਂ ਕਿ ਪੱਛਮੀ ਸਮਾਜ ਵਿਚ ਅਜਿਹਾ ਨਹੀਂ ਹੈ। ਮਿਸਾਲ ਵਜੋਂ ਬੱਚਿਆਂ ਦੇ ਵਿਆਹ ਆਦਿ ਸਮੇਂ ਪੂਰਬੀ ਸਮਾਜ ਵਿਚ  ਸਾਰੀਆਂ ਸਮਾਜਕ ਰਸਮਾਂ ਪੂਰੀਆਂ ਕਰਨ ਵਿਚ ਮਾਪਿਆਂ ਦਾ ਵੱਡਾ ਹਿੱਸਾ ਹੁੰਦਾ ਹੈ। ਪਰ, ਪੱਛਮੀ ਸਮਾਜ ਦੇ ਮੁੰਡੇ-ਕੁੜੀਆਂ ਦੇ ਵਿਆਹ ਵੇਲੇ ਪਤਾ ਨਹੀਂ ਹੁੰਦਾ ਕਿ ਮਾਪਿਆਂ ਨੂੰ  ਵਿਆਹ ਵੇਲੇ ਸੱਦਿਆ ਵੀ ਜਾਵੇਗਾ ਕਿ ਨਹੀਂ (ਨਾਨਕਿਆਂ ਨੂੰ ਤਾਂ ਖੈਰ ਪੁੱਛਦਾ ਹੀ ਕੌਣ ਹੈ)। ਪੂਰਬੀ ਸਮਾਜਾਂ ਅੰਦਰ ਵਸਦੇ ਲੋਕਾਂ ਲਈ ਇਹ ਸ਼ਾਇਦ ਹੈਰਾਨੀ ਵਾਲਾ ਵਰਤਾਰਾ ਹੋਵੇ, ਪਰ ਪੱਛਮੀ ਸਮਾਜ ਅੰਦਰ ਇਹ ਅਸਲੋਂ ਹੀ ਸਾਧਾਰਨ ਜਹੀ ਘਟਨਾ ਗਿਣੀ ਜਾਂਦੀ ਹੈ। ਕਿਸੇ ਨੂੰ ਵੀ ਬਹੁਤੀ ਹੈਰਾਨੀ ਨਹੀਂ ਹੁੰਦੀ। ਇਹ ਨਿਰਭਰ ਕਰਦਾ ਹੈ ਕਿ ਬੱਚਿਆਂ ਤੇ ਮਾਪਿਆਂ ਦੇ ਆਪੋ ਵਿਚੀਂ ਕਿਹੋ ਜਹੇ ਸਬੰਧ ਹਨ। ਬਿਨਾਂ ਵਿਆਹ ਤੋਂ ਇਕੱਠੇ ਰਹਿਣਾ ਅਤੇ ਸਾਂਝੇ ਤੌਰ 'ਤੇ ਘਰ-ਗ੍ਰਹਿਸਥੀ ਚਲਾਉਣੀ ਵੀ ਇਸੇ ਖਾਨੇ ਵਿਚ ਗਿਣੇ ਜਾ ਸਕਦੇ ਹਨ। ਇਹ ਕੁੱਝ ਪੂਰਬ ਦੇ ਕੁੱਝ ਕੁ ਕਬੀਲਿਆਂ ਅੰਦਰ ਤਾਂ ਹੈ ਪਰ ਆਮ ਸਮਾਜਕ ਵਰਤਾਰਾ ਨਹੀਂ।

ਪੱਛਮ ਵਾਲੇ ਇਸ ਪੱਖੋਂ ਬਹੁਤੇ ਵਿਅਕਤੀਵਾਦੀ ਹਨ। ਹਰ ਕੋਈ ਆਪਣੇ ਬਾਰੇ ਖੁਦ ਫੈਸਲਾ ਕਰਦਾ ਹੈ ਕਿ ਉਹ ਜੀਵਨ ਕਿਵੇਂ ਬਤੀਤ ਕਰੇ। ਇਨ੍ਹਾਂ ਸਾਰੀਆਂ ਸੋਚਾਂ ਪਿੱਛੇ ਸਮਾਜ ਦੇ ਸਮੁੱਚੇ ਵਿਕਾਸ ਦਾ ਆਪਣਾ ਯੋਗਦਾਨ ਹੁੰਦਾ ਹੈ। ਜਿਸ ਨੂੰ ਉਸ ਸਮਾਜ ਦੇ ਲੋਕਾਂ ਦੀ ਜੀਵਨ ਜਾਚ ਵਿਚੋਂ ਦੇਖਿਆ/ਸਮਝਿਆ ਤੇ ਫੜਿਆ ਜਾ ਸਕਦਾ ਹੈ। ਇਸ ਸਥਿਤੀ ਤੱਕ ਪਹੁੰਚਣ ਲਈ ਕਾਫੀ ਲੰਮੇ ਸਮੇਂ ਦੀ ਉਡੀਕ ਕਰਨੀ ਪੈਂਦੀ ਹੈ।

ਭਾਰਤੀ ਸਮਾਜ ਦੀ ਗੱਲ ਕਰਨੀ ਹੋਵੇ ਤਾਂ ਇੱਥੇ ਗੈਰ-ਹਾਜ਼ਰੀ ਨਾਲੋਂ ਹਾਜ਼ਰੀ ਦਾ ਬਹੁਤਾ ਪ੍ਰਭਾਵ ਮੰਨਿਆਂ ਜਾਂਦਾ ਹੈ। ਇਹ ਤਾਂ ਬੱਚੇ ਜੇ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਬੱਚਾ ਜੰਮੇ ਤਾਂ ਘਿਉ-ਗੁੜ (ਪੰਜੀਰੀ) ਵੀ ਕੁੜੀ ਦੇ ਪੇਕਿਆਂ ਤੋਂ ਹੀ ਆਉਂਦਾ ਹੈ। ਵਿਆਹ ਵੇਲੇ ਨਾਨਕੇਸ਼ੱਕ ਵੀ ਕੁੜੀ ਦੇ ਮਾਪੇ ਹੀ  ਲੈ ਕੇ ਆਉਂਦੇ ਹਨ। ਹਰ ਤਿੱਥ-ਤਿਉਹਾਰ 'ਤੇ ਇੰਝ ਹੀ ਹੁੰਦਾ ਹੈ, ਇੱਥੋਂ ਤੱਕ ਕਿ ਕਿਸੇ ਔਰਤ ਦੇ ਮਰਨ 'ਤੇ ਕੱਫਣ ਵੀ ਉਹਦੇ ਮਾਪੇ ਹੀ ਪਾਉਂਦੇ ਹਨ। ਇਸ ਨਾਲ ਸ਼ਾਇਦ ਅਪਣੱਤ ਨੂੰ ਢਕਣ ਦੇ ਅਹਿਸਾਸ ਦਾ ਅਸਲ ਪੇਸ਼ ਕੀਤਾ ਜਾਂਦਾ ਹੈ। ਵਿਆਹ ਆਦਿ ਦੇ ਸਮੇਂ ਤਾਂ ਨਾਨਕਿਆਂ ਦੀ ਗੈਰ-ਹਾਜ਼ਰੀ ਬਰਦਾਸ਼ਤ ਕਰਨ ਤੋਂ ਬਾਹਰ ਹੁੰਦੀ ਹੈ। ਭਾਵੇਂ ਕਿ ਸਮੇਂ ਦੇ ਅੱਗੇ ਤੁਰਨ ਨਾਲ ਇਹ ਸਭ ਕੁੱਝ ਬਦਲ ਰਿਹਾ ਹੈ, ਪਰ ਪੂਰਬੀ ਸਮਾਜਾਂ ਅੰਦਰ ਇਸ ਦੀ ਤੋਰ ਮੱਠੀ ਹੈ।

ਬੱਚਿਆਂ ਦਾ ਸਕੂਲ ਵਿਚ ਜਾਣਾ। ਵੱਖੋ-ਵੱਖ ਕਿਸਮ ਦੀਆਂ ਸਰਗਰਮੀਆਂ ਵਿਚ ਭਾਗ ਲੈਣਾ ਆਦਿ। ਕਿਸੇ ਵੀ ਕਿਸਮ ਦੀ ਜਿੱਤ ਪੱਲੇ ਪੈਣ 'ਤੇ ਕਿਸੇ ਇਨਾਮ ਮਿਲਣ

ਦਾ ਸਬੱਬ ਬਣਦਾ ਹੈ। ਅਜਿਹੇ ਸਮੇਂ ਬੱਚੇ ਦੀ ਵੱਡੀ ਖਾਹਿਸ਼ ਹੁੰਦੀ ਹੈ ਕਿ ਇਸ ਸਮੇਂ ਉਸਦੇ ਮਾਪੇ ਉੱਥੇ ਜ਼ਰੂਰ ਹਾਜ਼ਰ ਹੋਣ। ਉਹ ਉਨ੍ਹਾਂ ਦੀ ਹਾਜ਼ਰੀ ਨਾਲ ਆਪਣੇ-ਆਪ ਅਤੇ ਆਪਣੀ ਜਿੱਤ ਨੂੰ ਦੂਣ ਸਵਾਇਆ ਹੋਇਆ ਸਮਝਦਾ ਹੈ। ਪਰ, ਅਜਿਹੇ ਸਮੇਂ ਮਾਪਿਆਂ ਦੀ ਗੈਰ-ਹਾਜ਼ਰੀ ਨਾਲ ਉਹ ਅੱਧਾ-ਪੌਣਾ ਹੋ ਗਿਆ ਮਹਿਸੂਸ ਕਰਦਾ ਹੈ। ਉਂਝ ਵੀ ਅਜਿਹੇ ਸਮੇਂ ਮਾਪਿਆਂ ਦੀ ਹਾਜ਼ਰੀ ਬੱਚੇ ਦੇ ਬੌਧਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਵਿਚ ਬਹੁਤ ਸਹਾਈ ਹੁੰਦੀ ਹੈ, ਅਤੇ ਗੈਰ-ਹਾਜ਼ਰੀ ਬੱਚੇ ਨੂੰ ਨਿਰ-ਉਤਸ਼ਾਹਿਤ ਕਰਨ ਦਾ ਕਾਰਨ ਬਣ ਸਕਦੀ ਹੈ। ਮਾਪਿਆਂ ਵਲੋਂ ਆਪਣੇ ਫਰਜ਼ ਦੀ ਕੀਤੀ ਕੁਤਾਹੀ ਦਾ ਮੁੱਲ ਬੱਚੇ ਨੂੰ ਹੀ ਤਾਰਨਾ ਪੈਂਦਾ ਹੈ। ਕਾਫੀ ਸਾਰੇ ਮਾਪਿਆਂ ਨੂੰ ਸ਼ਾਇਦ ਇਸ ਗੱਲ ਦਾ ਗਿਆਨ ਨਾ ਹੋਵੇ ਪਰ ਮਨੋਵਿਗਿਆਨੀ ਇਸ ਨੂੰ ਚਾਨਣ ਭਰਿਆ ਸੱਚ ਆਖਦੇ ਹਨ।

ਜਨਮ ਦਿਨ ਮਨਾਉਣ ਦਾ ਸਬੱਬ ਹੋਵੇ ਜਾਂ ਖੁਸ਼ੀ ਦਾ ਕੋਈ ਹੋਰ ਮੌਕਾ ਲੋਕ ਮਿੱਤਰਾਂ-ਦੋਸਤਾਂ ਦਾ ਬਹੁਤ ਬੇਸਬਰੀ, ਬੇਚੈਨੀ ਨਾਲ ਇੰਤਜ਼ਾਰ ਕਰਦੇ ਹਨ। ਜਦੋਂ ਤੱਕ ਉਹ ਆ ਨਾ ਜਾਣ ਅੱਖਾਂ ਦਰਵਾਜੇ ਵੱਲ ਹੀ ਗੱਡੀਆਂ ਰਹਿੰਦੀਆਂ ਹਨ। ਮਿੱਤਰਾਂ-ਦੋਸਤਾਂ, ਪਿਆਰਿਆਂ ਦੀ ਹਾਜ਼ਰੀ ਅਜਿਹੇ ਸਮੇਂ ਹਰ ਪਾਸੇ ਖੁਸ਼ੀਆਂ, ਹਾਸਿਆਂ ਦਾ ਛੱਟਾ ਬਣ ਕੇ ਬਿਖਰਦੀ ਹੈ। ਸਾਰਾ ਮਹੌਲ ਸੁਗੰਧਤ ਹੋਇਆ ਮਹਿਸੂਸ ਹੁੰਦਾ ਹੈ। ਰਿਸ਼ਤਿਆਂ ਵਿਚ ਨਿੱਘ ਵਧਦਾ ਹੈ, ਦੋਸਤੀਆਂ ਗੂੜ੍ਹੀਆਂ ਹੁੰਦੀਆਂ ਹਨ। ਪਰ, ਅਜਿਹੇ ਸਮੇਂ ਕਿਸੇ ਆਪਣੇ ਦੀ ਗੈਰ-ਹਾਜ਼ਰੀ ਉਦਾਸੀ ਦਾ ਮਹੌਲ ਸਿਰਜ ਸਕਦੀ ਹੈ, ਰਿਸ਼ਤਿਆਂ ਵਿਚ ਫਿੱਕ ਪੈਣ/ ਪਾਉਣ ਦਾ ਸਬੱਬ ਬਣ ਸਕਦੀ ਹੈ।

ਹਰ ਕਿਸੇ ਦੀ ਖਾਹਿਸ਼ ਚੰਗੇ ਨੂੰ ਪਾ ਲੈਣ ਦੀ ਹੁੰਦੀ ਹੈ। ਇਸ ਤਰ੍ਹਾਂ ਬਹੁਤ ਸਾਰੇ ਕਲਾਕਾਰ, ਸਾਹਿਤਕਾਰ ਵੀ ਦੇਖੇ ਜਾ ਸਕਦੇ ਹਨ ਜੋ ਕਿਸੇ ਵੀ ਪੇਸ਼ਕਾਰੀ ਸਮੇਂ ਆਪਣੀ ਹਾਜ਼ਰੀ ਨੂੰ ਤਦ ਹੀ ਸੰਪੂਰਨ ਸਮਝਦੇ ਹਨ ਜਦੋਂ ਉਨ੍ਹਾਂ ਦੇ ਦਿਲ ਦਾ ਪਿਆਰਾ ਵੀ ਉੱਥੇ ਹੋਵੇ। ਕਿਧਰੇ ਸਨਮਾਨ ਆਦਿ ਹੋਵੇ ਜਾਂ ਕਿਸੇ ਨਵੀਂ ਛਪੀ ਪੁਸਤਕ ਬਾਰੇ ਸਮਾਗਮ (ਜਿਨ੍ਹਾਂ ਨੇ ਘੁੰਡ ਕੱਢਕੇ ਸਾਹਿਤ ਰਚਿਆ ਹੁੰਦਾ ਹੈ ਉਨ੍ਹਾਂ ਦੀ ਪੁਸਤਕ ਦੀ 'ਘੁੰਡ ਚੁਕਾਈ') ਤਾਂ ਉਸ ਪੁਸਤਕ ਦਾ ਰਚੇਤਾ ਚਾਹੇਗਾ ਕਿ ਉਸਦੀ ਪਤਨੀ, ਬੱਚੇ ਜਾਂ ਦਿਲ ਦੇ ਨੇੜਲੇ ਜਾਨੀ ਉੱਥੇ ਹੋਣ । ਇਸ ਨਾਲ ਉਸਦਾ ਹੌਸਲਾ ਵਧਦਾ ਹੈ। ਆਪਣਿਆਂ ਦੀ ਅਜਿਹੇ ਸਮੇਂ ਦੀ ਹਾਜ਼ਰੀ ਉਹਨੂੰ ਨਸ਼ਿਆਉਣ ਦਾ ਕੰਮ ਕਰਦੀ ਹੈ। ਇਸ ਨਾਲ ਅਗਲੀਆਂ ਰਚਨਾਵਾਂ ਲਈ ਉਤਸ਼ਾਹ ਮਿਲਦਾ ਹੈ।

ਪੱਛਮੀ ਕਲਾਕਾਰ, ਸਾਹਿਤਕਾਰ ਕਿਧਰੇ ਵੀ ਆਪਣੀ ਖਾਸ ਹਾਜ਼ਰੀ ਵੇਲੇ ਆਪਣੀ ਪਤਨੀ, ਪਤੀ ਜਾਂ ਦੋਸਤ ਨੂੰ ਆਮ ਕਰਕੇ ਨਾਲ ਹੀ ਰੱਖਦੇ ਹਨ, ਇਸ ਕਰਮ ਨਾਲ ਖੁਸ਼ ਹੁੰਦੇ ਹਨ। ਜੇ ਅਜਿਹਾ ਨਾ ਹੋਵੇ ਤਾਂ ਉਨ੍ਹਾਂ ਨੂੰ ਆਪਣੀ ਹਾਜ਼ਰੀ ਵੀ ਗੈਰ-ਹਾਜ਼ਰੀ ਵਰਗੀ ਹੀ ਲਗਦੀ ਹੈ। ਅਸੀਂ ਬਹੁਤੀ ਵਾਰ ਇਸ ਗੱਲੋਂ ਝਿਜਕ ਜਾਂਦੇ ਹਾਂ ਕਿਉਂਕਿ ਸਾਡੇ ਬਹੁਤੇ ਕਲਾਕਾਰਾਂ/ਸਾਹਿਤਕਾਰਾਂ ਆਦਿ ਨੂੰ ਅਜਿਹੇ ਥਾਵਾਂ ਤੇ ਚੰਗੀ ਤਰ੍ਹਾਂ ਸਾਊ ਵਤੀਰੇ ਨਾਲ



ਵਿਚਰਨ ਦਾ ਸਲੀਕਾ ਵੀ ਅਜੇ ਤੱਕ ਨਹੀਂ ਆਇਆ। (ਮਿਸਾਲ 'ਦਾਰੂ' ਆਦਿ ਪੀਣ ਦੀ ਵੀ ਦਿੱਤੀ ਜਾ ਸਕਦੀ ਹੈ) ਬਹੁਤੇ ਸੋਚਣ ਲੱਗ ਪੈਂਦੇ ਹਨ, ਉੱਥੇ ਜਾ ਕੇ ਇਹ ਵਿਚਾਰੀ ਕੀ ਕਰੂ? ਇਸ ਫਰਕ ਬਾਰੇ ਗੱਲ ਕਰਦਿਆਂ ਸਾਨੂੰ ਆਪਣੀ ਮੂਰਖਮੱਤ ਨੂੰ ਸੋਧਣ ਦੀ ਲੋੜ ਹੈ।

ਲੋੜ ਖੁਸ਼ਗਵਾਰ ਪਲਾਂ ਨੂੰ ਆਹਮੋ-ਸਾਹਮਣੇ ਹੋ ਕੇ ਫੜਨ ਦੀ ਹੈ ਅਤੇ ਆਪਣੀ ਹਾਜ਼ਰੀ ਨੂੰ ਗੈਰ-ਹਾਜ਼ਰੀ ਬਣਨੋਂ ਬਚਾਉਣ ਦੀ ਵੀ। ਇਹ ਹਾਜ਼ਰੀ ਭਵਿੱਖ ਦੇ ਉਤਸ਼ਾਹ ਦਾ ਸੋਮਾਂ ਬਣ ਸਕਦੀ ਹੈ। ਫੇਰ, ਭਵਿੱਖ ਆਪਣੀ ਮੁੱਠੀ ਵਿੱਚ।

# ਪੰਜਾਬੀ ਦੀ ਖੱਟੀ

ਅੱਜ ਦਾ ਜ਼ਮਾਨਾ ਉਸ ਪੜਾਅ 'ਤੇ ਪਹੁੰਚ ਗਿਆ ਹੈ ਜਿੱਥੇ ਨਵੀਆਂ ਕਦਰਾਂ-ਕੀਮਤਾਂ ਦਾ ਅਧਾਰ ਆਮ ਕਰਕੇ ਮੁਨਾਫਾ ਹੀ ਮਿੱਥਿਆ ਜਾ ਰਿਹਾ ਹੈ। ਭਾਵੇਂ ਕੁੱਝ ਲੋਕ ਇਸ ਪ੍ਰਵਿਰਤੀ ਤੋਂ ਸਦਾ ਹੀ ਦੂਰ ਰਹਿਣਗੇ, ਪਰ ਆਮ ਸੋਚ ਦੀ ਗੱਲ ਕਰਨੀ ਹੋਵੇ ਤਾਂ ਉਹ ਆਪਣੇ ਆਪੇ ਦੁਆਲੇ ਹੀ ਘੁੰਮਦੀ ਨਜ਼ਰ ਆਵੇਗੀ। ਗੱਲ ਜਿਵੇਂ ਕਿਵੇਂ ਅੱਗਾ ਸੁਆਰਨ ਦੀ ਹੋਵੇ, ਵੱਧ ਕਮਾਈ ਵਾਲੇ ਕੰਮ-ਕਾਰ ਜਾਂ ਧੰਦੇ ਅਪਨਾਉਣ ਦੀ ਹੋਵੇ, ਕਿਸੇ ਦਾ ਹੱਕ ਮਾਰ ਕੇ ਧਨ ਦੇ ਉੱਚੇ ਅੰਬਾਰ ਲਾਉਣ ਦੀ ਹੋਵੇ, ਮਾੜੇ ਕੰਮਾਂ ਦੇ ਆਸਰੇ ਵੀ ਸਮਾਜ ਅੰਦਰ ਨਾਂ ਬਨਾਉਣ ਦਾ ਭਰਮ ਪਾਲਣ ਦੀ ਹੋਵੇ ਆਦਿ। ਜਿਹੜਾ ਅੱਜ ਵੀ ਉੱਚੇ-ਸੁੱਚੇ ਇਖਲਾਕ ਅਤੇ ਵਿਰਸੇ ਵਿਚੋਂ ਮਿਲੇ ਚੰਗੇਪਨ ਨੂੰ ਅਪਨਾਉਣ ਅਤੇ ਸੁਥਰਾ ਜੀਵਨ ਜੀਊਣ ਦੀ ਗੱਲ/ਖਾਹਿਸ਼ ਕਰਦਾ ਹੈ ਜਾਂ ਉਸ ਉੱਤੇ ਅਮਲ ਕਰਦਾ ਹੈ ਉਸਨੂੰ ਬੇਗਾਨਿਆਂ ਵਲੋਂ ਹੀ ਨਹੀਂ ਸਗੋਂ ਆਪਣਿਆਂ ਹੱਥੋਂ ਹੀ ਨਿੱਤ ਸ਼ਰੇਆਮ ਖੱਜਲ-ਖੁਆਰ ਅਤੇ ਜ਼ਲੀਲ ਹੁੰਦੇ ਦੇਖਿਆ ਜਾ ਸਕਦਾ ਹੈ। ਇਹ ਆਧੁਨਿਕ ਯੁੱਗ ਅੰਦਰ ਸਿਰਜੇ ਜਾ ਰਹੇ ਨਵੇਂ ਮੁਨਾਫਾਖੋਰ "ਸੱਭਿਆਚਾਰ" ਦਾ ਹੀ ਅਟੁੱਟ ਅੰਗ ਕਿਹਾ ਜਾ ਸਕਦਾ ਹੈ। ਜਿੱਥੇ ਹਰ ਕਿਸਮ ਦੀ ਧੌਂਸ/ਧੱਕੇ ਨੂੰ 'ਲਿਆਕਤ' ਵਜੋਂ ਲਿਆ ਜਾਂਦਾ ਹੈ। ਜਿੱਥੇ ਕਈ ਵਾਰ ਗਊ ਨਾਲੋਂ ਗਧਾ ਵਧੀਆ ਗਿਣਿਆ ਜਾਂਦਾ ਹੈ। ਹਾਲਾਂਕਿ ਇਹ ਵਰਤਾਰਾ ਪੰਜਾਬੀ ਸੱਭਿਆਚਾਰਕ ਰਹੁ-ਰੀਤਾਂ ਅਤੇ ਪੰਜਾਬੀ ਜੀਊਣ ਢੰਗ ਦੇ ਵਿਰੋਧ ਵਿਚ ਜਾਂਦਾ ਹੈ।

ਪੰਜਾਬੀਆਂ (ਚੜ੍ਹਦੇ-ਲਹਿੰਦੇ) ਦੀ ਮਾਂ ਬੋਲੀ ਪੰਜਾਬੀ ਹੈ ਅਤੇ ਪੰਜਾਬੀਆਂ ਦੀ ਕਾਫੀ ਗਿਣਤੀ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਅੰਦਰ ਵੀ ਵਸਦੀ ਹੈ। ਇਸ ਜ਼ੁਬਾਨ ਦੇ ਮੁਦਈ, ਇਸ ਦੇ ਵਿਕਾਸ ਵਾਸਤੇ ਕੰਮ ਕਰਨ ਵਾਲੇ, ਇਸ ਦੀ ਕਲਮਾਂ ਨਾਲ ਸੇਵਾ ਕਰਨ ਵਾਲੇ ਹਰ ਹੀਲੇ ਜਤਨ ਕਰਦੇ ਹਨ ਕਿ ਉਨ੍ਹਾਂ ਦੀ ਜ਼ੁਬਾਨ ਦੁਨੀਆਂ ਦੀਆਂ ਹੋਰ ਵਿਕਸਤ ਜ਼ੁਬਾਨਾਂ ਨਾਲ ਕਦਮ ਮਿਲਾ ਕੇ ਤੁਰੇ ਅਤੇ ਉਨ੍ਹਾਂ ਦੀ ਬੋਲੀ ਤੇ ਭਾਸ਼ਾ ਦਾ ਹਰ ਥਾਵੇਂ ਸਤਿਕਾਰ ਹੋਵੇ।

ਬਹੁਤ ਸਾਰੇ ਆਪਣੇ ਵਿਤੋਂ ਬਾਹਰੇ ਹੋ ਕੇ ਬਿਨਾਂ ਕਿਸੇ ਲੋਭ/ਲਾਲਚ ਤੋਂ, ਸਾਧਨ ਵਿਹੂਣੇ ਹੋਣ ਦੇ ਬਾਵਜੂਦ ਹਰ ਹੀਲੇ ਕੋਸ਼ਿਸ਼ ਕਰਦੇ ਹਨ ਕਿ ਉਹ ਆਪਣੀ ਮਾਂ ਬੋਲੀ ਦੀ ਸੇਵਾ ਖਾਤਿਰ ਜੋ ਕੁੱਝ ਵੀ ਕਰ ਸਕਦੇ ਹੋਣ ਕਰਨ ਅਤੇ ਉਹ ਕਰਦੇ ਵੀ ਹਨ। ਇਸ ਤਰ੍ਹਾਂ ਉਹ ਮਾਂ ਬੋਲੀ ਪ੍ਰਤੀ ਆਪਣੇ ਵਲੋਂ ਪੁੱਤਾਂ ਵਾਲੇ/ਜਮਾਂਦਰੂ ਫ਼ਰਜ਼ ਦੀ ਪਾਲਣਾ ਕਰਦੇ ਹਨ। ਪੰਜਾਬੀ ਲੇਖਕਾਂ, ਪਾਠਕਾਂ ਜਾਂ ਅਦਬੀ ਪੱਖੋਂ ਕਿਸੇ ਤਰ੍ਹਾਂ ਵੀ ਇਸ ਦੀ ਸੇਵਾ



ਕਰਨ ਵਾਲਿਆਂ ਨੂੰ ਨਕਾਰਿਆ ਨਹੀਂ ਜਾ ਸਕਦਾ। ਭਾਵੇਂ ਕਿ ਸਰਕਾਰੀ ਪੱਧਰ ਉੱਤੇ ਅਜਿਹਾ ਨਹੀਂ ਹੁੰਦਾ, ਉੱਥੇ ਕਾਰਨ ਕੁੱਝ ਹੋਰ ਹੁੰਦੇ ਹਨ। ਬਸਤੀਵਾਦੀ ਗੁਲਾਮੀ ਦੀ ਮਾਨਸਿਕਤਾ ਵਾਲੀ ਰਹਿੰਦ-ਖੂੰਹਦ ਦੇ ਸ਼ਿਕਾਰ, ਬੌਣੀ ਸੋਚ ਵਾਲੇ ਵੱਡੇ ਅਹੁਦਿਆਂ ਉੱਤੇ ਉੱਚੀਆਂ ਕੁਰਸੀਆਂ ਵਿਚ ਫਸੇ ਬੈਠੇ ਬੋਲੀ/ਭਾਸ਼ਾ ਦੇ ਮਹੱਤਵ ਨੂੰ ਜਾਣਬੁੱਝ ਕੇ ਨਕਾਰਨ ਵਾਲੇ ਅਫਸਰਸ਼ਾਹੀ ਦੇ ਤਗਮਿਆਂ ਵਾਲਿਆ ਤੋਂ ਅਜਿਹੀ ਆਸ ਕੀਤੀ ਵੀ ਨਹੀਂ ਜਾ ਸਕਦੀ। ਇਨ੍ਹਾਂ ਵਿਚੋਂ ਬਹੁਤੇ ਆਪਣੀ ਲਿਆਕਤ ਨਾਲ ਨਹੀਂ ਸਗੋਂ ਇਹ ਉਹ ਹੀ ਲੋਕ ਹੁੰਦੇ ਹਨ ਜੋ ਅਪਣਾ ਬੇਅਕਲੀ ਵਾਲਾ ਲੰਙ ਢਕਣ ਦੇ ਕਾਰਜ ਵਜੋਂ ਸਿਆਸਤ ਦਾ ਵਪਾਰ ਕਰ ਰਹੇ ਦੱਲੇ ਕਿਸਮ ਦੇ 'ਸਿਆਸਤਦਾਨਾਂ' ਦੇ ਗੋਡੇ ਘੁੱਟ ਕੇ ਜਾਂ ਸੋਨੇ ਦੀ ਜੁੱਤੀ ਮਾਰ ਕੇ ਇਸ ਕੁਰਸੀ ਤੱਕ ਅੱਪੜੇ ਹੁੰਦੇ ਹਨ। ਆਮ ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਦੀ ਕਦਰ ਤਾਸ਼ ਵਾਲੀ ਬਦਰੰਗ ਦੀ ਦੁੱਕੀ ਜਿੰਨੀ ਹੁੰਦੀ ਹੈ। ਪਰ ਉਨ੍ਹਾਂ ਦੀ ਰਾਜਸੀ ਤੇ ਪ੍ਰਸ਼ਾਸਕੀ ਤਾਕਤ ਵਾਲੀ ਨਾਗ ਕੁੰਡਲੀ ਮਸਲਿਆਂ ਨੂੰ ਉਲਝਾਉਣ ਵਿਚ ਹੀ ਰੁੱਝੀ ਰਹਿੰਦੀ ਹੈ। ਇਸੇ ਧਾਰਨਾ ਅਧੀਨ ਉਨ੍ਹਾਂ ਨੇ ਪੰਜਾਬੀ ਨੂੰ ਵੀ ਹੁਣ ਤੱਕ ਉਲਝਾਇਆ ਹੀ ਹੋਇਆ ਹੈ। ਉਹ ਆਪਣੇ ਆਪ ਨੂੰ ਫੰਨੇ ਖਾਂ ਹੋਣ ਦੇ ਨਾਲ ਹੀ ਗਿਆਨਵਾਨ ਵੀ ਸਮਝਦੇ ਹਨ ਤੇ ਇੱਜਤਦਾਰ ਵੀ ਅਤੇ ਬਾਕੀਆਂ ਨੂੰ ਲੱਲੂ-ਪੰਜੂ। ਆਪਣੀਆਂ ਇਨ੍ਹਾਂ ਕਰਤੂਤਾਂ ਕਰਕੇ ਹੀ ਉਹ ਪੰਜਾਬੀ ਦੇ ਕਪੁੱਤ ਕਹਾਉਣ ਦੇ ਹੱਕਦਾਰ ਬਣਦੇ ਹਨ।

ਸਮਾਜ ਪ੍ਰਤੀ ਆਪਣਾ ਕੋਈ ਫ਼ਰਜ਼ ਸਮਝਦੇ ਹੋਏ ਸੁਚੇਤ ਬੁੱਧੀ ਵਾਲੇ ਜਦੋਂ ਕਲਮ, ਬੁਰਸ਼ ਜਾਂ ਕੋਈ ਸਾਜ਼ ਹੱਥ ਫੜਕੇ (ਲੱਚਰਤਾ ਆਸਰੇ ਪਲਦੇ ਗੰਦੇ ਕੀੜੇ ਜੋ 'ਕਲਾਕਾਰ' 'ਫਨਕਾਰ' ਹੋਣ ਦਾ ਦੰਭੀ ਭਰਮ ਪਾਲਦੇ ਹਨ ਉਹ ਇਨ੍ਹਾਂ ਵਿਚ ਸ਼ਾਮਲ ਨਹੀਂ ਹੁੰਦੇ) ਜ਼ਿੰਦਗੀ ਦੇ ਰੌਸ਼ਨ ਤੇ ਚੰਗੇਰੇ ਭਵਿੱਖ ਦਾ ਸੁੱਚਾ ਗੀਤ ਗਾਉਣ ਤੁਰਦੇ ਹਨ, ਲੋਕਾਂ ਦੇ ਮਨਾਂ ਅੰਦਰ ਨਵੀਂ ਚੇਤਨਾ ਜਗਾਉਣ ਦਾ ਹੋਕਾ ਦਿੰਦੇ ਹਨ ਅਤੇ ਆਪ ਖੁਦ ਸੁਚੇਤ ਤੌਰ 'ਤੇ ਜ਼ਿੰਦਗੀ ਲਈ ਪਿਆਰ ਪ੍ਰਗਟਾਉਂਦਿਆ ਜ਼ਿੰਦਗੀ ਦਾ ਸੁੱਚਾ ਗੀਤ ਗਾਉਂਦੇ ਲੋਕ ਕਾਫਲਿਆਂ ਦਾ ਅੰਗ ਬਣਦੇ ਹਨ। ਜਿਸ ਦੇ ਆਸਰੇ ਨਵੀਂ ਕਿਸਮ ਦਾ "ਸਭੈ ਸਾਂਝੀਵਾਲ ਸਦਾਇਣ....." ਵਾਲਾ ਲੋਕ ਭਾਈਚਾਰਾ ਸਿਰਜਦੇ/ਉਸਾਰਦੇ ਹਨ। ਜਿਹੜਾ ਕੌਮਾਂ, ਧਰਮਾਂ, ਨਸਲਾਂ ਤੇ ਜਾਤਾਂ-ਪਾਤਾਂ ਵਾਲੇ ਝੂਠੇ ਤਾਣੇ-ਬਾਣੇ ਤੋਂ ਉੱਪਰ ਤੇ ਪਵਿੱਤਰ ਹੁੰਦਾ ਹੈ- ਲੇਖਕਾਂ ਦਾ ਭਾਈਚਾਰਾ, ਜੋ ਮੁਹੱਬਤਾਂ ਭਰੇ ਸਾਂਝੀਵਾਲਤਾ ਦੇ ਆਦਰਸ਼ਾਂ ਦਾ ਰਾਹ ਮੋਕਲਾ ਕਰਦਾ ਹੈ। ਜਿਸਦੇ ਆਸਰੇ ਜ਼ਿੰਦਗੀ ਖੁਦ ਹਾਸਿਆਂ ਦਾ ਮਨਮੋਹਣਾ ਗੀਤ ਬਣ ਜਾਂਦੀ ਹੈ।

ਸੱਚ, ਇਨਸਾਫ ਅਤੇ ਬਰਾਬਰੀ ਨੂੰ ਅਪਣਾਇਆ ਇਹ ਕਾਫਲਾ ਜਦੋਂ ਤੁਰਦਾ ਹੈ ਤਾਂ ਚਾਨਣ ਦਾ ਛੱਟਾ ਦਿੰਦਾ ਹੈ। ਫੇਰ, ਦੁਨੀਆਂ ਅੰਦਰ ਹਨੇਰ ਡੋਲਦਾ ਤੇ ਬਦੀ ਕੰਬਦੀ ਹੈ। ਜਦੋਂ ਲੋਕ ਚੇਤਨਾ ਵਿਗਸਦੀ ਹੈ ਤਾਂ ਉਨ੍ਹਾਂ ਅੰਦਰ ਚੰਗੇ ਮਾੜੇ ਦੀ ਪਰਖ ਕਰਨ ਦਾ ਰੁਝਾਨ ਜ਼ੋਰ ਫੜਦਾ ਹੈ। ਲੋਕ ਦਲੀਲ ਭਰੇ ਨਵੇਂ ਸੋਚ ਢੰਗ ਦੇ ਆਸਰੇ ਤਰਕਵਾਦੀ ਹੋਣ ਲਗਦੇ ਹਨ। ਇਸ ਅਮਲ ਦੇ ਸਿੱਟੇ ਵਜੋਂ ਜ਼ਿੰਦਗੀ ਉਸਾਰੀ ਵਾਲੇ ਪਾਸੇ ਕਦਮ ਪੁੱਟਦੀ ਹੈ।

ਇੰਨਾ ਕੁੱਝ ਹੋਣ ਦੇ ਬਾਵਜੂਦ ਪੰਜਾਬੀ ਦੇ ਬਹੁਤ ਸਾਰੇ ਲੇਖਕ ਇਹ ਵੀ ਆਖਦੇ ਸੁਣੀਂਦੇ ਹਨ ਕਿ ਦੱਸੋ ਜੀ ਮੈਂ ਪੰਜਾਬੀ ਵਿਚ ਲਿਖ ਕੇ ਕੀ ਖੱਟਿਆ? ਭਲਾਂ ਜੇ ਉਹ ਕਿਸੇ ਹੋਰ ਜ਼ੁਬਾਨ ਵਿਚ ਲਿਖਦੇ ਤਾਂ ਕੀ ਖੱਟਦੇ? ਜਾਂ ਫੇਰ ਉਹ ਕਿਸੇ ਹੋਰ ਜ਼ੁਬਾਨ ਵਿਚ ਲਿਖਣ ਦੇ ਯੋਗ ਵੀ ਹਨ? ਇਹ ਉਹ ਨਹੀਂ ਦੱਸਦੇ। ਇਹ ਕੁੱਝ ਕਹਿਣ ਤੋਂ ਪਹਿਲਾਂ ਉਹ ਨਹੀਂ ਸੋਚਦੇ ਕਿ ਆਪਣੀ ਮਾਂ, ਮਾਂ ਬੋਲੀ ਪ੍ਰਤੀ ਵੀ ਸੁਚੇਤ ਇਨਸਾਨ ਦਾ ਕੋਈ ਫ਼ਰਜ਼ ਵੀ ਹੁੰਦਾ ਹੈ। ਜਿਹੜਾ ਆਪਣੀ ਮਾਂ ਦੇ ਚੁੰਘੇ ਹੋਏ ਪਵਿੱਤਰ ਦੁੱਧ ਦੀ ਲਾਜ ਵੀ ਨਾ ਪਾਲੇ, ਉਹ ਕਾਹਦਾ ਇਨਸਾਨ ਤੇ ਕਾਹਦਾ ਪੁੱਤ ਹੋਇਆ, ਲੇਖਕ ਤਾਂ ਹੋਣਾ ਹੀ ਕਿੱਥੋਂ ਹੋਇਆ?

ਜਿਹੜੇ ਬੁੱਧੀਮਾਨ ਲੋਕ ਆਪਣੀ ਮਾਂ ਬੋਲੀ ਵਿਚ ਲਿਖਦੇ ਹਨ ਉਹ ਜਾਣਦੇ ਹਨ ਕਿ ਜਿਹੜਾ ਇੱਜਤ-ਮਾਣ ਉਨ੍ਹਾਂ ਦਾ ਲੇਖਕ ਦੇ ਤੌਰ ਤੇ ਹੈ ਉਹ ਉਨ੍ਹਾਂ ਦੀ ਬੋਲੀ/ਭਾਸ਼ਾ (ਇਹ ਹਰ ਜ਼ੁਬਾਨ ਬਾਰੇ ਸਰਵ ਸਾਂਝਾ ਪ੍ਰਵਾਨਿਤ ਵਰਤਾਰਾ ਹੈ) ਕਰਕੇ ਹੀ ਹੈ, ਜਿਸ ਵਿਚ ਲਿਖ ਕੇ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਲੋਕਾਈ ਨੂੰ ਪ੍ਰਭਾਵਿਤ ਕੀਤਾ। ਜਿੱਥੇ ਗਰੀਬੀ-ਅਮੀਰੀ ਨਾਲੋਂ ਰਚਨਾ ਅੱਗੇ ਹੋ ਕੇ ਬੋਲਦੀ ਹੈ। ਸਰਕਾਰੀ ਪੱਧਰ ਜਾਂ ਹਲਕਿਆਂ ਬਾਰੇ ਇੰਨਾ ਹੀ ਕਿਹਾ ਜਾ ਸਕਦਾ ਹੈ ਕਿ ਉੱਥੇ ਤਾਂ 'ਅੰਨ੍ਹੀ ਪੀਂਹਦੀ ਐ 'ਤੇ ਕੁੱਤੇ ਚੱਟਦੇ ਐ'। ਪੁੱਤੋਂ, ਕਪੁੱਤ ਹੋ ਗਏ ਮਰੀ ਨੈਤਿਕਤਾ ਵਾਲਿਆਂ ਤੋਂ ਇਸ ਨਾਲੋਂ ਵੱਖਰੇ ਅਮਲ ਦੀ ਆਸ ਵੀ ਨਹੀਂ ਕੀਤੀ ਜਾ ਸਕਦੀ। ਜਿਹੜੇ ਆਪਣੀ ਮਾਂ ਜਾਂ ਮਾਂ ਬੋਲੀ ਦੇ ਨਾਂ ਚਾਰ ਛਿੱਲੜਾਂ ਬਦਲੇ ਬੇਦਾਵਾ ਲਿਖ ਗਏ ਹੋਣ ਉਨ੍ਹਾਂ ਨੂੰ ਪੁੱਤ ਨਹੀਂ ਕਪੁੱਤ ਹੀ ਕਿਹਾ ਜਾ ਸਕਦਾ ਹੈ।

ਜਦੋਂ ਵੀ ਅਸੀਂ ਆਪਣੀ ਬੋਲੀ ਦੇ ਮਾਣ ਮੱਤੇ ਹੀਰਿਆਂ ਦਾ ਜ਼ਿਕਰ ਕਰਦੇ ਹਾਂ ਤਾਂ ਉਨ੍ਹਾਂ ਵਿਚੋਂ ਬਹੁਤ ਸਾਰੇ ਉਨ੍ਹਾਂ ਲੇਖਕਾਂ ਦਾ ਨਾਂ ਬੋਲਦਾ ਹੈ ਜੋ ਆਪਣੀਆਂ ਲਿਖਤਾਂ ਨਾਲ ਸਮਾਜ ਅੰਦਰ ਬਹੁਤ ਉੱਚਾ ਸਥਾਨ ਪ੍ਰਾਪਤ ਕਰ ਗਏ ਹਨ। ਜਿਨ੍ਹਾਂ ਉਮਰ ਭਰ ਗੁਰਬਤ ਹੰਢਾਉਣੀ ਤਾਂ ਕਬੂਲ ਕਰ ਲਈ ਪਰ ਆਪਣੀ ਮਾਂ ਦੇ ਚੁੰਘੇ ਦੁੱਧ ਦੀ ਲਾਜ ਪਾਲੀ/ਕਰਜ਼ ਉਤਾਰਿਆ। ਉਨ੍ਹਾਂ ਆਪਣੀ ਮਿਹਨਤ ਨਾਲ ਮਾਇਕ ਪੱਖੋਂ ਭਾਵੇਂ ਨਹੀਂ ਪਰ ਸਮਾਜੀ ਤੇ ਇਖ਼ਲਾਕੀ ਪੱਖੋਂ ਬਹੁਤ ਕਮਾਈ ਕੀਤੀ ਉਹ ਭਾਵੇਂ ਬਾਵਾ ਬਲਵੰਤ ਹੋਵੇ, ਨੰਦ ਲਾਲ ਨੂਰਪੁਰੀ ਹੋਵੇ, ਸੰਤੋਖ ਸਿੰਘ ਧੀਰ ਹੋਵੇ, ਗੁਰਦਾਸ ਰਾਮ ਆਲਮ ਹੋਵੇ, ਸੰਤ ਰਾਮ ਉਦਾਸੀ ਹੋਵੇ, ਲਾਲ ਸਿੰਘ ਦਿਲ ਹੋਵੇ ਆਦਿ ਨਾਵਾਂ ਦੀ ਲਾਈਨ ਲੰਬੀ ਹੈ। ਇਸੇ ਤਰ੍ਹਾਂ ਲਹਿੰਦੇ ਪੰਜਾਬ ਵਲੋਂ ਉਸਤਾਦ ਦਾਮਨ, ਫਰਜ਼ੰਦ ਅਲੀ ਤੇ ਬਾਬਾ ਨਜ਼ਮੀ ਆਦਿ ਅਤੇ ਹੋਰ ਬਹੁਤ ਸਾਰੇ ਵੀ ਹੋਣਗੇ ਜਿਨ੍ਹਾਂ ਨੂੰ ਚੜ੍ਹਦੇ ਪੰਜਾਬ ਦੀ ਨਵੀਂ ਪੀੜ੍ਹੀ ਜਾਣਦੀ ਨਾ ਹੋਵੇ। ਪ੍ਰਦੇਸੀਂ ਵਸਦੇ ਪੰਜਾਬੀਆਂ ਨੇ ਵੀ ਆਪਣੇ ਵਿਤ ਮੁਤਾਬਿਕ ਆਪਣੀ ਮਾਂ ਬੋਲੀ ਦੇ ਵਿਕਾਸ ਅਤੇ ਸੇਵਾ ਵਿਚ ਬਣਦਾ ਹਿੱਸਾ ਪਾਇਆ ਅਤੇ ਪਾਈ ਜਾ ਰਹੇ ਹਨ। ਗੱਲ ਤਾਂ ਸਾਧਨ ਵਿਹੂਣੇ ਹੋਣ ਦੇ ਬਾਵਜੂਦ ਆਪਣੇ ਖ਼ੂਨ ਨਾਲ ਦੀਵਾ ਬਾਲ ਕੇ ਜੱਗ ਰੌਸ਼ਨ ਕਰਨ ਦੀ ਹੁੰਦੀ ਹੈ, ਇਹਦੇ ਵਾਸਤੇ ਮਨੁੱਖ ਕੋਲ ਸਭ ਤੋਂ ਪਹਿਲਾਂ ਦਿਲ-ਗੁਰਦਾ ਚਾਹੀਦਾ ਹੈ।



ਇਨ੍ਹਾਂ ਸੂਝ ਵਾਲੇ ਸਿਰੜੀ ਕਲਮਕਾਰਾਂ ਦੀ ਕੀਤੀ ਸੱਚੀ ਤੇ ਸੁੱਚੀ ਕ੍ਰਿਤ-ਕਮਾਈ ਦੇ ਸਾਹਮਣੇ ਕਿਸੇ ਲੱਖਾਂਪਤੀ ਜਾਂ ਕਰੋੜਾਂਪਤੀ ਦਾ ਨਾਂ ਵੀ ਨਿਗੂਣਾ ਜਿਹਾ ਲਗਦਾ ਹੈ।

ਦੁਨੀਆਂ ਅੰਦਰ ਵਸਦੇ ਪੰਜਾਬੀ ਹਰ ਥਾਵੇਂ ਸਭਾ-ਸਭਾਵਾਂ, ਸੰਸਥਾਵਾਂ ਕਾਇਮ ਕਰਕੇ ਆਪਣੇ ਸੂਰਮਿਆਂ, ਸਿਆਣਿਆਂ ਦਾ ਮਾਣ ਵੀ ਕਰਦੇ ਹਨ। ਵੱਖੋ-ਵੱਖ ਥਾਵਾਂ ਤੋਂ ਮਿਲ ਬੈਠਣ ਦੇ ਸੱਦਾ ਪੱਤਰ ਵੀ ਮਿਲਦੇ ਹਨ। ਲੇਖਕ ਆਪਣੀ ਕਲਮ ਦੇ ਆਸਰੇ ਦੁਨੀਆਂ ਗਾਹ ਮਾਰਦਾ ਹੈ। ਜਿੱਥੇ ਵੀ ਪਹੁੰਚਦਾ ਹੈ ਲੋਕ ਹੱਥਾਂ 'ਤੇ ਚੁੱਕਦੇ ਹਨ, ਪਲਕੀਂ ਛਾਵਾਂ ਕਰਦੇ ਹਨ। ਪ੍ਰਦੇਸੀਂ ਵਸਦੇ ਵੀ ਆਪੋ-ਵਿੱਚੀਂ ਸਬੰਧਤ ਰਹਿੰਦੇ ਹਨ। ਇਕ-ਦੂਜੇ ਮੁਲਕੀਂ ਜਾਣ ਲੱਗਿਆਂ ਨਾ ਰੋਟੀ ਪਾਣੀ ਦਾ ਫਿਕਰ ਨਾ ਰਿਹਾਇਸ਼ ਦਾ। ਫੋਨ ਕੀਤਾ ਤੇ ਉੱਥੇ ਜਾ ਪਹੁੰਚੇ। ਮਹਿਫਲਾਂ ਜੁੜਦੀਆਂ ਹਨ, ਬਹਿਸਾਂ ਹੁੰਦੀਆਂ ਹਨ। ਬੇਗਾਨੇ ਮੁਲਕ ਵਿਚ ਘਰ ਵਰਗਾ ਖਾਣਾ, ਭਾਈਚਾਰੇ ਦੀ ਘਾਟ ਵੀ ਨਹੀਂ ਰੜਕਦੀ। ਉਸ ਮੁਲਕ ਬਾਰੇ ਗਿਆਨ ਪ੍ਰਾਪਤ ਕਰਨ ਦਾ ਸੌਖਾ ਸਾਧਨ।

ਆਪਣੇ ਰਿਸ਼ਤੇਦਾਰਾਂ ਦੇ ਆਇਆਂ ਤੋਂ ਤਾਂ ਭਾਵੇਂ ਕੋਈ ਤੱਤਾ-ਭੱਬਾ ਕਰੇ ਪਰ ਲੇਖਕ ਪਾਠਕ ਘੇਰੇ ਵਿਚੋਂ ਜੁੜੇ ਕਿਸੇ ਕਲਮਾਂ ਵਾਲੇ ਨੂੰ ਹੱਸ ਕੇ ਜੀ ਆਇਆਂ ਆਖਦੇ ਹਨ। ਵਿਤੋਂ ਬਾਹਰੀ ਆਉ ਭਗਤ ਕਰਦੇ ਹਨ। ਇਹ ਸਭ ਪੰਜਾਬੀ ਦੀ ਹੀ ਖੱਟੀ ਹੈ। ਬਾਬਾ ਫਰੀਦ ਜੀ ਦੀ ਜ਼ੁਬਾਨ ਨਿਗੂਣੀ ਨਹੀਂ। ਦੁਨੀਆਂ ਦੇ ਹਰ ਮੁਲਕ ਵਿਚ ਇਸਦੀ ਤੰਦ ਖਿਲਰੀ ਮਿਲਦੀ ਹੈ। ਇਸ ਜ਼ੁਬਾਨ ਵਿਚ ਲਿਖਣਾਂ ਭਾਵੇਂ ਹਾਲ ਦੀ ਘੜੀ ਤੱਕ ਮੁਨਾਫੇ ਵਾਲਾ ਕੰਮ ਨਹੀਂ (ਜਿਸਦੇ ਪੰਜਾਬੀ ਖੁਦ ਹੀ ਜ਼ੁੰਮੇਵਾਰ ਹਨ) ਪਰ ਇੱਜਤ-ਮਾਣ ਪੱਖੋਂ ਹੋਈ/ਹੁੰਦੀ ਖੱਟੀ ਨੂੰ ਨਕਾਰਨਾਂ ਵੀ ਚੰਗਾ ਨਹੀਂ। ਉਂਝ ਵੀ ਇਨ੍ਹਾਂ ਕਲਮਾਂ ਵਾਲਿਆਂ ਦੀਆਂ ਸਾਝਾਂ ਕਿਸੇ ਵੀ ਸਕੀਰੀ ਤੋਂ ਗੂੜ੍ਹੀਆਂ ਅਤੇ ਮੋਹ ਭਰੀਆਂ ਹੁੰਦੀਆਂ ਹਨ। ਮੋਹ ਦੀ ਖੱਟੀ ਹਰ ਕਿਸੇ ਦੇ ਹਿੱਸੇ ਨਹੀਂ ਆਉਂਦੀ।

# ਰੁਖ਼ ਬਦਲ ਗਿਆ

ਸਾਂਝ ਇਕ ਅਜਿਹਾ ਸ਼ਬਦ ਹੈ ਜਿਸਨੂੰ ਮਨੁੱਖੀ ਭਾਵਨਾਵਾਂ ਅੰਦਰਲੀ ਸਪਸ਼ਟਤਾ, ਪਾਰਦਰਸ਼ਤਾ ਅਤੇ ਮਾਨਵਵਾਦੀ ਸੋਚ-ਸੂਝ ਦਾ ਸਹੀ ਪ੍ਰਗਟਾਵਾ ਕਿਹਾ ਜਾ ਸਕਦਾ ਹੈ। ਸਾਂਝ ਆਪਣੇ ਅਰਥਾਂ ਵਲੋਂ ਵੀ ਇਕੱਲਿਉਂ ਸਮੂਹ ਜਾਂ ਕਿਸੇ ਦੂਜੇ ਨਾਲ ਮਿਲ ਬੈਠਨ ਦਾ ਬੋਲ ਬੋਲਦੀ ਹੈ। ਸਾਂਝ ਸੱਚ, ਮੁਹੱਬਤ ਅਤੇ ਨਿਮਰਤਾ ਦੀ ਬੋਲੀ ਹੁੰਦੀ ਹੈ। ਇਸੇ ਕਰਕੇ ਸਾਡੇ ਸਮਾਜ ਅੰਦਰ ਮਰਦਾਂ ਵਲੋਂ ਪੱਗ ਵਟਾਉਣ ਦਾ ਰਿਵਾਜ ਸੀ, ਜਿਸ ਦੇ ਆਸਰੇ ਸਾਂਝ ਦੇ ਨਾ ਟੁੱਟਣ ਦਾ ਇਕਰਾਰ ਕੀਤਾ ਜਾਂਦਾ ਸੀ। ਸੱਚ ਦੇ ਬੋਲ ਪਾਲਣ ਦਾ ਅਹਿਦ ਲਿਆ ਜਾਂਦਾ ਸੀ। ਪੱਗ ਵਟੇ ਨੂੰ ਭਰਾ ਕਿਹਾ ਹੀ ਨਹੀਂ ਸਗੋਂ ਸਮਝਿਆ ਜਾਂਦਾ ਸੀ। ਸਾਂਝ ਨੂੰ ਪੱਕਿਆਂ-ਪੀਡਿਆਂ ਕਰਨ ਵਾਸਤੇ ਉਹਨੂੰ ਮਾਂ-ਪਿਉ ਜਾਏ ਅਤੇ ਖ਼ੂਨ ਦੀ ਸਾਂਝ ਵਾਲੇ ਸਕੇ ਭਰਾ ਜਿੱਡਾ ਦਰਜਾ ਤੇ ਮਾਣ ਦਿੱਤਾ ਜਾਂਦਾ ਸੀ। ਪੱਗ ਵਟੇ ਭਰਾ ਵਾਸਤੇ ਜਾਨ ਤੱਕ ਵਾਰ ਦੇਣ ਦੀਆਂ ਕਹਾਣੀਆਂ ਬਹੁਤ ਦੇਰ ਪਹਿਲਾਂ ਤੋਂ ਹੀ ਸੁਣਦੇ ਆਏ ਹਾਂ। ਪਰ ਬਹੁਤ ਸਾਰੇ ਪਾਣੀ ਦੇ ਪੁਲਾਂ ਹੇਠੋਂ ਲੰਘ ਜਾਣ ਬਾਅਦ ਸਮੇਂ ਨੇ ਆਪਣਾ ਰੰਗ ਵਟਾਉਣਾ ਹੀ ਹੁੰਦਾ ਹੈ। ਸਮੇਂ ਸਥਾਨ ਦੀ ਤਬਦੀਲੀ ਨਾਲ ਵਕਤੀ ਗੱਲਾਂ ਤਾਂ ਹੋਰ ਦੀਆਂ ਹੋਰ ਹੋ ਸਕਦੀਆਂ ਹਨ, ਵਕਤੀ ਰੁੱਸ-ਰੁਸੇਵੇਂ ਵੀ ਹੋ ਸਕਦੇ ਹਨ। ਪਰ, ਸੱਚੇ ਅਤੇ ਸੁੱਚੇ ਬੋਲਾਂ ਦੇ ਆਸਰੇ ਪਈ ਸਾਂਝ ਕਦੇ ਨਹੀਂ ਟੁੱਟਦੀ ਅਤੇ ਨਾ ਹੀ ਇਸ ਦੀ ਮੂਲ ਭਾਵਨਾ ਵਿਚ ਫਰਕ ਪੈਂਦਾ ਹੈ। ਇਹ ਜ਼ਿੰਦਗੀ ਦੇ ਰੁਖ ਬਦਲਣ ਵਾਲਾ ਰਾਹ ਬਣ ਜਾਂਦਾ ਹੈ। ਜ਼ਿੰਦਗੀ ਨੂੰ ਸੰਪੂਰਨਤਾ ਵਲ ਤੋਰਨ ਵਾਲੇ ਮੁਬਾਰਕ ਕਦਮਾਂ ਦਾ ਵਸੀਲਾ ਵੀ। ਬਸ! ਇਸਦਾ ਸਲੀਕਾ ਸਿੱਖਣ ਦੀ ਲੋੜ ਹੈ।

ਔਰਤ ਮਰਦ ਦੀ ਸਾਂਝ ਜੱਗ ਜਹਾਨ ਦਾ ਅੱਗਾ ਤੁਰਦਾ ਰੱਖਦੀ ਹੈ। ਪਰਵਾਰਾਂ ਦੀਆਂ ਤੰਗੀਆਂ-ਤੁਰਸ਼ੀਆਂ ਵਿਚੋਂ ਕੌੜੇ ਬੋਲਾਂ ਦਾ ਉੱਚਾ ਹੋਣਾ ਕਈ ਵਾਰ ਚੁਭਦਾ ਵੀ ਹੈ ਕਿਉਂਕਿ ਕੌੜੇ ਬੋਲ ਕਿਸੇ ਵੀ ਸਾਂਝ ਵਾਸਤੇ ਦੁੱਧ ਵਿਚ ਪਾਈ ਕਾਂਜੀ ਬਰਾਬਰ ਹੁੰਦੇ ਹਨ। ਪਰ ਉਹ ਹੀ ਪ੍ਰੀਵਾਰ ਬਾਅਦ ਵਿਚ ਜਦੋਂ ਕਲੇਸ਼ ਤੋਂ ਪਰ੍ਹੇ ਹੋ ਬੈਠ ਕੇ ਸੋਚਦੇ ਹਨ ਤਾਂ ਨਿਰੀ ਬੇਸਮਝੀ ਵਿਚ ਵਾਪਰੀਆਂ ਅਜਿਹੀਆਂ ਹੋਈਆਂ/ਵਾਪਰੀਆਂ ਘਟਨਾਵਾਂ 'ਤੇ ਪਛਤਾਉਂਦੇ ਹਨ। ਅਜਿਹੇ ਸਮੇਂ ਸਾਂਝੇ ਬੋਲਾਂ ਦਾ ਰੁਖ ਮੰਦਭਾਗੀਆਂ ਸਥਿਤੀਆਂ ਦੇ ਪੈਦਾ ਹੋਣ ਵਾਲੇ ਕਾਰਨ ਲੱਭਣ ਵਲ ਤੁਰਦਾ ਹੈ ਤਾਂ ਪ੍ਰੀਵਾਰ ਦੇ ਜੀਆਂ ਅੰਦਰ ਪਤਲੀ ਪੈ ਗਈ ਸਾਂਝ ਫੇਰ ਗੂੜ੍ਹੀ ਹੋਣ ਵਲ ਵਧਦੀ ਹੈ, ਜਦੋਂ ਉਹ ਜਾਣ ਜਾਂਦੇ ਹਨ ਕਿ ਕੁੜੱਤਣ ਪੈਦਾ ਕਰਨ ਵਾਲੇ ਕਾਰਨ ਉਨ੍ਹਾਂ ਦੇ ਆਪਣੇ ਨਹੀਂ ਸਨ ਸਗੋਂ ਜਿਸ ਸਮਾਜ ਵਿਚ ਉਹ ਰਹਿ



ਰਹੇ ਹਨ ਉਸ ਵਿਚੋਂ ਹੀ ਕਿਸੇ ਗਲਤ ਕਿਸਮ ਦੇ ਭੁਲੇਖੇ ਦੀ ਪੈਦਾਵਾਰ ਹਨ। ਫੇਰ ਇਨ੍ਹਾਂ ਭੁਲੇਖਿਆਂ ਤੋਂ ਛੁਟਕਾਰਾ ਪਾ ਕੇ ਨਵੇਂ ਦਿਸਹੱਦਿਆਂ ਵਲ ਜ਼ਿੰਦਗੀ ਨੂੰ ਤੋਰਿਆ ਜਾਂਦਾ ਹੈ।

ਪਛੜੇ ਸਮਾਜਾਂ ਅੰਦਰ ਹੀ ਨਹੀਂ ਲੱਗਭੱਗ ਹਰ ਪਾਸੇ ਔਰਤ ਨੂੰ ਸਦਾ ਹੀ ਦਬਾਈ ਰੱਖਣ ਦਾ ਜਤਨ ਕੀਤਾ ਜਾਂਦਾ ਰਿਹਾ ਹੈ ਅਤੇ ਲਗਾਤਾਰ ਕੀਤਾ ਜਾ ਰਿਹਾ ਹੈ। ਵਰਤਮਾਨ ਸਮੇਂ ਵਿਚ ਭਾਵੇਂ ਪੱਛਮੀ ਸਮਾਜ ਅੰਦਰ ਔਰਤਾਂ ਦੀ ਦਸ਼ਾ ਵਿਚ ਪੂਰਬ ਦੇ ਮੁਕਾਬਲੇ ਬਹੁਤ ਫਰਕ ਪਿਆ ਹੈ ਪਰ ਵਿਤਕਰੇ ਤੇ ਜਬਰ ਅਜੇ ਵੀ ਹੁੰਦਾ ਹੈ। ਪਹਿਲਾਂ ਤਾਂ ਔਰਤਾਂ ਮੰਦੇਹਾਲੀਂ ਹੀ ਜੀਊਂਦੀਆਂ ਸਨ। ਰਾਜ-ਭਾਗ ਦੀ ਹਿੱਸੇਦਾਰੀ ਤੋਂ ਤਾਂ ਅਸਲੋਂ ਹੀ ਵਿਰਵੀਆਂ ਸਨ। ਇੱਥੋਂ ਹੀ ਔਰਤ ਨਾਲ ਵਿਚਾਰੀ ਵਰਗਾ ਵਿਸ਼ੇਸ਼ਣ ਆ ਜੁੜਿਆ ਹੋਵੇਗਾ। ਸਿਆਸੀ ਖੇਤਰ ਦੀ ਗੱਲ ਕਰੀਏ ਤਾਂ ਦੇਖਦੇ ਹਾਂ ਕਿ ਔਰਤਾਂ ਨੂੰ ਵੋਟ ਦਾ ਹੱਕ ਮਿਲਿਆਂ ਅਜੇ ਪੌਣੀ ਕੁ ਸਦੀ ਹੀ ਹੋਈ ਹੈ। ਪੁੱਛਿਆ ਤਾਂ ਇਹ ਵੀ ਜਾ ਸਕਦਾ ਹੈ ਕਿ ਕੀ ਜਮਹੂਰੀਅਤ ਸਿਰਫ ਇੰਨੀ ਹੀ ਪੁਰਾਣੀ ਹੈ? ਅਜੇ ਵੀ ਬਹੁਤ ਕੁੱਝ ਹੈ ਜੋ ਔਰਤ ਦੇ ਸਵੈਮਾਣ ਨੂੰ ਸੱਟ ਮਾਰਦਾ ਹੈ। ਲਿੰਗ ਅਧਾਰਤ ਵਿਤਕਰਾ ਹੀ ਨਹੀਂ ਸਗੋਂ ਜ਼ੋਰ-ਜਬਰ, ਧੱਕਾ ਅਤੇ ਰੂਹ ਨੂੰ ਜ਼ਖ਼ਮੀ ਕਰ ਦੇਣ ਵਾਲੇ ਗੈਰ-ਮਨੁੱਖੀ ਕਾਰਨਾਮੇ ਕੀਤੇ ਜਾਂਦੇ ਹਨ ਸਮਾਜ ਦੀ ਅਗਵਾਈ ਕਰਨ ਵਾਲੇ ਮਰਦਾਂ ਵਲੋਂ ਔਰਤਾਂ ਦੇ ਖਿਲਾਫ। ਇਸ ਕਰਕੇ ਹੀ ਕਦੀਂ ਕਦੀਂ ਔਰਤ, ਮਰਦ ਦੀ ਸਾਂਝ ਵਿਚ ਤ੍ਰੇੜਾਂ ਪੈ ਜਾਂਦੀਆਂ ਹਨ ਜਿਸ ਨਾਲ ਰਿਸ਼ਤੇ ਵਿਚ ਕੁਸੈਲ਼ਾ ਪਨ ਆ ਜਾਂਦਾ ਹੈ।

ਕਈ ਥਾਵੀਂ ਤਾਂ ਔਰਤ ਨੂੰ ਮਰਦ ਦੇ ਬਰਾਬਰ ਦਾ ਇਨਸਾਨ ਹੀ ਨਹੀਂ ਸਮਝਿਆ ਜਾਂਦਾ। ਖਾਸ ਕਰਕੇ ਕਈਆਂ ਥਾਵੀਂ ਇਸਲਾਮ ਦੇ ਨਾਂ ਹੇਠ ਕਿਸੇ ਅਦਾਲਤੀ ਗਵਾਹੀ ਸਮੇਂ ਦੋ ਔਰਤਾਂ ਦੀ ਗਵਾਹੀ ਨੂੰ ਇਕ ਮਰਦ ਦੀ ਗਵਾਹੀ ਦੇ ਬਰਾਬਰ ਸਮਝਿਆ ਜਾਂਦਾ ਹੈ। ਸਿਰਫ ਇਸ ਕਰਕੇ ਕਿ ਉਹ ਮਰਦ ਹੈ ਤੇ ਉਹ ਔਰਤਾਂ ਹਨ? ਫੇਰ ਇੱਥੇ ਇਨਸਾਨ ਕਿੱਥੇ ਗੁੰਮ-ਗੁਆਚ ਗਿਆ? ਅਤੇ ਕਿਉਂ? ਕੀ ਕਿਸੇ ਧਰਮ ਦੀ ਝੂਠੀ ਓਟ ਵਿਚ ਜਗਤ ਦੀ ਜਣਨੀ ਨੂੰ ਉਹਦੇ ਹੀ ਜਾਇਆਂ ਵਲੋਂ ਇੰਜ ਜ਼ਲੀਲ ਕਰਨਾ ਜਾਂ ਨੀਵਾਂ ਦਿਖਾਉਣਾ ਠੀਕ ਕਿਹਾ ਜਾ ਸਕਦਾ ਹੈ? ਔਰਤ ਕਿਸੇ ਦੀ ਮਾਂ, ਕਿਸੇ ਦੀ ਧੀ, ਕਿਸੇ ਦੀ ਭੈਣ ਤੇ ਕਿਸੇ ਦੀ ਪਤਨੀ ਹੈ। ਆਖਰ ਉਹ ਇਨਸਾਨ ਹੈ। ਇਹ ਸਮਝਿਆ ਕਿਉਂ ਨਹੀਂ ਜਾਂਦਾ? ਆਖਰ ਕਦੋਂ ਸਮਝਿਆ ਜਾਵੇਗਾ?

ਕਿਸੇ ਤਰ੍ਹਾਂ ਦੇ ਮਸਲਿਆਂ ਦਾ ਵੀ ਪੈਦਾ ਹੋਣਾ ਦੁਖਦਾਈ ਹੁੰਦਾ ਹੈ ਪਰ ਸਿਆਣੇ/ਸੂਝਵਾਨ ਪੈਦਾ ਹੋਏ ਹਰ ਮਸਲੇ ਦਾ ਹੱਲ ਲੱਭਣ ਦਾ ਜਤਨ ਕਰਦੇ ਹਨ। ਅਜਿਹੀਆਂ ਵਿਸਫੋਟਕ ਸਥਿਤੀਆਂ ਵਿਚੋਂ ਹੀ ਕਦੇ ਨਾਰੀਵਾਦ (ਫੈਮੀਨਿਜ਼ਮ) ਪੈਦਾ ਹੋ ਜਾਂਦਾ ਹੈ। ਜਿਹੜਾ ਮਨੋਰਥ ਅਤੇ ਨਾਅਰੇ ਤਾਂ ਹੋਰ ਲੈ ਕੇ ਆਉਂਦਾ ਹੈ ਜਿਵੇਂ, ਭਰਪੂਰ ਜ਼ਿੰਦਗੀ ਜੀਊਣ ਵਾਸਤੇ ਸਾਂਝ ਤੇ ਮੋਹ ਭਰੀ ਬਰਾਬਰੀ ਅਤੇ ਇਸਦੇ ਵਾਸਤੇ ਸਾਂਝਾ ਘੋਲ। ਪਰ ਕਈ ਕੱਚਘਰੜ ਜਹੇ 'ਵਿਦਵਾਨ' ਅਜਿਹੀਆਂ ਸਮਾਜਕ ਲਹਿਰਾਂ ਨੂੰ ਵੀ ਮਰਦਾਂ ਦੇ ਖਿਲਾਫ ਔਰਤਾਂ ਦਾ ਧਮੱਚੜ ਹੀ ਆਖ ਦਿੰਦੇ ਹਨ। ਅਸਲ ਮਸਲੇ ਨੂੰ ਆਪਣੀ ਚਲਾਕੀ

ਨਾਲ ਉਲਝਾਉਣ ਦਾ ਜਤਨ ਕਰਦੇ ਹਨ। ਸ਼ਾਇਦ ਇਸਨੂੰ ਹੀ ਉਹ ਆਪਣਾ ਮਰਦਊਪੁਣਾ ਸਮਝਦੇ ਹਨ। ਦਰਅਸਲ ਉਨ੍ਹਾਂ ਦੇ ਅੰਦਰਲਾ ਪਾਲ਼ਾ ਹੀ ਉਨ੍ਹਾਂ ਨੂੰ ਮਾਰਦਾ ਹੈ। ਇਹ ਤਾਂ ਸਾਰੇ ਹੀ ਜਾਣਦੇ ਹਨ ਕਿ ਜੀਵਨ ਦੇ ਦੋ ਪਹੀਆਂ ਦਾ ਨਾਂ ਔਰਤ ਤੇ ਮਰਦ ਹੈ। ਇਕ ਵਿਚ ਵੀ ਕਾਣ ਹੋਵੇ ਤਾਂ ਜ਼ਿੰਦਗੀ ਦੀ ਗੱਡੀ ਰੁੜਨ ਦੀ ਥਾਵੇਂ ਟੇਢੀ ਹੋ ਜਾਵੇਗੀ। ਇਸ ਵਾਸਤੇ ਜ਼ਰੂਰੀ ਹੈ ਇਸ ਰਿਸ਼ਤੇ ਵਿਚਲਾ ਸਾਵਾਂਪਣ। ਇਹ ਸਾਵਾਂਪਣ/ਬਰਾਬਰੀ ਇਕ ਦੂਜੇ ਪ੍ਰਤੀ ਵਿਸ਼ਵਾਸ, ਸਤਿਕਾਰ ਅਤੇ ਮੋਹ-ਮੁਹੱਬਤ ਰਾਹੀਂ ਹੀ ਪੈਦਾ ਹੋ ਸਕਦਾ ਹੈ।

ਧਰਮਾਂ ਵਾਲੇ ਤਾਂ ਆਮ ਕਰਕੇ ਔਰਤ ਨੂੰ ਦੁਰਕਾਰਦੇ ਹੀ ਆਏ ਹਨ। ਹਿੰਦੂ ਧਰਮ ਵਿਚ ਤਾਂ ਔਰਤ ਨੂੰ ਪੈਰ ਦੀ ਜੁੱਤੀ ਤੱਕ ਕਿਹਾ ਗਿਆ ਹੈ। ਹਿੰਦੂਆ ਦਾ "ਸੰਤ" ਕਿਹਾ ਜਾਣ ਵਾਲਾ ਤੁਲਸੀ ਦਾਸ ਤਾਂ ਔਰਤ ਨੂੰ ਢੋਰ ਤੇ ਪਸ਼ੂ ਦੇ ਬਰਾਬਰ ਕਹਿੰਦਾ ਹੈ (ਸੂਦਰ, ਢੋਰ ਪਸ਼ੂ ਔਰ ਨਾਰੀ, ਚਾਰੋਂ ਤਾੜਨ ਕੇ ਅਧਿਕਾਰੀ) ਭਗਵਾਨ ਕਹੇ ਜਾਣ ਵਾਲੇ ਰਾਮ ਵਲੋਂ ਸੀਤਾ ਦੀ ਅਗਨੀ ਪ੍ਰੀਖਿਆ ਕੀ ਦਰਸਾਉਂਦੀ ਹੈ? ਔਰਤ ਨੂੰ ਇਨਸਾਨ ਨਾ ਸਮਝ ਸਗੋਂ ਇਕ ਵਸਤ ਸਮਝ ਕੇ ਕਦੇ ਉਹਨੂੰ ਜੂਏ ਦੇ ਦਾਅ 'ਤੇ ਲਾਇਆ ਗਿਆ, ਕਦੇ ਮਰਦਾਂ ਦੀ ਸਭਾ ਵਿਚ ਉਹਨੂੰ ਨੰਗਿਆਂ ਕਰਨ ਦੇ ਜਤਨ ਕੀਤੇ ਗਏ। ਆਖਰ ਕੀਹਨੇ ਕੀਤਾ ਇਹ ਸਭ ਕੁੱਝ? ਧਰਮੀ (?) ਕਹਾਉਣ ਵਾਲੇ 'ਮਰਦਾਂ' ਨੇ। ਈਸਾਈਆਂ ਦਾ ਕੈਥੋਲਿਕ ਧੜਾ ਅਜੇ ਤੱਕ ਵੀ ਕਿਸੇ ਔਰਤ ਨੂੰ ਚਰਚ ਦੀ ਪਾਦਰੀ ਬਣਾਏ ਜਾਣ ਦੀ ਇਜਾਜ਼ਤ ਨਹੀਂ ਦਿੰਦਾ। ਇਸੇ ਧੜੇ ਦੇ ਮਰਦ ਪਾਦਰੀਆਂ ਦੇ ਵਿਆਹ ਕਰਵਾਉਣ ਦੀ ਮਨਾਹੀ ਹੈ। ਉਂਜ ਚੋਰੀ-ਛਿੱਪੇ ਉਹ ਜਿੱਥੇ ਮਰਜ਼ੀ ਖੇਹ ਖਾਂਦੇ ਫਿਰਨ, ਬੱਚੇ ਜੰਮਦੇ ਫਿਰਨ। ਅਜਿਹਾ ਸਾਰਾ ਕੁੱਝ ਨਿੱਤ ਦਿਹਾੜੇ ਅਖਬਾਰਾਂ ਦੀਆਂ ਸੁਰਖੀਆਂ ਵਿਚ ਪੜ੍ਹਿਆ ਜਾ ਸਕਦਾ ਹੈ। ਮੁੰਡੇਬਾਜ਼ੀ ਦਾ ਤਾਂ ਇਨ੍ਹਾਂ 'ਤੇ ਆਮ ਹੀ ਇਲਜ਼ਾਮ ਲਗਦਾ ਹੈ। ਇਹੋ ਜਹੇ ਬਦਫੈਲੀਆਂ ਦੇ ਪੁਤਲੇ ਦੱਸਣਗੇ ਨਾ ਲੋਕਾਂ ਨੂੰ "ਰੱਬ" ਦੇ 'ਘਰ' ਦਾ ਪਤਾ? ਪੋਪ ਹੈ ਕਿ ਅਜਿਹੇ ਵਾਪਰੇ ਤੇ ਅਫਸੋਸ ਜਾਹਰ ਕਰ ਦਿੰਦਾ ਹੈ, ਬਸ! ਅੱਲ੍ਹਾ ਅੱਲ੍ਹਾ ਖ਼ੈਰ ਸੱਲਾ। ਈਸਾਈਆਂ ਦਾ ਹੀ ਦੂਸਰਾ ਮੁੱਖ ਧੜਾ ਪਰੋਟੈਸਟੈਂਟਸ ਵਾਲਾ ਹੈ। ਉਹ ਔਰਤਾਂ ਨੂੰ ਚਰਚ ਦੀ ਪਾਦਰੀ ਵੀ ਬਣਾਉਂਦੇ ਹਨ ਅਤੇ ਮਰਦ ਪਾਦਰੀਆਂ ਦੇ ਵਿਆਹ ਕਰਨ ਉੱਤੇ ਵੀ ਕੋਈ ਰੋਕ ਨਹੀਂ। ਇੱਕੋ ਧਰਮ ਵਾਲਿਆ ਦੇ ਦੋ ਅਜਿਹੇ ਭੰਬਲਭੂਸੇ ਭਰੇ ਰਸਤੇ ਆਮ ਲੋਕਾਂ ਲਈ ਬੁਝਾਰਤ ਵਰਗੇ ਹੀ ਹਨ। ਅਜਿਹਾ ਹੀ ਵਤੀਰਾ ਇਸਲਾਮ ਦੇ ਅਧੀਨ ਵੀ ਅਪਣਾਇਆ ਜਾਂਦਾ ਹੈ। ਇੱਥੇ ਵੀ ਔਰਤ ਨੂੰ ਧਾਰਮਿਕ ਰਸਮਾਂ ਵਿਚ ਮੋਹਰੀ ਰੋਲ ਅਦਾ ਕਰਨ ਦੀ ਇਜਾਜ਼ਤ ਨਹੀਂ। ਔਰਤ ਨੂੰ ਪਾਦਰੀ ਜਾਂ ਮੁਲਾਂ ਦੇ ਬਰਾਬਰ ਦੇ ਅਧਿਕਾਰ ਨਾ ਦੇਣੇ ਕੀ ਧਰਮ ਦੀ ਤੌਹੀਨ ਨਹੀਂ, ਧਰਮ ਦੀਆਂ ਮੂਲ਼ ਭਾਵਨਾਵਾਂ ਤੇ ਧਾਰਨਾਵਾਂ ਦਾ ਅਪਮਾਨ ਨਹੀਂ? ਕੀ ਔਰਤ ਇਨਸਾਨ ਨਹੀਂ? ਜੇ ਹੈ ਤਾਂ ਵਿਤਕਰਾ ਕਿਉਂ? ਯਾਹੂਦੀਆਂ ਅੰਦਰ ਵੀ ਔਰਤ ਦੇ ਖਿਲਾਫ ਇਹੋ ਜਹੀਆਂ ਪਾਬੰਦੀਆਂ ਮੌਜੂਦ ਹਨ। ਬਹੁਤ ਹੀ ਬਾਅਦ ਵਿਚ ਪੈਦਾ ਹੋਏ ਬਹਾਈ ਧਰਮ ਵਾਲਿਆਂ ਨੇ ਪਾਦਰੀ, ਪੰਡਿਤ, ਭਾਈ, ਮੁਲਾਂ ਤੇ ਰਾਬੀਨਾਂ ਵਰਗੀਆਂ ਪਦਵੀਆਂ ਹੀ ਖਤਮ ਕਰ ਦਿੱਤੀਆਂ ਅਤੇ ਸੱਚ



ਲੱਭਣ ਵਾਸਤੇ ਹਰ ਕਿਸੇ ਨੂੰ ਵਿਅਕਤੀਗਤ ਜਤਨ ਅਤੇ ਕਰਮ ਕਰਨ ਦਾ ਹੋਕਾ ਦਿੱਤਾ ਹੈ। ਇਹ ਧਰਮ ਵੀ ਸਿੱਖ ਧਰਮ ਵਾਂਗ ਹੀ ਔਰਤ ਮਰਦ ਦੀ ਬਰਾਬਰੀ ਦਾ ਸੱਦਾ ਦਿੰਦਾ ਹੈ। ਭਾਵੇਂ ਕਿ ਸਿੱਖ ਧਰਮ ਅੰਦਰ ਥੋਥੇ ਕਰਮ ਕਾਂਡ ਲਗਾਤਾਰ ਫੇਰ ਤੋਂ ਵਧ ਰਹੇ ਹਨ, ਜੋ ਸਿੱਖ ਧਰਮ ਦੇ ਬਾਨੀਆਂ ਦੀਆਂ ਸਿੱਖਿਆਵਾਂ, ਸਿੱਖ ਧਰਮ ਦੀ ਫਿਲਾਸਫੀ ਅਤੇ ਗੁਰਮਤਿ ਦੇ ਅਨੁਸਾਰ ਨਹੀਂ ਹਨ। ਇਸ ਪਾਸੇ ਜ਼ੁੰਮੇਵਾਰਾਂ ਵਲੋਂ ਧਿਆਨ ਦੇਣਾ ਬਣਦਾ ਹੈ। ਸਮਾਂ ਇਸ ਦੀ ਜੋਰਦਾਰ ਮੰਗ ਕਰਦਾ ਹੈ, ਪਰ ਅਜੇ ਤੱਕ ਤਾਂ ਅਜਿਹੀ ਲਹਿਰ ਕਿਧਰੇ ਨਜ਼ਰ ਨਹੀਂ ਆਉਂਦੀ।

ਔਰਤ ਦੇ ਸਮਾਜ ਵਿਚਲੇ ਮਾਣ-ਮੱਤੇ ਰੋਲ ਨੂੰ ਅਸੀਂ ਸਦਾ ਹੀ ਘਟਾ ਕੇ ਦੇਖਣ ਦੇ ਆਦੀ ਰਹੇ ਹਾਂ। ਜਿਵੇਂ ਮਰਦ ਦੇ ਵੱਖੋ ਵੱਖਰੇ ਰੂਪ ਹਨ ਉਵੇਂ ਹੀ ਔਰਤ ਦੇ ਸਮਾਜਕ ਰੁਤਬੇ ਹਨ। ਉਨ੍ਹਾਂ ਦਾ ਮਾਣ-ਤਾਣ ਉਨ੍ਹਾਂ ਰੁਤਬਿਆਂ ਨੂੰ ਸਵੀਕਾਰਨ ਤੋਂ ਬਾਅਦ ਹੀ ਕੀਤਾ ਜਾ ਸਕਦਾ ਹੈ। ਪੁਰਾਣੇ ਸਮਿਆਂ ਦੀ ਗੱਲ ਕਰੀਏ ਤਾਂ ਦੇਖਦੇ ਹਾਂ ਕਿ ਉੱਥੇ ਤਾਂ ਔਰਤ ਦੀ ਮਰਜ਼ੀ ਵਾਸਤੇ ਕੋਈ ਥਾਂ ਹੀ ਨਹੀਂ ਸੀ। ਸਾਡਾ ਇਤਿਹਾਸ ਹੀ ਨਹੀਂ ਸਾਹਿਤ ਵੀ ਇਸ ਗੱਲ ਦੀ ਗਵਾਹੀ ਦਿੰਦਾ ਹੈ। ਬਾਬਾ ਨਾਨਕ ਨੇ ਔਰਤ ਦੀ ਤਰਸਯੋਗ ਹਾਲਤ ਦੇਖਕੇ ਹੀ ਕਿਹਾ ਸੀ :

ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ

ਅਤੇ ਚਿਰ ਬਾਅਦ ਸ਼ਿਵ ਕੁਮਾਰ ਨੇ 'ਲੂਣਾ' ਲਿਖਦਿਆਂ ਔਰਤ ਦੀ ਦਰਦਨਾਕ ਹਾਲਤ ਨੂੰ ਇੰਜ ਬਿਆਨ ਕੀਤਾ ਹੈ :

ਕੁੱਜਾ ਭੱਜੇ ਤਾਂ ਸੁੱਟਦੇ ਖੋਲ਼ਿਆਂ ਥੀਂ
ਨਾਰ ਭੱਜੇ ਤਾਂ ਮੁੜ ਜਾਏ ਮਾਪਿਆਂ ਦੇ

ਸਮੇਂ ਦੇ ਬਦਲਣ ਨਾਲ ਅਤੇ ਔਰਤ ਦੇ ਜਗ੍ਰਤਿ ਹੋ ਜਾਣ ਕਰਕੇ ਉਹਨੂੰ ਹੁਣ ਭੌਂਦੂਨਾਥ ਮਰਦ ਕਬੂਲ ਨਹੀਂ। ਉਹ ਰੂਹ ਦਾ ਹਾਣ ਭਾਲਦੀ ਹੈ, ਸਿਰਜਕ ਲੋੜਦੀ ਹੈ। ਉਸਦੇ ਅੰਦਰਲੀ ਖੂਬਸੂਰਤ ਵੰਗਾਰ ਅਮਰ ਜਿਓਤੀ ਦੀ ਕਵਿਤਾ ਵਿਚ ਇੰਜ ਬੋਲਦੀ ਹੈ :

ਜਦ ਆਵੇਂਗਾ
ਬੁੱਤ ਸ਼ਿਕਨ ਬਣਕੇ ਨਾ ਆਵੀਂ
ਬੁੱਤ ਤਰਾਸ਼ ਬਣਕੇ ਆਵੀਂ

ਸਮੇਂ ਦੇ ਬਦਲਣ ਨਾਲ ਹਾਲਤ ਬਦਲ ਗਏ। ਹੁਣ ਔਰਤ ਜਗਿਆਸਾ ਭਰੀ ਸੂਝ ਦੇ ਵਿਹੜੇ ਬੈਠੀ ਹੈ। ਪੜ੍ਹ-ਲਿਖ ਜਾਣ ਕਰਕੇ ਔਰਤ ਵੀ ਦੁਨੀਆਂ ਵਿਚ ਆਉਂਦੀ ਤਬਦੀਲੀ ਤੋਂ ਵਾਕਫ ਹੈ। ਤਕਨੀਕੀ ਤਰੱਕੀ ਨੇ ਦੁਨੀਆਂ ਨੂੰ ਬਹੁਤ ਛੋਟੀ ਕਰ ਦਿੱਤਾ

ਹੈ। ਕੌਮਾਂਤਰੀ ਪੱਧਰ ਤੱਕ ਔਰਤਾਂ ਦਾ ਔਰਤਾਂ ਨਾਲ ਸੰਪਰਕ ਵਧਿਆ ਹੈ। ਔਰਤਾਂ ਨੂੰ ਸੁਚੇਤ ਪੱਧਰ ਉੱਤੇ ਆਪਣੀ ਹੋਂਦ ਦਾ ਅਹਿਸਾਸ ਹੋਣ ਕਰਕੇ ਉਨ੍ਹਾਂ ਨੇ ਆਪਣੇ ਹੱਕਾਂ ਦੀ ਰਾਖੀ ਦਾ ਹੋਕਾ ਹੀ ਨਹੀਂ ਦਿੱਤਾ ਸਗੋਂ ਆਪਣੇ ਹੱਕਾਂ ਦੀ ਰਾਖੀ ਵਾਸਤੇ ਇਕੱਲਿਆਂ ਵੀ ਤੇ ਮਰਦਾਂ ਨਾਲ ਰਲਕੇ ਤਿੱਖੇ ਘੋਲ਼ ਲੜੇ ਤੇ ਜਿੱਤੇ। ਜ਼ਿੰਦਗੀ ਹਾਦਸਿਆਂ ਨਾਲ ਨਿੱਤ ਹੀ ਦੋ-ਚਾਰ ਹੁੰਦੀ ਹੈ। ਇਹਦੇ ਵਾਸਤੇ ਜ਼ਰੂਰੀ ਹੁੰਦਾ ਹੈ ਜਗਿਆਸਾ ਦੇ ਲੜ ਲੱਗ ਕੇ ਤਰਕ ਅਧਾਰਤ ਸਿਦਕ ਭਰੀ ਸੋਚ ਨਾਲ ਤੁਰਨਾ। ਤੁਰਦੇ ਕਦਮ ਮੰਜ਼ਿਲ ਤੱਕ ਪਹੁੰਚ ਜਾਂਦੇ ਹਨ।

ਪਹਿਲਾਂ ਔਰਤ ਮਰਦ ਦੇ ਲੜ ਬੱਝੀ ਹੋਣ ਕਰਕੇ ਉਹਦੇ ਤਰਸ ਦੀ ਪਾਤਰ ਸੀ। ਮਰਦ ਵਲੋਂ ਛੱਡ ਦੇਣ/ਤਲਾਕ ਦਿੱਤੇ ਜਾਣ ਦਾ ਡਰ ਤੇ ਅ-ਸੁਰੱਖਿਅਤ ਭਵਿੱਖ ਦਾ ਡਰ ਔਰਤ ਦੀ ਜਾਨ ਸੁੱਕਣੇ ਪਾਈ ਰੱਖਦਾ ਸੀ। ਮੁੱਖ ਕਾਰਨ ਆਰਥਕ ਪੱਖੋਂ ਮਰਦ ਉੱਤੇ ਨਿਰਭਰ ਹੋਣਾ ਸੀ। ਵਕਤ ਨੇ ਕਰਵਟ ਲਈ ਤਾਂ ਉਨ੍ਹਾਂ ਨੇ ਵਕਤ ਦੀ ਕੰਨੀ ਹੱਥੋਂ ਨਾ ਖਿਸਕਣ ਦਿੱਤੀ। ਔਰਤਾਂ ਨੂੰ ਸਵੈ ਨਿਰਭਰ ਹੋਣ ਦੇ ਮੌਕੇ ਮਿਲੇ ਤਾਂ ਉਨ੍ਹਾਂ ਨੇ ਔਖੀਆਂ ਹਾਲਤਾਂ ਵਿਚ ਵੀ ਮੱਥੇ ਅੰਦਰ ਨਵੇਂ ਗਿਆਨ ਦੀ ਰੌਸ਼ਨੀ ਦੇ ਦੀਵੇ ਬਾਲੇ।

ਕਿਸੇ ਵੀ ਇਨਸਾਨ ਦੇ ਅੰਦਰਲਾ ਵਿਸ਼ਵਾਸ ਉਸਦੀ ਸ਼ਖਸੀਅਤ ਨੂੰ ਵਿਅਕਤੀਗਤ ਅਤੇ ਸਮਾਜਕ ਪੱਧਰ 'ਤੇ ਉਭਾਰਦਿਆਂ ਅਤੇ ਸਾਂਝ ਦੇ ਚੌਖਟੇ ਵਿਚ ਤੋਰਦਿਆਂ ਹੋਇਆਂ, ਉਸਦੀ ਸੋਚ ਅਤੇ ਹੋਂਦ ਨੂੰ ਮੌਲਣ ਅਤੇ ਵਿਕਸਣ ਦੇ ਮੌਕੇ ਫੜਨ ਦਾ ਸਾਹਸ ਬਖਸ਼ਦਾ ਹੈ। ਅੱਜ ਦੀ ਔਰਤ ਅਣਸੁਖਾਵੇਂ ਹਾਦਸਿਆਂ ਦਾ ਡਟ ਕੇ ਮੁਕਾਬਲਾ ਕਰਦੀ ਹੈ ਅਤੇ ਹਾਸਿਆਂ ਭਰੇ ਪਲਾਂ ਨੂੰ ਕੋਲੋਂ ਮੱਲਕ ਦੇਣੀ ਨਹੀਂ ਲੰਘ ਜਾਣ ਦਿੰਦੀ ਸਗੋਂ ਉਨ੍ਹਾਂ ਹੁਸੀਨ ਪਲਾਂ ਦੇ ਆਸਰੇ ਕੈਦ ਵਰਗੀ ਜ਼ਿੰਦਗੀ ਨੂੰ ਨਕਾਰਦਿਆਂ ਉਸਤੋਂ ਪਾਰ ਜਾ ਕੇ ਖੁੱਲ੍ਹੀ ਤੇ ਖੁਸ਼ਗਵਾਰ ਫ਼ਿਜਾ ਦੇ ਵਿਹੜੇ ਦਾਖਲ ਹੁੰਦੀ ਹੈ, ਜਿੱਥੇ ਜ਼ਿੰਦਗੀ ਛਣਕਦੇ ਹਾਸੇ ਵਰਗੀ ਹੋ ਕੇ ਸਮੇਂ ਦਾ ਰੁਖ਼ ਬਦਲਣ ਲਗਦੀ ਹੈ।

ؠؠؠؠ



# ਜ਼ਿੰਦਗੀ ਦਾ ਜਸ਼ਨ

ਦੁਨੀਆਂ ਦਾ ਹਰ ਪਾਗਲ ਆਪਣੇ ਆਪ ਨੂੰ ਸਭ ਤੋਂ ਸਿਆਣਾ ਸਮਝਦਾ ਹੈ। ਅਜਿਹਾ ਵਹਿਮ ਸਿਰਫ ਪਾਗਲਾਂ ਨੂੰ ਹੀ ਨਹੀਂ ਬਹੁਤ ਸਾਰੇ ਹੋਰ ਲੋਕਾਂ ਨੂੰ ਵੀ ਹੈ। ਇਸ ਕਰਕੇ ਹੀ ਉਹ ਜਤਨ ਕਰਦੇ ਰਹਿੰਦੇ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਦਾ ਨਾਂ ਵੀ ਸਿਆਣੇ ਲੋਕਾਂ ਵਿਚ ਵੱਜੇ। ਬੱਸ! ਇਸ ਵੱਜ-ਵਜਾਈ ਦੀ ਧੁਨ ਸੁਣਨ ਵਾਸਤੇ ਉਹ ਬੁਰੇ ਦੇ ਘਰ ਤੱਕ ਜਾਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਹ ਤਾਂ ਸਾਰੇ ਲੋਕ ਜਾਣਦੇ ਹਨ ਕਿ ਹਰ ਕਾਰਜ ਪੂਰਤੀ ਵਾਸਤੇ ਸਖਤ ਮਿਹਨਤ ਦੀ ਮੰਗ ਕਰਦਾ ਹੈ। ਬਹੁੱਤ ਘੱਟ ਲੋਕ ਹਨ ਜੋ ਸਿਆਣਪ ਤੱਕ ਪਹੁੰਚਣ ਵਾਸਤੇ ਜਾਂ ਸਿਆਣੇ (ਅਕਲਮੰਦ) ਬਣਨ ਵਾਸਤੇ ਕਿਸੇ ਰਿਸ਼ੀ ਦੀ ਸਮਾਧੀ ਵਾਲੀ ਤਪੱਸਿਆ ਵਰਗੀ ਮਿਹਨਤ ਕਰਦੇ ਹੋਣ ਜਾਂ ਕਰਨ ਦਾ ਸੰਕਲਪ ਰੱਖਦੇ ਹੋਣ। ਬਹੁਤੇ ਤਾਂ ਦਾਅ ਲੱਗਣ ਦੀ ਭਾਵਨਾ ਜਾਂ ਝਾਕ ਅਧੀਨ ਪਾਰ ਲੱਗਣ ਵਾਲੇ 'ਨੁਸਖੇ' ਵਾਲੀ ਲਿਖੀ ਪਰਚੀ ਹੀ ਵਾਰ ਵਾਰ ਪੜ੍ਹੀ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੇ ਕਿਸੇ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਕਿਸੇ ਘਸੀ ਪਿਟੀ ਜਹੀ ਲੀਕ 'ਤੇ ਤੁਰੀ ਜਾਣ ਨਾਲ ਅੰਧ ਵਿਸ਼ਵਾਸੀ ਹੋ ਜਾਣ ਦਾ ਡਰ ਬਣਿਆ ਰਹਿੰਦਾ ਹੈ।

ਆਪਣੇ ਹੀ ਝੂਠ ਦੇ ਖੋਲ ਵਿਚ ਵੜੇ ਬੈਠੇ ਸਿਆਣੇ ਹੋਣ ਦਾ ਭਰਮ ਪਾਲਣ ਵਾਲੇ ਜਦੋਂ ਕਦੇ ਕਿਸੇ ਬਾਹਰਲੀ ਲੋਅ ਦੇ ਦਰਸ਼ਨ ਕਰਦੇ ਹਨ ਤਾਂ ਹੈਰਾਨੀ ਉਨ੍ਹਾਂ ਨੂੰ ਵੀ ਬਹੁਤ ਹੁੰਦੀ ਹੈ ਕਿਉਂਕਿ ਅਜਿਹੇ ਅਖੌਤੀ ਬੁੱਧੀਜੀਵੀ ਜਾਂ ਕਹੋ ਨਕਲੀ ਸਿਆਣੇ ਟਟੀਹਰੀ ਦੇ ਕਬੀਲੇ ਵਿਚੋਂ ਹੀ ਕਹੇ ਜਾ ਸਕਦੇ ਹਨ ਜਿਨ੍ਹਾਂ ਨੂੰ ਅਸਮਾਨ ਆਪਣੇ ਹੀ ਬਲ ਦੇ ਆਸਰੇ ਟਿਕਿਆ ਹੋਣ ਦਾ ਵਹਿਮ ਹੋ ਜਾਂਦਾ ਹੈ। ਅਜਿਹੇ ਵਿਅਕਤੀ ਜਦੋਂ ਕਦੇ, ਕਿਧਰੇ ਸੂਝਵਾਨਾਂ ਦੇ ਇਕੱਠ, ਸਭਾ ਜਾਂ ਸਮਾਗਮਾਂ ਵਿਚ ਜਾਂਦੇ ਹਨ ਤਾਂ ਉਨ੍ਹਾਂ ਦਾ ਨੰਗ ਦੇਖਣ ਯੋਗ ਹੁੰਦਾ ਹੈ। ਅਜਿਹੇ ਵੇਲੇ ਤਾਂ ਉਨ੍ਹਾਂ ਦੇ ਪੋਲ ਦਾ ਖੋਲ ਤਿੜਕਦਾ ਸੁਣਿਆਂ ਤੇ ਖਿਲਰਦਾ ਦੇਖਿਆ ਜਾ ਸਕਦਾ ਹੈ ਫੇਰ, ਉਨ੍ਹਾਂ ਨੂੰ ਆਇਆ ਪਸੀਨਾ ਬਰਫ ਵਿਚ ਲਾ ਕੇ ਵੀ ਖੁਸ਼ਕ ਨਹੀਂ ਕੀਤਾ ਜਾ ਸਕਦਾ।

ਜਦੋਂ ਇਨਸਾਨ ਆਪਣੀ ਜੀਵਨ ਤੋਰ ਨੂੰ ਬੋਚ ਬੋਚ ਕੇ ਪੱਬ ਧਰਨ ਵਾਂਗ ਜੀਊਣਾ ਸਿੱਖ ਜਾਵੇ ਤਾਂ ਉਹ ਸੁਖ, ਦੁੱਖ ਹੰਢਾਉਂਦਿਆਂ ਹਰ ਮੌਕੇ ਖੁਸ਼ ਰਹਿਣਾ ਸਿੱਖ ਜਾਂਦਾ ਹੈ। ਸੁਖੀ ਜੀਵਨ ਕਈ ਵਾਰ ਬਹੁਤ ਸਾਰਿਆਂ ਨੂੰ ਅਣਮਨੁੱਖੀ ਲੀਹੇ ਵੀ ਤੋਰ ਦਿੰਦਾ ਹੈ ਜਿਸਨੂੰ ਇਨਸਾਨੀ ਜੀਵਨ ਵਿਚ ਆਇਆ ਨਿਘਾਰ ਹੀ ਆਖਿਆ ਜਾ ਸਕਦਾ ਹੈ। ਪਰ ਜੇ ਇਨਸਾਨ ਤੋਰ ਨੂੰ ਸਾਵੀਂ ਰੱਖਕੇ ਤੁਰੇ ਤਾਂ ਉਹ ਵਿਅਕਤੀ ਮੌਕੇ-ਮੇਲ ਨਾਲ ਆਏ ਦੁੱਖ

ਦੇ ਪਲਾਂ ਵਿਚ ਵੀ ਉਦਾਸ ਨਹੀਂ ਹੁੰਦਾ ਤੇ ਨਾ ਹੀ ਘਾਬਰਦਾ ਹੈ, ਸਗੋਂ ਠਰੰਮੇ ਭਰੀ ਸੂਝ ਨਾਲ ਅਜਿਹੀ ਸਥਿਤੀ 'ਤੇ ਜਿੱਤ ਪ੍ਰਾਪਤ ਕਰਦਾ ਹੈ।

ਦੁਨੀਆਂਦਾਰੀ ਵਿਚ ਹਰ ਕਿਸੇ ਨਾਲ ਵਾਹ ਪੈਂਦਾ ਹੈ। ਆਪ ਤੋਂ ਸਿਆਣਿਆਂ ਨਾਲ ਵੀ, ਆਪ ਤੋਂ ਕਮਲ਼ਿਆਂ ਨਾਲ ਵੀ ਅਤੇ ਆਪਣੇ ਵਰਗਿਆਂ ਨਾਲ ਵੀ। ਇਹ ਹਰ ਕਿਸੇ ਦੇ ਆਪਣੇ ਵਸ ਹੀ ਹੁੰਦਾ ਹੈ, ਇਸੇ ਬਾਰੇ ਸੋਚਣਾ ਬਣਦਾ ਹੈ ਕਿ ਉਹ ਵੱਖੋ-ਵੱਖ ਸੁਭਾਵਾਂ ਜਾਂ ਉੱਚੇ ਨੀਵੇਂ ਗਿਆਨ ਪੱਧਰ ਵਾਲੇ ਲੋਕਾਂ ਨਾਲ ਕਿਵੇਂ ਦਾ ਵਤੀਰਾ ਅਪਣਾਵੇ ਜਾਂ ਵਰਤਾ ਤੇ ਵਿਹਾਰ ਕਰੇ? ਕੀ ਉਹ ਆਪਣੇ ਤੋਂ ਤਕੜੇ ਜਾਂ ਸਿਆਣੇ ਨੂੰ ਝੁਕ ਕੇ ਸਲਾਮ ਕਰੇ? ਨਹੀਂ। ਕਿਸੇ ਵੀ ਸਿਆਣੇ/ਸੂਝਵਾਨ ਤੋਂ ਕੁੱਝ ਸਿੱਖਣਾ ਬਣਦਾ ਹੈ। ਪਰ ਆਪ ਤੋਂ ਹੀਣੇ ਜਾਂ ਮਾੜੇ ਨੂੰ ਉੱਚਾ ਚੁੱਕ ਕੇ ਆਪਣੇ ਬਰਾਬਰ ਲਿਆਉਣ ਦਾ ਜਤਨ ਵੀ ਕਰਨਾ ਚਾਹੀਦਾ ਹੈ। ਇਹ ਚੰਗੇ ਇਨਸਾਨਾਂ ਦੇ ਵਸ ਦੀ ਹੀ ਗੱਲ ਹੈ।

ਜੀਵਨ ਯਾਤਰਾ ਵਿਚੀਂ ਲੰਘਦਿਆਂ ਵੱਡੇ ਬਣਨ ਦੀ ਤਾਂਘ ਬਹੁਤ ਸਾਰੇ ਲੋਕਾਂ ਦੇ ਮਨਾਂ ਵਿਚ ਪੈਦਾ ਹੁੰਦੀ ਹੈ। ਇਹ ਮਾੜੀ ਵੀ ਨਹੀਂ। ਮਿਹਨਤੀ, ਸਿਰੜੀ ਅਤੇ ਸਿਦਕੀ ਲੋਕ ਆਪਣੇ ਜਤਨਾਂ ਨਾਲ ਇੱਥੋਂ ਤੱਕ ਪਹੁੰਚ ਵੀ ਜਾਂਦੇ ਹਨ। ਕਿੰਨਾ ਚੰਗਾ ਹੋਵੇ ਜੇ ਵੱਡੇ ਬਣਨ ਦੇ ਨਾਲ ਹੀ ਚੰਗੇ ਬਣਨ ਵਾਲੀ ਖਾਹਿਸ਼ ਵੀ ਅੰਦਰ ਪਲ਼ੇ ਤੇ ਉਸਦੀ ਪੂਰਤੀ ਵੀ ਕੀਤੀ ਜਾਵੇ। ਇਸ ਨਾਲ ਸਮਾਜ ਵਿਚ ਚੰਗਿਆਈ ਦਾ ਪਸਾਰ ਹੁੰਦਾ ਹੈ।

ਸਾਡੇ ਸਮਾਜ ਵਿਚ ਬਹੁਤ ਸਾਰੇ ਲੋਕ ਘਟੀਆ ਸੰਸਕਾਰਾਂ (ਸੰਸਕਾਰ ਸਾਰੇ ਮਾੜੇ ਨਹੀਂ ਹੁੰਦੇ) ਦੇ ਅਸਰ ਅਧੀਨ ਆਮ ਕਰਕੇ ਅਜੇ ਤੱਕ ਵੀ ਔਰਤ ਦਾ ਅਪਮਾਨ ਕਰਨ ਦੇ ਬਹਾਨੇ ਹੀ ਭਾਲਦੇ ਰਹਿੰਦੇ ਹਨ। ਲੋਕ ਆਪਣੀ ਮਾਂ, ਭੈਣ ਨੂੰ ਤਾਂ ਇੱਜਤ ਦਿੰਦੇ ਹਨ ਪਰ ਆਪਣੀਆਂ ਹੀ ਪਤਨੀਆਂ ਨੂੰ ਆਪਣੇ ਤੋਂ ਹੀਣਾ ਸਮਝਣ ਲੱਗ ਪੈਂਦੇ ਹਨ। ਲੜਾਈ-ਝਗੜੇ, ਮਾਰ-ਕੁਟਾਈ, ਮਾੜੀ ਹੋਣ ਦਾ ਸ਼ੱਕ ਕੀਤਾ ਜਾਂਦਾ ਹੈ, ਘਟੀਆ ਕਿਸਮ ਦੇ ਤਾਨ੍ਹਿਆਂ, ਮਿਹਣਿਆਂ ਨਾਲ ਔਰਤਾਂ ਦੇ ਸਵੈਮਾਣ ਨੂੰ ਵਿੰਨ੍ਹਿਆਂ ਜਾਂਦਾ ਹੈ, ਜ਼ਖ਼ਮੀ ਕੀਤਾ ਜਾਂਦਾ ਹੈ। ਪੱਛਮੀ ਸਮਾਜ ਅੰਦਰ ਵੀ ਘਰ ਵਾਲਿਆਂ (ਖਾਸ ਕਰਕੇ ਪਤੀਆਂ) ਵਲੋਂ ਸਤਾਈਆਂ ਔਰਤਾਂ ਦੀ ਸਾਂਭ-ਸੰਭਾਲ ਵਾਸਤੇ ਸੁਰੱਖਿਆ ਕੇਂਦਰ ਬਣੇ ਹੋਏ ਹਨ। ਜਿੱਥੇ ਇਹੋ ਜਹੀਆਂ ਸਮਾਜ ਅਤੇ ਸਥਿਤੀਆਂ ਵਲੋਂ ਸਤਾਈਆਂ ਔਰਤਾਂ ਦੀ ਭੀੜ ਲੱਗੀ ਰਹਿੰਦੀ ਹੈ। ਪੱਛਮੀ ਸਮਾਜ ਅੰਦਰ ਔਰਤ ਸੁਚੇਤ ਵੀ ਹੈ, ਆਰਥਕ ਤੌਰ 'ਤੇ ਆਤਮ ਨਿਰਭਰ ਵੀ ਹੈ ਪਰ ਫੇਰ ਵੀ ਕਈ ਕੋਝ੍ਹ ਇਸ ਸਮਾਜ ਦੇ ਮੱਥੇ ਦੇ ਕਲੰਕ ਬਣਦੇ ਹਨ। ਇਸ ਨੂੰ ਦੁੱਖ ਭਰਿਆ ਇਕ ਉਦਾਸ ਨੁਕਤਾ/ਵਰਤਾਰਾ ਹੀ ਕਿਹਾ ਜਾ ਸਕਦਾ ਹੈ।

ਸਾਡੇ ਲੋਕਾਂ ਨੂੰ ਬਹੁਤ ਸਾਰੇ ਕਾਰਨਾਂ ਕਰਕੇ ਬਾਹਰ ਜਾਣ ਦੀ ਲਾਗ ਲੱਗ ਗਈ ਹੈ। ਇਸ ਕਰਕੇ ਹੀ ਲੋਕ ਆਪਣੀਆਂ ਡਿਗਰੀਆਂ ਤੱਕ ਪੜ੍ਹੀਆਂ ਧੀਆਂ ਨੂੰ ਬਿਨਾ ਹਾਣ-ਪ੍ਰਵਾਨ ਦੇਖਿਆਂ ਅਜਿਹੇ ਮੁੰਡਿਆਂ ਦੇ ਲੜ ਲਾਣ ਤੋਂ ਨਹੀਂ ਝਿਜਕਦੇ ਜੋ ਬਿਲਕੁੱਲ ਉਨ੍ਹਾਂ ਕੁੜੀਆਂ ਦੇ ਲਾਇਕ ਨਹੀਂ ਹੁੰਦੇ। ਲੋਭ ਹੁੰਦਾ ਹੈ ਕਿ ਮਗਰ ਹੀ ਅਸੀਂ ਵੀ ਕਿਧਰੇ ਬਾਹਰ ਚਲੇ ਜਾਵਾਂਗੇ। ਕੁੜੀਆਂ ਜਿਵੇਂ ਦਿਨ-ਕਟੀ ਕਰਦੀਆਂ ਹਨ ਇਹ ਉਹ ਨਹੀਂ ਜਾਣਦੇ



ਹੁੰਦੇ। ਕੁੜੀਆਂ ਬੇ-ਗਿਣਤ ਤਸੀਹੇ ਝੱਲਦੀਆਂ ਹਨ, ਪਰ ਮਾਪਿਆਂ ਦੀ ਇੱਜਤ ਨੂੰ ਵੱਟਾ ਨਾ ਲੱਗੇ, ਮਾਪਿਆਂ ਦੀ ਇੱਜਤ ਦੀ ਬਦਨਾਮੀ ਤੋਂ ਡਰ ਲਗਦਾ ਹੈ। ਉਹ ਇਸੇ ਵਿਚਾਰ ਦੀ ਲੱਜ ਪਾਲਦੀਆਂ ਜ਼ੁਲਮ ਦੇ ਸ਼ਿਕੰਜੇ ਕੱਸੀਆਂ ਦਿਨ ਕਟੀ ਕਰਨ ਵਾਸਤੇ ਮਜ਼ਬੂਰ ਹੋ ਜਾਂਦੀਆਂ ਹਨ, ਦੁੱਖਾਂ ਦੇ ਵੇਲਣੇ ਵਿਚ ਨਿੱਤ ਨਪੀੜੀਆਂ ਜਾਂਦੀਆਂ ਹਨ।

ਆਮ ਸਾਧਾਰਨ ਜਹੇ ਲੋਕ ਜੇ ਭੁੱਲਾਂ ਕਰਨ ਤਾਂ ਲੋਕ ਹੋਊ-ਪਰੇ ਕਰ ਦਿੰਦੇ ਹਨ ਪਰ ਸਿਆਣੇ ਕਹੇ ਜਾਂ ਸਮਝੇ ਜਾਣ ਵਾਲੇ ਵੀ ਜਦੋਂ ਸਾਧਾਰਨ ਬੁੱਧੀ ਦਾ ਦਿਖਾਵਾ ਕਰਦੇ ਹਨ ਤਾਂ ਸਭ ਨੂੰ ਹੀ ਬੁਰਾ ਲਗਦਾ ਹੈ। ਉਨ੍ਹਾਂ ਦਾ ਇਹ ਅਮਲ ਹਰ ਇਨਸਾਨ ਨੂੰ ਦੁੱਖ ਬਣਕੇ ਚੁਭਦਾ ਹੈ। ਇਸ ਨਾਲ ਸਮਾਜ ਦੇ ਹੋ ਰਹੇ ਵਿਕਾਸ ਵਿਚ ਵਿਗਾੜ ਪੈਦਾ ਹੁੰਦੇ ਹਨ। ਉਹ ਜਿਹੜੇ ਐਵੇਂ ਹੀ ਬਿਨਾ ਕਿਸੇ ਕਾਰਨੋਂ ਆਪਣੀਆਂ ਝੂਠੀਆਂ ਸਿਫਤਾਂ ਦਾ ਪਾਟਿਆ ਢੋਲ ਗਲ਼ ਵਿਚ ਪਾਈ ਫਿਰਦੇ ਹਨ ਉਨ੍ਹਾਂ ਦੇ ਤਾਂ ਕਹਿਣੇ ਹੀ ਕੀ। ਉਨ੍ਹਾਂ ਦੀ ਹਾਲਤ ਦੀ ਤਾਂ ਭਾਰਤੀ ਫਿਲਮਾਂ ਦੇ ਘਟੀਆ ਜਹੇ ਖਲਨਾਇਕਾਂ ਨਾਲ ਹੀ ਤੁਲਨਾ ਕੀਤੀ ਜਾ ਸਕਦੀ ਹੈ। ਜਿਵੇਂ ਇਹ ਖਲਨਾਇਕ ਕਿਸੇ ਵਿਰੋਧੀ ਦੀ ਕੁੱਟਮਾਰ ਕਰਨ ਤੋਂ ਬਾਅਦ ਉਹਨੂੰ ਧਰਤੀ 'ਤੇ ਸੁੱਟ ਉਹਦੇ ਲਹੂ-ਲੁਹਾਣ ਹੋਏ ਗਲ਼ ਤੇ ਆਪਣੇ ਲਿੱਬੜੇ ਬੂਟ ਰੱਖਕੇ ਆਪਣੇ ਗ੍ਰੋਹ (ਜਾਂ ਗਰੁੱਪ) ਦੇ ਬਾਕੀ ਮੈਂਬਰਾਂ ਨੂੰ ਵਿਸਕੀ ਦੇ ਪੈੱਗ ਦੀ 'ਚੀਅਰਜ਼' ਆਖਦੇ ਅਣ-ਮਨੁੱਖੀ ਜਿਹਾ ਗੰਦਾ ਹਾਸਾ ਹੱਸਦੇ ਹਨ।

ਕੀ ਮਨੁੱਖੀ ਰਿਸ਼ਤੇ, ਖਾਸ ਕਰਕੇ ਪਤੀ, ਪਤਨੀ ਦਾ ਰਿਸ਼ਤਾ ਇੱਥੋਂ ਕੁ ਤੱਕ ਹੀ ਹੁੰਦਾ ਹੈ ਕਿ ਉਹਨੂੰ ਧੌਂਸ ਦੇ ਵੇਲਣੇ ਵਿਚ ਪੀੜਿਆ ਜਾਵੇ। ਇਹ ਹੀ ਮਿਹਣੇ ਮਾਰੀ ਜਾਣੇ ਕਿ ਇਹ ਸਭ ਕੁੱਝ ਮੇਰੇ ਕਰਕੇ ਹੀ ਹੈ। ਪਤਨੀ ਆਪ ਤੋਂ ਸੂਝਵਾਨ ਹੋਵੇ ਤਾਂ ਉਸ ਤੋਂ ਸਿੱਖਣ ਵਿਚ ਕੀ ਹਰਜ਼ ਹੈ? ਉਸਦੇ ਗਿਆਨ ਦੀ ਕਦਰ ਕਰਦਿਆਂ ਆਪ ਵੀ ਸਿਆਣਾ ਬਣਨ ਦਾ ਜਤਨ ਕਰਨਾ ਚਾਹੀਦਾ ਹੈ। ਕਈ ਤਾਂ ਲੱਕੜੀ ਨਾਲ ਲੋਹਾ ਤਰਨ ਵਾਲੀ ਕਹਾਵਤ ਨੂੰ ਪੁੱਠੀ ਕਰਦਿਆਂ ਲੋਹੇ ਨਾਲ ਲੱਕੜੀ ਡੋਬਣ ਦੇ ਕਾਰਜ ਵਿਚ ਹੀ ਵਿਅਸਥ ਰਹਿੰਦੇ ਹਨ ਪਰ ਫੇਰ ਵੀ ਆਪਣੇ ਆਪ ਨੂੰ ਇਨਸਾਨ ਹੀ ਗਿਣੀ ਜਾਣਗੇ। ਅਜਿਹੀ ਸਥਿਤੀ 'ਤੇ ਕੋਈ ਕਿਹੜੀ ਟਿੱਪਣੀ ਕਰੇ? ਬਸ! ਇਹ ਹੀ ਕਿਹਾ ਜਾ ਸਕਦਾ ਹੈ ਕਿ "ਰੱਬ" ਖੈਰ ਈ ਕਰੇ।

ਜ਼ਿੰਦਗੀ ਤਾਂ ਜਸ਼ਨ ਹੈ-ਇਸਨੂੰ ਮਾਨਣਾ ਚਾਹੀਦਾ ਹੈ। ਸਾਂਝ ਤੇ ਖੁਸ਼ੀ ਭਰੀ ਜ਼ਿੰਦਗੀ ਵਰਗਾ ਹੋਰ ਕੋਈ ਸਵਰਗ ਨਹੀਂ ਹੁੰਦਾ। ਲੋੜ ਹੈ ਸੂਝ, ਸਮਝ ਵਰਤਦਿਆਂ ਦੁੱਖ-ਸੁਖ ਵੰਡਦਿਆਂ, ਮੁਹੱਬਤਾਂ ਭਰਿਆ ਸਾਂਝਾ ਹਾਸਾ ਹੱਸਣ ਦੀ। ਆਪਣੇ ਪੱਲੇ ਵਿਚ ਝਾਕਦਿਆਂ ਆਪਣੇ ਗੁਣ ਹੀ ਨਹੀਂ ਆਪਣੀਆਂ ਘਾਟਾਂ ਵੀ ਨਜ਼ਰੀਂ ਪੈਦੀਆਂ ਹਨ। ਫੇਰ ਆਪਣੇ ਅੰਦਰ ਝਾਕਣਾ ਕੀ ਔਖਾ ਹੈ? ਲੋੜ ਤਾਂ ਝੂਠ, ਕੁਸੱਤ ਅਤੇ ਉਜੱਡਪੁਣੇ ਦੀ ਪੱਟੀ ਆਪਣੀ ਸੋਚ ਤੋਂ ਲਾਹੁਣ ਦੀ ਹੈ। ਫੇਰ ਮਨੁੱਖ ਦੁਖਾਂ ਤੇ ਫਿਕਰਾਂ ਵੇਲੇ ਵੀ ਝੋਰਿਆਂ ਤੇ ਉਦਾਸੀ ਦੇ ਵਸ ਨਹੀਂ ਪੈਂਦਾ। ਆਪਣੇ ਵਲੋਂ ਹੀ ਕੀਤੀ ਸਵੈ-ਪੜਚੋਲ ਨਾਲ ਫੜੇ ਸਿੱਧੇ ਰਾਹ ਦੇ ਆਸਰੇ ਜੀਵੀ ਜਾ ਰਹੀ ਜ਼ਿੰਦਗੀ ਜਸ਼ਨ ਬਣ ਜਾਂਦੀ।

# ਸੁਰਾਂ ਅਤੇ ਸਾਹਿਤਕੀ

ਕਦੇ ਵੇਲਾ ਹੁੰਦਾ ਸੀ ਜਦੋਂ ਕਿੱਤਿਆਂ ਨੂੰ ਜਾਤ ਅਧਾਰਤ ਗਿਣਿਆ / ਸਮਝਿਆ ਜਾਂਦਾ ਸੀ, ਪਰ ਅਜੋਕੇ ਸਮੇਂ ਤੱਕ ਪਹੁੰਚਦਿਆਂ ਇਸ ਧਾਰਨਾ ਵਿਚ ਵੀ ਤਬਦੀਲੀ ਆਈ ਹੈ। ਪਹਿਲਾਂ ਪਿੰਡਾਂ ਵਿਚ ਮਰਾਸੀਆਂ ਨੂੰ ਹਾਸੇ-ਠੱਠੇ ਅਤੇ ਰਾਗ ਦੇ ਧਨੀ ਸਮਝਿਆ/ ਮੰਨਿਆ ਜਾਂਦਾ ਸੀ, ਇਸ ਕਰਕੇ ਹੀ ਇਹ ਕਹਾਵਤ ਆਮ ਪ੍ਰਚਲਤ ਸੀ ਕਿ 'ਜੇ ਮਰਾਸੀ ਦਾ ਨਿਆਣਾ ਰੋਵੇ ਵੀ ਉਹ ਵੀ ਸੁਰ ਵਿਚ ਰੋਂਦਾ ਹੈ'। ਪਰ, ਇਹ ਤਾਂ ਉਦੋਂ ਦੀ ਕਹਾਵਤ ਸੀ ਜਦੋਂ ਪੇਂਡੂ ਅਨਪੜ੍ਹ ਵੀ ਪਿੰਡਾਂ ਦੀਆਂ ਸੱਥਾਂ, ਢਾਣੀਆਂ ਵਿਚ ਪੂਰਨ ਭਗਤ, ਸ਼ਾਮੋ ਨਾਰ, ਕੇਹਰ ਸਿੰਘ ਦੀ ਮੌਤ, ਜੀਊਣਾ ਮੌੜ, ਦੁੱਲਾ ਭੱਟੀ ਵਾਲੇ ਕਿੱਸਿਆਂ ਤੋਂ ਲੈ ਕੇ ਹੀਰ ਰਾਂਝਾ , ਸੱਸੀ ਪੁੰਨੂੰ , ਸੋਹਣੀ ਮਹੀਂਵਾਲ ਅਤੇ ਮਿਰਜ਼ਾ ਸਾਹਿਬਾਂ ਦੀਆਂ ਲੋਕ / ਪ੍ਰੇਮ ਕਥਾਵਾਂ ਗਾਉਂਦੇ ਹੁੰਦੇ ਸਨ। ਇਕ ਲੜੀ ਨੂੰ ਸ਼ੁਰੂ ਕਰਦਾ ਤਾਂ ਦੂਜਾ ਪਹਿਲੇ ਦੇ ਛੱਡਣ ਵਾਲੇ ਬੋਲ ਤੋਂ ਅਗਲਾ ਬੋਲ ਚੁੱਕਦਾ ਪਿੰਡਾਂ ਵਿਚਲੀਆਂ ਦੁਪਿਹਰਾਂ ਦੀਆਂ ਇਹ ਢਾਣੀਆਂ/ ਸੱਥਾਂ ਅਤੇ ਚਾਨਣੀਆਂ ਰਾਤਾਂ ਦੀ ਚੁੱਪ ਨੂੰ ਤੋੜਦੇ ਇਹ ਮੁਹੱਬਤਾਂ ਭਰੇ ਬੋਲ ਪੰਜਾਬ ਦੇ ਸੱਭਿਆਚਾਰ ਦੀ ਇਹ ਬਹੁਤ ਹੀ ਅਮੀਰ ਕੜੀ ਸਨ। ਬਹੁਤ ਵੱਡਾ ਸਰਮਾਇਆ ਸੀ ਇਹ ਪੰਜਾਬੀ ਸੱਭਿਆਚਾਰ ਦਾ। ਬਾਅਦ ਵਿਚ ਇਹੋ ਕੰਮ ਢਾਡੀਆਂ ਨੇ ਸਿੱਖ ਇਤਿਹਾਸ ਅਤੇ ਸਿੱਖ ਸੂਰਬੀਰਾਂ ਦੀਆਂ ਵਾਰਾਂ ਗਾ ਕੇ ਲੋਕਾਂ ਅੰਦਰਲੀ ਨਰੋਈ ਸੂਝ, ਸੋਚ ਅਤੇ ਸੁਹਜ ਨੂੰ ਹੋਰ ਤਕੜਿਆਂ ਕਰਨ ਦਾ ਯਤਨ ਕੀਤਾ। ਪੰਜਾਬ ਦੇ ਸੁਹਜ ਭਰੇ ਸੱਭਿਆਚਾਰ ਨੂੰ ਕਵੀਸ਼ਰੀ ਰਾਹੀਂ ਵੀ ਵੱਡੀ ਪੱਧਰ 'ਤੇ ਲੋਕਾਂ ਸਾਹਮਣੇ ਪੇਸ਼ ਕੀਤਾ ਜਾਂਦਾ ਰਿਹਾ। ਕਦੇ ਤਾਂ ਕਵੀਸ਼ਰ ਅਤੇ ਕਵੀਸ਼ਰੀ ਪੰਜਾਬ ਦੇ ਲੋਕ ਮੇਲਿਆਂ ਦੀ ਜਿੰਦ ਜਾਨ ਹੁੰਦੇ ਸਨ। ਫੇਰ ਵੇਲ਼ਾ ਆਇਆ ਕਿ ਖੱਬੇ ਪੱਖੀ (ਆਮ ਕਰਕੇ ਕਮਿਊਨਿਸਟ) ਲੋਕ ਦਰਸ਼ਨ ਸਿੰਘ ਅਵਾਰਾ ਦੀਆਂ ਰਚਨਾਵਾਂ ਨੂੰ ਧਾਰਮਿਕ ਵਿਅਕਤੀਆਂ ਦੇ ਪਾਠ ਕਰਨ ਵਾਂਗ ਹੀ ਪੜ੍ਹਦੇ/ ਗਾਉਂਦੇ ਹੁੰਦੇ ਸਨ। ਇਨ੍ਹਾਂ ਰਚਨਾਵਾਂ ਰਾਹੀਂ ਲੋਕ ਲੰਮਾਂ ਸਮਾਂ ਚੰਗੀ ਗਾਇਕੀ ਦਾ ਆਨੰਦ ਵੀ ਲੈਂਦੇ ਅਤੇ ਅਵਾਰਾ ਦੀਆਂ ਕਵਿਤਾਵਾਂ/ਗੀਤ ਲੋਕਾਂ ਦੇ ਮਸਲਿਆਂ ਬਾਰੇ ਚਾਨਣਾਂ ਪਾ ਕੇ ਲੋਕ ਚੇਤਨਾ ਨੂੰ ਤਿੱਖਿਆਂ ਕਰਨ ਦਾ ਸਾਧਨ ਵੀ ਬਣਦੇ ਰਹੇ।

ਅਜ ਦੇ ਗੰਧਲ਼ੇ ਮਹੌਲ ਵਿਚ ਜਦੋਂ ਗੱਲ ਗੀਤਾਂ ਵਿਚਲੀ ਸਾਹਿਤਕੀ ਦੀ ਤੁਰਦੀ ਹੈ ਤਾਂ ਸੋਚ ਵਿਚ ਸਵਾਲ ਉੱਠਦੇ ਹਨ ਕਿ ਕੀ ਮੋਹਨ ਸਿੰਘ ਤੇ ਅਮ੍ਰਿਤਾ ਪ੍ਰੀਤਮ ਆਦਿ ਨੇ ਆਪਣੀਆਂ ਨਜ਼ਮਾਂ ਅਤੇ ਗੀਤਾਂ ਵਿਚ ਸਾਹਿਤਕੀ ਨੂੰ ਮਰਨ ਦਿੱਤਾ? ਕੀ ਸ਼ਿਵ ਦੇ ਗੀਤਾਂ ਨੇ ਲੋਕਾਂ ਦੇ ਮਨਾਂ ਵਿਚ ਹਲਚਲ ਪੈਦਾ ਨਹੀਂ ਕੀਤੀ? ਕੀ ਤੇਰਾ ਸਿੰਘ ਚੰਨ ਅਤੇ



ਜੋਗਿੰਦਰ ਬਾਹਰਲਾ ਦੇ ਗੀਤਾਂ, ਉਪੇਰਿਆਂ ਨੇ ਸੁੱਚੀ ਕਿਰਤ ਦੀਆਂ ਸਿਫ਼ਤਾਂ ਭਰੀ ਅਤੇ ਅਮਨ ਦੇ ਸੁਨੇਹੇ ਦਿੰਦੀ ਲੰਮੀ ਹੇਕ ਨਾਲ ਲੋਕਾਂ ਨੂੰ ਚੜ੍ਹਦੀਆਂ ਕਲਾਂ ਵਲ ਜਾਣ ਲਈ ਪ੍ਰੇਰਨ ਵਾਲੀ ਉੱਚੀ ਕਲਾ ਪੇਸ਼ ਨਹੀਂ ਕੀਤੀ ਅਤੇ ਸੁਚੱਜੀ ਜ਼ਿੰਦਗੀ ਲਈ ਲੜਨ ਵਾਸਤੇ ਪਿੰਡ ਪਿੰਡ ਅਤੇ ਗਲ਼ੀ ਗਲ਼ੀ ਹੋਕਾ ਨਹੀਂ ਦਿੱਤਾ? ਸਾਡੇ ਦੇਸ਼ ਦਾ ਮਾਣ ਕਹੇ ਜਾਂਦੇ ਸਾਹਿਰ ਲੁਧਿਆਣਵੀ ਨੇ ਫਿਲਮਾਂ ਵਾਸਤੇ ਗੀਤ ਲਿਖ ਕੇ ਵੀ ਆਪਣੀ ਸਾਹਿਤਕੀ ਨੂੰ ਵੱਟਾ ਲੱਗਣੋਂ ਕਿਵੇਂ ਬਚਾਈ ਰੱਖਿਆ ਜਿਸ ਨਾਲ ਉਹਨੇ ਆਪਣੇ ਬੋਲਾਂ ਦਾ ਮਾਣ ਵਧਾਇਆ।

ਕਿਹੜੀ ਸਾਹਿਤਕ-ਸੁਹਜਆਤਮਕ (ਤੇ ਸਿਆਸੀ ਵੀ) ਉਚਾਈ ਹੈ ਜਿਹੜੀ ਸੰਤ ਰਾਮ ਉਦਾਸੀ ਦੇ ਗੀਤਾਂ ਨੇ ਨਹੀਂ ਛੋਹੀ? ਕੀ ਪਾਸ਼, ਜੈਮਲ ਪੱਡਾ, ਦਰਸ਼ਨ ਖਟਕੜ, ਗੁਰਦਾਸ ਰਾਮ ਆਲਮ ਦੇ ਗੀਤ ਅਤੇ ਸਾਡੇ ਉੱਘੇ ਸ਼ਾਇਰ ਡਾ: ਜਗਤਾਰ, ਸੁਰਜੀਤ ਪਾਤਰ ਤੇ ਹੋਰ ਬਹੁਤ ਸਾਰਿਆਂ ਦੀਆਂ ਸੱਚੀਆਂ-ਸੁੱਚੀਆਂ ਰਚਨਾਵਾਂ ਦੇ ਬੋਲ ਲੋਕਾਂ ਦੀਆਂ ਧੜਕਣਾਂ ਵਿਚੋਂ ਨਹੀਂ ਬੋਲਦੇ? ਇਹ ਲੋਕਤਾ ਦੇ ਸੁੱਚੇ ਗੀਤ, ਜਿਨ੍ਹਾਂ ਨੂੰ ਲੋਕ ਸਾਹ ਰੋਕ ਕੇ ਸੁਣਦੇ ਹਨ ਸਾਹਿਤਕੀ ਦਾ ਉੱਤਮ ਨਮੂਨਾ ਹੋਣ ਦੇ ਨਾਲ ਹੀ ਜ਼ਿਦਗੀ ਦੀਆਂ ਸੁਰਾਂ ਨਾਲ ਪੈੜ ਮੇਲ ਕੇ ਤੁਰਨ ਦਾ ਵੀ ਦਮ ਭਰਦੇ ਹਨ ।

ਨੰਦ ਲਾਲ ਨੂਰਪੁਰੀ ਹੋਵੇ ਜਾਂ ਪੰਜਾਬ ਦਾ 'ਗੜਵਾ' ਕਹੇ ਜਾਣ ਵਾਲਾ ਇੰਦਰਜੀਤ ਹਸਨਪੁਰੀ ਜੋ ਪੰਜਾਬੀ ਅਤੇ ਪੰਜਾਬ ਦੀਆਂ ਸਿਫਤਾਂ ਕਰਦੇ ਇਹਦੀਆਂ ਹਰ ਵੇਲੇ ਖ਼ੈਰਾਂ ਮੰਗਦੇ ਹਨ (ਨਾਂਅ ਕਈ ਹੋਰ ਵੀ ਹਨ) ਜਿਨ੍ਹਾਂ ਦੇ ਬੋਲਾਂ ਵਿਚੋਂ ਪੰਜਾਬੀ ਮੋਹ ਦੇ ਝਲਕਾਰੇ ਪੈਂਦੇ ਹਨ ਅਤੇ ਜਿਨ੍ਹਾਂ ਨੇ ਆਪਣੇ ਬੋਲਾਂ ਨੂੰ 'ਮੰਡੀ' ਦੀਆਂ ਨੀਵਾਣ ਵਲ ਨਹੀਂ ਧੱਕਿਆ । ਅਜਿਹੇ ਨਾਵਾਂ ਨੂੰ ਤਾਂ ਸਿਜਦਾ ਕਰਨਾ ਬਣਦਾ ਹੈ , ਜੋ ਗੀਤਾਂ ਦੇ ਬੋਲਾਂ ਦੀ ਸਾਹਿਤਕੀ ਦੇ ਸੱਚੇ ਅਰਥਾਂ ਨੂੰ ਜਾਣਦੇ ਹਨ ਤੇ ਪੇਸ਼ ਕਰਦੇ ਹਨ ਅਤੇ ਪੰਜਾਬੀ/ ਪੰਜਾਬੀਅਤ ਦਾ ਮਾਣ ਬਣਦੇ ਹਨ। ਆਪਣੀ ਬੋਲੀ, ਆਪਣੇ ਲੋਕਾਂ ਦੀ ਆਪਣੇ ਭਾਈਚਾਰਕ ਸਮੂਹ ਦੀ ਸੱਭਿਆਚਾਰਕ ਸੇਵਾ ਕਰਦੇ ਹਨ।

ਅਜ ਕਲ ਵਾਧੂ ਦੇ ਪਖੰਡਬਾਜ਼ ਗਲ਼ੀਆਂ-ਸੜੀਆਂ ਸਬਜੀਆਂ ਜਾਂ ਗਲ਼ੇ ਸੜੇ ਫਲਾਂ ਵਾਂਗ 'ਗੀਤਾਂ' ਨੂੰ 'ਕੈਸਿਟ ਕਲਚਰ' ਦੀਆਂ ਰੇੜ੍ਹੀਆਂ 'ਤੇ ਰੱਖ ਉੱਚੀ ਸੁਰ ਵਿਚ ਰੌਲ਼ਾ-ਰੱਪਾ ਪਾ ਕੇ ਆਪਣੀ ਰੇਹੜੀ ਖਾਲੀ ਕਰਕੇ ਬੋਝਾ ਭਰਿਆ ਚਾਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦੇ ਪੱਲੇ ਨਾ ਬੋਲ ਦਾ ਗਿਆਨ ਹੈ ਨਾ ਸੁਰ ਦਾ । (ਭਲਾਂ ਇਹ ਏਨਾ ਅੜਿੰਗਦੇ ਕਾਹਦੇ ਵਾਸਤੇ ਹਨ?)। ਸ਼ਬਦਾਂ ਦੀ ਸਿਰਜਣਾਂ ਕਰਨ ਵਾਲੇ ਕਿਧਰੇ ਪਿੱਛੇ ਖੜ੍ਹੇ ਰਹਿ ਜਾਂਦੇ ਹਨ ਪਰ ਉਨ੍ਹਾਂ ਦੇ ਸਿਰਜੇ ਸ਼ਬਦਾਂ ਦੀ ' ਪੱਲੇਦਾਰੀ ' ਕਰਨ ਵਾਲੇ 'ਗਵੱਈਏ'ਆਪਣੇ ਆਪ ਨੂੰ 'ਸਟਾਰ' ਅਤੇ 'ਗੋਲਡਨ ਸਟਾਰ' ਕਹਿਣ/ਕਹਾਉਣ ਦੇ ਰਾਹੇ ਪੈ ਜਾਂਦੇ ਹਨ । ਉਨ੍ਹਾਂ ਵਿਚੋਂ ਬਹੁਤੇ ਸੋਚਣ ਜੋਗੇ ਹੁੰਦੇ ਹੀ ਨਹੀਂ ਕਿ ਨੀਹਾਂ ਤੋਂ ਬਿਨਾਂ ਮਕਾਨ ਕਾਹਦਾ ?

ਕਲਾਕਾਰ ਕੋਈ ਉਦੋਂ ਬਣਦਾ ਹੈ ਜਦੋਂ ਕਲਾ ਅੱਗੇ ਸਿਜਦਾ ਕਰਨ ਜੋਗਾ ਬਲ ਉਹਦੇ ਕੋਲ ਹੋਵੇ ਪਰ ਅਜੋਕੇ ਦੌਰ ਵਿਚ ਤਾਂ 'ਕਲਾਕਾਰ' ਇੰਝ ਗਰਦਨ ਅਕੜਾ ਕੇ ਤੁਰਦੇ ਹਨ, ਜਿਵੇਂ ਕਲਫ਼ ਲੱਗਾ ਹੋਵੇ। ਮਜ਼ਾਲ ਕਿ ਗਰਦਨ ਮਾੜੀ ਵੀ ਨੀਵੀਂ ਹੋਵੇ, ਆਕੜ ਵੀ ਉਨ੍ਹਾਂ ਅੱਗੇ ਸ਼ਰਮ ਖਾਂਦੀ ਹੈ। ਨਿਮਰਤਾ ਦੇ ਉਹ ਕੋਲ ਦੀ ਵੀ ਨਹੀਂ ਲੰਘਦੇ। ਇਨ੍ਹਾਂ ਵਿਚੋਂ ਬਹੁਤੇ 'ਗੌਣ' ਆਉਂਦੇ ਹਨ ਪਰ ਮਰੇ ਹੋਏ ਬੋਲਾਂ ਦਾ ਕਾਹਦਾ ਗਾਉਣ? ਕਈ ਆਪਣਾ 'ਕੁੱਬ' ਲੁਕਾਉਣ ਵਾਸਤੇ ਨਾਲ ਨੱਚਣ ਦਾ ਜਤਨ ਕਰਦੇ ਹਨ ਪਰ ਨਾਚ ਬਾਰੇ ਵੀ ਉੱਨਾ ਕੁ ਹੀ ਗਿਆਨ ਪੱਲੇ ਹੋਣ ਕਰਕੇ 'ਨਚਾਰਾਂ' ਤੋਂ ਵੱਧ ਟਪੂਸੀ ਮਾਰ ਸਾਬਿਤ ਹੁੰਦੇ ਹਨ। ਉਂਝ ਮੁਜਰੇ ਵਾਲੀਆਂ 'ਬੀਬੀਆਂ' ਵਾਂਗ ਲਿਸ਼ਕਦੇ ਜਹੇ ਕੱਪੜੇ ਪਾ ਕੇ ਲਿਸ਼ਕੋਰ ਜਹੀ ਜ਼ਰੂਰ ਮਾਰਨੀ ਚਾਹੁੰਦੇ ਹਨ। ਆਮ ਕਰਕੇ ਲੋਕ ਇਸ ਲਿਸ਼ਕੋਰ ਨਾਲ ਚੁੰਧਿਆਏ ਜਾਂਦੇ ਹਨ ਜਿਸ ਨਾਲ ਸਰੋਤਿਆਂ ਦਾ ਧਿਆਨ ਸੁਰਾਂ ਤੇ ਸਾਹਿਤਕੀ ਵਲੋਂ ਉਖੜ ਜਾਂਦਾ ਹੈ। ਉਂਝ ਇਨ੍ਹਾਂ ਦੇ ਰੋਣ ਵਰਗੇ ਬੇਸੁਰੇ ਗਾਉਣ ਤੋਂ ਇਨ੍ਹਾਂ ਦਾ 'ਰੱਬ' ਹੀ ਇਨ੍ਹਾਂ ਨੂੰ ਬਖਸ਼ੇ। ਪਿੱਛੇ ਜਹੇ ਐਹੋ ਜਹੇ ਵਰਤਾਰੇ ਬਾਰੇ ਪੰਜਾਬੀ ਮੋਹ ਵਿਚ ਭਿੱਜੇ ਇੰਦਰਜੀਤ ਹਸਨਪੁਰੀ ਨੇ ਆਪਣੀ ਇਕ ਮੁਲਾਕਾਤ 'ਚ ਟਿੱਪਣੀ ਕਰਦਿਆਂ ਕਿਹਾ ਸੀ ਕਿ 'ਢੋਲ ਬੁੜ੍ਹਕ ਰਿਹਾ ਹੈ ਅਤੇ ਬੋਲ ਮਰ ਰਿਹਾ ਹੈ' ਗੱਲ ਤਾਂ ਸੋਲਾਂ ਆਨੇ ਸੱਚੀ ਐ ਪਰ ਇਹਦੇ ਬਾਰੇ ਕੁੱਝ ਸੋਚਣਾਂ ਤੇ ਕਰਨਾ ਵੀ ਪਊ, ਫੇਰ ਕੌਣ ਕਰੇਗਾ ਇਹ ਨੇਕ ਕੰਮ ?

ਗੀਤਾਂ ਵਿਚੋਂ ਸਾਹਿਤਕੀ ਨੂੰ ਮਾਰਨਾ ਮਾੜੀ ਸੋਚ ਵਾਲਿਆਂ ਦੀ ਸੋਚੀ ਸਮਝੀ ਸਾਜਿਸ਼ ਹੀ ਕਿਹਾ ਜਾ ਸਕਦਾ ਹੈ । ਜਿਸ ਸਾਜਿਸ਼ ਦੇ ਆਸਰੇ ਕੁੱਝ ਲੋਕ ਆਪਣੇ ਬੈਂਕਾਂ ਵਿਚਲੇ ਖਾਤੇ ਤਾਂ ਵਧਾ ਲੈਣਗੇ ਪਰ ਉਹ ਸਮਾਜ ਨੂੰ ਕੋਈ ਨਰੋਈ ਸੇਧ ਦੇਣ ਦੇ ਯੋਗ ਨਹੀਂ ਹੋਣ ਲੱਗੇ । ਜਿਨ੍ਹਾਂ ਨੇ ਨਵੇਂ ਸਮਾਜ ਦੀ ਸਿਰਜਣਾ ਵਿਚ ਨਵੀਂ ਤਕਨੀਕ ਦੇ ਆਸਰੇ ਯੋਗਦਾਨ ਪਾਉਣਾ ਹੈ , ਉੱਥੇ ਤਾਂ ਬਹੁਤ ਹੀ ਗੜਬੜ ਨਜ਼ਰ ਆ ਰਹੀ ਹੈ । ਗੱਲ ਦੂਰਦਰਸ਼ਨ (ਤੇ ਰੇਡੀਉ) ਜਾਂ ਸਮੁੱਚੇ ਪ੍ਰਿੰਟ ਮੀਡੀਏ ਦੀ ਕੀਤੀ ਜਾਵੇ ਤਾਂ ਤਰਸ ਜਿਹਾ ਆਉਂਦਾ ਹੈ ਇਹਦੇ 'ਮਾਲਕਾਂ' ਉੱਤੇ । ਇਨ੍ਹਾਂ ਨੇ ਵਿਰਸੇ ਨਾਲ ਜੁੜੀਆਂ ਨਰੋਈਆਂ ਮਨੁੱਖੀ ਕਦਰਾਂ-ਕੀਮਤਾਂ ਅਤੇ ਅੱਗੇ ਵਧ ਰਹੀ ਨਵੀਨ ਕਲਾ ਨੂੰ ਉਤਸ਼ਾਹਿਤ ਕਰਨਾ ਸੀ। ਲੋਕ ਹਿਤਾਂ ਵਾਲੇ ਬੋਲਾਂ/ਸੁਰਾਂ ਦੇ ਸੁਦਾਗਰਾਂ ਨੂੰ ਹੱਲਾਸ਼ੇਰੀ ਦੇਣੀ ਸੀ ਪਰ ਉਹ ਤਾਂ ਉੱਚ ਪਾਏ ਦੇ ਕਲਾਕਾਰਾਂ ਨੂੰ ਵੀ ਵਿਚਾਰੇ ਜਹੇ ਬਣਾਈ ਫਿਰਦੇ ਹਨ। ਜਦੋਂ ਬੁਲੰਦੀਆਂ ਛੋਂਹਦੇ ਪੂਰਨ ਸ਼ਾਹਕੋਟੀ ਵਰਗੇ ਉਸਤਾਦ ਕਲਾਕਾਰ ਵੀ ਦੂਰਦਰਸ਼ਨ ਵਾਲੇ 'ਹਾਕਮਾਂ' ਦੇ 'ਬੁੱਲ੍ਹ ਹੇਠ' ਨਾ ਆਉਣ ਤਾਂ ਇਸ ਗਏ-ਗੁਜ਼ਰੇ ਵਰਤਾਰੇ ਬਾਰੇ ਕੀ ਟਿੱਪਣੀ ਕੀਤੀ ਜਾਵੇ ? ਦੂਰਦਰਸ਼ਨ ਸੱਚਮੁੱਚ ਹੀ ਬਹੁਤਿਆਂ ਵਾਸਤੇ ਬਹੁਤ ਦੂਰ ਦੀ ਗੱਲ ਹੈ । ਇਹਦੇ 'ਤੇ ਤਾਂ ਪੰਜਾਬੀ ਦੀ ਬੋਲੀ ਬਿਲਕੁਲ ਢੁਕਦੀ ਹੈ ਕਿ :

ਲੈ ਜਾਣਗੇ ਜਿਨ੍ਹਾਂ ਨੇ ਦਮ ਖਰਚੇ............

ਜਿਸ ਕਲਾਕਾਰ ਦੀ ਉੱਚ ਪਾਏ ਦੇ ਕਲਾਕਾਰਾਂ ਵਿਚ ਹਰ ਥਾਵੇਂ ਕਦੇ ਸਿਫਤ ਸੁਣੀ ਜਾਂਦੀ ਸੀ ਉਹ ਹੈ ਹੰਸ ਰਾਜ 'ਹੰਸ'। ਹਰ ਕਿਸੇ ਦੇ ਮੂਹੋਂ ਸੁਣਿਆਂ ਜਾਂਦਾ ਸੀ ਉਹ



ਤਾਂ ਦਰਵੇਸ਼ ਐ ਜੀ। ਪਰ ਕਦੇ ਕਦੇ ਸਮੇਂ ਦੇ ਵਹਿਣ ਵਿਚ ਉਹ ਵੀ ਬਹਿ ਜਾਂਦਾ ਹੈ ਜਿਸ ਨਾਲ ਦਰਵੇਸ਼ਾਂ ਵਾਲੀ ਬਿਰਤੀ/ਸੋਚ ਨਾਲੋਂ ਵਕਤੀ ਤੌਰ 'ਤੇ ਉਹਦਾ ਨਾਤਾ ਹੀ ਨਹੀਂ ਟੁੱਟਦਾ ਸਗੋਂ ਇਸ ਨਾਲ ਰੁਖ ਨੀਵਾਣਾਂ ਵਲ ਹੋ ਜਾਂਦਾ ਹੈ। ਕੀ ਇਹ ਕਿਸੇ ਹਾਦਸੇ ਤੋਂ ਘੱਟ ਹੈ? ਇਸ ਦਰਵੇਸ਼ ਕਹੇ ਜਾਣ ਵਾਲੇ ਨੂੰ ਜਿਸ ਜੌਹਰੀ ਨੇ ਘੜਿਆ, ਸੰਵਾਰਿਆ ਤੇ ਬਹੁਤ ਉੱਚੀਆਂ ਬੁਲੰਦੀਆਂ ਤੱਕ ਪਹੁੰਚਾਇਆ ਉਹ ਹੀ ਪੂਰਨ ਸ਼ਾਹਕੋਟੀ ਮੀਡੀਏ ਦੀ ਨਜ਼ਰ ਤੋਂ ਦੂਰ ਕਿਉਂ? ਕਿਉਂ ਉਹਨੂੰ ਇਹ ਗੱਲ ਖੁਦ ਦੂਰਦਰਸ਼ਨ ਦੇ ਡਾਇਰੈਕਟਰ ਨੂੰ ਦੱਸਣੀ ਪੈਂਦੀ ਹੈ? ਪਰ ਫੇਰ ਵੀ ਸੁਣੀ ਨਹੀਂ ਜਾਂਦੀ । ਕੌਣ ਹੈ ਇਸ ਤ੍ਰਾਸਦੀ ਦਾ ਜ਼ੁਮੇਵਾਰ? ਕੀ ਇਹ ਅਦਾਰੇ ਇੱਥੋਂ ਤੱਕ ਨਿੱਘਰ ਚੁੱਕੇ ਹਨ? ਅਤੇ ਹੋਰ ਕਿੰਨੇ ਕੁ ਨਿੱਘਰਨਗੇ? ਫੇਰ ਪੰਜਾਬ ਦੇ ਸੱਭਿਆਚਾਰ ਨੂੰ ਨਰੋਆਪਨ ਕਿੱਥੋਂ ਮਿਲੂ? ਕੌਣ ਦੇਵੇਗਾ ਇਸ ਦਾ ਜਵਾਬ?

ਪੰਜਾਬ ਬਾਰੇ, ਪੰਜਾਬ ਵਿਚ ਲੱਗਣ ਵਾਲੇ ਨਵੇਂ ਸੱਭਿਆਚਾਰਕ ਮੇਲਿਆਂ ਬਾਰੇ ਬੜੀਆਂ ਗੱਲਾਂ ਹੁੰਦੀਆਂ ਹਨ । ਖਾਸ ਕਰਕੇ ਮੋਹਣ ਸਿੰਘ ਮੇਲੇ ਬਾਰੇ ਬਹੁਤ ਕੁੱਝ ਉਦਾਸ ਜਿਹਾ ਸੁਣਨ ਨੂੰ ਮਿਲਦਾ ਹੈ । ਕੋਈ ਕਹਿੰਦੈ 'ਮੈਂ ਐਨੇ ਦੇ ਕੇ ਸਟੇਜ 'ਤੇ ਚੜ੍ਹਿਆਂ' , ਕਿਸੇ ਹੋਰ ਦੇ ਕਹਿਣ ਮੁਤਾਬਿਕ ਹਫਤਾ ਕੰਮ ਦਾ ਭੰਨ ਕੇ ਕਿਸੇ 'ਬੀਬੀ' ਤੋਂ ਪ੍ਰਬੰਧਕਾਂ ਦੇ ਨਾਂ ਚਿੱਠੀ ਲਿਆਂਦੀ ਤਾਂ ਮਸਾਂ ਕਿਤੇ ਇਕ ਗੀਤ ਗਾਇਆ। ਇਹ ਬਿਲਕੁੱਲ ਹੀ ਚੰਗੇ ਸ਼ਗਨ ਨਹੀਂ। ਮੋਹਣ ਸਿੰਘ ਮੇਲੇ ਦੇ ਪ੍ਰਬੰਧਕਾਂ ਨੂੰ ਸੁਚੇਤ ਹੋ ਕੇ ਮੋਹਣ ਸਿੰਘ ਦੇ ਨਾਂ ਨੂੰ ਡੂੰਘੇ ਟੋਏ ਵਿਚ ਸੁੱਟਣ ਵਾਲੀ ਐਹੋ ਜਹੀ ਕਿਸੇ ਵੀ ਅਣਦਿਸਦੀ ਸਾਜਿਸ਼ ਤੋਂ ਬਚਾਉਣ ਦੇ ਸੁਚੇਤ ਯਤਨ ਕਰਨੇ ਪੈਣਗੇ, ਨਹੀਂ ਤਾਂ ਉਹ ਅਵੇਸਲੇ ਹੀ ਕਿਸੇ ਗਲਤ ਰਾਹੇ ਤੁਰਦੇ ਜਾਣਗੇ। ਰੰਗ ਬਰੰਗੀਆਂ 'ਜੈਕਟਾਂ' ਅਤੇ ਘਟੀਆ ਕਿਸਮ ਦੇ 'ਸੱਭਿਆਚਾਰਕ ਗੀਤਾਂ' ਨਾਲ ਉਹ ਹੋਰ ਕਿੰਨਾ ਕੁ ਚਿਰ ਪ੍ਰੋ: ਮੋਹਣ ਸਿੰਘ ਦਾ ਮੂੰਹ ਚਿੜਾਉਣ ਦਾ ਸਬੱਬ ਪੈਦਾ ਕਰਦੇ ਰਹਿਣਗੇ? ਕੀ ਮੋਹਣ ਸਿੰਘ ਇੰਨੇ ਕੁ ਜੋਗਾ ਹੀ ਸੀ? ਜਾਂ ਫੇਰ ਇਹ ਉਹਨੂੰ ਇੰਨੇ ਕੁ ਜੋਗਾ ਕਰਨ 'ਤੇ ਲੱਗੇ ਹੋਏ ਹਨ? ਕੋਈ ਨਵੀਂ ਲੀਹ ਵੀ ਤਾਂ ਸੋਚੀ ਜਾ ਸਕਦੀ ਹੈ।

ਸੁਰਾਂ ਵਾਲਿਆਂ ਸਿਰ ਵੱਡੀ ਜ਼ੁਮੇਵਾਰੀ ਆਉਂਦੀ ਹੈ। ਸੰਗੀਤ ਦੇ ਧਨੀਆਂ/ਪਾਰਖੂਆਂ ਚਰਨਜੀਤ ਅਹੂਜਾ ਤੋਂ ਲੈ ਕੇ ਅਤੁਲ ਸ਼ਰਮਾਂ ਤੱਕ ਸਭ ਨੂੰ ਸੋਚਣਾਂ ਪੈਣਾ ਹੈ ਕਿ ਜਦੋਂ ਉਨ੍ਹਾਂ ਕੋਲ਼ ਕੋਈ ਆਉਂਦਾ ਹੈ ਅਤੇ ਜਦੋਂ ਉਹ ਉਹਦੇ ਵਾਸਤੇ ਸੁਰਾਂ ਦਾ ਜਾਪ ਕਰਨ ਲਗਦੇ ਹਨ ਤਾਂ ਸੋਚਣ/ਪਰਖਣ ਜ਼ਰੂਰ ਕਿ ਜਿਹੜਾ ਆਇਆ ਹੈ ਇਹਦੀ ਝੋਲ਼ੀ ਵਿਚ ਹੈ ਵੀ ਕੁੱਝ? ਜੇ ਨਹੀਂ ਤਾਂ ਸੁਰਾਂ ਦਾ ਅਪਮਾਨ ਕਿਉਂ? ਇੰਨਾ ਕੁ ਤਾਂ ਸੁਰਾਂ ਦੇ ਪੁਜਾਰੀ ਸੁਚੇਤ ਹੋ ਕੇ ਸੋਚ ਹੀ ਸਕਦੇ ਹਨ ਅਤੇ ਇਹ ਸੋਚਣਾਂ ਉਨ੍ਹਾਂ ਦਾ ਫਰਜ਼ ਵੀ ਬਣਦਾ ਹੈ।

ਪੰਜਾਬ ਅੰਦਰ ਪਿਛਲੇ ਕੁੱਝ ਸਮੇਂ ਤੋਂ ਚੰਗੀਆਂ ਰਚਨਾਵਾਂ ਪੇਸ਼ ਕਰਨ ਵਾਲੀਆਂ ਅਵਾਜ਼ਾਂ ਵੀ ਉਭਰੀਆਂ ਹਨ ਜਿਨ੍ਹਾਂ ਵਿਚ ਹਰਭਜਨ ਮਾਨ ਹੈ , (ਪਿੱਛੇ ਜਹੇ ਪੰਜਾਬੀ ਦਾ

ਉੱਘਾ ਕਵੀ ਇਕਬਾਲ ਰਾਮੂਵਾਲੀਆ ਅਤੇ ਉਹਦਾ ਛੋਟਾ ਭਰਾ ਵੀ ਇਸ ਖੇਤਰ ਵਿਚ ਨਿੱਤਰੇ ਹਨ) ਸ਼ਮਸ਼ੇਰ ਸੰਧੂ ਦੇ ਕਹਿਣ ਮੁਤਾਬਿਕ ਸੁਰਜੀਤ ਬਿੰਦਰਖੀਆ ਸੀ। ਪੰਜਾਬੀਅਤ, ਪੰਜਾਬੀਆਂ ਅਤੇ ਪੰਜਾਬੀ ਨੂੰ ਦਿਲੋਂ-ਮਨੋਂ ਪਿਆਰ ਕਰਨ ਵਾਲ਼ਾ ਗੁਰਦਾਸ ਮਾਨ ਹੈ ਜਿਸਦੀ ਗੀਤਕਾਰੀ ਅਤੇ ਗਾਇਕੀ ਪੰਜਾਬੀਆਂ ਦਾ ਮਾਣ ਹੈ। ਸਰਦੂਲ ਸਕੰਦਰ, ਮਨਮੋਹਨ ਵਾਰਸ ਅਤੇ ਸੁਰਜੀਤ ਖਾਨ ਦੇ ਨਾਂ ਵੀ ਅਜਿਹੇ ਹੀ ਜਾਪਦੇ ਹਨ ਜਿਨ੍ਹਾਂ ਨੂੰ ਇਸ ਖਾਨੇ ਵਿਚ ਰੱਖਿਆ ਜਾ ਸਕਦਾ ਹੈ। ਹੋਰ ਵੀ ਕਈ ਨਾਂ ਹਨ। ਪਰ ਇਨ੍ਹਾਂ ਨੂੰ ਸਹਿਜ ਨਾਲ ਸੁਹਜ ਵਲ ਵਧਦਿਆਂ ਪੇਸ਼ ਕੀਤੀਆਂ ਜਾਣ ਵਾਲੀਆਂ ਰਚਨਾਵਾਂ ਅੰਦਰਲੀ ਸਾਹਿਤਕੀ ਦਾ ਡੂੰਘਾ ਗਿਆਨ ਹੋਣਾ ਜ਼ਰੂਰੀ ਹੈ ਨਹੀਂ ਤਾਂ ਇਹ ਵੀ ਬਾਕੀ ਦੇ 'ਕਲਾਕਾਰਾਂ' ਵਾਂਗ ਮੁੰਦੀਆਂ-ਛੱਲੇ ਤੇ ਗਲ਼ ਸੰਗਲੀਆਂ ਪਾਉਣ ਵਾਲੇ ਹੋ ਕੇ ਰਹਿ ਜਾਣਗੇ ਜੋ ਕੁੱਝ ਸਮੇਂ ਬਾਅਦ ਸਮੇਂ ਦੀ ਧੂੜ ਵਿਚ ਗੁਆਚ ਜਾਣਗੇ। ਸਵਾਲ ਨਿਰਾ ਲੋਕਾਂ ਦਾ ਮਨ ਪ੍ਰਚਾਉਣ ਅਤੇ ਮਨੋਰੰਜਨ ਦੇ ਆਸਰੇ ਆਪਣੀਆਂ ਜੇਬਾਂ ਭਰਨ ਦਾ ਹੀ ਨਹੀਂ ਸਗੋਂ ਆਪਣੀ ਕਲਾ ਰਾਹੀਂ ਲੋਕਾਂ ਨੂੰ ਨਰੋਈ ਸੇਧ ਦੇਣ ਦਾ ਵੀ ਹੈ। ਲੋੜ ਵਕਤ ਦੀ ਅਵਾਜ਼ ਨੂੰ ਕੰਨ ਲਾ ਕੇ ਸੁਣਨ ਦੀ ਹੈ। ਬੀਤਿਆ ਵਕਤ ਫੇਰ ਹੱਥ ਨਹੀਂ ਆਉਂਦਾ ਅਤੇ ਬੀਤਿਆ ਵਕਤ ਕਿਸੇ ਨੂੰ ਮਾਫ ਵੀ ਨਹੀਂ ਕਰਦਾ।



# ਕਿਹੜੇ ਪੁਲ਼ਾਂ ਦੀ ਸਿਰਜਣਾ ?

ਮਨੁੱਖੀ ਸੁਭਾਅ ਸਦਾ ਹੀ ਦੂਰੀਆਂ ਨੂੰ ਘੱਟ ਕਰਨ ਵਾਸਤੇ ਜਤਨਸ਼ੀਲ ਰਹਿੰਦਾ ਹੈ। ਇਹ ਸਿਰਫ ਭੁਗੋਲਕ ਸਥਿਤੀ ਦੀ ਹੀ ਮੰਗ ਨਹੀਂ ਹੁੰਦੀ, ਸਗੋਂ ਇਤਿਹਾਸਕ ਭੁੱਲਾਂ ਸੋਧਣ, ਪਾੜੇ ਮੇਲਣ ਦਾ ਜਤਨ ਵੀ ਹੁੰਦਾ ਹੈ ਅਤੇ ਸਦਾਚਾਰਕ ਪੱਖੋਂ ਵੀ ਇਸ ਨੂੰ ਮਹੱਤਵਪੂਰਨ ਆਖਿਆ ਤੇ ਸਮਝਿਆ ਜਾਣਾ ਚਾਹੀਦਾ ਹੈ। ਕਿਸੇ ਵੀ ਇਲਾਕੇ ਵਿੱਚੋ ਲੰਘਦੇ ਨਹਿਰਾਂ, ਸੂਏ ਤੇ ਦਰਿਆਂ ਦੋਵੇਂ ਪਾਸੇ ਵਸਦੇ ਲੋਕਾਂ ਦੇ ਦਰਮਿਆਨ ਸੰਪਰਕ ਪੈਦਾ ਕਰਨ ਵਿੱਚ ਮੁਸ਼ਕਲ ਪੈਦਾ ਕਰਦੇ ਹਨ। ਇਹ ਮੁਸ਼ਕਲ ਸਾਹਮਣੇ ਦਿਸਦੇ ਦਾ ਵੀ ਫਾਸਲਾ ਵਧਾ ਦਿੰਦੀ ਹੈ । ਇਸ ਕਰਕੇ ਹੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਿੱਥੋਂ ਲੋਕਾਂ ਦੇ ਦੂਸਰੇ ਪਾਸੇ ਜਾਣ ਵਾਲੇ ਲਾਂਘੇ ਦੀ ਤਾਂਘ (ਜਾਂ ਸੰਭਾਵਨਾ) ਵਧ ਜਾਵੇ ਤਾਂ ਜਤਨ ਕੀਤਾ ਜਾਂਦਾ ਹੈ, ਉੱਥੇ ਪੁਲ਼ ਉਸਾਰਿਆ ਜਾਵੇ, ਆਵਾਜਾਈ ਸੌਖੀ ਹੋਵੇ, ਫਾਸਲਾ ਘੱਟ ਕੀਤਾ ਜਾਵੇ ਅਤੇ ਲੋਕ ਆਪਣੀ ਖਾਹਿਸ਼ ਨੂੰ ਥੋੜੇ ਸਮੇਂ ਵਿੱਚ ਹੀ ਫਾਸਲਾ ਤੈਅ ਕਰਕੇ ਆਪਣੇ ਕਲਾਵੇ ਵਿੱਚ ਵਲ ਸਕਣ। ਲੋਕਾਂ ਵਾਸਤੇ ਅਜਿਹੇ ਕਾਰਜ ਮਨ ਨੂੰ ਚੰਗੇ ਪਾਸੇ ਵੱਲ ਤੁਰਨ ਤੋਰਨ ਲਈ ਇੱਕ ਹੁਲਾਰਾ ਬਣ ਜਾਂਦੇ ਹਨ ।

ਲੋਕਾਂ ਵਲੋਂ ਦੂਜੇ ਪਾਸੇ ਵਲ ਜਾਣ ਬਾਰੇ ਸੋਚਣਾ ਉਨ੍ਹਾਂ ਦੀ ਦੂਸਰੇ ਪਾਸੇ ਜਾਣ ਦੀ ਤਾਂਘ ਨੂੰ ਸਾਰਥਕਤਾ ਪ੍ਰਦਾਨ ਕਰਦੀ ਹੈ। ਮਨ ਨੂੰ ਤਸੱਲੀ ਭਰੀ ਖੁਸ਼ੀ ਬਖਸ਼ਦੀ ਹੈ। ਆਵਾਜਾਈ ਨਾਲ ਤਾਲਮੇਲ ਵਧਣ ਲਗਦਾ ਹੈ। ਇਸ ਮੇਲ-ਮਿਲਾਪ ਨਾਲ ਦਿਲਾਂ ਤੋਂ ਦਿਲਾਂ ਦੀਆਂ ਦੂਰੀਆਂ ਘਟਦੀਆਂ ਹਨ, ਸਮਝਦਾਰੀ ਵਧਦੀ ਹੈ। ਨਵਾਂ ਭਾਈਚਾਰਾ ਤੇ ਭਾਈਚਾਰਕ ਸਾਂਝ ਗੂੜੀ/ਪੀਡੀ ਹੁੰਦੀ ਹੈ। ਨਵੇਂ ਰਿਸ਼ਤੇ, ਵਾਕਫੀਆਂ, ਦੋਸਤੀਆਂ ਤੇ ਸਾਕਾਚਾਰੀਆਂ ਬਣਨ ਲਗਦੀਆਂ ਹਨ। ਪਰਾਏ ਆਪਣੇ ਹੋਣ ਲਗਦੇ ਹਨ। ਸੂਤਵੀਆਂ ਗੰਢਾ ਪੱਕੀਆਂ-ਪੀਡੀਆਂ ਹੋਣ ਲਗਦੀਆਂ ਹਨ। ਮਨੁੱਖ ਦੀ ਜ਼ਿੰਦਗੀ ਵਿਚਲੇ ਧੜਕਦੇ ਅਹਿਸਾਸਾਂ ਦੇ ਨਵੇਂ ਵਰਕੇ ਫੋਲੇ ਜਾਣ ਦਾ ਸਬੱਬ ਪੈਦਾ ਹੋਣ ਲਗਦਾ ਹੈ ਅਤੇ ਜ਼ਿੰਦਗੀ ਤਾਜ਼ਗੀ ਭਰੀ ਸੋਚ ਲੈ ਕੇ ਰਵਾਨੀ ਨਾਲ ਅੱਗੇ ਤੁਰਨ ਲਗਦੀ ਹੈ। ਆਰਥਕ ਖੇਤਰ ਵਿਚ ਸਾਂਝ ਵਧਣ ਲਗਦੀ ਹੈ ਵਪਾਰਕ ਪੱਖੋਂ ਤਰੱਕੀ ਹੋਣ ਲਗਦੀ ਹੈ ਜਿਸ ਨਾਲ ਸਮਾਜ ਦੇ ਵਿਕਾਸ ਦੀਆਂ ਸੰਭਾਵਨਾਵਾਂ ਵੀ ਵਧਣ ਲਗਦੀਆਂ ਹਨ।

ਅਜਿਹਾ ਹੀ ਵੱਡੇ ਪੱਧਰ ਤੇ ਸੋਚਿਆ ਜਾਵੇ ਤਾਂ ਸਮੇਂ ਤੇ ਸਥਾਨ ਅਨੁਸਾਰ ਲੋੜਾਂ ਤੇ ਸੰਭਾਵਨਾਵਾਂ ਦੋਹਾਂ ਤੋਂ ਹੀ ਇਨਕਾਰ ਨਹੀਂ ਕੀਤਾ ਜਾ ਸਕਦਾ । ਵੱਖੋ-ਵੱਖ ਖੇਤਰਾਂ, ਦੇਸ਼ਾਂ ਦੇ ਲੋਕ, ਦੁਨੀਆਂ ਦੇ ਹੋਰ ਹਿੱਸਿਆਂ ਦੂਸਰੇ ਦੇਸ਼ਾਂ ਵੱਲ ਤੁਰਦੇ ਹਨ। ਔਖੀਆਂ

ਸਥਿਤੀਆਂ ਅਤੇ ਅਤਿ ਦੀਆਂ ਮੁਸ਼ਕਲ ਹਾਲਤਾਂ ਵਿੱਚੋਂ ਲੰਘ ਕੇ ਆਖਰ ਜੜ੍ਹਾਂ ਫੜਦੇ ਹਨ। ਮਨੁਖੀ ਖਾਹਸ਼ਾਂ ਦੇ ਪੱਤੇ, ਫੁੱਲ ਤੇ ਫਲ ਪੱਕਣ ਤੇ ਨਿਸਾਰੇ ਵੱਲ ਜਾਣ ਲੱਗਦੇ ਹਨ। ਲੋਕਾਂ ਦੀ ਉਦਾਸੀ ਦਾ ਰੰਗ, ਰੂਪ ਵਟਾਉਣ ਲੱਗਦਾ ਹੈ ਅਤੇ ਹਾਂਅ ਪੱਖੀ ਤੋਰ ਫੜਦਾ ਹੈ। ਖੁਸ਼ੀ ਦੇ ਵਿਹੜੇ ਦਾਖਲ ਹੋਣ ਦਾ ਅਹਿਸਾਸ ਹੀ ਨਹੀਂ ਹੁੰਦਾ (ਪਰਿਵਾਰਕ ਮਸਲਿਆ ਦੇ ਹੁੰਦੇ ਹੋਏ) ਸਗੋਂ, ਲੋਕ ਅਸਲ ਜੀਊਣ ਲਗਦੇ ਹਨ। ਆਰਥਕ ਖੁਸ਼ਹਾਲੀ ਵੀ ਉਨ੍ਹਾਂ ਦੇ ਵਿਹੜੇ ਮਹਿਕਣ ਲਗਦੀ ਹੈ, ਭਾਵੇਂ ਕਿ ਕਈ ਵਾਰ ਮਾਨਸਿਕ ਕੰਗਾਲੀ ਵੀ ਨਾਲੋ-ਨਾਲ ਤੁਰਦੀ ਵੇਖੀ ਜਾ ਸਕਦੀ ਹੈ। ਬੌਧਕ ਗਰੀਬੀ ਦਾ ਤਾਂ ਇਹ ਹਾਲ ਹੈ, ਕਿ ਸਿਰਫ ਕੁਝ ਲੋਕ ਹੀ ਹੋਣਗੇ, ਜੋ ਇਸ ਦੇ ਪਿੰਜਰੇ ਵਿੱਚ ਨਾ ਬੰਦ ਹੋਣ, ਉਨ੍ਹਾਂ ਦਾ ਤਰਕਸ਼ੀਲ ਸੁਭਾਅ ਉਨ੍ਹਾਂ ਨੂੰ ਇਸ ਪੱਖੋਂ ਮੰਦਹਾਲੀ ਤੋਂ ਬਚਾਈ ਰੱਖਦਾ ਹੈ। ਆਮ ਤੌਰ ਤੇ ਇਸ ਪੱਖੋਂ ਆਪਣੇ ਲੋਕਾਂ ਦੀ ਬਹੁਤ ਵੱਡੀ ਗਿਣਤੀ ਦਾ ਹਾਲ ਅੱਲਾ-ਅੱਲਾ-ਖ਼ੈਰ ਸੱਲਾ ਵਾਲਾ ਹੀ ਹੈ। ਜੇ ਜ਼ਿੰਦਗੀ ਇਕਸਾਰ ਤੁਰਦੀ ਹੋਵੇ ਤਾਂ ਮਨੁੱਖ ਨੂੰ ਕੋਈ ਰੋਸਾ ਹੀ ਨਾ ਹੋਵੇ, ਪਰ ਅਜਿਹਾ ਹੁੰਦਾ ਨਹੀਂ, ਇਸ ਦੇ ਕਾਰਨ ਹਰ ਥਾਵੇਂ ਉੱਥੋਂ ਦੀਆਂ ਸਥਿਤੀਆਂ ਮੁਤਾਬਕ ਵੱਖਰੇ ਹੋ ਸਕਦੇ ਹਨ।

ਸਿਆਸਤ ਇੱਕ ਅਜਿਹਾ ਕੌਮਾਂਤਰੀ ਵਰਤਾਰੇ ਵਾਲਾ ਗੋਰਖ ਧੰਦਾ ਬਣ ਗਿਆ ਹੈ, ਜਿੱਥੇ ਸੇਵਾ ਭਾਵ ਦੇ ਅਰਥ ਹੀ ਬਦਲ ਗਏ ਹਨ। ਆਮ ਕਰਕੇ ਸ਼ੈਤਾਨ ਤੇ ਬਾਣੀਆਂ ਬਿਰਤੀ ਵਾਲੇ, ਮੌਕੇ ਮੁਤਾਬਿਕ ਢਲ ਕੇ (ਲੁੱਚੇ, ਚੋਰ, ਬਦਮਾਸ਼, ਡਕੈਤ ਤੇ ਮਾਫੀਏ ਦੇ ਕਰਿੰਦੇ ਆਦਿ ਵੀ) ਚੱਲਣ ਵਾਲੇ ਪ੍ਰਾਣੀਆਂ ਵਾਸਤੇ ਇਹ ਸਭ ਤੋਂ ਵਧੀਆਂ ਦੁਕਾਨਦਾਰੀ ਹੈ, ਮੁਨਾਫੇ ਵਾਲਾ ਕਾਰੋਬਾਰ ਹੈ। ਇਸ ਸਾਂਚੇ ਵਿੱਚ ਢਲਣ ਵਾਸਤੇ ਆਮ ਤੌਰ ਤੇ ਲੋੜ ਪੈਂਦੀ ਹੈ ਬੇਸ਼ਰਮ ਤੇ ਘਟੀਆਂ ਜਿਹੀ ਜ਼ਹਿਨੀਅਤ ਅਪਣਾਉਣ ਦੀ (ਜਿਹਨਾਂ ਦੇ ਪੱਲੇ ਪਹਿਲਾਂ ਹੀ ਇਹੀ 'ਗੁਣ' ਹੋਣ ਉਹ ਕਾਮਯਾਬ ਗਿਣੇ ਜਾਂਦੇ ਹਨ। ਫੇਰ ਉਨ੍ਹਾਂ ਦੇ ਮੋਢਿਆਂ ਤੇ ਛੇਤੀ ਹੀ ਵੀ. ਆਈ. ਪੀ ਦਾ ਬਿੱਲਾ ਲੱਗ ਜਾਂਦਾ ਹੈ ਜਾਂ ਉਹ ਆਪ ਹੀ ਲਾ ਲੈਂਦੇ ਹਨ) ਅਜਿਹੇ ਨੇਤਾ ਫੇਰ ਕੌਮਾਂ ਤੇ ਦੇਸ਼ਾਂ ਦੇ ਭਾਈਚਾਰਿਆਂ ਦੀ ਸਾਂਝ ਨੂੰ ਆਪਣੇ ਮੁਫਾਦ (ਜਿਸਨੂੰ ਓਹ ਸਿਆਸਤ ਕਹਿੰਦੇ ਹਨ) ਵਾਸਤੇ ਤੋੜਨ ਤੇ ਪਾੜਨ ਲਗਦੇ ਹਨ। ਭਰੱਪਣ ਭਰਿਆ ਜੀਵਨ ਜੀਊਂਦੇ ਆਮ ਲੋਕਾਂ ਨੂੰ ਭਾਸ਼ਾ, ਇਲਾਕਾ, ਧਰਮ, ਜਾਤ ਤੇ ਰੰਗ-ਨਸਲ ਦੇ ਨਾਂਅ/ਅਧਾਰ 'ਤੇ ਇੱਕ ਦੂਜੇ ਦੇ ਖਿਲਾਫ ਭੜਕਾਇਆ ਜਾਂਦਾ ਹੈ। ਇੱਕ ਦੂਜੇ ਵਾਸਤੇ ਤੜਫਨ ਵਾਲਾ ਸੁੱਚਾ ਖੂਨ ਭੰਗ ਦੇ ਭਾੜੇ ਗਲੀਆਂ ਵਿੱਚ ਵਹਾਅ ਦਿੱਤਾ ਜਾਂਦਾ ਹੈ। ਨਫਰਤ ਤੇ ਵੰਡ ਦੀ ਗੰਦੀ ਤੇ ਲੰਬੀ ਲਕੀਰ ਖਿੱਚ ਦਿੱਤੀ ਜਾਂਦੀ ਹੈ। ਫੇਰ ਉਨ੍ਹਾਂ ਦੇ ਵਿਚਕਾਰ ਬੇਸ਼ਰਮੀ ਤੇ ਉਜੱਡਪੁਣੇ ਵਾਲੇ ਨਾਅਰੇ ਉਪਜਦੇ ਹਨ, ਨਫਰਤ ਤੇ ਦੁਸ਼ਮਣੀ ਪੈਦਾ ਕਰਨ ਵਾਲੇ। ਕੱਲ੍ਹ ਦੇ ਭਰਾ-ਭਾਈ, ਮਿੱਤਰ-ਦੋਸਤ, ਆਂਢੀ-ਗੁਆਂਢੀ ਦੁਸ਼ਮਣ ਬਣਾ ਕੇ ਆਹਮੋ-ਸਾਹਮਣੇ ਖੜ੍ਹੇ ਕਰ ਦਿੱਤੇ ਜਾਂਦੇ ਹਨ। ਭਲਾਂ ਸੋਚਿਆ ਜਾਵੇ ਆਪਣੇ ਵੀ



ਕਦੇ ਦੁਸ਼ਮਣ ਬਣ ਸਕਦੇ ਹਨ? ਕਦੇ ਬੇਗਾਨੇ ਹੋ ਸਕਦੇ ਹਨ? ਜੇਕਰ ਅਜਿਹਾ ਹੋਵੇ ਤਾਂ ਆਪਣੇਪਨ ਦੇ ਅਰਥ ਹੀ ਕੀ ਰਹਿ ਜਾਂਦੇ ਹਨ? ਛੋਟੇ-ਮੋਟੇ ਰੋਸੇ, ਗਿਲੇ ਜ਼ਿੰਦਗੀ ਵਿੱਚ ਵਾਪਰਦੇ ਹੀ ਰਹਿੰਦੇ ਹਨ, ਰੋਸਿਆਂ ਨੂੰ ਦੁਸ਼ਮਣੀ ਨਹੀਂ ਆਖਿਆ ਜਾ ਸਕਦਾ ਤੇ ਨਾ ਹੀ ਇਹ ਰੋਸੇ ਕਦੇ ਬੇਗਾਨਗੀ ਬਣ ਸਕਦੇ ਹਨ, ਕਦੇ ਵੀ ਨਹੀਂ। ਰੋਸਿਆਂ ਨੇ ਵਕਤ ਦੇ ਲੰਘਦਿਆਂ ਮੁੱਕ ਹੀ ਜਾਣਾ ਹੁੰਦਾ ਹੈ। ਸਮਾਂ ਬੀਤਣ ਨਾਲ ਇਨ੍ਹਾਂ ਗੱਲਾਂ ਦੀ ਸਮਝ ਪੈਂਦੀ ਹੈ ਤਾਂ ਲਕੀਰ ਦੇ ਦੋਵੇਂ ਪਾਸੇ ਵਸਣ ਵਾਲੇ ਬਹੁਤ ਪਛਤਾਉਂਦੇ ਹਨ। ਇੱਥੋਂ ਹੀ ਇਕ ਦੂਜੇ ਨੂੰ ਮੁੜ ਮਿਲਣ ਦੀ ਤਾਂਘ ਫੇਰ ਪੈਦਾ ਹੁੰਦੀ ਹੈ। ਵੰਡ ਵਿੱਚੋ ਜੰਮਦੀ ਇਹੋ ਜਿਹੀ ਚੀਸ, ਦਰਦ ਤੇ ਤੜਪ ਸੋਚ ਵਿੱਚ ਸਵਾਲ ਪੈਦਾ ਕਰਨ ਲਗਦੀ ਹੈ ਕਿ ਅਜਿਹਾ ਕਿਉਂ ਹੋਇਆ? ਅਜਿਹਾ ਕਿਉਂ ਹੈ? ਸੋਚ ਉਪਜਦੀ ਹੈ ਕਿ ਭਲਾਂ ਹੈ ਕੋਈ ਅਜਿਹਾ ਰਸਤਾ ਜੋ ਇਨ੍ਹਾਂ ਦੂਰੀਆਂ ਨੂੰ ਘੱਟ ਕਰ ਸਕੇ? ਫੇਰ ਜਤਨ ਕੀਤੇ ਜਾਂਦੇ ਹਨ, ਸਿਆਣੇ ਲੋਕ ਨੇੜਤਾ ਪੈਦਾ ਕਰਨ ਵਾਸਤੇ ਕੋਸ਼ਿਸ਼ ਕਰਦੇ ਹਨ। ਇਸ ਵਾਸਤੇ ਲੇਖਕ, ਕਲਾਕਾਰ, ਸੰਗੀਤਕਾਰ ਤੇ ਕਲਾ ਨਾਲ ਜੁੜੇ ਹੋਏ ਚਾਨਣੇ ਮੱਥੇ ਵਾਲੇ ਲੋਕ ਸ਼ਬਦਾਂ ਅਤੇ ਬੋਲਾਂ ਦੇ ਪੁਲਾਂ ਦੀ ਓਸਾਰੀ/ਸਿਰਜਣਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਜੋਕੇ ਦੌਰ ਵਿੱਚ ਅਜਿਹੇ ਪੁਲਾਂ ਦੀ ਬਹੁਤ ਮਹੱਤਤਾ ਤੇ ਲੋੜ ਹੈ ਤਾਂ ਕਿ ਜ਼ਿੰਦਗੀ ਨੂੰ ਉਦਾਸ ਕਰਨ ਵਾਲੇ, ਸਾਝਾਂ ਨੂੰ ਵੰਡਣ ਵਾਲੇ ਉਪੱਦਰ ਤੋਂ ਬਚਿਆ ਜਾ ਸਕੇ। ਆਉਣ ਵਾਲੇ ਸਮੇਂ ਨੂੰ ਹੱਸਣ ਖੇਡਣ ਦੇ ਰਾਹੇ ਪਾਇਆ ਜਾ ਸਕੇ। ਇੱਕ ਦੂਜੇ ਨੂੰ ਗਲਵਕੜੀ ਪਾਉਣ ਦੀ ਤਾਂਘ ਵਾਲੀ ਸੋਚ ਨੂੰ ਅਸਲੀ ਜਾਮਾ ਪਹਿਨਾਇਆ ਜਾ ਸਕੇ। ਸ਼ਬਦਾਂ, ਬੋਲਾਂ, ਲਕੀਰਾਂ ਤੇ ਰੰਗਾਂ ਦੇ ਪੁਲ ਇਹ ਕਾਰਜ ਬਹੁਤ ਖੂਬੀ ਨਾਲ ਨਿਭਾਅ ਸਕਦੇ ਹਨ। ਲੋੜਾਂ ਦੀ ਲੋੜ ਹੈ ਕਿ ਇਨ੍ਹਾਂ ਸੂਝਵਾਨ ਲੋਕਾਂ ਦੇ ਰਸਤੇ 'ਚ ਕੰਡੇ ਨਾ ਖਿਲਾਰੇ ਜਾਣ। ਧਰਮਾਂ/ਮਜ਼ਬਾਂ ਦੇ ਨਾਂ 'ਤੇ ਝੂਠ ਦੇ ਆਸਰੇ ਫਤਵੇ, ਤਨਖਾਹਾਂ ਤੇ ਸਜਾਵਾਂ ਆਦਿ ਤੋਂ ਗੁਰੇਜ ਕੀਤਾ ਜਾਵੇ। ਅਜਿਹੇ ਸਮੇਂ ਸੂਰਜੀ ਮੱਥੇ ਵਾਲੇ ਚਾਨਣ ਦੇ ਵਣਜਾਰਿਆਂ ਨੂੰ ਅੱਗੇ ਵਧਣ ਲਈ ਹੱਲਾਸ਼ੇਰੀ ਦੇਣੀ ਬਣਦੀ ਹੈ ।

ਜਦੋਂ ਵੀ ਹੋਰ ਮੁਲਕਾਂ ਵਿੱਚ ਅਜਿਹਾ ਵਾਪਰਦਾ ਦੇਖਿਆ ਜਾਂਦਾ ਹੈ ਤਾਂ ਖਰੇ ਮਨੁੱਖ ਇਸ ਵਿਸ਼ੇ ਉੱਤੇ ਫੇਰ ਜੁੜ ਬੈਠਣ ਦੇ ਉਪਰਾਲਿਆਂ ਦੀ ਗੱਲ ਤੋਰਦੇ ਹਨ। ਅਜਿਹਾ ਹੋਵੇ ਕਿਵੇਂ? ਇਹ ਸਵਾਲ ਤੁਰਦੇ ਸਮੇਂ ਦੀ ਈਮਾਨਦਾਰ ਸੋਚ ਵਿੱਚੋਂ ਨਿਕਲਦਾ ਹੈ। ਲੇਖਕ ਭਾਵ ਚਾਨਣ ਦੇ ਵਣਜਾਰੇ ਅਜਿਹਾ ਕਰਨ ਵਿੱਚ ਬਹੁਤ ਸਹਾਈ ਹੋ ਸਕਦੇ ਹਨ। ਇਹ ਲੋਕ ਭਾਵਨਾਵਾਂ ਨੂੰ ਚੇਤੰਨ ਕਰਕੇ ਸੇਧ ਦੇਣ ਵਿੱਚ ਸਰਗਰਮ ਤੇ ਹਾਂ-ਪੱਖੀ ਰੋਲ ਅਦਾ ਕਰ ਸਕਦੇ ਹਨ। ਕਰਨਾ ਤਾਂ ਇਹ ਲੋਕਾਂ ਨੇ ਸਭ ਕੁਝ ਆਪ ਹੀ ਹੁੰਦਾ ਹੈ, ਲੋੜ ਓਹਨਾਂ ਨੂੰ ਜਾਗਰੂਕ ਕਰਨ ਦੀ ਹੈ, ਇਹ ਕਲਾ ਦੇ ਮਾਧਿਅਮ ਰਾਹੀਂ ਹੀ ਹੋ ਸਕਦਾ ਹੈ। ਸੱਭਿਆਚਾਰਕ, ਇਤਿਹਾਸਕ ਤੇ ਭੁਗੋਲਕ ਸਾਂਝ ਰੱਖਣ ਵਾਲੀ ਤਰਕਸ਼ੀਲ ਸੋਚਣੀ ਨੂੰ ਬੇਦਲੀਲੀਆਂ ਤਿੱਖੀਆਂ ਤੇ ਤੱਤੀਆਂ ਗੱਲਾਂ ਦੀ ਲੋੜ ਨਹੀਂ। ਮੁਹੱਬਤ ਭਰੀ ਗੰਭੀਰਤਾ

ਨਾਲ ਮਿਲ ਬੈਠ ਕੇ ਸੋਚਣ ਦੇ ਸਬੱਬ ਚਾਹੀਦੇ ਹਨ। ਇਹਦੇ ਵਾਸਤੇ ਸ਼ਬਦਾਂ ਦੇ ਪੁਲ ਉਸਾਰੇ ਜਾਣ ਤਾਂ ਨੇੜਤਾ ਵਧੇਗੀ। ਕਿੰਨਾ ਚੰਗਾ ਹੋਵੇ ਜੇ ਝੂਠੀ ਸਿਆਸਤ ਤੇ ਧਰਮਾਂ ਨੂੰ ਵਰਤਣ ਵਾਲੇ ਆਪਣੀ ਸੌੜੀ ਸੋਚ ਤਿਆਗ ਕੇ ਮਨੁੱਖ ਬਣ ਕੇ ਸੋਚਣ। ਸਮੇਂ ਦੀ ਤੋਰ ਦੱਸਦੀ ਹੈ ਕਿ ਇੱਕ ਦਿਨ ਅਜਿਹਾ ਜਰੂਰ ਆਵੇਗਾ ਜਦੋ ਲੋਕ ਸ਼ਬਦਾਂ ਦੇ ਪੁਲਾਂ ਦੇ ਮਹੱਤਵ ਨੂੰ ਸਮਝ ਕੇ ਇਹਦੇ ਰਾਹੀ ਸਾਂਝੀਆਂ ਕੰਧਾਂ ਵਾਲੇ ਸਾਂਝੇ ਵਿਹੜੇ ਵਿਚ ਸਾਂਝੇ ਚੁੱਲ੍ਹੇ ਦੇ ਦੁਆਲੇ ਬੈਠ ਕੇ ਆਪਣਿਆਂ ਦੇ ਬੋਲਾਂ ਦਾ ਨਿੱਘ ਮਾਣਦੇ ਹੋਏ ਸਾਂਝਾਂ ਤੇ ਉੱਚਾ-ਸੁੱਚਾ ਹਾਸਾ ਗੂੰਜਣ ਲਾਉਣਗੇ। ਸ਼ਾਲਾਂ ! ਸ਼ਬਦਾਂ ਦੇ ਪੁਲ਼ ਇਸ ਕਾਰਜ ਦੀ ਉਸਾਰੀ ਕਰਨ ਜੋਗੇ ਹੋ ਜਾਣ ।

◊◊◊◊



# ਬਿਨ ਪ੍ਰਛਾਵਿਉਂ ਉੱਡਦੀ ਸਤਰੰਗੀ ਪੀਂਘ

ਜੂਟਾ ਦੇ ਨਾਂ

ਹਰ ਹਕੀਕਤ ਪਹਿਲਾਂ ਇਕ ਸੁਪਨਾ ਹੀ ਹੁੰਦੀ ਹੈ। ਸਵੇਰ ਵੇਲੇ ਚੜ੍ਹਦੇ ਸੂਰਜ ਦੀ ਲਾਲੀ, ਘਾਅ ਉੱਤੇ ਪਏ ਸਤਰੰਗੇ ਤ੍ਰੇਲ਼ ਦੇ ਤੁਪਕੇ ਕੁਦਰਤ ਦਾ ਅਭੇਦ, ਅਦਭੁਤ ਪਰ ਹੁਲਾਰੇ ਭਰਿਆ ਕਰਮ ਹੈ। ਇੰਝ ਹੀ ਇਨਸਾਨੀ ਰਿਸ਼ਤੇ ਹਨ, ਜਿਹੜੇ ਸ਼ੁਰੂ ਤਾਂ ਕਿਸੇ ਅਹਿਸਾਸ ਨਾਲ ਹੁੰਦੇ ਹਨ, ਸੂਤ ਦੇ ਕਿਸੇ ਕੱਚੇ ਧਾਗੇ ਵਾਂਗ ਜਾਂ ਰੇਸ਼ਮ ਦੀ ਕਿਸੇ ਬਰੀਕ ਜਹੀ ਤੰਦ ਵਾਂਗ। ਇਨ੍ਹਾਂ ਪਵਿਤਰਤਾ ਵਰਗੇ ਸੁੱਚੇ ਰਿਸ਼ਤਿਆਂ ਦਾ ਕੋਈ ਨਾਂ ਵੀ ਨਹੀਂ ਹੁੰਦਾ। ਅਜਿਹੇ ਸੁੱਚੇ ਰਿਸ਼ਤਿਆਂ ਨੂੰ ਕਿਸੇ ਨਾਂ ਦੀ ਲੋੜ ਵੀ ਨਹੀਂ ਹੁੰਦੀ। ਇਹ ਤਾਂ ਦੁਪਾਸੜ ਸੂਝ, ਸਮਝ ਅਤੇ ਸਾਂਝ ਦੇ ਆਸਰੇ ਵਧਦੇ ਫੁਲਦੇ, ਵਿਕਸਤ ਅਤੇ ਮਜ਼ਬੂਤ ਹੁੰਦੇ ਹਨ। ਸਹਿਜ ਤੋਰੇ ਤੁਰਦਿਆਂ ਡੂੰਘੇ ਵਿਸ਼ਵਾਸ ਦੇ ਆਸਰੇ ਇਹ ਕੱਚੇ ਧਾਗੇ ਜਾਂ ਰੇਸ਼ਮੀ ਤੰਦਾਂ ਰਿਸ਼ਤਿਆਂ ਵਿਚਕਾਰ ਕਦੇ ਵੀ ਨਾ ਟੁੱਟਣ ਵਾਲੀ ਗੂੜ੍ਹੀ, ਪੱਕੀ ਤੇ ਸਦੀਵੀ ਸਾਂਝ ਦੀ ਇਕ ਮਜ਼ਬੂਤ ਡੋਰ ਬਣ ਜਾਂਦੇ ਹਨ।

ਵਰਤਮਾਨ ਦੇ ਆਦਰਸ਼ਕ ਰਿਸ਼ਤਿਆਂ ਅੰਦਰ ਰਿਸ਼ਤੇ ਦੀ ਡੂੰਘਾਈ, ਭਰੋਸੇਯੋਗਤਾ, ਦਿਲੀ ਮੋਹ ਅਤੇ ਸਾਂਝੀ ਚੇਤਨਾਮਈ ਸੂਝ ਦਾ ਭਾਰੀ ਦਖਲ ਹੁੰਦਾ ਹੈ। ਇਨ੍ਹਾਂ ਰਿਸ਼ਤਿਆਂ ਨੂੰ ਕਿਸੇ ਨਾਂ ਦੀ ਮੁਹਤਾਜੀ ਨਹੀਂ ਹੁੰਦੀ। ਦੋਸਤੀ ਨੂੰ ਕਿਸੇ ਵਿਆਖਿਆ ਦੀ ਲੋੜ ਨਹੀਂ ਪੈਂਦੀ। ਭਲਾਂ ਸੱਚ ਨੂੰ ਵਿਆਖਿਆ ਦੀ ਕੀ ਲੋੜ? ਸਮਝ ਵਾਲਿਆਂ ਵਾਸਤੇ ਇਹ ਲਫ਼ਜ਼ ਆਪਣੀ ਵਿਆਖਿਆ ਆਪ ਕਰਦਾ ਹੈ।

ਖ਼ਤ ਕਿਸੇ ਬਣੀ ਸਾਂਝ-ਨੇੜਤਾ ਨੂੰ ਹੋਰ ਪੱਕਿਆਂ ਕਰਨ ਦੀ ਵੱਡੀ ਸੰਭਾਵਨਾ ਬਣਦੇ ਹਨ। ਕਿਸੇ ਵੀ ਮੋਹ ਭਰੇ ਰਿਸ਼ਤੇ ਨੂੰ ਹੋਰ ਪੱਕਿਆਂ-ਪੀਡਿਆਂ ਕਰਨ ਦਾ ਬਹੁਤ ਹੀ ਜੋਰਦਾਰ ਤੇ ਕਾਰਗਰ ਸਾਧਨ ਹਨ। ਦਿਲ ਦੀ ਡੂੰਘਾਈ ਵਿਚੋਂ ਲਿਖੀਆਂ ਮੋਹ ਭਰੀਆਂ ਕੁੱਝ ਸਤਰਾਂ ਵਾਲਾ ਕਾਗਜ਼ ਦਾ ਨਿੱਕਾ ਜਿਹਾ ਟੁਕੜਾ ਕੁੱਝ ਸ਼ਬਦਾਂ ਨਾਲ ਹੀ ਮੂੰਹ-ਜ਼ੁਬਾਨੀ ਬੋਲੇ ਹੋਏ ਬੋਲਾਂ ਨਾਲੋਂ ਕਿਤੇ ਭਾਰੀ ਹੋ ਜਾਂਦਾ ਹੈ। ਨਾ ਗੁਆਚਣ ਵਾਲੇ ਸਦੀਵੀ ਅਹਿਸਾਸ ਵਰਗਾ, ਅਹਿਸਾਸ ਕਿਸੇ ਮਸਤੀ ਦੀ ਸੁਗੰਧੀ ਅਤੇ ਖੁਸ਼ਬੂ ਭਰੇ ਖੂਬਸੂਰਤ ਫੁੱਲ ਦੀ ਲਾਜਵਾਬ ਮਹਿਕ ਵਰਗਾ। ਅਜਿਹੇ ਹੁਲਾਸ ਅਤੇ ਅਨੰਦ ਭਰਪੂਰ ਪਲਾਂ ਦੀ ਮੁੱਠੀ ਵਿਚ ਹੀ ਸਾਰਾ ਜੱਗ ਹੁੰਦਾ ਹੈ। ਲੋੜ ਹੈ ਅਜਿਹੇ ਬਹੁਮੁੱਲੇ ਪਲਾਂ ਨੂੰ ਪਰਖਣ ਵਾਲੀ ਅੱਖ ਕੋਲ ਹੋਣ ਦੀ ਅਤੇ ਅਜਿਹੇ ਮੁੱਲਵਾਨ ਪਲਾਂ ਦੀ ਸਾਰਥਿਕਤਾ ਨੂੰ ਸਮਝਣ, ਫੜਨ ਵਾਲੀ ਸੋਝੀ ਪੱਲੇ ਹੋਣ ਦੀ।

ਕਿਸੇ ਨਾਲ ਡੂੰਘੀ ਦਿਲੀ ਸਾਂਝ ਦੇ ਪਲ ਇੰਝ ਹੁੰਦੇ ਹਨ ਜਿਵੇਂ ਕਿਸੇ ਕੁਦਰਤੀ ਝਰਨੇ ਦੇ ਡਿਗਦੇ ਪਾਣੀ ਦਾ ਧੂਹ ਪਾ ਕੇ ਦਿਲ ਨੂੰ ਮੋਹ ਲੈਣ ਵਾਲਾ ਕੁਦਰਤੀ ਸੁਰੀਲਾ ਸੰਗੀਤ। ਇਸ ਜੀਵਤ ਲੈਅ ਅਤੇ ਇਸ ਸੁਹਜ ਭਰੇ ਮਾਣਮੱਤੇ ਸੰਗੀਤ ਦੀ ਖਿੱਚ ਦਾ ਬਿਆਨ/ਵਿਆਖਿਆ ਕਰਨੀ ਕਿਸੇ ਮਹਿਕ ਦੀ ਵਿਆਖਿਆ ਕਰਨ ਦੇ ਬਰਾਬਰ ਹੈ। ਇਸ ਅਹਿਸਾਸ ਦੇ ਅੰਦਰੂਨੀ ਭਾਵ ਨੂੰ ਫੜਨਾ ਬਹੁਤ ਔਖਾ ਕਾਰਜ ਹੈ। ਹਵਾ ਨੂੰ ਫੜਨ ਜਿੰਨਾ ਔਖਾ, ਕਿਉਂ ਜੋ ਇਹ ਕਿਸੇ ਨਕਲੀ ਬੰਧੇਜ ਵਿਚ ਬੱਝ ਹੀ ਨਹੀਂ ਸਕਦਾ।

ਸਤਰੰਗੀ ਪੀਂਘ ਦਾ ਪ੍ਰਛਾਵਾਂ ਨਹੀਂ ਹੁੰਦਾ, ਜੇ ਹੋਵੇ ਵੀ ਤਾਂ ਉਸਦੇ ਪੈਰ ਨਹੀਂ ਹੁੰਦੇ। ਫੇਰ ਵੀ ਉਹ ਜੀਵਤ ਹੋ ਕੇ ਤੁਰਦੀ ਹੈ, ਉਡਦੀ ਹੈ ਸਾਡੀਆਂ ਸੋਚਾਂ/ਵਿਵੇਕ ਵਿਚ। ਸਾਡੇ ਖਿਆਲਾਂ ਅਤੇ ਸੁਪਨਿਆਂ ਵਿਚ। ਆਪਣੇ ਸੁਪਨਿਆਂ ਦੀ ਪੂਰਤੀ ਦੀ ਤਮੰਨਾ ਇਨਸਾਨ ਨੂੰ ਜੀਊਣ ਵਲ ਤੋਰੀ ਪ੍ਰੇਰੀ ਰੱਖਦੀ ਹੈ, ਕਦੇ ਤਾਂ ਇਹ ਜੀਊਣ ਦਾ ਸਬੱਬ ਹੀ ਬਣ ਜਾਂਦੀ ਹੈ। ਇਹ ਸੁਪਨੇ ਉਮਰ ਭਰ ਸਾਡੇ ਨਾਲ ਇਕ ਸਾਰ, ਇਕ ਤੋਰੇ ਨਹੀਂ ਤੁਰਦੇ। ਇਹ ਉਮਰ ਭਰ ਦਾ ਪੱਕਾ ਸਾਥ ਤਾਂ ਹੁੰਦੇ ਹਨ ਪਰ ਬਹੁਤ ਸਾਰੇ ਸੁਪਨੇ, ਖਾਹਿਸ਼ਾਂ ਜ਼ਿੰਦਗੀ ਦੇ ਅੱਗੇ ਤੁਰਦਿਆਂ ਆਪਣਾ ਵਜੂਦ, ਰੂਪ ਤੇ ਸਰੂਪ ਬਦਲਦੇ ਰਹਿੰਦੇ ਹਨ। ਇਹ ਸਮੇਂ ਦੇ ਤੁਰਨ ਨਾਲ ਮਨੁੱਖ ਦੇ ਪ੍ਰੌੜ, ਸਿਆਣਾ, ਚੇਤੰਨ ਅਤੇ ਸੂਝਵਾਨ ਹੋਣ ਦੀ ਨਿਸ਼ਾਨੀ ਹੈ। ਦੂਸਰੇ ਸ਼ਬਦਾਂ ਵਿਚ ਇਸ ਨੂੰ ਸਮੇਂ ਦੇ ਪੰਧ ਉੱਤੇ ਯਥਾਰਥਕ ਸੱਚ ਦੀਆਂ ਪੈੜਾਂ ਵੀ ਕਿਹਾ ਜਾ ਸਕਦਾ ਹੈ। ਇਥੋਂ ਹੀ ਸਮੇਂ ਦੀ ਗਤੀਸ਼ੀਲਤਾ ਨਾਲ ਤੁਰਨ ਵਲ ਰੁਖ ਹੁੰਦਾ ਹੈ।

ਕਿਸੇ ਅਣਜਾਣੇ ਥਾਂ ਦੇ ਜੀਵਨ (ਭਾਵ ਪਰਵਾਸ) ਦੀ ਹੋਰ ਕਾਸੇ ਨਾਲ ਵੀ ਤੁਲਨਾ ਨਹੀਂ ਕੀਤੀ ਜਾ ਸਕਦੀ। ਇਹ ਤਾਂ ਸਿਰਫ ਆਪਣੇ ਪਿੰਡੇ ਤੇ ਹੰਢਾਉਣ ਵਾਲਾ ਕਰਮ ਹੈ। ਇਹ ਅਹਿਸਾਸ (ਯਥਾਰਥ) ਫੜਿਆ ਨਹੀਂ ਜੀਵਿਆ ਜਾਂਦਾ ਹੈ। ਅਜਿਹਾ ਜੀਊਣ ਕਿੰਨਾ ਔਖਾ ਜਾਂ ਸੌਖਾ ਹੁੰਦਾ ਹੈ ਇਹ ਤਾਂ ਸਿਰਫ ਤੇ ਸਿਰਫ ਇਹਨੂੰ ਆਪਣੇ ਪਿੰਡੇ ਤੇ ਹੰਢਾਉਣ ਵਾਲੇ ਜਾਣਦੇ ਜਾਂ ਜਾਣ ਸਕਦੇ ਹਨ। ਕੰਡਿਆਂ ਦੀ ਪੀੜ ਕੰਡਾ ਲੱਗਣ ਵਾਲਾ ਹੀ ਜਾਣ ਸਕਦਾ ਹੈ।

ਕਿਸੇ ਇਕ ਬੂਟੇ ਨੂੰ ਦੂਜੇ ਥਾਂ ਲਾਉਣ ਲੱਗਿਆਂ ਮਾਲੀ ਨੂੰ ਇਸ ਗੱਲ ਦਾ ਖਿਆਲ ਰੱਖਣਾ ਹੀ ਪਵੇਗਾ ਕਿ ਜਿਸ ਥਾਵੇਂ ਉਹ ਲਾਇਆ ਜਾ ਰਿਹਾ ਹੈ ਉਥੋਂ ਦਾ ਵਾਤਾਵਰਨ/ ਪੌਣ ਪਾਣੀ ਉਸ ਦੇ ਅਨੁਕੂਲ (ਮੇਚ ਦਾ) ਹੋਵੇ। ਉਸ ਨੂੰ ਪ੍ਰੇਮ ਪੂਰਵਕ ਸਾਂਭਿਆ ਤੇ ਪਾਲ਼ਿਆ ਜਾਵੇ। ਚੰਗੀ ਦੇਖ ਭਾਲ, ਲੋੜੀਂਦੀ ਰੌਸ਼ਨੀ, ਸੂਰਜੀ ਨਿੱਘ ਅਤੇ ਪਾਣੀ ਆਦਿ ਵਰਗੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਬਿਨਾਂ ਉਹ ਹੌਲੀ ਹੌਲੀ ਮੁਰਝਾਂਦਿਆਂ ਹੋਇਆਂ ਸੁੱਕ ਜਾਵੇਗਾ, ਮੁੱਕ ਜਾਵੇਗਾ ਆਖਰ ਦਮ ਤੋੜ ਜਾਵੇਗਾ। ਉਸਨੂੰ ਤੰਦਰੁਸਤੀ ਸਹਿਤ ਜੀਊਂਦੇ ਰੱਖਣ ਵਾਸਤੇ ਉਸਦੀਆਂ ਮੁਢਲੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਮਾਲੀ ਦਾ ਫ਼ਰਜ਼ ਹੋਣਾ ਚਾਹੀਦਾ ਹੈ।



ਇੰਝ ਹੀ ਬੇਗਾਨੇ ਥਾਵੇਂ, ਅਣਜਾਣੇ ਮੁਲਕੀਂ ਇਨਸਾਨਾਂ ਨਾਲ ਬੀਤਦੀ/ ਗੁਜ਼ਰਦੀ ਹੈ। ਜੇ ਉੱਥੇ ਕੋਈ ਸਿਰਫ ਆਪਣੇ ਹੀ ਸੱਭਿਆਚਾਰ ਅਤੇ ਆਪਣੀਆਂ ਰਹੁ/ਰੀਤਾਂ ਅਤੇ ਰਸਮਾਂ ਰਿਵਾਜਾਂ ਨਾਲ ਜੀਊਣਾ ਚਾਹੇਗਾ ਫੇਰ ਉਹ ਬੇਗਾਨਾ/ਅਜਨਬੀ ਹੀ ਬਣਿਆ ਰਹੇਗਾ। ਇਸ ਤਰ੍ਹਾਂ ਇਸ ਆਪੇ ਸਿਰਜੇ ਹਨੇਰੇ (ਅਜਨਬੀਅਤ) ਵਿਚੋਂ ਇਕੱਲਤਾ ਹੀ ਨਹੀਂ ਸਗੋਂ ਬੇਭਰੋਸਗੀ ਵੀ ਉਸਦੇ ਪੱਲੇ ਪਵੇਗੀ। ਫੇਰ ਜਦੋਂ ਮਨੁੱਖ ਸਮੇਂ ਦੇ ਇਸ਼ਾਰੇ ਨੂੰ ਸਮਝ ਕੇ ਉਸਦਾ ਹਾਣ ਦਾ ਹੋ ਕੇ ਦੂਜਿਆਂ (ਬੇਗਾਨੇ ਸਮਝੇ ਜਾਂਦੇ) ਨਾਲ ਸਾਂਝ ਪਾਉਣ ਵਲ ਵਧਦਾ ਹੈ ਤਾਂ ਉਹ ਪਲ ਜ਼ਿੰਦਗੀ ਵਿਚ ਆਉਂਦੀ ਨਵੀਂ ਬਹਾਰ ਦੀ ਨਵੀਂ ਤੰਦ ਵਰਗੇ ਹੁੰਦੇ ਹਨ। ਇਹ ਨਵੀਆਂ ਵਾਕਫੀਆਂ, ਨੇੜਤਾਵਾਂ, ਦੋਸਤੀਆਂ ਦੀਆਂ ਰੰਗ-ਬਰੰਗੀਆਂ ਰੇਸ਼ਮੀ ਤੰਦਾਂ ਬਹਾਰ ਦੇ ਦਿਨੀਂ ਕਿਸੇ ਪੌਦੇ/ਦਰਖਤ ਨੂੰ ਨਿਕਲਦੀਆਂ ਹਰੀਆਂ ਕਚੂਰ ਅੱਖਾਂ, ਦਿਮਾਗ ਨੂੰ ਤਾਜ਼ਗੀ ਬਖਸ਼ਦੀਆਂ ਖਿੱਚ ਭਰਪੂਰ ਕਰੂੰਬਲਾਂ ਦੀਆਂ ਪਹਿਲੀਆਂ ਨਰਮ ਪੱਤੀਆਂ ਵਰਗੀਆਂ ਹੁੰਦੀਆਂ ਹਨ। ਕਿਸੇ ਬਹੁਤ ਹੀ ਪਿਆਰੇ ਅਹਿਸਾਸ ਵਰਗੀਆਂ। ਕਿਸੇ ਅਸਲੋਂ ਨਵੇਂ ਖਿਆਲ ਵਰਗੀਆਂ। ਸਾਰੇ ਆਪੇ ਨੂੰ ਮਹਿਕਾ ਤੇ ਰੁਸ਼ਨਾ ਦੇਣ ਵਾਲੀਆਂ। ਜ਼ਿੰਦਗੀ ਦੇ ਅੰਦਰਲੇ ਅਰਥ ਸਮਝਾਉਂਦੀਆਂ ਹੋਈਆਂ। ਭਵਿੱਖ ਨੂੰ ਨਵੀਂ ਤੇ ਚੰਗੇਰੀ ਸੇਧ ਵਲ ਤੁਰਨ ਦਾ ਇਸ਼ਾਰਾ ਕਰਦੀਆਂ ਹੋਈਆਂ।

ਕਿਸੇ ਦੀ ਸੋਚ 'ਤੇ ਆਪਣਾ ਨਾਂ ਲਿਖਣਾ ਕੋਈ ਬਹੁਤ ਔਖਾ ਨਹੀਂ ਹੁੰਦਾ। ਪਰ ਬਹੁਤ ਔਖਾ ਅਤੇ ਦੁਖਦਾਈ ਹੁੰਦਾ ਹੈ ਆਪਣੇ ਅਹਿਸਾਸ (ਕਹੇ ਹੋਏ) ਨੂੰ ਭੁੱਲ ਜਾਣਾ। ਇਹ ਤਾਂ ਸਮੇਂ ਅਤੇ ਆਪਣੇ ਆਪ ਨਾਲ ਧੋਖਾ ਕਰਨ ਵਾਲੀ ਗੱਲ ਹੈ ਜਿਸ ਕਰਕੇ ਕਿਸੇ ਵੀ ਇਨਸਾਨ ਵਾਸਤੇ ਆਪੇ ਸਿਰਜੇ ਆਪਣੇ ਦਰਦ ਨਾਲ ਜੀਊਣ ਵਾਲੀ ਸਥਿਤੀ ਬਣ ਜਾਂਦੀ ਹੈ। ਅਜਿਹਾ ਦਰਦ ਹੰਢਾਉਂਦੇ ਹੋਇਆਂ ਮਨੁੱਖ ਦੇ ਸੁਹਜ ਵਿਹੂਣਾ ਹੋ ਜਾਣ ਦਾ ਡਰ ਬਣਿਆ ਰਹਿੰਦਾ ਹੈ। ਇਸ ਨਾਲ ਬਹੁਤ ਕੁੱਝ ਮੁੱਲਵਾਨ ਕਿਰ ਜਾਂਦਾ ਹੈ ਮਨੁੱਖ ਦੇ ਅਪਣੇ ਆਪੇ 'ਚੋਂ। ਜਿਸ ਦੇ ਸਿੱਟੇ ਆਮ ਕਰਕੇ ਨਾਂਹ ਪੱਖੀ ਹੀ ਹੋ ਸਕਦੇ ਹਨ।

ਗੋਰਾ ਨਿਸ਼ੋਹ ਰੰਗ, ਵੱਡੀਆਂ ਵੱਡੀਆਂ ਅੱਖਾਂ (ਜਾਂ ਹਿਰਨੀ ਵਰਗੀਆਂ ਅੱਖਾਂ), ਲਾਲ ਸੁਰਖ ਬੁੱਲ੍ਹ ਅਤੇ ਖੂਬਸੂਰਤ ਦਿਸਦੀ ਬਾਹਰਲੀ ਦਿੱਖ, ਇਹੋ ਕੁੱਝ ਤਾਂ ਸੁਹੱਪਣ ਨਹੀਂ ਹੁੰਦਾ-ਬਿਲਕੁੱਲ ਨਹੀਂ। ਅਸਲੀ ਸੁਹੱਪਣ ਦੀ ਚਮਕ ਤਾਂ ਇਨਸਾਨ ਦੇ ਅੰਦਰੋਂ ਆਉਂਦੀ ਹੈ, ਜੋ ਸਵੈ ਕੇਂਦਰਤ, ਸੁਆਰਥੀਪਨ ਅਤੇ ਹੰਕਾਰਵਾਦੀ ਸਮਾਜਕ (ਦੁਨਿਆਵੀ) ਵਰਤਾਉ ਅਤੇ ਪਰਤਾਂ ਤੋਂ ਬਿਲਕੁਲ ਅਜਾਦ ਹੁੰਦੀ ਹੈ। ਇਸ ਸਭ ਕੁਝ ਦੇ ਅਸਲ ਨੂੰ ਸਮਝਣ ਅਤੇ ਇਸਦੇ ਹਾਣ ਦਾ ਹੋਣ ਵਾਸਤੇ ਇਨਸਾਨ ਨੂੰ ਹਰ ਹੀਲੇ ਅੰਦਰੋਂ ਬਾਹਰੋਂ ਸਾਫ ਸੁਥਰਾ ਅਤੇ ਖੁੱਲੇ ਸੁਭਾਅ, ਸੱਚ ਭਰੀ ਈਮਾਨਦਾਰ ਸੋਚ ਵਾਲਾ ਹੋਣਾ ਚਾਹੀਦਾ ਹੈ। ਜੋ ਅਖੌਤੀ ਬੁਧੀਜੀਵੀਆਂ ਵਾਲੀਆਂ ਅਖੌਤੀ ਖਿਆਲੀ ਪਲਾਉ ਪਕਾਉਣ ਅਤੇ ਮੌਕਾਪ੍ਰਸਤੀ ਭਰੀਆਂ ਚਾਲਾਂ ਭਾਵ ਉਨ੍ਹਾਂ ਦੀ ਖੋਖਲੀ 'ਬੌਧਿਕਤਾ' ਤੋਂ (ਰਹਿਤ) ਅਜਾਦ ਹੋਣ। ਕਿਉਂਕਿ ਇਹ ਸਭ ਕੁੱਝ ਸਮਾਜ ਵਿਚ ਪਲ਼ਦੀ ਅਣ-ਦਾਰਸ਼ਨਿਕ ਸੋਚ ਤੋਂ ਪ੍ਰਭਾਵਿਤ ਹੋਈ

ਇਨਸਾਨੀ ਮਾਨਸਿਕਤਾ ਅੰਦਰ ਪਲਦੇ ਰੋਗ ਹਨ। ਜੇ ਇਹ ਵਧਦੇ ਹੀ ਜਾਣ ਤਾਂ ਇਹ ਇਕ ਦਿਨ ਇਹ ਸਮਾਜਕ ਕੋਹੜ ਦਾ ਰੂਪ ਧਾਰਨ ਕਰ ਜਾਂਦੇ ਹਨ। ਇਹ ਕੋਈ ਭਰੱਪਣ ਤੇ ਸਾਂਝ ਭਰੀ ਸਮਝਦਾਰੀ ਦੇ ਲੱਛਣ ਨਹੀਂ ਜੋ ਖਰੇ ਇਨਸਾਨੀ ਗੁਣਾਂ ਦੇ ਸੂਚਕ ਤੇ ਚਾਲਕ ਹੁੰਦੇ ਹਨ।

ਚਾਨਣ ਭਰੀਆਂ ਰਾਤਾਂ ਬਹੁਤ ਖੂਬਸੂਰਤ ਹੁੰਦੀਆਂ ਹਨ। ਇਹ ਕਿੰਨੀਆਂ ਕੁ ਖੂਬਸੂਰਤ ਹੁੰਦੀਆਂ ਹਨ? ਇਹ ਤਾਂ ਇਨ੍ਹਾਂ ਨੂੰ ਜੀਉਣ/ਹੰਢਾਉਣ ਵਾਲਾ ਹੀ ਬਿਆਨ ਕਰ ਸਕਦਾ ਹੈ/ਦੱਸ ਸਕਦਾ ਹੈ। ਚੰਨ ਦੀ ਚਾਨਣੀ ਅੰਦਰ ਬੱਚਿਆਂ ਵਲੋਂ ਵਾਹੇ ਹੋਏ ਖੁੱਲੇ ਖੇਤਾਂ ਵਿਚ ਘੰਟਿਆਂ ਬੱਧੀ ਖੇਡਣਾਂ, ਬਿਨਾਂ ਕਿਸੇ ਅਕੇਵੇਂ-ਥਕੇਵੇਂ ਤੋਂ। ਵੱਡਿਆਂ ਹੋ ਕੇ ਚੰਨ ਦੀ ਚਾਨਣੀ ਨੂੰ ਮਾਨਣ ਦੇ ਸਬੱਬ ਨਾਲ ਸੈਰ ਕਰਨ ਨਿਕਲਣਾ ਅਤੇ ਸੈਰ ਕਰਦਿਆਂ, ਅਸਮਾਨ ਵਲ ਵੇਖਦਿਆਂ ਨੀਝ ਲਾ ਕੇ ਚੰਨ ਨੂੰ ਤੱਕਣਾਂ ਅਤੇ ਚੰਨ ਦੀਆਂ ਸੀਤ ਰਿਸ਼ਮਾਂ ਦਾ ਅਨੰਦ ਮਾਨਣਾਂ। ਇਹ ਅਜਿਹੇ ਪਲ ਹੁੰਦੇ ਹਨ ਜੋ ਮਨੁੱਖੀ ਜ਼ਿੰਦਗੀ ਨੂੰ ਬਹੁਤ ਹੀ ਹੁਸੀਨ ਅਤੇ ਮੁੱਲਵਾਨ ਬਣਾ ਦਿੰਦੇ ਹਨ। ਅਜਿਹੇ ਪਲ ਕਿਸੇ ਵੱਡੀ ਤੋਂ ਵੱਡੀ ਦੌਲਤ ਨਾਲ ਵੀ ਖਰੀਦੇ ਨਹੀਂ ਜਾ ਸਕਦੇ। ਇਨਸਾਨੀ ਜੀਵਨ ਵਿਚ ਹਨੇਰੇ ਤੋਂ ਪਾਰ ਜਾ ਕੇ ਚਾਨਣ ਦਾ ਛੱਟਾ ਦਿੰਦੇ ਹਨ-ਇਹ ਪਲ। ਰੌਸ਼ਨੀ ਜੋ ਜ਼ਿੰਦਗੀ ਦੇ ਭਵਿੱਖ ਦੇ ਚੰਗੇਰੇ ਹੋਣ ਦੀ ਬੁਨਿਆਦ ਹੁੰਦੀ ਹੈ। ਹਨੇਰੇ ਤੋਂ ਪਾਰ ਲੰਘਣ ਵਾਸਤੇ ਮਨੁੱਖ ਨੂੰ ਖੁਦ ਹੀ ਆਪਣੇ ਹੱਥੀਂ ਚਾਨਣ ਦੀ ਲਕੀਰ ਵਹੁਣੀ ਪੈਂਦੀ ਹੈ। ਚਾਨਣ ਦੀ ਇਹ ਲਕੀਰ ਹੀ ਯਥਾਰਥ ਭਰਪੂਰ ਜ਼ਿੰਦਗੀ ਦੀ ਅਸਲੀ ਖੂਬਸੂਰਤੀ ਹੁੰਦੀ ਹੈ।

ਪੁੰਨਿਆਂ ਦੀ ਰਾਤ ਮਹੀਨੇ ਦੀ ਸਭ ਤੋਂ ਖੂਬਸੂਰਤ ਰਾਤ ਹੁੰਦੀ ਹੈ। ਪਰ ਬਹੁਤ ਸਾਰੇ ਲੋਕ ਇਸ ਤੋਂ ਵੀ ਡਰਦੇ ਹਨ, ਘਬਰਾਉਂਦੇ ਹਨ। ਖਾਸ ਕਰਕੇ ਪੱਛਮੀ ਸਮਾਜਾਂ/ਸੱਭਿਆਚਾਰਾਂ ਅੰਦਰ ਇਹ ਹੀ ਧਾਰਨਾ ਹੈ। ਹਾਲਾਂਕਿ ਨਾ ਤਾਂ ਇਹ ਲੋਕ ਚੰਨ ਦੇ ਅਤੇ ਨਾ ਹੀ ਚਾਨਣੀ ਦੇ ਵਿਰੋਧੀ ਹਨ। ਇਹ ਘਬਰਾਹਟ ਅਤੇ ਡਰ ਉਨ੍ਹਾਂ ਦੇ ਆਪਣੇ ਅੰਦਰ ਚਾਨਣ ਦੀ ਘਾਟ ਦਾ ਸਿੱਟਾ ਹੈ। ਭਲਾਂ ਵਹਿਮ ਦਾ ਕੀ ਇਲਾਜ? ਉਹ ਲੋਕ ਜੋ ਅਸਲੋਂ ਹੀ ਅੰਧਵਿਸ਼ਵਾਸੀ ਹਨ ਦਰਅਸਲ ਉਨ੍ਹਾਂ ਨੂੰ ਆਪਣੇ ਆਪ ਤੋਂ ਹੀ ਡਰ ਲਗਦਾ ਹੈ। ਭਾਵੇਂ ਕਾਲ਼ੀ ਬਿੱਲੀ ਹੋਵੇ/ਜਾਂ ਰਸਤਾ ਕੱਟਦੀ ਬਿੱਲੀ, ਤੇਰਾਂ ਦਾ ਹਿਣਸਾ ਹੋਵੇ, ਕਿਧਰੇ ਲੂਣ ਖਿਲਰਿਆ ਹੋਵੇ, ਕਿਧਰੇ ਸੰਧੂਰ ਜਾਂ ਕਿਸੇ ਘਟੀਆ ਜਹੇ ਰੰਗ ਨਾਲ ਲਲੇਰ ਜਾਂ ਕੁੱਝ ਹੋਰ ਲਿਬੜਿਆ ਪਿਆ ਹੋਵੇ, ਜਾਂ ਫੇਰ ਸਹਿਬਨ ਹੀ ਜੁੱਤੀ ਮੇਜ਼ 'ਤੇ ਪਈ ਹੋਵੇ ਆਦਿ। ਇਹ ਸਭ ਕੁੱਝ ਦੇਖਕੇ ਬਿਨਾ ਕਿਸੇ ਕਾਰਨ ਦੇ ਉਨ੍ਹਾਂ ਦਾ ਮਨ ਦਹਿਲਦਾ ਹੈ। ਅਜਿਹੇ ਅੰਧਵਿਸ਼ਵਾਸੀ ਗਰਮੀਆਂ ਵਿਚ ਠਰਦੇ/ਕੰਬਦੇ ਦੇਖੇ ਜਾ ਸਕਦੇ ਹਨ ਅਤੇ ਸਰਦੀਆਂ ਵਿਚ ਉਨ੍ਹਾਂ ਨੂੰ ਪਸੀਨੋ-ਪਸੀਨੀ ਹੋਇਆ ਦੇਖਿਆ ਜਾ ਸਕਦਾ ਹੈ। ਇਹ ਉਨ੍ਹਾਂ ਦੇ ਅੰਦਰਲਾ ਬਿਨਾ ਕਿਸੇ ਕਾਰਨ ਆਪੇ ਪਾਲਿਆ ਡਰ ਹੈ, ਜੋ ਕਦੇ ਕਾਂਬਾ ਬਣ ਜਾਂਦਾ ਹੈ ਕਦੇ ਪਸੀਨਾ ਬਣਕੇ ਨਿੱਚੜਦਾ ਹੈ। ਇਸ ਕਰਕੇ ਹੀ ਅਜਿਹੇ ਕਮਜ਼ੋਰ ਮਨੁੱਖੀ ਮਨਾਂ



ਵਿਚ ਵਸਦੇ ਅੰਧਵਿਸ਼ਵਾਸ ਦੇ ਹਨੇਰੇ ਨੂੰ ਸੂਝ ਭਰੇ ਚਾਨਣ ਦੀ ਬਹੁਤ ਲੋੜ ਹੁੰਦੀ ਹੈ- ਅੰਦਰਲੇ ਡਰ ਉੱਤੇ ਕਾਬੂ ਪਾਉਣ ਵਾਸਤੇ, ਜ਼ਿੰਦਗੀ ਨੂੰ ਸਾਵੀਂ ਤੋਰੇ ਤੋਰਨ ਵਾਸਤੇ।

ਕਿਸੇ ਚੰਗੇ ਦੋਸਤ ਬਾਰੇ ਸੋਚਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਸਤਰੰਗੀ ਪੀਂਘ ਦੀ ਮਾਲ਼ਾ ਗਲ਼ ਪਾਈ ਹੋਵੇ। ਜਿਵੇਂ ਕਿਸੇ ਮਹਿਕ ਨੂੰ ਸੁੰਘਿਆ ਹੋਵੇ, ਦੁਨੀਆਂ ਦੀ ਸਭ ਤੋਂ ਸੁਹਣੀ, ਖੁਸ਼ਬੂਦਾਰ ਮਹਿਕ ਨੂੰ। ਇਸ ਅਪਣੱਤ ਦੀ ਮਹਿਕ ਨੂੰ ਮਨੁੱਖ ਸਿਰਫ ਸਾਫ, ਖੁੱਲੇ ਦਿਲ/ਮਨ ਨਾਲ ਹੀ ਫੜ ਤੇ ਮਾਣ ਸਕਦਾ ਹੈ। ਫੇਰ ਤਾਂ ਜ਼ਿੰਦਗੀ ਖੁਦ ਸਤਰੰਗੀ ਪੀਂਘ ਬਣਨ ਦੇ ਰਾਹੇ ਪੈ ਜਾਂਦੀ ਹੈ।

# ਮਰਨ ਦਾ ਵੇਲਾ

ਮਰਨ ਨੂੰ ਕਿਸਦਾ ਦਿਲ ਕਰਦਾ ਹੈ, ਕਿਸੇ ਦਾ ਵੀ ਨਹੀਂ। ਹਰ ਕੋਈ ਜੀਊਣਾ ਚਾਹੁੰਦੈ, ਜਿੰਨਾ ਵੀ ਵੱਧ ਤੋਂ ਵੱਧ ਜੀਊ ਸਕਦਾ ਹੋਵੇ। ਵੱਧ ਜੀਊਣ ਦੀ ਲਾਲਸਾ ਵਿਚ ਫਸੇ ਬਹੁਤੇ ਲੋਕ ਤਾਂ ਮੌਤ ਵਰਗੀ ਅਟੱਲ ਸਚਾਈ ਬਾਰੇ ਸੁਣਨ ਨੂੰ ਤਿਆਰ ਹੀ ਨਹੀਂ ਹੁੰਦੇ, ਭਾਵੇਂ ਕਿ ਉਹ ਇਸ ਸਚਾਈ ਤੋਂ ਅਨਜਾਣ ਵੀ ਨਹੀਂ ਹੁੰਦੇ। ਫੇਰ ਵੀ ਲਗਦੀ ਵਾਹ ਉਹ ਇਸ ਤੋਂ ਪਾਸਾ ਵੱਟਿਆ ਚਾਹੁੰਦੇ ਹਨ, ਜਿਵੇਂ ਕਿ ਉਹ ਇਸ ਨਾਲ ਮੌਤ ਨੂੰ ਦੂਰ ਧੱਕ ਰਹੇ ਹੋਣ ਜਾਂ ਝਕਾਨੀ ਦੇ ਰਹੇ ਹੋਣ। ਮੌਤ ਕਿਸੇ ਨੂੰ ਵੀ ਡਰ ਵਜੋਂ ਨਹੀਂ ਹਕੀਕਤ ਵਜੋਂ ਚੇਤੇ ਰਹਿਣੀ ਚਾਹੀਦੀ ਹੈ। ਇਹ ਮਨੁੱਖ ਦੇ ਸਰੀਰਕ ਵਾਧੇ/ਵਿਕਾਸ ਦਾ ਆਖਰੀ ਪੜਾਅ ਹੈ। ਇਹ ਦਿਨ ਹਰ ਪ੍ਰਾਣੀ ਦੇ ਹਿੱਸੇ ਆਉਣਾ ਹੀ ਹੈ, ਅਗੇਤਾ ਕੀ ਤੇ ਪਛੇਤਾ ਕੀ। ਭਲਾਂ ਫੇਰ ਡਰਨ ਦਾ ਕੀ ਫਾਇਦਾ?

ਇਸ ਮਾਮਲੇ ਵਿਚ ਆਮ ਕਰਕੇ ਲੋਕ ਜਾਂ ਤਾਂ ਭਰਮ ਦਾ ਸਹਾਰਾ ਲੈਂਦੇ ਹਨ ਜਾਂ ਫੇਰ ਡਰ ਜਾਂਦੇ ਹਨ। ਕਿਸੇ ਤਰ੍ਹਾਂ ਦੇ ਵੀ ਭਰਮ ਵਿਚ ਫਸੇ ਅਜਿਹੇ ਲੋਕ ਟੂਣੇ-ਟਾਮਣ ਵਰਗੇ ਝੂਠ ਦੇ ਕੈਦੀ ਹੋ ਬਹਿੰਦੇ ਹਨ। ਅਜਿਹਾ ਝੂਠ ਮਨੁੱਖ ਨੂੰ ਕਮਜ਼ੋਰ ਕਰਨ ਦਾ ਰਾਹ ਬਣਦਾ ਹੈ, ਕਈਆਂ ਵਾਸਤੇ ਤਾਂ ਉਮਰ ਭਰ ਦਾ ਰੋਗ ਬਣ ਜਾਂਦਾ ਹੈ। ਬੀਮਾਰੀ ਆਦਿ ਦੇ ਸਮੇਂ ਵਿਗਿਆਨਕ ਇਲਾਜ ਪ੍ਰਣਾਲੀ ਹੈ। ਉਸ ਨਾਲ ਸਰੀਰ ਨੂੰ ਅਰੋਗ ਰੱਖਿਆ ਜਾ ਸਕਦਾ ਹੈ। ਧਾਗੇ ਤਵੀਤਾਂ ਦੇ ਆਸਰੇ ਕਦੇ ਕਿਸੇ ਦਾ ਇਲਾਜ ਨਹੀਂ ਹੋ ਸਕਦਾ, ਕਦੇ ਵੀ ਨਹੀਂ। ਅਜੇ ਤੱਕ ਇੰਨਾ ਤਾਕਤਵਰ ਧਾਗਾ ਕੋਈ ਨਹੀਂ ਬਣਿਆ ਜੋ ਮਰਦੇ ਨੂੰ ਜ਼ਿੰਦਗੀ ਦੇ ਸਕਦਾ ਹੋਵੇ। ਧਾਗੇ-ਤਵੀਤ ਧੋਖੇ ਦਾ ਨਾਂ ਹੈ। ਇਹ ਤਾਂ ਸ਼ੈਤਾਨਾਂ ਵਲੋਂ ਆਮ ਲੋਕਾਂ ਨੂੰ ਬੁੱਧੂ ਬਣਾਕੇ ਉਨ੍ਹਾਂ ਨੂੰ ਲੁੱਟਣ ਦਾ ਸੌਖਾ ਪਰ ਕਾਮਯਾਬ ਤਰੀਕਾ ਆਖਿਆ ਜਾ ਸਕਦਾ ਹੈ।

ਸੋਚ ਤਰਕਸ਼ੀਲ ਹੋਵੇ ਤਾਂ ਬਹੁਤਾ ਸਮਾਂ ਖੁਸ਼ਗਵਾਰ ਲੰਘ ਸਕਦਾ ਹੈ। ਮੌਤ ਦੇ ਡਰ ਨਾਲ ਲੋਕ ਦਿਨੋ-ਦਿਨ ਨਿਰਾਸਤਾ ਵਲ ਵਧ ਜਾਂਦੇ ਹਨ। ਪਰ, ਕਦੇ ਕੋਈ ਸ਼ਿਵ ਕੁਮਾਰ ਵੀ ਜੰਮ ਪੈਂਦਾ ਹੈ ਜੋ ਮਰਨ ਤੋਂ ਪਹਿਲਾਂ ਹੀ ਅੱਗ ਦੀ ਉਮਰੇ ਮਰਨ ਦੀ ਲੋਚਾ ਪਾਲਦਾ ਅਤੇ ਆਖਦਾ ਹੈ 'ਅਸੀਂ ਤਾਂ ਜੋਬਨ ਰੁੱਤੇ ਮਰਨਾਂ, ਤੁਰ ਜਾਣਾ ਅਸੀਂ ਭਰੇ ਭਰਾਏ'। ਭਰੇ ਭਰਾਏ ਤੁਰ ਜਾਣ ਦੀ ਸੋਚ/ਲੋਚਾ ਨੂੰ ਕੋਈ ਮਾੜੀ ਕਹੇ ਜਾਂ ਚੰਗੀ ਉਸ ਮਨੁੱਖ ਨੂੰ ਤਾਂ ਕੋਈ ਫਰਕ ਨਹੀਂ ਪੈਂਦਾ। ਉਂਜ ਵੀ ਜੇ ਕੋਈ ਸਮਝੇ ਕਿ ਉਸਨੇ ਜੱਗ ਦੀ ਪਰਿਕਰਮਾ ਕਰ ਹੀ ਲਈ ਹੈ ਤਾਂ ਉਸਨੂੰ ਆਪਣੀ ਗੱਲ ਕਹਿਣ ਤੋਂ ਕੋਈ ਕਿਵੇਂ ਰੋਕ



ਸਕਦਾ ਹੈ? ਇਹ ਤਾਂ ਸਿਰਫ ਉਸਦੀ ਖਾਹਿਸ਼ ਹੀ ਹੈ ਉਂਜ ਤੁਰ ਜਾਣਾ ਵੀ ਉਸਦੇ ਆਪਣੇ ਵਸ ਤਾਂ ਨਹੀਂ ਹੁੰਦਾ।

ਜਿਵੇਂ ਜਿਵੇਂ ਮਨੁੱਖ ਦੀ ਉਮਰ ਵਧਦੀ ਜਾਂਦੀ ਹੈ ਤਾਂ ਆਮ ਕਰਕੇ ਉਸਦੇ ਅੰਦਰ ਹੋਰ ਜੀਊਣ ਦਾ ਚਾਹਤ/ਲੋਭ ਵੀ ਵਧਦਾ ਜਾਂਦਾ ਹੈ। ਆਖਰ ਜਦੋਂ ਕੋਈ ਨੜਿਨਵੇਂ ਸਾਲ ਦਾ ਹੋ ਜਾਵੇ ਤਾਂ ਉਹ ਪੂਰੇ ਸੌ ਸਾਲ ਦੀ ਉਮਰ ਹੰਢਾਉਣ ਦੀ ਕਾਮਨਾ ਕਰਨ ਲੱਗ ਪੈਂਦਾ ਹੈ ਅਤੇ ਸੌ ਨੂੰ ਪਹੁੰਚਣ 'ਤੇ ਇਕੋਤਰ ਸੌ ਸਾਲ ਦੀ ਖਾਹਿਸ਼ ਪਾਲਣ ਲਗਦਾ ਹੈ। ਅਜਿਹੀ ਖਾਹਿਸ਼ ਪਾਲਣ ਨੂੰ ਹੋਰ ਕੋਈ ਕਿਵੇਂ ਮਾੜਾ ਆਖ ਸਕਦਾ ਹੈ? ਹਰ ਕਿਸੇ ਨੇ ਆਪਣੇ ਹੀ ਢੰਗ ਤਰੀਕੇ ਨਾਲ ਜੀਊਣਾ ਤੇ ਸੋਚਣਾ ਹੁੰਦਾ ਹੈ।

ਕਿਸੇ ਨੇ ਕਦੋਂ ਮਰਨਾ ਹੈ ਕਿਸੇ ਦੂਸਰੇ ਨੂੰ ਪਤਾ ਨਹੀਂ ਹੁੰਦਾ, ਖੁਦ ਨੂੰ ਵੀ ਨਹੀਂ। ਨਜੂਮੀ ਤੇ ਟੇਵੇ ਲਾਉਣ ਵਾਲੇ ਭਵਿੱਖਵਾਣੀਆਂ ਕਰਦੇ ਹਨ ਜੋ ਆਮ ਕਰਕੇ ਝੂਠ ਹੁੰਦੀਆਂ ਹਨ। ਜੇ ਭਲਾਂ ਉਹ ਭਵਿੱਖ ਦੇ ਏਨੇ ਹੀ ਜਾਣਕਾਰ ਹੋਣ ਤਾਂ ਆਪਣਾ ਅੱਗਾ ਖੁਸ਼ੀਆਂ ਨਾਲ ਨਾ ਭਰ ਲੈਣ? ਉਨ੍ਹਾਂ (ਜੋਤਸ਼ੀਆਂ, ਟੇਵੇ ਲਾਉਣ ਵਾਲਿਆਂ) ਦੇ ਆਪਣੇ ਘਰ ਵਿਚ ਕਲੇਸ਼ ਕਿਉਂ ਰਹਿੰਦਾ ਹੈ? ਬਹੁਤਿਆਂ ਦੇ ਘਰ ਭੰਗ ਕਿਉਂ ਭੁੱਜਦੀ ਹੈ? ਨਿੱਤ ਦਿਹਾੜੇ ਘਰ ਵਿਚ ਜੂਤ-ਪਤਾਣ ਹੁੰਦਾ ਹੈ? ਉਹ ਆਪਣਾ ਅੱਗਾ ਸੁਆਰਨ ਵਾਸਤੇ ਲੋਕਾਂ ਨੂੰ ਗ੍ਰਹਿ ਟਾਲ਼ੇ ਜਾਣ ਵੇਲੇ ਦੱਸੇ ਜਾਂਦੇ ਉਪਾਅ ਆਪ ਕਿਉਂ ਨਹੀਂ ਕਰਦੇ? ਉਨ੍ਹਾਂ ਨੂੰ ਇਹ ਕੋਈ ਪੁੱਛਦਾ ਹੀ ਨਹੀਂ, ਨਾ ਹੀ ਉਹ ਦੱਸਦੇ ਹਨ। ਮਨੁੱਖੀ ਸ਼ਰੀਰ ਦਾ ਆਪਣਾ ਸਿਸਟਮ ਹੈ। ਕਿਸੇ ਵੀ ਅੰਗ ਵਿਚ ਖਰਾਬੀ ਪੈ ਜਾਣੀ ਕੋਈ ਅਲੋਕਾਰ ਗੱਲ ਨਹੀਂ। ਲੱਗਭਗ ਹਰ ਬੀਮਾਰੀ ਦਾ ਇਲਾਜ ਹੈ (ਵਿਰਲੀ ਟਾਂਵੀਂ ਨੂੰ ਛੱਡਕੇ) । ਜਦੋਂ ਸ਼ਰੀਰ ਵਿਚ ਬਹੁਤਾ ਹੀ ਨੁਕਸ ਪੈ ਜਾਵੇ ਜਾਂ ਬੀਮਾਰੀ ਬੇ-ਇਲਾਜ਼ ਹੋਵੇ ਤਾਂ ਮਨੁੱਖ ਦੀ ਸੰਸਾਰ ਯਾਤਰਾ ਪੂਰੀ ਹੋ ਜਾਂਦੀ ਹੈ।

ਮੌਤ ਕੁਦਰਤ ਦਾ ਨੇਮ ਹੈ। ਹਾਂ, ਕੁਝ ਲੋਕ ਇਸ ਕੁਦਰਤੀ ਵਰਤਾਰੇ ਨੂੰ ਭੰਗ ਵੀ ਕਰਦੇ ਹਨ। ਸਰੀਰ ਦੇ ਚੱਲਦੇ ਆਮ ਪ੍ਰਵਾਹ ਵਿਚ ਨਸ਼ੀਲੇ ਪਦਾਰਥ ਵਰਤਣ ਨਾਲ ਵਿਘਨ ਪੈਂਦਾ ਹੈ। ਕਈ ਸਿਆਣੇ ਲੋਕ ਤਾਂ ਇਹ ਜਾਣਦਿਆਂ ਹੋਇਆਂ ਵੀ ਇਸ ਰਾਹੇ ਤੁਰਨੋਂ ਆਪਣੇ ਆਪ ਨੂੰ ਨਹੀਂ ਵਰਜਦੇ ਸਗੋਂ ਵਰਜਣ ਦਾ ਜਤਨ ਤੱਕ ਨਹੀਂ ਕਰਦੇ। ਇਹ ਕਦਮ ਮੌਤ ਨੂੰ ਨੇੜੇ ਲਿਆਉਣ ਵਿਚ ਸਹਾਈ ਹੁੰਦੇ ਹਨ। ਤੰਬਾਕੂ, ਅਫੀਮ, ਸ਼ਰਾਬ, ਡੋਡੇ, ਚਰਸ, ਕੋਕਾਈਨ, ਹੈਰੋਇਨ ਅਤੇ ਹੋਰ ਬਹੁਤ ਹੀ ਸਖਤ ਨਸ਼ਿਆਂ ਦੀ ਗੈਰ ਜ਼ਰੂਰੀ ਵਰਤੋਂ ਸਿਹਤ ਵਾਸਤੇ ਨੁਕਸਾਨਦੇਹ ਹੈ। ਲੋਕ ਇਹ ਕੁੱਝ ਜਾਣਦੇ ਹੋਏ ਵੀ ਇਨ੍ਹਾਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਕਾਰਨਾਂ ਕਰਕੇ ਹੋਈ ਬੇ-ਵਕਤ ਮੌਤ ਲਈ ਅਜਿਹੇ ਵਿਅਕਤੀ ਕੁੱਝ ਤਾਂ ਖੁਦ ਵੀ ਜ਼ੁੰਮੇਵਾਰ ਹੁੰਦੇ ਹਨ। ਇਸ ਮਾਮਲੇ ਵਿਚ ਆਪਣਾ ਦੋਸ਼ ਕਿਸੇ ਹੋਰ ਦੇ ਸਿਰ ਮੜ੍ਹਨਾਂ ਬਿਲਕੁਲ ਠੀਕ ਨਹੀਂ।

ਮਰ ਗਿਆਂ ਨੂੰ ਉਸਦੇ ਆਪਣੇ ਰੋਂਦੇ ਹਨ, ਭਾਵੇਂ ਉਹ ਕਿਸੇ 'ਰੁੱਤੇ' ਤੁਰ ਜਾਵੇ। ਬੱਚਾ ਮਰੇ ਤਾਂ ਜੱਗ ਜਹਾਨ ਦੇਖੇ ਹੰਢਾਏ ਬਿਨਾ ਉਸਦੇ ਤੁਰ ਜਾਣ ਦਾ ਮਾਪਿਆਂ ਨੂੰ ਸੱਲ

ਮਾਰਦਾ ਹੈ। ਕੋਈ ਜੁਆਨੀ ਦੀ ਉਮਰੇ ਵਿਛੜੇ ਤਾਂ ਕਮਾਉਣ, ਹੰਢਾਉਣ ਅਤੇ ਜੋਬਨ ਰੁੱਤ ਮਾਣੇ ਬਿਨਾਂ ਹੀ ਉਹਦੇ ਤੁਰ ਜਾਣ ਦਾ ਝੋਰਾ ਉਹਦੇ ਆਪਣਿਆਂ ਨੂੰ ਖਾਣ ਲੱਗ ਪੈਂਦਾ ਹੈ। ਕਿਸੇ ਆਪਣੇ ਨੂੰ ਬੁਢਾਪੇ ਵਿਚ ਮਰਿਆ ਵੀ ਨਹੀਂ ਝੱਲਦੇ ਕਿਉਂਕਿ ਉਹ ਘਰ ਦੀ ਤੰਦ ਜੋੜਨ ਤੇ ਤੋਰਨ ਦਾ ਸਾਧਨ ਹੁੰਦਾ ਹੈ, ਬਹੁਤ ਵੱਡਾ ਆਸਰਾ। ਵਡੇਰੇ ਤੋਂ ਬਿਨਾਂ ਉਹ ਆਪਣੇ ਆਪ ਨੂੰ ਨਿਆਸਰੇ ਹੋ ਗਏ ਮਹਿਸੂਸ ਕਰਨ ਲੱਗ ਪੈਂਦੇ ਹਨ। ਉਂਜ ਸਾਰੇ ਜੱਗ ਦਾ ਤਾਣਾ-ਬਾਣਾ ਹੀ ਅਜਿਹਾ ਹੈ ਕਿ ਅਸੀਂ ਆਪਣੀਆਂ ਬਹੁਤ ਸਾਰੀਆਂ ਨਿਰਭਰਤਾਵਾਂ ਦੂਜਿਆਂ ਤੇ ਹੀ ਰੱਖੀ ਛੱਡਦੇ ਹਾਂ। ਜਦੋਂ ਵੀ ਸਾਡੀ ਡੋਰ ਉਸ ਬਿੰਦੂ ਨਾਲੋਂ ਟੁੱਟਦੀ ਹੈ ਤਾਂ ਝਟਕਾ ਲਗਦਾ ਹੈ। ਪਰ ਮਨੁੱਖ ਨੂੰ ਹੌਸਲਾ ਕਰਨਾ ਹੀ ਪੈਂਦਾ ਹੈ, ਕਿਉਂਕਿ ਝਟਕੇ ਵਾਲੇ ਬਿੰਦੂ ਦੇ ਪਾਰ ਉਸਦੀ ਆਪਣੀ ਜ਼ਿੰਦਗੀ ਦਾ ਅੱਗਾ ਤੁਰਨਾ ਹੁੰਦਾ ਹੈ। ਸਮੇਂ ਦੇ ਬੀਤਣ ਨਾਲ ਸਥਿਤੀ ਸਹਿਜ ਹੋ ਜਾਂਦੀ ਹੈ।

ਅਜਿਹੇ ਸਮੇਂ ਬਹੁਤ ਸਾਰੇ ਲੋਕ ਭਾਵਕ ਹੋ ਜਾਂਦੇ ਹਨ। ਘੱਟ ਹੀ ਲੋਕ ਹਨ ਜੋ ਸਹਿਜ ਵਤੀਰਾ ਅਪਣਾਉਂਦੇ ਹਨ। ਕੋਈ ਬੀਮਾਰੀ ਨਾਲ ਸਾਲਾਂ ਬੱਧੀ ਰੁਲਦਾ ਫਿਰੇ ਉਹ ਵੀ ਕਾਹਦਾ ਜੀਊਣ? ਇਸ ਕਰਕੇ ਹੀ ਦੁਨੀਆਂ ਅੰਦਰ ਇਕ ਲਹਿਰ ਨੇ ਜਨਮ ਲਿਆ, ਜਿਸਨੇ ਮੰਗ ਉਭਾਰੀ ਕਿ ਬੇ-ਇਲਾਜ ਬੀਮਾਰੀ ਦੀ ਹਾਲਤ ਵਿਚ (ਹੱਡ ਰਗੜ ਕੇ ਮਰਨ ਨਾਲੋਂ) ਇਨਸਾਨ ਨੂੰ ਆਪਣੇ ਮਰਨ ਦਾ ਹੱਕ/ਇਜਾਜ਼ਤ ਹੋਣੀ ਚਾਹੀਦੀ ਹੈ। ਅਜੇ ਤੱਕ ਤਾਂ ਅਜਿਹਾ ਹੋ ਨਹੀਂ ਸਕਿਆ, ਪਰ ਲਹਿਰ ਆਪਣੀ ਮੰਗ ਨਾਲ ਅੱਗੇ ਤੁਰ ਰਹੀ ਹੈ।

ਕੁੱਝ ਲੋਕ ਅਜਿਹੇ ਵੀ ਹਨ ਜੋ ਲੋਕਾਚਾਰੀ ਖਾਤਰ ਹੀ ਗ਼ਮ ਹੰਢਾਉਣ ਦਾ ਦਿਖਾਵਾ ਕਰਦੇ ਹਨ। ਹਾਲਾਂਕਿ ਕਿਸੇ ਦੇ ਵੱਡੀ ਉਮਰ ਦੇ ਬਜ਼ੁਰਗ ਦਾ ਆਪਣੀ ਉਮਰ ਹੰਢਾ ਕੇ ਆਪ ਕੋਈ ਦੁੱਖ ਝੱਲੇ ਬਿਨਾਂ ਅਤੇ ਕਿਸੇ ਨੂੰ ਦੁੱਖ ਦਿੱਤੇ ਬਿਨਾ ਇਸ ਜਹਾਨ ਤੋਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਤੁਰ ਜਾਣਾ ਕਿੰਨਾ ਕੁਦਰਤੀ, ਸਹਿਜ, ਸੁਭਾਵਿਕ ਤੇ ਤਸੱਲੀ ਭਰਪੂਰ ਹੁੰਦਾ ਹੈ। ਪਰ ਜੇ ਕੋਈ ਫੇਰ ਵੀ ਇਸ ਨੂੰ ਨਾ ਮੰਨੇ ਤਾਂ ਕੀ ਕੀਤਾ ਜਾ ਸਕਦਾ ਹੈ? ਧਾਰਮਿਕਤਾ ਵੀ ਇਸ ਪ੍ਰਤੀ ਉਪਦੇਸ਼ ਦਿੰਦੀ ਹੈ, ਲੋਕ ਸੁਣਦੇ ਵੀ ਹਨ ਪਰ ਅਮਲ ਕਰਨ ਵੇਲੇ ਕਮਜ਼ੋਰ ਪਏ ਨਜ਼ਰ ਆਉਂਦੇ ਹਨ।

ਪਹਿਲੇ ਸਮੇਂ ਸ਼ਾਇਦ ਹੋਰ ਸਨ, ਜਦੋਂ ਕਾਫੀ ਵੱਡੀ ਉਮਰ ਹੰਢਾਅ ਕੇ ਤੁਰ ਜਾਣ ਵਾਲਿਆਂ ਨੂੰ ਵੱਡੇ ਕਰਕੇ ਘਰੋਂ ਤੋਰਿਆ ਜਾਂਦਾ ਸੀ। ਲੋਕ ਅਰਥੀ ਨੂੰ ਫੁੱਲਾਂ ਨਾਲ ਸਜਾਉਂਦੇ ਸਨ ਅਤੇ ਉਸ ਉੱਤੋਂ ਫੁੱਲ ਪਤਾਸੇ ਸੁੱਟਦੇ ਸ਼ਮਸ਼ਾਨ ਘਾਟ ਤੱਕ ਜਾਂਦੇ ਸਨ। ਅਰਥੀ ਨਾਲ ਉਸਦਾ ਪ੍ਰੀਵਾਰ, ਸੰਗੀ ਸਾਥੀ ਤੇ ਰਿਸ਼ਤੇਦਾਰ ਸਾਰੇ ਤੁਰਦੇ ਸਨ। ਪਹਿਲੇ ਸਮਿਆਂ 'ਚ ਇਸ ਨੂੰ ਸੰਸਾਰਕ ਯਾਤਰਾ ਪੂਰੀ ਕਰਕੇ ਤੁਰ ਜਾਣ ਦਾ ਨਾਂ ਦਿੱਤਾ ਜਾਂਦਾ ਸੀ। ਇਸ ਕਾਰਜ ਵਿਚੋਂ ਉਸਦੇ ਵਾਰਸਾਂ ਦੀ ਸੋਗ ਮਨਾਉਣ ਤੋਂ ਵੱਧ ਤਸੱਲੀ ਨਜ਼ਰੀਂ ਪੈਂਦੀ ਸੀ।

ਮਰ ਗਿਆਂ ਦੀਆਂ ਰਸਮਾਂ ਪੂਰੀਆਂ ਕਰਨ ਦਾ ਵੀ ਆਪੋ ਆਪਣਾ ਰਿਵਾਜ ਹੈ। ਕਈ ਵਾਰ ਤੁਰ ਗਏ ਵਿਅਕਤੀ ਦੀ ਚੰਗਿਆਈ ਨੂੰ ਸਾਂਭਣ ਖਾਤਰ ਇਕੱਠ ਕੀਤੇ ਜਾਂਦੇ



ਹਨ। ਇਨ੍ਹਾਂ ਇਕੱਠਾਂ ਵਿਚ ਉਸ ਚਲੇ ਗਏ ਦੇ ਨਾਂ 'ਤੇ ਕੋਈ ਸੰਸਥਾ ਕਾਇਮ ਕਰਨੀ ਜੋ ਲੋਕ ਭਲਾਈ ਦੇ ਕਾਰਜ ਕਰਨ ਵਲ ਸਰਗਰਮ ਹੋ ਸਕੇ। ਅਜਿਹੇ ਕਦਮ ਸਾਰਥਕ ਹੀ ਕਹੇ ਜਾ ਸਕਦੇ ਹਨ।

ਪੂਰਬੀ ਤੇ ਪੱਛਮੀ ਸਮਾਜਾਂ ਵਿਚ ਅਜਿਹੇ ਸਮੇਂ ਦੇ ਸੰਸਕਾਰਾਂ ਵਿਚ ਫਰਕ ਵੀ ਹਨ। ਜਿਵੇਂ ਆਪਣੇ ਕਿਸੇ ਦੀ ਮੌਤ ਹੋ ਜਾਣ 'ਤੇ ਦਾਹ ਸਸਕਾਰ ਜਾਂ ਦਫਨਾਉਣ ਸਮੇਂ ਕੁੱਝ ਵੀ ਖਾਣ-ਪੀਣ ਤੋਂ ਪਰਹੇਜ ਕੀਤਾ ਜਾਂਦਾ ਹੈ, ਭਾਵੇਂ ਕਿ ਪਿਛੋਂ ਵੱਡੇ ਇਕੱਠ (ਕੱਠ) ਕੀਤੇ ਜਾਂਦੇ ਹਨ। ਪੱਛਮੀਂ ਮੁਲਕਾਂ ਵਿਚ ਜੀਊਣਾਂ ਹੀ ਨਹੀਂ ਮਰਨਾ ਵੀ ਕਾਫੀ ਮਹਿੰਗਾ ਹੈ। ਮੌਤ ਹੋ ਜਾਣ ਉੱਤੇ ਲਾਸ਼ ਨੂੰ ਤੁਰੰਤ ਹੀ ਮੁਰਦੇਖਾਨੇ ਵਾਲੇ ਠੰਢੇ ਕਮਰੇ ਵਿਚ ਪਹੁੰਚਾ ਦਿੱਤਾ ਜਾਂਦਾ ਹੈ। ਉਸਨੂੰ ਦਫਨਾਉਣ ਵੇਲੇ ਚਰਚ ਦਾ ਪਾਦਰੀ ਮਰ ਗਏ ਦੀ ਰੂਹ ਦੀ ਸ਼ਾਂਤੀ ਵਾਸਤੇ ਅਰਦਾਸ ਕਰਦਾ ਹੈ। ਅਰਦਾਸ ਕਰਨ ਵਾਲੇ ਕਮਰੇ ਵਿਚ ਜਗਾਈਆਂ ਮੋਮਬੱਤੀਆਂ ਅਤੇ ਚਰਚ ਦੀਆਂ ਖੜਕਾਈਆਂ ਟੱਲੀਆਂ/ਘੜਿਆਲ ਆਦਿ ਦੇ ਪੈਸੇ ਮਰੇ ਵਿਅਕਤੀ ਦੇ ਵਾਰਸਾਂ ਤੋਂ ਹੀ ਵਸੂਲ ਕੀਤੇ ਜਾਂਦੇ ਹਨ। ਜਿਨ੍ਹਾਂ ਦਾ ਧਰਮ ਨਾਲ ਸਬੰਧ ਨਾ ਹੋਵੇ ਪਾਦਰੀ ਆਮ ਕਰਕੇ ਉਸਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਨਹੀਂ ਕਰਦਾ। ਇਹ ਹੀ ਹੈ ਧਰਮ ਵਾਲਿਆਂ ਵਲੋਂ ਮਨੁੱਖ ਤੋਂ ਮਨੁੱਖ ਦੇ ਦਰਮਿਆਨ ਵਿਤਕਰੇ ਭਰਿਆ ਕਾਰਜ। ਇੱਥੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਈਸਾਈ ਧਰਮ ਨੂੰ ਮੰਨਣ ਵਾਲਿਆਂ ਨੂੰ (ਜਰਮਨੀ ਵਿਚ) ਹਰ ਮਹੀਨੇ ਆਪਣੀ ਤਨਖਾਹ ਵਿਚੋਂ ਕਾਨੂੰਨ ਮੁਤਾਬਿਕ ਤੈਅ ਕੀਤੇ ਪੈਸੇ (ਟੈਕਸ) ਦੇਣੇ ਪੈਂਦੇ ਹਨ। ਕਿਸੇ ਦੀ ਮੌਤ ਵੇਲੇ ਫੇਰ........।

ਇਕੱਠ ਵਿਚ ਆਏ ਲੋਕ ਮਿੱਟੀ ਦੀ ਮੁੱਠ ਕਬਰ 'ਤੇ ਸੁੱਟਦੇ ਹਨ। ਇਸ ਤੋਂ ਬਾਅਦ ਉਹ ਕਿਸੇ ਕੌਫੀ ਹਾਊਸ ਜਾਂ ਬੀਅਰ ਬਾਰ (ਪੱਬ ਬਗੈਰਾ) ਵਿਚ ਜਾਂਦੇ ਹਨ। ਖਾਣ ਪੀਣ ਵਾਸਤੇ ਸੂਪ, ਚਾਹ, ਕੌਫੀ-ਕੇਕ ਬਗੈਰਾ ਦੇ ਨਾਲ ਹੀ ਬੀਅਰ, ਵਾਈਨ ਤੇ ਸ਼ਰਾਬ ਦਾ ਵੀ ਇਸਤੇਮਾਲ ਹੁੰਦਾ ਹੈ। ਗੱਲਾਂ ਇੱਥੇ ਵੀ ਵਕਤ/ਬੇ-ਵਕਤ ਤੁਰ ਜਾਣ ਦੀਆਂ ਹੀ ਹੁੰਦੀਆ ਹਨ। ਪਰ, ਸੋਗੀ ਮਹੌਲ ਵਿਚ ਵੀ ਚਿਹਰੇ ਮੁਰਝਾ ਜਾਣ ਤੱਕ ਉਦਾਸ ਨਹੀਂ ਹੁੰਦੇ।

ਭਲਾਂ ਇਹ ਕੋਈ ਕਿਵੇਂ ਦੱਸੇ ਕਿ ਤੁਰ ਜਾਣ ਵਾਲਾ ਮਨੁੱਖ ਆਪਣੇ ਬੰਨ੍ਹੇ ਦਾਈਏ ਪੂਰੇ ਕਰ ਗਿਆ ਹੈ ਜਾਂ ਨਹੀਂ, ਕਿਉਂਕਿ ਮਰਨ ਵੇਲੇ ਦੀ ਨਿਸ਼ਾਨਦਹੀ ਨਹੀਂ ਹੋ ਸਕਦੀ।

# ਰਸਮ-ਰਿਵਾਜ਼ ਅਤੇ ਤਰਕ

ਰਸਮ-ਰਿਵਾਜ ਆਪਣਾ ਵਿਰਸਾ ਹੁੰਦੇ ਹਨ, ਪਰ ਵਿਰਸਾ ਜਦੋਂ ਵੀ ਤੁਰੇ ਤਾਂ ਉਹ ਸਿਰਫ ਸਮੇਂ ਦਾ ਹਾਣੀ ਹੀ ਨਾ ਹੋ ਕੇ ਤੁਰੇ ਸਗੋਂ ਉਜਲੇ ਭਵਿੱਖ ਵਲ ਵਧਦੇ ਕਦਮਾਂ ਦਾ ਪੱਥ ਪ੍ਰਦਰਸ਼ਕ ਬਣੇ ਅਤੇ ਉਨ੍ਹਾਂ ਤੁਰਦੇ ਕਦਮਾਂ ਨੂੰ ਉਸਾਰੂ ਦਿਸ਼ਾ ਵੀ ਪ੍ਰਦਾਨ ਕਰਦਾ ਹੋਵੇ। ਇਹ ਸਮੇਂ ਦੀ ਨਬਜ਼ 'ਤੇ ਉਂਗਲ ਰੱਖੇ ਬਿਨਾਂ ਸੰਭਵ ਨਹੀਂ ਹੋ ਸਕਦਾ। ਜਿਨ੍ਹਾਂ ਸਮਾਜਾਂ ਨੇ ਇੰਜ ਕੀਤਾ ਉਨ੍ਹਾਂ ਨੇ ਤਰੱਕੀ ਵੱਧ ਕੀਤੀ ਅਤੇ ਵਿਕਾਸ ਦੇ ਨਵੇਂ ਪੜਾਅ ਵੀ ਸਰ ਕੀਤੇ।

ਰੀਤਾਂ-ਰਿਵਾਜਾਂ ਨੂੰ ਛੱਡਕੇ ਜੀਊਣਾ ਬਹੁਤ ਔਖਾ ਸਮਝਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਜ਼ਿੰਦਗੀ ਦੀ ਬੁੱਕਲ 'ਚੋਂ ਬਹੁਤ ਕੁੱਝ ਕਿਰ ਜਾਂਦਾ ਹੈ। ਪਰ ਇਨ੍ਹਾਂ ਨੂੰ ਉਂਜ ਦਾ ਉਂਜ ਕੱਛੇ ਮਾਰ ਕੇ ਤੁਰੀ ਜਾਣ ਅਤੇ ਹਰ ਚੰਗੇ-ਮਾੜੇ ਬਾਰੇ ਸੱਤ-ਬਚਨੀਏਂ ਹੋ ਜਾਣਾ ਤਾਂ ਜੀਵਨ ਦੇ ਤੁਰਦੇ ਹੋਣ ਤੋਂ ਇਨਕਾਰੀ ਹੋਣ ਬਰਾਬਰ ਹੈ। ਜਾਂ ਫੇਰ ਇਸ ਕ੍ਰਿਆ ਨੂੰ ਤਾਂ ਉਨ੍ਹਾਂ ਖੋਪੇ ਲੱਗੇ ਉਨ੍ਹਾਂ ਊਠਾਂ ਜਾਂ ਬਲਦਾਂ ਨਾਲ ਤੁਲਨਾਇਆ ਜਾ ਸਕਦਾ ਹੈ ਜੋ ਕਦੇ ਹਲਟਾਂ, ਬੇਲਣਿਆਂ ਨੂੰ ਜੁੜਦੇ ਹੁੰਦੇ ਸਨ ਤੇ ਜੋ ਹੁਣ ਬੀਤੇ ਦੀ ਗੱਲ ਬਣ ਚੁੱਕੇ ਹਨ। ਤਕਨੀਕੀ ਤਰੱਕੀ ਦੇ ਸਬੱਬਾਂ ਨੇ ਉਨ੍ਹਾਂ ਦੇ ਥਾਂ ਨਵੇਂ ਸਬੱਬ ਪੈਦਾ ਕਰ ਦਿੱਤੇ ਹਨ ਜੋ ਪਹਿਲਾਂ ਤੋਂ ਵੱਧ ਕਾਰਗਰ, ਸੌਖੇ ਤੇ ਵੱਧ ਕਾਮਯਾਬ ਹਨ।

ਸੰਸਾਰ ਦੇ ਹੋਰ ਭਾਈਚਾਰਿਆਂ, ਕੌਮਾਂ ਦੇ ਸਮਾਜੀ ਅਤੇ ਸੱਭਿਆਚਾਰਕ ਵਰਤਾਰਿਆਂ ਅੰਦਰ ਹੁੰਦੀਆਂ ਤਬਦੀਲੀਆਂ ਤੋਂ ਅੱਖਾਂ ਮੀਟੀ ਰੱਖਣੀਆਂ ਜਾਂ ਇਨਕਾਰੀ ਹੋਣਾ ਵੀ ਆਪਣੇ ਆਪ ਨੂੰ ਜਾਂ ਆਪਣੇ ਸਮਾਜੀ ਰਹੁ ਰੀਤਾਂ ਨੂੰ ਨਵਿਆਉਣ ਦੇ ਕਾਰਜ ਪ੍ਰਤੀ ਨਾਂਹ ਪੱਖੀ ਰੁਝਾਨ ਪੈਦਾ ਕਰਦਾ ਹੈ। ਚੰਗਿਆਈ ਕਿਧਰਿਉਂ ਵੀ ਮਿਲੇ ਸਿੱਖਣ 'ਚ ਕੋਈ ਹਰਜ਼ ਨਹੀਂ। ਇਸ ਕਰਕੇ ਹੀ ਇਹ ਹਾਲਤ ਮੰਗ ਕਰਦੇ ਹਨ ਕਿ ਆਉਣ ਵਾਲੇ ਸਮੇਂ ਨੂੰ ਖੁਸ਼ਗਵਾਰ ਬਨਾਉਣ ਵਾਸਤੇ ਸਮੇਂ ਸਮੇਂ ਆਪਣੇ ਸਮਾਜੀ ਰਸਮਾਂ-ਰਿਵਾਜਾਂ ਨੂੰ ਨਵਿਆਉਣਾ ਬਹੁਤ ਜ਼ਰੂਰੀ ਹੁੰਦਾ ਹੈ। ਸਮੇਂ ਦੇ ਹਾਣ ਦਾ ਹੋਣ ਵਾਸਤੇ ਕਦਮਾਂ ਨੂੰ ਨਵਾਂਪਨ ਬਖਸ਼ਦਿਆਂ ਇਹ ਹੀ ਅੱਗੇ ਤੋਰਨ ਦਾ ਵਸੀਲਾ ਬਣਦੇ ਹਨ। ਇਸ ਕਰਕੇ ਹੀ ਤੁਰਦੇ ਰਹਿਣ ਨੂੰ ਜ਼ਿੰਦਗੀ ਅਤੇ ਖੜੋਤ ਨੂੰ ਮੌਤ ਕਿਹਾ ਜਾਂਦਾ ਹੈ। ਇਕ ਥਾਵੇਂ ਖੜ੍ਹਾ ਤਾਂ ਪਾਣੀ ਵੀ ਮੁਸ਼ਕ ਜਾਂਦਾ ਹੈ, ਇਹ ਤਾਂ ਸਮਾਜਕ/ਸੱਭਿਆਚਾਰਕ ਵਰਤਾਰੇ ਹਨ। ਜ਼ਿੰਦਗੀ ਦਾ ਮੂਲ, ਭਾਵ ਬੁਨਿਆਦ।



ਨਿੱਤ ਨਵੇਂ ਫੈਸ਼ਨ ਬਦਲਦੇ ਹਨ ਕੱਪੜਿਆਂ ਦੇ, ਗਹਿਣਿਆਂ ਦੇ, ਖਾਣ-ਪਕਾਉਣ ਦੇ ਅਤੇ ਅਨੇਕਾਂ ਹੋਰ ਖੇਤਰਾਂ ਅੰਦਰ ਤਬਦੀਲੀਆਂ ਰਾਹੀਂ ਵਿਕਾਸ ਹੁੰਦਾ ਹੈ। ਵਸਤਾਂ ਦੇ ਰੂਪ ਤੱਕ ਬਦਲਦੇ ਹਨ ਫੇਰ ਰਸਮ ਰਿਵਾਜ ਉਨ੍ਹਾਂ ਦੇ ਹਾਣ ਵਾਲੇ ਕਿਉਂ ਨਾ ਹੋਣ? ਇੱਥੇ ਤਬਦੀਲੀ ਜਰੂਰੀ ਕਿਉਂ ਨਾ ਸਮਝੀ ਜਾਵੇ? ਰਸਮਾਂ-ਰਿਵਾਜਾਂ ਨੂੰ ਉਂਜ ਦਾ ਉਂਜ ਰੱਖਕੇ ਸੱਭਿਆਚਾਰਕ ਰਵਾਇਤਾਂ ਨੂੰ ਭਾਵਕ ਤੌਰ ਤੇ ਹੀ ਜੀਵਿਆ ਜਾ ਸਕਦਾ ਹੈ ਸਮੇਂ ਦੇ ਹਾਣ ਦਾ ਹੋਣ ਤੋਂ ਮਨੁੱਖ ਪਛੜਿਆ ਹੀ ਰਹੇਗਾ।

ਪਹਿਲੇ ਸਮਿਆਂ ਵਿਚ ਕਿਸੇ ਦੀ ਮੌਤ ਸਮੇਂ ਅਫਸੋਸ ਕਰਨ ਵਾਸਤੇ ਜਾਣ ਸਮੇਂ ਔਰਤਾਂ ਪੰਝੀ ਗਜ਼ ਕੱਪੜੇ ਦਾ ਕਾਲੇ ਰੰਗ ਦਾ ਘੱਗਰਾ ਪਾਉਂਦੀਆਂ ਸਨ। ਕਾਲਾ ਰੰਗ ਸੋਗ ਸਮੇਂ ਦੀ ਸਾਂਝ ਨੂੰ ਜਾਹਰ ਕਰਨ ਦੀ ਰਸਮ ਵਜੋਂ ਪ੍ਰਵਾਨਤ ਸੀ, ਫੇਰ ਸਮੇਂ ਦੇ ਬਦਲਣ ਨਾਲ (ਆਰਥਕ ਹਾਲਤਾਂ ਨੇ ਵੀ ਹਿੱਸਾ ਪਾਇਆ) ਇਸ ਵਿਚ ਤਬਦੀਲੀ ਆਈ ਤੇ ਅਜਿਹੇ ਸਮੇਂ ਪਾਇਆ ਜਾਣ ਵਾਲਾ ਘੱਗਰਾ ਆਖਰ ਗਾਇਬ ਹੋ ਗਿਆ। ਨਾ ਦੁੱਖ ਦਾ ਦਰਦ ਘਟਿਆ ਹੈ, ਨਾ ਇਸ ਸਮੇਂ ਉਪਜੇ ਸੋਗ ਨੂੰ ਵਟਾਉਣ/ਘਟਾਉਣ ਵਾਲੀ ਸਾਂਝ ਦਾ। ਨਾ ਹੀ ਇਸ ਦੇ ਅਰਥ ਬਦਲੇ ਹਨ। ਪਰ ਤੁਰਦੇ ਸਮੇਂ ਨਾਲ ਇਸ ਦਾ ਬਾਹਰੀ ਰੂਪ ਬਦਲ ਗਿਆ ਹੈ, ਜੋ ਹਾਲਤਾਂ ਅਨੁਸਾਰ ਸ਼ਾਇਦ ਜਰੂਰੀ ਸੀ। ਪਹਿਲੇ ਸਮਿਆਂ ਵਿਚ ਔਰਤਾਂ ਸਿਹਤ ਪੱਖੋਂ ਜਾਨ ਵਾਲੀਆਂ ਹੁੰਦੀਆਂ ਸਨ। ਹੁਣ ਤਾਂ ਆਪਣਾ ਬੱਚਾ ਚੁੱਕਣ ਵਾਸਤੇ ਵੀ ਬੱਘੀ (ਪਹੀਆਂ ਵਾਲੀ ਛੋਟੀ ਜਹੀ ਰੇਹੜੀ) ਦੀ ਲੋੜ ਪੈਂਦੀ ਹੈ। ਘੱਗਰੇ ਦਾ ਭਾਰ ਕੌਣ ਚੁੱਕੇ?

ਪਹਿਲੇ ਸਮਿਆਂ ਵਿਚ ਪਸ਼ੂਆਂ ਦਾ ਵੀ ਖਾਸ ਖਿਆਲ ਰੱਖਿਆ ਜਾਂਦਾ ਸੀ। ਮੱਥੇ ਕੌਡੀਆਂ ਵਾਲੀ ਡੋਰ, ਗਲ਼ ਘੁੰਗਰਾਲਾਂ ਜਿੱਥੇ ਬਲਦਾਂ ਦੀ ਖੂਬਸੂਰਤੀ ਬਣਦੀ ਸੀ, ਉੱਥੇ ਇਹ ਸਮੇਂ ਅੰਦਰ ਸੁਹਜ ਵੀ ਭਰਦੇ ਸਨ। ਢਲੀ ਸ਼ਾਮ ਸਮੇਂ ਜਾਂ 'ਨੇਰ੍ਹ ਪਏ ਬਲਦਾਂ ਦੇ ਘਰ ਮੁੜਨ ਸਮੇਂ ਉਨ੍ਹਾਂ ਦੇ ਗਲ਼ਾਂ ਦੀਆਂ ਘੁੰਗਰਾਲ਼ਾਂ ਤ੍ਰਿਕਾਲ-ਸੰਧਿਆ ਦੇ ਸੰਗੀਤਮਈ ਹੋ ਜਾਣ ਦਾ ਅੰਗ ਬਣ ਜਾਂਦੇ ਸਨ। ਘਰ ਵਾਲਿਆਂ ਨੂੰ ਪਤਾ ਲੱਗ ਜਾਂਦਾ ਸੀ ਕਿ ਪਸ਼ੂ ਘਰ ਆ ਗਏ ਹਨ। ਸਮੇਂ ਨਾਲ ਖੇਤੀ ਦੀਆਂ ਲੋੜਾਂ ਬਦਲ ਗਈਆਂ। ਬਲਦ ਘਟ ਗਏ, ਟ੍ਰੈਕਟਰ ਆ ਗਏ। ਟ੍ਰੈਕਟਰਾਂ, ਮੋਟਰ-ਕਾਰਾਂ ਦੇ ਖੜਾਕੇ, ਹੌਰਨਾਂ ਅਤੇ ਘਰਾਂ ਵਿਚ ਵੱਜਦੇ ਟੇਪਾਂ, ਸਟੀਰੀਉਆਂ ਦੇ ਉੱਚੇ ਬੋਲਾਂ ਹੇਠ ਦਬ ਗਈ ਘੁੰਗਰਾਲ਼ਾਂ ਦੀ ਅਵਾਜ, ਜੋ ਆਪਣੇ ਸਮੇਂ ਦੀ ਧੜਕਦੀ ਜ਼ਿੰਦਗੀ ਦਾ ਰੰਗੀਲਾ ਤੇ ਸੁਰੀਲਾ ਸਾਜ਼ ਸਨ। ਸਮੇਂ ਦੇ ਅੱਗੇ ਤੁਰਨ ਨਾਲ ਸੱਚ ਦਾ ਰੂਪ ਬਦਲਿਆ। ਇਕ ਉਦੋਂ ਦਾ ਸੱਚ ਸੀ ਇਕ ਹੁਣ ਦਾ ਸੱਚ ਹੈ। ਜ਼ਿੰਦਗੀ ਲਗਾਤਾਰ ਹੋਰ ਅੱਗੇ ਤੁਰੀ ਤੇ ਧੜਕਦੀ ਹੈ।

ਵਿਆਹਾਂ ਆਦਿ ਸਮੇਂ ਕਾਫੀ ਸਾਰੀਆਂ ਰਸਮਾਂ ਸਿਰਫ ਖਾਨਾ ਪੂਰਤੀ ਵਾਸਤੇ ਹੀ ਕੀਤੀਆਂ ਜਾਂਦੀਆਂ ਹਨ। ਪਹਿਲੇ ਸਮਿਆਂ ਵਿਚ ਲੋਕ ਅੱਜ ਦੇ ਮੁਕਾਬਲੇ ਘੱਟ ਨਹਾਉਂਦੇ ਸਨ। ਵਿਆਹ ਤੋਂ ਕਈ ਦਿਨ ਪਹਿਲਾਂ ਹੀ ਵਿਆਹ ਵਾਲੇ ਮੁੰਡੇ-ਕੁੜੀ ਨੂੰ ਵਟਣਾ (ਮਾਈਆਂ ਲਾਉਣਾ) ਮਲਿਆ ਜਾਂਦਾ ਸੀ। ਵੇਸਣ (ਛੋਲਿਆਂ ਦਾ ਆਟਾ) ਵਿਚ ਸਰ੍ਹੋਂ ਦਾ

ਤੇਲ ਰਲਾ ਕੇ ਕਈ ਦਿਨ ਲਗਾਤਾਰ ਉਨ੍ਹਾਂ ਦੇ ਸਰੀਰਾਂ ਅਤੇ ਚਿਹਰਿਆਂ 'ਤੇ ਜੰਮੀ ਮੈਲ਼ ਲਾਹੁਣ ਵਾਸਤੇ, ਉਨ੍ਹਾਂ ਦਾ ਰੰਗ-ਰੂਪ ਚਮਕਾਉਣ ਵਾਸਤੇ ਚਿਹਰੇ ਆਦਿ ਉੱਤੇ ਨਿਖਾਰ ਆਦਿ ਪੈਦਾ ਕਰਨ ਦਾ ਜਤਨ ਕੀਤਾ ਜਾਂਦਾ ਸੀ। ਦੂਜੀ ਗੱਲ ਆਪਣਿਆਂ ਨਾਲ ਭਾਈਚਾਰਕ ਸਾਂਝ ਨੂੰ ਹੋਰ ਗੂੜ੍ਹੀ/ ਪੱਕਿਆਂ ਕਰਨ ਵਾਸਤੇ ਤਾਇਆਂ, ਚਾਚਿਆਂ ਦੇ ਘਰਾਂ ਵਿਚ ਵੀ ਇਸ ਰਸਮ ਦੀ ਪੂਰਤੀ ਕੀਤੀ ਜਾਂਦੀ ਸੀ। ਹੁਣ ਭਾਈਚਾਰਕ ਸਾਂਝ ਤਾਂ ਲੰਗੜੀ ਹੋਈ ਫਿਰਦੀ ਐ। ਕਦਰਾਂ-ਕੀਮਤਾਂ ਬਦਲ ਗਈਆਂ ਹਨ, ਸਮੇਂ ਦੀ ਵੀ ਘਾਟ ਹੈ। ਨੌਜਵਾਨ ਮੁੰਡੇ-ਕੁੜੀਆਂ ਤਾਂ ਨਿੱਤ ਦਿਹਾੜੇ ਵਧੀਆ ਸਾਬਣਾਂ ਤੇ ਕਰੀਮਾਂ ਦੀ ਵਰਤੋਂ ਕਰਦੇ ਹਨ। ਬਾਹਰੋਂ ਚਿਹਰੇ ਲਿਸ਼ਕਦੇ ਹਨ (ਅੰਦਰੋਂ ਪਤਾ ਨਹੀਂ)। ਇਨ੍ਹਾਂ ਲਿਸ਼ਕਦੇ ਚਿਹਰਿਆਂ ਨੂੰ ਭਲਾਂ ਵਟਣੇ ਦੀ ਕੀ ਲੋੜ? ਹੁਣ ਇਹ ਸਮੇਂ ਦੀ ਬਰਬਾਦੀ ਤੋਂ ਵੱਧ ਹੋਰ ਕੁੱਝ ਨਹੀਂ। ਰੰਗ ਰੂਪ ਨਿਖਾਰਨ ਦਾ 'ਠੇਕਾ' ਹੁਣ ਬਿਊਟੀ ਪਾਰਲਰਾਂ ਵਾਲਿਆਂ ਨੇ ਲੈ ਲਿਆ ਹੈ, ਫੇਰ ਛੋਲਿਆਂ ਦੇ ਆਟੇ ਨੂੰ ਕੌਣ ਪੁੱਛੇ?

ਵਿਆਹ ਦੀ ਇਕ ਹੋਰ ਥੋਥੀ ਰਸਮ ਦਾ ਜ਼ਿਕਰ ਕਰਨਾ ਕੁਥਾਵਾਂ ਨਹੀਂ ਹੋਵੇਗਾ। ਲਾੜੇ (ਵਿਆਂਦੜ੍ਹ ਮੁੰਡਾ) ਦੇ ਸਿਰ 'ਤੇ ਸਿਹਰਾ ਬੰਨ੍ਹਿਆਂ ਜਾਂਦਾ ਹੈ, ਮੂੰਹ ਢਕਣ ਵਾਸਤੇ। ਬਹੁਤ ਸਾਰੇ ਲੋਕਾਂ ਨੂੰ ਅਜੇ ਤੱਕ ਵੀ ਇਹ ਪਤਾ ਨਹੀਂ ਲੱਗ ਸਕਿਆ ਕਿ ਇਸ ਪਖੰਡ ਦਾ ਮਤਲਬ ਕੀ ਹੈ? ਕਿਆਸ ਹੀ ਕੀਤਾ ਜਾ ਸਕਦਾ ਹੈ ਕਿ ਇਸ ਰਸਮ/ਪਖੰਡ ਦੀ ਸ਼ੁਰੂਆਤ ਉਦੋਂ ਹੋਈ ਹੋਵੇਗੀ ਜਦੋਂ ਕਿਸੇ ਬਦਸੂਰਤ ਜਾਂ ਅੱਖੋਂ ਊਣੇ ਜਹੇ ਕਿਸੇ ਮਰਦ ਦਾ ਵਿਆਹ ਹੋਇਆ ਹੋਵੇਗਾ 'ਤੇ ਸਹੁਰੇ ਘਰ ਢੁੱਕਣ ਸਮੇਂ ਉਸਦਾ ਇਹ ਕੱਜ ਢਕਣ ਵਾਸਤੇ ਉਸਦੇ ਸਿਰ 'ਤੇ ਸਿਹਰਾ ਬੰਨ੍ਹ ਕੇ ਚਿਹਰਾ ਢਕਿਆ ਗਿਆ ਹੋਵੇ। ਵਿਆਹ ਦੀਆਂ ਰਸਮਾਂ ਪੂਰੀਆਂ ਹੋਣ ਤੱਕ ਉਹ ਨਾ ਲਾਹਿਆ ਗਿਆ ਹੋਵੇ (ਇਵੇਂ ਹੀ ਬੀਬੀਆਂ ਦੇ ਕੱਢੇ ਜਾਣ ਵਾਲੇ ਘੁੰਢ ਬਾਰੇ ਵੀ ਆਖਿਆ ਜਾ ਸਕਦਾ ਹੈ) ਰਸਮ ਪੂਰੀ ਕਰਨ ਵੇਲੇ ਕੀਤੀ 'ਹਾਂਅ' ਤੋਂ ਬਾਅਦ ਫੇਰ ਕੌਣ ਮੁੱਕਰੇ? ਇੱਥੋਂ ਚੱਲ-ਸੋ-ਚੱਲ, ਗਊ-ਗਧਾ ਇਕ ਬਰਾਬਰ। ਸਮਝ ਨਹੀਂ ਲਗਦੀ ਕਿ ਸੁਹਣੇ-ਸੁਨੱਖੇ ਮੁੰਡਿਆਂ ਦੇ ਮਾਪੇ ਵਿਆਹ ਸਮੇਂ ਆਪਣੇ ਪੁੱਤਰਾਂ ਦਾ ਸਿਹਰੇ ਪਿੱਛੇ ਮੂੰਹ ਲੁਕਾਉਣ ਦਾ ਕਿਉਂ ਜਤਨ ਕਰਦੇ ਹਨ? ਇਹ ਝੂਠ ਤੇ ਪਖੰਡ ਨਹੀਂ ਤਾਂ ਹੋਰ ਕੀ ਹੈ?

ਹਰ ਸਮਾਜ ਅੰਦਰ ਹੀ ਘਰ ਆਏ ਮਹਿਮਾਨ ਨੂੰ ਜੀ ਆਇਆਂ ਆਖਿਆ ਜਾਂਦਾ ਹੈ ਪਰ ਢੰਗ-ਤਰੀਕਾ ਤੇ ਰਿਵਾਜ ਆਪੋ ਆਪਣਾ ਹੈ। ਭਾਰਤੀ ਸਮਾਜ ਵਿਚ ਆਏ ਮਹਿਮਾਨ ਦੇ ਸੁਆਗਤ ਵਜੋਂ ਬੂਹੇ 'ਤੇ ਤੇਲ ਚੋਣ ਦਾ ਰਿਵਾਜ ਸੀ/ ਹੈ। ਇਹ ਦਿਖਾਵਾ ਵੀ ਲੋਕ ਬਿਨਾ ਸੋਚੇ ਸਮਝੇ ਹੀ ਕਰੀ ਜਾਂਦੇ ਹਨ। ਇਹਦੇ ਪਿੱਛੇ ਤਰਕ ਕੋਈ ਨਹੀਂ। ਪਹਿਲੇ ਸਮਿਆਂ ਵਿਚ ਘਰ ਕੱਚੇ ਹੁੰਦੇ ਸਨ, ਘਰਾਂ ਦੇ ਬੂਹਿਆਂ ਦੀਆਂ ਚੌਗਾਠਾਂ ਅਤੇ ਦਰਵਾਜ਼ੇ ਵੀ ਲੱਕੜ ਦੇ ਹੁੰਦੇ ਸਨ। ਦਰਵਾਜ਼ਿਆਂ ਦੇ ਘੁੰਮਣ ਵਾਸਤੇ ਹੇਠਾਂ ਦੋਵੇਂ ਪਾਸੇ ਉਨ੍ਹਾਂ ਦੀਆਂ ਚੂਲ਼ਾਂ ਵਜੋਂ ਦੋ ਗੋਲ ਲੱਕੜਾਂ ਧਰਤੀ ਵਿਚ ਗੱਡ ਦਿੱਤੀਆਂ ਜਾਂਦੀਆਂ ਸਨ। ਜਦੋਂ ਇਹ ਲੱਕੜ ਦੀਆਂ ਚੂਲ਼ਾਂ ਬਹੁਤ ਖੁਸ਼ਕ ਹੋ ਜਾਂਦੀਆਂ ਸਨ ਘੁੰਮਣ ਵੇਲੇ ਅਵਾਜ



ਦਿੰਦੀਆਂ ਸਨ, ਚੀਕਾਂ ਜਹੀਆਂ ਮਾਰਦੀਆਂ ਸਨ, ਤਾਂ ਉਨ੍ਹਾਂ ਨੂੰ ਤੇਲ ਨਾਲ ਥਿੰਦਿਆਂ ਕਰ ਦਿੱਤਾ ਜਾਂਦਾ ਸੀ ਫੇਰ ਉਹ ਦਰਵਾਜੇ ਦੇ ਘੁੰਮਣ ਵੇਲੇ ਖੜਾਕ ਨਾ ਕਰਦੀਆਂ ਦਰਵਾਜ਼ੇ ਵੀ ਅਰਾਮ ਨਾਲ ਘੁੰਮਦੇ, ਬੰਦ ਹੁੰਦੇ ਤੇ ਖੁੱਲ੍ਹਦੇ। ਇਸ ਦਲੀਲ ਨੂੰ ਸਮਝਣ ਵਾਸਤੇ ਬਹੁਤ ਵੱਡੇ ਦਿਮਾਗ ਦੀ ਲੋੜ ਨਹੀਂ ਪੈਂਦੀ।

ਉਨ੍ਹਾਂ ਸਮਿਆਂ ਵਿਚ ਜਦੋਂ ਕੋਈ ਮਹਿਮਾਨ ਆਉਂਦਾ ਸੀ ਤਾਂ ਖਾਸ ਤੌਰ 'ਤੇ ਦਰਵਾਜ਼ਿਆਂ ਦੀਆਂ ਚੂਲ਼ਾਂ ਥਿੰਦੀਆਂ ਕਰਨ ਦਾ ਖਿਆਲ ਕੀਤਾ ਜਾਂਦਾ, ਇਹ ਵੀ ਮਹਿਮਾਨ ਨਿਵਾਜ਼ੀ ਦਾ ਇਕ ਅੰਗ ਸਮਝਿਆ ਜਾਂਦਾ ਸੀ। ਸਮੇਂ ਦੇ ਬਦਲਣ ਨਾਲ ਜ਼ਿੰਦਗੀ ਦੇ ਹੋਰ ਖੇਤਰਾਂ ਵਾਂਗ ਇੱਥੇ ਵੀ ਤਬਦੀਲੀ ਆਉਣੀ ਹੀ ਸੀ। ਲੋਕਾਂ ਨੇ ਵਧੀਆਂ ਪੱਕੇ ਮਕਾਨ ਤੇ ਬਹੁਤ ਵੱਡੀਆਂ ਵੱਡੀਆਂ ਮਹਿਲਾਂ ਵਰਗੀਆਂ ਕੋਠੀਆਂ ਪਾ ਲਈਆਂ, ਵਧੀਆ ਬੂਹੇ-ਬਾਰੀਆਂ ਲਾ ਲਈਆਂ। ਪਹਿਲੇ ਸਮਿਆਂ ਵਾਲੇ ਦਰਵਾਜਿਆਂ ਦੀਆਂ ਚੂਲ਼ਾਂ ਤੇ ਉਨ੍ਹਾਂ ਦਾ ਖੜਾਕ ਲੋਕਾਂ ਦੇ ਚਿੱਤ-ਚੇਤਿਆਂ ਵਿਚ ਵੀ ਨਾ ਰਿਹਾ। ਇਥੇ ਆ ਕੇ ਲੋਕ ਮਾਨਸਿਕਤਾ ਵਿਚ ਟਿਕਿਆ ਕੁੱਝ ਪੁਰਾਣਾ ਟਿਕਿਆ ਹੀ ਰਹਿ ਗਿਆ। ਜੋ ਛੱਡਿਆ ਜਾਣਾ ਚਾਹੀਦਾ ਸੀ ਉਹ ਨਾ ਛੱਡਿਆ ਗਿਆ। ਉਸਨੂੰ ਖਾਹਮਖਾਹ ਹੀ ਵਿਰਸੇ ਦਾ ਨਾਂ ਦੇ ਦਿੱਤਾ ਗਿਆ। ਇੱਥੇ ਹੀ ਲੋਕਾਂ ਨੇ ਕੁੱਝ ਤਬਦੀਲੀ ਕਰ ਲਈ ਜਿਹੜਾ ਤੇਲ ਉਹ ਪਹਿਲੇ ਸਮਿਆਂ ਅੰਦਰ ਕੋਝੇ ਖੜਾਕ ਤੋਂ ਬਚਣ ਵਾਸਤੇ ਚੂਲ਼ਾਂ ਵਿਚ ਪਾਉਂਦੇ ਹੁੰਦੇ ਸਨ ਉਹ ਫੇਰ ਆਏ ਮਹਿਮਾਨ ਸਮੇਂ ਘਰ ਦੇ ਦਰਵਾਜੇ ਦੇ ਦੋਵੇਂ ਪਾਸੇ ਕੰਧਾਂ 'ਤੇ ਡੋਹਲ ਕੇ ਆਏ ਮਹਿਮਾਨ ਦਾ ਸੁਆਗਤ ਕਰਨ ਲੱਗ ਪਏ। ਭਲਾਂ ਇਸ ਵਿਚ ਕਿਹੜੀ ਦਲੀਲ ਹੈ ਜੋ ਇਸ ਨੂੰ ਜਾਇਜ਼ ਠਹਿਰਾ ਸਕੇ? ਉਂਜ ਵੀ ਮੁਹੱਬਤਾਂ ਭਰੇ ਦਿਲਾਂ ਵਾਲੇ ਲੋਕਾਂ ਨੂੰ ਆਏ ਮਹਿਮਾਨਾਂ ਦੇ ਸੁਆਗਤ ਵਜੋਂ ਤੇਲ ਚੋਣ ਦੀ ਕੀ ਲੋੜ? ਇਹ ਪਖੰਡ ਹੈ, ਨਿਰਾ ਦਿਖਾਵਾ, ਇਹ ਤਰਕ ਵਿਹੂਣੀ ਗੱਲ ਹੈ।

ਪਤਾ ਨਹੀਂ ਲੋਕ ਮੱਖੀ ਤੇ ਮੱਖੀ ਮਾਰਨ ਦੇ ਕਿਉਂ ਆਦੀ ਹਨ? ਕਦੋਂ ਹੋਣਗੇ ਸਾਡੇ ਲੋਕ ਸਮੇਂ ਦੇ ਹਾਣੀ, ਕਿ ਉਹ ਜ਼ਿੰਦਗੀ ਨੂੰ ਤਰਕ ਦੇ ਵਿਹੜੇ ਬੈਠ ਝੂਠੇ ਦਿਖਾਵੇ ਅਤੇ ਪਖੰਡ ਤੋਂ ਰਹਿਤ ਪੂਰੇ ਚਾਅ ਨਾਲ ਜੀਅ ਤੇ ਮਾਣ ਸਕਣ।

# ਖ਼੍ਵਾਜੇ ਦਾ ਦਲੀਆ

ਮਤਲਬਪ੍ਰਸਤੀ ਚਲਦੇ ਵਰਤਾਰਿਆਂ 'ਚੋਂ ਇਕ ਹੈ। ਆਮ ਤੌਰ ਤੇ ਇਸ ਨੂੰ ਮਨ ਦਾ ਖੋਟ ਜਾਂ ਮਨ ਦੀ ਮੈਲ਼ ਵੀ ਕਿਹਾ ਜਾ ਸਕਦਾ ਹੈ। ਜੋ ਸਾਡੀ ਜੀਵਨ ਜਾਚ ਅੰਦਰਲੀ ਸਵੱਛਤਾ, ਸਹਿਣਸ਼ੀਲਤਾ, ਨਿਰਮਲਤਾ ਅਤੇ ਸੰਵੇਦਨਸ਼ੀਲਤਾ ਨੂੰ ਤਹਿਸ-ਨਹਿਸ ਕਰਨ, ਸਾਡੇ ਰਿਸ਼ਤੇ-ਨਾਤਿਆਂ ਅੰਗਾਂ-ਸਾਕਾਂ ਤੇ ਸਾਂਝੀਆਂ ਸਮਾਜਕ ਤੰਦਾਂ ਨੂੰ ਕਮਜ਼ੋਰ ਕਰਨ ਅਤੇ ਸਾਡੀ ਜੀਵਨ ਤੋਰ ਨੂੰ ਗੰਧਲ਼ਾ ਕੇ ਭ੍ਰਿਸ਼ਟ ਰਾਹਾਂ ਵਲ ਤੋਰਨ ਦਾ ਕਾਰਨ ਬਣਦੀ ਹੈ।

ਮਤਲਬੀ ਮਨੁੱਖ ਹਮੇਸ਼ਾਂ ਹੀ ਬੌਣੀ ਸੋਚ ਦਾ ਮਾਲਕ ਹੁੰਦਾ ਹੈ ਅਤੇ ਇਹ ਬੌਣੀ ਸੋਚ ਤੱਤ ਸਾਰ ਵਜੋਂ ਸਿਰਫ ਆਪਣਾ ਹੀ ਭਲਾ ਸੋਚਣ ਤੱਕ ਸੀਮਤ ਹੁੰਦੀ ਹੈ। ਕਿਸੇ ਦੂਸਰੇ ਦਾ ਨੁਕਸਾਨ ਵੀ ਹੋ ਜਾਵੇ ਉਸ ਨੂੰ ਤਾਂ ਵੀ ਕੋਈ ਫਰਕ ਨਹੀਂ ਪੈਂਦਾ। ਅੱਜ ਦੇ ਯੁੱਗ/ਦੌਰ 'ਚ ਹਰ ਮਨੁੱਖ ਕਿਸੇ ਨਾ ਕਿਸੇ ਦੌੜ ਵਿਚ ਸ਼ਾਮਲ ਹੈ। ਇਸ ਦੌੜ ਨੂੰ 'ਜਿੱਤਣ' ਖਾਤਰ ਉਹ ਹਰ ਹੀਲੇ ਨੂੰ ਵਰਤ ਲੈਣ ਵਿਚ ਕੋਈ ਹਰਜ਼ ਨਹੀਂ ਸਮਝਦਾ। ਅੱਜ ਦੇ ਯੁੱਗ ਦੀ ਤ੍ਰਾਸਦੀ ਹੀ ਹੈ ਕਿ ਮਿੱਤਰਤਾ ਵੀ ਆਮ ਤੌਰ 'ਤੇ ਵਰਤਣ ਦੀ ਚੀਜ਼ ਹੀ ਸਮਝੀ ਜਾਣ ਲੱਗ ਪਈ ਹੈ। ਇੱਥੋਂ ਹੀ ਸਾਡੀ ਜ਼ਿੰਦਗੀ ਦੀ ਤੋਰ ਨੀਵਾਨਾਂ ਵੱਲ ਤਿਲਕ ਜਾਂਦੀ ਹੈ ਜਿਸ ਦੇ ਸਿੱਟੇ ਵਜੋਂ ਜ਼ਿੰਦਗੀ 'ਚੋਂ ਸੁਹਜ ਕਿਰਨ ਲੱਗ ਪੈਂਦਾ ਹੈ।

ਸਰਕਾਰੇ ਦਰਬਾਰੇ ਜਾਂ ਦਫਤਰੀ ਕਿਸੇ ਵੀ ਅਜਿਹੇ ਥਾਵੇਂ ਬੈਠੇ ਲੋਕ ਇਕ ਦੂਜੇ ਨੂੰ ਪੌੜੀ ਹੀ ਸਮਝਦੇ ਹਨ, ਉੱਪਰ ਜਾਣ ਦੀ ਪੌੜੀ/ਸਾਧਨ। ਲਾਲਚੀ ਕਾਹਲ ਅਜਿਹੇ ਲੋਕਾਂ ਨੂੰ ਮਜਬੂਰ ਕਰੀ ਜਾਂਦੀ ਹੈ, ਉਨ੍ਹਾਂ ਕੋਲ ਤਾਂ ਇਹ ਵੇਖਣ ਦਾ ਵੀ ਸਮਾਂ ਨਹੀਂ ਹੈ ਕਿ ਜਿਸ ਪੌੜੀ ਨਾਲ ਉਹ ਉੱਪਰ ਜਾਣਾ ਚਾਹੁੰਦੇ ਹਨ ਉਸਨੂੰ ਡੰਡੇ ਵੀ ਹਨ ਕਿ ਨਹੀਂ? ਬਸ! ਜਿਸ ਦਾ ਦਾਅ ਲੱਗ ਜਾਵੇ ਉਹ ਹੀ ਆਪਣੇ ਆਪ ਨੂੰ ਕਾਮਯਾਬ ਸਮਝਣ ਲੱਗ ਪੈਂਦਾ ਹੈ। ਉਵੇਂ ਹੀ ਜਿਵੇਂ ਅੰਨ੍ਹੇ ਦੇ ਪੈਰ ਹੇਠ ਅਚਾਨਕ ਬਟੇਰਾ ਆ ਜਾਣ ਕਰਕੇ ਉਹ ਸ਼ਿਕਾਰੀ ਹੋਣ ਦਾ ਭਰਮ ਪਾਲਣ ਲੱਗ ਪੈਂਦਾ ਹੈ। ਆਲੇ-ਦੁਆਲੇ ਵਸਦੇ ਲੋਕ ਉਨ੍ਹਾਂ ਨੂੰ ਕੀੜੀਆਂ-ਕਾੜ੍ਹਿਆਂ ਵਰਗੇ ਹੀ ਨਜ਼ਰ ਆਉਂਦੇ ਹਨ। ਹੋ ਸਕਦਾ ਹੈ ਇਸ 'ਰਸਤੇ' ਤੁਰਨ ਕਰਕੇ ਇਨਸਾਨ ਦੀ 'ਨਜ਼ਰ' ਵੀ ਕਮਜ਼ੋਰ ਹੋ ਜਾਂਦੀ ਹੋਵੇ, ਗੁਆਚੀ ਨਜ਼ਰ ਦਾ ਭਲਾਂ ਕੀ ਇਲਾਜ਼? ਆਪਣੇ ਆਪ 'ਚੋਂ ਕਿਰ ਗਏ ਮਨੁੱਖ ਨੂੰ ਕੋਈ ਕਿੱਥੋਂ ਲੱਭੇ?

'ਮਤਲਬ ਵੇਲੇ ਗਧੇ ਨੂੰ ਪਿਉ ਬਨਾਉਣ' ਵਾਲੀ ਕਹਾਵਤ ਵੀ ਮਤਲਬ ਕੱਢਣ ਜਾਂ ਮੱਲੋ-ਜ਼ੋਰੀ ਆਪਣਾ ਕੋਈ ਕਾਰਜ ਸੂਤ ਕਰਨ/ਕਰਵਾਉਣ ਵਾਲੇ ਇਨ੍ਹਾਂ ਖੋਤੇ ਦੇ ਪੁੱਤਰਾਂ ਕਰਕੇ ਹੀ ਪਈ ਲਗਦੀ ਹੈ। ਇਹਨੂੰ ਮਤਲਬ ਪ੍ਰਸਤਾਂ ਦੇ ਨਿਘਾਰ ਦਾ ਸਿਖਰ ਵੀ



ਕਿਹਾ ਜਾ ਸਕਦਾ ਹੈ। ਨਹੀਂ ਤਾਂ ਕੀ ਕਾਰਨ ਹੈ ਕਿ ਬੰਦਾ ਆਪਣਾ ਚੱਜ-ਆਚਾਰ ਹੀ ਬਦਲਦਾ ਫਿਰੇ? ਮਤਲਬੀ ਮਨੁੱਖ ਵਿਚ ਬਹੁਤ ਸਾਰੇ ਗੁਣ ਵੀ ਹੋ ਸਕਦੇ ਹਨ ਪਰ ਉਸਦੇ ਅਵਗੁਣ, ਉਹਦੇ ਗੁਣਾਂ 'ਤੇ ਭਾਰੂ ਹੋ ਜਾਂਦੇ ਹਨ ਜਿਸ ਨਾਲ ਉਸਦਾ ਚੰਗਾ ਪੱਖ ਦੱਬਿਆਂ ਜਾਂਦਾ ਹੈ ਤੇ ਮਾੜਾ ਉਭਰਦਾ ਹੈ। ਅਜਿਹਾ ਮਨੁੱਖ ਹੀਣ ਭਾਵ ਵਿਚੀਂ ਗੁਜ਼ਰਦਿਆਂ ਵੀ ਆਪਣੇ ਆਪ ਨੂੰ ਕਾਮਯਾਬ ਤੇ ਸਮਾਜ ਦਾ 'ਸਨਮਾਨਯੋਗ' ਵਿਅਕਤੀ ਸਮਝਣ ਲੱਗ ਪੈਂਦਾ ਹੈ। ਇਥੋਂ ਹੀ ਹੋਰ ਰੋਗਾਂ ਦੇ ਨਾਲ ਉਹ ਹਉਮੈਂ ਦੇ ਰੋਗ ਵਿਚ ਵੀ ਗ੍ਰਸਣ ਲਗਦਾ ਹੈ ਜਿਸ ਦੇ ਕਰਕੇ ਉਹ ਟੋਏ-ਟਿੱਬੇ ਦਾ ਫਰਕ ਕਰਨ ਯੋਗ ਨਹੀਂ ਰਹਿੰਦਾ। ਇੱਥੋਂ ਅੱਗੇ ਤਾਂ ਫੇਰ ਭਟਕਣ ਹੀ ਭਟਕਣ ਹੈ।

ਆਪਣੇ ਸਾਕ-ਸਬੰਧੀਆਂ, ਭੈਣਾਂ-ਭਰਾਵਾਂ ਨੂੰ ਵੀ ਮਤਲਬੀ ਲੋਕ ਆਪਣਾ ਮਤਲਬ ਕੱਢਣ ਵਾਸਤੇ ਵਰਤ ਲੈਣ ਵਿਚ ਕੋਈ ਹਰਜ਼ ਨਹੀਂ ਸਮਝਦੇ, ਸ਼ਰਮ-ਹਯਾ ਨੂੰ ਤਾਂ ਨੇੜੇ ਨਹੀਂ ਫਟਕਣ ਦਿੰਦੇ। ਕਿਉਂਕਿ ਉਨ੍ਹਾਂ ਦੀਆਂ ਗਰਜ਼ਾਂ/ਲੋੜਾਂ ਉਨ੍ਹਾਂ ਦੀਆਂ ਅੱਖਾਂ ਅੱਗੇ ਕਾਲੀ ਪੱਟੀ ਬਣਕੇ ਲਟਕ ਜਾਂਦੀਆਂ ਹਨ। ਭਲਾਂ ਆਪ ਸਹੇੜੇ ਹਨੇਰੇ ਵਿਚੋਂ ਮਨੁੱਖ ਕਾਲਖ ਤੋਂ ਬਿਨਾ ਕੀ ਫੜ ਸਕਦਾ ਹੈ? ਕਾਲਖ ਤੇ ਹਨੇਰਾ ਜਦੋਂ 'ਭੈਣ-ਭਰਾ' ਬਣਕੇ ਵਿਚਰਨ ਲਗਦੇ ਹਨ ਤਾਂ ਮਤਲਬੀ ਮਨੁੱਖ ਇਨ੍ਹਾਂ ਨੂੰ ਮੋਢਾ ਦਿੰਦੇ ਹਨ ਜਿਸ ਦੇ ਸਿੱਟੇ ਵਜੋਂ ਸਮਾਜਕ ਪ੍ਰਦੂਸ਼ਣ ਫੈਲਣ ਲਗਦਾ ਹੈ।

ਸਾਡੇ ਜੀਵਨ ਅੰਦਰ ਪਾਣੀ ਦੀ ਬਹੁਤ ਮਹੱਤਤਾ ਹੈ। ਪਹਿਲੇ ਸਮਿਆਂ ਵਿਚ ਪਾਣੀ ਦੀ ਪ੍ਰਾਪਤੀ ਵਾਸਤੇ ਲੋਕਾਂ ਨੇ ਖੂਹ ਪੁੱਟਣੇ ਸ਼ੁਰੂ ਕੀਤੇ ਤਾਂ ਖੁਆਜਾ 'ਪੀਰ' ਨੂੰ ਖੁਸ਼ ਕਰਨ ਵਾਸਤੇ ਦਲੀਆ ਹੀ ਪ੍ਰਸ਼ਾਦ ਵਜੋਂ ਵਰਤਾਇਆ ਜਾਂਦਾ ਸੀ (ਪਹਿਲੇ ਸਮਿਆਂ ਵਿਚ ਚਰਸ ਜਾਂ ਚੜਸ ਤੇ ਫੇਰ ਹਲਟ ਹੀ ਸਿੰਚਾਈ ਦੇ ਮੁੱਖ ਸਾਧਨ ਸਨ) ਦਲੀਆ ਜੋ ਕਣਕ ਨੂੰ ਫਾਕੜਾਂ ਵਿਚ ਦਲ ਕੇ ਬਣਾਇਆ ਅਤੇ ਪਾਣੀ ਤੇ ਦੁੱਧ ਵਿਚ ਰਿਨ੍ਹਿਆਂ ਜਾਂਦਾ ਸੀ। ਪਾਣੀ ਅਤੇ ਕਣਕ (ਫਸਲ) ਦਾ ਮੇਲ ਵੀ ਦਰਸਾਇਆ ਜਾਂਦਾ ਸੀ। ਉਦੋਂ ਸਾਧਨ ਵੀ ਇੱਥੋਂ ਕੁ ਤੱਕ ਹੀ ਸੀਮਤ ਸਨ। ਲੋਕ ਜੋ ਵਿਗਿਆਨ ਦੇ ਪੱਖੋਂ ਬਹੁਤੇ ਵਿਕਸਤ ਨਹੀਂ ਸਨ ਖੁਆਜੇ ਨੂੰ 'ਪੀਰ' ਦਾ ਦਰਜਾ ਦੇ ਕੇ ਉਸਤੋਂ ਕਾਰਜ ਦੇ ਸੁੱਖੀਂ-ਸਾਂਦੀ ਸਿਰੇ ਚੜ੍ਹ ਜਾਣ ਦੀ 'ਖੈਰ' ਮੰਗਦੇ ਸਨ। ਖੂਹ ਜਾਂ ਹਲਟ 'ਤੇ ਖੁਆਜੇ ਨੂੰ ਮਨਾਉਣ ਖਾਤਰ ਵੀ ਦਲੀਆਂ ਹੀ ਚਾੜ੍ਹਿਆ ਜਾਂਦਾ ਸੀ। ਕਿਸੇ ਤਰ੍ਹਾਂ ਦੀ ਭੀੜ ਪਈ ਤੋਂ ਆਪਣਾ ਮਤਲਬ ਕੱਢਣ ਖਾਤਰ ਲੋਕ ਦਲੀਏ ਦੀ ਸੁੱਖ ਸੁੱਖਦੇ ਸਨ।

ਮਤਲਬੀ ਲੋਕਾਂ ਕਰਕੇ ਹੀ 'ਗਉਂ ਨਿਕਲਿਆ, ਖੁਆਜਾ ਵਿਸਰਿਆ' ਵਾਲੀ ਕਹਾਵਤ ਪ੍ਰਚਲਿਤ ਹੋਈ ਲਗਦੀ ਹੈ। ਇਸ ਸੰਦਰਭ ਵਿਚ ਇਕ ਲੋਕ ਕਥਾ ਪੇਸ਼ ਕਰਨੀ ਕੁਥਾਵੀਂ ਨਹੀਂ ਹੋਵੇਗੀ। ਕੋਈ ਵਿਅਕਤੀ ਕਿਸੇ ਕੰਮ-ਕਾਰ ਖਾਤਰ ਘਰੋਂ ਨਿਕਲਿਆ। ਜਿੱਥੇ ਉਸਨੇ ਪਹੁੰਚਣਾਂ ਸੀ ਉੱਥੋਂ ਤੱਕ ਪਹੁੰਚਣ ਲਈ ਦਰਿਆ ਲੰਘਣਾ ਪੈਂਦਾ ਸੀ। ਉਹ ਵਿਅਕਤੀ ਦਰਿਆ ਦੀ ਡੂੰਘਾਈ ਤੋਂ ਵਾਕਿਫ ਨਹੀਂ ਸੀ। ਕੰਢੇ ਨੇੜੇ ਕਿਸੇ ਦੂਸਰੇ ਵਿਅਕਤੀ ਨੇ ਕਿਹਾ ਕਿ ਦਰਿਆ ਵਿਚ ਬਹੁਤਾ ਪਾਣੀ ਨਹੀਂ ਤੂੰ ਸੌਖਿਆਂ ਹੀ ਪਾਰ ਕਰ

ਜਾਵੇਂਗਾ। ਉਸ ਵਿਅਕਤੀ ਨੇ ਕਛੈਹਰਾ ਤੇੜ ਰੱਖਕੇ ਬਾਕੀ ਕੱਪੜਿਆਂ ਦੀ ਗਠੜੀ ਬੰਨ੍ਹ ਕੇ ਸਿਰ 'ਤੇ ਰੱਖ ਲਈ, ਅਤੇ ਦਰਿਆ ਪਾਰ ਕਰਨ ਵਾਸਤੇ ਪੈਰ ਪੁੱਟੇ। ਕੁੱਝ ਗਜਾਂ ਦੀ ਦੂਰੀ 'ਤੇ ਪਾਣੀ ਗਿੱਟੇ ਤੋਂ ਗੋਡੇ ਤੱਕ ਆਉਣ ਲੱਗਾ। ਉਸ ਦੇ ਦਿਲ ਦੀ ਧੜਕਣ ਵੀ ਤੇਜ ਹੋਣ ਲੱਗੀ ਅਤੇ ਉਹ ਆਪਣਾ ਗੁਰ ਵਰਤਣ ਲੱਗਾ ਤੇ ਕਿਹਾ, ਹੇ ਖੁਆਜਾ ਪੀਰ ਮੈਨੂੰ ਪਾਰ ਲੰਘਾਅ ਤੇਰੇ ਦਰ ਸਵਾ ਸੇਰ ਦਲੀਆਂ ਚੜ੍ਹਾਊਂ। ਅੱਗੇ ਵਧਦਿਆਂ ਪਾਣੀ ਦੀ ਡੂੰਘਾਈ ਵਧਦੀ ਗਈ ਅਤੇ ਉਹ ਦਲੀਆ ਵਧਾਉਂਦਾ ਗਿਆ। ਜਦ ਪਾਣੀ ਛਾਤੀ ਤੋਂ ਉੱਪਰ ਗਲ ਨੇੜੇ ਪਹੁੰਚ ਗਿਆ ਉਹ ਵਿਅਕਤੀ ਬਹੁਤ ਘਬਰਾਇਆ ਤੇ ਕਹਿਣ ਲੱਗਾ 'ਖੁਆਜਾ ਪੀਰ ਮੈਂ ਤੇਰੇ ਸਵਾ ਪੰਜ ਮਣ ਦਲੀਆ ਚੜ੍ਹਾਊਂ ਮੇਰੀ ਜਾਨ ਬਖਸ਼' ਅੱਗੇ ਤੁਰਿਆ ਤਾਂ ਪਾਣੀ ਦੀ ਡੂੰਘਾਈ ਘਟਦੀ ਗਈ ਕੰਢਾ ਜੋ ਨੇੜੇ ਆ ਰਿਹਾ ਸੀ। ਜਿਵੇਂ ਜਿਵੇਂ ਪਾਣੀ ਘਟਦਾ ਗਿਆ ਉਹ ਦਲੀਆ ਘਟਾਉਂਦਾ ਗਿਆ। ਜਦੋਂ ਕੰਢੇ ਦੇ ਬਿਲਕੁੱਲ ਨੇੜੇ ਪਹੁੰਚ ਗਿਆ ਤਾਂ ਆਖਣ ਲੱਗਾ 'ਦਲੀਆ ਤਾਂ ਮੈਂ ਸਵਾ ਸੇਰ ਹੀ ਚੜ੍ਹਾਊਂ', ਹੁਣ ਕਿਹੜਾ ਜਾਨ ਦਾ ਖਤਰਾ ਸੀ। ਦਰਿਆ ਪਾਰ ਕਰਕੇ ਕੰਢੇ 'ਤੇ ਪਹੁੰਚਿਆ। ਸਿਰ ਤੋਂ ਗਠੜੀ ਲਾਹ ਕੇ ਕੱਪੜੇ ਪਾਏ, ਪੈਰੀਂ ਜੁੱਤੀ ਪਾਈ ਤੁਰਨ ਲੱਗੇ ਨੇ ਪਿਛਾਂਹ ਮੁੜਕੇ ਦੇਖਿਆ ਤੇ ਕਹਿਣ ਲੱਗਾ, 'ਲੈ ਬਈ ਖੁਆਜਾ ਪੀਰ 'ਗਾਂਹ ਨਾ ਤੇਰੇ ਆਈਏ ਜਾਈਏ, ਨਾ ਤੇਰਾ ਦਲੀਆ ਚੜ੍ਹਾਈਏ'। ਇਹ ਉਹਦੀ ਚਤੁਰਾਈ ਹੀ ਸੀ ਕਿ ਦਰਿਆ ਵੀ ਪਾਰ ਕਰ ਗਿਆ ਤੇ ਦਲੀਏ ਤੋਂ ਵੀ ਸਾਫ ਜਵਾਬ ਦੇ ਗਿਆ। ਸਭ ਵਾਅਦੇ ਸਿਰਫ ਮਤਲਬ ਕੱਢਣ ਵਾਸਤੇ ਹੀ ਸਨ।

ਅੱਜ ਦਾ ਯੁੱਗ ਉਸ ਜੁਗਤੀ ਵਿਅਕਤੀ ਵਰਗਾ ਹੀ ਹੈ। ਲੋਕ ਆਪਣਾ ਕਾਰਜ ਸੂਤ ਕਰਨ ਵਾਸਤੇ ਦੂਜਿਆਂ ਨੂੰ ਲਾਰੇ ਲਾਉਂਦੇ ਤੇ ਭਰਮਾਉਂਦੇ ਹਨ, ਪਰ ਮੁੱਕਰਨ ਲੱਗਿਆਂ ਮਿੰਟ ਵੀ ਨਹੀਂ ਲਾਉਂਦੇ। ਹਰ ਵਿਅਕਤੀ ਨੂੰ ਦੂਸਰੇ ਤੱਕ ਲੋੜ ਪੈਂਦੀ ਹੈ। ਮਨੁੱਖ ਹੀ ਮਨੁੱਖ ਦਾ ਦਾਰੂ ਹੈ। ਇਕ ਦੂਸਰੇ ਦੇ ਕੰਮ ਆਉਣ ਦੀ ਭਾਵਨਾ ਹੀ ਮਨੁੱਖ ਨੂੰ ਸੂਝਵਾਨ, ਸਿਆਣਾ, ਸੰਵੇਦਨਸ਼ੀਲ ਅਤੇ ਦੁਨੀਆਂ ਨੂੰ ਪਿਆਰ ਭਰਪੂਰ ਅਤੇ ਖੂਬਸੂਰਤ ਬਨਾਉਣ ਵਿਚ ਸਹਾਈ ਹੁੰਦੀ ਹੈ। ਨਿਰੇ ਮਤਲਬੀ ਮਨੁੱਖ ਇਸ ਜਗਤ 'ਤੇ ਵਧਦੇ ਮਨੁੱਖੀ ਪ੍ਰਦੂਸ਼ਣ ਦੇ ਤੁਰੇ ਫਿਰਦੇ ਕਾਰਤੂਸ ਹਨ। ਇਹ ਤੁਰੇ-ਫਿਰਦੇ ਵੀ ਸੜਿਹਾਂਦ ਹੀ ਪੈਦਾ ਕਰਦੇ ਹਨ। ਇਸ ਤੋਂ ਹਰ ਕਿਸੇ ਲਈ ਬਚਣਾ ਬਹੁਤ ਜਰੂਰੀ ਹੈ ਤਾਂ ਕਿ ਜ਼ਿੰਦਗੀ ਵਿਚੋਂ ਸੁਹਜ ਕਿਰਨੋਂ ਬਚ ਜਾਵੇ ਤੇ ਜਿੰਦਗੀ ਮੇਲੇ ਵਰਗੀ ਲੱਗੇ। ਇਸ ਤਰਾਂ ਹੀ ਮਨੁੱਖ ਅਨੰਦ ਭਰਪੂਰ ਜ਼ਿੰਦਗੀ ਜੀਊ ਸਕਦਾ ਹੈ।



# ਫਾੜੀ ਤੇ ਖਰਬੂਜ਼ਾ

ਜ਼ਿੰਦਗੀ ਕਦੇ ਵੀ ਇੱਕੋ ਤੋਰੇ ਨਹੀਂ ਤੁਰਦੀ। ਕਦੇ ਇਹਦੇ ਵਿਚ ਤਿੱਖਾਪਨ ਆਉਂਦਾ ਹੈ ਕਦੇ ਤੋਰ ਹੌਲ਼ੀ ਹੋ ਜਾਂਦੀ ਹੈ, ਕਦੇ ਉਦਾਸੀ ਦਾ ਆਲਮ ਹੁੰਦਾ ਹੈ, ਕਦੇ ਹਾਸੇ ਗੂੰਜਦੇ ਹਨ। ਕਦੇ ਖਾਲੀ ਵਿਹੜੇ ਭਰੇ ਹੋਣ ਦਾ ਅਹਿਸਾਸ ਹੁੰਦਾ ਹੈ, ਕਦੇ ਭਰੇ-ਭਕੁੰਨੇ ਵਿਹੜੇ ਖਾਲੀ ਖਾਲੀ ਜਾਪਦੇ ਹਨ। ਇਹ ਤੁਰਦੇ ਵਕਤ ਦੀ ਹੀ ਤਾਂ ਨਿਸ਼ਾਨੀ ਹੈ, ਜਿਸ ਦਾ ਮਨੁੱਖੀ ਜ਼ਿੰਦਗੀ ਅਤੇ ਸੁਭਾਅ ਉੱਤੇ ਅਸਰ ਹੋਣਾ ਲਾਜ਼ਮੀ ਹੁੰਦਾ ਹੈ। ਇਸ ਨਾਲ ਹੀ ਸਮੁੱਚੇ ਸਮਾਜ ਅੰਦਰ ਤਬਦੀਲੀਆਂ ਵਲ ਕਦਮ ਤੁਰਦੇ ਹਨ, ਪਰ ਚਾਹੁਣ ਦੇ ਬਾਵਜੂਦ ਇਨ੍ਹਾਂ ਨੂੰ ਸਦਾ ਹੀ ਹਾਂਅ ਪੱਖ ਵਲ ਨਹੀਂ ਤੋਰਿਆ ਜਾ ਸਕਦਾ, ਇਹਦੇ ਵਾਸਤੇ ਗੰਭੀਰਤਾ ਲੋੜੀਦੀ ਹੈ। ਗਤੀਸ਼ੀਲਤਾ ਅੰਦਰਲੀ ਕਾਹਲ਼ ਜਾਂ ਗੰਭੀਰਤਾ ਦੀ ਘਾਟ ਕਰਕੇ ਗਲਤੀਆਂ ਹੋ ਜਾਣ ਦੀ ਸੁਭਾਵਕਤਾ ਬਣੀ ਰਹਿੰਦੀ ਹੈ। ਪਰ, ਗਲਤੀਆਂ ਤੋਂ ਸਿੱਖ ਕੇ ਅੱਗੇ ਤੁਰਨਾ ਤਾਂ ਕਿ ਦੁਬਾਰਾ ਉਹ ਗਲਤੀਆਂ ਫੇਰ ਨਾ ਦੁਹਰਾਈਆਂ ਜਾਣ ਸਿਆਣੇ ਜਤਨ ਆਖੇ ਜਾ ਸਕਦੇ ਹਨ।

ਧਰਤੀ ਉੱਤੇ ਵਸਦੇ ਲੋਕ ਇੱਕੋ ਧਰਤੀ ਦੇ ਵਾਸੀ ਹੋਣ ਦੇ ਬਾਵਜੂਦ ਵੰਡੀਆਂ ਦੇ ਸ਼ਿਕਾਰ ਹਨ। ਇੱਕੋ ਰੱਬ ਨੂੰ ਮੰਨਣ ਵਾਲੇ ਦੂਜੇ ਦੇ ਰੱਬ ਨੂੰ ਗਾਲ੍ਹਾਂ ਕੱਢਦੇ ਤੇ ਅਪਮਾਨਤ ਕਰਦੇ ਹਨ ਜਦੋਂ ਕਿ ਸਾਰੇ ਹੀ ਧਰਮਾਂ ਨੂੰ ਮੰਨਣ ਵਾਲਿਆਂ ਦੀ ਇਕ ਗੱਲ ਉੱਤੇ ਸਹਿਮਤੀ ਹੈ ਕਿ ਪ੍ਰਮਾਤਮਾ ਇਕ ਹੈ। ਭਲਾਂ ਫੇਰ ਤੇਰ-ਮੇਰ ਦੀਆਂ ਵੰਡੀਆਂ ਪਾਉਣ ਵਾਲੇ ਕਿੱਥੋਂ ਜੰਮ ਪੈਂਦੇ ਹਨ ਅਤੇ ਇਹ ਵੱਖੋ-ਵੱਖ ਪ੍ਰਮਾਤਮਾ ਕਿੱਥੋਂ ਆ ਗਏ, ਜਾਂ ਲੈ ਆਉਂਦੇ ਹਨ? ਸਮੁੱਚੇ ਨੂੰ ਫਾੜੀਆਂ ਦੱਸਣ/ਕਰਨ ਦਾ ਕੀ ਕਾਰਨ ਹੋਇਆ? ਇਹ ਬਹੁਤ ਸਾਰਿਆਂ ਦੀ ਸਮਝ ਤੋਂ ਬਾਹਰੀ ਗੱਲ ਹੈ।

ਜਦੋਂ ਧਰਤੀ ਇਕ ਹੈ ਤਾਂ ਬਾਰਡਰ/ਸਰਹੱਦਾਂ ਕਿਉਂ? ਮਨੁੱਖ ਇਸ ਧਰਤੀ ਦਾ ਵਾਸੀ ਹੈ। ਪਰ ਉਹਦੇ ਤੁਰਨ-ਫਿਰਨ ਵਾਸਤੇ ਇਕ ਜਗ੍ਹਾ ਨਿਸਚਤ ਕਰ ਦਿੱਤੀ ਜਾਂਦੀ ਹੈ। ਉਸ ਥਾਂ ਨੂੰ ਉਸਦਾ ਦੇਸ਼ ਕਿਹਾ ਜਾਂਦਾ ਹੈ। ਆਪਣੇ ਮੁਲਕ ਦੇ ਮਿੱਥੇ ਗਏ ਬਸੀਵੇਂ (ਸਰਹੱਦ) ਤੋਂ ਬਾਹਰ ਜਾਣ ਸਮੇਂ ਵੀ ਉਹ ਧਰਤੀ ਦਾ ਨਹੀਂ ਸਗੋਂ ਇਕ ਮੁਲਕ ਦਾ ਹੀ ਵਾਸੀ ਹੁੰਦਾ ਹੈ। ਭਾਵ ਉਹ ਉੱਥੇ ਵੀ ਸਮੁੱਚਤਾ ਨਾਲੋਂ ਕੱਟੀ ਹੋਈ ਇਕ ਫਾੜੀ ਵਿਚ ਫਸਿਆ ਹੋਇਆ ਬੀਜ ਬਣ ਕੇ ਰਹਿ ਜਾਂਦਾ ਹੈ, ਜਦੋਂ ਕਿ ਬੀਜ ਦੇ ਮਹੱਤਵ ਬਾਰੇ ਹਰ ਕੋਈ ਜਾਣਦਾ ਹੈ।

ਮਨੁੱਖੀ ਅਸੂਲਾਂ ਵਿਚ ਪ੍ਰੇਮ, ਸਾਂਝ ਤੇ ਭਾਈਚਾਰਕ ਹਮਦਰਦੀ ਕਿਸੇ ਵੀ ਦੇਸ਼, ਕੌਮ ਤੇ ਧਰਮ ਦੀ ਮਲਕੀਅਤ ਨਹੀਂ ਹੋ ਸਕਦੀ। ਇਹ ਹੱਦਾਂ ਸਰਹੱਦਾਂ ਤੋਂ ਪਾਰ ਇਨਸਾਨੀ ਅਸੂਲ ਹਨ। ਪਰ ਇੱਥੇ ਵੀ ਅਜੀਬ ਕਿਸਮ ਦੀ ਘਪਲ਼ੇਬਾਜੀ ਦੇਖਣ ਨੂੰ ਮਿਲਦੀ ਹੈ। ਧਾਰਮਕ ਪੱਧਰ 'ਤੇ ਬਹੁਤ ਸਾਰਿਆਂ ਵਾਸਤੇ ਆਪਣੇ ਧਰਮ ਨੂੰ ਮੰਨਣ ਵਾਲੇ ਹੀ ਨੇੜੇ ਗਿਣੇ ਜਾਂਦੇ ਹਨ। ਕਈਆਂ ਵਾਸਤੇ ਤਾਂ ਹੋਰ ਤਰ੍ਹਾਂ ਦੀ ਆਸਥਾ ਰੱਖਣ ਵਾਲੇ ਕਾਫ਼ਿਰ ਗਿਣੇ ਜਾਂਦੇ ਹਨ। ਇਹ ਕਿਹੋ ਜਹੀ ਇਨਸਾਫ ਪਸੰਦੀ ਹੋਈ? ਬੌਣੀ ਮਾਨਸਿਕਤਾ 'ਤੇ ਅਸਵਾਰ ਕੌਣ ਤੇ ਕਿਹੋ ਜਹੇ ਹੋਏ ਇਹ 'ਧਰਮ' ਦੀ ਵਿਆਖਿਆ ਦੇਣ ਵਾਲੇ ਜਿੱਥੇ ਇਨਸਾਨ ਤੇ ਇਨਸਾਨੀਅਤ ਨੂੰ ਹੀ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਹੋਵੇ। ਕੀ ਇਹੋ ਜਹੇ ਵਿਚਾਰਾਂ ਨਾਲ ਕਿਸੇ ਤਰ੍ਹਾਂ ਅਕਲ ਦਾ ਵਾਸਤਾ ਵੀ ਹੋ ਸਕਦਾ ਹੈ? ਲਗਦਾ ਤਾਂ ਨਹੀਂ।

ਸਿਆਸਤ ਵੱਖੋ-ਵੱਖ ਦੇਸ਼ਾਂ 'ਤੇ ਰਾਜ ਕਰਨ ਵਾਲਿਆਂ ਦਾ ਹਥਿਆਰ ਹੈ। ਕਿਧਰੇ ਇਹ ਲੋਕਾਂ ਦੀ ਮਰਜ਼ੀ ਨਾਲ ਜਮਹੂਰੀਅਤ/ਲੋਕ ਰਾਜ ਦੇ ਨਾਂ ਹੇਠ ਚਲਦੀ ਹੈ। ਕਿਧਰੇ ਕੋਈ ਇਕੱਲਾ ਹੀ ਕਿਸੇ ਜੁੰਡਲੀ ਦੇ ਆਸਰੇ ਧੱਕੇ, ਧੌਂਸ ਅਤੇ ਜਬਰ ਨਾਲ ਤਾਨਾਸ਼ਾਹ ਬਣਕੇ ਮੁਲਕ ਦੇ ਲੋਕਾਂ ਨੂੰ ਭੇਡਾਂ/ਬੱਕਰੀਆਂ ਸਮਝ ਕੇ ਹੱਕੀ ਜਾ ਰਿਹਾ ਹੈ। ਇਹੋ ਜਹੀ ਸਥਿਤੀ ਵਿਚ ਬਹੁਤ ਸਾਰੀਆਂ ਹੋਰ ਸਿਆਣੀਆਂ 'ਭੇਡਾਂ' ਜਿੰਦ ਸੌਖੀ ਰੱਖਣ ਖਾਤਰ ਉਸ ਤਾਨਾਸ਼ਾਹ ਹਾਕਮ ਦੀ ਜ਼ਿੰਦਾਬਾਦ ਦੇ ਨਾਅਰੇ ਵੀ ਲਾ ਦਿੰਦੀਆਂ ਹਨ।

ਸਿਆਸਤ ਪ੍ਰੇਮ ਘੱਟ ਪਰ ਨਫਰਤ ਬਹੁਤੀ ਪੈਦਾ ਕਰਦੀ ਹੈ, ਜਿਸ ਦੇ ਆਸਰੇ ਹਾਕਮ ਸ਼ਾਇਦ ਸੌਖੇ ਰਹਿੰਦੇ ਹਨ ਪਰ ਲੋਕ ਬਹੁਤ ਔਖੇ। ਲੋਕਾਂ ਅੰਦਰ ਝੂਠੀ ਕੌਮ ਪ੍ਰਸਤੀ ਵਾਲੇ 'ਜਜ਼ਬੇ' ਦੇ ਨਾਂ ਹੇਠ ਧਰਤੀ ਦੇ ਕਿਸੇ ਹੋਰ ਹਿੱਸੇ (ਬਹੁਤ ਵਾਰ ਗੁਆਂਢੀ ਦੇਸ਼) ਵਿਚ ਰਹਿੰਦੇ ਮਨੁੱਖਾਂ ਪ੍ਰਤੀ ਨਫਰਤ ਦੀ ਅੱਗ ਭੜਕਾਈ ਜਾਂਦੀ ਹੈ। ਸਿਆਸਤਦਾਨ ਮੌਕੇ ਮੁਤਾਬਕ ਬਦਲੇ ਹੋਏ ਹਾਲਤ ਦਾ ਬਹਾਨਾ ਬਣਾ ਕੇ ਆਪਣੇ ਵਿਰੋਧੀਆਂ ਨੂੰ ਵੀ ਗਲਵਕੜੀਆਂ ਪਾ ਲੈਂਦੇ ਹਨ ਪਰ ਆਮ ਲੋਕ ਲੰਮੇ ਸਮੇਂ ਤੱਕ ਨਫ਼ਰਤ ਦੀ ਵਾਹੀ ਹੋਈ ਲਕੀਰ ਦੇ ਦੁਆਲੇ ਘੁੰਮਣ ਲਈ ਮਜਬੂਰ ਹੋਏ ਰਹਿੰਦੇ ਹਨ।

ਸਮੁੱਚਤਾ ਬਹੁਤੇ ਥਾਵੀਂ ਟੋਟਿਆਂ ਵਿਚ ਵੰਡੀ ਨਜ਼ਰ ਆਉਂਦੀ ਹੈ। ਜੇ ਗੱਲ ਸਿਆਸੀ ਪਾਰਟੀਆਂ ਦੀ ਕਰਨੀ ਹੋਵੇ ਤਾਂ ਇੱਥੇ ਤਾਂ ਆਵਾ ਹੀ ਊਤਿਆ ਹੋਇਆ ਹੈ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਖੱਬੀਆਂ ਪਾਰਟੀਆਂ ਵਾਲੇ ਬਾਕੀਆਂ ਤੋਂ ਸਿਆਣੇ/ ਸੂਝਵਾਨ ਅਤੇ ਇਮਾਨਦਾਰ ਹੁੰਦੇ ਹਨ, ਇਹ ਸੱਚ ਵੀ ਹੁਣ ਸਦੀਵੀ ਨਹੀਂ ਰਹਿ ਗਿਆ। ਸਮੇਂ ਦੇ ਅੱਗੇ ਤੁਰਨ ਨਾਲ ਇੱਥੇ ਵੀ ਬਹੁਤ ਕੁੱਝ ਬਦਲ ਗਿਆ ਹੈ। ਹਾਂਅ ਪੱਖੀ ਘੱਟ ਪਰ ਨਾਂਹ ਪੱਖੀ ਬਹੁਤਾ। ਜਿਹੜੇ ਆਪਣੇ ਆਪ ਨੂੰ ਕੌਮਾਂਤਰੀ ਪੱਧਰ ਦੇ ਆਖਦੇ ਹਨ ਉਨ੍ਹਾਂ ਦਾ ਇਹ ਵਰਤਾਰਾ ਵੀ 'ਗਲੋਬਲੀ' ਹੋ ਕੇ ਹੀ ਵਿਚਰਿਆ। ਇਸੇ ਵਰਤਾਰੇ ਅਧੀਨ ਦੁਨੀਆਂ ਅੰਦਰ ਇਨ੍ਹਾਂ ਸੂਝਵਾਨਾਂ ਨੇ ਆਪਣੇ ਹੀ ਵਿਸ਼ਵਾਸ ਨੂੰ ਫਾੜੀਆਂ ਕਰਕੇ ਆਪੋ



ਆਪਣੀ ਫਾੜੀ ਨੂੰ ਕੌਮਾਂਤਰੀ ਦਾ ਨਾਂ ਦੇ ਦਿੱਤਾ। ਦੁਨੀਆਂ ਦੇ ਕਰੋੜਾਂ ਲੋਕਾਂ ਨੂੰ ਇਸ ਵਰਤਾਰੇ ਨੇ ਬਹੁਤ ਹੀ ਉਦਾਸ ਕੀਤਾ।

ਹਰ ਸਿਆਸੀ ਪਾਰਟੀ ਦਾ ਅਜਿਹਾ ਹੀ ਹਾਲ ਹੈ। ਭਾਰਤ ਅੰਦਰ ਕਾਂਗਰਸ ਪਾਰਟੀ ਖੱਖੜੀਆਂ ਹੋਈ ਫਿਰਦੀ ਹੈ, ਹੋਰ ਸਰਮਾਏਦਾਰ ਪਾਰਟੀਆਂ ਦਾ ਵੀ ਇਹੋ ਹਾਲ ਹੈ। ਅਕਾਲੀ ਸੱਜਣ ਤਾਂ ਘਰੇ ਹੀ ਅਕਾਲੀ ਦਲ ਸਾਜ ਲੈਂਦੇ ਹਨ ਪਰ ਨਾਲ 'ਸ਼੍ਰੋਮਣੀ' ਲਿਖਣਾ ਨਹੀਂ ਭੁੱਲਦੇ। ਉਂਜ ਜੇ ਇਨ੍ਹਾਂ 'ਸ਼੍ਰੋਮਣੀ ਅਕਾਲੀ ਦਲਾਂ' ਦੀ ਗਿਣਤੀ ਕਰਨੀ ਹੋਵੇ ਤਾਂ ਗੁਰਮੁਖੀ ਅੱਖਰਾਂ ਦੀ ਪੈਂਤੀ ਨੂੰ ਵੀ ਪਿੱਛੇ ਛੱਡ ਗਈ ਹੈ। ਪਰ ਉਹ ਫੇਰ ਵੀ ਫਾੜੀ ਨੂੰ ਖਰਬੂਜਾ ਆਖੀ ਜਾ ਰਹੇ ਹਨ- ਵਾਹਿਗੁਰੂ ਸੁਮੱਤ ਬਖਸ਼ੇ।

ਕਮਿਊਨਿਸਟ ਪਾਰਟੀਆਂ ਦੀ ਗੱਲ ਕਰਦਿਆਂ ਹੋਰ ਵੀ ਨਿਰਾਸ਼ਾ ਹੁੰਦੀ ਹੈ। ਸਮਝਿਆ ਜਾਂਦਾ ਹੈ ਕਿ ਇਨ੍ਹਾਂ ਪਾਰਟੀਆਂ ਅੰਦਰ ਆਪਣੇ ਵਿਚਾਰ ਪ੍ਰਗਟ ਕਰਨ ਦੀ ਪੂਰੀ ਖੁੱਲ੍ਹ ਹੈ। ਇੱਥੇ ਜਮਹੂਰੀ ਕੇਂਦਰਵਾਦ ਦਾ ਪਾਲਣ ਤੇ ਸਤਿਕਾਰ ਕੀਤਾ ਜਾਂਦਾ ਹੈ ਅਤੇ ਜਮਹੂਰੀ ਕੇਂਦਰਵਾਦ ਦੀ ਅੱਖ ਦੀ ਪੁਤਲੀ ਨਾਲ ਤੁਲਨਾ ਕਰਦਿਆਂ ਇਸ ਦੀ ਰਾਖੀ ਦਾ ਸੱਦਾ ਦਿੱਤਾ ਜਾਂਦਾ ਹੈ। ਪਰ ਕੀ ਇਹ ਅਸਲ ਵਿਚ ਸਚਾਈ ਹੈ। ਕੀ ਪਾਰਟੀ ਅੰਦਰਲੀ ਘੱਟ ਗਿਣਤੀ ਨੇ ਸਦਾ ਹੀ ਆਪਣੇ ਅਸੂਲਾਂ ਦੇ ਸੱਚ ਨੂੰ ਦਲੀਲ ਦੇ ਅਧਾਰ 'ਤੇ ਕਬੂਲ ਕੀਤਾ? ਕੀ ਉਨ੍ਹਾਂ ਨੇ ਆਪਣੇ ਹੀ ਜਮਹੂਰੀ ਕੇਂਦਰਵਾਦ ਵਾਲੇ ਅਸੂਲ ਦੀ ਅੱਖ ਦੀ ਪੁਤਲੀ ਵਾਂਗ ਰਾਖੀ ਕੀਤੀ? ਅਫਸੋਸ ਕਿ ਅਮਲ ਇਸ ਦੇ ਉਲਟ ਹੋਇਆ। ਹਉਮੈ ਦੇ ਡੰਗੇ ਤੇ ਕੁਰਸੀਆਂ ਦੇ ਭੁੱਖਿਆ ਨੇ ਕੌਮਾਂਤਰੀ ਹਾਲਤਾਂ ਦਾ ਬਹਾਨਾ ਬਣਾ ਕੇ ਹਰ ਥਾਵੇਂ ਹੀ ਆਪਣੀ ਵੱਖਰੀ 'ਮਸੀਤ' ਛੱਤ ਲਈ। ਵੱਡੇ ਲੀਡਰ ਬਣਨ ਦੀ ਲਾਲਸਾ, ਨਾਂਅ ਦੇ ਚਮਕਾਰੇ ਦਾ ਲੋਭ ਉਨ੍ਹਾਂ ਨੂੰ ਗੈਰ-ਇਖਲਾਕੀ ਦੇ ਵਿਹੜੇ ਲੈ ਵੜਿਆ। ਵੱਡੇ ਲੀਡਰ ਤਾਂ ਉਨ੍ਹਾਂ 'ਚੋਂ ਸ਼ਾਇਦ ਕਈ ਬਣ ਵੀ ਗਏ ਹੋਣ ਪਰ ਕੀ ਉਹ ਵੱਡੇ ਮਨੁੱਖ ਵੀ ਬਣ ਸਕੇ? ਜੇ ਵੱਡੇ ਲੀਡਰ ਬਣਕੇ ਵੀ ਸੱਤਾ ਦਾ ਅਰਦਲੀਪੁਣਾ ਹੀ ਕਰਨਾ ਪਵੇ ਤਾਂ ਕਾਹਦੀ ਵਡਿਆਈ? ਧੜੇਬੰਦੀਆਂ ਨੂੰ ਉਤਸ਼ਾਹਿਤ ਕਰਨਾ, ਦੇਸਾਂ-ਪ੍ਰਦੇਸਾਂ ਅੰਦਰ ਏਕਤਾ ਵਿਚ ਬੱਝੇ ਆਪਣੇ ਹੀ ਅਸੂਲਾਂ ਵਾਲੇ ਹਮਦਰਦਾਂ ਵਿਚ ਵੰਡੀਆਂ ਪਾਉਣ ਦਾ ਕਾਰਜ ਕਰਨਾ, ਤਾਂ ਲਾਹਨਤ ਅਜਿਹੀ ਸਿਆਸਤ ਅਤੇ ਲੀਡਰਪੁਣੇ ਉੱਤੇ। ਇਹੋ ਜਹੇ ਪਾਰਟੀਆਂ ਤੋਂ ਟੁੱਟ ਗਏ ਲੋਕਾਂ ਨੂੰ ਉਨ੍ਹਾਂ ਦੇ ਆਪਣਿਆਂ ਨੇ ਹੀ ਵੱਖ ਵਾਦੀ ਅਤੇ ਦੁਫੇੜਬਾਜ਼ ਆਖ ਕੇ ਭੰਡਿਆ ਤੇ ਭੰਡੀ ਜਾ ਰਹੇ ਹਨ।

ਮਾਰਕਸ-ਲੈਨਿਨ ਦੀ ਵਿਚਾਰਧਾਰਾ ਦੇ ਸੰਗੀ-ਸਾਥੀ ਆਪਣੇ ਹੀ ਅਸੂਲਾਂ ਦੇ ਉਲਟ ਚੱਲ ਪੈਂਦੇ ਹਨ। ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਵਲੋਂ ਦਿੱਤੇ 'ਦੁਨੀਆਂ ਭਰ ਦੇ ਮਜਦੂਰੋ ਇਕ ਹੋ ਜਾਉ' ਦੇ ਨਾਅਰੇ ਨੂੰ ਵਿਸਥਾਰ ਦਿੰਦਿਆਂ ਮਹਾਨ ਲੈਨਿਨ ਨੇ 'ਦੁਨੀਆਂ ਭਰ ਦੇ ਮਜਦੂਰੋ ਤੇ ਗੁਲਾਮ ਕੌਮੋਂ ਇਕ ਹੋ ਜਾਉ' ਦੇ ਨਾਅਰੇ ਵਲ ਤੋਰਿਆ। ਕਿਰਤ ਦੀ ਰਾਖੀ ਵਾਲੇ ਸੱਦੇ ਦੇ ਨਾਲ ਸਾਮਰਾਜੀਆਂ ਵਲੋਂ ਗੁਲਾਮ ਕਰਕੇ

ਬਸਤੀਆਂ ਬਣਾਈਆਂ ਗਈਆਂ ਦੂਜੀਆਂ ਕੌਮਾਂ ਦੇ ਪੈਰੀਂ ਪਾਏ ਗੁਲਾਮੀ ਅਤੇ ਬਸਤੀਵਾਦ ਦੇ ਸੰਗਲ ਤੋੜਨ ਦੀ ਵੰਗਾਰ ਪਾਈ। ਇਹ ਸਿਆਣਪ ਦੇ ਕਦਮ ਸਨ, ਮਨੁੱਖਤਾ ਦੀ ਸੇਵਾ ਸੀ। ਇਹੋ ਤਾਂ ਅਸਲੀ ਕੌਮਾਂਤਰੀਵਾਦ ਹੈ, ਸਰਬੱਤ ਦੇ ਭਲੇ ਵਾਸਤੇ ਸਾਰਿਆਂ ਦੀ ਏਕਤਾ।

ਦੇਰ ਬਾਅਦ ਹੋਰ ਮੁਲਕਾਂ ਦੇ ਨਾਲ ਨਾਲ ਭਾਰਤ ਅੰਦਰ ਵੀ ਪਾਰਟੀ ਅਸੂਲਾਂ ਨੂੰ ਛਿੱਕੇ ਟੰਗ ਕੇ ਕੁੱਝ ਲੋਕਾਂ ਨੇ ਅੱਖ ਦੀ ਪੁਤਲੀ ਕਹੇ ਜਾਂਦੇ ਜਮਹੂਰੀ ਕੇਂਦਰਵਾਦ ਦਾ ਕਤਲ ਕਰਕੇ ਮਾਰਕਸਵਾਦੀ ਵਿਚਾਰਧਾਰਾ ਦੇ 'ਮਜਦੂਰੋ ਇਕ ਹੋ ਜਾਉ' ਦੇ ਨਾਅਰੇ ਦਾ ਮਖੌਲ ਉਡਾਉਂਦਿਆ 'ਦੁਨੀਆਂ ਭਰ ਦੇ ਮਜਦੂਰੋ ਦੋ-ਫਾੜ ਹੋ ਜਾਉ' ਦੇ ਅਸੂਲ ਤੇ ਅਮਲ ਕਰਦਿਆਂ ਇਹੋ ਕੁੱਝ ਕੀਤਾ। ਭਲਾਂ ਕੀ ਇਹ ਇਖਲਾਕੀ ਗਿਰਾਵਟ ਨਹੀਂ ਸੀ? ਆਪਣੇ ਹੀ ਅਸੂਲਾਂ ਨਾਲ ਗੱਦਾਰੀ ਨਹੀਂ ਸੀ? ਪਰ ਉਹ ਆਪਣੇ ਆਪ ਨੂੰ ਇਨਕਲਾਬੀ ਵੀ ਕਹਿੰਦੇ ਰਹੇ। ਬੇਸ਼ਰਮੀ ਭਲਾਂ ਹੋਰ ਕੀ ਹੁੰਦੀ ਹੈ? ਜਦੋਂ ਮੁੱਖ ਧਾਰਾ ਤੋਂ ਵੱਖ ਹੋਏ ਇਨ੍ਹਾਂ ਫਾੜੀ ਮਾਰਕਾ 'ਇਨਕਲਾਬੀਆਂ' ਵਿਚੋਂ ਕੁੱਝ ਲੋਕਾਂ ਨੇ ਇਸ ਫਾੜੀ ਨੂੰ ਛੱਡ ਕੇ ਆਪਣਾ ਹੋਰ ਨਵਾਂ ਗਰੁੱਪ ਸਾਜ ਲਿਆ ਤਾਂ ਇਨ੍ਹਾਂ ਵਲੋਂ ਉਨ੍ਹਾਂ ਨੂੰ ਗੱਦਾਰ, ਦੁਫੇੜਬਾਜ਼ ਤੇ ਪਤਾ ਨਹੀਂ ਹੋਰ ਕੀ ਕੀ ਕਿਹਾ ਗਿਆ। ਆਖਰ ਕਿਉਂ? ਉਹ ਤਾਂ ਉਨ੍ਹਾਂ ਦੇ ਰਸਤੇ 'ਤੇ ਹੀ ਚੱਲੇ ਸਨ, ਉਨ੍ਹਾਂ ਤਾਂ ਆਪਣੇ ਵਡੇਰਿਆਂ ਦੇ ਕਦਮਾਂ ਤੇ ਹੀ ਪੈਰ ਰੱਖੇ ਸਨ। ਇਸ ਸਾਰੇ 'ਚ ਇਹ ਹੀ ਕਹਿਣਾ ਬਣਦਾ ਹੈ ਕਿ ਛੋਟੇ ਮਨਾਂ ਵਾਲਿਆਂ ਨੇ ਮਜਦੂਰ/ਕਿਰਤੀ ਲਹਿਰ ਨੂੰ ਨਿਘਾਰ ਵਲ ਤੋਰਿਆ। ਇਤਿਹਾਸ ਵਿਚ ਆਪ ਤਰਸ ਦੇ ਪਾਤਰ ਬਣ ਗਏ ਤੇ ਬਣੇ ਹੀ ਰਹਿਣਗੇ।

ਪਹਿਲਾਂ ਫਾੜੀਆਂ ਹੋਈਆਂ, ਫੇਰ ਇਨ੍ਹਾਂ ਫਾੜੀਆਂ ਦੇ ਟੁਕੜੇ। ਮਜ਼ਦੂਰਾਂ, ਮੁਲਾਜ਼ਮਾਂ, ਬੁੱਧੀਜੀਵੀਆਂ ਤੇ ਲੇਖਕਾਂ ਤੱਕ ਦੀਆਂ ਜਥੇਬੰਦੀਆਂ ਆਪੋ-ਆਪਣੀ ਫਾੜੀ ਨਾਲ ਤੁਰ ਗਈਆਂ ਪਰ ਭਰਮ ਖਰਬੂਜੇ ਦਾ ਪਾਲਦੀਆਂ ਰਹੀਆਂ। ਫਾੜੀਆਂ ਹਿੱਲਣ ਤੇ ਲੜਨ ਲੱਗੀਆਂ। ਦੁਨੀਆਂ ਨੇ ਇਨ੍ਹਾਂ ਖੱਬੇ ਪੱਖੀਆਂ ਦਾ ਸੌਂਕਣਾਂ ਵਰਗਾ ਤਮਾਸ਼ਾ ਖੂਬ ਦੇਖਿਆ ਤੇ ਦੇਖੀ ਜਾ ਰਹੇ ਹਨ। ਲੋਕ ਦੁੱਖ, ਭੁੱਖ ਤੇ ਹੋਰ ਸੈਂਕੜੇ ਮੁਸੀਬਤਾਂ ਨਾਲ ਨਿੱਤ-ਦਿਨ ਜੂਝਦੇ ਹਨ ਪਰ ਇਨ੍ਹਾਂ ਦੇ 'ਏਜੰਡੇ' ਤੇ ਹੋਰ ਹੀ ਕੁੱਝ ਤੁਰਿਆ ਫਿਰਦਾ ਹੈ।

ਬੁੱਧੀਜੀਵੀਆਂ ਦਾ ਹੋਰ ਵੀ ਮੰਦਾ ਹਾਲ ਹੈ। ਫਸਲਾਂ ਦੇ ਨਾਲ ਨਾਲ ਅਕਲ ਦੀਆਂ ਵੀ ਕਿਸਮਾਂ ਪੈਦਾ ਹੋਈਆਂ। ਸਿੱਖ ਬੁੱਧੀਜੀਵੀ,..ਹਿੰਦੂ ਬੁੱਧੀਜੀਵੀ ..ਮੁਸਲਿਮ ਬੁੱਧੀਜੀਵੀ...ਆਦਿ, ਕੀ ਇਹ ਵੀ ਸਿਆਣਪ ਹੈ? ਤਾਂ ਫੇਰ ਮੂਰਖਤਾ ਕਿਸਨੂੰ ਕਹਿੰਦੇ ਹਨ? ਅਖੇ ਜੀ ਪੰਜ ਫੀਸਦੀ ਅਕਲਮੰਦ ਤੇ ਬਾਕੀ ਦੇ ਕੀ ਹੋਏ? ਕੌਣ ਕਰੂ ਇਸਦੀ ਵਿਆਖਿਆ? ਸਿਆਣੇ ਹੋਣ ਦਾ ਭਰਮ ਪਾਲਣ ਵਾਲੇ ਇਹ ਭੰਬਲ-ਭੂਸਿਆ ਵਿਚ ਫਸੇ



ਹੋਣ ਕਰਕੇ ਆਪਣੇ ਬਾਰੇ ਵੀ ਫੈਸਲਾ ਕਰਨ ਤੋਂ ਅਸਮਰਥ ਹਨ। ਹੋਰ ਕਿਸੇ ਨੂੰ ਇਹ ਕਿਹੜੀ ਰੌਸ਼ਨੀ ਦੇ ਦੇਣਗੇ? ਸਰਬੱਤ ਦੇ ਭਲੇ ਵਾਲੀ ਵਿਚਾਰਧਾਰਾ ਨੂੰ ਅਪਣਾਏ ਹੋਣ ਵਾਲਾ ਕੋਈ ਵੀ ਆਪਣੇ ਆਪ ਨੂੰ ਫਾੜੀ ਬੁੱਧੀਜੀਵੀ ਨਹੀਂ ਆਖ/ਅਖਵਾ ਸਕਦਾ। ਜਾਂ ਤਾਂ ਉਹ ਬੁੱਧੀਜੀਵੀ ਹੁੰਦਾ ਹੈ ਜਾਂ ਨਹੀਂ ਹੁੰਦਾ। ਇਸਤੋਂ ਪਾਰ ਝੂਠ ਹੁੰਦਾ, ਸਿਰਫ ਝੂਠ।

ਲੇਖਕ ਸਮਾਜ ਦੇ ਸਭ ਤੋਂ ਸੁਚੇਤ ਇਨਸਾਨ ਹੁੰਦੇ ਹਨ। ਹਰ ਸਮਾਜ ਅੰਦਰ ਇਨ੍ਹਾਂ ਦੀ ਭੂਮਿਕਾ ਸਮੇਂ ਦੇ ਨਿਘਾਰ ਨੂੰ ਵੰਗਾਰਨ ਤੇ ਲੋਕਾਂ ਨਾਲ ਖੜ੍ਹੇ ਹੋਣ ਦੀ ਰਹੀ ਹੈ। ਲੋਕਾਂ ਨਾਲ ਜੁੜੇ ਮਹਾਂਪੁਰਸ਼ਾਂ ਨੇ ਜਿੱਥੇ ਆਪਣੇ ਕਰਮਾਂ ਨਾਲ ਲੋਕਾਂ ਨੂੰ ਸੱਚ ਵੱਲ ਪ੍ਰੇਰਿਆ ਨਾਲ ਹੀ ਕਲਮ ਦੀ ਵਰਤੋਂ ਕਰਦਿਆਂ ਰਚਨਾ ਰਚੀ, ਜੋ ਅੱਜ ਵੀ ਸਾਡੇ ਲਈ ਰਾਹ ਵਿਖਾਊ ਹੈ, ਸਾਡਾ ਮਾਰਗ ਦਰਸ਼ਨ ਕਰਦੀ ਹੈ। ਲੋੜ ਹੈ ਆਪਣੇ ਮਨਾਂ ਅੰਦਰਲੇ ਬੌਣੇਪਨ ਨੂੰ ਦੂਰ ਕਰਨ ਦੀ, ਪੂਰੇ ਇਨਸਾਨ ਬਣਨ ਦੀ। ਅੱਜ ਦੇ ਸਮੇਂ ਲੇਖਕ ਵੀ ਧਰਮਾਂ, ਧੜਿਆਂ, ਜਾਤਾਂ ਆਦਿ ਵਿਚ ਵੰਡੇ ਹੋਏ ਹਨ। ਧਰਮ ਤੋਂ ਧੜਾ ਪਿਆਰਾ ਵਾਲੀ ਕਹਾਵਤ ਉਹ ਸੱਚ ਕਰੀ ਜਾ ਰਹੇ ਹਨ, ਲੋੜ ਹੈ ਇਸ ਵਿਚਾਰ ਨੂੰ ਨਕਾਰਨ ਦੀ, ਇਸਦਾ ਖਹਿੜਾ ਛੱਡਣ ਦੀ। ਪਤਾ ਨਹੀਂ ਉਹ ਕਦੋਂ ਸੋਚਣਗੇ ਕਿ ਮਨੁੱਖ ਤੇ ਮਨੁੱਖੀ ਸਰੋਕਾਰ ਕਿਸੇ ਵੀ ਕੁਰਸੀ ਮੋਹ ਨਾਲੋਂ ਵੱਡੇ ਹੁੰਦੇ ਹਨ। ਲੋਕਾਂ ਦੀ ਅੱਖ ਸਦਾ ਹੀ ਆਪਣੇ ਲਿਖਾਰੀਆਂ ਵਲ ਹੁੰਦੀ ਹੈ। ਅਗਵਾਈ ਦੇਣ ਵਾਲੇ ਹੀ ਜੇ ਪਾਟੇ ਹੋਏ ਹੋਣਗੇ ਤਾਂ ਉਹ ਇਨ੍ਹਾਂ ਫਾੜੀਆਂ ਹੋਈਆਂ 'ਪਾਰਟੀਆਂ' ਵਾਲੇ ਲੀਡਰਾਂ ਦੇ ਨੁੰਮਣੇ ਤਾਂ ਬਣ ਸਕਦੇ ਹਨ ਪਰ ਲੋਕਾਂ ਦੇ ਲੇਖਕ ਨਹੀਂ। ਲੇਖਕ ਲੋਕਾਂ ਦੇ ਮਨਾਂ ਅੰਦਰ ਧਰਵਾਸ ਹੀ ਨਹੀਂ ਨਵੀਂ ਰੌਸ਼ਨੀ, ਨਵੀਂ ਚੇਤਨਾ ਪੈਦਾ ਕਰਨ ਵਾਲੇ ਹੁੰਦੇ ਹਨ। ਇਹ ਬੁੱਧੀਜੀਵੀਆਂ ਦੀ ਅਗਵਾਈ ਕਰਨ ਵਾਲੇ ਆਪਣੀ ਸੋਚ ਨਾਲ ਉਸਾਰੂ ਪੱਖ ਵਲ ਤੁਰਦਿਆਂ ਸਮਾਜ ਅੰਦਰ ਨਵੀਂ ਹਵਾ ਰੁਮਕਣ ਲਾ ਦਿੰਦੇ ਹਨ, ਜੋ ਸੱਚ ਵੱਲ ਜਾਂਦਾ ਰਾਹ ਬਣ ਜਾਂਦਾ ਹੈ।

ਇਨਸਾਨੀ ਫਰਜ਼ ਦੇਸ਼-ਕੌਮ, ਧਰਮ ਅਤੇ ਜਾਤ ਆਦਿ ਸਭ ਤੋਂ ਉੱਪਰ ਹੁੰਦੇ ਹਨ। ਫਾੜੀਆਂ ਨੂੰ ਵੀ ਸੋਚਣਾ ਬਣਦਾ ਹੈ ਕਿ ਉਹ ਨਵੀਂ ਉਸਰ ਰਹੀ ਮਨੁੱਖੀ ਭਾਈਚਾਰਕ ਸਾਂਝ ਦੀ ਉਂਗਲ ਫੜ ਸਕਣ ਤਾਂ ਕਿ ਪ੍ਰੇਮ/ਮੁਹੱਬਤ ਦੇ ਗਲ ਲੱਗ ਕੇ ਸਰਬੱਤ ਦੇ ਭਲੇ ਬਾਰੇ ਸੋਚਿਆ ਜਾਵੇ ਤੇ ਬੇ-ਗਮ ਪੁਰੇ ਦੀ ਸਿਰਜਣਾ ਵਾਲੇ ਅਮਲ ਨਾਲ ਜੁੜਿਆ ਜਾ ਸਕੇ।

# ਪੁਸਤਕਾਂ ਦੀ ਉਦਾਸੀ

ਅਜੋਕੇ ਸਮੇਂ ਦੀਆਂ ਪੇਚੀਦਾ ਹਾਲਤਾਂ ਮਨੁੱਖ ਨੂੰ ਉਦਾਸ ਤੇ ਬੇਚੈਨ ਕਰਦੀਆਂ ਹਨ ਅਤੇ ਇਹ ਬੇਚੈਨੀ ਕਈ ਮਨੋਰੋਗਾਂ ਨੂੰ ਜਨਮ ਦੇਣ ਦਾ ਕਾਰਨ ਵੀ ਬਣਦੀ ਹੈ। ਇਸ ਸਥਿਤੀ ਵਿਚ ਕਾਫੀ ਸਾਰੇ ਵਿਅਕਤੀਆਂ ਲਈ ਸੋਚ ਨੂੰ ਸਾਵੀਂ ਰੱਖਕੇ ਤੁਰਨਾ ਕਈ ਵਾਰ ਬਹੁਤ ਔਖਾ ਹੋ ਜਾਂਦਾ ਹੈ। ਹਿੰਮਤੀ ਲੋਕ ਤਾਂ ਅਜਿਹੀ ਸਥਿਤੀ ਦਾ ਔਖਿਆਂ ਹੋ ਕੇ ਵੀ ਮੁਕਾਬਲਾ ਕਰਦੇ ਹਨ ਤੇ ਪਾਰ ਵੀ ਲੱਗਦੇ ਹਨ, ਪਰ ਬੇ-ਹਿੰਮਤੇ ਅਤੇ ਢਾਹੂ ਜਿਹਾ ਸੋਚਣ ਵਾਲੇ ਅਜਿਹੀਆਂ ਸਥਿਤੀਆਂ ਵਿਚ ਅਕਸਰ ਹਾਰ ਜਾਂਦੇ ਹਨ।

ਤੁਰਦੇ ਮਨੁੱਖ ਦੇ ਕਦਮ ਕਿੱਧਰ ਜਾਣ ਇਹ ਤੈਅ ਕਰਨਾ ਬਹੁਤ ਜ਼ਰੂਰੀ ਹੈ। ਬਿਨਾ ਕਿਸੇ ਨਿਸ਼ਾਨੇ ਦੇ ਤੁਰਿਆਂ ਮੰਜ਼ਿਲ 'ਤੇ ਪਹੁੰਚ ਸਕਣਾ ਔਖਾ ਹੀ ਨਹੀਂ ਅਸੰਭਵ ਹੁੰਦਾ ਹੈ। ਕਿਸੇ ਵਾਸਤੇ ਰਾਹ-ਦਿਸੇਰਾ ਕੌਣ ਬਣਦਾ ਹੈ ਆਮ ਕਰਕੇ ਇਸਦਾ ਸਮੁੱਚਤਾ ਨਾਲ ਬਹੁਤਾ ਵਾਸਤਾ ਨਹੀਂ। ਇਹ ਫੈਸਲਾ ਹਰ ਕਿਸੇ ਨੇ ਖੁਦ ਆਪ ਕਰਨਾ ਹੁੰਦਾ ਹੈ। ਇਸ ਨਾਲ ਜਿੱਥੇ ਸੋਚ-ਸੂਝ ਗੰਭੀਰਤਾ, ਡੂੰਘਾਈ ਤੇ ਵਿਸ਼ਾਲਤਾ ਦਾ ਰਾਹ ਫੜਦੀ ਹੈ ਉੱਥੇ ਹਰ ਵਿਅਕਤੀ ਨੂੰ ਸਮਾਜ ਅੰਦਰ ਵਿਚਰਦੇ ਹੋਏ ਵੀ ਅਜਾਦ ਤੌਰ 'ਤੇ ਵਿਗਸਣ ਦੇ ਮੌਕੇ ਮਿਲਦੇ ਹਨ। ਇਸ ਨਾਲ ਉਸ ਦੀ ਸ਼ਖਸੀਅਤ ਦੇ ਵੱਖੋ-ਵੱਖਰੇ ਪਹਿਲੂ ਉਜਾਗਰ ਹੁੰਦੇ ਅਤੇ ਨਿੱਖਰਦੇ ਹਨ। ਉਸ ਦੇ ਕਦਮ ਆਪਣੀ ਤੋਰ ਅੰਦਰ ਪਹਿਲਾਂ ਤੋਂ ਵੱਧ ਰਵਾਨੀ ਮਹਿਸੂਸ ਕਰਦੇ ਹਨ।

ਹਰ ਦੇਸ਼, ਕੌਮ ਤੇ ਸਮਾਜ ਨੂੰ ਪੁਸਤਕਾਂ ਦੀ ਹਮੇਸ਼ਾ ਲੋੜ ਰਹਿੰਦੀ ਹੈ। ਇਨ੍ਹਾਂ ਦਾ ਆਪਣਾ ਸਥਾਨ, ਲੋੜ ਤੇ ਮਹੱਤਵ ਹੁੰਦਾ ਹੈ। ਇਸ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਇਸ ਨੂੰ ਘੱਟ ਕਰਕੇ ਵੇਖਿਆ ਜਾ ਸਕਦਾ ਹੈ। ਜਿਹੜਾ ਵੀ ਸਮਾਜ/ਭਾਈਚਾਰਾ ਅਜਿਹਾ ਜਤਨ ਕਰੇਗਾ ਉਹ ਸਮੇਂ ਨਾਲ ਤੁਰ ਰਹੇ ਹੋਰ ਲੋਕਾਂ ਤੋਂ ਨਿਖੜ ਜਾਵੇਗਾ। ਜਿਸ ਦਾ ਸਿੱਟਾ ਪਛੜ ਜਾਣ ਵਿਚ ਨਿਕਲੇਗਾ। ਪਛੜੇਵਾਂ ਮਨੁੱਖ ਨੂੰ ਕਿੱਧਰ ਧੱਕਦਾ ਹੈ ਇਹ ਤਾਂ ਸਭ ਜਾਣਦੇ ਹੀ ਹਨ।

ਨਿੱਤ-ਦਿਨ ਇਲੈਕਟ੍ਰੌਨਿਕ ਜਾਂ ਸੈਟੇਲਾਈਟ ਮੀਡੀਏ ਦੇ ਵਧਦੇ ਪ੍ਰਭਾਵ ਦਾ ਬਹਾਨਾ ਲਾ ਕੇ ਵੀ ਲੋਕਾਂ ਨੂੰ ਪੁਸਤਕਾਂ ਤੋਂ ਦੂਰ ਨਹੀਂ ਕੀਤਾ ਜਾ ਸਕਦਾ। ਭਾਵੇਂ ਕਿ ਮੀਡੀਏ ਦੇ ਵੱਡੇ ਹਿੱਸੇ ਤੇ ਕਾਬਜ਼ ਅਣਦਿਸਦਾ ਮਾਫੀਆ ਸੁਚੇਤ ਅਤੇ ਜਥੇਬੰਦਕ ਤੌਰ ਤੇ ਸਰਗਰਮੀ ਨਾਲ ਇਹ ਜਤਨ ਕਰਦਾ ਹੈ। ਇਹਦੇ ਪਿੱਛੇ ਮਾਫੀਏ ਦੇ ਸਿਰਫ ਆਰਥਕ ਹਿੱਤ ਹੀ ਨਹੀਂ ਸਗੋਂ ਨਰੋਏ, ਸਿਹਤਮੰਦ ਕਦਰਾਂ-ਕੀਮਤਾਂ ਵਾਲੇ ਸਮਾਜ ਦੀ ਸਿਰਜਣਾ



ਵਾਸਤੇ ਉਸਰ ਰਹੇ ਨਵੇਂ ਸੱਭਿਆਚਾਰਕ ਵਰਤਾਰਿਆਂ ਦਾ ਸ਼ੈਤਾਨੀ ਭਰਿਆ ਵਿਰੋਧ ਵੀ ਸ਼ਾਮਲ ਹੈ। ਪਰ ਕੀ ਉਹ ਆਪਣੀ ਇਸ ਚਾਲ ਵਿਚ ਕਾਮਯਾਬੀ ਪ੍ਰਾਪਤ ਕਰ ਸਕਦਾ ਹੈ? ਇਹ ਵੀ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਲੋਕ ਸਿਆਸੀ, ਸਮਾਜਕ ਜਾਂ ਦੂਜੇ ਮਸਲਿਆਂ ਪ੍ਰਤੀ ਕਿੰਨੇ ਕੁ ਸੁਜੱਗ, ਸੁਚੇਤ ਜਾਂ ਚੇਤਨ ਹਨ। ਬਹੁਤ ਸਾਰੇ ਲੋਕਾਂ ਨੂੰ ਸ਼ਾਇਦ ਇਸ ਗੱਲ ਦਾ ਗਿਆਨ ਨਾ ਹੋਵੇ ਕਿ ਜ਼ਿੰਦਗੀ ਨਾਲ ਸਬੰਧਤ ਕੋਈ ਵੀ ਖੇਤਰ ਅਜਿਹਾ ਨਹੀਂ ਜਿੱਥੇ ਮਾਫੀਏ ਨੇ ਆਪਣਾ ਜਾਲ ਨਾ ਵਿਛਾਇਆ ਹੋਵੇ। ਇਹ ਸਿਆਸਤ ਜਾਂ ਆਰਥਕਤਾ ਹੀ ਨਹੀਂ ਸਗੋਂ ਸਾਇੰਸ, ਤਕਨੀਕ, ਖੇਡਾਂ, ਸਾਹਿਤ ਅਤੇ ਕਲਾ ਦੇ ਖੇਤਰਾਂ ਤੱਕ ਵੀ ਜੁਰਮਾਂ ਦੀ ਦੁਨੀਆਂ ਅੰਦਰ ਵਿਚਰਦੇ ਇਹ ਦੰਭੀ (ਸਬੱਬ ਨਾਲ ਜਿਨ੍ਹਾਂ ਨੇ ਆਪਣੇ ਚਿਹਰਿਆਂ 'ਤੇ ਸਨਮਾਨਯੋਗ ਵਿਅਕਤੀ ਹੋਣ ਦੇ ਨਕਾਬ ਚਾੜ੍ਹੇ ਹੋਏ ਹਨ) ਆਪਣਾ "ਨਾਮ" ਪੈਦਾ ਕਰਨ ਦੀ ਤੀਬਰ ਇੱਛਾ ਰੱਖਦੇ ਹਨ। ਇਸ ਵਾਸਤੇ ਉਹ ਸਰਗਰਮੀ ਨਾਲ ਕਾਰਜਸ਼ੀਲ ਰਹਿੰਦੇ ਹਨ।

ਇਹ ਵੀ ਇਕ ਜਾਣੀ ਜਾਂਦੀ ਸਚਾਈ ਹੈ ਕਿ ਜਿੱਥੇ ਸੁਹੱਪਣ ਹੋਵੇ ਕੋਹਝ ਵੀ ਕਈ ਵਾਰ ਉੱਥੇ ਹੀ ਪੈਦਾ ਕੀਤਾ ਜਾਂਦਾ ਹੈ। ਜਿਵੇਂ ਦੁਨੀਆਂਦਾਰ ਜਾਣਦੇ ਹੀ ਹਨ ਕਿ ਇਟਲੀ ਦੇਸ਼ ਦੇ ਸਿਸਲੀ (ਜਾਂ ਉਸ ਖੇਤਰ) ਵਿਚ ਕਦੇ ਦੁਨੀਆਂ ਦੀਆਂ ਸਭ ਤੋਂ ਖੂਬਸੂਰਤ ਔਰਤਾਂ ਹੁੰਦੀਆਂ ਸਨ ਅਤੇ ਬਹੁਤ ਜਾਣਕਾਰਾਂ ਨੂੰ ਇਹ ਵੀ ਪਤਾ ਹੀ ਹੈ ਕਿ ਅਣਦਿਸਦੀ ਸਿਆਸੀ ਸਰਪ੍ਰਸਤੀ ਦੇ ਆਸਰੇ ਕੌਮਾਂਤਰੀ ਪੱਧਰ ਤੇ ਵਿਚਰ ਰਿਹਾ ਮਾਫੀਆਂ ਵੀ ਇਸੇ ਖੇਤਰ ਵਿਚੋਂ ਹੀ ਪੈਦਾ ਹੋਇਆ ਸੀ। ਜਿਹੜਾ ਕੌਮਾਂਤਰੀ ਪੱਧਰ 'ਤੇ ਸਾਰੇ ਹੀ ਭੈੜੇ ਤੇ ਲੁੱਚੇ ਕੰਮਾਂ ਦਾ ਵੱਡਾ ਗ੍ਰਹ ਹੈ। ਜਿਸਦਾ ਕਾਰਜ ਖੇਤਰ ਚੰਗੇ ਸਾਹਿਤ ਦੇ ਮੁਕਾਬਲੇ ਗੰਦਾ, ਜੁਰਮਾਂ ਅਤੇ ਕਾਮ-ਉਕਸਾਊ ਸਾਹਿਤ ਜਾਂ ਕਲਾ ਦੇ ਪੱਧਰ 'ਤੇ ਚੰਗੀਆਂ ਫਿਲਮਾਂ ਦੇ ਮੁਕਾਬਲੇ ਜੁਰਮਾਂ ਦੇ ਵਾਧੇ ਵਿਚ ਸਹਾਈ ਹੋਣ ਵਾਲੀਆਂ, ਕੁਰਾਹੇ ਪਾਉਣ ਵਾਲੀਆਂ ਜਾਂ ਬਲਿਊ ਫਿਲਮਾਂ, ਪੋਰਨੋਗ੍ਰਾਫੀ ਆਦਿ ਦਾ ਸੰਚਾਲਨ ਕਰਨਾ ਹੈ। ਉਂਜ ਮਾਫੀਆ ਸਮਾਜ ਦੇ ਹਰ ਖੇਤਰ ਵਿਚ ਸਰਗਰਮ ਹੈ। ਸਮੁਚੇ ਸਮਾਜੀ ਖਾਸ ਕਰਕੇ ਕੌਮਾਂਤਰੀ ਪੱਧਰ 'ਤੇ ਸਿਆਸੀ ਤੇ ਆਰਥਕ ਖੇਤਰ ਵਿਚਲਾ ਅੱਜ ਦਾ ਨਿਘਾਰ ਇਸ ਦੇ ਕਾਰਨਾਮਿਆਂ ਦੀ ਮੂੰਹ ਬੋਲਦੀ ਤਸਵੀਰ ਹੈ।

ਜਿਸ ਸਮਾਜ ਅੰਦਰ ਸਿਰਫ ਖਾਣ-ਪੀਣ ਤੇ ਘਰਾਂ ਦੀ ਸਜਾਵਟ, ਵੱਡੀਆਂ ਕੋਠੀਆਂ ਪਾ ਲੈਣ, ਮਾੜੇ ਕੰਮਾਂ ਤੇ ਗੰਦੇ ਜਾਂ ਬੁਰੇ ਢੰਗ ਨਾਲ ਕਮਾਏ ਪੈਸੇ ਦੇ ਆਸਰੇ 'ਵੱਡੇ ਲੋਕ' ਬਣ ਜਾਣ ਦਾ ਰਿਵਾਜ਼ ਪੈ ਜਾਵੇ ਉੱਥੇ ਮਨੁੱਖ ਤੋਂ ਮਨੁੱਖ ਦਾ ਪਾੜਾ ਵੀ ਵਧ ਜਾਂਦਾ ਹੈ। ਇਹੋ ਜਹੇ ਸਮਿਆਂ (ਥਾਵਾਂ) ਵਿਚ ਪੁਸਤਕਾਂ ਉਦਾਸ ਹੋ ਜਾਂਦੀਆਂ ਹਨ। ਪੰਜਾਬੀਆਂ ਅੰਦਰ ਆਈ ਆਰਥਕ ਖੁਸ਼ਹਾਲੀ ਨੇ ਉਨ੍ਹਾਂ ਦੀ ਬੌਧਕ ਸੋਚ ਨੂੰ ਆਮ ਕਰਕੇ ਬੌਣੀ ਕਰਨ ਵਲ ਕਦਮ ਪੁੱਟੇ ਹਨ। ਚਿੰਤਨ ਦੇ ਪੱਧਰ ਤੇ ਲੰਮੇ ਸਮੇਂ ਤੋਂ ਖੜੋਤ ਹੀ ਨਜ਼ਰ ਪੈਂਦੀ ਹੈ। ਹਾਲਾਂਕਿ ਚਾਹੀਦਾ ਇਹ ਸੀ ਕਿ ਪੰਜਾਬੀ ਸੰਸਾਰ ਚਿੰਤਨ ਦੇ ਘੇਰੇ ਅੰਦਰ ਆਪਣਾ ਸਥਾਨ ਪੈਦਾ ਕਰਦੇ ਤੇ ਪੱਧਰ ਉੱਚਾ ਕਰਨ ਦਾ ਜਤਨ ਕਰਦੇ। ਪਰ

ਬਹੁਤ ਵੱਡਾ ਸਵਾਲ ਹੈ ਕਿ ਅਜਿਹਾ ਕਿਉਂ ਨਾ ਹੋ ਸਕਿਆ? ਪਿਛਲੀ ਸਾਰੀ ਸਦੀ ਵਿਚ ਪੰਜਾਬੀ, ਦੁਨੀਆਂ ਦੇ ਚਿੰਤਕਾਂ ਦੇ ਹਾਣ ਦਾ ਕੋਈ ਚਿੰਤਕ ਕਿਉਂ ਨਾ ਪੈਦਾ ਕਰ ਸਕੇ? ਅਸੀਂ ਪਛੜ ਕਿਉਂ ਗਏ? ਉਂਜ ਨਿੱਤ-ਦਿਨ ਆਪਣੇ ਆਪ ਹੀ ਬਣੇ ਵੱਡੇ ਵੱਡੇ "ਬੁੱਧੀਜੀਵੀਆਂ" "ਇੰਟਲੈਕਚੁਅਲਜ਼" ਦੇ ਗੜਵਈ ਜਾਂ ਫੁਕਰੇ ਢੰਡੋਰਚੀ ਆਪਣੀ ਪਸੰਦ ਵਾਲੇ ਲੋਕਾਂ ਉੱਤੇ ਸਿਆਣੇ ਹੋਣ ਦਾ ਝੂਠਾ ਲੇਬਲ ਲਾ ਕੇ ਜਨਤਾ ਅੱਗੇ ਧੋਖੇ ਭਰੇ ਧੱਕੇ ਨਾਲ ਹੀ ਉਨ੍ਹਾਂ ਦੀ ਅਸਫਲ ਨੁਮਾਇਸ਼ ਕਰੀ ਜਾ ਰਹੇ ਹਨ। ਪਰ ਚਿੰਤਨ ਦੇ ਮੈਦਾਨ/ਖੇਤਰ ਵਿਚ ਉਹ ਕਿੱਥੇ ਕੁ ਹਨ? ਕੀ ਹੈ ਉਨ੍ਹਾਂ ਦਾ ਆਪਣਾ ਆਪ? ਵਿਆਖਿਆ ਇਸ ਗੱਲ ਦੀ ਵੀ ਕਰਨੀ ਬਣਦੀ ਹੈ ਕਿ ਸੰਸਾਰ ਚਿੰਤਨ ਦੇ ਪੱਧਰ 'ਤੇ ਉਨ੍ਹਾਂ ਦਾ ਜ਼ਿਕਰ ਕਿਉਂ ਨਹੀਂ ਹੁੰਦਾ? ਕੌਣ ਕਰੇਗਾ ਇਹ ਕੰਮ?

ਇਸ ਸਮੇਂ ਇਕ ਯਾਦ ਚੇਤਿਆਂ ਵਿਚ ਉਭਰ ਰਹੀ ਹੈ। ਕੁੱਝ ਸਾਲ ਪਹਿਲਾਂ ਮੈਂ ਆਰਸੀ ਵਾਲੇ ਭਾਪਾ ਪ੍ਰੀਤਮ ਸਿੰਘ ਜੀ (ਨਵਯੁਗ) ਹੋਰਾਂ ਨੂੰ ਉਨ੍ਹਾਂ ਦੇ ਫਾਰਮ 'ਤੇ ਮਿਲਣ ਗਿਆ। ਹਿੰਦੁਸਤਾਨ ਵਿਚੋਂ ਉਹ ਉੱਘੇ ਪ੍ਰਕਾਸ਼ਕਾਂ ਵਿਚੋਂ ਇਕ ਸਨ। ਪੰਜਾਬੀ ਵਿਚ ਉਦੋਂ ਤੱਕ ਉਨ੍ਹਾਂ ਦੇ ਮੁਕਾਬਲੇ ਦਾ ਕੋਈ ਪ੍ਰਕਾਸ਼ਕ ਨਹੀਂ ਸੀ। ਨਿੱਘੀ ਧੁੱਪ ਵਿਚ ਹੀ ਬੈਠਿਆਂ ਬਹੁਤ ਸਾਰੀਆਂ ਗੱਲਾਂ ਹੋਈਆਂ। ਫੇਰ ਉਹ ਮੈਨੂੰ ਆਪਣਾ ਪੁਸਤਕਾਂ ਵਾਲਾ ਗੁਦਾਮ ਵਿਖਾਉਣ ਲੈ ਗਏ। ਉੱਥੇ ਪਹੁੰਚ ਕੇ ਭਾਪਾ ਜੀ ਦਾ ਬਜ਼ੁਰਗੀ ਵਾਲਾ ਸਾਊ ਤੇ ਖਿੜਿਆ ਚਿਹਰਾ ਉਦਾਸ ਹੋ ਗਿਆ, ਫੇਰ ਵੀ ਉਹ ਆਪਣੀ ਪ੍ਰਕਾਸ਼ਨ ਸਬੰਧੀ ਦੱਸਣ ਲੱਗੇ। ਜ਼ੋਰਦਾਰ ਅਵਾਜ ਵਿਚੋਂ ਜੋਸ਼ ਮੱਠਾ ਜਿਹਾ ਪੈ ਗਿਆ ਸੀ। ਚੁੱਪ ਪੁਸਤਕਾਂ ਵਿਚੋਂ ਲੰਘਦਿਆਂ ਭਾਪਾ ਜੀ ਦੇ ਉਦਾਸ ਬੋਲ ਸੁਣ ਰਿਹਾ ਸੀ ਮੈਂ। ਉਹ ਆਖਦੇ ਗਏ ..... ਐਹ ਨਾਨਕ ਸਿੰਘ ਜੀ ਦੀ ਸਮੁੱਚੀ ਰਚਨਾ ਹੈ। ਬਹੁਤ ਉਮੀਦ ਸੀ ਇਸਦੇ ਵਿਕ ਜਾਣ ਦੀ (ਇਹ ਬੋਲ ਹਓਕੇ ਵਿਚੋਂ ਨਿਕਲੇ ਸਨ) ਕਾਫੀ ਸਾਰਿਆਂ ਨੇ ਖਰੀਦਣ ਤੇ ਵਿਕਵਾਉਣ ਦੇ ਵਾਅਦੇ ਵੀ ਕੀਤੇ ਸਨ। ਉਹ ਪਹੁੰਚ ਵਾਲੇ ਸਿਆਸਤਦਾਨ ਹਨ ਪਰ......... (ਇੱਥੇ ਉਨ੍ਹਾਂ ਦਾ ਗੱਚ ਜਿਹਾ ਭਰ ਆਇਆ ਸੀ) ਮੈਨੂੰ ਮਹਿਸੂਸ ਹੋਇਆ ਨਾਨਕ ਸਿੰਘ (ਨਾਵਲਕਾਰ) ਦੀ ਭਾਪਾ ਜੀ ਵਲੋਂ ਹੌਸਲੇ ਭਰੇ ਦੋਸਤੀ ਦੇ ਹੁਲਾਰੇ ਸਦਕੇ ਛਾਪੀ ਸਮੁੱਚੀ ਰਚਨਾ ਤਾਂ ਗੁਦਾਮ ਦੇ ਦਰਮਿਆਨ ਸਮਾਧੀ ਲਾਈ ਬੈਠੀ ਹੋਵੇ। ਦੂਸਰੇ ਪਾਸੇ ਬਲਵੰਤ ਗਾਰਗੀ ਦੀਆਂ ਹੋਰ ਰਚਨਾਵਾਂ ਦੇ ਨਾਲ ਹੀ 'ਚਾਕੂ' ਧੂੜ ਨਾਲ ਲਿਬੜਿਆ ਪਿਆ ਹੈ। ਕਿਧਰੇ ਗੁਦਾਮ ਅੰਦਰਲੀ ਧੂੜ ਤੋਂ ਦੁਖੀ ਹੋਇਆ ਡਾ: ਹਰਭਜਨ ਸਿੰਘ ਦਾ ਰਿਸ਼ੀ ਰੁੱਖ 'ਤੇ ਚੜ੍ਹਿਆ ਬੈਠਾ ਹੈ। ਅਗਲੇ ਪਾਸੇ ਅਜੀਤ ਕੌਰ, ਪ੍ਰਭਜੋਤ ਤੇ ਕਰਤਾਰ ਸਿੰਘ ਦੁੱਗਲ ਸਮੇਤ ਹੋਰ ਬਹੁਤ ਸਾਰੇ ਪੰਜਾਬੀ ਬੋਲੀ ਤੇ ਭਾਸ਼ਾ ਦਾ ਮਾਣ ਕਹੇ ਜਾਣ ਵਾਲੇ ਅਤੇ ਮਣਾਂ ਮੂੰਹੀਂ ਸੰਸਾਰ ਸਾਹਿਤ ਦਾ ਅਮੁੱਲਾ ਖਜ਼ਾਨਾ ਅਤੇ ਵਿਦੇਸ਼ੀ ਅਦੀਬ ਸ਼ੈਲਫਾਂ ਵਿਚ ਸਜੇ ਪਏ ਵੇਖੇ ਜਾ ਸਕਦੇ ਹਨ।

ਇਸ ਸਭ ਕੁੱਝ ਨੂੰ ਤਾਂ ਪੰਜਾਬੀਆਂ ਦਾ ਬੌਧਕ ਦੁਖਾਂਤ ਹੀ ਕਿਹਾ ਜਾ ਸਕਦਾ ਹੈ, ਜੋ ਪਤਾ ਨਹੀਂ ਕਿੰਨਿਆਂ ਕੁ ਗੁਦਾਮਾਂ ਵਿਚ ਕੈਦ ਹੋਇਆ ਪਿਆ ਹੈ। ਕੀ ਇਹ ਪੁਸਤਕਾਂ



(ਕਾਰਾਂ, ਰੈਫਰੀਜੇਟਰਾਂ, ਟੈਲੀਵੀਜ਼ਨਾਂ, ਥਰੈਸ਼ਰਾਂ, ਟੈਲੀਫੂਨਾਂ ਅਤੇ ਏਅਰਕੰਡੀਸ਼ਨਾਂ ਸਮੇਤ ਹੋਰ ਸਮਾਨ ਦੇ ਨਾਲ ਪੰਜਾਬੀਆਂ ਦੇ ਘਰਾਂ ਦਾ ਸ਼ਿੰਗਾਰ ਨਹੀਂ ਬਣਨੀਆਂ ਚਾਹੀਦੀਆਂ? ਇਨ੍ਹਾਂ ਨੂੰ ਬਨਵਾਸ ਦੇ ਕੇ ਭਾਪਾ ਜੀ (ਅਤੇ ਹੋਰਨਾਂ) ਦੇ ਗੁਦਾਮਾਂ ਨੂੰ ਭਲਾਂ ਕਿਉਂ ਭਾਗ ਲਾਏ ਜਾ ਰਹੇ ਹਨ? ਲੱਖਾਂ-ਕਰੋੜਾਂ ਰੁਪੱਈਆਂ 'ਤੇ ਧੂੜ ਜੰਮ ਰਹੀ ਹੈ। ਚਿੰਤਨ ਦਾ ਖਜ਼ਾਨਾ ਭਰਿਆ ਪਿਆ ਹੈ। ਲੋਕ ਚਿੰਤਨ ਦੀ ਚੁਟਕੀ ਨੂੰ ਤਰਸ ਰਹੇ ਹਨ। ਇਸ ਵਰਤਾਰੇ ਨੂੰ ਸਮਝਣ ਤੇ ਸਮਝਾਉਣ ਦੀ ਲੋੜ ਹੈ ਕਿ ਗਿਆਨ/ਸੂਝ ਵੰਡਿਆਂ ਹੀ ਵਧਦੇ ਹਨ। ਇਹ ਫੇਰ ਕਿਸਦੇ ਕਰਨ ਦਾ ਕੰਮ ਹੈ? ਸਰਕਾਰਾਂ ਤੇ ਸਿਆਣੇ ਲੋਕ ਸੁੱਤੇ ਕਿਉਂ ਪਏ ਹਨ?

ਆਮ ਕਿਹਾ ਜਾਂਦਾ ਹੈ ਕਿ ਪੰਜਾਬੀ ਦੀ ਪੁਸਤਕ ਵਿਕਦੀ ਨਹੀਂ। ਪੁੱਛਣ ਵਾਲਾ ਤਾਂ ਇਹ ਵੀ ਪੁੱਛੇਗਾ ਕਿ ਪੁਸਤਕ ਇੰਨੀ ਮਹਿੰਗੀ ਕਿਉਂ ਹੈ? ਸਿਰਫ ਚੜ੍ਹਦੇ ਪੰਜਾਬ ਦੇ ਹੀ ਦੋ ਕਰੋੜ ਪੰਜਾਬੀਆ ਦੀ ਪੁਸਤਕ ਛਪਣ ਦੀ ਗਿਣਤੀ ਹਜਾਰ ਕੁ ਤੱਕ ਹੀ ਕਿਉਂ ਹੈ? ਪੰਜਾਬੀਆਂ ਨੂੰ ਪੜ੍ਹਨ ਦੀ ਚੇਟਕ ਕਿਉਂ ਨਾ ਲੱਗੀ ਜਾਂ ਲਾਈ ਗਈ? ਪੇਂਡੂ ਖੇਤਰਾਂ/ਲੋਕਾਂ ਤੱਕ ਪੁਸਤਕਾਂ ਪਹੁੰਚਾਉਣਾ ਕਿਸਦੀ ਜ਼ੁੰਮੇਵਾਰੀ ਸੀ/ਹੈ। ਫੇਰ ਇਹ ਪਹੁੰਚਦੀਆਂ ਕਰਨ ਦੇ ਜਤਨ ਕਿਉਂ ਨਾ ਕੀਤੇ ਗਏ/ਕੀਤੇ ਜਾ ਰਹੇ? ਸਰਕਾਰਾਂ ਦੇ ਮੰਤਰੀ ਤੇ ਉਨ੍ਹਾਂ ਦੇ ਗੜਵਈ ਪੁਸਤਕਾਂ ਵੱਲ ਸਦਾ ਹੀ ਕਿਉਂ ਉਦਾਸੀਨ ਵਤੀਰਾ ਧਾਰਨ ਕਰਦੇ ਰਹੇ ਤੇ ਕਰੀ ਜਾ ਰਹੇ ਹਨ? ਜਾਂ ਫੇਰ ਉਹ ਅਕਲ ਦੀ ਘਾਟ ਕਰਕੇ ਅਣਜਾਣੇ ਵਿਚ ਹੀ ਮਾਫੀਏ ਦੀਆਂ ਗੰਦੀਆਂ ਚਾਲਾਂ, ਸ਼ੈਤਾਨੀ ਨੀਤੀਆਂ ਦਾ ਸ਼ਿਕਾਰ ਹੋਈ ਜਾ ਰਹੇ ਹਨ? ਇਸਦਾ ਉਨ੍ਹਾਂ ਨੂੰ ਪਤਾ ਕਿਉਂ ਨਹੀਂ ਲੱਗ ਰਿਹਾ? ਲਗਦਾ ਤਾਂ ਇੰਜ ਹੈ ਕਿ ਅਜਿਹੇ ਸਿਆਸਤਦਾਨ ਖੋਪੇ ਲੱਗੇ ਬਲਦਾਂ ਵਰਗੇ ਹੀ ਹਨ ਜੋ ਜਮਹੂਰੀਅਤ ਨਾਲ ਠੱਗੀ ਕਰਕੇ ਤੇ ਲੋਕਾਂ ਦੀਆਂ ਵੋਟਾਂ ਦਾ ਸੋਸ਼ਣ ਕਰਕੇ ਗਲਤ ਥਾਵੇਂ ਜਾ ਬੈਠੇ ਹੋਣ ਜਿਸਦੇ ਹਾਣ ਦੇ ਉਹ ਬਿਲਕੁੱਲ ਨਾ ਹੋਣ।

ਵਜ਼ੀਰਾਂ ਦੇ ਟੋਲੇ (ਵੱਡੇ ਅਧਿਕਾਰੀ ਵੀ) ਪਿੰਡਾਂ ਵਿਚ ਜਾਂਦੇ ਹਨ। ਪਿੰਡਾਂ ਦੀਆਂ ਗਲੀਆਂ-ਨਾਲੀਆਂ ਪੱਕੀਆਂ ਕਰਨ ਵਾਸਤੇ, ਧਰਮਸ਼ਾਲਾ, ਜੰਞ ਘਰ ਅਤੇ ਧਾਰਮਕ ਸਥਾਨਾਂ ਵਾਸਤੇ ਸਹਾਇਤਾ ਵਜੋਂ ਵੱਡੀਆਂ ਗ੍ਰਾਂਟਾਂ ਦਾ ਐਲਾਨ ਕਰਦੇ ਹਨ। ਧੰਨਵਾਦ ਵਜੋਂ ਵੱਜਦੀਆਂ ਤਾੜੀਆਂ 'ਚੋਂ ਉਨ੍ਹਾਂ ਨੂੰ ਅਗਲੀਆਂ ਚੋਣਾਂ ਵਿਚ ਆਪਣੇ ਡੱਬਿਆਂ ਵਿਚ ਪੈਂਦੀਆਂ ਵੋਟਾਂ ਦਾ ਖੜਾਕ ਸੁਣਦਾ ਹੈ। ਪਰ ਕਿੰਨੇ ਕੁ ਪਿੰਡਾਂ ਵਿਚ ਉਹ ਲਾਇਬ੍ਰੇਰੀਆਂ ਦਾ ਐਲਾਨ ਕਰਦੇ ਹਨ? ਕਿਸੇ ਪਿੰਡ ਨੂੰ ਉਹ ਕਿੰਨੀਆਂ ਕੁ ਪੁਸਤਕਾਂ ਦਿੰਦੇ ਹਨ? ਲਗਦਾ ਨਹੀਂ ਇਹ "ਸੱਭਿਅਕ" ਵਜ਼ੀਰ ਐਹੋ ਜਹੀ "ਗਲਤੀ" ਕਰਦੇ ਹੋਣ। ਸਰਕਾਰ ਆਪਣੇ ਬੱਜਟ ਵਿਚ ਕਿਉਂ ਚੋਖਾ ਫੰਡ ਪੁਸਤਕਾਂ/ਲਾਇਬ੍ਰੇਰੀਆਂ (ਖਾਸ ਕਰਕੇ ਪੇਂਡੂ ਖੇਤਰਾਂ) ਵਾਸਤੇ ਨਹੀਂ ਰੱਖਦੀ। ਜਿਹੜੇ ਪਿੰਡਾਂ ਦੀਆਂ ਪੰਚਾਇਤਾਂ ਦੀ ਕਾਫੀ ਆਮਦਨ ਹੈ ਉਨ੍ਹਾਂ ਨੂੰ ਘੱਟੋ ਘੱਟ ਇਕ ਨਿਸਚਤ ਫੰਡ ਪੁਸਤਕਾਂ 'ਤੇ ਖਰਚਣਾ ਜ਼ਰੂਰੀ ਬਣਾਵੇ ਅਤੇ ਘੱਟ ਆਮਦਨ ਵਾਲੀਆਂ ਪੰਚਾਇਤਾਂ ਨੂੰ ਪੱਲਿਉਂ ਗ੍ਰਾਂਟ ਦੇਵੇ। ਇਹੋ ਜਹੇ ਨਿਯਮ ਹੀ ਨਗਰ ਪੰਚਾਇਤਾਂ, ਨਗਰ ਪਾਲਕਾਵਾਂ ਅਤੇ ਕਾਰਪੋਰੇਸ਼ਨਾਂ ਲਈ ਜ਼ਰੂਰੀ ਹੋਣ। ਕੋਤਾਹੀ

ਕਰਨ ਵਾਲਿਆਂ ਵਾਸਤੇ ਕਾਨੂੰਨੀ ਤੌਰ 'ਤੇ ਸਜਾ ਦਾ ਪ੍ਰਬੰਧ ਵੀ ਹੋਵੇ। ਪਰ ਇਹ ਸਭ ਕੁੱਝ ਸਰਕਾਰ ਪਹਿਲਾਂ ਆਪ ਸ਼ੁਰੂ ਕਰੇ ਤੇ ਫੇਰ ਬਾਕੀਆਂ ਤੋਂ ਕਰਵਾਵੇ। ਇਸ ਤਰ੍ਹਾਂ ਕਰਨ ਨਾਲ ਲੋਕਾਂ ਵਿਚ ਨਵੀਂ ਸੋਚ ਦਾ ਸੰਚਾਰ ਕੀਤਾ ਜਾ ਸਕਦਾ ਹੈ।

ਪੁਸਤਕਾਂ ਰਾਹੀਂ ਲੋਕਾਂ ਨੂੰ ਜੀਊਣ ਦੇ ਸਾਊ ਸਲੀਕੇ ਦੀ ਸਮਝ ਪੈਂਦੀ ਹੈ। ਆਮ ਲੋਕਾਂ ਅੰਦਰ ਸੂਝ ਦਾ ਸੰਚਾਰ ਹੁੰਦਾ ਹੈ। ਸੁਲਝੇ ਹੋਏ ਲੋਕ ਕਿਸੇ ਤਰ੍ਹਾਂ ਦੇ ਪੈਦਾ ਹੋਏ ਮਸਲੇ ਆਪ ਹੀ ਨਜਿੱਠ ਲੈਂਦੇ ਹਨ। ਫੇਰ ਕਿਸੇ ਤਰ੍ਹਾਂ ਦੀਆਂ ਵੀ ਸਮੱਸਿਆਵਾਂ ਪੈਦਾ ਹੋਣ ਦੇ ਮੌਕੇ ਬਹੁਤ ਘਟ ਜਾਂਦੇ ਹਨ, ਭਾਈਚਾਰਿਆਂ ਅੰਦਰ ਬਦਮਗ਼ਜ਼ੀ ਵੀ ਪੈਦਾ ਨਹੀਂ ਹੁੰਦੀ। ਪ੍ਰੇਮ ਭਰਿਆ ਭਾਈਚਾਰਾ ਵਧਦਾ-ਫੂਲਦਾ ਹੈ। ਇਤਿਹਾਸ ਵੀ ਦਾਗੀ ਨਹੀਂ ਹੁੰਦਾ ਅਤੇ ਨਾ ਹੀ ਝੂਠੀ ਚੌਧਰ ਚਮਕਾਉਣ ਵਾਸਤੇ ਜਾਣ-ਬੁੱਝ ਕੇ ਇਤਿਹਾਸ ਨੂੰ ਦਾਗਦਾਰ ਕਰਕੇ ਅਤੇ ਫੇਰ ਮਾਫੀਆਂ ਮੰਗ ਕੇ ਦਾਗ ਧੋਣ ਦੀ ਹੀ ਲੋੜ ਪੈਂਦੀ ਹੈ। ਇਹ ਸਭ ਕੁੱਝ ਸਿਆਣਪ ਦੇ ਰਾਹੇ ਤੁਰ ਕੇ ਹੀ ਕੀਤਾ ਜਾ ਸਕਦਾ ਹੈ।

ਪੰਜਾਬ ਬਹੁਤ ਖ਼ੁਸ਼ਹਾਲ ਸੂਬਾ ਹੈ, ਬਾਹਰ ਵਸਦੇ ਪੰਜਾਬੀ ਵੀ ਪਰ ਇਹ ਹੁਣ ਕਈ ਹੋਰ ਸੂਬਿਆਂ ਤੋਂ ਪਿੱਛੇ ਕਿਉਂ ਤੁਰਿਆ ਫਿਰਦਾ ਹੈ। ਪੰਜਾਬ ਦੀਆਂ ਸਰਕਾਰਾਂ ਕੋਲ ਸਦਾ ਹੀ ਚਾਪਲੂਸੀਏ ਮੌਕਾਪ੍ਰਸਤ, ਬੁਰਕੀ ਦੀ ਝਾਕ ਰੱਖਣ ਅਤੇ "ਸਿਹਰੇ" ਲਿਖਣ ਵਾਲੇ ਤਾਂ ਮੌਜੂਦ ਰਹਿੰਦੇ ਹਨ। ਅਜਿਹੇ ਹੀ ਸਾਹਿਤਕ ਪੱਧਰ 'ਤੇ ਵਿਚਰਨ ਵਾਲਿਆਂ ਨੂੰ ਇਨਾਮਾਂ-ਸਨਮਾਨਾਂ ਦੀ ਕੁੱਤੇ-ਝਾਕ ਨੇ ਸਾਹਿਤਕ ਮੰਗਤੇ ਬਣਾ ਕੇ ਰੱਖ ਦਿੱਤਾ ਹੈ। ਪਰ ਜਾਗਦੀਆਂ ਜ਼ਮੀਰਾਂ ਵਾਲੇ ਸਿਆਣੇ ਲੋਕਾਂ ਨੂੰ ਸਰਕਾਰਾਂ ਨੇੜੇ ਢੁੱਕਣ ਹੀ ਨਹੀਂ ਦਿੰਦੀਆਂ ਜੋ ਗਲਤ ਨੂੰ ਗਲਤ ਕਹਿ ਕੇ ਸਰਕਾਰਾਂ ਨੂੰ ਗਲਤੀਆਂ ਕਰਨੋਂ ਟੋਕ ਸਕਣ। ਕੌਲੀ-ਚੱਟ ਤਾਂ ਕੰਮ ਕਢਾਉਣ ਵਾਲੇ ਲੀਡਰਾਂ ਤੇ ਧੜਿਆਂ ਦਾ ਪੱਖ ਪੂਰਦੇ ਹਨ। ਲੋਕਾਂ ਨੂੰ ਚੇਤੰਨ ਕਰਨਾ ਸਿਰਫ ਸਰਕਾਰਾਂ ਦਾ ਹੀ ਨਹੀਂ ਇਹ ਤਾਂ ਹਰ ਲੋਕ ਦਰਦੀ, ਅਕਲਮੰਦ, ਸਿਆਣੇ-ਸੂਝਵਾਨ, ਵਿਦਵਾਨਾਂ ਤੇ ਬੁੱਧੀਜੀਵੀਆਂ ਦਾ ਫ਼ਰਜ਼ ਹੈ। ਸਰਕਾਰ ਨੂੰ ਅਕਲ ਦੇ ਰਾਹੇ ਪਾਉਣ ਵਾਸਤੇ ਬਹੁਤ ਹੀ ਤਕੜੇ ਸੰਘਰਸ਼ ਦੀ ਲੋੜ ਹੈ। ਲੋਕ ਤਾਂ ਸੰਘਰਸ਼ ਦੀ ਉਡੀਕ ਕਰ ਰਹੇ ਹਨ। ਪਰ ਅਜੇ ਤਾਂ ਸੰਘਰਸ਼ ਕਰਨ ਵਾਲੇ ਹੀ ਸੁੱਤੇ ਪਏ ਹਨ ਆਪਣੇ ਤਰਕਸ਼ ਜੰਡ 'ਤੇ ਟੰਗਕੇ।

ਅਜ ਚਿੰਤਨ ਦੇ ਪ੍ਰਵਾਹ ਦੀ ਸਖਤ ਲੋੜ ਹੈ। ਪੁਸਤਕਾਂ ਦੀ ਉਦਾਸੀ ਨੂੰ ਦੂਰ ਕਰਨ ਦੇ ਯਤਨ ਹੋਣ ਤਾਂ ਪੰਜਾਬੀ ਭਾਈਚਾਰਾ ਦੁਨੀਆਂ ਦੀ ਵਹਿ ਰਹੀ ਚਿੰਤਨ ਧਾਰਾ ਦੇ ਹਾਣ ਦਾ ਅੰਗ ਬਣ ਸਕਦਾ ਹੈ। ਪੰਜਾਬੀਆਂ ਅੰਦਰਲੀ ਸੂਝ ਨੂੰ ਵਿਸ਼ਾਲ ਅਤੇ ਤਿੱਖਿਆਂ ਵਾਸਤੇ ਸਰਗਰਮੀ ਨਾਲ ਪੁਸਤਕ ਸੱਭਿਆਚਾਰ ਪੈਦਾ ਕਰਨ ਵੱਲ ਸਾਂਝੇ ਕਦਮ ਪੁੱਟਣੇ ਪੈਣਗੇ। ਲੋਕਾਂ ਨੂੰ ਜਾਗ੍ਰਿਤੀ ਕਰਨ ਦਾ ਇਹ ਵੀ ਇਕ ਰਾਹ ਹੈ।

❖❖❖❖



# ਪੰਜਾਬੀ ਸੱਭਿਆਚਾਰ ਦੀ ਪਗੜੀ ਨੂੰ ਵੰਗਾਰ

ਕਿਸੇ ਵੀ ਦਰੱਖਤ ਨੂੰ ਵੱਢਣਾ ਹੋਵੇ ਤਾਂ ਪਹਿਲਾਂ ਉਸਦੀਆਂ ਜੜ੍ਹਾਂ ਨੰਗੀਆਂ ਕਰਕੇ ਕੱਟੀਆਂ ਜਾਂਦੀਆਂ ਹਨ, ਫੇਰ ਤਣੇ ਤੋਂ ਹੁੰਦੇ ਹੋਏ ਟਾਹਣ-ਟਾਹਣੀਆਂ, ਪੱਤੇ ਆਦਿ ਸਭ ਦਾ ਹੀ ਸਫਾਇਆ (ਘਾਣ) ਹੁੰਦਾ ਹੈ, ਅਤੇ ਜੇ ਕਿਸੇ ਸੱਭਿਆਚਾਰ ਨੂੰ ਤਬਾਹ ਕਰਨਾ ਹੋਵੇ ਤਾਂ ਸਭ ਤੋਂ ਪਹਿਲਾਂ ਉਸਦੀ ਜ਼ੁਬਾਨ/ਭਾਸ਼ਾ ਉੱਤੇ ਹਮਲਾ ਕੀਤਾ ਜਾਂਦਾ ਹੈ। ਫੇਰ ਹੌਲੀ ਹੌਲੀ ਬਾਕੀ ਦੇ ਕਾਰਜ ਨਿਭਾਏ ਜਾਂਦੇ ਹਨ। ਇਤਿਹਾਸ ਇਸਦੀ ਗਵਾਹੀ ਬਣਿਆ ਖੜ੍ਹਾ ਹੈ। ਲੋੜ ਸਿਰਫ ਪੰਨੇ ਫੋਲਣ ਦੀ ਹੈ। ਇਸਦੇ ਸਬੂਤ ਹਾਸਿਲ ਕਰਨ ਵਾਸਤੇ ਸਾਮਰਾਜੀਆਂ ਵੱਲੋਂ ਬਸਤੀਆਂ ਬਣਾਏ ਗਏ ਮੁਲਕਾਂ ਵਲ ਨਿਗਾਹ ਮਾਰਨੀ ਕਾਫੀ ਹੋਵੇਗੀ। ਅਫਰੀਕਾ ਅਤੇ ਏਸ਼ੀਆ ਮਹਾਂਦੀਪਾਂ ਦੇ ਬਹੁਤ ਸਾਰੇ ਦੇਸ਼ ਬਸਤੀਵਾਦੀ ਸਾਮਰਾਜੀਆਂ ਦੀ ਇਸ ਸਿਆਸੀ ਚਲਿੱਤਰਬਾਜ਼ੀ ਦਾ ਸ਼ਿਕਾਰ ਹੋਏ ਹਨ। ਉਹ ਮੁਲਕ ਅਜੇ ਤੱਕ ਵੀ ਇਸ ਬੇਈਮਾਨੀ ਨਾਲ ਭਰੇ/ਬੱਜੇ ਡੰਗ ਦਾ ਜ਼ਹਿਰ ਨਹੀਂ ਉਤਾਰ ਸਕੇ। ਇਸ ਜ਼ਹਿਰ ਨੂੰ ਉਤਾਰਨ ਜਾਂ ਮੁੱਕਣ ਵਾਸਤੇ ਕਿੰਨਾ ਸਮਾਂ ਹੋਰ ਲੱਗੇਗਾ, ਕਿੰਨੀਆਂ ਪੀੜ੍ਹੀਆਂ ਨੂੰ ਇਹ ਦੁੱਖ-ਦਰਦ ਹੋਰ ਹੰਢਾਉਣਾ ਪਵੇਗਾ, ਕਿੰਨੇ ਹੋਰ ਅਣਖੀ ਮਨੁੱਖਾਂ ਨੂੰ ਆਪਣੀਆਂ ਜਾਨਾਂ ਦੀ ਅਹੂਤੀ ਦੇਣੀ ਪਵੇਗੀ, ਇਹ ਤਾਂ ਸਿਰਫ ਭਵਿੱਖ ਵਿਚ ਹੀ ਜਾਣਿਆ ਜਾ ਸਕੇਗਾ।

ਅੰਗਰੇਜ਼ਾਂ ਦੇ ਵਪਾਰ ਬਹਾਨੇ ਭਾਰਤ ਅੰਦਰ ਆਉਣ ਅਤੇ ਬੇਈਮਾਨੀ ਭਰੀ ਚਲਾਕੀ ਨਾਲ ਮੁਲਕ ਉੱਤੇ ਕਬਜ਼ਾ ਕਰ ਲੈਣ ਪਿੱਛੋਂ ਉਨ੍ਹਾਂ ਨੇ ਆਪਣੇ ਮੁੱਖ ਮਕਸਦ (ਸ਼ੁਰੂ ਵਿਚ) ਆਰਥਿਕ ਲੁੱਟ ਆਰੰਭ ਕਰ ਲੈਣ ਤੋਂ ਬਾਅਦ ਭਾਰਤੀ ਸੱਭਿਆਚਾਰ ਅੰਦਰ ਵਿਗਾੜ ਪੈਦਾ ਕਰਨ ਖਾਤਰ ਅਤੇ ਤੈਅ ਕੀਤੇ ਨਵੇਂ ਮਨਸੂਬਿਆਂ ਅਧੀਨ ਮੱਲੋਜ਼ੋਰੀ ਆਪਣੇ ਸੱਭਿਆਚਾਰ ਦੀਆਂ ਜੜ੍ਹਾਂ ਲਾਉਣ ਵਾਸਤੇ ਭਾਰਤੀ ਬੋਲੀਆਂ/ਭਾਸ਼ਾਵਾਂ ਨੂੰ ਛੁਟਿਆਉਣ ਵਲ ਕਦਮ ਪੁੱਟੇ ਸਨ, ਬਹਾਨਾ ਭਾਵੇਂ ਕਲਰਕ ਪੈਦਾ ਕਰਨ ਵਾਲੀ 'ਦਲੀਲ' ਨੂੰ ਹੀ ਬਣਾਇਆ ਗਿਆ ਹੋਵੇ। ਜਿਸ ਦੇ ਸਿੱਟੇ ਵਜੋਂ ਨਵੇਂ ਸੱਭਿਆਚਾਰਕ ਵਰਤਾਰਿਆਂ ਨੇ ਜਨਮ ਲਿਆ ਸੀ। ਇਨ੍ਹਾਂ ਹੀ ਵਰਤਾਰਿਆਂ ਨੇ ਅੱਗੇ ਚੱਲ ਕੇ ਭਾਰਤੀ ਸੱਭਿਆਚਾਰ ਨੂੰ ਅਜਿਹਾ ਨਾਗਵਲ਼ ਪਾਇਆ ਕਿ ਬਹੁਤ ਸਾਰੇ ਸਿਆਣੇ ਅਖਵਾਂਉਦੇ ਸਾਡੇ ਵਿਦਵਾਨ ਮੁਲਕ ਦੇ ਅਜਾਦ ਹੋਇਆ ਛੇ ਦਹਾਕਿਆਂ ਨਾਲੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਵੀ ਬਸਤੀਵਾਦੀਆਂ ਵਲੋ ਦਿੱਤੀ ਉਸ ਗੁਲਾਮ ਮਾਨਸਿਕਤਾ ਤੋਂ ਖਹਿੜਾ ਨਹੀਂ ਛੁਡਾ ਸਕੇ ਜਿਹੜੀ ਅੰਗਰੇਜ਼ ਬਸਤੀਵਾਦੀਆਂ ਦੀ ਕੂਟ-ਨੀਤੀ (ਡਿਪਲੋਮੈਸੀ) ਦਾ ਵਿਸ਼ੇਸ਼ ਅੰਗ ਸੀ। ਸਗੋਂ ਸਮਾਂ ਬੀਤਣ ਦੇ ਨਾਲ ਉਹ ਉਸ ਵਿਚ ਹੋਰ ਵੀ ਡੂੰਘੇ ਧਸਦੇ ਗਏ ਹਨ।

ਆਖਰ ਅਜਿਹਾ ਹੁੰਦਾ ਕਿਉਂ ਹੈ, ਕਿ ਲੋਕਾਂ ਨੂੰ ਸੇਧ ਦੇਣ ਵਾਲੇ ਆਪ ਖੁਦ ਸੇਧ ਹੀਣ ਤੁਰੇ ਫਿਰਨ? ਲੋਕਾਂ ਦਾ ਆਸਰਾ ਬਣਨ ਵਾਲੇ ਆਪ ਆਸਰਾ ਭਾਲਦੇ ਫਿਰਨ? ਇਸਤੋਂ ਦੁੱਖ ਭਰੀ ਸਥਿਤੀ ਹੋਰ ਕੋਈ ਨਹੀਂ ਹੁੰਦੀ। ਹੋ ਵੀ ਨਹੀਂ ਸਕਦੀ। ਕਿਸੇ ਵੀ ਸਮਾਜ ਲਈ ਇਹ ਨਿਘਾਰ ਵਲ ਜਾਂਦਾ ਰਸਤਾ ਬਣ ਜਾਂਦਾ ਹੈ। ਲੰਮੇ ਸਮੇਂ ਦਾ ਦੀਰਘ ਰੋਗ।

ਜਦੋਂ ਤੱਕ ਕਿਸੇ ਮਸਲੇ (ਵਿਸ਼ੇ) ਪ੍ਰਤੀ ਪੂਰੀ ਸੂਝ ਤੇ ਹਮਦਰਦੀ ਨਾ ਹੋਵੇ (ਮਸਲਾ ਭਾਵੇ ਮਾਂ ਬੋਲੀ ਦਾ ਹੀ ਹੋਵੇ) ਉਦੋਂ ਤੱਕ ਮਨੁੱਖ ਉਸ ਪ੍ਰਤੀ ਅਵੇਸਲਾ ਹੋ ਸਕਦਾ ਹੈ। ਪਰ ਇਸ ਅਵੇਸਲੇਪਣ ਦੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਿੰਨੀ ਭਾਰੀ ਕੀਮਤ ਤਾਰਨੀ ਪੈ ਸਕਦੀ ਹੈ, ਇਸਦਾ ਅੰਦਾਜ਼ਾ ਲਾਉਣਾ ਬਹੁਤ ਔਖਾ ਹੁੰਦਾ ਹੈ। ਕਿਆਸ ਕੀਤਿਆਂ ਇਹ ਹੀ ਹੱਥ ਆਉਂਦਾ ਹੈ ਕਿ ਇਹੋ ਜਹੇ ਲੋਕ (ਲੀਡਰ ਮਾਰਕਾ) ਜਿਹੜੇ ਭਵਿੱਖ ਨੂੰ ਨਜ਼ਰ ਅੰਦਾਜ਼ ਕਰਕੇ ਸੋਚ/ਦੇਖ ਰਹੇ ਹਨ ਉਨ੍ਹਾਂ ਦਾ ਸੋਚਣਾ ਕਿੰਨਾ ਕੁ ਸਾਰਥਿਕ ਹੋ ਸਕਦਾ ਹੈ? ਬਿਨਾਂ ਸੋਚੇ-ਸਮਝੇ ਕਿਸੇ ਦੀ ਝੂਠੀ ਚਾਕਰੀ ਕਰਕੇ ਪਿਛੋਂ ਹੱਥ ਹੀ ਮਲਣੇ ਪੈਂਦੇ ਹਨ ਅਤੇ ਫੇਰ ਬੀਤੇ ਵਕਤ ਦਾ ਪਛਤਾਵਾ ਖਹਿੜਾ ਨਹੀਂ ਛੱਡਦਾ। ਜਦੋਂ ਚਿੜੀਆਂ ਖੇਤ ਚੁਗ ਗਈਆਂ ਹੋਣ ਤਾਂ ਫੁਰਰਰਰਰਰਰਰ ਦੀ ਅਵਾਜ਼ ਹੀ ਪਿੱਛੇ ਰਹਿ ਜਾਣੀ ਹੁੰਦੀ ਹੈ ਜਾਂ ਆਪਣੇ ਨਾਲਾਇਕ ਵਡੇਰਿਆਂ ਨੂੰ ਘੂਰਦੇ/ਪਿੱਟਦੇ ਉਨ੍ਹਾਂ ਦੇ ਬੱਚੇ ਜਿਨ੍ਹਾਂ ਨੂੰ ਆਪਣੇ ਵਡਾਰੂਆਂ ਦੀ ਮੂਰਖਤਾ ਦਾ ਲੰਮੇ ਸਮੇਂ ਤੱਕ ਸੰਤਾਪ ਹੰਢਾਉਣਾ/ ਭੋਗਣਾ ਪੈਂਦਾ ਹੈ।

ਪੰਜਾਬੀ ਜ਼ੁਬਾਨ ਨਾਲ ਕਦੇ ਵੀ ਕਿਸੇ ਨੇ ਇਨਸਾਫ ਨਹੀਂ ਕੀਤਾ (ਮਹਾਰਾਜਾ ਰਣਜੀਤ ਸਿੰਘ ਨੇ ਵੀ ਨਹੀਂ) ਨਾ ਹੀ ਕੇਂਦਰ ਵਿਚਲੀਆਂ ਚਰਖੇ ਵਾਲੀਆਂ ਚਿੱਟੀਆਂ ਸਰਕਾਰਾਂ ਅਤੇ ਉਹਨਾ ਦੇ ਪੰਜਾਬ ਵਿਚਲੇ ਚੇਲਿਆਂ ਨੇ, ਅਤੇ ਨਾ ਹੀ ਕੇਂਦਰ ਵਿਚ ਬਣੀਆਂ ਨੀਲੀਆਂ+ਪੀਲੀਆਂ (ਭਾਵ ਖੰਡੇ ਅਤੇ ਤ੍ਰਿਸੂਲ ਦੀਆਂ ਹਾਮੀ, ਪੰਜਾਬ ਅਤੇ ਪੰਜਾਬੀ ਦੀਆਂ ਹਾਮੀ ਬਿਲਕੁਲ ਨਹੀਂ) ਸਰਕਾਰਾਂ ਨੇ ਜਿਨ੍ਹਾਂ ਦੇ ਕਈ ਪਿਛਲੱਗ ਆਪਣੇ ਆਪ ਨੂੰ ਧਰਮ-ਨਿਰਪੱਖ (?) ਵੀ ਆਖਦੇ ਰਹੇ, ਪਰ ਅਫ਼ਸੋਸ! ਬਣ ਉਹ ਕਦੇ ਵੀ ਨਾ ਸਕੇ। ਉਹ ਦੂਜਿਆਂ ਵਲੋਂ ਉਨ੍ਹਾਂ ਨੂੰ ਦਿੱਤੀ ਗੁਲਾਮ ਮਾਨਸਿਕਤਾ ਦੀ ਪੱਲੇਦਾਰੀ ਕਰਦੇ ਰਹੇ। ਉਹ ਸਦਾ ਆਪਣੀ ਹੀ ਨਖਿੱਧ ਸੋਚ ਦੇ ਕੈਦੀ ਬਣਕੇ ਵਿਚਰਦੇ ਰਹੇ ਅਤੇ ਆਪਣੇ ਹੀ ਘਰ ਭਰਨ 'ਤੇ ਲੱਗੇ ਰਹੇ। ਪੰਜਾਬ ਵਿਚ ਮੌਕਾਪ੍ਰਸਤ ਅਤੇ ਫਿਰਕਾਪ੍ਰਸਤ ਪਾਰਟੀਆਂ ਦੀਆਂ ਸਰਕਾਰਾਂ ਨੇ ਪੰਜਾਬੀ ਸਬੰਧੀ ਦੁੱਧ ਵਿਚ ਸਦਾ ਮੀਂਙਣਾਂ ਹੀ ਪਾਈਆਂ ਹਨ। ਦੁਧ ਫ਼ਟਦਾ ਗਿਆ ਤੇ ਦੁੱਖ ਵਧਦਾ ਗਿਆ। ਪੰਜਾਬੀਆਂ ਨੂੰ ਇਹ ਹੀ ਬੇਈਮਾਨੀ ਭਰੀ ਦੇਣ ਹੈ ਇਨ੍ਹਾ ਸਰਕਾਰਾਂ ਦੀ। ਇਨ੍ਹਾਂ ਨੇ ਸਦਾ ਆਪਣੀ ਹੀ ਮਾਂ ਨਾਲ ਧੋਖਾ ਕੀਤਾ, ਸਦਾ ਆਪਣੀ ਹੀ ਮਾਂ ਦੀ ਗੁੱਤ ਪੱਟੀ, ਸਾਰੀ ਦੁਨੀਆਂ ਵਿਚ ਆਪਣੀ ਹੀ ਮਾਂ ਦੀ ਇੱਜਤ ਰੋਲ਼ੀ। ਇਨ੍ਹਾਂ ਨੇ ਤਾਂ ਲਛਮਣ ਸਿੰਘ ਗਿੱਲ ਦੀ ਸਰਕਾਰ ਵਲੋ ਪੰਜਾਬੀ ਨੂੰ ਪੰਜਾਬ ਦੀ ਰਾਜ ਭਾਸ਼ਾ ਬਣਾਏ ਜਾਣ ਦੇ ਬਾਵਜੂਦ ਜਾਣ ਬੁੱਝ ਕੇ ਇਸ ਨੂੰ ਲਾਗੂ ਨਹੀਂ ਕੀਤਾ (ਲਾਗੂ ਕਰਨ ਦਾ ਕਦੇ ਜਤਨ ਤੱਕ ਨਹੀਂ ਕੀਤਾ) ਅਤੇ ਨਾ ਹੀ ਇਹ ਪਾਰਟੀਆਂ ਪੰਜਾਬੀ ਪ੍ਰਤੀ ਕਦੇ



ਈਮਾਨਦਾਰ ਰਹੀਆਂ ਹਨ। ਮੌਕਾਪ੍ਰਸਤੀ ਦੇ ਘੋੜੇ ਤੇ ਅਸਵਾਰ ਇਹ ਖਚਰੇ ਸਿਆਸਤਦਾਨ ਲੋਕਾਂ ਦੀਆਂ ਵੋਟਾਂ ਵਟੋਰਨ ਵਾਸਤੇ ਝੂਠ ਦੇ ਤੂਫਾਨ ਵਿਚ ਮਜਬੂਰੀ ਵਸ ਕਦੀ-ਕਦਾਈਂ ਪੰਜਾਬੀ ਦਾ ਵੀ ਨਾਂ ਲੈ ਦਿੰਦੇ ਹਨ ਅਤੇ ਰਾਜ ਸ਼ਕਤੀ ਹੱਥ ਆ ਜਾਣ ਵੇਲੇ ਆਪਣੇ ਹੀ ਵਾਅਦਿਆਂ ਦੀ ਰਾਹੀਂ-ਗੋਹਰੀਂ ਖੇਹ ਉਡਾਉਂਦੇ ਦੇਖੇ ਜਾ ਸਕਦੇ ਹਨ। ਆਪਣਾ ਹੀ ਥੁੱਕਿਆ ਵਾਰ ਵਾਰ ਚੱਟਦੇ ਹਨ। ਅਜ ਵੀ ਇੰਝ ਹੀ ਹੋ ਰਿਹਾ ਹੈ।

ਪਿਛਲੇ ਸਮੇਂ ਫੇਰ ਮਾਂ ਦੇ ਦੁੱਧ ਨੂੰ ਲਾਜ ਲਾਉਣ ਦੇ ਯਤਨ ਕੀਤੇ ਗਏ ਹਨ। ਅਜਿਹੀ ਆਸ ਤਾਂ ਕਿਸੇ ਨੀਮ ਪਾਗਲ ਜਾਂ ਬੇ-ਅਣਖੇ ਇਨਸਾਨ ਤੋਂ ਹੀ ਕੀਤੀ ਜਾ ਸਕਦੀ ਹੈ ਕਿ ਉਹ ਆਪਣੀ ਮਾਂ ਦੀ ਲੁੱਟੀ ਜਾਂਦੀ ਪੱਤ ਨੂੰ ਵੇਖੇ ਅਤੇ ਜਸ਼ਨ ਮਨਾਵੇ। ਪੰਜਾਬੀ ਨੂੰ ਛੁਟਿਆਉਣ ਅਤੇ ਪਛਾੜਨ ਵਾਸਤੇ ਅਕਾਲੀ ਦਲ ਉੱਤੇ ਕਾਬਜ ਜਗੀਰਦਾਰਾਂ ਦੀ ਢਾਣੀ (ਪਿਛਾਂਹਖਿਚੂ ਰਾਸ਼ਟਰ ਸੰਘੀਆਂ ਦੇ ਆਖੇ ਲੱਗ ਕੇ) ਸਦਾ ਹੀ ਗੋਡਿਆਂ ਭਾਰ ਹੋਈ ਰਹਿੰਦੀ ਹੈ। ਸਿਆਸੀ ਅਹੁਦਿਆਂ ਦੀ ਭੁੱਖ ਕਿੰਨੀ ਕਮੀਨੀ ਹੁੰਦੀ ਹੈ ਕਿ ਸਿਆਸੀ ਸਿਆਣਪ ਪੱਖੋ ਅਸਲੋਂ ਹੀ ਸਾਧਾਰਨ ਜਹੀ ਸੂਝ ਦੇ 'ਮਾਲਕਾਂ' ਨੂੰ ਕੇਂਦਰ ਵਿਚ ਵਜੀਰ ਬਣਾ ਕੇ ਭੇਜ ਦਿੰਦੇ ਹਨ। ਹਿੰਦੂਵਾਦੀਆਂ ਨੇ ਹਮੇਸ਼ਾ ਹੀ ਇਨ੍ਹਾਂ ਨੂੰ ਪਹਿਲਾਂ ਹੀ ਕਛੈਹਰਾ ਧਾਰੀਆਂ ਤੋਂ ਸਿਆਸੀ ਨਿੱਕਰਧਾਰੀ ਬਨਾਉਣ ਦਾ ਯਤਨ ਕੀਤਾ ਹੈ। ਸਾਬਕਾ ਪ੍ਰਧਾਨ ਮੰਤਰੀ ਵਾਜਪਾਈ (ਜਿਹੜਾ ਖੁਦ ਇਕ ਮਖੌਟਾ ਸੀ) ਦੀ ਅਪਾਰ ਕਿਰਪਾ ਨਾਲ ਇਨ੍ਹਾਂ ਪੰਜਾਬ ਦੇ ਮਸਲਿਆਂ ਤੋਂ ਕਿਨਾਰਾ ਕਰੀ ਰੱਖਣ ਬਦਲੇ ਕੇਂਦਰ ਵਿਚ ਵਜੀਰੀਆਂ ਦਾ ਸੁਖ ਮਾਣਿਆਂ। ਸ਼ਰਮ ਨਾਲ ਡੁੱਬ ਮਰਨ ਵਾਲੀ ਗੱਲ ਇਹ ਹੈ ਕਿ ਅੱਜ ਦੇ ਸਿੱਖ ਇਤਿਹਾਸ ਨੂੰ ਦਾਗੀ ਕਰਨ ਵਾਸਤੇ ਕਿਸੇ ਮੱਸੇ ਰੰਘੜ ਦੀ ਜਾਂ ਕਿਸੇ ਜਕਰੀਆ ਖਾਨ ਦੀ ਲੋੜ ਹੀ ਨਹੀਂ ਪੈਂਦੀ, ਸਗੋਂ ਵਜੀਰੀ ਦੀ ਬੁਰਕੀ ਪਾ ਦਿੱਤੀ ਜਾਵੇ ਤਾਂ ਕਈ ਸਾਰੇ ਜਕਰੀਆ ਖਾਨ ਦੀ ਰੂਹ ਦੇ ਕੱਪੜੇ ਪਹਿਨਣ ਵਾਸਤੇ ਤਿਆਰ ਹੋ ਜਾਣਗੇ/ਤਿਆਰ ਹੀ ਰਹਿੰਦੇ ਹਨ।

ਪੰਜਾਬ ਅੰਦਰ ਪਹਿਲੀ ਜਮਾਤ ਤੋ ਅੰਗਰੇਜ਼ੀ ਪੜ੍ਹਾਉਣੀ ਸ਼ੁਰੂ ਕਰਨ ਦਾ ਐਲਾਨ ਬਹੁਤ ਸਾਰੇ ਸਵਾਲ ਪੈਦਾ ਕਰਦਾ ਹੈ। ਸਾਰੇ ਹੀ ਜਾਣਦੇ ਹਨ ਕਿ ਬੋਲੀ ਅਤੇ ਭਾਸ਼ਾ ਦਾ ਕਿਸੇ ਸਮਾਜ ਨਾਲ ਬਹੁਤ ਨੇੜੇ ਦਾ (ਨਹੁੰ ਮਾਸ ਵਰਗਾ) ਰਿਸ਼ਤਾ ਹੁੰਦਾ ਹੈ। ਇਸ ਦੇ ਰਾਹੀਂ ਹੀ ਸਮਾਜਿਕ ਰਿਸ਼ਤਿਆਂ ਦੀ ਸ਼ਨਾਖ਼ਤ (ਪਹਿਚਾਣ) ਕੀਤੀ ਜਾਂਦੀ ਹੈ। ਕਿਸੇ ਖਿੱਤੇ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਵਿਕਾਸ ਅੰਦਰ ਵੀ ਬੋਲੀ ਅਤੇ ਭਾਸ਼ਾ ਦਾ ਹਿੱਸਾ ਘਟਾ ਕੇ ਨਹੀਂ ਵੇਖਿਆ ਜਾ ਸਕਦਾ, ਨਾ ਹੀ ਉਸਨੂੰ ਛੁਟਿਆਇਆ ਜਾ ਸਕਦਾ ਹੈ। ਪੰਜਾਬੀ ਕੋਈ ਗਈ ਗੁਜ਼ਰੀ ਜ਼ੁਬਾਨ ਨਹੀ ਕਿ ਇਸ ਦੇ ਹੁੰਦਿਆਂ ਕੋਈ ਸਮਾਜੀ ਸਮੂਹ ਤਰੱਕੀ ਕਰਦਿਆਂ ਅੱਗੇ ਨਾ ਵਧ ਸਕਦਾ ਹੋਵੇ। ਪੰਜਾਬੀ ਦੁਨੀਆਂ ਦੀਆਂ ਵਿਕਸਤ ਜ਼ੁਬਾਨਾਂ ਵਿਚੋ ਇਕ ਹੈ। ਹੋਰ ਬੋਲੀਆਂ ਤੇ ਭਾਸ਼ਾਵਾਂ ਦੀ ਆਪਣੀ ਮਹੱਤਤਾ ਹੈ ਉਨ੍ਹਾ ਨੂੰ ਵੀ ਘੱਟ ਕਰਕੇ ਨਹੀ ਵੇਖਿਆ ਜਾ ਸਕਦਾ। ਜਿਵੇਂ ਕੋਈ ਸਮਾਜ ਵਿਕਾਸ ਕਰਦਾ ਹੈ ਉਵੇਂ ਹੀ ਭਾਸ਼ਾ ਵੀ ਵਿਕਾਸ ਕਰਦੀ ਹੈ। ਸਮਾਜ ਅਤੇ ਦੁਨੀਆਂ ਅੰਦਰ ਹੁੰਦੇ ਕੰਮਾਂ/ਤਬਦੀਲੀਆਂ ਦਾ ਹਰ ਪਾਸੇ ਹੀ ਅਸਰ ਹੁੰਦਾ ਹੈ। ਲੋੜ ਇਸ

ਨੂੰ ਸਹੀ ਢੰਗ ਨਾਲ ਆਪਣੇ ਲੋਕਾਂ ਤੱਕ ਪਹੁੰਚਾਉਣ ਦੀ ਹੈ, ਤਾਂ ਕਿ ਹਰ ਸਮਾਜ ਹੀ ਦੁਨੀਆਂ ਅੰਦਰ ਆਪਣਾ ਤੋਲ ਸਾਵਾਂ ਰੱਖ ਸਕੇ ਅਤੇ ਵਿਕਾਸ ਕਰਦਿਆਂ ਅੱਗੇ ਵਧ ਸਕੇ।

ਉਪਰੋਕਤ ਚਲ ਰਹੀ ਬਹਿਸ ਵਿਚੋਂ ਗੰਭੀਰਤਾ ਨਾਲ ਸੋਚਿਆਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਸਾਡੇ ਵਿਦਿਅਕ ਢਾਂਚੇ ਅੰਦਰ ਬੇਸ਼ੁਮਾਰ ਨੁਕਸ ਹਨ ਇਸ ਕਰਕੇ ਹੀ ਇਥੇ ਵੱਡੇ ਪੱਧਰ ਤੇ ਲੋਕ ਪੱਖੀ ਤਬਦੀਲੀਆਂ ਦੀ ਸਖਤ ਲੋੜ ਹੈ। ਬੱਚਿਆਂ ਨੂੰ ਪਹਿਲੀ ਜਮਾਤ ਤੋ ਅੰਗਰੇਜ਼ੀ ਪੜ੍ਹਾਉਣੀ ਸ਼ੁਰੂ ਕਰਨ ਨਾਲ ਇਹ ਮਸਲਾ ਹੱਲ ਨਹੀਂ ਹੋਇਆ। ਜੋ ਧੱਕੇ ਨਾਲ ਪਹਿਲੀ ਜਮਾਤ ਤੋ ਅੰਗਰੇਜ਼ੀ ਪੜਾਉਣੀ ਸ਼ੁਰੂ ਕੀਤੀ ਗਈ ਹੈ ਤਾਂ ਇਸ ਨਾਲ ਯਕੀਨਨ ਹੀ ਬੱਚਿਆਂ ਦੇ ਸੱਚੇ ਸੁੱਚੇ ਅਤੇ ਭੋਲ਼ੇ ਮਨਾਂ ਉੱਤੇ ਪੰਜਾਬੀ ਸਮਾਜ ਨਾਲੋ ਕੋਈ ਟੁੱਟਵੀ (ਵੱਖਰੀ) ਇਬਾਰਤ ਲਿਖੀ ਜਾਵੇਗੀ ਜਿਹੜੀ ਇਬਾਰਤ ਪਿੱਛੋ ਜਾ ਕੇ ਪੰਜਾਬੀ ਸਮਾਜ ਅਤੇ ਪੰਜਾਬੀ ਸੱਭਿਆਚਾਰ ਵਾਸਤੇ ਘਾਤਕ ਸਾਬਤ ਹੋ ਸਕਦੀ ਹੈ। ਇਹ ਇਬਾਰਤ ਆਉਣ ਵਾਲੇ ਖਤਰਿਆਂ ਦੀ ਘੰਟੀ ਹੈ। ਕੰਨਾਂ ਵਾਲੇ ਇਸ ਨੂੰ ਸੁਣ ਰਹੇ ਹਨ, ਅਤੇ ਮਚਲੇ ਇਸ ਦੇ ਪਾਸਿਉ ਹੋ ਕੇ ਲੰਘਿਆ ਚਾਹੁੰਦੇ ਹਨ ਜਾਂ ਫੇਰ ਜਮਹੂਰੀਅਤ ਦੇ ਆਸਰੇ ਮਿਲੀ ਸਿਆਸੀ ਤਾਕਤ ਕਰਕੇ ਉਸੇ ਜਮਹੂਰੀਅਤ ਨਾਲ ਬਲਾਤਕਾਰ ਕਰ ਰਹੇ ਹਨ।

ਪੰਜਾਬੀ ਸਮਾਜ ਨੂੰ ਵੀ ਹੋਰ ਸਮਾਜਾਂ ਵਾਂਗ ਸੰਸਾਰ ਨਾਲ ਸੰਪਰਕ ਦੀ ਲੋੜ ਹੈ। ਪੰਜਾਬੀ ਸਾਰੀ ਦੁਨੀਆਂ ਵਿਚ ਫੈਲੇ ਹੋਏ ਹਨ, ਲੋਕ ਜਿੱਥੇ ਵੀ ਰਹਿੰਦੇ ਹਨ ਉਥੋਂ ਬਹੁਤ ਕੁੱਝ ਸਿੱਖਦੇ ਹਨ। ਜਿਹੜੇ ਮੁਲਕਾਂ ਨੇ ਆਪਣੀਆਂ ਜ਼ੁਬਾਨਾਂ ਰਾਹੀ ਆਪਣੇ ਲੋਕਾਂ ਨੂੰ ਸਿੱਖਿਅਤ ਕੀਤਾ (ਅੰਗਰੇਜ਼ੀ ਰਾਹੀਂ ਨਹੀਂ) ਉਨ੍ਹਾਂ ਤਰੱਕੀ ਦੀਆਂ ਸਿਖਰਾਂ ਛੋਹੀਆਂ ਜਪਾਨ, ਜਰਮਨੀ, ਫਰਾਂਸ ਅਤੇ ਰੂਸ ਆਦਿ ਮੁਲਕਾਂ ਨੇ ਅੰਗਰੇਜ਼ੀ ਬੋਲਣ ਵਾਲੇ ਮੁਲਕਾਂ ਤੋ ਕਿਤੇ ਵੱਧ ਤਰੱਕੀ ਕੀਤੀ। ਆਖਿਰ ਕਿਉਂ? ਉੱਥੇ ਦੇ ਲੀਡਰਾਂ ਨੂੰ ਭਲਾਂ ਅਕਾਲੀਆਂ ਦੀ 'ਅਕਲ' ਵਰਗਾ ਕੋਈ 'ਕਰਾਮਾਤੀ' ਫੁਰਨਾ ਕਿਉਂ ਨਾ ਫੁਰਿਆ? ਆਪਣੇ ਆਪ ਨੂੰ ਸਿੱਖਾਂ ਦੇ ਲੀਡਰ ਅਖਵਾਉਣ ਵਾਲੇ, ਸ਼ੈਤਾਨ ਰੂੜੀਵਾਦੀ ਫਿਰਕਾਪ੍ਰਸਤ ਲੀਡਰਾਂ (ਸਾਰੇ ਹਿੰਦੂ ਫਿਰਕਾਪ੍ਰਸਤ ਨਹੀਂ) ਦੇ ਆਖੇ ਲੱਗ ਕੇ ਭਲਾਂ ਕੀ ਖੱਟ ਲੈਣਗੇ? ਅਕਾਲੀ ਆਪਣੇ ਆਪ ਨੂੰ ਧਰਮ ਵਿਚ ਯਕੀਨ ਰੱਖਣ ਕਰਕੇ ਧਾਰਮਿਕ ਵੀ ਕਹਿੰਦੇ/ਕਹਾਉਂਦੇ ਹਨ,(ਬਸ, ਕਹਿੰਦੇ /ਕਹਾਉਂਦੇ ਹੀ ਹਨ) ਇਸ ਕਰਕੇ ਹੀ ਉਨ੍ਹਾਂ ਨੂੰ ਇਹ ਚੇਤੇ ਕਰਵਾਉਣਾ ਵੀ ਕੁਥਾਵਾਂ ਨਹੀ ਹੋਵੇਗਾ ਕਿ ਦੁਨੀਆਂ ਦੀ ਕੋਈ ਵੀ ਅਜਿਹੀ ਧਾਰਮਿਕ ਪੁਸਤਕ ਨਹੀਂ ਜਿਹੜੀ ਬੁਨਿਆਦੀ ਤੌਰ ਤੇ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਗਈ ਹੋਵੇ। ਉਹ ਵੇਦ ਹੋਣ, ਬਾਈਬਲ ਹੋਵੇ, ਗੀਤਾ ਜਾਂ ਫੇਰ ਕੁਰਾਨ ਹੋਵੇ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ, ਨਾ ਹੀ ਬੋਧੀ ਅਤੇ ਹੋਰ ਧਰਮਾਂ ਦੇ ਵਿਖਿਆਨ ਅੰਗਰੇਜ਼ੀ ਵਿਚ ਹਨ। ਨਾ ਹੀ ਬਹੁਤ ਪਿੱਛੋ ਜਨਮੇ ਬਹਾਈ ਧਰਮ ਵਾਲਿਆਂ ਜਾਂ ਤਾਉ ਵਾਦੀਆਂ ਨੂੰ ਇਸ ਦੀ ਲੋੜ ਜਾਪੀ। ਆਖਿਰ ਕਿਉਂ ਨਹੀਂ? ਕੀ ਅਕਾਲੀ ਹੀ ਸਾਰੀ ਦੁਨੀਆਂ ਨਾਲੋ 'ਸਿਆਣੇ' ਹੋ ਗਏ ਜਿਨ੍ਹਾ ਨੂੰ ਸਿਰੇ ਦਾ



ਮੂਰਖਤਾ ਭਰਿਆ ਫੁਰਨਾ ਫੁਰਿਆ? ਆਪਣੇ ਪ੍ਰਚਾਰ ਵਾਸਤੇ ਹਰ ਕਿਸੇ ਨੇ ਹੀ ਹੋਰ ਭਾਸ਼ਾਵਾਂ ਦਾ ਸਹਾਰਾ ਲਿਆਂ ਜੋ ਦੂਰ ਤੱਕ ਸੰਦੇਸ਼ ਪਹੁੰਚਾਉਣ ਲਈ ਇਕ ਜਰੂਰੀ ਤੇ ਕਾਰਗਰ ਸਾਧਨ ਸੀ ਤੇ ਹੈ ਅਤੇ ਭਵਿੱਖ ਵਿਚ ਵੀ ਰਹੇਗਾ। ਇਹ ਸੰਪਰਕ ਦਾ ਰਾਹ ਹੈ ਇਸ ਨੂੰ ਛੱਡਿਆਂ ਨਹੀ ਜਾ ਸਕਦਾ।

ਪੰਜਾਬੀ ਅਤੇ ਪੰਜਾਬੀ ਦੇ ਹਮਦਰਦ (ਮੁਦਈ) ਤਾਂ ਇਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਜ਼ੁਬਾਨ ਵਧੇ-ਫੁਲੇ, ਨਿਸਾਰੇ ਵਲ ਜਾਵੇ ਅਤੇ ਇਹ ਵੀ ਕਿ ਲਹਿੰਦੇ ਪੰਜਾਬ ਵਿਚ ਮਧੋਲ਼ੀ ਜਾ ਰਹੀ ਪੰਜਾਬੀ ਨੂੰ ਉਹਦਾ ਢੁਕਵਾਂ, ਮਾਣਯੋਗ ਸਥਾਨ ਮਿਲੇ। ਇਹਦੇ ਵਾਸਤੇ ਲਹਿੰਦੇ ਪੰਜਾਬ ਅੰਦਰ ਪੰਜਾਬੀ ਦੀ ਲਹਿਰ ਅੱਗੇ ਵਧ ਰਹੀ ਹੈ, ਲੋੜ ਉਹਨੂੰ ਤਕੜਿਆਂ ਕਰਨ ਦੀ ਹੈ, ਢਾਅ ਲਾਉਣ ਦੀ ਨਹੀ। ਪਰ,  ਇੱਥੇ ਤਾਂ (ਚੜ੍ਹਦੇ ਪੰਜਾਬ ਅੰਦਰ) ਹਾਕਮ ਸਿਆਸਤਦਾਨ ਗੰਗਾ ਪਹੋਏ ਨੂੰ ਤੋਰੀ ਚਾਹੁੰਦੇ ਹਨ। ਉਹ ਪੰਜਾਬੀ ਨੂੰ ਹਰ ਪੱਧਰ ਉੱਤੇ ਲਾਗੂ ਕਰਨ ਦੀ ਥਾਂ ਰਾਜ ਭਾਸ਼ਾ ਵਾਲੇ ਕਾਨੂਨ ਦੀ ਵੀ ਅਵੱਗਿਆ ਕਰਦੇ ਆ ਰਹੇ ਹਨ, ਪੰਜਾਬੀ ਨਾਲ ਆਪਣਿਆਂ ਵਲੋ ਕੀਤਾ ਇਹ ਸਭ ਤੋ ਭੈੜਾ ਮਖੌਲ ਜਾਂ ਖਿਲਵਾੜ ਆਖਿਆ ਜਾਣਾ ਚਾਹੀਦਾ ਹੈ ਜੋ ਪੰਜਾਬੀਆਂ ਦੀ ਬੇਅਦਬੀ ਦੇ ਬਰਾਬਰ ਕਿਹਾ ਜਾ ਸਕਦਾ ਹੈ। ਰਾਜ ਸ਼ਕਤੀ ਉੱਤੇ ਕਾਬਜ਼ ਹੋਏ ਇਹ ਪੰਜਾਬੀ ਦੇ ਦੋਖੀ ਨਾਲ ਹੀ ਪੰਜਾਬੀ ਸੱਭਿਆਚਾਰ ਦੇ ਸੁੱਚੇ ਦੁੱਧ ਵਿਚ ਅੰਗਰੇਜ਼ੀ ਦੀ ਕਾਂਜੀ ਘੋਲੀ ਚਾਹੁੰਦੇ/ਘੋਲ ਰਹੇ ਹਨ। ਜਾਣੇ-ਅਣਜਾਣੇ ਇਸ ਰਾਹੀ ਪੰਜਾਬੀ ਸੱਭਿਆਚਾਰ ਅਤੇ ਇਸਦੀ ਪਹਿਚਾਣ ਨੂੰ ਧੁੰਦਲੀ ਕਰਨ ਤੋਂ ਲੈ ਕੇ ਨਕਾਰਨ ਤੇ ਪਛਾੜਨ ਦੇ ਰੱਸੇ-ਪੈੜੇ ਵੱਟੇ ਜਾ ਰਹੇ ਹਨ। ਪੰਜਾਬੀਆਂ ਨੂੰ ਆਖਿਰ ਜਾਗਣਾ ਪਵੇਗਾ ਅਤੇ ਯਾਦ ਰੱਖਣਾ ਹੋਵੇਗਾ ਕਿ ਖ਼ਬਰਦਾਰ! ਇਹ ਰਸਤਾ ਆਮ ਨਹੀ ਹੈ!!

ਪੰਜਾਬੀ ਉੱਤੇ ਧੱਕੇ ਨਾਲ ਅੰਗਰੇਜ਼ੀ ਨੂੰ ਲੱਦੇ ਜਾਣ ਦੀ ਜਿਦ ਫੜੀ ਬੈਠੇ ਪਤਾ ਨਹੀਂ ਕੀ ਦਲੀਲ ਦਿੰਦੇ ਹਨ। ਜਦੋਂ ਤੱਕ ਕਿਸੇ ਬੱਚੇ ਕੋਲ ਆਪਣੇ ਸਮਾਜ, ਸੱਭਿਆਚਾਰ ਬਾਰੇ ਬੁਨਿਆਦੀ ਗਿਆਨ ਨਹੀਂ ਹੋਵੇਗਾ ਤਾਂ ਉਹ ਹੋਰ ਕੁੱਝ ਵੀ ਫੜਨ ਸਮਝਣ, ਸਿੱਖਣ ਤੋਂ ਅਸਮਰਥ ਰਵ੍ਹੇਗਾ। ਬੁਨਿਆਦੀ ਗਿਆਨ ਦੀ ਅਣਹੋਂਦ ਉਸ ਦੇ ਪੱਲੇ ਕੁੱਝ ਵੀ ਨਹੀਂ ਪੈਣ ਦੇਵੇਗੀ। ਸਾਰਾ ਜੱਗ-ਜਹਾਨ ਜਾਣਦਾ ਹੀ ਹੈ ਕਿ ਬੁਝੇ ਹੋਏ ਦੀਵੇ ਨਾਲ ਹੋਰ ਦੀਵਾ ਨਹੀਂ ਜਗਾਇਆ ਜਾ ਸਕਦਾ। ਇਹ ਹਨੇਰ ਕੋਠੜੀ ਵਲ ਜਾਂਦਾ ਰਾਹ ਹੈ। ਬੱਚੇ ਲਈ ਹਰ ਕਿਸਮ ਦੀ ਜਾਣਕਾਰੀ ਮਾਂ ਬੋਲੀ ਰਾਹੀ ਹੋਵੇ ਤਾਂ ਉਹ ਜਲਦੀ ਪਕੜ ਸਕਦਾ ਹੈ। ਉਂਜ ਵੀ ਜਿਹੜੇ ਪੰਜਾਬੀ ਬੱਚੇ ਆਪਣੇ ਸਮਾਜਿਕ ਰਿਸ਼ਤਿਆਂ ਤੋਂ ਵਾਕਿਫ਼ ਹਨ ਉਨ੍ਹਾਂ ਵਾਸਤੇ ਛੋਟੀ ਉਮਰੇ ਇਹ ਕੁਝ ਸਮਝਣਾ ਬਹੁਤ ਹੀ ਔਖਾ ਹੈ ਮਿਸਾਲ ਵਜੋ ਪੰਜਾਬੀ ਸਮਾਜ ਦੇ ਰਿਸ਼ਤਿਆਂ ਦੀ ਅੰਗਰੇਜ਼ੀ ਵਿਚ ਪੂਰੀ ਸਪਸ਼ਟਤਾ ਔਖੀ ਹੈ, ਜਿਵੇਂ ਤਾਇਆ, ਚਾਚਾ, ਮਾਮਾ, ਮਾਸੜ, ਫੁੱਫੜ, ਦਾਦਾ, ਨਾਨਾ, ਦਦਿਔਰਾ, ਨਨਿਔਰਾ, ਪਤਿਔਰਾ ਆਦਿ ਅਤੇ ਤਾਈ, ਚਾਚੀ, ਮਾਮੀ, ਮਾਸੀ, ਭੂਆ, ਦਾਦੀ, ਨਾਨੀ ਅਤੇ ਦਰਾਣੀ, ਜਠਾਣੀ ਜਾਂ ਫੇਰ ਸਾਲਾ, ਜੀਜਾ - ਸਾਲੀ, ਸਾਲੇਹਾਰ ਆਦਿ ਪੰਜਾਬੀ ਸੱਭਿਆਚਾਰ ਦੀ ਠੁੱਕਦਾਰ ਤੇ ਸਿੱਧੀ ਸਪਸ਼ਟ ਪਹਿਚਾਣ ਵਾਲੇ ਸ਼ਬਦ ਹਨ। ਅੰਗਰੇਜ਼ੀ ਵਿਚ ਇਨ੍ਹਾਂ ਸਾਰੇ ਰਿਸ਼ਤਿਆਂ ਦੀ

ਪਹਿਚਾਣ ਵਾਸਤੇ ਦੋ ਤਿੰਨ ਕੁ ਹੀ ਸ਼ਬਦ ਹਨ। ਜਦੋਂ ਬੱਚਿਆਂ ਨੂੰ ਇਸ ਬਾਰੇ ਦੱਸਿਆ ਜਾਵੇਗਾ ਤਾਂ ਉਹ ਭੰਬਲਭੂਸੇ ਵਿਚ ਪੈ ਜਾਣਗੇ। ਇਹ ਇਸ ਕਰਕੇ ਕਿ ਅੰਗਰੇਜ਼ੀ ਅਤੇ ਪੰਜਾਬੀ ਵਾਲੇ ਸਮਾਜਾਂ ਅੰਦਰ ਸੱਭਿਆਚਾਰਕ ਬੁਨਿਆਦ ਦਾ ਫਰਕ ਹੈ। ਸਮਾਜਿਕ ਰਿਸ਼ਤਿਆਂ ਦੀ ਪਹਿਚਾਣ ਅਤੇ ਯਥਾਰਥ (ਧਰਾਤਲ) ਵੱਖਰਾ ਹੈ। ਇਥੇ ਇਹ ਯਾਦ ਕਰਵਾਉਣਾ ਵੀ ਗਲਤ ਨਹੀਂ ਹੋਵੇਗਾ ਕਿ ਪੰਜਾਬੀ ਸਮਾਜ (ਸੱਭਿਆਚਾਰ) ਅੰਦਰ ਕੁੜਮਾਚਾਰੀ ਦੀ ਬੜੀ ਮਹੱਤਤਾ ਹੈ। ਇਸ ਰਿਸ਼ਤੇ ਨੂੰ ਬੜਾ ਸਤਿਕਾਰ ਦਿੱਤਾ ਜਾਂਦਾ ਹੈ, ਕੁੜਮ ਜਾਂ ਕੁੜਮਣੀ ਬਹੁਤ ਸਤਿਕਾਰ ਦੇ ਪਾਤਰ ਸਮਝੇ ਜਾਂਦੇ ਹਨ। ਪਰ ਜਦੋਂ ਅੰਗਰੇਜ਼ੀ ਰਸਤੇ ਇਸਦੇ ਅਧਿਅਨ ਵਲ ਜਾਂਦੇ ਹਾਂ ਤਾਂ ਦੇਖਦੇ ਹਾਂ (ਯੂਰਪੀ ਮੁਲਕਾਂ ਵਿਚ) ਕਿ ਉੱਥੇ ਕੁੜਮ ਜਾਂ ਕੁੜਮਣੀ ਦਾ ਸ਼ਬਦ ਹੀ ਨਹੀ, ਕਿਉਕਿ ਉਨ੍ਹਾਂ ਸਮਾਜਾਂ ਵਿਚ ਇਸ ਰਿਸ਼ਤੇ ਨੂੰ ਮਹੱਤਵਪੂਰਨ ਨਹੀ ਸਮਿਝਆ ਜਾਂਦਾ। ਉਹ ਧੀ ਜਾਂ ਪੁੱਤਰ ਦੇ ਸਹੁਰਾ ਜਾਂ ਸੱਸ ਤਾਂ ਹੋ ਸਕਦੇ ਹਨ ਪਰ ਕੁੜਮ ਅਤੇ ਕੁੜਮਣੀ ਨਹੀਂ (ਜਰਮਨ ਭਾਸ਼ਾ ਵਿਚ ਵੀ ਕੁੜਮ, ਕੁੜਮਣੀ ਸ਼ਬਦ ਨਹੀਂ ਹਨ)।

ਜਿਹੜੇ ਲੋਕ ਜਿਸ ਭਾਸ਼ਾ (ਅੰਗਰੇਜ਼ੀ) ਨੂੰ ਮੁੱਢੋਂ ਹੀ ਸ਼ੁਰੂ ਕਰਕੇ ਪੰਜਾਬੀ ਸੱਭਿਆਚਾਰ ਨੂੰ ਨਵਿਆਇਆ ਚਾਹੁੰਦੇ ਹਨ ਉਹ ਇਸਦੇ ਸਮਰੱਥ ਨਹੀਂ ਹੈ। ਇਸ ਅਧੀਨ ਸਿਰਫ ਰਿਸ਼ਤਿਆਂ ਦੀ ਹੀ ਪੁਣਛਾਣ ਨਹੀਂ ਹੁੰਦੀ ਸਗੋਂ ਜ਼ਿੰਦਗੀ ਨਾਲ ਸਬੰਧਤ ਸਭ ਕਾਸੇ ਨੇ ਇਸ ਦੀ ਵਲਗਣ ਵਿੱਚ ਆਉਣਾ ਹੁੰਦਾ ਹੈ। ਪਹਿਨਣ ਦੇ ਕੱਪੜੇ, ਕੰਮ ਕਾਰ ਦੇ ਸੰਦ, ਮੇਲੇ-ਮੁਸਾਹਵੇ ਗਹਿਣੇ ਆਦਿ ਸਭ ਆ ਜਾਣਗੇ ਜਿਵੇਂ, ਚੁੰਨੀ, ਦੁਪੱਟਾ, ਜੈਂਪਰ, ਸਲਵਾਰ, ਸੁੱਥਣ, ਤੰਬਾ, ਕੁੜਤਾ, ਫਤੂਹੀ ਜਾਂ ਫੇਰ ਪੰਜਾਲੀ, ਮੁਠੀਏ, ਸਿਰਪੋਸ, ਚਾਟੀ, ਮਧਾਣੀ, ਦਹੀਂ, ਦਰਿੜਕਾ, ਚਰਖਾ, ਅਟੇਰਨ, ਗਲੋਟੇ, ਪੂਣੀਆਂ ਅਤੇ ਕੈਂਠਾ, ਸਿੰਘ ਤਵੀਤ, ਤਵੀਤੀਆਂ, ਨੱਤੀਆਂ, ਸੱਗੀਫੁੱਲ, ਠੁਮਾਸਕੀਆਂ, ਝਾਂਜਰਾਂ, ਗੁਲੂਬੰਦ, ਪਿੱਪਲ ਪੱਤੀਆਂ, ਵਾਲ਼ੀਆਂ/ਵਾਲ਼ੇ, ਮੁਰਕੀਆਂ, ਕੋਕਾ, ਲੌਂਗ/ਤੀਲ੍ਹੀ, ਝੁੰਬਰ ਸੂਈ ,ਟਿੱਕਾ ਆਦਿ ਤੇ ਫੇਰ ਇਹ 'ਸਿਆਣੇ' ਕੀ ਨਾਂ ਰੱਖਣਗੇ ਕਛੈਹਰਾ ਸਾਹਿਬ ਦਾ? ਅੰਡਰਵੀਅਰ ਜਾਂ ਲੌਂਗ ਅੰਡਰਵੀਅਰ ਤਾਂ ਕਹਿਣੋਂ ਰਹੇ?

ਇਹ ਮਸਲਾ ਕੋਈ ਟੈਕਸ ਲਾਉਣ ਜਾਂ ਹਟਾਉਣ ਦਾ ਨਹੀਂ ਜਿਸ ਨੂੰ ਸਾਰੇ ਵਿਧਾਇਕ ਜਾਂ ਕੈਬਨਿਟ ਵਿਚ ਬੈਠੇ ਸਾਰੇ ਮੰਤਰੀ ਸਮਝ ਸਕਦੇ ਹੋਣ, ਇਹ ਕਿਸੇ ਸਮਾਜ ਦੇ ਵਿਕਾਸ ਦਾ ਸਵਾਲ ਹੈ। ਕਿਸੇ ਅੱਗੇ ਵਧ ਰਹੇ ਸਮਾਜ ਦੇ ਭਵਿੱਖ ਦਾ। ਵਰਤਮਾਨ ਸਥਿਤੀਆਂ ਨੂੰ ਡੂੰਘਾਈ ਨਾਲ ਪਰਖ ਕੇ ਆਉਣ ਵਾਲੇ ਸਮੇਂ ਦੇ ਅੰਦਰ ਝਾਕਣ ਦਾ ਸਵਾਲ ਹੈ। ਭਵਿੱਖ ਨੂੰ ਗ੍ਰਹਿਣੇ ਜਾਣ ਅਤੇ ਪਛੜ ਜਾਣ ਤੋਂ ਬਚਾਉਣ ਦਾ ਸਵਾਲ ਹੈ। ਦੁਨੀਆਂ ਦੇ ਹਾਣ ਦਾ ਹੋ ਕੇ ਆਪਣੀ ਪਹਿਚਾਣ ਨੂੰ ਨਿਖਾਰਨ ਅਤੇ ਆਪਣੇ ਵਿਰਸੇ ਨਾਲ ਜੁੜ ਕੇ ਉਸਨੂੰ ਸਮੇਂ ਦੇ ਮੇਚ ਕਰਕੇ ਨਵਿਆਉਂਦਿਆਂ ਹੋਇਆਂ ਅੱਗੇ ਵਲ ਤੁਰਨ ਦਾ ਸਵਾਲ ਹੈ। ਇਨ੍ਹਾਂ ਸਾਰੇ ਸਵਾਲਾਂ ਦੇ ਸਨਮੁੱਖ ਫੇਰ ਬੇਗਾਨੀਆਂ ਫੌੜ੍ਹੀਆਂ ਉੱਤੇ ਨਹੀਂ ਤੁਰਿਆ ਜਾ ਸਕਦਾ। ਹਕੀਕਤਾਂ ਨੂੰ ਸਾਹਮਣੇ ਰੱਖ ਕੇ ਦੇਖਣਾ ਪੈਣਾ ਹੈ।



ਕਿਸੇ ਦੀ ਨਕਲ ਕਰਕੇ ਤਾਂ ਆਪਣੀ ਹੀ ਚਾਲ ਵਿਗਾੜੀ ਜਾ ਸਕਦੀ ਹੈ ਤੇ ਇੰਜ ਤਾਂ ਕੋਈ ਮੂਰਖ ਹੀ ਕਰ ਸਕਦਾ ਹੈ। ਪੰਜਾਬ ਦੀਆਂ ਸਰਕਾਰਾਂ ਨੇ ਹੁਣ ਤੱਕ ਇਹੋ ਕੁੱਝ ਹੀ ਕੀਤਾ ਹੈ।

ਇਹ ਕਿੰਨਾ ਕੁ ਮੰਨਣਯੋਗ ਸੁਝਾਅ ਹੋ ਸਕਦਾ ਹੈ ਜੇ ਕੋਈ ਕਹੇ ਕਿ ਜੰਮਦੇ ਬੱਚੇ ਨੂੰ ਹੀ ਸਕੂਲ ਭੇਜਿਆ ਜਾਣਾ ਚਾਹੀਦਾ ਹੈ। ਇੱਥੇ ਵੀ ਇਸ ਤਰਾਂ ਹੀ ਕੀਤਾ ਗਿਆ ਤੇ ਕੀਤਾ ਜਾ ਰਿਹਾ ਹੈ ਕਿ ਪੰਜਾਬੀ ਬੱਚਿਆਂ ਦੇ ਮੂੰਹ ਵਿਚੋ ਪੰਜਾਬੀਅਤ ਦੀ ਜੰਮਣਘੁੱਟੀ ਕੱਢਕੇ ਮੱਲੋਜ਼ੋਰੀ ਉਨ੍ਹਾਂ ਦੇ ਮੂੰਹ ਵਿਚ ਅੰਗਰੇਜ਼ੀਅਤ ਦੀ ਜੰਮਣਘੁੱਟੀ ਦਿੱਤੀ ਜਾ ਰਹੀ ਹੈ। ਬੱਚੇ ਵਾਸਤੇ ਕੋਈ ਹੋਰ ਬੇਗਾਨੀ ਭਾਸ਼ਾ (ਬੋਲੀ ਸਿੱਖਣਾ ਹੋਰ ਗੱਲ ਹੈ) ਸਿੱਖਣਾ ਉਦੋਂ ਤੱਕ ਬਹੁਤ ਔਖਾ ਹੈ ਜਦੋਂ ਤੱਕ ਉਸਨੂੰ ਪਹਿਲਾਂ ਕਿਸੇ ਹੋਰ ਬੋਲੀ/ਭਾਸ਼ਾ ਦਾ ਅੱਖਰ ਗਿਆਨ ਨਾ ਹੋਵੇ। ਅੱਖਰ ਗਿਆਨ ਬੁਨਿਆਦ ਹੁੰਦਾ ਹੈ ਕੋਈ ਵੀ ਭਾਸ਼ਾ ਸਿੱਖਣ ਵਾਸਤੇ। ਕੋਈ ਸਿੱਖੀ ਹੋਈ ਜ਼ੁਬਾਨ ਅਤੇ ਹੱਡਾਂ ਵਿਚ ਰਚੀ ਹੋਈ ਜ਼ੁਬਾਨ ਦਾ ਬਹੁਤ ਫਰਕ ਹੁੰਦਾ ਹੈ। ਅਜ ਜਿਨ੍ਹਾਂ ਪੰਜਾਬੀ ਬੱਚਿਆਂ ਉੱਤੇ ਪੰਜਾਬ ਵਿਚ ਸਰਕਾਰੀ ਧੱਕੇਸ਼ਾਹੀ ਨਾਲ ਅੰਗਰੇਜ਼ੀ ਲੱਦ ਦਿੱਤੀ ਗਈ ਹੈ ਉਨ੍ਹਾਂ ਦੀ ਮਾਨਸਿਕਤਾ ਅੰਦਰ ਵੱਡਾ ਪਾੜਾ ਰਹਿ ਜਾਣਾ ਲਾਜ਼ਮੀ ਹੈ। ਇਸ ਘਾਟ ਕਰਕੇ ਉਨ੍ਹਾਂ ਵਿੱਚੋਂ ਅਪਣੱਤ ਵਾਲਾ ਸਵੈ ਵਿਸ਼ਵਾਸ ਗੁਆਚ ਜਾਵੇਗਾ। ਆਉਣ ਵਾਲੇ ਕੱਲ੍ਹ ਨੂੰ ਪੰਜਾਬੀ ਸਮਾਜ ਇਸ ਦਾ ਦੋਸ਼ੀ/ਜ਼ੁੰਮੇਵਾਰ ਹੋਵੇਗਾ।

ਇਸ ਤਰਾਂ ਦਾ ਕੋਈ ਫੈਸਲਾ ਕਰਨ ਤੋਂ ਪਹਿਲਾਂ ਹੋਰ ਥਾਵੀਂ ਵੀ ਦੇਖਣਾ ਚਾਹੀਦਾ ਹੈ ਕਿ ਦੁਨੀਆਂ ਅੰਦਰ ਕੀ ਹੋ ਰਿਹਾ ਹੈ? ਬਹੁਤ ਸਾਰੇ ਯੂਰਪੀ ਮੁਲਕਾਂ ਅੰਦਰ ਚਾਰ ਜਮਾਤਾਂ (ਪ੍ਰਾਇਮਰੀ) ਤੱਕ ਵਿੱਦਿਆ ਸਿਰਫ ਮਾਤ ਭਾਸ਼ਾ ਰਾਹੀ ਦਿੱਤੀ ਜਾਂਦੀ ਹੈ। ਚੌਥੀ ਜਾਂ ਪੰਜਵੀ ਜਮਾਤ ਤੋਂ ਅੰਗਰੇਜ਼ੀ ਦਾ ਨਵਾਂ ਵਿਸ਼ਾ (ਗੈਰ ਅੰਗਰੇਜ਼ੀ ਮੁਲਕਾਂ ਵਿਚ) ਲਾਇਆ ਜਾਂਦਾ ਹੈ ਅਤੇ ਨੌਂਵੀ ਜਮਾਤ ਤੋਂ ਇਕ ਹੋਰ ਗੈਰ ਭਾਸ਼ਾ (ਲੈਟਿਨ, ਸ਼ਪੈਨਿਸ਼, ਫ਼ਰੈਚ ਬਗੈਰਾ) ਪੜਾਈ ਜਾਂਦੀ ਹੈ। ਚੋਣ ਖੁਦ ਵਿਦਿਆਰਥੀ ਨੇ ਕਰਨੀ ਹੁੰਦੀ ਹੈ। ਇਹ ਸਿਰਫ ਚੋਣਵੇ ਵਿਸ਼ਿਆਂ ਬਾਰੇ ਹੀ ਹੈ, ਵਿੱਦਿਆ ਦਾ ਮਾਧਿਅਮ ਮਾਂ ਬੋਲੀ ਹੀ ਹੈ। ਪੰਜਾਬ ਨੇ ਪਿਛਲੇ ਸਮੇਂ ਬਹੁਤ ਦੁੱਖ ਭੋਗਿਆ ਹੈ ਹੁਣ ਫੇਰ ਇੱਥੇ ਪੰਜਾਬੀ ਦਾ ਮਾਣ ਸਤਿਕਾਰ ਘੱਟੇ ਰੋਲ ਕੇ ਅੰਗਰੇਜ਼ੀ ਦੀ ਸਰਦਾਰੀ ਕਾਇਮ ਕਰਨ ਦਾ ਰੇੜਕਾ ਪਾ ਕੇ ਕੁੜੱਤਣ ਪੈਦਾ ਨਹੀਂ ਸੀ ਕਰਨੀ ਚਾਹੀਦੀ, ਪਰ ਅਜਿਹਾ ਕਰ ਦਿੱਤਾ ਗਿਆ। ਰਾਜ ਸੱਤਾ ਉੱਤੇ ਕਾਬਜ ਗੁਲਾਮ ਮਾਨਸਿਕਤਾ ਦੇ ਮਰੀਜ ਕਰ ਵੀ ਇਹੀ ਕੁੱਝ ਸਕਦੇ ਹਨ। ਇਹ ਮਸਲਾ ਸਿਆਣੇ ਲੋਕਾਂ ਦੇ ਬੈਠ ਕੇ ਨਜਿੱਠਣ ਦਾ ਹੈ (ਸਿਰਫ ਸਰਕਾਰ ਦਾ ਮਸਲਾ ਨਹੀਂ) ਜੇ ਸਰਕਾਰ ਦੇ ਸਿਰ ਹਰ ਹੀਲੇ ਆਪਣੀ ਗੱਲ ਮਨਵਾਉਣ ਦਾ ਭੂਤ ਸਵਾਰ ਸੀ ਤਾਂ ਵੀ ਠੰਢੇ ਦਿਲ ਨਾਲ ਹੀ ਸੋਚਿਆ ਜਾਣਾ ਚਾਹੀਦਾ ਸੀ, ਪਰ ਅਜਿਹਾ ਨਹੀਂ ਸੋਚਿਆ ਗਿਆ। ਪੰਜਾਬ ਸਰਕਾਰ ਨੂੰ ਜੇ ਪੰਜਾਬੀਆਂ ਦਾ ਬੌਧਿਕ ਮਿਆਰ ਉੱਚਾ ਚੁੱਕਣ ਦਾ ਇੰਨਾ ਹੀ ਖਿਆਲ ਹੈ ਤਾਂ ਸਰਕਾਰ ਵਲੋ ਪੰਜਾਬੀਆਂ ਨੂੰ ਬਹੁਤੀਆਂ ਜ਼ੁਬਾਨਾਂ ਸਿਖਾਉਣ ਵਾਸਤੇ

ਵੱਖਰੇ ਸਕੂਲ (ਜਾਂ ਕੇਂਦਰ) ਹਰ ਸ਼ਹਿਰ, ਕਸਬੇ ਅੰਦਰ ਕਾਇਮ (ਖੋਲ੍ਹਣੇ) ਕਰਨੇ ਚਾਹੀਦੇ ਹਨ। ਇਕੱਲੀ ਅੰਗਰੇਜ਼ੀ ਹੀ ਕਿਉਂ ਜਿਹੜੀ ਵੀ ਹੋਰ ਬੋਲੀ/ਭਾਸ਼ਾ ਕੋਈ ਚਾਹਵੇ ਉਹ ਹੀ ਸਿੱਖੇ। ਯੂਰਪੀ ਮੁਲਕਾਂ ਅੰਦਰ ਅਜਿਹੇ ਸਕੂਲ ਹਨ, ਜਿੱਥੇ ਲੋਕ ਸਿਰਫ ਭਾਸ਼ਾਵਾਂ ਹੀ ਨਹੀ ਸਗੋ ਸੀਊਣਾਂ-ਪਰੋਣਾਂ, ਕਾਰਾਂ ਠੀਕ ਕਰਨੀਆਂ, ਪੇਟਿੰਗ, ਕੰਪਿਊਟਰ, ਫੋਟੋਗਰਾਫੀ ਅਤੇ ਰੋਟੀ ਟੁੱਕ ਆਦਿ ਕਰਨਾ ਵੀ ਸਿਖਾਂਉਦੇ ਹਨ। ਲੋਕ ਸਿੱਖਦੇ ਵੀ ਆਪਣੇ ਵਿਹਲੇ ਸਮੇਂ ਵਿਚ ਹਨ। ਇੱਥੋ ਸਿੱਖ ਕੇ ਵੀ ਲੋਕ ਭਾਸ਼ਾਵਾਂ ਦੇ ਮਾਹਿਰ ਬਣੇ ਹਨ। ਇਸ ਤਰਾਂ ਲੋਕਾਂ ਨੂੰ ਸਿਆਣੇ ਬਨਾਉਣ ਵਾਸਤੇ ਕੋਈ ਸੁਚੱਜੀ ਤੇ ਸਾਰਥਿਕ ਜਹੀ ਭਵਿਖੀ ਯੋਜਨਾ ਸੋਚੀ ਜਾਣੀ ਚਾਹੀਦੀ ਸੀ।

ਸਰਕਾਰ ਆਪਣੇ ਬੱਜਟ ਵਿਚੋ ਪੈਸਾ ਦੇਵੇ ਪਿੰਡਾਂ ਦੀਆਂ ਪੰਚਾਇਤਾਂ ਨੂੰ, ਸ਼ਹਿਰਾਂ ਦੀਆਂ ਮਿਉਸਪੈਲਟੀਆਂ, ਕਾਰਪੋਰੇਸ਼ਨਾ ਨੂੰ ਅਤੇ ਸਬੰਧਤ ਅਦਾਰੇ ਆਪਣੇ ਬੱਜਟ ਵਿਚੋਂ ਲੋੜੀਂਦਾ ਹਿੱਸਾ ਜਰੂਰੀ ਹੀ ਇਸ ਕੰਮ ਉੱਤੇ ਖਰਚਣ ਲੋੜ ਹੋਵੇ ਤਾਂ ਅਦਾਰਿਆਂ ਨੂੰ ਅਜਿਹਾ ਕਰਨ ਵਾਸਤੇ ਕਾਨੂੰਨੀ ਤੌਰ ਤੇ ਪਾਬੰਦ ਕੀਤਾ ਜਾਵੇ। ਇਹ ਪੰਜਾਬੀ ਸਮਾਜ ਨੂੰ ਸਿਆਣਪ ਦੇ ਰਾਹ ਤੋਰਨ ਦਾ ਢੰਗ ਤਰੀਕਾ ਹੋ ਸਕਦਾ ਹੈ। ਲੋੜਾਂ ਦੀ ਲੋੜ ਤਾਂ ਬਾਲ ਮਨਾਂ ਉੱਤੇ ਪਾਏ ਜਾਣ ਵਾਲੇ ਗੈਰ ਜਰੂਰੀ ਬੋਝ ਤੋ ਬਚਣ ਦੀ ਹੈ। ਸਰਕਾਰ ਨੇ ਆਪਣੀ ਹਉਮੈ ਭਰੀ ਮੂਰਖਤਾ ਦੇ ਲੜ ਲੱਗ ਕੇ ਆਪਣੀ ਜਿਦ ਪੁਗਾਈ ਹੈ ਹੁਣ ਪੰਜਾਬੀਆਂ ਨੂੰ ਕੁੱਝ ਸਾਲ ਬਾਅਦ ਇਸ ਦੇ ਸਿੱਟੇ ਭੁਗਤਣ ਵਾਸਤੇ ਵੀ ਤਿਆਰ ਰਹਿਣਾ ਚਾਹੀਦਾ ਹੈ। ਇਸ ਨਾਲ ਪੰਜਾਬੀ ਸੱਭਿਆਚਾਰ ਅੰਦਰ ਬਹੁਤ ਸਾਰੇ ਵਿਗਾੜ ਪੈਦਾ ਹੋ ਜਾਣਗੇ। ਫੇਰ ਇਹ ਦਾਗ ਧੋਤੇ ਨਹੀਂ ਜਾਣੇ। ਲੋਕ ਆਪਣੀ ਮਾਂ ਬੋਲੀ ਪੰਜਾਬੀ ਨਾਲ ਸਮੇਂ ਸਮੇਂ ਧਰੋਹ ਕਮਾਉਣ ਵਾਲਿਆਂ ਨੂੰ ਨਫਰਤ ਨਾਲ 'ਯਾਦ' ਕਰਿਆ ਕਰਨਗੇ ਅਤੇ ਲਾਅਨਤਾਂ ਪਾਇਆ ਕਰਨਗੇ।

ਪੰਜਾਬੀਆਂ ਕੋਲ ਬਹੁਤ ਹੀ ਸਿਆਣੇ ਲੋਕ ਹਨ ਬੁੱਧੀਜੀਵੀ, ਸਮਾਜ ਵਿਗਿਆਨੀ, ਭਾਸ਼ਾ ਵਿਗਿਆਨੀ, ਮਨੋਵਿਗਿਆਨੀ ਆਦਿ ਜਿਨ੍ਹਾਂ ਨੂੰ ਬਾਲ ਮਨਾਂ ਦੀ ਸੂਝ-ਸਮਝ ਹੈ, ਪੰਜਾਬੀ ਅਤੇ ਹੋਰ ਜ਼ੁਬਾਨਾਂ, ਦੂਸਰੇ ਸੱਭਿਆਚਾਰਾਂ, ਉਨ੍ਹਾਂ ਦੀਆਂ ਰਹੁ-ਰੀਤਾਂ ਅਤੇ ਉਨ੍ਹਾ ਦੇ ਵਿਕਾਸ ਦਾ ਵੀ ਗਿਆਨ ਹੈ। ਅਜਿਹੇ ਦਾਨਿਸ਼ਵਰਾਂ ਨਾਲ ਸਲਾਹ ਮਸ਼ਵਰੇ ਵਾਸਤੇ ਸੰਪਰਕ ਕਰਨਾ ਚਾਹੀਦਾ ਸੀ। ਪੰਜਾਬੀ ਪਰਦੇਸਾਂ ਵਿਚ ਵੀ ਵਸਦੇ ਹਨ ਉਨ੍ਹਾਂ ਵਿੱਚੋਂ ਵੀ ਕਾਫੀ ਸਾਰੇ ਵੱਖੋ ਵੱਖ ਖੇਤਰਾਂ ਵਿਚ ਮੁਹਾਰਤ ਰਖਦੇ ਹਨ ਇਨ੍ਹਾ ਵਿਚ ਵਿੱਦਿਆ ਦੇ ਖੇਤਰ ਅੰਦਰ ਨਾਮਣਾ ਖੱਟਣ ਵਾਲੇ ਵੀ ਹਨ, ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਕੇ ਅਤੇ ਉਨ੍ਹਾਂ ਤੋਂ ਇਸ ਮਸਲੇ ਸਬੰਧੀ ਸਲਾਹ ਲੈਣੀ ਚਾਹੀਦੀ ਸੀ। ਸਾਂਝੀ ਸੋਚ ਨਾਲ ਵਿੱਦਿਅਕ ਢਾਂਚੇ ਅੰਦਰਲੀਆਂ ਘਾਟਾਂ ਨੂੰ ਦੂਰ ਕਰਨਾ ਚਾਹੀਦਾ ਸੀ/ਹੈ, ਇਸ ਤਰਾਂ ਹੀ ਭਵਿੱਖ ਮੁਖੀ ਉਸਾਰੂ ਸੋਚ ਨੂੰ ਪ੍ਰਫੁਲਤ ਕੀਤਾ ਜਾ ਸਕਦਾ ਹੈ। ਆਪਣੇ ਵਿਰਸੇ ਨਾਲੋ ਟੁੱਟਣਾ ਕਿਸੇ ਸਮਾਜ ਦਾ ਪਤਨ ਹੁੰਦਾ ਹੈ। ਲੋੜ ਵਿਰਸੇ ਦੀ ਅਮੀਰੀ ਨੂੰ ਰੋਲਣ ਦੀ ਨਹੀਂ ਸਗੋ ਇਸਨੂੰ ਗੌਲਣ ਅਤੇ ਸਾਂਭਣ ਦੀ ਹੈ। ਵਿਰਸੇ ਨਾਲ ਜੁੜੇ ਰਹਿਣਾ ਮਾਨਸਿਕ ਤੇ ਰੂਹਾਨੀ ਅਮੀਰੀ



ਬਖਸ਼ਦਾ ਹੈ ਜਦੋਂ ਕਿ ਵਿਰਸੇ ਨਾਲੋ ਟੁੱਟ ਕੇ ਮਨੁੱਖ ਨੂੰ ਸੱਭਿਆਚਾਰਕ ਪੱਖੋ ਗੁਰਬਤ ਹੰਢਾਉਣੀ ਪੈਂਦੀ ਹੈ। ਵਿਰਸੇ ਵਿਚੋ ਮਿਲੀ ਪਹਿਚਾਣ ਭਰੀ ਪਾਰਖੂ ਨਜ਼ਰ ਮਨੁੱਖ ਨੂੰ ਭਵਿੱਖ ਦੇ ਦੂਰ ਦਿਸਹੱਦਿਆਂ ਤੱਕ ਸੋਝੀ ਦਿੰਦੀ ਹੈ, ਲੋੜ ਅੱਖਾਂ ਖੋਲ੍ਹ ਕੇ ਤੁਰਨ ਦੀ ਹੁੰਦੀ ਹੈ। ਸਰਕਾਰ ਨੇ ਆਪਣੀ ਪੰਜਾਬੀ ਵਿਰੋਧੀ ਕੋਝੀ ਜਹੀ ਜਿਦ ਪੁਗਾਉਣ ਖਾਤਿਰ ਪੰਜਾਬੀਆਂ ਵਾਸਤੇ ਸੱਭਿਆਚਾਰਕ ਗੁਰਬਤ ਦਾ ਰਾਹ ਖੋਲ੍ਹਣ ਤੋਂ ਕਿਸੇ ਤਰ੍ਹਾਂ ਦੀ ਸ਼ਰਮ ਨਾ ਕੀਤੀ ਸਗੋਂ ਸਿਰੇ ਦੀ ਬੇਸ਼ਰਮੀ ਨਾਲ ਆਪਣੀ ਮੂਰਖਤਾ ਭਰੀ ਜਿਦ ਪੁਗਾਈ। ਇਸ ਨਾਲ ਰਾਜ ਸੱਤਾ ਉੱਤੇ ਬੈਠੇ ਬੇਸਮਝ ਹਾਕਮਾਂ ਦੀ ਨਾਲਾਇਕੀ ਨਾਲ ਪੰਜਾਬੀ ਵਿਰੋਧੀ ਲਾਬੀ ਜਿੱਤ ਗਈ, ਪੰਜਾਬ ਦੀਆਂ ਹਕੂਮਤੀ ਕੁਰਸੀਆਂ 'ਤੇ ਬੈਠੇ ਆਪਣੇ ਬੇ-ਅਣਖੇ ਤੇ ਨਾਲਾਇਕ ਕਪੁੱਤਰਾਂ ਹੱਥੋਂ ਪੰਜਾਬੀ ਫੇਰ ਹਾਰ ਗਈ।

ਲੋੜਾਂ ਦੀ ਲੋੜ ਹੈ ਪੰਜਾਬ ਅਤੇ ਪੰਜਾਬੀ ਨਾਲ ਸਬੰਧ ਰਖਦੇ ਸਿਆਣੇ, ਸੂਝਵਾਨ ਅਤੇ ਬੁੱਧੀਜੀਵੀ, ਲੋਕ ਭਾਵਨਾਵਾਂ ਉੱਤੇ ਪਹਿਰਾ ਦਿੰਦਿਆਂ ਲੋਕਾਂ ਨੂੰ ਆਪਣੇ ਵਿਰਸੇ ਦੇ ਅਮੀਰ ਪੱਖਾਂ ਨਾਲੋ ਟੁੱਟਣ ਤੋ ਬਚਾਉਣ। ਦੂਜੀਆਂ ਭਾਸ਼ਾਵਾਂ ਦਾ ਗਿਆਨ ਪੰਜਾਬੀਆਂ ਨੂੰ ਵੀ ਹੋਵੇ, ਇਹਦੇ ਢੰਗ ਤਰੀਕੇ ਸਹੀ ਵਰਤੇ ਜਾਣ। ਸਾਨੂੰ ਬਾਬਾ ਸ਼ੇਖ਼ ਫਰੀਦ, ਗੁਰੂ ਨਾਨਕ, ਬੁੱਲੇ ਸ਼ਾਹ, ਸ਼ਾਹ ਹੁਸੈਨ ਅਤੇ ਵਾਰਸ ਸ਼ਾਹ ਤੋਂ ਤੋੜਨ ਦੀਆਂ ਗੁੱਝੀਆਂ ਸਾਜਿਸ਼ਾਂ ਹੋ ਰਹੀਆਂ ਹਨ। ਬੁੱਧੀਜੀਵੀਆਂ, ਲੇਖਕ ਸਭਾਵਾਂ ਅਤੇ ਹਰ ਪੰਜਾਬੀ ਪਿਆਰੇ ਨੂੰ ਸੱਚ ਲੋਕਾਂ ਸਾਹਮਣੇ ਰੱਖਣਾ ਚਾਹੀਦਾ ਹੈ। ਪੰਜਾਬੀ ਮਾਵਾਂ ਦਾ ਦੁੱਧ ਚੁੰਘਣ ਵਾਲਿਆਂ ਨੂੰ ਅਜ ਫੇਰ ਵੰਗਾਰ ਆ ਪਈ ਹੈ ਕਿ ਉਹ ਆਪਣੀ ਮਾਂ ਦੇ ਚੁੰਘੇ ਦੁੱਧ ਦੀ ਲਾਜ ਪਾਲਣ। ਲਹਿੰਦੇ ਪੰਜਾਬ ਦੇ ਉੱਚ ਦੁਮਾਲੜੇ ਸ਼ਾਇਰ ਬਾਬਾ ਨਾਜ਼ਮੀ ਕਹਿੰਦੇ ਹਨ :-

ਪੜ੍ਹਨ ਜੇ ਆਪਣਾ ਵਾਰਸ ਬੁੱਲਾ
ਹੋਵਣ ਹੋਰ ਜ਼ਹੀਨ ਪੰਜਾਬੀ

# ......ਵੇ ਮੈ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ

ਲੋਕ ਸਮੂਹਾਂ ਦੀ ਕਿਸੇ ਖਿੱਤੇ ਅਧਾਰਤ ਭੂਗੋਲਕ ਪਛਾਣ ਤੋਂ ਬਾਅਦ ਸੱਭਿਆਚਾਰਕ ਪਛਾਣ ਉਨ੍ਹਾਂ ਦਾ ਅਸਲ ਹੁੰਦੀ ਹੈ। ਪਰ ਇਸ ਪਛਾਣ ਨਾਲ ਸਬੰਧ ਰੱਖਣ ਵਾਲੇ ਸਾਰੇ ਅੰਗਾਂ ਧਰਮ, ਖਾਣ-ਪਹਿਨਣ, ਲੋਕ ਗੀਤ, ਲੋਕ ਨਾਚ, ਸਿਆਸਤ, ਆਰਥਕਤਾ ਅਤੇ ਸਮਾਜਕ ਰਹੁ-ਰੀਤਾਂ ਵਿਚੋਂ ਸਭ ਤੋਂ ਤਕੜਾ ਤੱਤ ਉਨ੍ਹਾਂ ਦੀ ਬੋਲੀ ਤੇ ਭਾਸ਼ਾ ਹੁੰਦੀ ਹੈ। ਜਨਮ ਲੈਣ ਤੋਂ ਬਾਅਦ ਹਰ ਇਨਸਾਨ ਰੁੜਨ-ਤੁਰਨ ਸਿੱਖਣ ਦੇ ਨਾਲ ਹੀ ਕੁਝ ਨਾ ਕੁਝ ਬੋਲਣਾ ਸਿੱਖਦਾ ਹੈ, ਜਿਸ ਨੂੰ ਬੋਲੀ ਕਿਹਾ ਜਾਂਦਾ ਹੈ। ਆਮ ਤੌਰ ਤੇ ਮਾਂ ਤੋਂ ਮਿਲੀ ਜਾਂ ਸਿੱਖੀ ਬੋਲੀ ਨੂੰ ਮਾਂ ਬੋਲੀ ਕਿਹਾ ਜਾਂਦਾ ਹੈ, ਭਾਂਵੇ ਕਿ ਹੁਣ ਇਸ ਨੁਕਤੇ ਦੇ ਪਸਾਰ ਨਾਲ ਇਸਦੇ ਅਰਥਾਂ ਵਿਚ ਵੀ ਵਾਧਾ ਹੋਇਆ ਹੈ। ਬੋਲੀ ਆਸਰੇ ਹੀ ਮਨੁੱਖ ਆਪਣੇ ਭਾਵ ਵਿਅਕਤ ਕਰਨ ਦੇ ਯੋਗ ਹੁੰਦਾ ਹੈ। ਜਿਵੇਂ ਜਿਵੇਂ ਮਨੁੱਖ ਦਾ ਜਾਂ ਉਸਦੇ ਰਿਹਾਇਸ਼ ਵਾਲੇ ਖਿੱਤੇ ਦਾ ਸਮਾਜਿਕ, ਆਰਥਕ ਅਤੇ ਸੱਭਿਆਚਾਰਕ ਵਿਕਾਸ ਹੁੰਦਾ ਹੈ, ਇਸਦੇ ਨਾਲ ਹੀ ਬੋਲੀ/ਭਾਸ਼ਾ ਦਾ ਵੀ ਵਿਕਾਸ ਹੁੰਦਾ ਹੈ। ਦੁਨੀਆਂ ਦੇ ਹੋਰ ਹਿੱਸੇ/ਖਿੱਤੇ ਇਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ ਅਤੇ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਰਾਜ ਪ੍ਰਬੰਧ ਚਲਾਉਣ ਵਾਲੀਆਂ ਸਰਕਾਰਾਂ ਇਸ ਖੇਤਰ ਵਿਚ ਯਥਾਯੋਗ ਹਿੱਸਾ ਪਾਉਂਦੀਆਂ ਹਨ, ਜਿਸ ਨਾਲ ਉਸ ਬੋਲੀ/ਭਾਸ਼ਾ, ਸੱਭਿਆਚਾਰ ਦੀ ਅਤੇ ਇਸ ਸੱਭਿਆਚਾਰ ਨਾਲ ਸਬੰਧਤ ਲੋਕ ਸਮੂਹਾਂ ਦੀ ਪਛਾਣ ਹੋਰ ਨਿੱਖਰਦੀ ਹੈ ਅਤੇ ਉਸਦੀ ਖੁਸ਼ਬੋਈ ਦੂਰ ਤੱਕ ਫੈਲਦੀ ਹੈ। ਇਸ ਦੇ ਘੇਰੇ ਦਾ ਬੰਨਾ-ਵਸੀਵਾਂ ਹੋਰ ਵਧਣ ਲਗਦਾ ਹੈ।

ਪੰਜਾਬੀ ਦੇ ਸਬੰਧ ਵਿਚ ਗੱਲ ਅਜੇ ਵੀ ਜ਼ਮਾਨੇ ਤੋਂ ਬਹੁਤ ਪਿੱਛੇ ਚੱਲ ਰਹੀ ਹੈ। ਪੰਜਾਬੀ ਕੌਮੀਅਤ ਦੇ ਭਾਸ਼ਾਈ/ਸੱਭਿਆਚਾਰਕ ਵਿਕਾਸ ਵਿਚ ਸਮੇਂ ਸਮੇਂ ਦੇ ਹਾਕਮਾਂ ਵਲੋਂ ਸੁਚੇਤ ਪੱਧਰ ਉੱਤੇ ਰੋੜੇ ਅਟਕਾਏ ਗਏ। ਭਾਵੇਂ ਉਹ ਬਸਤੀਵਾਦੀ ਅੰਗਰੇਜ਼ ਹੋਣ, ਸਿੱਖ ਰਾਜ (ਜਾਂ ਪੰਜਾਬੀ ਰਾਜ) ਵਾਲਾ ਕਿਹਾ ਜਾਂਦਾ ਮਹਾਰਾਜਾ ਰਣਜੀਤ ਸਿੰਘ ਹੋਵੇ। ਉਥੋਂ ਤੁਰ ਕੇ ਹੁਣ ਤੱਕ ਪੰਜਾਬ ਦਾ ਵਾਰੋ-ਵਾਰੀ ਰਾਜ ਪ੍ਰਬੰਧ ਸੰਭਾਲਣ ਵਾਲੀਆਂ ਸਿਆਸੀ ਪਾਰਟੀਆਂ ਹੋਣ, ਇਨ੍ਹਾਂ ਸਭ ਨੇ ਬਾਬਾ ਫ਼ਰੀਦ ਅਤੇ ਬਾਬਾ ਨਾਨਕ ਦੀ ਜ਼ੁਬਾਨ (ਪੰਜਾਬੀ) ਨਾਲ ਰੱਜ ਕੇ ਧੋਖਾ ਕੀਤਾ ਅਤੇ ਦਗਾ ਕਮਾਇਆ ਹੈ। ਇਕ ਪਾਸੇ ਪੰਜਾਬੀ ਰਾਜ/ਸਿੱਖ ਰਾਜ ਕਹਾਏ ਜਾਣ ਵਾਲੇ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਕਾਲ ਪੰਜਾਬੀ ਹੋਣ ਦੇ ਬੁਰਕੇ ਹੇਠ ਫ਼ਾਰਸੀ ਨੂੰ ਹਿੱਕ ਨਾਲ ਲਾਉਂਦਾ ਹੈ। ਅੰਗਰੇਜ਼ ਬਸਤੀਵਾਦੀ ਬੜੀ ਹੀ ਛਾਤਰ ਚਾਲ ਨਾਲ ਭਾਰਤ ਅੰਦਰਲੀਆਂ ਕੌਮੀਅਤਾਂ ਨੂੰ ਪਾੜਨ ਵਾਸਤੇ ਇਹੋ



ਜਿਹਾ ਹੀ ਹਥਿਆਰ ਵਰਤਦੇ ਹਨ। ਸੁਚੇਤ ਤੌਰ 'ਤੇ ਭਾਰਤੀ ਬੋਲੀਆਂ ਅਤੇ ਭਾਸ਼ਾਵਾਂ ਨੂੰ ਪਿੱਛੇ ਸਿੱਟ ਕੇ ਮੱਲੋਜ਼ੋਰੀ ਅੰਗਰੇਜ਼ੀ ਦਾ ਫਾਨਾ ਠੋਕਦੇ ਹਨ।

ਅਜਾਦੀ ਤੋਂ ਬਾਅਦ ਜਿੱਥੇ ਪੰਜਾਬੀ ਵੰਡ ਹੋ ਕੇ ਦੋ ਖਿੱਤਿਆਂ ਵਿਚ ਵਸਣ ਵਾਸਤੇ ਮਜਬੂਰ ਹੋਏ ਨਾਲ ਹੀ ਉਨ੍ਹਾਂ ਦੀ ਜ਼ੁਬਾਨ ਉੱਤੇ ਕਹਿਰ ਢਾਇਆ ਗਿਆ। ਪੰਜਾਬੀ ਲਿਖਣ ਵਾਸਤੇ ਦੋ ਲਿੱਪੀਆਂ (ਗੁਰਮੁਖੀ ਅਤੇ ਫ਼ਾਰਸੀ/ਸ਼ਾਹਮੁਖੀ) ਦੀ ਵਰਤੋਂ ਨੇ ਦੋਵੇਂ ਪਾਸੇ ਵਸਦੇ ਪੰਜਾਬੀਆਂ ਨੂੰ ਅੱਧੇ ਅੱਧੇ ਪੰਜਾਬੀ ਬਣਾ ਦਿੱਤਾ। ਲਹਿੰਦੇ ਪੰਜਾਬ ਵਿਚ ਤਾਂ ਪੰਜਾਬੀ ਅਜੇ ਤੱਕ ਵੀ ਗਾਹਲਾਂ ਦੀ ਜ਼ੁਬਾਨ ਕਹਾਉਂਦੀ ਹੈ। ਫੇਰ ਵੀ ਉੱਥੇ ਪੰਜਾਬੀ ਦੇ ਆਸ਼ਕ, ਪੰਜਾਬੀ ਮਾਵਾਂ ਦੇ ਸੂਰਮੇ ਦਾਨਿਸ਼ਵਰ ਪੁੱਤਰ ਆਪਣੀ ਮਾਂ ਬੋਲੀ/ਭਾਸ਼ਾ ਦੇ ਮਾਣ-ਵਿਕਾਸ ਖਾਤਰ ਤਹਿਰੀਕ ਚਲਾਉਂਦੇ ਹਨ, ਪੰਜਾਬੀਆਂ ਅੰਦਰ ਪੰਜਾਬੀ ਪ੍ਰਤੀ ਅਪਣੱਤ ਪੈਦਾ ਕਰਨ ਦੇ ਯਤਨ ਕੀਤੇ ਜਾਂਦੇ ਹਨ। ਜਿਸ ਨਾਲ ਪੰਜਾਬੀ ਨੂੰ ਉਜੱਡ ਕਹਿਣ/ਗਿਣਨ ਵਾਲਿਆਂ ਦਾ ਮੂੰਹ ਭੰਨਿਆਂ ਜਾਂਦਾ ਹੈ।

ਅਜਾਦੀ ਤੋਂ ਬਾਅਦ ਹਿੰਦੁਸਤਾਨ ਵਿਚਲੇ ਕੇਂਦਰੀ ਹਾਕਮ ਭਾਸ਼ਾ ਅਧਾਰਤ ਸੂਬਿਆਂ ਦੀ ਪੁਨਰ-ਸਿਰਜਣਾ ਵੇਲੇ ਸੇਹ ਦਾ ਤੱਕਲਾ ਫੇਰ ਪੰਜਾਬ ਵਿਚ ਹੀ ਗੱਡਦੇ ਹਨ। ਬਾਕੀ ਸੂਬਿਆਂ ਦੀ ਵੰਡ-ਵੰਡਾਈ ਵੇਲੇ ਅਪਣਾਏ ਗਜ਼ ਪਰਾਂਹ ਵਗਾਹ ਮਾਰਦੇ ਹਨ ਅਤੇ ਇੱਥੇ (ਪੰਜਾਬ) ਆ ਕੇ ਉਨ੍ਹਾ ਨੂੰ ਆਪਣੇ ਹੀ ਤੈਅ ਕੀਤੇ ਅਸੂਲ ਵੀ ਭੁੱਲ ਜਾਂਦੇ ਹਨ। ਅਕਾਲੀ ਦਲ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਘੋਲ ਛੇੜਦਾ ਹੈ (ਅੱਖ ਭਾਵੇਂ ਉਨ੍ਹਾ ਦੀ ਸਦਾ ਹੀ ਸਿੱਖ ਸੂਬੇ ਤੇ ਰਹੀ) ਪੰਜਾਬੀ ਬੋਲੀ/ਭਾਸ਼ਾ ਤੇ ਅਧਾਰਤ ਸੂਬੇ ਵਾਲੀ ਮੰਗ ਦੀ ਬਾਕੀ ਸਿਆਸੀ ਪਾਰਟੀਆਂ ਵੀ ਮੱਦਦ ਕਰਦੀਆਂ ਹਨ। ਖਾਸ ਕਰਕੇ ਖੱਬੀਆਂ ਪਾਰਟੀਆਂ। ਇਸ ਘੋਲ ਦੇ ਸਮੇਂ ਹੀ ਪੰਜਾਬੀਆਂ ਲਈ ਜ਼ਹਿਰੀ ਵਾਤਾਵਰਣ ਪੈਦਾ ਕੀਤਾ ਜਾਂਦਾ ਹੈ। ਇਕ ਪਾਸਿਉ 'ਊੜੀ ਈੜੀ ਨਹੀਂ ਪੜ੍ਹੇਂਗੇ' ਅਤੇ ਦੂਜੇ ਪਾਸਿਉਂ 'ਧੋਤੀ ਟੋਪੀ ਜਮਨਾ ਪਾਰ' ਦੇ ਫਿਰਕੂ ਨਾਅਰੇ ਲਗਦੇ ਹਨ। ਭਗਤਾਂ, ਪੀਰਾਂ, ਗੁਰੂਆਂ ਅਤੇ ਸ਼ਹੀਦਾਂ ਦੇ ਚਰਨ ਛੋਹਾਂ ਵਾਲੀ ਪਵਿੱਤਰ ਧਰਤੀ ਉੱਤੇ। ਕੌਣ ਸਨ ਅਜਿਹੇ ਫਿਰਕੂ ਨਾਅਰੇ ਲਾਉਣ ਵਾਲੇ? ਨਾ ਉਹ ਹਿੰਦੂ ਸਨ, ਨਾ ਹੀ ਸਿੱਖ। ਉਹ ਤਾਂ ਸਿਰਫ ਫਿਰਕਾਪ੍ਰਸਤ ਸਨ, ਪੰਜਾਬੀਆਂ ਦੇ ਦੁਸ਼ਮਣ ਅਤੇ ਪੰਜਾਬੀ ਤੇ ਪੰਜਾਬੀਅਤ ਦੇ ਵੈਰੀ। ਉਦੋਂ ਹੀ ਸੱਚੀ ਸੁੱਚੀ ਪੰਜਾਬੀ ਮਾਨਸਿਕਤਾ/ਪੰਜਾਬੀ ਚੇਤਨਾ ਦਾ ਕਤਲ ਕੀਤਾ ਗਿਆ। ਇਸ ਹਨੇਰੇ ਸਮੇਂ ਪੰਜਾਬੀ ਚੇਤਨਾ ਨਾ ਵਿਗਸ ਸਕੀ। ਟੋਟਿਆਂ ਵਿਚ ਵੰਡੀ/ਖਿਲਰੀ ਸੌੜੀ ਧਾਰਮਿਕ ਪੱਧਰ ਤੱਕ ਹੀ ਸੀਮਿਤ ਹੋ ਕੇ ਰਹਿ ਗਈ। ਸਾਂਝੇ ਘੋਲ ਦੇ ਆਸਰੇ ਜਦੋਂ ਗੱਲ ਨਿਸਾਰੇ ਤੇ ਪਹੁੰਚਦੀ ਹੈ ਤਾਂ ਪੰਜਾਬ ਦੀਆਂ ਰਾਜਸੀ ਪਾਰਟੀਆਂ ਦੇ ਪ੍ਰਤੀਨਿਧ/ਨੁਮਾਂਇੰਦੇ, ਇਸ ਮਸਲੇ ਬਾਰੇ ਕੇਂਦਰੀ ਆਗੂਆਂ ਨਾਲ ਗੱਲ ਮੁਕਾਉਣ ਵਾਸਤੇ ਦਿੱਲੀ ਜਾਂਦੇ ਹਨ, ਪਰ ਅਕਾਲੀ ਆਗੂ ਇਕੱਲੇ ਹੀ ਕੇਂਦਰ ਵਲੋਂ ਉਨ੍ਹਾਂ ਅੱਗੇ ਰੱਖੀ ਝੂਠੀ 'ਬਹੀ' ਉੱਤੇ ਗੂਠੇ ਲਾ ਕੇ 'ਬੋਲੇ ਸੋ ਨਿਹਾਲ............. ਕਰਕੇ ਘਰ ਆ ਵੜੇ। ਇੱਥੋਂ ਹੀ ਪੁਆੜਾ ਸ਼ੁਰੂ ਹੋ ਗਿਆ। ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਕੱਢ ਦਿੱਤੇ ਗਏ। ਨਿਰੋਲ ਪੰਜਾਬੀ

ਬੋਲਦਾ ਭਾਰਤ ਦਾ ਆਧੁਨਿਕ ਸ਼ਹਿਰ ਚੰਡੀਗੜ (ਜੋ ਪੰਜਾਬੀ ਬੋਲਣ ਵਾਲੇ 22 ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਸੀ) ਕੇਂਦਰ ਦੀ ਮਲਕੀਅਤ ਹੋ ਗਿਆ। ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨਵੇ ਸੂਬੇ ਵਿਚੋ ਕੱਢ ਦਿੱਤੇ, ਜਿਨ੍ਹਾਂ ਦੀ ਕਿਸੇ ਨੇ ਮੰਗ ਹੀ ਨਹੀਂ ਸੀ ਕੀਤੀ। ਸੁੱਚੇ ਪੰਜਾਬੀ ਦੁੱਧ ਵਿਚ ਕਾਂਜੀ ਘੋਲ ਦਿੱਤੀ ਕੇਂਦਰ ਵਿਚਲੇ ਕਾਂਗਰਸੀ ਹਾਕਮਾਂ ਅਤੇ ਪੰਜਾਬ ਦੇ ਸਵਾਰਥੀ ਅਕਾਲੀ ਲੀਡਰਾਂ ਨੇ। ਜਦੋਂ ਫਿਰਕਿਆਂ 'ਤੇ ਅਧਾਰਤ ਸੂਬਿਆਂ ਵਾਸਤੇ ਘੋਲ ਚੱਲਣ ਤਾਂ ਹੋਰ ਆਸ ਵੀ ਨਹੀਂ ਰੱਖੀ ਜਾ ਸਕਦੀ।

ਜਸਟਿਸ ਗੁਰਨਾਮ ਸਿੰਘ ਤੋਂ ਬਾਅਦ ਲਛਮਣ ਸਿੰਘ ਗਿੱਲ ਦੀ ਸਰਕਾਰ ਬਣੀ। ਵਿਰੋਧੀ ਇਸਨੂੰ ਦਲਬਦਲੂਆਂ ਦੀ ਸਰਕਾਰ ਅਤੇ ਦਲੀਆ ਸਰਕਾਰ ਹੀ ਆਖਦੇ ਰਹੇ। ਪਰ ਲਛਮਣ ਸਿੰਘ ਗਿੱਲ ਦੀ ਅਗਵਾਈ ਹੇਠ ਉਹਦੀ ਸਰਕਾਰ ਨੇ ਅਜਿਹਾ ਕੰਮ ਕੀਤਾ ਕਿ ਜਿਹੜਾ ਪੰਜਾਬੀਆਂ ਦਾ ਮਾਣਮੱਤਾ ਇਤਿਹਾਸ ਬਣ ਗਿਆ। ਉਹਦੀ ਸਰਕਾਰ ਨੇ ਪੰਜਾਬੀ ਨੂੰ ਰਾਜ ਭਾਸ਼ਾ ਕਰਾਰ ਦਿੰਦਾ ਕਾਨੂਨ ਬਣਾਇਆ। ਇਹ ਪਹਿਲੀ ਵਾਰ ਸੀ ਜਦੋ ਪੰਜਾਬੀ ਨੂੰ ਪੰਜਾਬ ਦੀ ਰਾਜ ਭਾਸ਼ਾ ਮੰਨਿਆ ਗਿਆ। ਦਸੰਬਰ 1967 ਵਿਚ ਪਾਸ ਹੋਇਆ ਰਾਜ ਭਾਸ਼ਾ ਦਾ ਕਾਨੂੰਨ ਉਸ ਤੋ ਬਾਅਦ ਬਣੀ ਕਿਸੇ ਵੀ ਸਰਕਾਰ ਨੇ ਲਾਗੂ ਨਹੀਂ ਕੀਤਾ। ਪੰਜਾਬ ਦੀਆਂ ਰਾਜਸੀ ਪਾਰਟੀਆਂ (ਸਮੇਤ ਖੱਬੀਆਂ ਪਾਰਟੀਆਂ) ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਪੰਜਾਬੀ ਸੱਭਿਆਚਾਰ ਨੂੰ ਪੂਰੀ ਤਰਾਂ ਵਿਗਸਣ ਨਾ ਦਿੱਤਾ ਗਿਆ। ਧਰਮ ਨਿਰਪੱਖਤਾ ਨੂੰ ਵਧਣ ਫੁਲਣ ਦੇ ਮੌਕੇ ਪ੍ਰਦਾਨ ਨਾ ਕੀਤੇ ਗਏ। ਪੰਜਾਬੀ ਨੂੰ ਲਗਾਤਾਰ ਹਾਕਮ ਧਿਰ ਵਿਚ ਬੈਠੇ ਇਹਦੇ ਆਪਣੇ ਕਪੁੱਤਰਾਂ ਵਲੋ ਸਦਾ ਹੀ ਜ਼ਿਬਾਹ ਕੀਤਾ ਜਾਂਦਾ ਰਿਹਾ। ਇਹਦਾ ਲਗਾਤਾਰ ਚੀਰ-ਹਰਨ ਕੀਤਾ ਅਤੇ ਕੀਤਾ ਜਾਂਦਾ ਰਿਹਾ ਹੈ। ਰਾਜ ਦੀ ਅਫਸਰਸ਼ਾਹੀ ਜੋ ਬਸਤੀਵਾਦੀ ਕਲਚਰ ਦੀ ਰਹਿੰਦ-ਖੂੰਹਦ ਹੈ ਉਸਨੇ ਪੰਜਾਬੀ ਦਾ ਸਵਾਲ ਦੱਬ ਕੇ ਘੱਟੇ ਰੋਲ਼ਿਆ। ਪੰਜਾਬ ਵਿਚ ਬਣਦੀਆਂ-ਟੁਟਦੀਆਂ ਸਰਕਾਰਾਂ ਕੋਲ ਇਸ ਮਸਲੇ ਨੂੰ ਹੱਲ ਕਰਨ ਬਾਰੇ ਹਮੇਸ਼ਾ ਹੀ ਪੰਜਾਬੀ ਬਾਰੇ ਪ੍ਰਤੀਬੱਧਤਾ ਵਾਲੇ ਹੌਸਲੇ ਦੀ ਘਾਟ ਰਹੀ। ਬਣਦੇ ਮੁੱਖ ਮੰਤਰੀ ਤੇ ਮੰਤਰੀ ਸਦਾ ਹੀ ਆਪਣੀ ਸਥਾਪਤੀ ਦੇ ਚੱਕਰਾਂ ਵਿਚ ਉਲਝੇ ਰਹੇ ਜਾਂ ਫੇਰ ਆਪਣੇ ਘਰ ਭਰਨ ਵਿਚ ਲੱਗੇ ਰਹੇ। ਸਿਆਸੀ ਤਾਕਤ ਹੱਥ ਆ ਜਾਣ ਵੇਲੇ ਉਹ ਸਦਾ ਹੀ ਲੋਕਾਂ ਨੂੰ ਭੁੱਲ ਜਾਂਦੇ ਰਹੇ। ਅਹੁਦਾ ਕਬੂਲਣ ਵੇਲੇ ਚੁੱਕੀਆਂ ਸਹੁੰਆ ਨੂੰ ਚੇਤੇ ਰੱਖਣ ਦਾ ਉਨ੍ਹਾਂ ਨੇ ਕਦੇ ਕਸ਼ਟ ਨਹੀਂ ਕੀਤਾ। ਸਿਆਸੀ ਬੇਸ਼ਰਮੀ ਦੀ ਗਠੜੀ ਸਿਰ 'ਤੇ ਰੱਖ ਹਮੇਸ਼ਾ ਹੀ ਆਪਣੀ ਮਾਂ ਬੋਲੀ ਨੂੰ ਠੱਠੇ ਕੀਤੇ, ਲੇਖਕ ਸਭਾਵਾਂ ਅਤੇ ਹੋਰ ਵੀ ਪੰਜਾਬੀ ਨੂੰ ਪਿਆਰ ਕਰਨ ਅਤੇ ਉਹਦਾ ਸਤਿਕਾਰ ਕਰਨ ਵਾਲੇ ਵਾਰ ਵਾਰ ਇਸ ਸਬੰਧ ਵਿਚ ਘੋਲ ਕਰਦੇ ਰਹੇ। ਗ੍ਰਿਫਤਾਰੀਆਂ ਦੇ ਕੇ ਜੇਲ ਬੰਦ ਵੀ ਹੋਏ। ਪਰ ਅਜੇ ਤੱਕ ਵੀ ਇਸ ਮਸਲੇ ਸਬੰਧੀ ਕੋਈ ਸ਼ਕਤੀਸ਼ਾਲੀ ਲੋਕ ਲਹਿਰ ਨਹੀਂ ਉਸਰ ਸਕੀ ਜੋ ਸਰਕਾਰਾਂ ਦਾ ਨੱਕ ਵਿਚ ਦਮ ਕਰਨ ਜੋਗਾ ਸਾਹਸ ਰੱਖਦੀ ਹੋਵੇ। ਬਿਨਾਂ ਕਿਸੇ ਤਕੜੀ ਲੋਕ ਲਹਿਰ ਤੋਂ ਇਹ ਮਸਲਾ ਪਾਰ ਨਹੀਂ ਲੱਗਣਾ।



ਹਰੇ ਇਨਕਲਾਬ ਤੋ ਬਾਅਦ ਇਸ ਦੀ ਪ੍ਰਾਪਤੀ ਵਿਚੋਂ ਜੰਮੀ ਧਨੀ ਕਿਸਾਨੀ ਦੀ ਸਹੂਲਤ ਨੂੰ ਮੁੱਖ ਰਖਕੇ ਪਿੰਡਾਂ ਵਿਚ ਆਦਰਸ਼ ਸਕੂਲ ਖੋਹਲਣ ਦਾ "ਨੇਕ ਕੰਮ" ਵੀ ਅਕਾਲੀਆਂ ਦੀ ਸਰਕਾਰ ਨੇ ਹੀ ਕੀਤਾ ਸੀ, ਜੋ ਪੇਡੂ ਖੇਤਰਾਂ ਵਿਚ ਲੋਕਾਂ ਅੰਦਰ ਪਾੜਾ ਪਾਉਂਦਾ ਹੈ, ਪੰਜਾਬੀ ਸੱਭਿਆਚਾਰ ਦਾ ਬੇੜਾ ਗਰਕ ਕਰਦਾ ਹੈ। ਉਂਜ ਵੀ ਅਮੀਰ ਲੀਡਰਾਂ (ਤੇ ਅਮੀਰ ਲੋਕਾਂ) ਦੇ ਬੱਚੇ ਤਾਂ ਕਾਨਵੈਂਟ ਸਕੂਲਾਂ ਵਿਚ ਪੜਦੇ ਹਨ ਜਿੱਥੇ ਪੰਜਾਬੀ ਨੂੰ ਨੇੜੇ ਨਹੀਂ ਢੁੱਕਣ ਦਿੱਤਾ ਜਾਂਦਾ, ਮੱਤਾਂ ਤਾਂ ਸਿਰਫ ਹਮਾਤੜਾਂ ਵਾਸਤੇ ਹੀ ਹਨ। ਸਰਕਾਰ ਪੰਜਾਬ ਵਿਚਲੇ ਹੀ ਅਜਿਹੇ ਸਕੂਲਾਂ ਦੇ ਖਿਲਾਫ ਜਿੱਥੇ ਪੰਜਾਬੀ ਨੂੰ ਨੇੜੇ ਤੱਕ ਨਹੀਂ ਢੁੱਕਣ ਦਿੱਤਾ ਜਾਂਦਾ ਕੋਈ ਵੀ ਕਦਮ ਚੁੱਕਣ ਦਾ ਉਪਰਾਲਾ ਨਹੀਂ ਕਰਦੀ। ਇਹ ਵੀ ਪੰਜਾਬੀ ਦੇ ਖਿਲਾਫ ਵੱਡੀ ਸਾਜਿਸ਼ ਦਾ ਇਕ ਹਿੱਸਾ ਹੈ।

ਜੇ ਆਪਣੇ ਕੋਲ ਸੂਝ ਨਾ ਹੋਵੇ ਤਾਂ ਗੁਆਂਢੀਆਂ ਤੋਂ ਸਿੱਖਣਾ ਕੀ ਮਾੜਾ ਹੈ? ਰਾਜ ਭਾਸ਼ਾ ਦੇ ਕਾਨੂੰਨ ਨੂੰ ਲਾਗੂ ਕਰਨ ਵਾਸਤੇ ਕਰਨਾਟਕ ਰਾਜ ਵਲ ਝਾਤੀ ਮਾਰ ਲੈਣੀ ਕਾਫੀ ਹੈ, ਜਿੱਥੇ ਉਨ੍ਹਾਂ ਨੇ ਆਪਣੀ ਮਾਂ ਬੋਲੀ ਕੰਨੜ ਨੂੰ ਰਾਜ ਵਿਚ ਪੂਰੇ ਤੌਰ ਤੇ ਲਾਗੂ ਕਰਕੇ ਉਸਦਾ ਮਾਣ ਵਧਾਇਆ। ਇਸ ਵਾਸਤੇ ਪੱਲੇ ਸੂਝ ਅਤੇ ਸਿਆਸੀ ਤੌਰ ਤੇ ਪ੍ਰਪੱਕ ਹੌਸਲੇ ਦੀ ਲੋੜ ਪੈਂਦੀ ਹੈ। ਦੁਨੀਆਂ ਦੇ ਹੋਰ ਮੁਲਕਾਂ ਵਲ ਨਿਗਾਹ ਮਾਰਦਿਆਂ ਇਜ਼ਰਾਈਲ ਦੀ ਸਥਾਪਤੀ ਸਮੇਂ ਜਿਵੇਂ ਉਨ੍ਹਾਂ ਨੇ ਆਪਣੀ ਬੋਲੀ/ਭਾਸ਼ਾ ਹੀਬਰਿਸ਼ (ਇਬਰਾਨੀ) ਨੂੰ ਪ੍ਰਫੁਲਤ ਕੀਤਾ ਉਹ ਆਪਣੀ ਮਿਸਾਲ ਆਪ ਹੈ। ਜਿਸ ਵਿਚ ਸਰਕਾਰ ਤੇ ਲੋਕਾਂ ਦਾ ਹਿੱਸਾ ਸ਼ਾਮਲ ਹੈ। ਇਸੇ ਸੰਦਰਭ ਵਿਚ ਕੁਰਦ ਲੋਕਾਂ ਅਤੇ ਕੁਰਦ ਲੇਖਕਾਂ ਤੋ ਵੀ ਸਿੱਖਣਾ ਚਾਹੀਦਾ ਹੈ। ਕੁਰਦ ਲੋਕਾਂ ਨੇ ਆਪਣੀ ਮਾਂ ਬੋਲੀ ਦੇ ਵਿਰੁੱਧ ਹੁੰਦੀਆਂ ਸਾਜਿਸ਼ਾਂ ਦੀ ਮੁਖਾਲਫਿਤ ਕਰਦਿਆਂ ਬੜੇ ਜ਼ਬਰ ਝੱਲੇ ਅਤੇ ਬਹੁਤ ਸਾਰੇ ਕੁਰਦ ਲੇਖਕ ਆਪਣੀ ਮਾਂ ਬੋਲੀ ਨਾਲ ਹੁੰਦੇ ਵਿਤਕਰੇ ਦੇ ਖਿਲਾਫ ਘੋਲ ਕਰਦਿਆਂ ਤੁਰਕੀ ਦੀਆਂ ਦੀਆਂ ਜੇਲਾਂ ਵਿਚ ਬੰਦ ਰਹੇ ਤੇ ਕਈ ਅਜੇ ਵੀ ਬੰਦ ਹਨ।

ਜਰਮਨੀ ਵਿਚ ਜਰਮਨ ਭਾਸ਼ਾ ਦੇ ਸੁਧਾਰਾਂ ਅਤੇ ਵਿਕਾਸ ਸਬੰਧੀ ਕਾਫੀ ਵੱਡੇ ਪੱਧਰ ਤੇ ਸੰਵਾਦ ਅਤੇ ਵਿਵਾਦ ਚੱਲਦਾ ਰਿਹਾ ਹੈ ਲੇਖਕਾਂ ਸਮੇਤ ਮੁਲਕ ਦੇ ਬੁੱਧੀਜੀਵੀ (ਜਰਮਨ ਭਾਸ਼ਾ ਵਾਲੇ ਹੋਰ ਮੁਲਕਾਂ ਆਸਟਰੀਆ, ਸਵਿਟਜ਼ਰਲੈਡ ਦੇ ਬੁੱਧੀਜੀਵੀਆਂ ਅਤੇ ਭਾਸ਼ਾ ਵਿਗਿਆਨੀਆਂ, ਸਮਾਜ ਵਿਗਿਆਨੀਆਂ, ਆਰਥਕ ਮਾਹਰਾਂ ਸਮੇਤ) ਨਿੱਤ ਪ੍ਰਚਾਰ ਸਾਧਨਾਂ ਰੇਡੀਉ, ਟੈਲੀਵੀਜ਼ਨ ਅਖਬਾਰਾਂ, ਰਸਾਲਿਆਂ ਅਤੇ ਗੋਸ਼ਟੀਆਂ ਅੰਦਰ ਇਸ ਮਸਲੇ ਸਬੰਧੀ ਬਹਿਸਾਂ ਕਰਦੇ ਰਹੇ ਹਨ। ਇਸ ਸਬੰਧੀ ਹਾਈਕੋਰਟਾਂ ਤੱਕ ਦੇ ਫੈਸਲੇ ਆਏ। ਸੁਪਰੀਮ ਕੋਰਟਾਂ/ਸੰਵਿਧਾਨਕ ਮੰਚਾਂ ਤੱਕ ਦਰਖ਼ਾਸਤਾਂ ਪਹੁੰਚਾਈਆਂ ਗਈਆਂ। ਲੋਕਾਂ ਨੇ ਤਕੜੇ ਹੋ ਕੇ ਆਪਣੀ ਮਾਂ ਬੋਲੀ ਦੇ ਸੁਧਾਰਾਂ ਦਾ ਘੋਲ ਲੜਿਆ ਤੇ ਜਿੱਤਿਆ। ਇਹ ਸ਼ਾਇਦ ਜਾਗਦੀਆਂ ਕੌਮਾਂ ਦੇ ਸੁਚੇਤ ਲੋਕ ਹੀ ਕਰ ਸਕਦੇ ਹਨ। ਕੀ ਇਹ ਸਿੱਖਣ ਵਾਲੀਆਂ ਗੱਲਾਂ ਨਹੀਂ?

ਪੰਜਾਬ ਵਿੱਚ ਮੌਕਾਪ੍ਰਸਤ ਸਿਆਸੀ ਪਾਰਟੀਆਂ ਵਲੋ ਕੁਰਸੀ ਪ੍ਰਾਪਤੀ ਲਈ ਧਰਮ ਯੁੱਧ ਛਿੜਦੇ ਰਹੇ। ਪਰ ਸਿਆਸੀ ਪਾਰਟੀਆਂ ਵਲੋ ਪੰਜਾਬੀ ਖਾਤਰ ਕਦੇ ਵੀ ਕੋਈ 'ਪੰਜਾਬੀ' ਯੁੱਧ ਨਹੀਂ ਛਿੜਿਆ। ਸਗੋਂ ਜਦੋ ਬੇਈਮਾਨੀ ਭਰੇ ਨਾਅਰਿਆ ਦੇ ਆਸਰੇ ਉਨ੍ਹਾ ਦੇ ਹੱਥ ਰਾਜ-ਭਾਗ ਆ ਜਾਵੇ ਤਾਂ ਉਹ ਹੀ ਧਰਮ ਯੁੱਧ ਵਾਲੇ ਝੂਠ ਦੇ ਪੁੱਤਰ ਬਣਕੇ ਪੰਜਾਬੀ ਦੇ ਮਸਲੇ ਕੋਲੋਂ ਮੱਲਕ ਦੇਣੀ ਅੱਖਾਂ ਮੀਟ ਕੇ ਆਪਣੀ 'ਮਾਂ' ਨੂੰ ਸਿਆਸੀ ਮਸ਼ਕਰੀਆਂ ਕਰਦੇ ਹੋਏ ਲੰਘ ਜਾਂਦੇ ਹਨ ਅਤੇ ਆਪਣੀ "ਮਾਂ" ਦੀ ਗੁੱਤ ਪੁਟਦਿਆਂ ਵੀ ਸ਼ਰਮ ਨਹੀਂ ਖਾਂਦੇ- ਆਖਰ ਕਿਉ? ਕੀ ਅਸੀਂ ਸਿਰਫ ਬੀਤ ਗਏ ਦੇ ਝੋਰੇ ਤੇ ਭੁੱਲਾਂ ਫੜਕੇ ਹੀ ਬੈਠੇ ਰਵਾਂਗੇ ਜਦੋ ਕਿ ਫੈਸਲਾਕੁਨ ਭਵਿੱਖ ਨੇ ਹੋਣਾ ਹੁੰਦਾ ਹੈ। ਜ਼ਾਇਜ਼-ਨਾਜ਼ਾਇਜ਼ ਸਿਆਸੀ ਲਾਹੇ ਖੱਟਣ ਖਾਤਰ ਸਿਆਸੀ ਲੀਡਰ ਇਕ ਦੂਜੇ ਉੱਤੇ ਸੱਚੀਆਂ ਝੂਠੀਆਂ ਤੁਹਮਤਾਂ ਲਾਉਣ ਲੱਗੇ ਰਹਿੰਦੇ ਹਨ। 1961 ਦੀ ਮਰਦਮ ਸ਼ੁਮਾਰੀ ਝੂਠੀ ਸਿਆਸੀ ਚੁੱਕ ਵਿਚ ਫਸਕੇ ਅਣਜਾਣੇ ਹੀ ਬਹੁਤ ਸਾਰੇ ਹਿੰਦੂਆਂ ਨੇ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ (ਜੋ ਸੱਚ ਨਹੀਂ ਸੀ) ਪਰ ਹੁਣ ਉਸ ਜਨ ਗਣਨਾ ਦੀ ਕੋਈ ਸਾਰਥਿਕਤਾ ਵੀ ਨਹੀ। ਪੰਜਾਬ ਇਕ ਭਾਸ਼ੀ ਰਾਜ ਹੈ। ਇਸਦੀ ਰਾਜ ਭਾਸ਼ਾ ਪੰਜਾਬੀ ਹੈ। ਇੱਥੇ ਹਿੰਦੂ ਵਸੋਂ ਵਿਚਲੇ ਸ਼ਰਾਰਤੀ ਕਿਸਮ ਦੇ ਢਾਈ ਕੁ ਟੋਟਰੂਆਂ ਨੂੰ ਹਿੰਦੂ ਭਾਈਚਾਰੇ/ਧਰਮ ਵਾਲਿਆਂ ਦੇ ਪ੍ਰਤੀਨਿਧ ਸਮਿਝਆਂ ਜਾਣਾ ਠੀਕ ਨਹੀਂ। ਸਗੋਂ ਹਿੰਦੂ ਧਰਮ ਦੇ ਪੈਰੋਕਾਰਾਂ ਦੀ ਬਹੁਤ ਵੱਡੀ ਗਿਣਤੀ ਪੰਜਾਬੀ ਜ਼ੁਬਾਨ ਨੂੰ ਆਪਣੀ ਮਾਂ ਬੋਲੀ ਸਮਝਦਿਆਂ/ਮੰਨਦਿਆਂ ਉਸ ਦੀ ਮੁਦਈ ਹੈ। ਇਸ ਵਾਸਤੇ 1991 ਦੀ ਮਰਦਮ ਸ਼ੁਮਾਰੀ ਦੇਖੀ ਜਾਣੀ ਹੀ ਕਾਫੀ ਹੈ। ਉਂਜ ਵੀ ਕਿਸੇ ਜ਼ੁਬਾਨ ਨੂੰ ਧਰਮਾਂ ਦੇ ਕੈਦਖਾਨਿਆਂ ਵਿਚ ਕੈਦ ਕਰਨ ਨਾਲ ਮਸਲਾ ਉਲਝ ਜਾਂਦਾ ਹੈ। ਪੰਜਾਬੀ ਜ਼ੁਬਾਨ ਸਾਰੇ ਪੰਜਾਬੀਆਂ ਦੀ ਹੈ। ਉਹ ਕਿਧਰੇ ਵੀ ਵਸਦੇ ਹੋਣ, ਇਸ ਕਰਕੇ ਇਸ ਜ਼ੁਬਾਨ ਲਈ ਵੀ ਧਰਮਾਂ ਦੀਆਂ ਵਲਗਣਾਂ ਤੋਂ ਮੁਕਤੀ ਜਰੂਰੀ ਹੈ। ਇਸ ਤਰ੍ਹਾਂ ਕਰਨ ਨਾਲ ਧਰਮ ਨਿਰਪੱਖਤਾ ਨਿੱਖਰਦੀ ਹੈ ਅਤੇ ਮਜ਼ਬੂਤ ਹੁੰਦੀ ਹੈ। ਪੰਜਾਬੀ ਨੂੰ ਫੀਰੋਜ਼ਦੀਨ ਸ਼ਰਫ ਵਰਗੇ ਸੁੱਚੇ ਪੰਜਾਬੀਆਂ ਦੀ ਲੋੜ ਹੈ, ਜੋ ਸਦਾ ਪੰਜਾਬੀ ਦੀ ਖ਼ੈਰ ਮੰਗ ਸਕਣ।

ਪੰਜਾਬੀ ਬੋਲੀ ਦੇ ਮਾਣ ਸਤਿਕਾਰ ਅਤੇ ਵਿਕਾਸ ਦੇ ਘੋਲ ਦਾ ਸਵਾਲ ਪੰਜਾਬੀਅਤ ਨੂੰ ਤਕੜਿਆਂ ਕਰਨ ਵਾਲਾ ਕਦਮ ਹੈ। ਕਦਮ ਅੱਗੇ ਤਦ ਹੀ ਤੁਰਦੇ ਹਨ ਜੇ ਇਨ੍ਹਾਂ ਵਿਚ ਤੁਰਨ ਵਾਲੀ ਸੂਝ ਭਰੀ ਰਵਾਨੀ ਹੋਵੇ। ਅਜ ਦੇ ਸਮੇਂ ਪੰਜਾਬੀਅਤ ਦੀ ਸੀਮਾ ਚੜ੍ਹਦੇ ਜਾਂ ਲਹਿੰਦੇ ਪੰਜਾਬ ਤੱਕ ਹੀ ਸੀਮਤ ਨਹੀਂ ਇਹ ਦੁਨੀਆ ਦੇ ਪੱਧਰ ਤੱਕ ਫੈਲਦੀ ਹੈ। ਇਸ ਕਰਕੇ ਦਿਸਹੱਦੇ ਦੇ ਪਾਰ ਤੱਕ ਦੇਖਣ, ਸੋਚਣ ਅਤੇ ਸਮਝਣ ਵਾਲੀ ਮੋਹ ਭਰੀ ਪਾਰਖੂ ਨਜ਼ਰ ਵਰਤਣੀ ਪਵੇਗੀ। ਪੰਜਾਬੀ ਨੂੰ ਲਾਗੂ ਕਰਨ ਵਿਚ ਢਿੱਡੋਂ ਬੇਈਮਾਨ ਅਫਸਰਸ਼ਾਹੀ ਜਾਣ ਬੁੱਝ ਕੇ ਵੱਡੇ ਰੋੜੇ ਅਟਕਾਉਂਦੀ ਹੈ। ਇਸ ਪੰਜਾਬੀ ਵਿਰੋਧੀ ਅਫਸਰਸ਼ਾਹੀ ਨੂੰ ਝਟਕਾ ਦਿੱਤੇ ਬਿਨਾਂ ਨਹੀਂ ਸਰਨਾ। ਪੰਜਾਬ ਦੇ ਅਕਾਲੀ ਤੇ ਕਾਂਗਰਸੀ ਗੱਲਾਂ ਤਾਂ ਪੰਜਾਬੀ



ਦੀਆਂ ਬਹੁਤ ਕਰਦੇ ਹਨ ਪਰ ਅਮਲ ਵਲੋਂ ਬਿਲਕੁਲ ਸੱਖਣੇ ਹਨ-ਨਿਰੇ ਗਏ ਗੁਜ਼ਰੇ। ਚੰਗਾ ਹੁੰਦਾ ਜੇ ਅਕਾਲੀਆਂ ਵਿਚ ਸਿੱਖ ਵੀ ਹੁੰਦੇ ਸ਼ਾਇਦ ਉਹ ਗੁਰੂਆਂ ਦੇ ਨਾਂ ਉੱਤੇ ਹੀ ਪੰਜਾਬੀ ਦੀ ਲੱਜ ਪਾਲਦੇ। ਅੱਜ ਤਾਂ ਬਾਬਾ ਫਰੀਦ, ਬਾਬਾ ਨਾਨਕ, ਬੁੱਲੇ ਸ਼ਾਹ, ਸ਼ਾਹ ਹੁਸੈਨ, ਵਾਰਿਸ ਸ਼ਾਹ, ਫੀਰੋਜ਼ਦੀਨ ਸ਼ਰਫ, ਪ੍ਰੋ: ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਨੰਦ ਲਾਲ ਨੂਰਪੁਰੀ, ਗੁਰਬਖਸ਼ ਸਿੰਘ ਪ੍ਰੀਤਲੜੀ, ਪ੍ਰੋ: ਮੋਹਨ ਸਿੰਘ, ਬਾਵਾ ਬਲਵੰਤ, ਅਮ੍ਰਿਤਾ ਪ੍ਰੀਤਮ, ਸਾਧੂ ਸਿੰਘ ਹਮਦਰਦ ਅਤੇ ਸ਼ਿਵ ਕੁਮਾਰ ਦੀ ਬੋਲੀ ਦੇ ਵਾਰਸ ਆਪਣੀ ਬੋਲੀ ਖਾਤਰ ਸਰਕਾਰਾਂ ਦੇ ਦਰ ਖੜਕਾਉਂਦੇ ਹਨ ਪਰ ਹਾਕਮਾਂ ਕੋਲ ਇਸ ਮਸਲੇ ਬਾਰੇ ਗੱਲ ਕਰਨ ਦਾ ਵੀ ਵਿਹਲ ਨਹੀਂ। ਜ਼ੁੰਮੇਵਾਰ ਉੱਚੇ ਅਹੁਦਿਆਂ ਉੱਤੇ ਬੈਠੇ ਪੰਜਾਬੀ ਮਾਂ ਦੇ ਪੁੱਤ ਆਪਣੇ ਅਮਲਾਂ ਨਾਲ ਕਪੁੱਤ ਬਣੇ ਹੋਏ ਹਨ। ਉਨ੍ਹਾ ਦੇ ਕੁੱਬ ਠੀਕ ਕਰਨੇ ਸਰਕਾਰ ਦਾ ਕੰਮ ਹੈ ਪਰ ਸਰਕਾਰ ਜੇ ਆਪ ਹੀ ਇਸ ਪੱਖੋ ਕੁੱਬੀ ਹੋਵੇ ਫੇਰ ਤਾਂ ਇਹ ਹੀ ਪੁੱਛਿਆ ਜਾ ਸਕਦਾ ਹੈ ਕਿ ਖੁਸਰਿਆਂ ਦੇ ਵਿਹੜੇ ਕੌਣ ਨੱਚੇ?

ਕਦੇ ਕਿਸੇ ਨੇ ਇਹ ਵੀ ਸੁਣਿਆ ਹੈ ਕਿ ਸਰਕਾਰਾਂ ਬਿੱਲ ਪਾਸ ਕਰਨ, ਕਾਨੂੰਨ ਬਣਾਉਣ ਅਤੇ ਉਸਨੂੰ ਲਾਗੂ ਕਰਵਾਉਣ ਵਾਸਤੇ ਲੋਕਾਂ ਨੂੰ ਚਾਰ ਦਹਾਕੇ ਬਾਅਦ ਵੀ ਘੋਲ ਕਰਨਾ ਪੈ ਰਿਹਾ ਹੋਵੇ। ਇਹ ਵੀ ਸ਼ਾਇਦ ਪੰਜਾਬੀ ਦੇ ਹਿੱਸੇ ਹੀ ਆਇਆ ਹੈ। ਬੋਲੀ ਪ੍ਰਤੀ ਅਕ੍ਰਿਤਘਣਤਾਂ ਦੀ ਸਭ ਤੋਂ ਵੱਡੀ ਮਿਸਾਲ। ਪੰਜਾਬੀ ਬੋਲੀ/ਭਾਸ਼ਾ ਅਤੇ ਇਸਦੇ ਸੱਭਿਆਚਾਰ ਨੂੰ ਸਮਝਣ, ਮੋਹ ਪਿਆਰ ਕਰਨ ਵਾਲੇ ਬੁੱਧੀਜੀਵੀਆਂ ਤੇ ਕਲਮਕਾਰਾਂ ਨੂੰ ਸਮੇਂ ਦੀ ਲਲਕਾਰ ਹੈ ਕਿ ਉਹ ਧੜਿਆਂ, ਪਾਰਟੀਆਂ ਦੀ ਵੰਡ ਅਤੇ ਉੱਚੀਆਂ ਕੁਰਸੀਆਂ ਦੇ ਲੋਭ ਲਾਲਚ ਤੇ ਝੂਠੇ ਮੋਹ ਤੋ ਲਾਂਭੇ ਹੋ ਕੇ ਪੰਜਾਬੀ ਮਾਂ ਦੀ ਅਣਖ ਬਚਾਉਣ ਨਹੀਂ ਤਾਂ ਉਨ੍ਹਾਂ ਦੀ ਮਾਂ ਦੀ ਅਣਖ ਇੰਜ ਹੀ ਲੁੱਟੀ ਜਾਂਦੀ ਰਹੇਗੀ, ਰੁਲਦੀ ਰਵ੍ਹੇਗੀ। ਕੀ ਜਾਗਦੀ ਜ਼ਮੀਰ ਵਾਲਾ ਕੋਈ ਇਨਸਾਨ ਅਜਿਹਾ ਦੇਖ ਕਰ ਸਕਦਾ ਹੈ? ਪੰਜਾਬੀ ਆਪਣੇ ਆਪ ਨੂੰ ਅਣਖੀ ਵੀ ਆਖੀ ਜਾ ਰਹੇ ਹਨ ਅਤੇ ਬਹੁਤ ਵਰ੍ਹਿਆਂ ਤੋਂ ਇਹੀ ਕੁੱਝ ਦੇਖੀ/ਕਰੀ ਵੀ ਜਾ ਰਹੇ ਹਨ।

ਕਿਸਾਨੀ ਦੀ ਮੰਦੀ ਹਾਲਤ ਦੇਖ ਕਿਸਾਨੀ ਨੂੰ ਅਣਖ ਖਾਤਰ ਉੱਠਣ ਵਾਸਤੇ ਬਾਂਕੇ ਦਿਆਲ ਨੇ ਪਗੜੀ ਸੰਭਾਲ ਜੱਟਾ......... ਦਾ ਹੋਕਾ ਦਿੱਤਾ ਸੀ। ਅੱਜ ਪੰਜਾਬੀ ਜ਼ੁਬਾਨ ਦੀ ਪੱਗੜੀ (ਇੱਜਤ, ਮਾਣ) ਰੋਲੀ ਜਾ ਰਹੀ ਹੈ, ਪੰਜਾਬ ਵਿਚ ਬਣਦੀਆਂ ਸਰਕਾਰਾਂ ਮਿਲੀ ਸਿਆਸੀ ਤਾਕਤ ਦੇ ਨਸ਼ੇ ਵਿਚ ਬੜੇ ਸ਼ੌਕ ਨਾਲ ਇਹ ਕੰਮ ਕਰਦੀਆਂ ਰਹੀਆਂ ਹਨ ਅਜੇ ਵੀ ਇਹ ਹੀ ਕੁੱਝ ਹੋ ਰਿਹਾ ਹੈ। ਸਿਆਸੀ ਤਾਕਤ ਤੋ ਬਾਹਰ ਹੋਣ ਵੇਲੇ ਇਨ੍ਹਾਂ ਪਾਰਟੀਆਂ ਨੂੰ ਪੰਜਾਬੀ ਦਾ ਕਾਫੀ ਹੇਜ ਹੁੰਦਾ ਹੈ। ਫੇਰ ਤਾਂ ਕਦੇ ਕਦਾਈਂ ਇਹ ਲੇਖਕਾਂ ਅਤੇ ਪੰਜਾਬੀ ਦੇ ਦਰਦੀਆਂ ਵਲੋਂ ਪੰਜਾਬੀ ਦੇ ਹੱਕ ਵਿਚ ਮਾਰੇ ਜਾਂਦੇ ਧਰਨਿਆਂ ਵੇਲੇ ਵੀ ਖੇਖਣ ਕਰਨ ਮਟਕਾ ਚੌਕ ਵਿਚ ਪਹੁੰਚ ਜਾਂਦੇ ਹਨ, ਪੰਜਾਬੀ ਦੇ ਨਕਲੀ ਦਰਦੀ, ਪਰ! ਸਿਰਫ ਵਿਰੋਧੀ ਧਿਰ ਵਿਚ ਹੋਣ ਵੇਲੇ। ਜਦੋਂ ਹਕੂਮਤ ਵਿਚ ਹੋਣ ਤਾਂ ਮਟਕਾ ਚੌਕ ਨੂੰ

ਝਟਕਾ ਚੌਕ ਬਣਾਈ ਰਖਦੇ ਹਨ। ਲੋਕਾਂ ਨੂੰ ਡੈਮੋਕ੍ਰੇਸੀ ਦੀ ਥਾਂ ਡਾਂਗੋਕ੍ਰੇਸੀ ਨਾਲ ਹੱਕਦੇ ਹਨ। ਸ਼ਾਇਦ ਬੇਸ਼ਰਮੀ ਇਸੇ ਨੂੰ ਹੀ ਕਹਿੰਦੇ ਹਨ। ਹਾਕਮਾਂ ਕੋਲ ਇਸ ਦੀ ਕੋਈ ਘਾਟ ਨਹੀਂ।

ਲੇਖਕ ਕੌਮਾਂ ਦਾ ਸਰਮਾਇਆ ਹੁੰਦੇ ਹਨ। ਪੰਜਾਬੀ ਵਿਚ ਇਨ੍ਹਾਂ ਦੀ ਵੱਡੀ ਗਿਣਤੀ ਹੈ। ਕੇਂਦਰੀ ਲੇਖਕ ਸਭਾਵਾਂ ਵੰਡੀਆਂ ਹੋਈਆਂ ਹਨ। ਉਨ੍ਹਾਂ ਦੇ ਆਗੂਆਂ ਤੇ ਪੈਰੋਕਾਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਆਪਸ ਵਿਚ ਪਾਟੇ ਹੋਣਾ ਉਨ੍ਹਾਂ ਦੀ ਕਮਜ਼ੋਰੀ ਹੈ, ਇਹ ਕਮਜ਼ੋਰੀ ਕਿਵੇਂ ਦੂਰ ਹੋਵੇ? ਸਿਆਣੇ ਬਣਕੇ, ਹਉਮੈ ਛੱਡਕੇ ਸੋਚਣਾ ਪਵੇਗਾ। ਲੇਖਕ ਕੌਣ ਹੈ? ਪਾਠਕ ਕੌਣ ਹੈ? ਵਰਗੀਆਂ ਫ਼ਜ਼ੂਲ ਬਹਿਸਾਂ ਅਤੇ ਸੰਵਿਧਾਨਕ ਟਿੱਚਰਾਂ ਬੰਦ ਹੋ ਜਾਣ ਤਾਂ ਚੰਗਾ ਹੀ ਹੈ। ਚੌਧਰ ਵਾਲੀ ਕੁਰਸੀ ਦਾ ਮੋਹ ਪੰਜਾਬੀ ਮੋਹ ਦੇ ਮੁਕਾਬਲੇ ਬਹੁਤ ਨਿਗੂਣਾ ਹੈ। ਇਸ ਨੂੰ ਤਾਂ ਛੱਡਿਆਂ ਹੀ ਗੱਲ ਬਣੇਗੀ ਨਹੀਂ ਤਾਂ ਹਉਮੈ ਪਲਦੀ ਰਹੇਗੀ-ਪੰਜਾਬੀ ਦਾ ਨੁਕਸਾਨ ਹੁੰਦਾ ਰਹੇਗਾ। ਮਾਂ ਬੋਲੀ ਖਾਤਰ ਇਕੱਠੇ ਹੋ ਕੇ ਤਕੜੀ ਲਹਿਰ ਵਿੱਢਣੀ ਹੀ ਪੈਣੀ ਹੈ। ਨਾਲ ਹੀ ਲੋਕਾਂ ਦੀ ਚੇਤਨਾ ਨੂੰ ਟੁੰਬਿਆ ਤੇ ਤਿੱਖੇ ਕੀਤੇ ਜਾਣ ਦੇ ਵੀ ਗੰਭੀਰ ਯਤਨ ਹੋਣੇ ਚਾਹੀਦੇ ਹਨ। ਤਿੱਖੀ ਤੇ ਸੁਲਝੀ ਹੋਈ ਲੋਕ ਚੇਤਨਾ ਮਾਂ ਬੋਲੀ ਪੰਜਾਬੀ ਦਾ ਬੇੜਾ ਪਾਰ ਲਾ ਸਕਦੀ ਹੈ। ਅੱਜ ਹਰ ਲੇਖਕ, ਬੁੱਧੀਜੀਵੀ, ਰਾਜਸੀ ਪਾਰਟੀਆਂ (ਅਤੇ ਉਨ੍ਹਾ ਦੇ ਅੰਦਰਲੇ ਦਾਨਿਸ਼ਵਰਾਂ) ਨੂੰ ਧੜਿਆਂ, ਧਰਮਾਂ ਤੋਂ ਉੱਪਰ ਉੱਠਕੇ ਪੰਜਾਬੀ ਦੇ ਧੀਆਂ ਪੁੱਤ ਬਣਕੇ ਆਪਣੀ ਮਾਂ (ਪੰਜਾਬੀ) ਦੀ ਖਤਰੇ ਪਈ ਇੱਜਤ, ਅਣਖ ਖਾਤਰ ਅੱਗੇ ਆਉਣਾ ਬਣਦਾ ਹੈ। ਆਪਣੀ ਮਾਂ ਦੇ ਚੁੰਘੇ ਸੁੱਚੇ ਦੁੱਧ ਦੀ ਲਾਜ ਪਾਲਣ ਦਾ ਆਪਣਾ ਫ਼ਰਜ਼ ਨਿਭਾਉਣਾ ਚਾਹੀਦਾ ਹੈ। ਸਮਾਂ ਵੰਗਾਰ ਰਿਹਾ ਹੈ। ਲੋੜ ਸਮੇਂ ਦੀ ਸੁਣਕੇ ਉਸ ਉੱਪਰ ਅਮਲ ਕਰਨ ਦੀ ਹੈ। ਪੰਜਾਬੀ ਦੀ ਮਾੜੀ ਹਾਲਤ, ਪੰਜਾਬੀਆਂ ਦੇ ਢਿੱਲੇ ਅਤੇ ਅਵੇਸਲੇ ਵਤੀਰੇ ਨੂੰ ਦੇਖਦਿਆਂ ਸਾਡੇ ਉੱਘੇ ਪੰਜਾਬੀ ਪਿਆਰੇ ਫੀਰੋਜ਼ਦੀਨ ਸ਼ਰਫ਼ ਨੇ ਬਹੁਤ ਪਹਿਲਾਂ ਦੁੱਖ ਨਾਲ ਲਿਖਿਆ ਸੀ, ਸਥਿਤੀ ਅਜੇ ਵੀ ਉੱਥੋਂ ਬਹੁਤ ਅੱਗੇ ਨਹੀਂ ਗਈ। ਲੋੜ ਇਸ ਤੋਂ ਪਾਰ ਜਾਣ ਦੇ ਯਤਨ ਕਰਨ ਦੀ ਹੈ। ਉਨ੍ਹਾਂ ਲਿਖਿਆ ਸੀ :-

> ਮੁੱਠਾਂ ਮੀਟ ਕੇ ਨੁੱਕਰੇ ਹਾਂ ਬੈਠੀ, ਟੁੱਟੀ ਹੋਈ ਰਬਾਬ ਰਬਾਬੀਆਂ ਦੀ
> ਪੁੱਛੀ ਬਾਤ ਨਾ ਜਿਨ੍ਹਾਂ ਨੇ 'ਸ਼ਰਫ' ਮੇਰੀ ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।

ਨੋਟ: ਪਿਛਲੇ ਦਿਨੀਂ ਫੇਰ ਪੰਜਾਬੀ ਲਾਗੂ ਕਰਨ ਵਾਸਤੇ ਕਾਨੂਨ ਬਣਿਆਂ ਹੈ, ਇਹਦੇ 'ਤੇ ਅਮਲ ਹੋਣ ਦੀ ਅਜੇ ਉਡੀਕ ਕਰਨੀ ਪਵੇਗੀ।



# ਪਰਵਾਸ ਦੀਆਂ ਚੁਣੌਤੀਆਂ ਤੇ ਸੱਭਿਆਚਾਰਕ ਪ੍ਰੀਵਰਤਨ

ਆਮ ਤੌਰ 'ਤੇ ਮਨੁੱਖ ਦਾ ਇਕ ਥਾਂ ਛੱਡਕੇ ਕਿਸੇ ਦੂਸਰੇ ਥਾਂ ਵਸ ਜਾਣ ਨੂੰ ਹੀ ਪਰਵਾਸ ਦਾ ਨਾਂ ਦਿੱਤਾ ਜਾਂਦਾ ਹੈ। ਪਰਵਾਸ ਚਾਹਿਆ ਵੀ ਹੁੰਦਾ ਹੈ ਤੇ ਅਣਚਾਹਿਆ ਵੀ, ਖ਼ੁਸ਼ੀ ਨਾਲ ਵੀ ਹੁੰਦਾ ਹੈ ਤੇ ਧੱਕੇ ਨਾਲ ਵੀ। ਇਸ ਦਾ ਇਤਿਹਾਸ ਬਹੁਤ ਲੰਬਾ ਹੈ। ਆਦਮ ਦੇ ਪੈਦਾ ਹੋਣ ਤੋਂ ਬਾਅਦ ਲੋੜਾਂ ਦੇ ਮਾਰੇ ਲੋਕ ਜਦੋਂ ਪਹਿਲੀ ਵਾਰ ਇਕ ਥਾਂ ਤੋਂ ਕਿਸੇ ਹੋਰ ਵਧੀਆ ਸਾਧਨਾ ਭਰੇ ਥਾਂ ਦੀ ਭਾਲ਼ 'ਚ ਤੁਰੇ ਤਾਂ ਪਰਵਾਸ ਦੀ ਸ਼ੁਰੂਆਤ ਹੋਈ। ਜਿੱਥੇ ਵੀ ਉਨ੍ਹਾਂ ਨੂੰ ਚੰਗੀਆਂ ਹਾਲਤਾਂ ਵਿਚ ਜੀਊਣ ਯੋਗ ਥਾਂ ਮਿਲਿਆ, ਉੱਥੇ ਹੀ ਟਿਕ ਗਏ ਤਾਂ ਪਰਵਾਸੀ ਕਹਾਉਣ ਲੱਗੇ।

ਜਦੋਂ ਗੁਲਾਮਾਂ ਦੀ ਸ਼ਕਲ 'ਚ ਲੋਕਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਵਿਰੁੱਧ ਧੱਕੇ ਨਾਲ ਕਿਧਰੇ ਹੋਰ ਅਣਚਾਹੀ ਥਾਂ 'ਤੇ ਲਿਜਾਇਆ ਗਿਆ ਤਾਂ ਉਹ ਅਣਚਾਹਿਆ ਪਰਵਾਸ ਸੀ। ਗੁਲਾਮਦਾਰੀ, ਜਗੀਰਦਾਰੀ ਅਤੇ ਸਰਮਾਏਦਾਰੀ ਯੁੱਗ ਵਿਚ ਪਰਵਾਸ ਦਾ ਰੂਪ ਬਦਲਦਾ ਰਿਹਾ ਹੈ ਪਰ ਮੋਹ, ਤੜਪ ਤੇ ਸਾਂਝ ਦੀ ਭੁੱਖ ਕਦੇ ਵੀ ਨਹੀਂ ਮਰੀ ਜੋ ਮਨੁੱਖੀ ਵਿਕਾਸ ਦੀ ਪੈੜ ਬਣਦੀ ਰਹੀ ਹੈ।

ਪਰਵਾਸ ਲਈ ਮਨੁੱਖ ਦਾ ਮਜਬੂਰ ਹੋ ਜਾਣਾ ਸਮੇਂ, ਸਥਾਨ ਤੇ ਉੱਥੇ ਵਾਪਰ ਰਹੀਆਂ ਘਟਨਾਵਾਂ ਤੇ ਨਿਰਭਰ ਕਰਦਾ ਹੈ। ਇਸ ਲਈ ਕਾਰਨ ਸਿਆਸੀ, ਆਰਥਿਕ, ਸਮਾਜਿਕ ਤੇ ਧਾਰਮਿਕ ਹੋ ਸਕਦੇ ਹਨ। ਮੁਲਕਾਂ ਦੇ ਅੰਦਰੂਨੀ ਝਗੜੇ ਵੀ ਲੋਕਾਂ ਨੂੰ ਪਰਵਾਸ ਲਈ ਮਜਬੂਰ ਕਰਦੇ ਹਨ, ਜੋ ਨਾ ਚਾਹੁੰਦਿਆਂ ਹੋਇਆਂ ਵੀ ਹੰਢਾਉਣਾ ਹੀ ਪੈਂਦਾ ਹੈ। ਇਸ ਮਜਬੂਰੀ ਨੂੰ ਗਲ਼ ਲਾ ਕੇ ਜੀਊਣਾ ਹੀ ਪੈਂਦਾ ਹੈ, ਤੇ ਜ਼ਿੰਦਗੀ ਦੇ ਨਵੇਂ ਅਰਥ ਪੈਦਾ ਕਰਨ ਲਈ ਜੱਦੋਜਹਿਦ ਕੀਤੀ ਜਾਂਦੀ ਹੈ ਜੋ ਹਰ ਹੀਲੇ ਜ਼ਿੰਦਗੀ ਦੀ ਨੁਹਾਰ 'ਚ ਨਵੀਆਂ ਕਰੂੰਬਲਾਂ ਪੈਦਾ ਕਰਦੀ ਹੈ।

ਜਦੋਂ ਬਹੁਸੰਮਤੀ ਵਲੋਂ ਰਾਜ ਸੱਤਾ 'ਤੇ ਕਬਜ਼ੇ ਨੂੰ ਹਰ ਹੀਲੇ ਕਾਇਮ ਰੱਖਣ ਵਾਸਤੇ ਰਾਜਨੀਤੀ ਦੀ ਥਾਂ ਕੂਟਨੀਤੀ ਰਾਹੀਂ ਘੱਟਗਿਣਤੀ ਨੂੰ ਦਬਾਉਣ ਦੇ ਕੋਝੇ ਹੀਲੇ ਕੀਤੇ ਜਾਣ ਤਾਂ ਪਹਿਲਾਂ ਰੋਸ ਉਪਜਦਾ ਹੈ। ਇਸ ਰੋਸ ਵਲੋਂ ਵਿਰੋਧ ਦਾ ਰੂਪ ਧਾਰ ਜਾਣਾ ਮਨੁੱਖ ਦੇ ਕੁਦਰਤੀ ਸੁਭਾਅ ਦਾ ਅੰਗ ਹੈ। ਫਿਰ ਸਥਾਪਤੀ ਅਤੇ ਨਵੇਂ ਉੱਠੇ ਰੋਹ ਦੀ ਟੱਕਰ ਹੁੰਦੀ ਹੈ ਤਾਂ ਕਈ ਵਾਰ ਇਸ ਵਿਚੋਂ ਨਿਕਲੀ ਚੰਗਿਆੜੀ ਦੇ ਰੂਪ 'ਚ ਪਰਵਾਸ ਜਨਮਦਾ ਹੈ।

ਜ਼ਿੰਦਗੀ ਰੁਕਦੀ ਨਹੀਂ, ਤੁਰਦੀ ਹੀ ਰਹਿੰਦੀ ਹੈ। ਲੋਕ ਆਪਣੀ ਹੀ ਧਰਤੀ ਛੱਡ ਕੇ ਤੁਰ ਜਾਣ ਲਈ ਮਜਬੂਰ ਹੋ ਜਾਂਦੇ ਹਨ। ਜਿਵੇਂ ਫਲਸਤੀਨੀਆਂ ਦਾ ਮਸਲਾ ਆਪਣੀ ਮਿੱਟੀ ਦਾ ਮੋਹ ਦੀ ਪਛਾਣ ਬਣਾਈ ਰੱਖਣ ਦਾ ਸੀ ਤੇ ਹੈ (ਪੂਰੇ ਤੌਰ 'ਤੇ ਤਾਂ ਇਹ ਸਮੱਸਿਆ ਪਤਾ ਨਹੀਂ ਕਦੋਂ ਨਜਿੱਠੀ ਜਾਵੇ)। ਇਸ ਖਾਨੇ ਵਿਚ ਯਹੂਦੀਆਂ ਦਾ ਨਾਂ ਵੀ ਵਾਰ ਵਾਰ ਚਰਚਾ ਦਾ ਵਿਸ਼ਾ ਬਣ ਜਾਂਦਾ ਹੈ। ਯੂਰਪੀ ਅਤੇ ਹੋਰ ਬਹੁਤ ਸਾਰੇ ਮੁਲਕਾਂ ਅੰਦਰ ਯਹੂਦੀਆਂ ਲਈ ਅਜੇ ਤੱਕ ਵੀ ਬਹੁਤ ਸੁਖਾਵੇਂ ਹਾਲਤ ਪੈਦਾ ਨਹੀਂ ਹੋ ਸਕੇ। ਪਤਾ ਨਹੀਂ ਪਰਵਾਸ ਦਾ ਕੁਹਾੜਾ ਕਦੋਂ ਚੱਲ ਜਾਵੇ, ਇਹ ਡਰ ਸਦਾ ਹੀ ਉਨ੍ਹਾਂ ਦੇ ਸਿਰ ਤੇ ਲਟਕਿਆ ਸਰਾਪ ਹੈ। ਈਰਾਨ, ਇਰਾਕ ਅਤੇ ਤੁਰਕੀ ਵਿਚ ਵਸਦੇ ਕੁਰਦਾਂ ਦੀ ਬੇਵਸੀ ਦਾ ਵੀ ਇਹੀ ਹਾਲ ਹੈ ਕਿ ਉਨ੍ਹਾਂ ਦੀ ਆਤਮ ਪਹਿਚਾਣ ਦਾ ਸਵਾਲ ਲੰਬੇ ਸਮੇਂ ਤੋਂ ਬੰਬਾਂ, ਟੈਂਕਾਂ ਤੇ ਧੱਕੇ ਨਾਲ ਦਬਾਇਆ ਜਾ ਰਿਹਾ ਹੈ। ਈਰਾਨ ਦੇ ਸ਼ੀਆ ਫਿਰਕੇ ਨਾਲ ਸਬੰਧਤ ਬਹੁਗਿਣਤੀ ਮੁਸਲਮਾਨ ਆਪਣੇ ਹੀ ਸੁੰਨੀ ਭਰਾਵਾਂ ਦਾ ਨੱਕ 'ਚ ਦਮ ਕਰੀ ਰੱਖਦੇ ਹਨ। ਜਿਨ੍ਹਾਂ 'ਚੋਂ ਬਹੁਤ ਸਾਰੇ ਨਿੱਤ ਦੀ ਖੱਜਲ਼ ਖੁਆਰੀ ਤੋਂ ਤੰਗ ਆ ਕੇ ਮੁਲਕ ਤੋਂ ਬਾਹਰ ਹੀ ਚਲੇ ਗਏ ਹਨ। ਪਾਕਿਸਤਾਨ ਦਾ ਨਾਂ ਵੀ ਇਸ ਪਾਸੇ ਬੋਲਦਾ ਹੈ ਜਿੱਥੇ ਸੁੰਨੀ ਬਹੁਗਿਣਤੀ ਸ਼ੀਆ ਘੱਟਗਿਣਤੀ ਨਾਲ ਬਰਾਬਰ ਦਾ ਸਲੂਕ ਨਹੀਂ ਕਰਦੀ। ਇਸਲਾਮੀ ਰਾਜ ਹੋਣ ਕਰਕੇ ਉਥੇ ਅਹਿਮਦੀ ਫਿਰਕੇ ਦੇ ਲੋਕਾਂ ਨਾਲ ਖੁਲਦਿਲੀ ਨਾਲ ਪੇਸ਼ ਨਹੀਂ ਆਇਆ ਜਾਂਦਾ। ਉਨ੍ਹਾਂ 'ਤੇ ਅਣਚਾਹੇ ਕਾਨੂੰਨ ਠੋਸਣੇ ਜਾਂ ਉਨ੍ਹਾਂ ਨੂੰ ਕਾਫ਼ਿਰ ਕਹਿ ਕੇ ਧੌਂਸ ਭਰੀ ਬਦਮਗਜ਼ੀ ਪੈਦਾ ਕਰਨ ਤੋਂ ਬਿਹਤਰ ਰਸਤਾ ਆਪਸੀ ਗੱਲਬਾਤ ਜਾਂ ਵੱਖਰੇ ਵਿਚਾਰਾਂ ਵਾਲੇ ਮੁੱਦਿਆਂ ਤੇ ਸਾਰਥਿਕ ਬਹਿਸ ਕਰਨਾ ਹੋ ਸਕਦਾ ਹੈ। ਉਂਜ ਵੀ ਸੰਵਾਦ ਰਚਾਉਣ ਤੋਂ ਵਧੀਆ, ਦਲੀਲਪੂਰਨ ਤਰੀਕਾ ਹੋਰ ਕੋਈ ਹੋ ਹੀ ਨਹੀਂ ਸਕਦਾ। ਇੰਜ ਦੇ ਹੀ ਵਖਰੇਵੇਂ ਸ੍ਰੀ ਲੰਕਾ ਦੇ ਤਾਮਿਲਾਂ ਤੇ ਸਿੰਹਾਲੀਆਂ ਦੇ ਦਰਮਿਆਨ ਪੁਆੜੇ ਦੀ ਜੜ੍ਹ ਹਨ। ਇਸੇ ਤਰ੍ਹਾਂ ਭਾਰਤ ਦਾ ਨਾਂ ਵੀ ਲਿਆ ਜਾ ਸਕਦਾ ਹੈ, ਜਿੱਥੇ ਰਾਜ ਸੱਤਾ ਦੀ ਕਾਣੀ ਅੱਖ ਗਊ ਗਧੇ ਦੀ ਪਰਖ ਕਰਨ ਤੋਂ ਘੇਸਲ ਮਾਰ ਜਾਂਦੀ ਹੈ। ਜਦੋਂ ਕੋਈ ਭਾਈਚਾਰਾ ਆਪਣੀ ਹਿੰਮਤ ਅਤੇ ਸਖਤ ਮਿਹਨਤ ਦੇ ਸਦਕੇ ਅੱਗੇ ਵਧਦਾ ਹੈ ਤਾਂ ਉਸਦੇ ਰਾਹ ਵਿਚ ਰੋੜੇ ਵਿਛਾਏ ਜਾਂਦੇ ਹਨ। ਪਿਛਲੇ ਸਮੇਂ ਦਾ ਦੁਖਾਂਤ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਅਤੇ ਇਸਾਈਆਂ ਨੇ ਆਪਣੇ ਪਿੰਡਿਆਂ 'ਤੇ ਹੰਢਾਇਆ ਹੈ। ਹੋਰ ਛੋਟੇ ਫਿਰਕਿਆਂ ਨੇ ਵੀ ਧੱਕੇ ਝੱਲੇ। ਕਿੰਨੇ ਭਲੇ ਘਰ ਵਸਦੇ ਉਜੜੇ ਹਨ, ਕਿੰਨੀਆਂ ਮਾਸੂਮ ਸੱਧਰਾਂ ਦਾ ਖੂਨ ਹੋਇਆ? ਇਹ ਤਾਂ ਉਨ੍ਹਾਂ ਲੋਕਾਂ ਦੀ ਖਾਹਿਸ਼ ਨਹੀਂ ਸੀ। ਪਰ, ਬਹੁਤ ਕੁੱਝ ਅਣਸੁਖਾਵਾਂ ਵਾਪਰਿਆ, ਕਿੰਨੇ ਲੋਕ ਜਾਨ ਬਚਾਉਣ ਖਾਤਰ ਆਪਣਾ ਘਰ ਛੱਡ ਕੇ ਦੂਰ ਜਾ ਵਸੇ। ਇਹ ਸਾਰਾ ਕੁੱਝ ਭਲਾਂ ਕੀ ਦਰਸਾਉਂਦਾ ਹੈ?

ਜਦੋਂ ਪਾਟੀ ਆਰਥਿਕਤਾ ਵਾਲੇ ਲੋਕ ਕੋਲ ਹੁੰਨਰ ਹੋਣ ਦੇ ਬਾਵਜੂਦ ਸੰਕਟ ਗ੍ਰਸਤ ਪ੍ਰਬੰਧ ਦੇ ਸ਼ਿਕਾਰ ਹੋਏ ਰਹਿਣ ਤਾਂ ਉਹ ਵੀ ਇਸ ਬਿਪਤਾ ਮਾਰੀ ਸਥਿਤੀ ਨੂੰ ਅਲਵਿਦਾ ਆਖ ਬਾਹਰ ਨਿਕਲਣਾ ਲੋਚਦੇ ਹਨ। ਇਸੇ ਤਰ੍ਹਾਂ ਦਾ ਹਾਲ ਵੀਹਵੀਂ ਸਦੀ ਦੇ



ਸ਼ੁਰੂ ਵਿਚ ਪੰਜਾਬੀਆਂ ਦਾ ਸੀ ਜਿਨ੍ਹਾਂ ਨੇ ਖੁਸ਼ਹਾਲ ਜੀਵਨ ਜੀਊਣ ਦੇ ਲਾਲਚ ਵਸ ਆਪਣੇ ਹੱਥੀਂ ਆਪ ਪਰਵਾਸ ਸਹੇੜਿਆ ਸੀ। ਪਹਿਲਾਂ ਮਨੀਲਾ, ਫਿੱਜੀ ਨੂੰ ਅਤੇ ਫੇਰ ਇਹ ਲੋਕ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵੱਲ ਨੂੰ ਹੋ ਤੁਰੇ। ਸਦੀ ਦੇ ਅੰਤ ਵਿਚ ਤਾਂ ਜਿੱਧਰ ਨੂੰ ਦੇਖਿਆ, ਓਧਰ ਨੂੰ ਹੋ ਤੁਰੇ। ਇਸ ਥੋੜ ਚਿਰੇ ਪਰਵਾਸ ਦਾ ਕੀ ਬਣਿਆਂ? ਉਹ ਮੁੱਕਿਆ ਹੀ ਨਹੀਂ ਨਾ ਹੀ ਮੁੱਕਣਾਂ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਇਤਾਲਵੀ, ਯੂਨਾਨੀ, ਸਪੇਨੀ, ਤੁਰਕੀ ਅਤੇ ਪੁਰਗੇਜ਼ੀਆਂ ਅਤੇ ਹੋਰ ਕਈ ਮੁਲਕਾਂ ਦੇ ਲੋਕਾਂ ਨੇ ਯੂਰਪ ਦੇ ਵਿਕਸਤ ਮੁਲਕਾਂ ਵਲ ਵਹੀਰਾਂ ਘੱਤੀਆਂ। ਜਿੱਥੇ ਉਸ ਸਮੇਂ ਮਨੁੱਖੀ ਸ਼ਕਤੀ ਦੀ ਡਾਢ੍ਹੀ ਲੋੜ ਸੀ। ਅੱਜ ਦੇ ਵਿਕਸਤ ਮੁਲਕਾਂ ਦੀ ਨਵ ਉਸਾਰੀ ਦੀ ਲੋੜ ਵੇਲੇ ਵਿਕਾਸ ਦੇ ਰੀੜ ਦੀ ਹੱਡੀ ਇਹ ਪਰਵਾਸੀ ਲੋਕ ਹੀ ਬਣੇ ਸਨ।

ਪਿਛਲੇ ਨੇੜਲੇ ਸਮੇਂ ਦੇ ਸਫੇ 'ਤੇ ਰੂਸ ਦੇ ਟੁੱਟਣ ਤੋਂ ਬਾਅਦ, ਯੂਗੋਸਲਾਵੀਆਂ ਅਤੇ ਪੂਰਬੀ ਬਲਾਕ ਦੇ ਕੁੱਝ ਹੋਰ ਮੁਲਕਾਂ ਨੇ ਪਿਛਾਂਹ ਵਲ ਤੱਕਣਾ ਆਰੰਭਿਆ। ਉੱਥੇ ਹੋਈ ਸਿਆਸੀ, ਸਮਾਜੀ ਟੁੱਟ-ਭੱਜ ਨੇ ਲੱਖਾਂ ਹੀ ਲੋਕਾਂ ਨੂੰ ਪਰਵਾਸੀ ਬਣਾ ਕੇ ਯੂਰਪ ਦੇ ਮੁਲਕਾਂ ਵਲ ਧੱਕ ਦਿੱਤਾ। ਉਹ ਨਹੀਂ ਸਨ ਚਾਹੁੰਦੇ ਆਪਣਾ ਘਰ ਛੱਡਣਾ। ਉਨ੍ਹਾਂ 'ਚੋਂ ਬਹੁਤ ਸਾਰੇ ਕਾਫੀ ਲੰਮੇ ਸਮੇਂ ਤੱਕ ਆਪਣੇ ਘਰਾਂ ਵਿਚੋਂ ਉੱਠਦੇ ਧੂਏਂ ਨੂੰ ਦੇਖਦੇ ਰਹੇ ਜਿਸ ਵਿਚ ਉਨ੍ਹਾਂ ਦੀ ਪਹਿਚਾਣ ਧੁਆਂਖੀ ਗਈ, ਅਤੇ ਫੇਰ ਧੁੰਧਲੀ ਹੀ ਹੁੰਦੀ ਚਲੀ ਗਈ। ਅਣਚਾਹਿਆ, ਮਜਬੂਰੀ ਵਿਚ ਪੱਲੇ ਪਿਆ ਪਰਵਾਸ ਉਨ੍ਹਾਂ ਦਾ 'ਘਰ' ਬਣ ਗਿਆ। ਪਰ ਪਿੱਛੇ ਛੱਡੇ ਨੂੰ ਉਹ ਅਜੇ ਵੀ ਭੁੱਲਿਆ ਨਹੀਂ ਚਾਹੁੰਦੇ, ਸ਼ਾਇਦ ਆਉਣ ਵਾਲੀਆਂ ਇਕ-ਦੋ ਪੀੜ੍ਹੀਆਂ ਤੱਕ ਭੁੱਲ ਵੀ ਨਾ ਸਕਣ। ਇਹ ਦੁਖਾਂਤ ਸ਼ਾਇਦ ਗਲੋਬਲੀ ਵਰਤਾਰਾ ਹੈ ਜੋ ਘੱਟ-ਵੱਧ ਹਰ ਪਰਵਾਸੀ ਨਾਲ ਵਾਪਰਦਾ ਹੈ।

ਪਰਦੇਸ 'ਚ ਵਸਦਿਆਂ ਮਨੁੱਖ ਅੰਦਰ ਫੇਰ ਉਹ ਹੀ ਚੀਸ ਪੈਦਾ ਹੁੰਦੀ ਹੈ, ਆਤਮ ਪਹਿਚਾਣ ਦੀ। ਆਪਣੀ ਹੋਂਦ ਦਾ ਪ੍ਰਗਟਾ ਅਤੇ ਉਹਦੀ ਕਾਇਮੀ ਵਾਸਤੇ ਦੂਜਿਆਂ ਵਲੋਂ ਉਸਦੀ ਪਰਵਾਨਗੀ ਚਾਹੁਣੀ। ਇਹਨੂੰ ਹਰ ਪਰਵਾਸੀ ਆਪਣੇ ਲਈ ਮਾਣ ਵਾਲੀ ਗੱਲ ਸਮਝਦਾ ਹੈ। ਪਰ ਦੂਜਿਆਂ ਸ਼ਬਦਾਂ 'ਚ ਇਹ ਹੀ ਮਨੁੱਖੀ ਮਨ (ਪਰਵਾਸੀ) ਦੀ ਕਮਜ਼ੋਰੀ ਹੈ। ਆਪਣੇ ਵਲੋਂ ਵਾਹੀ 'ਲਛਮਣ ਰੇਖਾ' ਨਾ ਟੱਪ ਸਕਣ ਵਾਲੇ ਲੋਕ ਆਪਣੀ ਹੋਂਦ/ਪਹਿਚਾਣ ਕਾਇਮ ਰੱਖ ਹੀ ਨਹੀਂ ਸਕਦੇ ਕਿਉਂਕਿ ਆਸ਼ਾਵਾਂ ਦੀ ਬਿਰਤੀ ਤੇ ਹਕੀਕਤਾਂ ਦੀ ਤੋਰ ਇਕੋ ਨਹੀਂ ਹੁੰਦੀ। ਹੋਂਦ ਦਾ ਸਾਬਤ ਰਹਿਣਾ ਦੂਜਿਆ ਨਾਲ ਮੇਲ-ਜੋਲ ਤੇ ਨਿਰਭਰ ਕਰਦਾ ਹੈ। ਜਿੰਨੀ ਹੋਰ ਲੋਕਾਂ ਨਾਲ ਨੇੜਤਾ ਵਧੇਗੀ ਤੇ ਮੇਲ-ਜੋਲ ਗੂੜ੍ਹਾ ਹੋਵੇਗਾ, ਉੱਨੀ ਹੀ ਪਹਿਚਾਣ ਨਿੱਖਰੇਗੀ ਪਰ ਉਸਦਾ ਰੂਪ ਜ਼ਰੂਰ ਵੱਖਰਾ ਹੋਵੇਗਾ। ਇਹ ਹੀ ਤਾਂ ਤੁਰਦੇ ਸਮੇਂ ਨਾਲ ਵਿਕਸਤ ਹੋ ਰਹੇ ਨਵੇਂ ਸੱਭਿਆਚਾਰ ਦੀ ਨਿਸ਼ਾਨੀ ਜਾਂ ਸਮੇਂ ਦੀ ਤੋਰ 'ਚੋਂ ਉਪਜਿਆ ਨਵਾਂ ਸੱਭਿਆਚਾਰਕ ਵਰਤਾਰਾ ਕਿਹਾ ਜਾ ਸਕਦਾ ਹੈ। ਹਰ ਕੌਮ ਤੇ ਦੇਸ਼ ਨਾਲ ਸਬੰਧਤ ਲੋਕਾਂ ਨੂੰ ਵੱਖਰੀ ਥਾਵੇਂ ਰਹਿੰਦਿਆਂ ਚਾਹੁੰਦੇ ਜਾਂ ਨਾ ਚਾਹੁੰਦੇ ਹੋਏ ਵੀ ਇਸ ਰਾਹੇ ਲੰਘਣਾ ਹੀ ਪੈਂਦਾ ਹੈ।

ਸੱਭਿਆਚਾਰ 'ਚ ਕਈ ਲੋਕ ਧਰਮ ਨੂੰ ਬੜੀ ਵਿਸ਼ਾਲਤਾ ਦੇ ਅਰਥਾਂ ਵਿਚ ਵੇਖਦੇ ਹਨ, ਦਰਅਸਲ ਇਹ ਇੰਜ ਹੈ ਨਹੀਂ। ਧਰਮ ਦਾ ਮੁੱਖ ਮਕਸਦ ਇਨਸਾਨਾਂ ਨੂੰ ਜੋੜਨਾ ਤੇ ਉਨ੍ਹਾਂ ਅੰਦਰ ਭਰਾਤਰੀ ਭਾਵ ਪੈਦਾ ਕਰਨਾ ਹੈ ਪਰ ਸਦਾ ਹੀ ਇੰਜ ਨਹੀਂ ਹੁੰਦਾ। ਆਮ ਤੌਰ ਤੇ ਬਹੁਤ ਵਾਰ ਧਰਮ ਤੇ ਕਾਬਜ਼ 'ਲੋਕਾਂ' ਨੇ ਉਹਦੇ 'ਤੇ ਕਾਠੀ ਪਾ ਕੇ ਆਪਣੀ ਹੀ ਮਰਜ਼ੀ ਨੂੰ ਦੂਜਿਆਂ ਦੇ ਸਿਰ ਮੜਿਆ। ਦੂਜੀ ਸੰਸਾਰ ਜੰਗ ਵੇਲੇ ਜਰਮਨੀ ਅੰਦਰ ਫਾਸ਼ਿਸ਼ਟਾਂ ਨੇ ਕਿਵੇਂ ਧਰਮ ਨੂੰ ਆਪਣੀ ਰਖੇਲ ਬਣਾ ਕੇ ਵਰਤਿਆ ਸੀ। ਜਦੋਂ ਨਾਜੀ ਫੌਜਾਂ ਆਪਣੇ ਵਿਰੋਧੀਆਂ 'ਤੇ ਹਮਲੇ ਕਰਦੀਆਂ ਸਨ ਤਾਂ ਹਮਲੇ ਵਿਚ ਵਰਤੇ ਜਾਣ ਵਾਲੇ ਬੰਬਾਂ ਨੂੰ ਚਰਚਾਂ ਦੇ ਪਾਦਰੀਆਂ ਤੋਂ ਪਵਿੱਤਰ/ਸੁੱਚੇ ਜਲ ਤੇ ਬਾਈਬਲ ਦੀਆਂ ਪਵਿੱਤਰ ਆਇਤਾਂ/ਮੰਤਰਾਂ ਨਾਲ 'ਪਵਿੱਤਰ' ਕਰਵਾਇਆ ਜਾਂਦਾ ਸੀ। ਜਿਹੜੇ ਬੰਬਾਂ ਨਾਲ ਵਿਰੋਧੀ ਸਮਝੇ ਜਾਂਦੇ ਮਨੁੱਖਾਂ ਨੂੰ ਮਾਰਿਆ ਜਾਣਾ ਹੁੰਦਾ ਸੀ-ਉਸ ਕਰਮ ਵਿਚ 'ਧਰਮ' ਨੂੰ ਵੀ ਸ਼ਾਮਲ ਕਰ ਲਿਆ ਗਿਆ ਸੀ। ਕੀ ਇਸ ਨੂੰ ਭਰਾਤਰੀ ਭਾਵ ਵਾਲਾ ਕਰਮ ਕਿਹਾ ਜਾ ਸਕਦਾ ਹੈ? ਭਾਰਤ ਦੀ ਅਜਾਦੀ ਦੀ ਜੰਗ ਸਮੇਂ ਜਿਹੜੇ ਦੇਸ਼ ਭਗਤ, ਗਦਰੀ ਸੂਰਬੀਰ ਅੰਗਰੇਜਾਂ ਦੇ ਖਿਲਾਫ ਲੜਦੇ ਸਨ ਉਨ੍ਹਾਂ ਨੂੰ ਸਿੱਖਾਂ ਦੇ ਸਰਬਉੱਚ ਸ੍ਰੀ ਅਕਾਲ ਤਖਤ ਤੋਂ ਹੁਕਮਨਾਮੇ ਰਾਹੀਂ ਸਿੱਖੀ ਤੋਂ ਖਾਰਜ ਕਰਨਾ ਤੇ ਕਾਤਲ ਉਡਵਾਇਰ ਨੂੰ ਸਿਰੋਪਾ ਦੇ ਕੇ ਨਿਵਾਜਣਾ ਉਸ ਸਮੇਂ ਸਿੱਖ ਧਰਮ ਉੱਤੇ ਕਾਬਜ ਕਮੀਨੇ ਲੋਕਾਂ ਦਾ ਮਹਾਂ ਕਮੀਨਾ ਕੰਮ ਸੀ।

ਸੱਭਿਆਚਾਰ ਨੂੰ ਸਦਾ ਹੀ ਵੱਡੇ ਪਰਿਪੇਖ 'ਚ ਦੇਖਣਾ ਬਣਦਾ ਹੈ। ਇਹ ਕੋਈ ਖੜ੍ਹੇ ਛੱਪੜ ਦਾ ਪਾਣੀ ਨਹੀਂ ਸਗੋਂ ਵਹਿੰਦੀ ਨਦੀ ਦੇ ਪਾਣੀਆਂ ਵਾਂਗ ਹੁੰਦਾ ਹੈ ਜੋ ਹਰ ਸਮੇਂ ਨਵਾਂ ਰੂਪ ਧਾਰਦਾ ਹੈ। ਜੇ ਅਸੀਂ ਸੱਭਿਆਚਾਰ ਨੂੰ ਨਵਿਆਉਣ ਤੋਂ ਇਨਕਾਰੀ ਹੋਣਾ ਚਾਹੀਏ ਤਾ ਇਹ ਸਾਡੀ ਜ਼ਿੰਦਗੀ 'ਚ ਛੱਪੜ ਦੇ ਖੜ੍ਹੇ ਪਾਣੀ ਵਾਲੀ ਸੜਿਹਾਂਦ ਪੈਦਾ ਕਰ ਦੇਵੇਗਾ। ਦੂਜਿਆਂ ਤੋਂ ਕੁੱਝ ਸਿੱਖ ਲੈਣ ਵਿਚ ਕੀ ਹਰਜ ਹੈ, ਦੂਜੇ ਵੀ ਸਾਥੋਂ ਸਿੱਖਣ ਦੀ ਉਸੇ ਤਰ੍ਹਾਂ ਆਸ ਰਖਦੇ ਹਨ। ਇਹ ਹੀ ਆਦਾਨ-ਪ੍ਰਦਾਨ ਸਾਡੇ ਲਈ ਹੁਲਾਰਾ ਬਣਦਾ ਹੈ। ਉਦਾਸੀ ਤੋਂ ਖੁਸ਼ੀ ਵੱਲ ਦਾ ਸਫਰ ਜੋ ਸਾਡੇ ਅਗਲੇ ਸਫਰ ਦੀ ਨਵੀਂ ਧਰਤ ਬਣ ਜਾਂਦਾ ਹੈ।

ਪਰਵਾਸ ਦਾ ਸ਼ੁਰੂ ਦਾ ਜੀਵਨ ਝੋਰੇ, ਹੇਰਵੇ ਤੇ ਉਦਾਸੀ ਭਰਿਆ ਹੁੰਦਾ ਹੈ ਜੋ ਪੀੜ੍ਹੀਆਂ ਤੱਕ ਵੀ ਫੈਲਿਆ ਹੋ ਸਕਦਾ ਹੈ। ਇਹ ਬੜਾ ਹੀ ਦੁੱਖ ਤੇ ਭੁੱਖ (ਸ਼ੁਰੂ ਵਿਚ ਆਪਣਿਆਂ ਨੂੰ ਦੇਖਣ ਸੁਣਨ ਦੀ) ਭਰਿਆ ਹੁੰਦਾ ਹੈ। ਨਵੀਂ ਧਰਤੀ, ਵੱਖਰੇ ਲੋਕ, ਬੋਲੀ, ਧਰਮ, ਪਹਿਰਾਵਾ, ਖਾਣਾ-ਪੀਣਾ ਤੇ ਹੋਰ ਰਸਮੋਂ-ਰਿਵਾਜ ਮਨੁੱਖ ਦੇ ਪੱਲੇ ਨਹੀਂ ਪੈਂਦੇ ਤੇ ਇਸ ਕਰਕੇ ਵੀ ਕਈ ਵਾਰ ਅਣਚਾਹਿਆਂ ਹੀ ਬੇਗਾਨਗੀ ਦਾ ਅਹਿਸਾਸ ਉਪਜਦਾ ਹੈ। ਆਪਣੇ ਆਪ ਨੂੰ ਇੰਜ ਮਹਿਸੂਸ ਹੋਣ ਲਗਦਾ ਹੈ ਜਿਵੇਂ ਕੁੱਝ ਗੁਆਚ, ਟੁੱਟ-ਭੱਜ ਅਤੇ ਖੁਰ ਰਿਹਾ ਹੋਵੇ। ਬੰਦਾ ਆਪਣੇ ਆਪ ਨੂੰ ਇਕੱਲਾ ਤੇ ਅਜਨਬੀ ਮਹਿਸੂਸ ਕਰਨ ਲਗਦਾ ਹੈ। ਭਾਵੇਂ ਇਹ ਸਥਿਤੀ ਲੰਬਾ ਸਮਾਂ ਕਾਇਮ ਨਹੀਂ ਰਹਿੰਦੀ। ਜਿੱਥੇ ਆਪਣਾ ਭਾਈਚਾਰਾ



ਪਹਿਲਾਂ ਹੀ ਵਸਦਾ ਹੋਵੇ ਉੱਥੇ ਨਵੇਂ ਗਏ ਮਨੁੱਖ ਨੂੰ ਬਹੁਤਾ ਓਪਰਾਪਨ ਮਹਿਸੂਸ ਨਹੀਂ ਹੁੰਦਾ। ਬੋਲੀ ਵੀ ਬਹੁਤੀ ਵੱਡੀ ਸਮੱਸਿਆ ਨਹੀਂ ਬਣਦੀ, ਉੱਥੇ ਬਹੁਤੀ ਭੇਡਚਾਲ ਹੋ ਜਾਂਦੀ ਹੈ। ਨਵੇਂ ਰਲ਼ੇ ਦਾ ਤਾਂ ਪਿੰਡ ਦੇ ਵੱਗ 'ਚ ਬੁੜ੍ਹੀ ਦੀ ਗੁਆਚੀ ਫਿਰਦੀ ਵੱਛੀ ਵਾਲਾ ਹੀ ਹਾਲ ਹੁੰਦਾ ਹੈ। ਪਰ ਜਦੋਂ ਕਿਸੇ ਐਸੇ ਥਾਂ ਵਾਸ ਕਰਨਾ ਹੋਵੇ ਜਿੱਥੇ ਸਭ ਕੁੱਝ ਨਵਾਂ ਤੇ ਓਪਰਾ ਹੋਵੇ ਉੱਥੇ ਤਾਂ ਸੂਲ਼ਾਂ 'ਤੇ ਸੌਣ ਵਾਲੀ ਗੱਲ ਹੋ ਜਾਂਦੀ ਹੈ। ਬੰਦਾ ਤਾਂ ਕਿਸੇ ਕੋਲ ਖੜ੍ਹ-ਬਹਿ ਕੇ ਮਨ ਹੌਲ਼ਾ ਕਰਨ ਜੋਗਾ ਵੀ ਨਹੀਂ ਹੁੰਦਾ। ਭਰੇ ਮਨ ਨਾਲ ਭਲਾਂ ਕੋਈ ਕਿੰਨਾ ਚਿਰ ਜੀਵੇ?

ਪਰਵਾਸੀ ਨੂੰ ਨਵੇਂ ਥਾਂ ਦੇ ਭੂਗੋਲਕ ਹਾਲਤ ਤਾਂ ਸਮਾਂ ਬੀਤਣ ਨਾਲ ਹੀ ਸਮਝ ਪੈਣਗੇ ਪਰ ਜ਼ਰੂਰੀ ਹੁੰਦਾ ਹੈ ਉੱਥੋਂ ਦੇ ਸਮਾਜੀ ਤੇ ਇਤਿਹਾਸਕ ਪਿਛੋਕੜ ਤੋਂ ਕੁੱਝ ਕੁ ਜਾਣੂ ਹੋਣਾ। ਇਹ ਉਸ (ਨਵੇਂ) ਮੁਲਕ ਦੇ ਵਰਤਮਾਨ ਨੂੰ ਸਮਝਣ ਵਿਚ ਬਹੁਤ ਸਹਾਈ ਹੁੰਦਾ ਹੈ। ਵਰਤਮਾਨ ਨੂੰ ਸਮਝਦਾਰੀ ਨਾਲ ਅੱਗੇ ਤੋਰਨ ਵਾਲੇ ਲੋਕ ਹੀ ਚੰਗੇ ਭਵਿੱਖ ਦੀ ਆਸ ਕਰ ਸਕਦੇ ਹਨ। ਵਰਤਮਾਨ ਪ੍ਰਤੀ ਲਾਪ੍ਰਵਾਹੀ ਭਵਿੱਖ ਨੂੰ ਮੈਲ਼ਾ ਕਰਨ ਦੇ ਤੁੱਲ ਹੋ ਨਿਬੜਦੀ ਹੈ। ਫੇਰ ਵਡਾਰੂਆਂ ਦੇ ਬੀਜੇ ਇਹੋ ਕੰਡੇ ਆਉਣ ਵਾਲੀ ਪੀੜ੍ਹੀ ਨੂੰ ਚੁਗਣੇ ਪੈਂਦੇ ਹਨ ਪਰ ਬਹੁਤ ਔਖੇ ਹੋ ਕੇ।

ਸੱਭਿਆਚਾਰ ਬਹੁਤ ਹੀ ਸਹਿਜਭਾਵੀ ਕ੍ਰਿਆ ਹੈ ਪਰ ਸੂਖਮ ਤੇ ਜਟਿਲਤਾ ਭਰਪੂਰ। ਕਿਸੇ ਨੂੰ ਵੀ ਮੱਲੋਜ਼ੋਰੀ ਸੱਭਿਆਚਾਰ ਦਾ ਟੀਕਾ ਨਹੀਂ ਲਾਇਆ ਜਾ ਸਕਦਾ। ਇਹ ਕ੍ਰਿਆ ਹੀ ਮਨੁੱਖ ਦੇ ਜੀਵਨ ਨੂੰ ਢੰਗ ਨਾਲ ਅੱਗੇ ਤੋਰਦੀ ਤੇ ਵਿਕਾਸ ਦੇ ਰਾਹੇ ਪਾਉਂਦੀ ਹੈ। ਇਸ ਵਿਗਸੀ ਸੂਝ ਦੇ ਆਸਰੇ ਮਨੁੱਖ ਆਪ ਵੱਡ ਅਕਾਰੀ ਸਮਾਜ ਦਾ ਅੰਗ ਬਣ ਜਾਂਦਾ ਹੈ। ਮਨੁੱਖ ਦੀ ਸੁਚੇਤ ਸੂਝ ਹੀ ਹਰ ਕ੍ਰਿਆ (ਜੀਵਨ ਨਾਲ ਸਬੰਧਤ) ਦੇ ਕਰਮ ਨੂੰ ਨਵੇਂ ਅਰਥ ਪ੍ਰਦਾਨ ਕਰਦੀ ਹੈ।

ਇਕੱਲਿਆਂ ਕੁੱਝ ਵੀ ਸੰਪੂਰਨ ਨਹੀਂ ਹੁੰਦਾ। ਬਹੁਤ ਕੁੱਝ ਰਲ਼ ਕੇ ਹੀ ਸੰਪੂਰਨਤਾਂ ਦਾ ਰੂਪ ਧਾਰਦਾ ਹੈ। ਸੱਭਿਆਚਾਰਕ ਇਕਾਈਆਂ 'ਚ (ਖਾਸ ਤੌਰ ਤੇ ਪਰਵਾਸ 'ਚ) ਬੋਲੀ ਤੇ ਭਾਸ਼ਾ ਮੁਖੀ ਤੇ ਸਭ ਤੋਂ ਤਕੜਾ ਤੱਤ ਹਨ। ਜਿਸ ਤੋਂ ਬਿਨਾ ਕਿਸੇ ਹੋਰ ਵਸਤ ਦਾ ਖਿਆਲ ਕਰਨਾ ਮਹਿਜ਼ ਸੁਪਨੇ ਵਰਗਾ ਹੀ ਹੈ। ਬੋਲੀ ਦੇ ਆਸਰੇ ਹੀ ਅਸੀਂ ਆਪਣਾ ਪੱਖ ਦੱਸਦੇ ਤੇ ਦੂਜੇ ਦਾ ਪੱਖ ਸੁਣਦੇ ਸਮਝਦੇ ਹਾਂ। ਬੋਲੀ ਨਾਲ ਹੀ ਕਿਸੇ ਦੂਸਰੇ ਨਾਲ ਸੰਵਾਦ ਰਚਾਇਆ ਜਾਂਦਾ ਹੈ। ਸੰਵਾਦ ਜੋ ਦੂਜਿਆਂ ਨਾਲ ਸਾਂਝ ਪਾਉਣ ਤੇ ਪਾਲਣ ਦਾ ਰਾਹ ਹੈ।

ਬੱਚਿਆਂ ਦੇ ਮਾਧਿਅਮ ਰਾਹੀਂ ਅਸੀਂ ਨਵੇਂ ਅਰਥਾਂ ਦੀ ਪਹਿਚਾਣ ਦਾ ਹਾਸਲ ਪਾਉਂਦੇ ਹਾਂ। ਬੱਚੇ ਕਿੰਡਰਗਾਰਡਨਾਂ/ਨਰਸਰੀਆਂ/ਬਾਲ ਕੇਂਦਰਾਂ ਅਤੇ ਸਕੂਲਾਂ ਵਿਚ ਜਾਂਦੇ ਹਨ। ਉੱਥੇ ਉਨ੍ਹਾਂ ਦਾ ਹੋਰ ਮੁਲਕਾਂ ਅਤੇ ਕੌਮਾਂ ਦੇ ਬੱਚਿਆਂ ਨਾਲ ਹੀ ਨਹੀਂ ਸਗੋਂ ਹੋਰ ਵੱਖੋ-ਵੱਖਰੀਆਂ ਬੋਲੀਆਂ ਤੇ ਭਾਸ਼ਾਵਾਂ ਨਾਲ ਵੀ ਵਾਹ ਪੈਂਦਾ ਹੈ। ਬੱਚੇ ਦੂਜੇ ਲੋਕਾਂ, ਉਨ੍ਹਾਂ ਦੇ ਪਿਤਰੀ ਮੁਲਕਾਂ, ਉੱਥੋਂ ਦੀ ਰਹਿਣੀ-ਬਹਿਣੀ, ਮੌਸਮਾਂ ਅਤੇ ਰਸਮੋਂ-ਰਿਵਾਜਾਂ ਬਾਰੇ

ਜਾਣਕਾਰੀ ਹਾਸਲ ਕਰਦੇ ਹਨ। ਇਹ ਸਭ ਕਿਸੇ ਉਚੇਚ ਨਾਲ ਨਹੀਂ ਸਹਿਜ ਭਾਵ ਹੀ ਵਾਪਰਦਾ ਹੈ। ਜਦੋਂ ਬੱਚੇ ਘਰ ਆ ਕੇ ਆਪਣੇ ਮਾਪਿਆਂ ਨਾਲ ਆਪਣੇ ਤੇ ਪਰਾਏ ਦੀਆਂ ਗੱਲਾਂ ਕਰਦੇ ਹਨ ਤੇ ਨਾਲ ਹੀ ਸੱਭਿਆਚਾਰਾਂ ਦਾ ਮੁਕਾਬਲਾ ਵੀ ਕਰਨ ਲਗਦੇ ਹਨ। ਇਸ ਤਰ੍ਹਾਂ ਬੱਚਿਆਂ ਅੰਦਰ ਬਹੁਤ ਹੀ ਸਹਿਜ ਭਾਵ ਨਾਲ ਬਹੁ-ਕੌਮੀ ਤੇ ਬਹੁ-ਭਾਸ਼ੀ ਅਤੇ ਬਹੁ-ਧਰਮੀਂ ਸੱਭਿਆਚਾਰ ਦਾ ਸੰਚਾਰ ਹੁੰਦਾ ਹੈ। ਉਂਜ ਵੀ ਅੱਜ ਦੇ ਜ਼ਮਾਨੇ 'ਚ ਕਿਸੇ ਇਕੱਲੇ-ਕਹਿਰੇ ਸੱਭਿਆਚਾਰ ਦਾ ਵਿਕਾਸ ਬਹੁਤ ਔਖਾ ਹੈ। ਹਰ ਥਾਵੇਂ ਰਲ਼ਵਾਂ ਸੱਭਿਆਚਾਰ ਹੀ ਵਧ-ਫੁਲ ਰਿਹਾ ਹੈ। ਕੌਮਾਂਤਰੀ ਪੱਧਰ 'ਤੇ ਇਹ ਹੀ ਅਮਲ ਮਨੁੱਖੀ ਰਿਸ਼ਤਿਆਂ ਦੇ ਨਵੇਂ ਅਰਥ ਘੜਦਾ ਹੈ। ਸੱਭਿਆਚਾਰਕ ਸਰਗਰਮੀਆਂ ਹੀ ਵਿਅਕਤੀਆਂ ਦੇ ਸਮੂਹਾਂ 'ਚ ਨੇੜਤਾ ਪੈਦਾ ਕਰਦੀਆਂ ਹਨ। ਜਦੋਂ ਨਵੇਂ ਰਿਸ਼ਤੇ ਬਣਦੇ ਹਨ, ਨੇੜਤਾ ਗੂੜ੍ਹੀ ਹੁੰਦੀ ਹੈ ਤਾਂ ਪਰਵਾਸੀਆਂ ਅੰਦਰ ਪਰਵਾਸ ਦੀ ਚੀਸ ਘੱਟ ਹੋਣੀ ਸ਼ੁਰੂ ਹੋ ਜਾਂਦੀ ਹੈ।

ਪਹਿਲੀ ਪੀੜ੍ਹੀ ਲਈ ਪਰਵਾਸ ਦਾ ਸਫਰ ਔਖ ਭਰਿਆ ਤੇ ਟੁੱਟ-ਭੱਜ ਤੋਂ ਸਥਾਪਤੀ ਵਾਲੇ ਕਦਮਾਂ ਵਾਲਾ ਹੁੰਦਾ ਹੈ। ਪਰ ਦੂਜੀ ਪੀੜ੍ਹੀ ਨਾਲੋਂ ਬਿਲਕੁੱਲ ਹੀ ਵੱਖਰਾ। ਪੁਰਾਣੇ ਤੇ ਨਵੇਂ ਸੰਸਕਾਰਾਂ ਵਿਚਕਾਰ ਤ੍ਰਿਸ਼ੰਕੂ (ਸਵਾਲੀਆ ਨਿਸ਼ਾਨ) ਬਣਕੇ ਫਸਿਆ ਹੋਇਆ। ਆਪਣੀ ਮਾਂ ਬੋਲੀ ਤੋਂ ਬਿਨਾ ਹੋਰ ਕੋਈ ਬੋਲੀ ਨਾ ਜਾਨਣ ਵਾਲੇ ਲੋਕਾਂ ਲਈ ਤਾਂ ਸੰਤਾਪ ਹੰਢਾਉਣ ਦੇ ਬਰਾਬਰ ਹੁੰਦਾ ਹੈ। ਹਰ ਸਮੇਂ ਹੀ ਕਿਸੇ ਦੂਸਰੇ ਤੇ ਨਿਰਭਰ ਰਹਿਣਾ ਕਈ ਵਾਰ ਅਜਿਹੀ ਸਥਿਤੀ ਵਿਚੋਂ ਹੀਣਤਾ ਜਨਮ ਲੈਂਦੀ ਹੈ।

ਬਹੁਤੇ ਲੋਕ ਜਦੋਂ ਪਰਦੇਸ ਵਲ ਤੁਰਦੇ ਹਨ ਤਾਂ ਸੁਪਨਾ ਹੁੰਦਾ ਹੈ ਕੁੱਝ ਪੈਸੇ ਕਮਾ ਕੇ ਘਰੇਲੂ ਆਰਥਿਕਤਾ ਨੂੰ ਤਕੜਿਆਂ ਕਰਕੇ ਮੁੜ ਆਉਣ ਦਾ ਭਾਵ ਥੋੜ ਚਿਰਾ ਪਰਵਾਸ। ਪਰ ਬਹੁਤ ਘੱਟ ਲੋਕ ਹਨ ਜੋ ਆਪਣੀ ਮਰਜ਼ੀ ਨਾਲ ਵਾਪਸ ਮੁੜਦੇ ਹੋਣਗੇ। ਇਸ ਥੋੜ-ਚਿਰੇ ਪਰਵਾਸ ਦੀਆਂ ਬਹੁਤ ਮਿਸਾਲਾਂ ਹਨ। ਉਹ ਵੀ ਜੋ ਦੋ ਮੁਲਕਾਂ ਦੀਆਂ ਸਰਹੱਦਾਂ ਦੇ ਨੇੜੇ ਵਸਦੇ ਹਨ। ਚੋਰੀ-ਛਿੱਪੇ ਦੂਜੇ ਮੁਲਕ 'ਚ ਕੰਮ ਕਰਕੇ ਵਾਪਸ ਆ ਜਾਂਦੇ ਹਨ। ਇਸ ਦੀ ਮਿਸਾਲ ਮੈਕਸੀਕੋ ਦੇ ਅਮਰੀਕੀ ਸਰਹੱਦ ਨਾਲ ਵਸਦੇ ਲੋਕ ਵੀ ਹਨ। ਖਾਸ ਤੌਰ 'ਤੇ ਪੇਸ਼ ਕੀਤੇ ਜਾ ਸਕਦੇ ਹਨ ਯੂਨਾਨੀ ਮਛੇਰੇ। ਯੂਨਾਨੀਆਂ ਦੇ ਲੋਕ ਗੀਤਾਂ 'ਚ ਵੀ ਮਛੇਰਿਆਂ ਦਾ ਖਾਸ ਜ਼ਿਕਰ ਆਉਂਦਾ ਹੈ (ਜਿਵੇਂ ਪੰਜਾਬੀ ਲੋਕ ਗੀਤਾਂ 'ਚ ਫੌਜੀਆਂ ਦਾ) ਇਹ ਮਛੇਰੇ ਲੰਮਾਂ ਸਮਾਂ ਕੰਮ 'ਤੇ ਗੁਜ਼ਾਰਦੇ ਹਨ, ਬਹੁਤ ਦੇਰ ਬਾਅਦ ਘਰ ਮੁੜਦੇ ਹਨ, ਕੰਮ 'ਤੇ ਵੀ ਉਨ੍ਹਾਂ ਨੂੰ ਘਰ ਦੀ ਯਾਦ ਬਹੁਤ ਸਤਾਉਂਦੀ ਹੈ। ਜਦੋਂ ਟਿਕੀ ਰਾਤ, ਚੰਨ ਦੀ ਚਾਨਣੀ ਪਾਣੀਆਂ ਦੀ ਹਿੱਕ 'ਤੇ ਰਿਸ਼ਮਾਂ ਖਲੇਰਦੀ ਹੈ ਤਾਂ ਕੋਈ ਮਛੇਰਾ ਮਨ ਕਾਬੂ ਨਾ ਰੱਖ ਸਕਦਿਆਂ ਹੇਕ ਲਾ ਕੇ ਗੀਤ ਗਾਉਂਦਾ ਹੈ:-

ਮੈਂ ਬਹੁਤ ਦੂਰ ਇਕ ਪਰਵਾਸੀ
ਪਰਾਈ ਧਰਤੀ 'ਤੇ
ਬਹੁਤ ਸਾਰੇ ਪੈਸਿਆਂ ਦੀ ਭਾਲ਼ 'ਚ



ਓਸ ਕੁੜੀ ਖਾਤਰ, ਜੋ ਮੇਰੀ ਉਡੀਕ 'ਚ
ਮੇਰੇ ਪਿਆਰ 'ਚ ਤੜਪ ਰਹੀ ਹੈ
ਬਹੁਤ ਛੇਤੀ ਮੈਂ ਵਾਪਸ ਆ ਰਿਹਾਂ
ਇਕ ਅਮੀਰ ਆਦਮੀ ਬਣਕੇ
ਮੇਰੀ ਪਿਆਰੀ 'ਮਾਈਟੀ'

ਇਹ ਗੀਤ ਤਾਂ ਚੰਨ ਦੀ ਚਾਨਣੀ ਦੀਆਂ ਰਿਸ਼ਮਾਂ ਹੱਥ ਘੱਲਿਆਂ ਇਕ ਸੁਨੇਹਾ ਹੈ, ਆਪਣੀ ਪਿਆਰੀ ਨੂੰ। ਇਕ ਯਾਦ ਹੈ ਘਰ ਦੀ ਅਤੇ ਖੁਸ਼ੀ ਹੈ ਆਪਣੀ ਖਾਹਿਸ਼ ਪੂਰੀ ਹੋ ਜਾਣ 'ਤੇ ਮਾਣ-ਇੱਜਤ (ਬਹੁਤੇ ਪੈਸੇ ਕੋਲ ਹੋਣ 'ਤੇ) ਵਧਣ ਦੀ। ਅਹਿਸਾਸ ਵੀ, ਕਿ ਉਹ ਆਪਣੇ ਪਿਆਰ ਨੂੰ ਨਹੀਂ ਭੁੱਲਿਆ। ਪਰਾਈ ਧਰਤੀ, ਉਹਦੀ ਮਜਬੂਰੀ ਹੈ- ਪਰ, ਉਹ ਵਾਪਸ ਪਰਤ ਰਿਹਾ ਹੈ। ਪਾਟੀ ਆਰਥਿਕਤਾ ਨੂੰ ਗੰਢਣ ਦੇ ਯਤਨ ਕਰਨ ਵਾਲੇ ਲੋਕਾਂ ਵਲੋਂ ਅਸਥਾਈ ਤੌਰ 'ਤੇ ਘਰ ਨੂੰ ਛੱਡਣ ਵਾਲਿਆਂ ਨਾਲ ਇਹ ਦੁਖਾਂਤ ਹਰ ਥਾਵੇਂ ਵਾਪਰਦਾ ਹੈ।

ਸਭ ਨਾਲ ਇੰਜ ਨਹੀਂ ਹੁੰਦਾ ਨਾ ਹੀ ਸਮਾਂ ਇਕਸਾਰ ਤੁਰਦਾ ਹੈ। ਵਕਤ ਦੇ ਬੀਤਣ ਨਾਲ ਬੱਚੇ ਵੱਡੇ ਹੋਣ ਲਗਦੇ ਹਨ। ਜਿਹੜਾ ਪਰਵਾਸ ਪਹਿਲਾਂ ਦੁੱਖ ਸਮਾਨ ਸੀ ਉਹਦੇ 'ਚ ਅਪਣੱਤ ਦਾ ਡੂੰਘਾ ਅਹਿਸਾਸ ਜਾਗਣ ਲਗਦਾ ਹੈ। ਬੇਗਾਨੀ ਰਹੀ ਧਰਤੀ ਦੀ ਪਕੜ ਵਧਣ ਲਗਦੀ ਹੈ। ਪਹਿਲਾਂ ਤਾਂ ਸਥਿਤੀ ਅਚੇਤ ਹੀ ਹੁੰਦੀ ਹੈ ਪਰ ਆਖਰ ਸੁਚੇਤ ਤੌਰ 'ਤੇ ਇਸ ਨਾਲ ਸਮਝੌਤਾ ਕਰ ਲਿਆ ਜਾਂਦਾ ਹੈ ਅਤੇ ਘਰ ਪੱਕਾ ਹੋਣ ਲਗਦਾ ਹੈ। ਇੱਥੇ ਪੰਜਾਬੀਆਂ ਦੀ ਹੀ ਮਿਸਾਲ ਦੇਣੀ ਗਲਤ ਨਹੀਂ ਹੋਵੇਗੀ। ਕੈਨੇਡਾ ਵਸਦੇ ਪੰਜਾਬੀ ਪਿਆਰੇ (ਸਾਹਿਤਕਾਰ) ਪਹਿਲਾਂ ਉੱਥੋਂ ਪੰਜਾਬੀ ਦਾ ਤ੍ਰੈ-ਮਾਸਿਕ ਸਾਹਿਤਕ ਪਰਚਾ 'ਵਤਨੋਂ ਦੂਰ' ਕੱਢਦੇ ਹੁੰਦੇ ਸਨ। ਵਕਤ ਗੁਜ਼ਰਨ ਨਾਲ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਹੁਣ ਉਹ ਵਤਨੋਂ ਦੂਰ ਨਹੀਂ, ਕਿ ਜਿੱਥੇ ਉਹ ਵਸਦੇ ਹਨ ਉਹ ਉਨ੍ਹਾਂ ਦਾ ਆਪਣਾ ਘਰ ਹੈ। ਫੇਰ ਉਹ ਪਰਚਾ 'ਵਤਨ' ਦੇ ਨਾਂ ਨਾਲ ਨਿਕਲਦਾ ਰਿਹਾ ਸੀ। ਇਹ ਸਾਰਾ ਕੁੱਝ ਅਨਜਾਣੇ 'ਚ ਨਹੀਂ ਸੀ ਵਾਪਰਿਆ ਸਗੋਂ ਇਹ ਸੱਚ ਨੂੰ ਮੰਨ ਲੈਣ ਦੀ ਸਾਰਥਿਕਤਾ ਕਹੀ ਜਾ ਸਕਦੀ ਹੈ।

ਜਦੋਂ ਪਰਵਾਸ ਨੂੰ ਗਲ਼ ਲਾ ਹੀ ਲਿਆ ਜਾਵੇ ਫੇਰ ਪੀੜ੍ਹੀਆਂ ਦਾ ਪਾੜਾ ਤੇ ਉਨ੍ਹਾਂ ਦੀ ਟੱਕਰ ਦਾ ਦੌਰ ਸ਼ੁਰੂ ਹੁੰਦਾ ਹੈ। ਪਹਿਲੀ ਪੀੜ੍ਹੀ (ਮਾਪਿਆਂ) ਦੀ ਖਾਹਿਸ਼ ਹੁੰਦੀ ਹੈ ਬੱਚੇ ਵੀ ਉਵੇਂ ਹੀ ਪਲਣ/ਢਲਣ ਜਿਵੇਂ ਦਾ ਪਿਛੋਕੜ ਉਹ ਆਪ ਲੈ ਕੇ ਆਏ ਹਨ। ਪਰ ਆਮ ਤੌਰ ਤੇ ਇਸ ਖਾਹਿਸ਼ ਦੀ ਪੂਰਤੀ ਨਹੀਂ ਹੁੰਦੀ। ਬੱਚਿਆਂ ਨੇ ਵੱਖਰੇ ਸਮਾਜ ਤੇ ਮਹੌਲ ਵਿਚ ਪਨਪਣਾ ਹੁੰਦਾ ਹੈ। ਇਸ ਸਥਿਤੀ ਨੂੰ ਸਮੇਂ ਦੇ ਹਾਣੀ ਹੋ ਕੇ ਸੁਲਝਾਇਆ ਜਾ ਸਕਦਾ ਹੈ, ਬੀਤੇ ਦੀ ਗੋਦੀ ਵਿਚ ਬੈਠ ਕੇ ਨਹੀਂ। ਪਰ ਬਹੁਸੰਮਤੀ ਬੱਚਿਆਂ 'ਤੇ ਆਪਣੀ ਮਰਜ਼ੀ ਲੱਦਣ ਦਾ ਯਤਨ ਕਰਦੀ ਹੈ। ਇੱਥੋਂ ਪੀੜ੍ਹੀਆਂ ਦਾ ਪਾੜਾ ਟੱਕਰ ਵਿਚ

ਬਦਲ ਜਾਂਦਾ ਹੈ। ਕਿਸੇ ਵੀ ਨਾਂਹ ਪੱਖੀ ਟਕਰਾਅ ਵਿਚੋਂ ਚੰਗੇ, ਸਿਹਤਮੰਦ ਸਿੱਟਿਆਂ ਦੀ ਆਸ ਨਹੀਂ ਰੱਖੀ ਜਾ ਸਕਦੀ।

ਵਡੇਰੇ ਆਪਣੇ ਰਸਮੋਂ-ਰਿਵਾਜ ਤੇ ਜ਼ਿੰਦਗੀ ਦੇ ਰੰਗ-ਢੰਗ ਜੀਊਂਦੇ ਰੱਖਣ ਵਾਸਤੇ ਆਪਣੀਆਂ ਸਭਾ-ਸੋਸਾਇਟੀਆਂ ਕਾਇਮ ਕਰਦੇ ਹਨ। ਧਾਰਮਿਕ ਸਥਾਨਾਂ ਦੀ ਉਸਾਰੀ ਕੀਤੀ ਜਾਂਦੀ ਹੈ। ਸੱਭਿਆਚਾਰਕ ਗਰੁੱਪ ਪੈਦਾ ਕੀਤੇ ਜਾਂਦੇ ਹਨ ਤਾਂ ਕਿ ਇਕੱਠੇ ਬੈਠ, ਮਿਲ ਵਰਤ ਸਾਂਝ ਪਾਲੀ ਜਾਂਦੀ ਰਹੇ। ਬੋਲੀ ਦਾ ਮਸਲਾ ਵਡਾਰੂਆਂ ਦਾ ਮੁੱਖ ਮਸਲਾ ਬਣ ਜਾਂਦੀ ਹੈ। ਪਹਿਲਾਂ ਇਹ ਵੀ ਯਤਨ ਕੀਤੇ ਜਾਂਦੇ ਹਨ ਕਿ ਬੱਚਿਆਂ ਨੂੰ ਮਾਂ ਬੋਲੀ ਸਿਖਾਈ ਜਾਵੇ। ਫੇਰ ਜਥੇਬੰਦਕ ਯਤਨਾਂ ਰਾਹੀਂ ਓਥੋਂ ਦੀਆਂ ਸਰਕਾਰਾਂ 'ਤੇ ਦਬਾਅ ਪਾਇਆ ਜਾਂਦਾ ਹੈ ਕਿ ਉਹ ਘੱਟਗਿਣਤੀਆਂ ਦੀਆਂ ਭਾਸ਼ਾਵਾਂ ਨੂੰ ਸਕੂਲੀ ਪੜ੍ਹਾਈ 'ਚ ਪ੍ਰਵਾਨਗੀ ਦੇਵੇ। ਹਰ ਥਾਵੇਂ ਇਹ ਪ੍ਰਵਾਨਗੀ ਨਹੀਂ ਮਿਲਦੀ। ਕਈ ਥਾਵੇਂ ਸਿਰਫ ਧਾਰਮਿਕ ਨਜ਼ਰੀਏ ਤੋਂ ਹੀ ਸੋਚਿਆ ਜਾਂਦਾ ਹੈ, ਮਿਸਾਲ ਵਜੋਂ ਮੁਸਲਮਾਨ ਵੀਰ ਕਈ ਵਾਰ ਅਨਜਾਣੇ 'ਚ ਹੀ ਬੱਚਿਆਂ ਤੇ ਅਰਬੀ ਭਾਸ਼ਾ ਸਿੱਖਣ ਦਾ ਗੈਰ ਜ਼ਰੂਰੀ ਅਤੇ ਗੈਰ ਵਿਗਿਆਨਕ ਬੋਝ ਪਾ ਦਿੰਦੇ ਹਨ ਜਦੋਂ ਕਿ ਬੱਚਿਆਂ ਦੀ ਮਾਂ ਬੋਲੀ ਕੋਈ ਹੋਰ ਹੁੰਦੀ ਹੈ। ਇਹ ਸਿਰਫ ਧਾਰਮਿਕ ਅਸਰ ਹੇਠ ਰੱਖਣ ਦੇ ਹੀਲੇ ਵਜੋਂ ਹੀ ਕੀਤਾ ਜਾਂਦਾ ਹੈ, ਹਾਲਾਂਕਿ ਕੁਰਾਨ ਸ਼ਰੀਫ਼ ਤਾਂ ਹੋਰ ਭਾਸ਼ਾਵਾਂ ਰਾਹੀਂ ਵੀ ਪੜ੍ਹਿਆ ਜਾ ਸਕਦਾ ਹੈ (ਹੋਰ ਧਰਮਾਂ ਦੇ ਧਾਰਮਿਕ ਗ੍ਰੰਥਾਂ/ਪੁਸਤਕਾਂ ਬਾਰੇ ਵੀ ਇਹ ਹੀ ਕਿਹਾ ਜਾ ਸਕਦਾ ਹੈ) ਇਹੋ ਅਣਵਿਗਿਆਨਕ ਨਜ਼ਰੀਆ ਕੁਰਾਹੇ ਪਾ ਦੇਣ ਦਾ ਸਬੱਬ ਵੀ ਬਣ ਜਾਂਦਾ ਹੈ।

ਮਨੁੱਖ ਜਦੋਂ ਪਰਦੇਸ ਵਸ ਜਾਂਦਾ ਹੈ ਤਾਂ ਉਹਨੂੰ ਬਹੁਤ ਕੁੱਝ ਪੁਰਾਣਾ ਛੱਡਣਾਂ ਪੈਂਦਾ ਹੈ ਅਤੇ ਨਵਾਂ ਅਪਨਾਉਣਾ ਹੁੰਦਾ ਹੈ। ਇਹ ਸੁਖਾਲ਼ਾ ਤਾਂ ਹੈ ਨਹੀਂ ਮਿਸਾਲ ਵਜੋਂ ਭਾਰਤੀ ਲੋਕ ਜਿੱਥੇ ਵੀ ਗਏ/ਵਸੇ ਉਹ ਜਾਤ-ਪਾਤ ਦਾ ਕੋਹੜ ਨਾਲ ਹੀ ਚੁੱਕੀ ਫਿਰਦੇ ਹਨ। ਕੋਈ ਵੀ ਇਸ ਤੋਂ ਖਹਿੜਾ ਨਹੀਂ ਛੁਡਾ ਸਕਿਆ। ਅਨਪੜ੍ਹ, ਅੱਧ-ਪੜ੍ਹੇ ਅਤੇ ਪੜ੍ਹੇ-ਲਿਖੇ ਸਾਰੇ ਹੀ ਇਸ ਰੋਗ ਦੇ ਮਰੀਜ਼ ਹਨ। ਭਾਰਤੀ ਨਸਲਵਾਦ ਦੇ ਮਰੀਜ਼। ਅਥਾਹ ਪੈਸਾ 'ਕੱਠਾ ਕਰ ਲੈਣ ਦੇ ਬਾਵਜੂਦ ਸਮਾਜਕ ਲਾਹਨਤਾਂ ਖਤਮ ਕਰਨ ਜੋਗੀ ਅਕਲ ਅਜੇ ਨਹੀਂ ਆਈ। ਸਮਾਜਕ ਕਾਰਜਾਂ 'ਚ ਝੂਠੀ ਤੇ ਫੋਕੀ ਸ਼ਾਨ ਅਤੇ ਬੇਅਕਲੀ ਦਾ ਦੱਬਕੇ ਮੁਜ਼ਾਹਰਾ ਕੀਤਾ ਜਾਂਦਾ ਹੈ। ਦਾਜ ਵਰਗੀ ਲਾਹਨਤ ਵੀ ਖਤਮ ਨਹੀਂ ਕਰ ਸਕੇ ਸਗੋਂ ਵਧ ਬਥੇਰੀ ਗਈ ਹੈ। ਇਸ ਸਭ ਕੁੱਝ ਦੇ ਹੁੰਦੇ ਹੋਏ ਕਈ ਵਾਰ ਅਸੀਂ ਐਵੇਂ ਹੀ ਆਪਣੇ ਭਾਈਚਾਰੇ ਦੀ ਵਧਾ-ਚੜ੍ਹਾ ਕੇ ਸਿਫਤ ਕਰੀ ਜਾਂਦੇ ਹਾਂ ਜੋ ਦਰਅਸਲ ਸਮਾਜਕ ਬੁਰਾਈਆਂ ਦੀ ਪਿੱਠ ਠੋਕਣ ਦੇ ਬਰਾਬਰ ਹੁੰਦਾ ਹੈ।

ਦੁਨੀਆਂ 'ਚ ਹੋ ਰਿਹਾ ਤਕਨੀਕੀ ਵਿਕਾਸ ਲੋਕਾਂ ਨੂੰ ਬਹੁਤ ਨੇੜੇ ਲਿਆ ਰਿਹਾ ਹੈ। ਪਰਚਾਰ ਸਾਧਨ ਅੱਜ ਏਡੇ ਸ਼ਕਤੀਸ਼ਾਲੀ ਹਨ ਕਿ ਇਸ ਤੋਂ ਦੂਰ-ਦੁਰਾਡੇ ਵਸਦੇ ਕਬੀਲਿਆਂ ਅੰਦਰ ਵੀ ਨਵੀਂ ਸੋਚ ਪਨਪਦੀ ਹੈ ਤੇ ਉਨ੍ਹਾਂ ਦੇ ਰਹਿਣ ਢੰਗ ਨੂੰ ਬਦਲਣ ਵਿਚ ਸਹਾਈ ਹੁੰਦੀ ਹੈ। ਸਭਿਆਚਾਰ ਬਾਣੀਆਂ ਬਿਰਤੀ ਰਾਹੀਂ ਵੀ ਪ੍ਰਫੁਲਤ ਹੁੰਦਾ ਹੈ।



ਉਹ ਮੁਲਕ ਜਿੱਥੇ ਸੈਰ-ਸਪਾਟੇ ਲਈ ਬਾਹਰਲੇ ਲੋਕ ਆਉਣੇ ਸ਼ੁਰੂ ਹੋਣ ਇਹਦੇ ਨਾਲ ਵੀ ਸੂਝ ਵਧਦੀ ਹੈ। ਆਏ ਲੋਕ ਕੁੱਝ ਛੱਡ ਜਾਂਦੇ ਹਨ, ਕੁੱਝ ਲੈ ਜਾਂਦੇ ਹਨ। ਫੇਰ ਦੋਹਾਂ ਪਾਸਿਆਂ ਦੇ ਲੋਕਾਂ 'ਚ ਹੋਰ ਜਾਨਣ ਦੀ ਇੱਛਾ ਵਧਦੀ ਹੈ। ਉਨ੍ਹਾਂ ਸੈਰ-ਸਪਾਟੇ ਵਾਲੀਆਂ ਥਾਵ੍ਹਾਂ ਨੂੰ ਵਪਾਰਕ ਪੱਖੋਂ ਵਰਤਦਿਆਂ ਆਪਣਾ ਆਪ ਦੂਜਿਆਂ ਸਾਹਮਣੇ ਪੇਸ਼ ਕੀਤਾ ਜਾਂਦਾ ਹੈ ਜਾਂ ਸਰਕਾਰੀ ਪੱਧਰ 'ਤੇ ਇਕ ਦੂਜੇ ਮੁਲਕਾਂ ਵਿਚ ਸੱਭਿਆਚਾਰਕ ਮੇਲੇ ਲਾਉਣੇ ਜਿਨ੍ਹਾਂ ਦਾ ਮੁੱਖ ਮਕਸਦ ਆਰਥਿਕ ਪੱਧਰ ਤੇ ਕੀਤੇ ਜਾਣ ਵਾਲੇ ਸਮਝੌਤੇ ਹੁੰਦੇ ਹਨ ਪਰ ਇਹ ਕੰਮ ਵੀ ਸੱਭਿਆਚਾਰ ਦੇ ਮਾਧਿਅਮ ਰਾਹੀਂ ਹੀ ਕੀਤਾ ਜਾਂਦਾ ਹੈ।

ਕਾਫੀ ਸਾਰੇ ਪਰਵਾਸੀ ਪੱਕੇ ਪੈਰੀਂ ਹੋ ਕੇ ਹੋਰ ਕੰਮਾਂ ਦੇ ਨਾਲ ਹੀ ਆਪਣੇ ਕਾਰੋਬਾਰ ਸ਼ੁਰੂ ਕਰਨ ਵਲ ਵੀ ਧਿਆਨ ਦੇਣ ਲਗਦੇ ਹਨ। ਰੈਸਟੋਰੈਂਟ ਤੇ ਕੌਫੀ ਹਾਊਸ ਬਗੈਰਾ ਖੋਲ੍ਹਣ ਲੱਗਿਆਂ ਆਪਣੇ ਪਿੰਡਾਂ, ਸ਼ਹਿਰਾਂ ਦੇ ਨਾਂ 'ਤੇ ਜਾਂ ਦੁਨੀਆਂ ਵਿਚ ਜਾਣੀਆਂ-ਪਛਾਣੀਆਂ ਥਾਵਾਂ ਦੇ ਨਾਂ 'ਤੇ ਫਰਮਾਂ ਚਲਾਉਣੀਆਂ। ਇਨ੍ਹਾਂ ਨੂੰ ਅੰਦਰੋ ਬਾਹਰੋਂ ਸਜਾਉਂਦਿਆਂ ਖਾਸ ਖਿਆਲ ਰੱਖਿਆ ਜਾਂਦਾ ਹੈ ਕਿ ਦਿੱਖ ਵਜੋਂ ਉਹ ਜ਼ਰੂਰ ਬਾਹਰਲਾ ਲੱਗੇ। ਕਾਫੀ ਸਾਰੇ ਕਦੀਂ-ਕਦਾਈਂ ਸੱਭਿਆਚਾਰਕ ਸਮਾਗਮ ਰਚਾਉਂਦੇ ਹਨ ਜਿਸ ਨਾਲ ਦੂਜਿਆਂ ਨਾਲ ਸਾਂਝ ਗੂੜ੍ਹੀ ਕਰਦਿਆਂ ਹੋਇਆਂ ਆਰਥਿਕ ਪੱਖੋਂ ਵੀ ਖੁਸ਼ਹਾਲ ਹੋਣ ਲਗਦੇ ਹਨ। ਇਸ ਤਰ੍ਹਾਂ ਦੂਜਿਆਂ ਨਾਲ ਮੇਲ਼-ਜੋਲ਼ ਦੀ ਭੁੱਖ ਹੋਰ ਵਧਦੀ ਹੈ।

ਸਭਿਆਚਾਰ ਨੂੰ ਅਮੀਰ ਕਰਨ ਲਈ ਕਿਤਾਬਾਂ ਵੀ ਬਹੁਤ ਵੱਡਾ ਰੋਲ ਨਿਭਾਉਂਦੀਆਂ ਹਨ। ਮਿਸਾਲ ਵਜੋਂ ਜਰਮਨੀ ਦੇ ਸ਼ਹਿਰ ਫਰੈਂਕਫਰਟ ਵਿਚ ਅਕਤੂਬਰ ਦੇ ਮਹੀਨੇ ਲਗਦਾ ਸੰਸਾਰ ਪੱਧਰ ਦਾ ਪੁਸਤਕ ਮੇਲਾ ਜਿਸ ਵਿਚ ਹਰ ਸਾਲ ਹੀ ਲੱਗਭਗ ਸਵਾ ਕੁ ਸੌ ਮੁਲਕਾਂ ਦੇ ਪ੍ਰਕਾਸ਼ਕ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚਦੇ ਹਨ ਤੇ ਉਨ੍ਹਾਂ ਵਿਚਕਾਰ ਸੈਂਕੜੇ ਹੀ ਮਿਲੀਅਨ ਡਾਲਰਾਂ ਦੇ ਹੁੰਦੇ ਸਮਝੌਤੇ ਅਤੇ ਲੱਖਾਂ ਹੀ ਲੋਕਾਂ ਦਾ ਇੱਥੇ ਪਹੁੰਚਣ ਨਾਲ ਕੌਮਾਂਤਰੀ ਪੱਧਰ ਦੀ ਵਧਦੀ ਸੂਝ-ਸਾਂਝ ਇਹਦੀਆਂ ਪ੍ਰਾਪਤੀਆਂ ਕਹੀਆਂ ਜਾ ਸਕਦਾ ਹੈ। ਹਰ ਸਾਲ ਕਿਸੇ ਮੁਲਕ ਨੂੰ ਇਸ ਮੇਲੇ ਦਾ ਮਹਿਮਾਨ ਭਾਵ ਮੁੱਖ ਮੁੱਦਾ ਬਣਾ ਕੇ ਮੇਲੇ ਵਿਚ ਪਹੁੰਚੇ ਲੱਖਾਂ ਹੀ ਦਰਸ਼ਕਾਂ ਸਾਹਮਣੇ ਪੇਸ਼ ਕਰਨਾ ਜਿਸ ਨੂੰ ਕੌਮਾਂਤਰੀ ਸੂਝ ਵਧਾਉਣ ਵਾਲੀ ਮੇਲੇ ਦੇ ਪ੍ਰਬੰਧਕਾਂ ਦੀ ਚੰਗੀ ਜੁਗਤ ਕਹੀ ਜਾ ਸਕਦੀ ਹੈ। ਅਜੇ ਤੱਕ ਭਾਰਤ ਹੀ ਅਜਿਹਾ ਦੇਸ਼ ਹੈ ਜੋ ਇਸ ਮੇਲੇ ਦਾ ਦੋ ਵਾਰ ਮਹਿਮਾਨ ਬਣਿਆਂ ਹੈ ਜਿੱਥੇ ਦਰਸ਼ਕਾਂ ਨੇ ਭਾਰਤ ਤੋਂ ਆਏ ਲੇਖਕਾਂ/ਕਲਾਕਾਰਾਂ ਦੇ ਦਰਸ਼ਨ ਵੀ ਕੀਤੇ ਤੇ ਵਾਰਤਾ ਵੀ ਸੁਣੀ।

ਪਰਦੇਸ ਦਾ ਹੋ ਜਾਣ ਤੇ ਵੀ ਆਪਣੇ ਦੀ ਭੁੱਖ ਨਹੀਂ ਮਰਦੀ। ਆਪਣੇ ਮੁਲਕਾਂ ਤੋਂ ਛੋਟੇ ਵੱਡੇ ਗਰੁੱਪਾਂ 'ਚ ਸੰਗੀਤ ਟੋਲੀਆਂ/ਕਲਾਕਾਰਾਂ ਦੇ ਝੁੰਡ ਤੇ ਜ਼ਿੰਦਗੀ ਦੀਆਂ ਬਰੀਕੀਆਂ ਨੂੰ ਸਿਰਜਣ ਵਾਲੇ ਵੀ ਪਹੁੰਚਦੇ ਹੀ ਰਹਿੰਦੇ ਹਨ। ਛੋਟੇ ਛੋਟੇ ਕਲਾਕਾਰਾਂ ਤੋਂ ਲੈ ਕੇ ਰਵੀ ਸ਼ੰਕਰ ਵਰਗੇ ਸੰਗੀਤ ਦੇ ਮਹਾਂਰਥੀਆਂ ਨੂੰ ਲੋਕ ਚਾਅ ਨਾਲ ਸੁਣਨ ਆਉਂਦੇ ਹਨ। ਪੱਛਮ ਦੇ ਮੁਲਕਾਂ ਵਿਚ ਚਿਤਰਕਾਰੀ ਦਾ ਰਿਵਾਜ ਵੀ ਹੈ ਅਤੇ ਸਮਝ ਵੀ। ਚਿਤਰਕਾਰੀ ਦੇ

ਖੇਤਰ ਵਿਚ ਦੋ ਪੰਜਾਬੀ ਚਿਤਰਕਾਰਾਂ ਦਾ ਨਾਂ ਲਿਆ ਜਾ ਸਕਦਾ ਹੈ। ਸਵਿਟਰਜਰਲੈਂਡ ਵਸਦਾ ਪੰਜਾਬੀ ਕਵੀ ਤੇ ਚਿੱਤਰਕਾਰ ਦੇਵ ਅਤੇ ਚੰਡੀਗੜ੍ਹ ਵਸਦਾ ਸ਼ਿਵ ਸਿੰਘ ਜਿਹੜੇ ਜਰਮਨੀ ਵਿਚ ਆਪਣੀਆਂ ਕਲਾ ਕ੍ਰਿਤਾਂ ਨੂੰ ਕਲਾ ਪ੍ਰੇਮੀਆਂ ਸਾਹਮਣੇ ਕਈ ਵਾਰ ਤੇ ਕਈ ਸ਼ਹਿਰਾਂ ਵਿਚ ਪੇਸ਼ ਕਰ ਚੁੱਕੇ ਹਨ। ਆਪਣੀ ਲਗਨ, ਲੰਮੀ ਘਾਲਣਾ ਅਤੇ ਸਖਤ ਮਿਹਨਤ ਨਾਲ ਦੇਵ ਨੇ ਤਾਂ ਯੂਰਪ ਵਿਚਲੇ ਪਹਿਲੀ ਪਾਲ਼ ਦੇ ਚਿਤਰਕਾਰਾਂ ਵਿਚ ਆਪਣਾ ਸਥਾਨ ਬਣਾ ਲਿਆ ਹੈ। ਇਸ ਖੇਤਰ ਦੀ ਮੰਡੀ ਵਿਚ ਵੀ ਉਸਦੇ ਚਿੱਤਰ ਮਹਿੰਗੇ ਮੁੱਲ ਵਿਕਦੇ ਹਨ।

ਸਮੇਂ ਦੇ ਬਦਲਣ ਨਾਲ ਅਤੇ ਪੀੜ੍ਹੀਆਂ ਦੇ ਗੁਜ਼ਰ ਜਾਣ ਨਾਲ ਪਰਵਾਸ ਦਾ ਰੂਪ ਬਦਲ ਜਾਂਦਾ ਹੈ। ਜਿਹੜੇ ਬੱਚੇ ਦਾਦੀ, ਬਾਬੇ ਤੇ ਹੋਰ ਸਬੰਧੀਆਂ ਦਾ ਹਾਲ ਪੁੱਛਦੇ ਹੁੰਦੇ ਸਨ, ਉਹ ਆਪਣੇ ਬੱਚਿਆਂ ਨਾਲ ਛੁੱਟੀਆਂ ਕੱਟਣ ਤਾਂ ਜਿੱਥੇ ਮਰਜ਼ੀ ਜਾਣ ਪਰ ਆਪਣੇ ਵਡਾਰੂਆਂ ਵਾਲੇ ਮੋਹ ਨਾਲ 'ਆਪਣੇ' ਮੁਲਕ ਨੂੰ ਵੀ ਨਹੀਂ ਜਾਂਦੇ। ਇਹ ਹੋਣਾ ਵੀ ਨਹੀਂ ਹੁੰਦਾ ਕਿਉਂਕਿ ਜ਼ਿੰਦਗੀ ਪਿੱਛੇ ਵਲ ਕਦੀਂ ਵੀ ਨਹੀਂ ਮੁੜਦੀ। ਜ਼ਿੰਦਗੀ ਸਿਰਜਣਾ ਦਾ ਧੁਰਾ ਹੈ। ਇਸ ਤਰ੍ਹਾਂ ਆਪਣੇ ਸਭਿਆਚਾਰ ਨੇ ਸ਼ਕਲ ਤੇ ਰੂਪ ਬਦਲ ਕੇ ਵੀ ਲੰਮੇ ਸਮੇਂ ਤੱਕ ਜੀਵਤ ਰਹਿਣਾ ਹੁੰਦਾ ਹੈ ਤੇ ਉਹ ਰਹਿੰਦਾ ਹੈ।

ਪਰਵਾਸ ਨਾ ਵਰ ਹੈ ਨਾ ਸਰਾਪ। ਇਹ ਤਾਂ ਤੁਰਦੇ ਸਮੇਂ 'ਚੋਂ ਆਪਣੇ ਹਾਣ ਦਾ ਕੁੱਝ ਫੜਨ ਦਾ ਕੀਤਾ ਗਿਆ ਸੁਚੇਤ ਯਤਨ ਹੁੰਦਾ ਹੈ। ਇਹ ਪਿੱਛੇ ਵੀ ਹੁੰਦਾ ਰਿਹਾ ਹੈ ਤੇ ਅੱਗੇ ਵੀ ਹੁੰਦਾ ਹੀ ਰਹਿਣਾ ਹੈ।



# ਪਰਵਾਸ : ਸੰਕਲਪ, ਸੰਦਰਭ ਅਤੇ ਬਦਲਦਾ ਸਰੂਪ

ਲੋਕ ਸਮੂਹਾਂ ਦਾ ਕਿੱਤਾ ਅਧਾਰਤ ਜੀਵਨ ਮਨੁੱਖ ਦੀਆਂ ਸਹਿਜਮਈ ਲੋੜਾਂ ਦਾ ਮੁਢਲਾ ਤੇ ਸੰਕੋਚਵਾਂ ਜਤਨ ਸੀ। ਪਰ ਇਹ ਜੀਵਨ ਹਰਕਤ ਮੁਖੀ ਹੋ ਕੇ ਸਦਾ ਹੀ ਅੱਗੇ ਵਲ ਵਧਦਾ-ਤੁਰਦਾ ਰਿਹਾ ਹੈ ਜਿਸ ਨਾਲ ਇਸ ਅੰਦਰਲੇ ਫੈਲਾਉ ਅਤੇ ਖਿਲਾਰ ਨੇ ਸੀਮਿਤ ਅਤੇ ਨਿਗੂਣੇ ਜਹੇ ਪ੍ਰਚਾਰ ਸਾਧਨਾਂ ਦੇ ਹੁੰਦੇ ਹੋਏ ਵੀ ਸਮਾਜ ਅੰਦਰ ਵਸਦੇ ਲੋਕਾਂ ਨੂੰ ਖਿੱਤਿਆਂ ਦੇ ਪਾਰਲੇ ਪਾਰ ਦੇ ਜੀਵਨ ਨਾਲ ਵਾਕਿਫ਼ ਕਰਵਾਉਂਦਿਆਂ ਹੋਇਆਂ ਉਸ ਬਾਰੇ ਸੋਝੀ ਪ੍ਰਦਾਨ ਕਰਨ ਦਾ ਮੁਢਲਾ ਅਤੇ ਬੁਨਿਆਦੀ ਕਾਰਜ ਸਦਾ ਜਾਰੀ ਰੱਖਿਆ। ਇੱਥੋਂ ਹੀ ਲੋਕ ਮਨ ਦੂਸਰੇ ਪਾਸੇ, ਦੂਸਰੇ ਕਿਨਾਰੇ ਵਲ ਉਤਸ਼ਾਹਿਤ ਹੋਇਆ ਹੋਵੇਗਾ। ਜਿਸ ਪਾਸੇ ਦੀ ਜਾਣਕਾਰੀ ਅਤੇ ਗਿਆਨ ਤਾਂ ਉਸ ਕੋਲ ਬਹੁਤ ਨਹੀਂ ਸੀ ਪਰ ਸੁਣੀਆਂ ਸੁਣਾਈਆਂ ਗੱਲਾਂ ਨੇ ਉਸਦੇ ਅੰਦਰ ਅਗਲੇ ਪਾਰ ਨੂੰ ਜਾਨਣ-ਮਾਨਣ ਦੀ ਜਗਿਆਸਾ ਪੈਦਾ ਕੀਤੀ ਜਿਸ ਦੀ ਪੂਰਤੀ ਵਾਸਤੇ ਉਨ੍ਹਾਂ ਨੂੰ ਬੜੀ ਜੱਦੋਜਹਿਦ ਕਰਕੇ ਹੀ ਕਾਮਯਾਬੀ ਮਿਲੀ। ਜਿਸ ਨੂੰ ਇਸ ਪੰਧ ਦੇ ਪਹਿਲਿਆਂ ਕਦਮਾਂ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ।

ਜਦੋਂ ਮਨੁੱਖ ਅੱਗੇ ਵਲ ਤੁਰਨ ਵਾਸਤੇ ਕਦਮ ਪੁੱਟਦਾ ਹੈ ਤਾਂ ਹਿਚਕਚਾਹਟ ਉਸਦੀਆਂ ਸੋਚਾਂ ਤੇ ਬਹੁਤ ਭਾਰੂ ਹੁੰਦੀ ਹੈ। ਪਰ ਇਸ ਦੁਚਿਤੀ ਵਿਚੋਂ ਨਿਕਲ ਕੇ ਜਦੋਂ ਕੋਈ 'ਦੇਖੀਏ ਤਾਂ ਸਈ' ਵਾਲੇ ਸਥਾਨ ਤੇ ਪਹੁੰਚ ਜਾਂਦਾ ਹੈ ਤਾਂ ਇਹ ਬਿੰਦੂ ਬਹੁਤ ਵਾਰ ਨਿਰਣਾਇਕ ਸਾਬਤ ਹੋ ਜਾਂਦਾ ਹੈ। ਅੱਗੇ ਵਧਣ ਦੀ ਚਾਹਤ ਵਾਲੀ ਪ੍ਰੇਰਨਾ ਨੇ ਸੰਸਾਰ ਦੇ ਵੱਖੋ ਵੱਖ ਖੇਤਰਾਂ 'ਚ ਲੋਕਾਂ ਨੂੰ ਉਤਸ਼ਾਹਤ ਕੀਤਾ, ਜਿਸ ਕਰਕੇ ਉਹ ਸਮੁੰਦਰਾਂ ਦੇ ਪਾਰਲੇ ਪਾਰ ਵੀ ਜਾ ਅੱਪੜੇ। ਇਹ ਹੀ ਇਕ ਛਾਲ ਸੀ ਜਿਸ ਨਾਲ ਕਦਮ ਦੂਸਰੇ 'ਵਿਹੜੇ' ਵਿਚ ਜਾ ਪਹੁੰਚੇ। ਇੱਥੇ ਪਹੁੰਚ ਕੇ ਇਕ ਨਵੇਂ ਜੀਵਨ ਦੇ ਦਰਸ਼ਣ ਹੋਏ ਅਤੇ ਨਵੀਆਂ ਜੀਵਨ ਜੁਗਤਾਂ ਨਾਲ ਉਨ੍ਹਾਂ ਦਾ ਵਾਹ ਪਿਆ, ਜਿਸ ਦੇ ਸਿੱਟੇ ਵਜੋਂ ਜੀਵਨ ਦੀ ਨਵੀਂ ਕਾਰਜ ਸ਼ੈਲੀ ਦਾ ਪਸਾਰ ਸ਼ੁਰੂ ਹੋਇਆ। ਨਵੀਂ ਧਰਤੀ ਉੱਤੇ ਨਵੇਂ ਸਿਆੜ ਵਾਹੁਣ ਦੀ ਇੱਥੋਂ ਹੀ ਸ਼ੁਰੂਆਤ ਹੁੰਦੀ ਹੈ। ਸਿਆਣੇ ਤੇ ਪਾਰਖੂ ਇਸ ਨੂੰ ਕੋਈ ਵੀ ਨਾਂ ਦੇ ਸਕਦੇ ਹਨ। ਉਹ ਨਾਂ ਪਰਵਾਸ ਵੀ ਹੋ ਸਕਦਾ ਹੈ। ਸਮੇਂ ਬਾਅਦ ਇਹ ਹੀ ਪਰਵਾਸ, ਆਵਾਸ ਬਣ ਜਾਂਦਾ ਹੈ। ਪਰ ਇਸ ਛੋਟੀ ਜਹੀ ਦਿਸਦੀ ਤਬਦੀਲੀ ਵਾਸਤੇ ਲੰਮੇ ਸਮੇਂ ਦੀ ਕੈਨਵਸ ਲੋੜੀਦੀ ਹੈ। ਜਿਸ ਉੱਤੇ ਨਵੀ ਜ਼ਿੰਦਗੀ ਦੀ ਤੋਰ ਦੇ ਨਵੇ-ਨਰੋਏ ਕਦਮ ਉਲੀਕੇ ਜਾ ਸਕਣ। ਇਨ੍ਹਾਂ ਕਦਮਾਂ ਦੀ ਰਵਾਨੀ ਆਸ਼ਾਵਾਦੀ ਭਵਿੱਖ ਦੇ ਬੂਹੇ ਵਲ ਜਾਂਦਾ

ਰਾਹ ਪੱਧਰਾ ਕਰਨ ਦਾ ਕਾਰਜ ਨਿਭਾਉਂਦੀ ਹੈ। ਸਫਲ ਜਾਂ ਅਸਫਲ ਹੋਣਾ ਇਹ ਤਾਂ ਸੋਚ ਅਤੇ ਸਾਧਨਾ ਉੱਤੇ ਨਿਰਭਰ ਕਰਦਾ ਹੈ। ਸਮੇਂ ਦੇ ਬੀਤਣ ਨਾਲ ਸਮੇਂ ਦੀ ਤੋਰ ਬਹੁਤ ਹੀ ਤੇਜ਼ ਹੋ ਗਈ। ਤੇਜ਼ ਕਦਮੀਂ ਸਫਰ ਬਹੁਤਾ ਮੁੱਕਣਾ ਹੀ ਸੀ। ਵਿਗਿਆਨ ਦੀਆਂ ਨਵੀਆਂ ਕਾਢਾਂ, ਪ੍ਰਚਾਰ ਦੇ ਬਿਜਲਈ-ਇਲੈਕਟ੍ਰਾਨਿਕ ਸਾਧਨਾਂ ਨੇ ਇਸ ਆਮ ਜਹੀ ਗੱਲ/ਤੋਰ ਵਿਚ ਬਹੁਤ ਤੇਜ਼ੀ ਲਿਆਂਦੀ ਜਿਸ ਦੇ ਆਸਰੇ ਦੁਨੀਆਂ ਦਾ ਵੱਡ ਅਕਾਰੀ ਦਾਇਰਾ ਛੋਟਾ ਮਹਿਸੂਸ ਹੋਣ ਲੱਗ ਪਿਆ।

ਆਮ ਕਰਕੇ ਪਰਵਾਸੀਆਂ ਦੇ ਜੀਵਨ ਦਾ ਮੁਢਲਾ ਸਫਰ ਉਦਾਸੀ, ਉਦਰੇਵੇਂ ਅਤੇ ਥੁੜਾਂ ਮਾਰਿਆ ਹੀ ਹੁੰਦਾ ਹੈ। ਇੱਥੋਂ ਹੀ ਬਹੁਤ ਸਾਰੇ ਲੋਕ ਕਿਰਤ ਦੇ ਨਾਲ ਹੀ ਕਿਰਸ ਕਰਨਾ ਵੀ ਸਿੱਖ ਜਾਂਦੇ ਹਨ। ਉਨ੍ਹਾਂ ਦੀ ਮੰਜ਼ਿਲ ਹੀ ਇਕ ਉਜਲੇ ਭਵਿੱਖ ਅਤੇ ਸੁਹਣੇ ਜੀਵਨ ਦੀ ਪ੍ਰਾਪਤੀ ਖਾਤਰ ਥੁੜਾਂ ਨੂੰ ਦੂਰ ਕਰਨਾ ਹੁੰਦੀ ਹੈ, ਭਾਵੇਂ ਕਿ ਥੋੜੇ ਸਮੇਂ ਬਾਅਦ ਹੀ ਇਸ ਸੋਚ ਦੇ, ਅਮਲ ਦੇ ਨੈਣ-ਨਕਸ਼ ਵੀ ਬਦਲਣ ਅਤੇ ਨਿਖਰਨ ਲੱਗ ਪੈਂਦੇ ਹਨ। ਆਰਥਿਕ ਥੁੜਾਂ ਦੇ ਘਟ ਜਾਣ ਜਾਂ ਦੂਰ ਹੋ ਜਾਣ ਪਿੱਛੋਂ ਫੇਰ ਉਹ ਨਵੇਂ ਘਰ ਦੀ ਤਲਾਸ਼ ਦਾ ਕੰਮ ਸ਼ੁਰੂ ਕਰਦੇ ਹਨ। ਜਿਸ ਵਾਸਤੇ ਸਮੱਸਿਆਵਾਂ ਦਾ ਲੰਮਾ-ਚੌੜਾ ਪੰਧ ਤੈਅ ਕਰਨਾ ਪੈਂਦਾ ਹੈ। ਇਸ ਮੋੜ ਤੋਂ ਜ਼ਿੰਦਗੀ ਵੱਡੀਆਂ ਤਬਦੀਲੀਆਂ ਵਲ ਵਧਦੀ ਹੈ। ਮਨਾਂ ਅੰਦਰਲਾ ਜਵਾਰਭਾਟਾ ਪਲ ਪਲ ਰੰਗ ਬਦਲਦਾ ਹੈ, ਰੰਗਾਂ ਦੀ ਤਾਸੀਰ ਰੂਪ ਵਟਾ ਲੈਂਦੀ ਹੈ। ਇਹ ਰੰਗ ਦੁਨੀਆਂ ਦੇ ਸੱਤਾਂ ਰੰਗਾਂ ਵਰਗੇ ਨਹੀਂ ਸਗੋਂ ਨਵੀ ਧਰਤੀ ਤੇ ਵਾਹੇ ਸਿਆੜਾਂ ਵਿਚੋਂ ਉੱਗਦੇ ਹਨ। ਜਿਸ ਵਿਚ ਦਰਦ ਦੀ ਚੀਸ ਦਾ ਭਾਰੂ 'ਰੰਗ' ਮਨੁੱਖ ਦੇ ਅੰਦਰ ਪਲਦੇ ਮਾਨਸਿਕ ਤਣਾਵਾਂ ਨੂੰ ਵਲੇਵੇਂ ਮਾਰਦਾ ਹੈ ਅਤੇ ਉਸ ਦੀਆਂ ਉਲਝਣਾਂ ਵਧਣ ਲਗਦੀਆਂ ਹਨ ਜਿਸ ਜੱਦੋਜਹਿਦ ਵਿਚੋਂ ਮਨੁੱਖ ਦਾ ਆਪੇ ਤੋਂ ਪਾਰ ਜਾਣ ਦਾ ਸਫਰ ਸ਼ੁਰੂ ਹੁੰਦਾ ਹੈ। ਉਲਝਣਾਂ ਤੋਂ ਛੁਟਕਾਰਾ ਪਾਉਣ ਦੇ ਜਤਨ ਆਰੰਭ ਹੁੰਦੇ ਹਨ।

ਪਰਵਾਸੀ ਬੰਦੇ ਸ਼ੁਰੂ ਵਿਚ ਨਾਲ ਲੈ ਕੇ ਆਏ ਪੁਰਾਣੀ ਸੋਚ ਅਤੇ ਹੰਢਾਈ ਜਾ ਰਹੀ ਨਵੀਂ ਸਥਿਤੀ ਦੇ ਦੋ ਪੁੜਾਂ ਵਿਚਕਾਰ ਪਿਸਦੇ ਹਨ। ਪਿੱਛੇ ਛੱਡੀਆਂ ਹੋਈਆਂ ਰਵਾਇਤਾਂ ਮੁੜ ਮੁੜ ਚੇਤੇ ਆਉਂਦੀਆਂ ਹਨ ਪਰ ਧੱਕੇ ਮਾਰਦਾ ਵਕਤ ਉਸਨੂੰ ਅੱਗੇ ਤੋਰਦਾ ਹੋਇਆ ਕੁਝ ਕਰ ਗੁਜ਼ਰਨ ਵਾਸਤੇ ਕਾਹਲਾ ਹੁੰਦਾ ਹੈ। ਇਸ ਕਰ ਗੁਜ਼ਰਨ ਦੀ ਇੱਛਾ (ਭਾਵਨਾ) ਦੀਆਂ ਬਾਰੀਕੀਆਂ ਗੁੱਝੀਆਂ ਨਹੀਂ ਰਹਿੰਦੀਆਂ, ਸਗੋਂ ਪਹਿਲਾਂ ਤੋ ਵੱਧ ਉਜਾਗਰ ਹੋਣ ਲੱਗ ਪੈਂਦੀਆਂ ਹਨ। ਇਹ ਕਿਸੇ ਇਕ ਮੁਲਕ ਜਾਂ ਖਿੱਤੇ ਨਾਲ ਬੰਨੀ ਜਾ ਸਕਣ ਵਾਲੀ ਪ੍ਰਵਿਰਤੀ ਨਹੀਂ ਸਗੋ ਸਰਬ ਪ੍ਰਵਾਨਤ ਆਮ ਮਨੁੱਖੀ ਵਰਤਾਰਾ ਹੈ ਜੋ ਕਿ ਕੁੱਲ ਦੁਨੀਆਂ ਵਿਚ ਪਰਵਾਸੀ ਬਣੇ ਲੋਕ ਤਰਾਸਦੀ ਦੀ ਹੱਦ ਤੱਕ ਇਕ ਸਾਂਝੀ 'ਹੋਣੀ' ਵਜੋਂ ਹੰਢਾਉਂਦੇ ਹਨ। ਪਰ ਫੇਰ ਵੀ ਉਹ ਸਾਂਝੇ ਮਸਲਿਆਂ ਦਾ ਸਾਂਝਾ ਹੱਲ ਤਲਾਸ਼ ਕਰਨ ਵਾਸਤੇ ਲੰਮਾ ਸਮਾਂ ਇਕ ਦੂਜੇ ਦੇ ਸਾਥ ਤੋਂ ਬਿਨਾ ਕੱਲੇ-ਕਾਰੇ ਹੀ ਟੱਕਰਾਂ ਮਾਰਦੇ ਰਹਿੰਦੇ ਹਨ। ਇਸ ਤਰਾਂ ਕਰਨ ਨਾਲ ਜਦੋਂ ਬਿਨਾ ਮਾਯੂਸੀ ਦੇ ਕੁੱਝ ਵੀ ਹੱਥ ਪੱਲੇ ਨਹੀਂ ਪੈਂਦਾ ਤਾਂ ਸਾਂਝ ਭਰੀ ਹੋਂਦ ਨੂੰ ਸੰਗਠਤ ਕਰਕੇ ਸਰਗਰਮ ਕਰਨ ਦੇ ਯਤਨ ਕੀਤੇ ਜਾਂਦੇ



ਹਨ। ਜਿਸ ਦੇ ਸਿੱਟੇ ਵਜੋਂ ਵੱਖੋ-ਵੱਖ ਖਿੱਤਿਆਂ ਦੇ ਲੋਕਾਂ ਤੇ ਬੋਲੀਆਂ, ਉਨ੍ਹਾਂ ਦੇ ਪਿਛੋਕੜ ਅਤੇ ਸੱਭਿਆਚਾਰਕ ਰਵਾਇਤਾਂ, ਭੂਗੋਲਿਕ ਵੰਡਾਂ, ਸਮਾਜੀ, ਸਿਆਸੀ, ਅਤੇ ਆਰਥਿਕ ਖੇਤਰ ਅੰਦਰ ਨਾ-ਬਰਾਬਰੀ, ਵਖਰੇਵੇਂ ਅਤੇ ਬੇਇਨਸਾਫੀ ਭਰੀ ਪਿੱਠਭੂਮੀ ਅਤੇ ਪਿਛੋਕੜ ਦੇ ਦਰਸ਼ਣ ਹੁੰਦੇ ਹਨ। ਜਿਸ ਦੇ ਆਸਰੇ ਸੱਚ ਪਰਦੇ ਪਾੜ ਕੇ ਬਾਹਰ ਆਉਣ ਲਗਦਾ ਹੈ। ਕਬੀਲੇ ਵਾਲੇ ਪ੍ਰਬੰਧ ਤੋ ਸ਼ੁਰੂ ਹੋ ਕੇ ਅਜੋਕੇ ਯੁੱਗ ਦੇ ਸਮੇਂ ਵਾਲੇ ਇਤਿਹਾਸਕ ਵਿਕਾਸ ਤੱਕ ਦਾ ਆਲੋਚਨਾਤਮਕ ਅਤੇ ਘੋਖਵਾਂ ਜਾਇਜ਼ਾ ਲਿਆ ਜਾਂਦਾ ਹੈ। ਇਸ ਤਰਾਂ ਦੀ ਬੋਧਿਕਤਾਮੁਖੀ ਕਾਰਜਸ਼ੈਲੀ ਦੇ ਆਸਰੇ ਵੱਖੋ ਵੱਖ ਫਿਰਕਿਆਂ ਅਤੇ ਲੋਕ ਸਮੂਹਾਂ ਦੇ ਰਿਵਾਜ਼ਾਂ ਅਤੇ ਧਾਰਮਿਕ ਧਾਰਨਾਵਾਂ/ਭਾਵਨਾਵਾਂ ਨਾਲ ਜਾਣ ਪਹਿਚਾਣ ਹੋਣ ਲਗਦੀ ਹੈ ਅਤੇ ਇਕ ਦੂਜੇ ਵਲ ਜਾਂਦੀਆਂ ਸ਼ੱਕੀ ਨਜ਼ਰਾਂ ਤੋ ਅੱਗੇ ਲੰਘਦਿਆਂ ਉਹਨਾ ਦੀ ਪਰਖ ਕਰਨ ਦੇ ਹਾਂਅ ਪੱਖੀ ਨਜ਼ਰੀਏ ਵਜੋਂ ਦੇਖਣ ਵਾਲੀ ਅੱਖ 'ਪ੍ਰਗਟ' ਹੁੰਦੀ ਹੈ। ਅਜਿਹਾ ਨਜ਼ਰੀਆਂ ਨਵੀਆਂ ਬਣੀਆਂ ਸਾਝਾਂ ਵਿਚੋਂ ਹੀ ਪੈਦਾ ਹੁੰਦਾ ਹੈ। ਵੱਖੋ ਵੱਖ ਲੋਕ ਸਮੂਹਾਂ, ਕੌਮੀਅਤਾਂ ਅਤੇ ਕੌਮਾਂ ਦੀਆਂ ਸਾਂਝੀਆਂ ਰਵਾਇਤਾਂ ਸਿਰਜਣ ਅਤੇ ਉਨ੍ਹਾਂ ਨੂੰ ਅੱਗੇ ਤੋਰਨ ਵਾਸਤੇ ਕਈ ਵਾਰ ਧਰਮ ਰੁਕਾਵਟ ਪੈਦਾ ਕਰਨ ਵਾਲਾ ਤੱਤ ਬਣ ਜਾਂਦਾ ਹੈ (ਇਹ ਬੇਸਮਝੀ ਕਰਕੇ ਹੀ ਹੁੰਦਾ ਹੈ) ਅਜਿਹਾ ਬਹੁਤ ਸਾਰੇ ਆਖਦੇ ਹਨ। ਜਦੋਂ ਕਿ ਇਹ ਵੀ ਧਾਰਨਾ ਹੈ ਕਿ ਧਰਮ ਮਨੁੱਖਾਂ ਨੂੰ ਜੋੜਦਾ ਅਤੇ ਮਨੁੱਖੀ ਸਾਂਝ ਨੂੰ ਪੱਕਿਆਂ ਕਰਦਾ ਹੈ। ਧਰਮ ਬਾਰੇ ਅਜਿਹਾ ਹੋਰ ਵੀ ਬਹੁਤ ਕੁੱਝ ਹੈ ਜੋ ਵਾਰ ਵਾਰ ਬਹਿਸਾਂ ਦਾ ਵਿਸ਼ਾ ਬਣਦਾ ਹੈ। ਪਰ ਅਮਲ ਵਿਚ ਫੈਸਲਾ ਕਰੂ ਨੁਕਤਾ ਇਹ ਹੋ ਜਾਂਦਾ ਹੈ ਕਿ ਧਰਮ ਦੀ ਸਰਪ੍ਰਸਤੀ (ਜਾਂ ਡੋਰ) ਕਿਹੜੇ ਹੱਥਾਂ ਵਿਚ ਹੈ? ਉਹਨਾ 'ਹੱਥਾਂ' ਦੀ ਅਸਲੀ ਇੱਛਾ ਤੇ ਮੰਤਵ ਕੀ ਹੈ? ਕੀ ਧਰਮ ਦੀ ਸਰਪ੍ਰਸਤੀ ਵਾਲੇ ਲੁਕਵੇਂ ਹੱਥ ਸਿਆਸੀ ਸਰਪ੍ਰਸਤੀ (ਘਟੀਆ) ਵਾਲੇ ਮਾਫੀਏ ਦੇ ਤਨਖਾਹਦਾਰ ਜਾਂ 'ਬਿਨ-ਤਨਖਾਹੋ' ਨੌਕਰ ਜਾਂ ਦੱਲੇ ਤਾਂ ਨਹੀ? ਜੇ ਅਜਿਹਾ ਹੋਵੇ ਤਾਂ ਧਰਮ ਦਾ ਅਸਲ ਗੁਆਚ ਜਾਂਦਾ ਹੈ , ਫੇਰ ਤਾਂ ਸਿਆਸੀ ਮਾਲਕਾਂ ਦੀ ਚਾਕਰੀ ਕਰਨ ਵਾਸਤੇ 'ਫ਼ਤਵੇ' 'ਤਨਖਾਹਾਂ' ਅਤੇ 'ਧਾਰਮਕ' ਸਜਾਵਾਂ (?) ਉੱਗਣ ਲੱਗ ਪੈਂਦੀਆਂ ਹਨ। ਪਿਆਰ ਅਤੇ ਸਚਾਈ ਵਾਲੇ ਫਲਸਫੇ ਦੇ ਫੱਟੇ ਹੇਠ ਪਾਪ ਅਤੇ ਝੂਠ ਪਲਣ ਲੱਗ ਪੈਂਦੇ ਹਨ। ਇਸ ਕਿਸਮ ਦੀ ਜਥੇਬੰਦਕ 'ਧਾਰਮਕ ਜੂਠ' ਚੰਗੇ ਮੰਦੇ ਦੀ ਪਰਖ ਕਰਨ ਦੀ ਥਾਂਵੇ ਦੂਜਿਆਂ ਨੂੰ ਜ਼ਲੀਲ ਕਰਨ ਲੱਗ ਪੈਂਦੀ ਹੈ। ਫੇਰ ਲੋਕ ਮਨਾਂ ਅੰਦਰ ਨਵੇਂ ਯੁੱਗ ਦੀ ਕੀਤੀ ਜਾ ਰਹੀ ਗੁੰਝਲਦਾਰ ਵਿਆਖਿਆ ਵਾਂਗ ਧਰਮ ਬਾਰੇ ਕੀਤੀ ਜਾਂਦੀ ਨਵੀਂ ਵਿਆਖਿਆ ਵੀ ਵਲ-ਫੇਰਾਂ ਤੋ ਮੁਕਤ ਨਹੀ ਰਹਿ ਜਾਂਦੀ। ਫੇਰ ਧਰਮ ਵਲੋਂ 'ਜੋੜਨ' ਵਾਲੀ ਸਰਬ ਪ੍ਰਵਾਨਤ ਸੱਚਾਈ ਤੋੜਨ ਵਾਲੀ ਫਿਤਰਤ ਦਾ ਰੂਪ ਧਾਰਨ ਕਰਨ ਲੱਗ ਪੈਂਦੀ ਹੈ। ਧਰਮ ਦਾ ਅਸਲ ਗੁਆਚਣ ਲੱਗ ਪੈਂਦਾ ਹੈ। ਇਥੋਂ ਹੀ ਧਰਮੀਆਂ ਅੰਦਰ ਵੀ ਧਰਮ ਪ੍ਰਤੀ ਡਾਵਾਂਡੋਲ ਜਹੀ ਉਦਾਸੀਨਤਾ ਪੈਦਾ ਹੋਣ ਲੱਗ ਪੈਂਦੀ ਹੈ।

ਜਦੋ ਪੰਜਾਬੀ ਪਰਵਾਸੀਆਂ (ਉਂਜ ਇਹ ਸਾਰੇ ਪਰਵਾਸੀਆਂ ਦੀ ਸਾਂਝੀ ਗੱਲ ਹੀ ਹੈ) ਦੀ ਗੱਲ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਪਹਿਲਾਂ ਤਾਂ ਇਹ ਘਰ ਬੰਨ੍ਹਣ ਦਾ ਢੰਗ ਤਰੀਕਾ ਸੋਚਦੇ ਹਨ। ਇਹ ਬੜੀ ਕੌੜੀ ਸੱਚਾਈ ਹੈ ਕਿ ਇਸ ਖ਼ਲਜਗਣ ਵਿਚ ਕਈ ਸਾਰੇ ਕਸੂਤੇ ਫਸੇ ਹੋਣ ਕਰਕੇ ਪਹਿਲਾਂ ਤਾਂ ਆਮ ਕਰਕੇ 'ਸੱਤਾਂ ਫੇਰਿਆਂ', 'ਚਾਰ ਲਾਵਾਂ' ਅਤੇ 'ਸ਼ਰਾ ਦੇ ਨਾਂ ਹੇਠ' ਕੀਤੇ ਕੌਲ-ਕਰਾਰਾਂ ਵਾਲੀ ਸੱਚਾਈ ਤੋ ਮੁੱਖ ਮੋੜਦੇ ਹਨ। 'ਮਜਬੂਰੀ' ਦੇ ਬੇਲਣੇ ਵਿਚ ਫਸੇ ਹੋਣ ਦਾ ਬਹਾਨਾ ਲਾ ਕੇ ਝੂਠ ਦਾ ਮੌਹਰਾ ਚੱਟਦੇ ਹਨ। ਆਪਣੇ ਪ੍ਰੀਵਾਰ ਨਾਲ ਹੀ ਨਹੀਂ ਸਗੋਂ ਆਪਣੇ ਆਪ ਨਾਲ ਵੀ ਧੋਖਾ ਕਰਨ ਵਾਸਤੇ ਬੁਰੇ ਦੇ ਘਰ ਪੈਰ ਧਰਨ ਵਰਗਾ ਕੁਕਰਮ ਕਰਦੇ ਹਨ। ਪੁੱਠੇ-ਸਿੱਧੇ ਢੰਗ ਤਰੀਕੇ ਨਾਲ ਕਿਸੇ ਔਰਤ (ਉਮਰ ਦਾ ਖਿਆਲ ਕੀਤੇ ਬਿਨਾ) ਦੀ ਭਾਲ ਕਰਕੇ ਆਮ ਕਰਕੇ ਮੁੱਲ ਤਾਰ ਕੇ ਉਹਦੇ ਨਾਲ ਅੰਗਰੇਜ਼ੀ ਢੰਗ ਦੀਆਂ ਨਵੀਆਂ ਲਾਵਾਂ (ਫੇਰੇ ਜਾਂ ਨਿਕਾਹ) ਲੈਣ ਦਾ ਜੁਗਾੜ ਬੰਨਿਆ ਜਾਂਦਾ ਹੈ। ਜਿਸ ਦੇ ਆਸਰੇ ਉਹ ਆਪਣਾ ਟਿਕਾਣਾ ਪੱਕਾ ਹੋ ਗਿਆ ਸਮਝਣ ਲੱਗ ਪੈਂਦੇ ਹਨ ਅਤੇ ਆਪਣੇ ਪਿੰਡ ਵਾਲੇ ਭਾਈਚਾਰੇ ਵਿਚ ਉਹ ਆਪਣਾ ਰੁਤਬਾ/ਟੌਅਰ ਪਹਿਲਾਂ ਤੋਂ ਹੋਰ ਉੱਚਾ ਹੋ ਗਿਆ ਮਹਿਸੂਸ ਕਰਨ ਲੱਗ ਪੈਦੇ ਹਨ। ਪਰ ! ਇਸ ਦੇ ਬਦਲੇ ਵਿਚ ਤਾਰੀ ਹੋਈ 'ਕੀਮਤ' ਅੰਦਰੋ ਨਿੱਤ ਦਿਨ ਜ਼ਿਬਾਹ ਕਰਦੀ ਹੈ। ਨਿੱਤ ਦਿਹਾੜੇ ਉਹ ਆਪਣੀ ਹੀ ਬੁੱਕਲ਼ ਵਿਚ ਬਹਿ ਕੇ ਬੇਹਿਸਾਬੇ ਹੰਝੂ ਕੇਰਦੇ ਹਨ। ਕਈ ਸੰਵੇਦਨਸ਼ੀਲ ਮਨੁੱਖ ਇਸ ਤਣਾਉ ਗ੍ਰਸਤ ਸਥਿਤੀ ਦੇ ਸਿੱਟੇ ਵਜੋਂ ਅਣਦਿਸਦੇ ਮਾਨਸਿਕ ਰੋਗਾਂ ਦੇ ਸ਼ਿਕਾਰ ਵੀ ਹੋ ਜਾਂਦੇ ਹਨ।

ਪਰਵਾਸ ਵਾਲੇ ਮੁਲਕਾਂ ਦੇ ਕਾਨੂੰਨਾਂ ਅਨੁਸਾਰ ਜਦੋ ਪੱਕੇ ਰਹਿਣ ਦਾ ਸਬੱਬ ਨਹੀ ਬਣਦਾ ਦਿਸਦਾ ਤਾਂ ਉਹ ਮਜਬੂਰ ਹੋ ਕੇ ਵਿਆਹ/ਨਿਕਾਹ ਕਰ ਲੈਣ ਦਾ ਰਾਹ ਲੱਭ ਲੈਦੇ ਹਨ। ਜਿਸ ਦੇ ਆਸਰੇ ਕੁੱਝ ਸਮੇਂ ਬਾਅਦ ਉਸਦੇ ਪਾਸਪੋਰਟ ਉੱਤੇ ਪੱਕੇ ਤੌਰ ਤੇ ਉਸ ਮੁਲਕ ਵਿਚ ਰਹਿਣ ਦੀ ਮੁਹਰ ਲੱਗ ਜਾਂਦੀ ਹੈ। ਪਰ ਇੱਥੇ ਨਵੀ ਸਮੱਸਿਆ ਜੋ ਪਿਛਲੇ ਕਿੰਨੇ ਹੀ ਸਾਲਾਂ ਤੋ ਲੱਗਭਗ ਅਜਿਹੇ ਲੋਕਾਂ ਦੇ ਰਾਹ ਦਾ ਰੋੜਾ ਬਣ ਬੈਠੀ ਹੈ ਕਿ ਕਾਨੂੰਨ ਮੁਤਾਬਿਕ ਵਿਆਹ ਤੋ ਬਾਅਦ 'ਮੀਆਂ-ਬੀਵੀ' ਨੂੰ ਤਿੰਨ ਤੋਂ ਪੰਜ ਸਾਲ ਤੱਕ ਦਾ ਸਮਾਂ ਇਕੱਠੇ ਰਹਿਣਾ ਪੈਦਾ ਹੈ। ਫੇਰ ਹੀ ਇਹ ਮੁਹਰ ਪੱਕੀ ਹੁੰਦੀ ਹੈ। ਕਾਫੀ ਸਾਰੇ ਲੋਕ ਅਜਿਹੀ ਉੱਖ਼ਲੀ ਵਿਚ ਸਿਰ ਦੇਣ ਤੋ ਬਾਅਦ ਇਹ ਸਮਾਂ ਵੀ ਕੱਢ ਹੀ ਲੈਂਦੇ ਹਨ। ਜਿਹੜੇ ਇਸ ਜ਼ਲਾਲਤ ਭਰੀ ਉੱਖ਼ਲੀ ਵਿਚੋ ਸਿਰ ਬਾਹਰ ਕੱਢਦੇ ਹਨ ਜਾਂ ਫੇਰ ਕੱਢਣ ਦਾ ਜਤਨ ਕਰਦੇ ਹਨ ਕਈ ਵਾਰ ਉਹ ਕਾਨੂੰਨ ਦੇ ਛਾਣਨੇ ਵਿਚੋਂ ਕਿਰ ਕੇ ਆਪਣੇ ਮੁਲਕੀਂ ਜਾ ਡਿਗਦੇ ਹਨ। ਜਿਨ੍ਹਾਂ ਜੋੜਿਆਂ ਦੇ ਬੱਚੇ ਹੋ ਜਾਂਦੇ ਹਨ, ਪ੍ਰਵਾਰਿਕ ਝਗੜੇ ਵੇਲੇ ਜਾਂ ਤਲਾਕ ਤੋਂ ਬਾਅਦ ਆਮ ਪ੍ਰਵਾਸੀ ਇਹ ਉਨ੍ਹਾਂ ਦੀ ਮਾਂ ਕੋਲ ਹੀ ਛੱਡ ਜਾਂਦੇ ਹਨ। ਇਨ੍ਹਾਂ ਹੀ ਪਰਵਾਸੀਆਂ ਵਿਚੋ 'ਹੱਥ ਦੀ ਸਫਾਈ' ਦੇ ਆਸਰੇ (ਮਿਹਨਤ ਨਾਲ ਨਹੀਂ) ਬਣੇ ਨਵੇਂ ਅਮੀਰਜਾਦਿਆਂ ਵਿਚੋਂ ਜਿਨ੍ਹਾਂ ਦੇ ਹੱਥ ਸੋਨੇ ਦੀਆਂ ਮੁੰਦਰੀਆਂ, ਛੱਲਿਆਂ, ਬਾਹੀਂ ਸੋਨੇ ਦੇ ਕੜੇ ਅਤੇ ਗ਼ਲ ਸੋਨੇ ਦੀਆਂ ਜੰਜੀਰੀਆਂ, ਚੇਨਾਂ ਨਾਲ ਭਰੇ ਹੋਏ



ਹੁੰਦੇ ਹਨ। ਪਿੰਡ ਨਵੀਂ ਕੋਠੀ ਉਸਰ ਰਹੀ ਹੁੰਦੀ ਹੈ। ਕਈ ਕਈ ਕਾਰੋਬਾਰਾਂ ਦੇ ਆਪਣੇ ਆਪ ਨੂੰ ਮਾਲਕ ਵੀ ਦੱਸਣ ਲੱਗ ਪੈਂਦੇ ਹਨ। ਉਨ੍ਹਾਂ ਦੇ ਆਪਣੇ ਬੱਚੇ ਸੋਸ਼ਲ ਸਕਿਉਰਟੀ (ਸਾਧਨ ਵਿਹੂਣੇ ਲੋਕਾਂ ਨੂੰ ਸਰਕਾਰ ਵਲੋ ਮਿਲਦੀ ਜੀਊਣ ਯੋਗ ਆਰਥਿਕ ਮੱਦਦ) ਦੇ ਭੱਤੇ ਉੱਤੇ ਹੀ ਗੁਜ਼ਾਰਾ ਕਰਦੇ ਹਨ। ਉਨ੍ਹਾਂ ਦੀ ਜ਼ਿੰਦਗੀ ਤੰਗੀਆਂ ਤੁਰਸ਼ੀਆਂ ਨਾਲ ਬੀਤਣ ਲਗਦੀ ਹੈ। ਆਰਥਕ ਪੱਖੋਂ ਉਹ ਤਰਸਯੋਗ ਹਾਲਤ ਹੰਢਾਉਦੇ ਹਨ। ਉਨ੍ਹਾਂ ਬੱਚਿਆਂ ਦਾ ਬਚਪਨ ਸਹੂਲਤਾਂ ਤੋ ਸੱਖਣਾ ਹੋ ਜਾਂਦਾ ਹੈ ਜਿਨ੍ਹਾਂ ਦੇ ਉਹ ਲੋੜਵੰਦ ਤੇ ਹੱਕਦਾਰ ਹੁੰਦੇ ਹਨ। ਉਨ੍ਹਾਂ ਬੱਚਿਆਂ ਦੀ ਸ਼ਖਸੀਅਤ ਦਾ ਪੂਰਨ ਵਿਕਾਸ ਨਹੀ ਹੁੰਦਾ ਅਤੇ ਉਨ੍ਹਾਂ ਦੇ ਅੰਦਰ ਸਵੈ-ਵਿਸ਼ਵਾਸ ਦੀ ਘਾਟ ਵੀ ਰਹਿ ਜਾਂਦੀ ਹੈ। ਇਸਦੇ ਜੁੰਮੇਵਾਰ ਉਹ ਬੱਚੇ ਨਹੀਂ ਉਨ੍ਹਾਂ ਦੇ ਨਾਲਾਇਕ ਮਾਪੇ ਹੁੰਦੇ ਹਨ।

ਸਮਾਂ ਬੀਤਣ ਨਾਲ ਇਨ੍ਹਾਂ ਪਰਵਾਸੀਆਂ ਦੇ ਬੱਚਿਆਂ ਵਿਚੋਂ, ਬਹੁਤ ਸਾਰੇ ਪਰਦੇਸੀਆਂ ਦੇ ਖਿਲਾਫ ਵੀ ਹੋ ਜਾਂਦੇ ਹਨ। ਇਨ੍ਹਾਂ ਪਰਵਾਸੀਆਂ ਨੇ ਆਪਣੇ ਹੀ ਖ਼ੂਨ, ਆਪਣੇ ਹੀ ਬੇਕਸੂਰ ਮਾਸੂਮ ਬੱਚਿਆਂ ਦੇ ਮਨਾਂ ਉੱਤੇ ਨਫਰਤ ਦੀ ਇਬਾਰਤ ਵੀ ਖ਼ੁਦ ਆਪਣੇ ਹੀ ਹੱਥੀਂ ਲਿਖੀ ਹੁੰਦੀ ਹੈ। ਇਸ ਮਸਲੇ ਬਾਰੇ ਕਿਸੇ ਹੋਰ ਦੇ ਮੱਥੇ ਦੋਸ਼ ਮੜਨਾ ਉਨ੍ਹਾਂ ਨੂੰ ਸ਼ੋਭਾ ਨਹੀ ਦਿੰਦਾ। ਮੇਮ ਨਾਲ 'ਵਿਆਹ' ਅਤੇ ਬੱਚਿਆਂ ਦੇ ਜੰਮਣ ਦੀ ਖ਼ੁਸ਼ੀ ਵਿਚ ਮਾਪਿਆਂ ਵਲੋ ਕਰਵਾਏ ਅਖੰਡਪਾਠਾਂ, ਜਗਰਾਤਿਆਂ ਅਤੇ 'ਗੌਣ' ਵਾਲੇ ਸੱਦ ਕੇ ਲਾਏ ਅਖਾੜਿਆਂ ਦੀਆਂ ਬਣਾਈਆਂ 'ਮੂਵੀਆਂ' ਟੈਲੀਵੀਜ਼ਨ ਵਿਚੋ ਦੇਖਦਿਆਂ ਮੂੰਹ ਚਿੜਾਂਉਦੀਆਂ ਅਤੇ ਲਾਅਨਤਾਂ ਪਾਉਣ ਲੱਗ ਪੈਦੀਆਂ ਹਨ। ਬਹੁਤੇ ਅਜਿਹੇ ਸਮੇਂ ਦੇ ਦਰਦ ਨੂੰ ਵਿਸਕੀ ਦੇ ਘੁੱਟ ਨਾਲ ਥੱਲੇ ਲੰਘਾ ਕੇ ਦੱਬ ਦੇਣ ਦਾ ਭਰਮ ਪਾਲਦੇ ਹਨ। ਪਰ ਇਹ ਸਮੱਸਿਆ ਇਸ ਤੋਂ ਬਹੁਤ ਡੂੰਘੀ ਤੇ ਘਿਨਾਉਣੀ ਹੈ। ਬੱਸ! ਇਹਨੂੰ ਹੰਢਾਉਣ ਵਾਲਾ ਹੀ ਇਸ ਦੀ ਵਿਆਖਿਆ ਕਰ ਸਕਦਾ ਹੈ।

ਕਾਫੀ ਸਾਰੇ ਅਜਿਹੇ ਵੀ ਹਨ ਜਿਨ੍ਹਾਂ ਨੇ ਕਿਸੇ ਬੀਬੀ/ਬੇਬੇ ਨੂੰ ਪੈਸੇ ਦੇ ਕੇ ਵਿਆਹ ਜਾਂ ਨਿਕਾਹ ਕਰਵਾਇਆ ਹੁੰਦਾ ਹੈ। ਪਰ ਅਜਿਹੀਆਂ ਮੁੱਲ ਦੀਆਂ ਤੀਵੀਆਂ ਸਿਰਫ ਵਿਆਹ ਵਾਲੇ ਕਾਗਜ਼ਾਂ ਤੇ ਦਸਖਤ ਹੀ ਕਰਦੀਆਂ ਹਨ। ਖਾਨਾਪੂਰਤੀ ਦੀ ਖਾਤਰ ਰਿਹਾਇਸ਼ ਦੀ ਰਜਿਸਟਰੇਸ਼ਨ ਵੀ ਇਕੱਠੀ ਹੁੰਦੀ ਹੈ। ਉਂਜ ਉਹ ਆਪਣਾ ਜੀਵਨ ਆਪਣੇ ਦੋਸਤਾਂ ਨਾਲ ਹੀ ਗੁਜ਼ਾਰਦੀਆਂ ਹਨ। ਕਈ ਔਰਤਾਂ ਸੌਦੇ ਦੇ ਸਾਰੇ ਪੈਸੇ ਇਕੱਠੇ ਹੀ ਵਸੂਲ ਕਰ ਲੈਦੀਆਂ ਹਨ, ਪਰ ਕਈ 'ਭਲੇ' ਦੇ ਲਿਹਾਜ਼ ਨਾਲ ਕਿਸ਼ਤਾਂ ਵੀ ਕਰ ਲੈਂਦੀਆਂ ਹਨ। ਇਸ ਤਰਾਂ ਦੀਆਂ ਔਰਤਾਂ ਆਮ ਕਰਕੇ ਏਜੰਟਾਂ ਰਾਹੀ ਲੱਭੀਆਂ ਜਾਂਦੀਆਂ ਹਨ। ਉਂਜ ਜੇ ਕਿਸੇ ਨੂੰ ਚਕਲੇ ਵਿਚੋਂ ਵੀ ਕੋਈ ਔਰਤ ਲੱਭ ਜਾਵੇ ਤਾਂ ਵੀ ਕੋਈ ਹਰਜ਼ ਨਹੀ ਸਮਿਝਆ ਜਾਂਦਾ। ਬਣ ਗਈ ਨਵੀ ਅਖਾਣ ਵਾਂਗ 'ਸਭ ਚੱਲਦਾ ਹੈ' ਆਪਣੇ ਲੋਕ ਮੇਮ ਦੇ ਆਸਰੇ ਆਪਣੇ ਆਪ ਨੂੰ 'ਇੱਜਤਦਾਰ' ਹੀ/ਵੀ ਸਮਝਦੇ ਹਨ। ਪਿਛਲੇ ਘਰ ਵਾਲੇ ਪਿੰਡ ਵਿਚ ਇਸ ਕਰਕੇ ਖੁਸ਼ ਹੋ ਕੇ ਟੌਅਰ ਨਾਲ ਤੁਰਦੇ ਹਨ ਕਿ ਸਾਡੇ ਮੁੰਡੇ ਦੇ ਘਰ ਮੇਮ ਵਸਦੀ ਐ। ਉਹ ਵਿਚਾਰੇ ਕੀ ਜਾਨਣ ਅਸਲੀਅਤ? ਕਿ ਮੁੰਡੇ ਦੇ ਘਰ ਮੇਮ

ਵਸਦੀ ਐ ਕਿ ਮੇਮ ਦੇ ਘਰ ਮੁੰਡਾ ਵਸਦਾ ਹੈ? ਬਹੁਤ ਸਾਰਿਆਂ ਵਾਸਤੇ ਸ਼ਾਇਦ ਇਹ ਹੈਰਾਨੀ ਦੀ ਗੱਲ ਹੋਵੇ ਕਿ ਪਰਵਾਸੀਆਂ ਨੇ ਪੱਕੇ ਹੋਣ ਖਾਤਰ ਉਨ੍ਹਾਂ ਮੁਲਕਾਂ ਵਿਚ ਜਿਵੇਂ ਹਾਲੈਂਡ, ਡੈਨਮਾਰਕ, ਸਵੀਡਨ ਬਗੈਰਾ ਜਿੱਥੇ ਸਮਲਿੰਗੀਆਂ (ਹੋਮੋਸੈਕਸੂਅਲ) ਨੂੰ ਵਿਆਹ ਕਰਵਾਉਣ ਦਾ ਕਾਨੂੰਨੀ ਹੱਕ ਹੈ, ਆਪਣੇ ਆਪ ਨੂੰ ਸਮਲਿੰਗੀ ਕਹਾਉਣ ਤੋ ਵੀ ਪਰਹੇਜ਼ ਨਹੀਂ ਕੀਤਾ। ਇਸ ਕਿਸਮ ਦੇ ਬੁੱਢੇ ਲੱਭ ਕੇ ਉਨ੍ਹਾਂ ਦੇ ਖਾਵੰਦ ਬਣਨ ਦੇ ਇੱਛੁਕ, ਪੱਕੇ ਹੋਣ ਦੀ ਆਸ ਲੈ ਕੇ ਉਨ੍ਹਾਂ ਦੇ ਨਾਲ ਹੀ ਰਿਹਾਇਸ਼ ਰੱਖਣ ਤੱਕ ਪਹੁੰਚ ਗਏ ਅਤੇ ਨਿਕਾਹ ਪੜ੍ਹਾਉਣ ਦੇ ਜਤਨ ਵੀ ਕੀਤੇ। ਇੱਥੋਂ ਤੱਕ ਕਿ ਅਜਿਹੀ ਸਥਿਤੀ ਦੇਖ ਕੇ ਸਵੀਡਨ ਵਰਗੇ ਉਦਾਰਵਾਦੀ ਮੁਲਕ ਦੀ ਸਰਕਾਰ ਨੂੰ ਇਸ ਕਾਨੂੰਨ ਵਿਚ ਹੀ ਤਬਦੀਲੀ ਕਰਨੀ ਪਈ ਕਿ ਜਮਾਂਦਰੂ ਸਵੀਡਿਸ਼ ਹੀ ਅਜਿਹੇ ਵਿਆਹ ਦੇ ਹੱਕਦਾਰ ਹੋਣਗੇ। ਅਜਿਹੀ ਸਥਿਤੀ ਉੱਤੇ ਟਿੱਪਣੀ ਦੀ ਗੁੰਜਾਇਸ਼ ਹੀ ਕੋਈ ਨਹੀਂ ਰਹਿੰਦੀ। ਉਹ ਲੋਕ ਸਿਰਫ ਤਰਸ ਭਾਵਨਾ ਦੇ ਹੱਕਦਾਰ ਰਹਿ ਜਾਂਦੇ ਹਨ।

ਆਮ ਪਰਵਾਸੀ ਬੰਦਾ ਜੀਹਦੇ ਵਿਚ ਪੰਜਾਬੀ ਵੀ ਸ਼ਾਮਲ ਹਨ, ਉਨ੍ਹਾਂ ਦੀ ਬਹੁਗਿਣਤੀ ਦੂਸਰੇ ਸਮਾਜ ਅੰਦਰਲੀਆਂ ਚੰਗੀਆਂ ਆਦਤਾ/ਗੱਲਾਂ ਅਪਨਾਉਣ ਵਾਸਤੇ ਤਾਂ ਭਾਵੇ ਦੇਰ ਕਰ ਦੇਵੇ ਪਰ ਭੈੜੀਆਂ ਆਦਤਾਂ ਬੜੀ ਛੇਤੀ ਫੜਦੇ ਹਨ। ਨਸ਼ਿਆਂ ਦੀ ਵਰਤੋਂ ਦੇ ਰਾਹੇ ਪੈਣਾ ਜਾਂ ਕਿਸੇ ਤਰਾਂ ਵੀ ਅਮੀਰ ਹੋਣ ਦੀ ਲਾਲਸਾ ਪੂਰੀ ਕਰਨ ਵਲ ਤੁਰਨ ਲੱਗਿਆਂ ਉਹ ਮਹਾਂਪੁਰਸ਼ਾਂ ਦੇ ਬੋਲਾਂ ਵਲ ਵੀ ਪਿੱਠ ਕਰ ਲੈਂਦੇ ਹਨ. ਇੱਥੇ ਚੇਤੇ ਰੱਖਣ ਦੀ ਗੱਲ, ਬਾਬੇ ਨਾਨਕ ਨੇ ਕਿਹਾ ਸੀ ਕਿ 'ਪਾਪਾਂ ਬਾਂਝਹੁ ਹੋਇ ਨਾਹੀ...........' ਆਦਿ ਵਰਗੇ ਕੀਮਤੀ ਪ੍ਰਵਚਨ ਵੀ ਉਹ ਲੋਕ ਭੁੱਲ ਜਾਂਦੇ ਹਨ. ਬਹੁਤ ਹੀ ਘੱਟ ਲੋਕ ਹੋਣਗੇ ਜਿਹੜੇ ਦਸਾਂ ਨਹੁੰਆਂ ਦੀ ਕਿਰਤ/ਮਿਹਨਤ ਨਾਲ ਅਮੀਰ ਹੋਏ ਹੋਣਗੇ ਨਹੀਂ ਤਾਂ ਬਾਈਪਾਸ ਦੇ ਰਸਤੇ.............

ਸਮਾਂ ਗੁਜ਼ਰ ਜਾਣ ਤੋ ਬਾਅਦ ਘਰ ਪੱਕਾ ਹੋ ਗਿਆ ਸਮਝ ਕੇ ਪਿੰਡੋ ਪਹਿਲੀ (ਜੋ ਮਰ ਗਈ ਜਾਂ ਤਲਾਕਸ਼ੁਦਾ ਦੱਸੀ ਗਈ ਹੁੰਦੀ ਹੈ) ਪਤਨੀਂ ਜਾਂ ਨਵੀਂ ਬੀਵੀ ਨੂੰ ਮੰਗਵਾਇਆ ਜਾਂਦਾ ਹੈ। ਬੱਚੇ ਹੋਣ ਦੀ ਸੂਰਤ ਵਿਚ ਉਨ੍ਹਾਂ ਦਾ ਪਾਲਣ ਪੋਸ਼ਣ ਪਿੰਡ ਵਾਂਗ ਹੀ ਕੀਤਾ ਚਾਹੁੰਦੇ ਹਨ ਪਰ ਇਹ ਬਿਲਕੁੱਲ ਸੰਭਵ ਨਹੀ ਹੁੰਦਾ। ਭੰਡਣਯੋਗ ਗੱਲ ਇਹ ਹੈ ਕਿ ਅਖੌਤੀ ਉੱਚੀਆਂ ਜਾਤਾਂ ਦੇ ਲੋਕ ਆਪਣੇ ਬੱਚਿਆਂ ਨੂੰ ਇੱਥੋਂ ਦੇ ਜਾਤ ਰਹਿਤ ਸਮਾਜ ਅੰਦਰ ਵੀ ਆਪਣੀ ਜਾਤ ਵਾਰ ਵਾਰ ਦੱਸਦੇ ਰਹਿੰਦੇ ਹਨ ਇਹ ਮੱਝ ਅੱਗੇ ਬੀਨ ਵਜਾਉਣ ਵਾਲੀ ਗੱਲ ਹੈ। ਪਰ ਇਹ ਮੂਰਖ ਨਾਥ ਬੀਨ ਵਜਾਉਣੋਂ ਵਾਹ ਲਗਦੀ ਟਲ਼ਦੇ ਨਹੀਂ। ਉਨ੍ਹਾਂ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਬੱਚਿਆਂ ਨੇ ਜਾਤ-ਪਾਤ ਵਾਲੀ ਗੱਲ ਸਮਝਣੀ ਨਹੀਂ, ਨਾ ਹੀ ਉਹ ਸਮਝਦੇ ਹਨ ਅਤੇ ਨਾ ਹੀ ਸਮਝਣੀ ਚਾਹੁੰਦੇ ਹਨ। ਕਿਉਂਕਿ ਜਿਸ ਸਮਾਜ ਵਿਚ ਉਹ ਜੰਮੇ ਤੇ ਪਲ ਰਹੇ ਹੁੰਦੇ ਹਨ, ਉੱਥੇ ਜਾਤ- ਪਾਤ ਦਾ ਸੰਕਲਪ ਹੀ ਨਹੀਂ, ਫੇਰ ਉਹ ਕਿਵੇਂ ਸਮਝਣ? ਅਤੇ ਕਿਉਂ ਸਮਝਣ? ਜੇ ਬੱਚੇ ਕੁੱਝ ਵੱਡੇ ਹੋਣ ਤਾਂ ਉਹ ਜਾਤ ਪਾਤ ਬਾਰੇ ਮਾਪਿਆਂ ਨੂੰ ਇੰਨੇ ਡੂੰਘੇ ਸਵਾਲ ਕਰਦੇ ਹਨ ਕਿ



ਮਾਪਿਆਂ ਨੂੰ ਕੋਈ ਜਵਾਬ ਨਹੀ ਅਹੁੜਦਾ ਤੇ ਉਹ ਬਿਟਰ ਬਿਟਰ ਝਾਕਦੇ ਹਨ ਅਤੇ 'ਬੱਚੇ ਸਾਡੇ ਅੱਗੇ ਬੋਲਦੇ ਹਨ' ਆਖ ਕੇ ਉਨ੍ਹਾਂ ਦੇ ਸਵਾਲਾਂ ਤੋਂ ਮੂੰਹ ਵੱਟਣ ਲੱਗ ਪੈਂਦੇ ਹਨ। ਦਰਅਸਲ ਇਹ ਸਵਾਲ ਮਾਪਿਆਂ ਨੇ ਖੁਦ ਹੀ ਵਾਰ ਵਾਰ ਦੁਹਰਾ ਕੇ ਬੱਚਿਆਂ ਦੇ ਮੂੰਹ ਵਿਚ ਪਾਏ ਹੁੰਦੇ ਹਨ। ਪਰ ਹੁਣ ਉਨ੍ਹਾਂ ਕੋਲ ਜਵਾਬ ਕੋਈ ਨਹੀਂ ਹੁੰਦਾ। ਆਪਣੀ ਮੂਰਖਤਾ ਦਾ ਬੋਝ ਬੱਚਿਆਂ ਦੇ ਮੋਢਿਆਂ 'ਤੇ ਧਰਨ ਦਾ ਕਮੀਨਾ ਜਤਨ ਕਰਦੇ ਹਨ ਅਤੇ ਕਸੂਰਵਾਰ ਵੀ ਬੱਚਿਆਂ ਨੂੰ ਹੀ ਦੱਸਦੇ ਹਨ।

ਇਸ ਤਰਾਂ ਹੀ ਕਈ ਹੋਰ ਖੇਤਰਾਂ ਵਿਚ ਦੇਖਿਆ ਜਾ ਸਕਦਾ ਹੈ ਕਿ ਅਜਿਹੀ ਸਥਿਤੀ ਵਿਚ ਤਾਂ ਮਾਂ ਬੋਲੀ ਦਾ ਸੰਕਲਪ ਵੀ ਬਦਲ ਜਾਂਦਾ ਹੈ। ਜਿਹੜੇ ਬੱਚੇ ਜਿਸ ਖਿੱਤੇ ਵਿਚ ਜੰਮਦੇ ਹਨ ਉਹਨਾ ਦੀ ਮਾਂ ਬੋਲੀ ਉਸ ਖਿਤੇ ਅੰਦਰਲੀ ਜ਼ੁਬਾਨ ਨੇ ਹੀ ਬਣਨਾ ਹੁੰਦਾ ਹੈ ਨਾ ਕਿ ਜਨਮ ਦੇਣ ਵਾਲੀ ਪਰਦੇਸਣ ਮਾਂ ਦੀ ਬੋਲੀ ਨੇ। ਜਿਸ ਚੌਗਿਰਦੇ ਵਿਚ ਇਨ੍ਹਾਂ ਬੱਚਿਆਂ ਦਾ ਜਨਮ, ਪਾਲਣ-ਪੋਸ਼ਣ ਤੇ ਵਿਕਾਸ ਹੁੰਦਾ ਹੈ, ਉਹ ਵੱਡੇ ਹੁੰਦੇ ਹਨ, ਉੱਥੇ ਪਹਿਲੇ ਕਦਮ ਤੋਂ ਹੀ ਉਨ੍ਹਾਂ ਦਾ ਕਿਸੇ ਹੋਰ ਬੋਲੀ ਜਿਵੇ ਜਰਮਨ, ਫਰੈਂਚ, ਇਟਾਲੀਅਨ, ਡੱਚ, ਯੂਨਾਨੀ, ਸਪੇਨੀ ਤੇ ਅੰਗਰੇਜ਼ੀ ਆਦਿ ਨਾਲ ਪੈਂਦਾ ਹੈ। ਕਿੰਡਰਗਾਰਟਨ (ਨਰਸਰੀ) ਤੋਂ ਸ਼ੁਰੂ ਹੋ ਕੇ ਵੱਡੀਆਂ ਡਿਗਰੀਆਂ ਤੱਕ ਦੀ ਪੜ੍ਹਾਈ ਇਨ੍ਹਾਂ ਮੁਲਕਾਂ ਦੀ ਆਪਣੀ ਜ਼ੁਬਾਨ ਵਿਚ ਹੋਣੀ ਹੁੰਦੀ ਹੈ। ਫੇਰ ਭਲਾਂ ਉਨ੍ਹਾਂ ਦੀ ਮਾਂ ਬੋਲੀ ਕਿਵੇਂ ਕੋਈ ਹੋਰ ਹੋਈ? ਕਈ ਲੋਕ ਅਜੇ ਵੀ ਮਾਂ ਬੋਲੀ ਦੇ ਸੰਕਲਪ ਨੂੰ ਮੱਧਯੁਗੀ ਤਰਕਾਂ ਵਾਲੇ ਗਜ਼ਾਂ ਦੇ ਸਹਾਰੇ ਮਿਣਦੇ ਹਨ, ਜੋ ਬਿਲਕੁਲ ਹੀ ਜਾਇਜ਼ ਨਹੀਂ। ਇਹਨੂੰ ਗੈਰ-ਵਿਗਿਆਨਕ ਨਜ਼ਰੀਆਂ ਹੀ ਆਖਿਆ ਜਾ ਸਕਦਾ ਹੈ।

ਆਪਣੇ ਜੀਉਂਦੇ ਜੀਅ ਆਪਣੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਪਾਲਣ ਵਾਲੇ ਲੋਕ ਕਈ ਵਾਰ ਸਿਰਫ ਭਾਵਨਾਤਮਕ ਪੱਧਰ ਤੇ ਸੋਚਦੇ ਹਨ, ਦਲੀਲ ਨਾਲ ਨਹੀਂ। ਆਪਣੀ ਮਾਂ ਬੋਲੀ ਦਾ ਸੰਚਾਰ (ਜਿਹੜੀ ਉਹ ਨਾਲ ਲੈ ਕੇ ਆਏ ਹੁੰਦੇ ਹਨ) ਆਪਣੇ ਬੱਚਿਆਂ ਰਾਹੀਂ ਕਰਦੇ ਹਨ। ਬੱਚੇ ਭਾਵੇਂ ਟੁੱਟੀ-ਫੁੱਟੀ ਹੀ ਸਹੀ ਜਦੋਂ ਉਨ੍ਹਾਂ ਦੀ ਜ਼ੁਬਾਨ ਬੋਲਦੇ ਹਨ ਤਾਂ ਮਾਪੇ ਖੁਸ਼ ਹੁੰਦੇ ਹਨ। ਸ਼ਾਇਦ ਗਾਲਿਬ ਨੂੰ ਚੇਤੇ ਕਰਦੇ ਹੋਣ -'ਦਿਲ ਕੋ ਬਹਿਲਾਨੇ ਕੇ ਲੀਏ ਗਾਲਿਬ ਯੇਹ ਖਿਆਲ ਅੱਛਾ ਹੈ'। ਕਈ ਥਾਂ (ਇੰਗਲੈਂਡ, ਕਨੇਡਾ ਬਗੈਰਾ ਅਤੇ ਸਕੈਂਡੇਨੇਵੀਅਨ ਮੁਲਕ) ਇਹ ਸਹੂਲਤ ਵੀ ਹੈ ਕਿ ਭਾਰੀ ਬਹੁਗਿਣਤੀ ਹੋਣ ਕਰਕੇ ਸਕੂਲੀ ਸਲੇਬਸਾਂ ਵਿਚ ਘੱਟ ਗਿਣਤੀ ਦੀਆਂ ਅਜਿਹੀਆਂ ਜ਼ੁਬਾਨਾਂ (ਪੰਜਾਬੀ ਆਦਿ) ਨੂੰ ਵੀ ਥਾਂ ਮਿਲ ਜਾਂਦੀ ਹੈ। ਇਹ ਲੋਕ ਘੋਲਾਂ ਦਾ ਸਿੱਟਾ ਹੀ ਹੈ। ਇਸ ਕਰਕੇ ਹੀ ਲੋਕ ਬਹੁਤ ਕੁਝ ਗੁਆਚ ਗਏ ਵਿਚੋਂ ਕੁਝ ਕੁ ਬਚ ਗਏ ਦਾ ਮਿੱਠਾ ਅਹਿਸਾਸ ਪਾਲਦੇ ਹਨ। ਛੁੱਟੀਆਂ ਵੇਲੇ ਪਿੰਡ ਫੇਰਾ ਮਾਰਨ ਸਮੇਂ ਇਸ ਟੁੱਟੀ-ਫੁੱਟੀ ਜ਼ੁਬਾਨ ਦੇ ਸਹਾਰੇ ਬੱਚੇ ਆਪਣੇ ਵਡੇਰਿਆਂ ਤੇ ਰਿਸ਼ਤੇਦਾਰਾਂ ਨਾਲ ਥੋੜੀ ਬਹੁਤੀ ਗੱਲਬਾਤ ਕਰ ਲੈਂਦੇ ਹਨ ਅਤੇ ਆਪਣੇ ਮਾਪਿਆਂ ਨੂੰ ਦੁਭਾਸ਼ੀਏ ਬਨਾਉਣ ਦਾ ਉਨ੍ਹਾਂ 'ਤੇ ਬੋਝ ਵੀ ਨਹੀਂ ਪਾਉਂਦੇ ਤੇ ਇਸ ਦੇ ਆਸਰੇ ਹੀ ਆਪਣੇ ਵਡੇਰਿਆਂ ਦੀਆਂ ਸੱਭਿਆਚਾਰਕ ਰਵਾਇਤਾਂ ਵਿਚੋ ਕੁੱਝ ਫੜ ਲੈਣ ਵਿਚ ਆਪਣੇ ਆਪ ਨੂੰ ਕਾਮਯਾਬ ਹੋ ਗਿਆ ਸਮਝਦੇ ਹਨ।

ਪਰਵਾਸੀਆਂ ਨੂੰ ਕਈ ਵਾਰ ਪਿੱਛੇ ਮੁੜ ਜਾਣ ਦੀ ਝਾਕ ਵੀ ਰਹਿੰਦੀ ਹੈ ਪਰ ਵਿਰਲੇ ਟਾਂਵੇ ਨੂੰ ਛੱਡ ਕੇ ਇਹ ਸੱਚ ਕਦੇ ਵੀ ਨਹੀਂ ਹੁੰਦਾ। ਪਰਵਾਸੀਆਂ ਕੋਲ ਸ਼ਾਇਦ ਵਾਪਸ ਮੁੜਨ ਦੀ ਸੱਤਿਆ ਹੀ ਨਹੀ ਰਹਿੰਦੀ। ਇਹ ਵੀ ਸੱਚ ਹੀ ਹੈ ਕਿ ਜਿਹੜੀ ਪਰਵਾਸੀਆਂ ਦੇ ਬੱਚਿਆਂ ਦੀ ਜਨਮਭੂਮੀ ਹੁੰਦੀ ਹੈ ਉਹ ਹੀ ਉਨ੍ਹਾਂ (ਪਰਵਾਸੀਆਂ ਦੀ ਪਹਿਲੀ ਪੀੜ੍ਹੀ) ਦੀ ਮਰਨ ਭੂਮੀ ਬਣ ਜਾਂਦੀ ਹੈ। ਬਾਕੀ ਖਿਆਲ ਭਰਮ ਜਾਲ ਤੋਂ ਵੱਧ ਕੁੱਝ ਵੀ ਨਹੀਂ ਹੁੰਦੇ।

ਸਿਆਸਤ ਵਲੋਂ ਪਾਈਆਂ ਜਾਂਦੀਆਂ ਵੰਡੀਆਂ ਜਿਨ੍ਹਾਂ ਦਾ ਮਕਸਦ ਕੌਮਾਂਤਰੀ ਪੱਧਰ ਤੇ ਨਵ-ਬਸਤੀਵਾਦ ਨੂੰ ਹਵਾ ਦੇਣਾ ਅਤੇ ਨਵੀਆਂ ਮੰਡੀਆਂ ਦੀ ਭਾਲ ਕਰਕੇ ਗਰੀਬ ਮੁਲਕਾਂ ਦੀ ਆਰਥਿਕ ਲੁੱਟ ਕਰਨ ਦੇ ਨਾਲ ਹੀ ਸਿਆਸੀ ਤੇ ਸੱਭਿਆਚਾਰਕ ਗਲਬਾ ਕਾਇਮ ਕਰਨ ਦੇ ਜਤਨ ਕਰਨਾ ਵੀ ਹੁੰਦਾ ਹੈ। ਦੁਨੀਆਂ ਦੇ ਨਕਸ਼ੇ ਤੇ ਪਰਵਾਸ ਰਾਹੀ ਸੱਭਿਆਚਾਰਕ ਸਾਂਝ ਵੀ ਫੈਲਦੀ ਹੈ। ਕਲਾ ਅਤੇ ਸਾਹਿਤ ਆਪਣੇ ਯੋਗਦਾਨ ਰਾਹੀ ਲੋਕਾਂ ਨੂੰ ਭੈਅ ਮੁਕਤ ਕਰਨ ਦੇ ਕਾਰਜ ਰਸਤੇ ਲੋਕਾਂ ਨੂੰ ਨੇੜੇ ਲਿਆਉਣ ਅਤੇ ਹੋਸ਼ਮੰਦ ਲੋਕਾਂ ਦੇ ਨਵੇ ਭਾਈਚਾਰੇ ਦੀ ਸਿਰਜਣਾ ਵਿਚ ਮੱਦਦ ਕਰਦੇ ਹਨ। ਬਦਲਦੇ ਸਮੇਂ ਨਾਲ ਹਰ ਖੇਤਰ ਨੇ ਸਾਂਝੀਆਂ ਸਰਗਰਮੀਆਂ ਰਾਹੀ ਸਰੂਪ ਵਟਾਉਣਾ ਹੀ ਹੁੰਦਾ ਹੈ।



# ਪਰਵਾਸੀ ਜੀਵਨ ਬਨਾਮ ਰੰਗਾਂ ਦੇ ਬਦਲਦੇ ਪਰਛਾਵੇਂ

ਇਹ ਕੋਈ ਸੌਖਾ ਨਹੀਂ ਹੁੰਦਾ ਆਪਣੀ ਜੰਮਣ ਭੋਇੰ ਨੂੰ ਛੱਡਣਾਂ ਅਤੇ ਘਰੋਂ ਦੂਰ ਜਾ ਕੇ ਪਰਵਾਸੀ ਹੋ ਕੇ ਰਹਿਣਾ। ਇਹ ਤਾਂ ਸਿਰਫ ਉਹ ਲੋਕ ਹੀ ਜਾਣਦੇ ਹਨ ਜਿਨ੍ਹਾਂ ਨੂੰ ਨਵੇਂ ਅਤੇ ਅਣਜਾਣੇ ਰਾਹਾਂ ’ਤੇ ਤੁਰਨਾ ਪਿਆ, ਮਾਨਸਿਕ ਅਤੇ ਸਰੀਰਕ ਪੀੜ ਸਹਿਣੀ ਪਈ। ਜੁਦਾਈ ਤੇ ਪਛਤਾਵੇ ਦੀ ਭੱਠੀ ਵਿਚ ਭੁੱਜਣਾ ਪਿਆ ਫੇਰ ਬਿਖਰੀ ਤਾਕਤ ਨੂੰ ਇਕੱਠੀ ਕਰਕੇ ਇਕ ਅਸਲੋਂ ਹੀ ਬੇਗਾਨੀ ਟਾਹਣੀ ਉੱਤੇ ਨਵਾਂ ਆਲ੍ਹਣਾ ਪਾਉਣਾ ਪਿਆ।

ਇਸ ਗੱਲ ਦੇ ਸਿਰਫ ਉਹ ਹੀ ਗਵਾਹ ਹਨ ਜਿਹੜੇ ਭੀੜ ਅਤੇ ਮੁਸੀਬਤ ਭਰੇ ਰਸਤਿਆਂ ਵਿਚੋਂ ਹੁੰਦੇ ਹੋਏ ਔਖੀਆਂ ਹਾਲਤਾਂ ਨੂੰ ਮੋਢਿਆਂ ’ਤੇ ਚੁੱਕ ਕੇ ਨਵੀਂ ਸਿਰਜਣਾਂ ਨਾਲ ਦੋ ਚਾਰ ਹੋਏ। ਘਰੇਲੂ, ਅਪਣੱਤ ਭਰਿਆ ਆਲ਼ਾ-ਦੁਆਲ਼ਾ ਛੱਡ ਕੇ ਆਪਣੇ ਪ੍ਰੀਵਾਰ, ਅੰਗਾਂ-ਸਾਕਾਂ ਤੇ ਦੋਸਤਾਂ ਤੋਂ ਬਹੁਤ ਦੂਰ ਨਵੇਂ ਦਿਸਹੱਦਿਆਂ ਦੀ ਭਾਲ਼ ਵਿਚ ਨਿਕਲ ਤੁਰੇ। ਇਹ ਹੀ ਸਦੀਵੀ ਸੱਚ ਹੋ ਜਾਵੇਗਾ ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਸੀ।

ਜੀਵਨ ਦੀ ਨਵੀਂ ਧਾਰਾ ਦੇ ਪਹਿਲੇ ਕਦਮ ਚੁੱਕਣ ਤੋਂ ਬਾਅਦ ਨਵੀਂ ਧਰਤੀ ’ਤੇ ਪਹੁੰਚੇ ਲੋਕ ਕਿਸੇ ਬੇਗਾਨੀ ਧਰਤੀ ਤੋਂ ਆਏ ਨਵੀਂ ਧਰਤੀ ਉੱਤੇ ਬੇਗਾਨੇ ਬਣਕੇ ਰਹਿ ਜਾਂਦੇ ਹਨ। ਬੋਲ ਖੁਸ਼ਕ ਹੋਣ ਲਗਦੇ ਹਨ ਅੱਖਾਂ ਗਿੱਲੀਆਂ, ਇਹੋ ਹੀ ਪਰਵਾਸੀਆਂ ਦੇ ਸ਼ੁਰੂ ਦੇ ਦੁਖਾਂਤ ਦੀ ਸਿਖਰ ਹੈ। ਇੱਥੋਂ ਹੀ ਸਵਾਲਾਂ ’ਚੋਂ ਸਵਾਲ ਜੰਮਣ ਲਗਦੇ ਹਨ ਕਿ ਨਵਾਂ ਸਮਾਜ ਇਨ੍ਹਾਂ ਬਾਹਰੋਂ ਆਇਆਂ ਨੂੰ ਆਪਣੇ ਵਿਚ ਸਮੋਣ ਤੋਂ ਕਿਉਂ ਇਨਕਾਰੀ ਰਹਿੰਦਾ ਹੈ? ਕਿਉਂ ਉਨ੍ਹਾਂ ਦੀ ਹੋਂਦ ਨੂੰ ਸਵੀਕਾਰ ਕਰਨ ਤੋਂ ਪਿੱਠ ਮੋੜ ਲੈਂਦਾ ਹੈ? ਸਿਰਫ ਇਸ ਕਰਕੇ ਕਿ ਉਹ ਕਿਸੇ ਹੋਰ ਖਿੱਤੇ (ਮੁਲਕ) ਤੋਂ ਆਏ ਹਨ ?

ਸਿਰਫ ਇਸ ਕਰਕੇ ਕਿ ਉਨ੍ਹਾਂ ਦੀਆਂ ਜੜ੍ਹਾਂ ਕਿਸੇ ਹੋਰ ਥਾਵੇਂ, ਕਿਸੇ ਹੋਰ ਸੱਭਿਆਚਾਰ ਅੰਦਰ ਹਨ, ਜਿਨ੍ਹਾਂ ਦੀਆਂ ਭਿੰਨ ਆਦਤਾਂ ਤੇ ਰੀਤੀ-ਰਿਵਾਜ ਹਨ, ਵੱਖਰੀ ਬੋਲੀ, ਧਰਮ ਤੇ ਸੰਸਕਾਰ ਹਨ ਅਤੇ ਉਨ੍ਹਾਂ ਦੀ ਆਪਣੀ ਵੱਖਰੀ ਪਹਿਚਾਣ ਹੈ ?

ਇਸ ਕਰਕੇ ਕਿ ਉਨ੍ਹਾਂ ਦੀ ਚਮੜੀ ਦਾ ਰੰਗ (ਕਣਕਵੰਨਾ ਤੇ ਕਾਲ਼ਾ-ਭੂਰਾ) ਹੋਰ ਹੈ? ਦਰਅਸਲ ਉਹ ਰੰਗ ਜਿਸ ’ਤੇ ਯੂਰਪੀ ਲੋਕ ਮਰ ਮਿਟਣ ਤੱਕ ਜਾਂਦੇ ਹਨ। ਨਹੀਂ ਤਾਂ ਲੱਖਾਂ ਦੀ ਗਿਣਤੀ ਵਿਚ (ਅਰਬਾਂ ਦਾ ਵਪਾਰ ਕਰ ਰਹੇ) ਖੋਲ੍ਹੇ ਗਏ ਮਨਸੂਈ ਸੂਰਜੀ ਸਟੂਡੀਓਜ਼ ’ਚ ਜਾ ਕੇ, ਚੋਖੇ ਪੈਸੇ ਦੇ ਕੇ ਤੇਜ਼ ਰੌਸ਼ਨੀ ਵਾਲੀਆਂ ਬਿਜਲੀ ਦੀਆਂ ਟਿਊਬਾਂ ਥੱਲੇ ਨੰਗਿਆਂ ਪੈ ਕੇ ਆਪਣਾ ਰੰਗ ਕਣਕਵੰਨਾ ਕਰਨ ਨੂੰ ਉਹ ਕਿਵੇਂ ਜਾਇਜ਼

ਦੱਸ ਸਕਦੇ ਹਨ? ਜਾਂ ਫੇਰ ਧੁੱਪ ਵਾਲੇ ਗਰਮ ਦੇਸ਼ਾਂ ਅਤੇ ਟਾਪੂਆਂ 'ਚ ਛੁੱਟੀਆਂ ਕੱਟਣ ਲਈ ਵਹੀਰਾਂ ਬੰਨ੍ਹ ਕੇ ਅਰਬਾਂ ਡਾਲਰ, ਯੂਰੋ, ਪੌਂਡ ਖਰਚ ਕਰਨ ਨੂੰ ਉਹ ਕਿਵੇਂ ਹੱਕੀ ਠਹਿਰਾ ਸਕਦੇ ਹਨ?

ਪਰਾਏ ਵੀ ਤਾਂ ਉਨ੍ਹਾਂ ਵਰਗੇ ਹੀ ਇਨਸਾਨ ਹੁੰਦੇ ਹਨ। ਇਨਸਾਨ ਜੋ ਦੂਜਿਆਂ ਵਾਂਗ ਹੀ ਖੁਸ਼ ਅਤੇ ਉਦਾਸ ਹੁੰਦੇ ਹਨ। ਜਿਨ੍ਹਾਂ ਦੇ ਅੰਦਰ ਵੀ ਭਾਵਨਾਵਾਂ ਉਸਲਵੱਟੇ ਲੈਂਦੀਆਂ ਹਨ। ਉਹ ਵੀ ਦੋਸਤ ਅਤੇ ਦੋਸਤੀ ਭਾਲ਼ਦੇ ਹਨ, ਮਿੱਤਰਤਾ ਪਾਲ਼ਦੇ ਹਨ। ਦੋਸਤਾਂ ਤੋਂ ਬਿਨਾਂ ਕਿਧਰੇ ਵੀ ਵਸਦਾ ਮਨੁੱਖ ਰੋਹੀ 'ਤੇ ਉਜਾੜ ਦੇ ਰੁੱਖ ਵਰਗਾ ਹੋ ਜਾਂਦਾ ਹੈ। ਕੱਲਾ-ਕਾਰਾ ਭਲਾਂ ਕਿਵੇਂ ਕੋਈ ਸਿਰਫ ਯਾਦਾਂ ਦੇ ਸਹਾਰੇ ਦਿਨ ਕੱਟ ਸਕਦਾ ਹੈ? ਇਹ ਅਤੇ ਇਹੋ ਜਹੇ ਹੋਰ ਬਹੁਤ ਸਾਰੇ ਸਵਾਲ ਮੱਥੇ ਵਿਚ ਹਿਲਜੁਲ ਕਰਦੇ ਰਹਿੰਦੇ ਹਨ।

ਇਹੋ ਜਹੇ ਬਥੇਰੇ ਇਨਸਾਨ ਹਨ ਜੋ ਕਿਧਰੇ ਵੀ ਜਾਣ ਆਪਣੀ ਆਦਤ ਅਤੇ ਜੀਊਣ ਢੰਗ ਦੇ ਆਸਰੇ ਦੂਜਿਆਂ ਨਾਲ਼ ਨੇੜਤਾ ਰਾਹੀਂ ਦੋਸਤੀਆਂ ਗੰਢ ਲੈਂਦੇ ਹਨ। ਜਿਹੜੇ ਆਪਣੇ ਸੱਭਿਆਚਾਰਕ ਰੀਤੀ-ਰਿਵਾਜਾਂ ਦੀ ਕੰਧ ਅਸਾਨੀ ਨਾਲ ਟੱਪ ਲੈਂਦੇ ਹਨ, ਉਨ੍ਹਾਂ ਦਾ ਬੁਨਿਆਦੀ ਨੁਕਤਾ ਮਨੁੱਖਾਂ ਅੰਦਰਲੀ ਸਾਂਝ ਹੁੰਦਾ ਹੈ। ਇਸ ਕਰਕੇ ਹੀ ਦੂਜਿਆਂ ਅੰਦਰ ਅਪਣੱਤ ਪੈਦਾ ਕਰ ਲੈਂਦੇ ਹਨ।

ਪਰ ਉਨ੍ਹਾਂ ਦਾ ਕੀ ਬਣੇ ਜਿਨ੍ਹਾਂ ਅੰਦਰ ਚੇਤਨਾ ਦੀ ਘਾਟ, ਸੰਗਾਊ ਸੁਭਾਅ ਅਤੇ ਸਮਾਜ ਦੀ ਊਣੀ ਸੋਝੀ ਕਰਕੇ ਆਪਣੇ ਦੁਆਲ਼ੇ ਸਿਰਫ ਝਿਜਕ ਦੀ ਚਾਦਰ ਹੀ ਨਹੀਂ ਤਾਣੀ ਹੁੰਦੀ ਸਗੋਂ ਆਪਣੇ ਧਰਮ , ਰੀਤੀ ਰਿਵਾਜਾਂ ਅਤੇ ਸੱਭਿਆਚਾਰਕ ਪ੍ਰਵਿਰਤੀਆਂ ਦੀ ਝੂਠੀ ਜਹੀ ਪੱਕੀ ਲਛਮਣ ਰੇਖਾ ਵੀ ਖਿੱਚੀ ਹੁੰਦੀ ਹੈ। ਉਨ੍ਹਾਂ ਲਈ ਦੂਜਿਆਂ ਦੀ ਠੀਕ ਗੱਲ ਸੁਣਨੀ ਤੇ ਕਬੂਲਣੀ ਵੀ ਕਈ ਵਾਰ ਪਾਪ (ਧਾਰਮਿਕ ਪੱਖੋਂ) ਵਰਗੀ ਹੀ ਹੁੰਦੀ ਹੈ। ਉਹ ਬਹੁਤ ਵਾਰ ਫੈਸਲੇ ਦਲੀਲ ਅਧਾਰਤ ਨਹੀਂ, ਭਾਵੁਕਤਾ ਦੇ ਵਸ ਪੈ ਕੇ ਕਰਦੇ ਹਨ। ਇਸੇ ਕਰਕੇ ਉਹ ਕਿਸੇ ਨਾਲ਼ ਮਿੱਤਰਤਾ ਪਾਉਣੀ ਵੀ ਪਰਬਤੋਂ ਭਾਰੀ ਸਮਝਣ ਲੱਗ ਪੈਂਦੇ ਹਨ। ਕਾਫੀ ਸਾਰਿਆਂ ਵਾਸਤੇ ਸਿਰਫ ਆਪਣੀ ਹੀ ਮਾਂ ਬੋਲੀ ਜਾਨਣ ਕਰਕੇ ਸੰਚਾਰ ਦੀ ਸਮੱਸਿਆ ਵੀ ਪੈਦਾ ਹੁੰਦੀ ਹੈ। ਉਹ ਆਪਣੇ ਭਰੇ ਭਰਾਏ ਆਲ਼ੇ-ਦੁਆਲ਼ੇ 'ਚ ਵੀ ਇਕੱਲੇ ਚੁੱਪ-ਚਾਪ ਗੁਜ਼ਰ ਕਰਦੇ ਹਨ। ਆਪੇ ਸਹੇੜੀ ਇਕੱਲਤਾ ਨੂੰ ਰੱਜ ਕੇ 'ਹੰਢਾਉਂਦੇ' ਹਨ। ਮਨੋਵਿਗਿਆਨੀਆਂ ਅਨੁਸਾਰ ਮਾਨਸਿਕ ਰੋਗਾਂ ਦਾ ਇਹ ਵੀ ਇਕ ਕਾਰਨ ਹੈ।

ਪਰਵਾਸੀਆਂ ਅੰਦਰ ਵੀ ਹੋਰ ਮਨੁੱਖਾਂ ਵਾਂਗ ਕਮਜ਼ੋਰੀਆਂ ਅਤੇ ਸਿਫਤਾਂ ਹੁੰਦੀਆਂ ਹਨ। ਉਹ ਵੀ ਹੋਰ ਲੋਕਾਂ ਵਾਂਗ ਚੰਗੇ ਮਾੜੇ ਹੁੰਦੇ ਹਨ , ਕਿਉਂਕਿ ਉਹ ਕੋਈ ਅਸਮਾਨੋਂ ਡਿਗੇ ਦੇਵਤੇ ਨਹੀਂ ਸਗੋਂ ਹੋਰਨਾਂ ਵਰਗੇ ਇਸੇ ਧਰਤੀ 'ਤੇ ਜੰਮੇ ਪਲ਼ੇ ਹੱਡ-ਮਾਸ ਦੇ ਇਨਸਾਨ ਹਨ।

ਸੱਭਿਆ ਸਮਾਜ ਅਸੀਂ ਉਸ ਸਮਾਜ ਨੂੰ ਹੀ ਆਖ ਸਕਦੇ ਹਾਂ ਜੋ ਆਪਣੇ ਸ਼ਹਿਰੀਆਂ (ਵਸਨੀਕਾਂ) ਨੂੰ ਬਰਾਬਰੀ ਦੇ ਹੱਕ ਪ੍ਰਦਾਨ ਕਰਦਾ ਹੋਵੇ। ਦੁਨੀਆਂ ਦੇ



ਇਤਿਹਾਸ ਅੰਦਰ ਸਮਾਜਿਕ ਬਰਾਬਰੀ ਲਈ ਲੜੇ ਗਏ ਘੋਲ਼ਾਂ ਦੀ ਵਿਥਿਆ ਬਹੁਤ ਲੰਬੀ ਹੈ। ਬਹੁਤ ਸਾਰੇ ਸੂਝ-ਬੂਝ ਵਾਲੇ ਇਨਸਾਨਾਂ ਨੇ ਸਮਾਜੀ ਤੇ ਰਾਜਸੀ ਨਾ-ਬਰਾਬਰੀ ਦੇ ਖਿਲਾਫ ਸੰਘਰਸ਼ ਕਰਦਿਆਂ ਅਨੇਕਾਂ ਤਸੀਹੇ ਝੱਲੇ ਅਤੇ ਜਾਨਾਂ ਵਾਰੀਆਂ ਤਾਂ ਜੋ ਇਨਸਾਨਾਂ ਦੇ ਦਰਮਿਆਨ ਖਿੱਚੀ ਗਈ ਨਾਬਰਾਬਰੀ ਵਾਲੀ ਝੂਠ (ਗੈਰਇਨਸਾਨੀਂ) ਦੀ ਕੰਧ ਢਾਹੀ ਜਾ ਸਕੇ। ਲੋਕ ਚੇਤਨਾ ਤਿੱਖੀ ਹੁੰਦੀ ਗਈ ਤੇ ਲੋਕ ਘੋਲ਼ ਤੇਜ਼ ਤੋਰ ਫੜਦੇ ਗਏ। ਸਿਦਕ ਉਨ੍ਹਾਂ ਨੇ ਨਾ ਹਾਰਿਆ, ਆਖਰ ਜਿੱਤ ਉਨ੍ਹਾਂ ਦੇ ਹੀ ਪੱਲੇ ਪਈ। ਉਂਜ ਵੀ ਜਾਬਰਾਂ ਦੇ ਪੱਲੇ ਆਖਰ ਨੂੰ ਨਮੋਸ਼ੀ ਹੀ ਪੈਣੀ ਹੁੰਦੀ ਹੈ।

ਭਾਰਤ ਅੰਦਰ ਤੇਰ੍ਹਵੀਂ ਚੌਧਵੀਂ ਸਦੀ ਵਿਚ ਭਗਤੀ ਲਹਿਰ ਨੇ ਜਨਮ ਲਿਆ, ਜਿਸ ਦਾ ਮੂਲ਼ ਮੁੱਦਾ/ਸਰੋਕਾਰ ਅਣਮਨੁੱਖੀ ਸਮਾਜਿਕ ਨਾ-ਬਰਾਬਰੀ ਦਾ ਖਾਤਮਾ ਕਰਨਾ ਸੀ। ਇਸ ਲਹਿਰ ਦੇ ਅਸਰ ਹੇਠ ਹੀ ਲਿਤਾੜੇ ਜਾ ਰਹੇ ਮਨੁੱਖਾਂ ਅੰਦਰ ਜ਼ਿੰਦਗੀ ਨੂੰ ਚੰਗੇ ਢੰਗ ਨਾਲ ਜੀਊਣ ਦਾ ਸਾਹਸ ਪੈਦਾ ਹੋਇਆ। ਇਸ ਲਹਿਰ ਦੇ ਪ੍ਰਚਾਰ ਦਾ ਪਸਾਰ ਹੋਇਆ ਅਤੇ ਸਿਖਰ 'ਤੇ ਸਿੱਖ ਧਰਮ ਦੀ ਸਥਾਪਨਾ ਹੋਈ।

ਹੋਰ ਖਿੱਤਿਆਂ ਵਲ ਵਧਦਿਆਂ ਪਿਛਲੇ ਸਮੇਂ ਦੀ ਗੱਲ ਕਰਨੀ ਹੋਵੇ (ਜਦੋਂ ਧਾਰਮਿਕ ਧੁੰਦਵਾਦ ਦਾ ਜ਼ੋਰ ਸੀ) ਤਾਂ ਮਾਰਟਿਨ ਲੂਥਰ ਕਿੰਗ ਦਾ ਨਾਂ ਉਭਰਦਾ ਹੈ ਜਿਸ ਨੇ ਉਮਰ ਭਰ ਧਾਰਮਿਕ ਧੁੰਦਵਾਦ ,ਸਮਾਜਿਕ ਨਾ-ਬਰਾਬਰੀ ਅਤੇ ਨਸਲਵਾਦ ਦੇ ਖਿਲਾਫ ਸੰਘਰਸ਼ ਕੀਤਾ। ਵੀਹਵੀਂ ਸਦੀ ਦੇ ਸੂਰਮਿਆਂ ਅਤੇ ਸੱਚ ਦੇ ਹਾਣੀਆਂ 'ਚ ਸਭ ਤੋਂ ਉਭਰਵਾਂ ਨਾਂ ਨੈਲਸਨ ਮੰਡੇਲਾ ਦਾ ਹੈ। ਜਿਸ ਨੇ ਅਪਾਰਥਾਈਡ ਵਰਗੀ ਗੈਰਮਨੁੱਖੀ, ਨਸਲਵਾਦੀ ਤਾਕਤ ਦਾ ਮੁਕਾਬਲਾ ਕੀਤਾ। ਅਸਲੋਂ ਲਿਤਾੜੇ ਗਏ ਲੋਕਾਂ ਦੀ ਜ਼ੁਬਾਨ ਬਣਕੇ ਹਰ ਜ਼ੁਲਮ ਨੂੰ ਲਿਤਾੜ ਸੁੱਟਿਆ ਅਤੇ ਮਨੁੱਖਾਂ ਪ੍ਰਤੀ ਰੰਗ, ਨਸਲ ਦੇ ਨਾਂ 'ਤੇ ਕੀਤੇ ਜਾਂਦੇ ਮਤਭੇਦ ਨੂੰ ਖਤਮ ਕਰਨ ਦਾ ਰਾਹ ਖੋਲ੍ਹਿਆ।

ਅਜ ਦਾ ਸੰਸਾਰ ਪ੍ਰਬੰਧ ਲੁੱਟ 'ਤੇ ਅਧਾਰਤ ਹੈ। ਤਕੜੇ ਮੁਲਕ ਮਾੜੇ ਮੁਲਕਾਂ ਦੀ ਲੁੱਟ ਕਰਕੇ ਅੱਯਾਸ਼ੀ ਕਰਦੇ ਹਨ ਪਰ ਕਰਜ਼ਾ ਫੇਰ ਵੀ ਮਾੜਿਆਂ ਦੇ ਸਿਰ ਹੀ ਵਧ ਰਿਹਾ ਹੈ। ਇਹ ਤਾਂ ਗੰਗਾ ਦੇ ਪਹੋਏ ਨੂੰ ਜਾਣ ਵਾਲੀ ਗੱਲ ਹੈ ।

ਗੁਲਾਮਾਂ ਦੀ ਪ੍ਰਥਾ ਅਤੇ ਬਸਤੀਵਾਦ ਆਮ ਕਰਕੇ ਬੀਤੇ ਦੀ ਕਹਾਣੀ ਕਹੇ ਜਾਂਦੇ ਹਨ , ਪਰ ਅਜ ਦੇ ਸਾਮਰਾਜੀ (ਸੱਭਿਅਕ ਨਹੀਂ) ਮੁਲਕ ਵੱਖੋ ਵੱਖਰੇ ਢੰਗਾਂ ਰਾਹੀਂ (ਮਿਸਾਲ ਵਜੋਂ ਅਖੌਤੀ ਸਹਾਇਤਾ ਫੰਡ, ਸੰਸਾਰ ਬੈਂਕ ਅਤੇ ਮੁਦਰਾ ਫੰਡ ਆਦਿ) ਗਰੀਬ ਮੁਲਕਾਂ, ਵਿਕਾਸ ਦੀ ਲੀਹੇ ਪਏ ਦੇਸ਼ਾਂ ਅਤੇ ਤੀਜੀ ਦੁਨੀਆਂ ਦੇ ਲੇਬਲ ਹੇਠਲੇ ਮੁਲਕਾਂ ਨੂੰ ਆਪਣੇ 'ਤੇ ਨਿਰਭਰ ਰੱਖਣ ਵਾਸਤੇ ਪ੍ਰਭਾਵਿਤ ਕਰਦੇ ਹਨ। ਕਰਜ਼ਾ ਅਤੇ ਸਹਾਇਤਾ ਦੇਣ ਸਮੇਂ ਦਾਬੇ ਵਾਲੀਆਂ ਸ਼ਰਤਾਂ ਲਾ ਕੇ ਆਪਣੇ ਪਿਛਲੱਗ ਬਨਾਉਣ ਵਲ ਖਿੱਚਦੇ ਹਨ। ਇਹ ਅਜ ਦੇ ਸਮੇਂ ਅੰਦਰ ਆਧੁਨਿਕ ਗੁਲਾਮਦਾਰੀ ਅਤੇ ਨਵ-ਬਸਤੀਵਾਦ ਵਲ ਵਧਦੇ ਕਦਮ ਹਨ ।

ਆਖਰ ਬੀਤੇ ਤੋਂ ਭਲਾਂ ਮਨੁੱਖ ਨੇ ਕੀ ਸਿੱਖਿਆ? ਕੀ ਇਤਿਹਾਸ ’ਤੇ ਪਏ ਅਣਮਨੁੱਖੀ ਧੱਬਿਆਂ ਨੂੰ ਧੋਣ ਦਾ ਯਤਨ ਕੀਤਾ ਗਿਆ? ਕਮਜ਼ੋਰ ਕੌਮਾਂ ਅਤੇ ਦੇਸ਼ਾਂ ਦੇ ਹਿੱਸੇ ਜੋ ਨਿੱਤ ਦੀ ਖੱਜਲ-ਖੁਆਰੀ ਆਉਂਦੀ ਹੈ ਕੀ ਇਹ ਸਾਮਰਾਜੀ ਚੌਧਰ ਭਰਿਆ ਦਾਬਾ ਕਾਇਮ ਕਰਨ ਲਈ ਸਿਆਸੀ ਮੌਕਾਪ੍ਰਸਤੀ ਵਿਚੋਂ ਜੰਮੀ ਅਣ-ਯਥਾਰਥਕ ਲਾਲਸਾ ਨਹੀਂ? ਇਸ ਵਿਚ ਅੰਨ੍ਹੇ ਮੁਨਾਫਿਆਂ ਦਾ ਗੈਰਜ਼ਰੂਰੀ ਲੋਭ ਵੀ ਸ਼ਾਮਲ ਹੈ। ਮਨੁੱਖਾਂ ਅਤੇ ਕੌਮਾਂ ਨੂੰ ਹੀਣੇ ਕਰਨ ਵਾਲੀ ਲੁੱਟ ਆਖਰ ਕਾਹਦੇ ਵਾਸਤੇ?

ਜਿੰਮੇਵਾਰ ਸਿਆਸੀ ਨੇਤਾਵਾਂ ਤੋਂ ਬਹੁਤ ਵਾਰ ਉੱਚੀ ਸੁਰ ਵਿਚ ਮਨੁੱਖੀ ਅਧਿਕਾਰਾਂ ਦੀ ਗੱਲ ਵੀ ਸੁਣੀ ਜਾਂਦੀ ਹੈ । ਪਰ ਪਹਿਲਾ ਤੇ ਬੁਨਿਆਦੀ ਮਨੁੱਖੀ ਅਧਿਕਾਰ ਹਰ ਕਿਸੇ ਨੂੰ ਜੀਊਣ ਦਾ ਅਧਿਕਾਰ ਹੈ। ਰਾਜਾਂ ਵਲੋਂ ਦਾਅਵਿਆਂ ਅਤੇ ਗਰੰਟੀਆਂ ਦੇ ਬਾਵਜੂਦ ਸਰਕਾਰਾਂ ਵਲੋਂ ਇਸ ਦੀ ਖਿੱਲੀ ਵੀ ਉਡਾਈ ਜਾਂਦੀ ਹੈ। ਹਰ ਰਾਜ ਦੇ ਸੰਵਿਧਾਨ ਵਲੋਂ ਨਾਗਰਿਕਾਂ ਨੂੰ ਦਿੱਤੇ ਜਾਂਦੇ ਅਧਿਕਾਰਾਂ ਦੇ ਨਾਲ ਫਰਜ਼ਾਂ ਦਾ ਖਾਕਾ ਵੀ ਹੁੰਦਾ ਹੈ। ਜ਼ਿੰਦਗੀ ਨੂੰ ਸਾਵੀਂ ਤੋਰੇ ਤੋਰਨ ਵਾਸਤੇ ਜ਼ਰੂਰੀ ਹੈ ਕਿ ਫਰਜ਼ਾਂ ਤੇ ਅਧਿਕਾਰਾਂ ਦੀ ਸਮਾਨਤਾ ਰਹੇ। ਇੱਥੇ ਇਕ ਨਵਾਂ ਸਵਾਲ ਪੈਦਾ ਹੁੰਦਾ ਹੈ ਕਿ ਪਰਵਾਸੀ ਕਿਧਰੇ ਵੀ ਵਸਦੇ ਹੋਣ ਉਥੋਂ ਦੇ ਵਸਨੀਕ ਹੋਣ ਦੇ ਬਾਵਜੂਦ ਬਹੁਤ ਸਾਰੇ ਉਥੋਂ ਦੇ ਨਾਗਰਿਕ ਨਹੀਂ ਹੁੰਦੇ ਜਿਸ ਕਰਕੇ ਅਸਤੁੰਲਨ ਪੈਦਾ ਹੋ ਜਾਂਦਾ ਹੈ। ਪਰਵਾਸੀਆਂ ਨੂੰ ਘੱਟ ਅਧਿਕਾਰਾਂ ਦੇ ਹੁੰਦੇ ਹੋਏ ਹਰ ਕਿਸਮ ਦੇ ਫ਼ਰਜ਼ ਪੂਰੇ ਕਰਨੇ ਪੈਂਦੇ ਹਨ। ਸਿਆਸੀ ਅਧਿਕਾਰਾਂ ਤੋਂ ਤਾਂ ਉਨ੍ਹਾਂ ਨੂੰ ਵੱਖ ਹੀ ਰੱਖਿਆ ਜਾਂਦਾ ਹੈ। ਕੀ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਨਹੀਂ?

ਕੁੱਝ ਸਾਲ ਪਹਿਲਾਂ ਜਰਮਨੀ ਦੇ ਕਈ ਸ਼ਹਿਰਾਂ ਵਿਚ ਪਰਵਾਸੀਆਂ ਦੇ ਵਿਰੋਧੀਆਂ, ਨਵ-ਨਾਜ਼ੀਆਂ ਵਲੋਂ ਪਰਵਾਸੀਆਂ ਉੱਤੇ ਹਮਲੇ ਹੀ ਨਹੀਂ ਹੋਏ ਸਗੋਂ ਉਨ੍ਹਾਂ ਦੇ ਘਰਾਂ ਨੂੰ ਅੱਗਾਂ ਵੀ ਲਾਈਆਂ ਗਈਆਂ ( ਜਿਨ੍ਹਾਂ ਵਿਚ ਕਈ ਜੀਉਂਦੇ ਸੜ ਗਏ ਉਨ੍ਹਾਂ ਵਿਚ ਇਕ ਤਿੰਨ ਸਾਲ ਦੀ ਬੱਚੀ ਵੀ ਸੀ) । ਇਸ ਤੋਂ ਬਾਅਦ ਕਈ ਪਾਸਿਆਂ ਤੋਂ ਪਰਵਾਸੀਆਂ ਨੂੰ ਖੇਤਰੀ ਵੋਟ ਦਾ ਅਧਿਕਾਰ (ਪੰਚਾਇਤਾਂ ਅਤੇ ਮਿਊਂਸਪੈਲਟੀਆਂ) ਦੇਣ ਦੀ ਚਰਚਾ ਹੋਣ ਲੱਗੀ। ਇਹ ਸਿਰਫ ਫੈਸ਼ਨ ਵਜੋਂ ਹੀ ਸੀ ਤੁਰਦੇ ਸਮੇਂ ਦੀ ਸਿਆਸੀ ਮੌਕਾਪ੍ਰਸਤੀ। ਦਰੁਸਤ ਤਾਂ ਇਹ ਹੋਵੇ ਜੇ ਪੱਕੇ ਤੌਰ ਤੇ ਰਹਿ ਰਹੇ ਪਰਵਾਸੀਆਂ ਨੂੰ ਪੂਰੇ ਫ਼ਰਜ਼ਾਂ ਦੇ ਨਾਲ ਪੂਰੇ ਅਧਿਕਾਰ ਵੀ ਮਿਲਣ। ਪਰਵਾਸੀਆਂ ਦੇ ਖਿਲਾਫ ਨਫਰਤ ਘੱਟ ਕਰਨ ਦਾ ਇਹ ਵੀ ਇਕ ਰਾਹ ਹੋ ਸਕਦਾ ਹੈ। ਜੇ ਅਜ ਅਸੀਂ ਮਨੁੱਖੀ ਭਾਈਚਾਰਿਆਂ ਅੰਦਰ ਪੈਦਾ ਕੀਤੀ ਤੇ ਫੈਲਾਈ ਜਾ ਰਹੀ ਨਫ਼ਰਤ ਦੇ ਖ਼ਿਲਾਫ ਨਹੀਂ ਲੜਦੇ ਤਾਂ ਕੱਲ੍ਹ-ਕਲੋਤਰ ਨੂੰ ਆਪਣੇ ਪੁੱਤਾਂ ਧੀਆਂ ਅਤੇ ਉਨ੍ਹਾਂ ਦੇ ਬੱਚਿਆਂ ਮੂਹਰੇ ਸਾਨੂੰ ਕੋਈ ਜਵਾਬ ਨਹੀਂ ਅਹੁੜਨਾਂ ਅਤੇ ਓਦੋਂ ਅਸੀਂ ਆਪਣੀ ਹੀ ਸ਼ਰਮਿੰਦਗੀ ਵਿਚ ਗਰਕ ਹੋਣ ਵਾਸਤੇ ਮਜਬੂਰ ਹੋਵਾਂਗੇ।

ਇਹ ਤਾਂ ਆਮ ਹੀ ਸੁਣਨ ਵਿਚ ਆਉਂਦਾ ਹੈ ਕਿ ਪਰਵਾਸੀ ਜੁਰਮਾਂ ਵਾਲੀ ਮਾਨਸਿਕਤਾ ਦੇ ਆਦੀ ਹਨ। ਇਹ ਸ਼ਰਾਰਤੀਆਂ ਵਲੋਂ ਆਪੇ ਘੜਿਆ ਦੋਸ਼ ਹੈ। ਇਸਦਾ



ਸੱਚ ਨਾਲ ਕੋਈ ਵਾਸਤਾ ਨਹੀਂ ਅਤੇ ਜੁਰਮਾਂ ਦੇ ਅੰਕੜੇ ਇਸ ਝੂਠੇ ਦੋਸ਼ ਨੂੰ ਕਿਸੇ ਤਰ੍ਹਾਂ ਵੀ ਸਾਬਤ ਨਹੀਂ ਕਰਦੇ। ਹਾਂ! ਇਸ ਤਰ੍ਹਾਂ ਦੇ ਕੋਝੇ ਦੋਸ਼ ਪਰਵਾਸੀਆਂ ਦੇ ਖਿਲਾਫ ਭੜਕਾਈ ਜਾ ਰਹੀ ਨਫਰਤ ਦੀ ਅੱਗ ਨੂੰ ਭਾਂਬੜਾਂ ਵਿਚ ਬਦਲਣ ਲਈ ਸਹਾਈ ਜ਼ਰੂਰ ਹੁੰਦੇ ਹਨ। ਇਹ ਬੀਮਾਰ ਸੋਚ ਦੀ ਹਰਾਮੀ ਕਾਢ ਹੈ। ਇਸ ਨਾਲ ਨਸਲਵਾਦੀ ਸੋਚ ਰੱਖਣ ਵਾਲੀਆਂ ਪੁੱਠੀਆਂ ਖੋਪੜੀਆਂ ਨੂੰ ਹੁੰਗਾਰੇ ਦਾ ਅਹਿਸਾਸ ਹੋਣ ਲਗਦਾ ਹੈ ਅਤੇ ਗੱਲ ਪੁੱਠੇ ਪਾਸੇ ਵਧਣ ਲਗਦੀ ਹੈ।

ਸਿਆਸੀ, ਸਮਾਜੀ ਅਤੇ ਆਰਥਿਕ ਹਾਲਤਾਂ ਜਦੋਂ ਠੀਕ ਢੰਗ ਨਾਲ ਵਿਹਾਰ ਨਾ ਕਰਨ ਤਾਂ ਕਾਫੀ ਸਾਰੇ ਲੋਕ ਅਣਜਾਣੇ ਹੀ ਇਸ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਅਸਲ ਸੱਚ ਇਹ ਹੈ ਕਿ ਥੋੜੇ ਬਹੁਤੇ ਫਰਕ ਨਾਲ ਇਹੋ ਜਹੀ ਸੋਚ ਦੇ ਧਾਰਨੀ ਹਰ ਦੇਸ਼ ਤੇ ਕੌਮ ਅੰਦਰ ਮਿਲ ਜਾਂਦੇ ਹਨ। ਇਸ ਬੀਮਾਰ ਮਾਨਸਿਕਤਾ ਨੂੰ ਬਦਲਣ ਦਾ ਇਲਾਜ ਸਮਾਜੀ, ਸਿਆਸੀ ਵਰਤਾਰਿਆਂ ਨੂੰ ਹਾਂਅ ਪੱਖੀ ਰੁਖ ਵਲ ਤੋਰਨ ਦੀ ਲੋੜ ਹੈ ਜਿਸ ਦਾ ਸਿਆਸੀ ਪ੍ਰਬੰਧ ਅਤੇ ਉਸ ’ਤੇ ਕਾਬਜ਼ ਜਮਾਤ ਦਾ ਬਹੁਤ ਨੇੜਲਾ ਰਿਸ਼ਤਾ ਹੁੰਦਾ ਹੈ। ਚੰਗੀ ਮਾੜੀ ਸਿਆਸਤ ਤੁਰਦੇ ਸਮਾਜੀ ਵਰਤਾਰਿਆਂ ਨੂੰ ਹਰ ਪੱਖੋਂ ਪ੍ਰਭਾਵਿਤ ਕਰਦੀ ਹੈ।

ਸਿਰਫ ਕਾਨੂੰਨਾਂ ਦੇ ਆਸਰੇ ਇਸ ਨੂੰ ਬਾਹਰੀ ਪੱਖੋਂ ਡਰਾਉਣ ਧਮਕਾਉਣ ਜਾਂ ਅੰਸ਼ਕ ਤੌਰ ਤੇ ਰੋਕਣ ਦਾ ਯਤਨ ਹੋ ਸਕਦਾ ਹੈ ਪਰ ਸਵਾਲ ਤਾਂ ਇਸ ਬੀਮਾਰ ਮਾਨਸਿਕਤਾ ਅਤੇ ਭੈੜੀ ਸੋਚ ਨੂੰ ਮੁੱਢੋਂ-ਸੁੱਢੋਂ ਬਦਲਣ ਅਤੇ ਖਤਮ ਕਰਨ ਦਾ ਹੈ। ਮਿਸਾਲ ਵਜੋਂ ਜੇ ਕੋਈ ਪਰਵਾਸੀ ਸੜਕ ’ਤੇ ਤੁਰਿਆ ਜਾਂਦਾ ਹੋਵੇ ਤਾਂ ਉਹਨੂੰ ਕੋਈ ਪੁੱਛਣ ਨਹੀਂ ਲੱਗਾ(ਭਾਵੇਂ ਉਹਦੇ ਕੋਲ ਉਸ ਮੁਲਕ ਦੀ ਨਾਗਰਿਕਤਾ ਵੀ ਹੋਵੇ) ਕਿ ਉਹ ਕੌਣ ਹੈ? ਉਹਦੀ ਚਮੜੀ, ਵਾਲਾਂ ਦਾ ਰੰਗ ਤੇ ਉਸਦਾ ਬਾਹਰਲਾ ਰੂਪ (ਮੁਹਾਂਦਰਾ) ਆਪਣੇ ਆਪ ਹੀ ਇਸਦਾ ਜਵਾਬ ਦੇ ਦੇਣਗੇ ਅਤੇ ਮਾੜੀ ਸੋਚ ਵਾਲੇ ਇਸਦੇ ਪ੍ਰਤੀਕ੍ਰਮ ਵਜੋਂ ਭੈੜਾ ਵਰਤਾ ਕਰ ਸਕਦੇ ਹਨ। ਹਾਲਾਂਕਿ ਉਨ੍ਹਾਂ ਨੂੰ ਉਸਦੇ ਮਾੜੇ-ਚੰਗੇ ਹੋਣ ਦਾ ਕੋਈ ਇਲਮ ਨਹੀਂ ਹੁੰਦਾ। ਐਹੋ ਜਹੇ ਮੌਕੇ ਤਾਂ ਪ੍ਰਵਾਸੀ ਹੋਣਾਂ ਹੀ ਉਸਦਾ ਦੋਸ਼ ਬਣ ਜਾਂਦਾ ਹੈ। ਅਜਿਹੀਆਂ ਘਟਨਾਵਾਂ ਨਾ ਵਾਪਰਨ ਅਤੇ ਕੋਈ ਵੀ ਆਪਣੇ ਰੰਗ ਨਸਲ ਕਰਕੇ ਆਪਣੇ ਆਪ ਨੂੰ ਸੌਖਾ ਮਹਿਸੂਸ ਕਰੇ ਇਸ ਦਾ ਇਲਾਜ ਰੰਗ ਨਸਲ ਦੇ ਅਧਾਰ ’ਤੇ ਭਿੰਨ-ਭੇਦ ਜਾਂ ਨਫਰਤ ਦੇ ਖਿਲਾਫ ਸਜਾ ਯੋਗ ਕਾਨੂਨ ਬਣਾ ਕੇ ਹੀ ਕੀਤਾ ਜਾ ਸਕਦਾ ਹੈ, ਅਤੇ ਹਰ ਮੁਲਕ ਦੇ ਹਾਕਮਾਂ ਨੂੰ ਵਿਦਿਅਕ ਢਾਂਚੇ ਵਿਚ ਮਨੁੱਖੀ ਦੋਸਤੀ ਦਾ ਪ੍ਰਚਾਰ ਕਰਦੇ ਹਾਂਅ ਪੱਖੀ ਸੁਧਾਰ ਵੀ ਕਰਨੇ ਪੈਣਗੇ ਜਿਸ ਨਾਲ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਰਾਹੀਂ ਵੀ ਸਮਾਜ ਨੂੰ ਚੰਗੀ ਤੇ ਨਰੋਈ ਸੇਧ ਮਿਲ ਸਕੇ ।

ਨਸਲਵਾਦ ਹਮੇਸ਼ਾ ਹੀ ਮਨੁੱਖਤਾ ਵਿਰੋਧੀ,ਪੱਖਪਾਤੀ ਅਤੇ ਨਾ-ਬਰਾਬਰੀ ’ਤੇ ਅਧਾਰਤ ਹੁੰਦਾ ਹੈ। ਨਸਲਵਾਦ ਸਦਾ ਹੀ ਇਨਸਾਨੀਅਤ ਨੂੰ ਧਰਮ, ਨਸਲ, ਇਲਾਕੇ

ਅਤੇ ਕੌਮ ਦੇ ਨਾਂ 'ਤੇ ਭੜਕਾਉਂਦਾ ਅਤੇ ਪਾੜਦਾ ਹੈ। ਆਪਣਿਆਂ ਨੂੰ ਚੰਗੇ ਤੇ ਬਾਕੀਆਂ ਨੂੰ ਲੱਲੀ-ਛੱਲੀ ਸਮਝਦਾ ਹੈ (ਉਹ ਸਿਰਫ ਆਪਣੇ ਆਪ ਨੂੰ ਹੀ ਵਧੀਆ ਸਮਝਦੇ ਹਨ– ਪਰ ਕਰਤੂਤਾਂ ਉਨ੍ਹਾਂ ਦੀਆਂ ਕਿਹੜੀਆਂ?) ਹੋਰ ਰੰਗ, ਨਸਲ ਜਾਂ ਧਰਮ ਵਾਲਿਆਂ ਨੂੰ ਉਹ ਆਪਣੇ ਆਪ ਤੋਂ ਹੀਣੇ ਸਮਝਦੇ ਹਨ।

1933 ਤੋਂ 1945 ਦੇ ਦਰਮਿਆਨ ਜਰਮਨ ਰਾਜ ਤੇ ਕਾਬਜ ਨਾਜ਼ੀਆਂ ਵਲੋਂ ਸੰਗਠਿਤ ਤੌਰ ਤੇ ਇਨਸਾਨੀਅਤ ਦਾ ਕਤਲ ਕੀਤਾ ਗਿਆ। ਵੱਖਰੇ ਧਰਮ ਵਾਲੇ ਅਤੇ ਵੱਖਰੀ ਪਹਿਚਾਣ ਵਾਲੇ ਸੱਠ-ਪੈਂਹਠ ਲੱਖ ਇਨਸਾਨ ਜੀਊਂਦੇ ਜੀਅ ਗੈਸ ਭੱਠੀਆਂ ਵਿਚ ਫੂਕੇ ਗਏ। ਇਤਿਹਾਸ ਨੂੰ ਕਲੰਕਤ ਕੀਤਾ ਗਿਆ। ਜਿਸ ਸਦਕਾ ਨਾਜ਼ੀਵਾਦੀਆਂ ਨੇ ਆਪਣੇ ਮੂੰਹ ਤੇ ਕਾਲ਼ਖ ਮਲ਼ੀ, ਨਾਜ਼ੀਆਂ ਦੀ ਮਨੁੱਖਤਾ ਦੇ ਖਿਲਾਫ ਕੀਤੀ ਇਹ ਕਰਤੂਤ ਰਹਿੰਦੀ ਦੁਨੀਆਂ ਤੱਕ ਲੋਕਾਂ ਨੂੰ ਨਹੀਂ ਭੁੱਲਣੀ। ਲੋਕ ਇਨ੍ਹਾਂ ਨੂੰ ਸਿਰਫ਼ ਲਾਅਨਤਾਂ ਹੀ ਪਾਇਆ ਕਰਨਗੇ।

ਅਜ ਪਰਵਾਸੀਆਂ ਦੇ ਘਰਾਂ ਨੂੰ ਅੱਗਾਂ ਲਾ ਕੇ ਕਲੰਕਤ ਇਤਿਹਾਸ ਨੂੰ ਦੁਹਰਾਉਣ ਦਾ ਯਤਨ ਕੀਤਾ ਜਾਂਦਾ ਹੈ। ਇਹ ਤਾਂ ਕਿਸੇ ਮੁਲਕ ਦੀ ਜਮਹੂਰੀਅਤ ਨਾਲ ਖਿਲਵਾੜ ਹੈ/ਬਲਾਤਕਾਰ ਹੈ। ਉਹ ਨਵ-ਨਾਜ਼ੀ ਜਿਹੜੇ ਝੂਠ ਅਧਾਰਤ, ਬਕਵਾਸ ਭਰੇ ਪ੍ਰਚਾਰ ਦੇ ਆਸਰੇ ਇਸ ਸਮਾਜ ਵਿਚ ਫੇਰ ਪੈਰ ਟਿਕਾਉਣ ਲਈ ਤਰਲੋ ਮੱਛੀ ਹੋ ਰਹੇ ਹਨ, ਆਪਣੇ ਭੜਕਾਵਿਆਂ ਨਾਲ ਸਮਾਜ ਨੂੰ ਢਹਿੰਦੀ ਕਲਾ ਵਲ ਧੱਕਣ ਦਾ ਯਤਨ ਕਰ ਰਹੇ ਹਨ। ਇਸ ਦਾ ਜਵਾਬ ਤਾਂ ਨਰੋਈ,ਅਗਾਂਹਵਧੂ ਸੋਚ ਵਾਲਿਆਂ ਨੂੰ ਇਕੱਠੇ ਕਰਕੇ ਅਤੇ ਸਮਾਜੀ , ਸਿਆਸੀ ਵਾਤਾਵਰਣ ਅੰਦਰ ਹਾਂਅ ਪੱਖੀ ਤਬਦੀਲੀਆਂ ਕਰਕੇ ਹੀ ਦਿੱਤਾ ਜਾ ਸਕਦਾ ਹੈ। ਜੇ ਮੁਲਕ ਅੰਦਰ ਸਿਹਤਮੰਦ ਵਾਤਾਵਰਣ ਨਾ ਹੋਵੇ ਤਾਂ ਇਸਦੀ ਜੁੰਮੇਵਾਰ ਤਾਂ ਸਰਕਾਰ ਹੀ ਹੁੰਦੀ ਹੈ। ਲੋਕਾਂ ਤੋਂ ਬਿਨਾਂ ਕੋਈ ਸਰਕਾਰ ਨਹੀਂ ਹੁੰਦੀ। ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਚੱਲਣ ਵਾਲੀ ਸਰਕਾਰ ਹੀ ਲੋਕਰਾਜੀ ਸਰਕਾਰ ਕਹਾ ਸਕਦੀ ਹੈ। ਸਰਕਾਰ ਹੀ ਸਮਾਜੀ, ਆਰਥਿਕ ਤੇ ਰਾਜਨੀਤਕ ਤਾਣੇ ਬਾਣੇ ਨੂੰ ਸਮੇਂ ਦੀ ਮੰਗ ਅਨੁਸਾਰ ਚੱਲਕੇ ਉਸ ਨੂੰ ਮਜ਼ਬੂਤੀ ਵਲ ਤੋਰ ਸਕਦੀ ਹੈ।

ਸਮਾਜ ਅੰਦਰ ਵਸਦੇ ਸਾਰੇ ਹੀ ਵਸਨੀਕਾਂ ਨੂੰ ਇਸ ਪਾਸੇ ਸਰਗਰਮ ਹੋਣ ਦੀ ਲੋੜ ਹੈ। ਚੰਗੇ ਪਾਸੇ ਤੁਰਦੇ ਕਾਫਲਿਆਂ ਵਿਚ ਆਪਣੀ ਵੱਧੋ ਵੱਧ ਸ਼ਮੂਲੀਅਤ ਰਾਹੀਂ ਹੁੰਗਾਰਾ ਭਰਨਾ ਚਾਹੀਦਾ ਹੈ। ਸਰਕਾਰ ਵਲੋਂ ਐਹੋ ਜਹੀ ਸਥਿਤੀ ਪੈਦਾ ਕਰਨ ਦੇ ਗੰਭੀਰਤਾ ਨਾਲ ਯਤਨ ਹੋਣੇ ਚਾਹੀਦੇ ਹਨ ਕਿ ਝੂਠ ਦੇ ਪੁੱਤਰਾਂ ਦੇ ਥੋਥੇ ਪਰਚਾਰ ਵਾਸਤੇ ਕੋਈ ਰਸਤਾ ਨਾ ਰਹਿਣ ਦਿੱਤਾ ਜਾਵੇ ਜਿਸ ਨਾਲ ਉਹ ਮਾਸੂਮ ਅਤੇ ਅਗਿਆਨੀ ਲੋਕਾਂ ਨੂੰ ਭੜਕਾ ਕੇ ਪੁੱਠੇ ਰਸਤੇ ਤੋਰ ਸਕਣ।

ਕਿਸੇ ਤਰ੍ਹਾਂ ਦੇ ਵੀ ਸੰਘਰਸ਼ ਵਾਸਤੇ ਸੂਝ ਤੇ ਸਾਹਸ ਦਾ ਹੋਣਾ ਬਹੁਤ ਜ਼ਰੂਰੀ ਹੈ। ਇੱਥੇ ਬਰਤੋਲਤ ਬਰੈਖ਼ਤ ਦੇ ਸ਼ਬਦਾਂ ਦਾ ਹਵਾਲਾ ਦੇਣਾ ਠੀਕ ਰਹੇਗਾ ਕਿ "ਜਿਹੜਾ



ਸੰਘਰਸ਼ ਕਰਦਾ ਹੈ ਉਹ ਹਾਰ ਸਕਦਾ ਹੈ, ਜਿਹੜਾ ਸੰਘਰਸ਼ ਕਰਦਾ ਹੀ ਨਹੀਂ ਉਹ ਤਾਂ ਪਹਿਲਾਂ ਹੀ ਹਾਰਿਆ ਹੋਇਆ ਹੈ" ਇਹੋ ਜਹੇ ਸਿਆਣਪ ਭਰੇ ਕਥਨ ਮਨੁੱਖ ਦਾ ਸਿਰਫ ਹੌਂਸਲਾ ਹੀ ਨਹੀਂ ਵਧਾਉਂਦੇ ਸਗੋਂ ਉਨ੍ਹਾਂ ਨੂੰ ਇਕੱਲਿਆਂ ਤੋਂ ਕਾਫਲਿਆਂ ਨਾਲ ਜੋੜਦੇ ਹਨ।

ਅਜ ਦੇ ਸਮੇਂ ਸੱਭਿਆ ਅਤੇ ਸੁਚੱਜਾ ਸਮਾਜ ਤਾਂ ਬਹੁ-ਕੌਮੀ, ਬਹੁ-ਨਸਲੀ, ਬਹੁ-ਸੱਭਿਆਚਾਰਕ, ਬਹੁ-ਧਰਮੀ, ਤੇ ਬਹੁ-ਭਾਸ਼ਾਈ ਸਮਾਜ ਹੀ ਹੋ ਸਕਦਾ ਹੈ। ਜਿੱਥੇ ਹਰ ਕਿਸੇ ਨੂੰ ਬਿਨਾਂ ਡਰ, ਭੈਅ ਦੇ ਜੀਊਣ ਦੀ ਤਾਂਘ ਹੀ ਨਹੀਂ ਸਗੋਂ ਖੁੱਲ੍ਹ ਵੀ ਹੋਵੇ। ਇਸ ਤਰ੍ਹਾਂ ਦੀ ਸਾਂਝ ਤਾਂ ਬੱਚਿਆਂ ਤੋਂ ਵੀ ਸਿੱਖੀ ਜਾ ਸਕਦੀ ਹੈ। ਉਹ ਇਕੱਠੇ ਖੇਡਦੇ, ਮਾੜੀਆਂ ਮਾੜੀਆਂ ਗੱਲਾਂ ਤੋਂ ਆਪਸ ਵਿਚ ਰੁੱਸਦੇ, ਲੜਦੇ, ਝਗੜਦੇ ਵੱਖ ਹੁੰਦੇ ਹਨ। ਕੁੱਝ ਪਲਾਂ ਬਾਅਦ ਫੇਰ ਇਕੱਠੇ ਹੀ ਖੇਡਣ ਲੱਗ ਪੈਂਦੇ ਹਨ, ਉਨ੍ਹਾਂ ਨੂੰ ਚੇਤੇ ਵੀ ਨਹੀਂ ਰਹਿੰਦਾ ਕਿ ਉਹ ਲੜੇ-ਝਗੜੇ ਸਨ। ਕਿਉਂਕਿ ਉਨ੍ਹਾਂ ਦੇ ਮਨ ਮੈਲ਼ੇ ਨਹੀਂ ਹੁੰਦੇ, ਸੋਚ ਨਿੱਤਰੇ ਪਾਣੀਆਂ ਵਰਗੀ ਸਾਫ ਹੁੰਦੀ ਹੈ। ਇਸ ਕਰਕੇ ਉਹ ਇਕ ਦੂਜੇ ਤੋਂ ਵੱਖ ਨਹੀਂ ਹੁੰਦੇ। ਇਹ ਸਾਂਝ ਸਦੀਵੀ ਭਾਵੇਂ ਨਾ ਵੀ ਹੋਵੇ ਪਰ ਸੁੱਚੀ ਹੁੰਦੀ ਹੈ। ਇਸ ਮਾਮਲੇ ਵਿਚ ਬੱਚੇ ਕਈ ਵਾਰ ਵੱਡਿਆਂ ਤੋਂ ਸਿਆਣੇ ਸਿੱਧ ਹੁੰਦੇ ਹਨ।

ਮਨੁੱਖਤਾ ਦੇ ਵਿਰੋਧੀ ਨਸਲਵਾਦੀ/ਨਵ-ਨਾਜ਼ੀ ਆਪਣੇ ਜ਼ਹਿਰੀਲੇ ਪ੍ਰਚਾਰ ਰਾਹੀਂ ਸਾਡੇ ਸਾਂਝੇ ਵਰਤਮਾਨ ਅੰਦਰ ਵਿਗਾੜ ਤੇ ਤਕਰਾਰ ਪੈਦਾ ਕਰਕੇ ਆਪਣੀ ਨਫਰਤ ਦੀ ਅੱਗ ਨਾਲ ਸਾਡਾ ਸਾਂਝਾ ਭਵਿੱਖ ਧੁਆਂਖਿਆ ਹੀ ਨਹੀਂ ਸਗੋਂ ਫੂਕਣਾ ਚਾਹੁੰਦੇ ਹਨ। ਇਹ ਹੀ ਉਨ੍ਹਾਂ ਦਾ ਮਕਸਦ ਹੈ। ਮਨੁੱਖਾਂ ਨੂੰ ਪਾੜਨਾ ਅਤੇ ਉਨ੍ਹਾਂ ਅੰਦਰ ਰੰਗ, ਨਸਲ, ਦੇਸ, ਕੌਮ ਦੇ ਅਧਾਰ ਤੇ ਵੰਡੀਆਂ ਪਾਉਣਾਂ।

ਉਹ ਆਪਣਾ ਕੂੜ-ਕੁਸੱਤ ਵੇਚ ਕੇ ਆਪਣੇ 'ਵਡੇਰਿਆਂ' ਵਾਂਗ ਮਨੁਖ ਅਤੇ ਮਨੁੱਖਤਾ ਦੋਵਾਂ ਨਾਲ ਗੱਦਾਰੀ ਕਰ ਰਹੇ ਹਨ। ਪਰ ਸਾਂਝਾਂ ਤੇ ਦੋਸਤੀਆਂ ਦੇ ਕਾਫਲੇ ਆਪਣੇ ਭਵਿੱਖ ਦੀ ਰਾਖੀ ਕਰਨਗੇ,ਇਹ ਵਿਸ਼ਵਾਸ ਜ਼ਿੰਦਗੀ ਨੂੰ ਚੜ੍ਹਦੀ ਕਲਾ ਵਲ ਲੈ ਜਾਂਦਾ ਹੈ।

ਕਿਸੇ ਨੂੰ ਕੁੱਝ ਕਹਿਣ ਤੋਂ ਪਹਿਲਾਂ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਲੱਗਿਆਂ, ਆਪੇ ਦੀ ਪੜਚੋਲ਼ ਕਰਨ ਤੋਂ ਘਬਰਾਉਣਾਂ ਨਹੀਂ ਚਾਹੀਦਾ। ਇਸ ਸਬੰਧ ਵਿਚ ਪੰਜਾਬੀ ਦੇ ਪਹਿਲੇ ਅਤੇ ਮਹਾਨ ਕਵੀ ਬਾਬਾ ਸ਼ੇਖ ਫਰੀਦ ਜੀ ਫਰਮਾਉਂਦੇ ਹਨ:-

ਫਰੀਦਾ ਜੇ ਤੂ ਅਕਲਿ ਲਤੀਫੁ,
ਕਾਲੇ ਲਿਖੁ ਨਾ ਲੇਖੁ ॥
ਆਪ ਨਡੇ ਗਿਰੀਵਾਨ ਮਹਿ,
ਸਿਰੁ ਨੀਵਾਂ ਕਰਿ ਦੇਖੁ ॥

ਸਾਡੀ ਭਵਿੱਖੀ ਸੋਚ ਦਾ ਧੁਰਾ (ਮੁੱਦਾ) ਸਾਂਝਾ ਅਤੇ ਇਕ ਦੂਜੇ ਨਾਲ ਭਰੱਪਣ ਭਰਿਆ ਜੀਵਨ ਜੀਊਣਾ ਹੈ। ਇਸ ਕਰਕੇ ਹੀ ਸਾਨੂੰ ਸੁਚੇਤ ਤੌਰ 'ਤੇ ਸਾਵਧਾਨ ਰਹਿੰਦੇ ਹੋਇਆਂ ਫਰਕ ਵਾਲ਼ੇ ਨੁਕਤਿਆਂ ਵਲ ਆਲੋਚਨਾਤਮਿਕ/ਪਾਰਖੂ ਸੁਭਾਅ ਰਖਦੇ ਹੋਏ ਵੀ ਇਕ ਦੂਜੇ ਪ੍ਰਤੀ ਸਹਿਣਸ਼ੀਲਤਾ ਦਾ ਵਤੀਰਾ ਅਪਣਾਉਂਦਿਆਂ, ਇਕ ਦੂਜੇ ਪ੍ਰਤੀ ਸਤਿਕਾਰ ਦੀ ਭਾਵਨਾ ਨਾਲ ਜੀਊਣਾ ਪਵੇਗਾ । ਫੇਰ ਭਵਿੱਖ ਸਾਡਾ ਹੈ, ਸੁੱਖਾਂ ਤੇ ਖੁਸ਼ੀਆਂ ਭਰਿਆ। ਤੁਰਕੀ ਦਾ ਮਹਾਨ ਜਾਇਆ ਤੇ ਸੰਸਾਰ ਪ੍ਰਸਿੱਧ ਲੇਖਕ ਨਾਜ਼ਮ ਹਿਕਮਤ ਇਸ ਜੀਵਨ ਨੂੰ ਆਪਣੇ ਸ਼ਬਦਾਂ ਵਿਚ ਇੰਝ ਚਿਤਰਦਾ ਹੈ :-

ਜ਼ਿੰਦਗੀ 'ਕੱਲੀ 'ਕੈਰ੍ਹੀ ਤੇ ਅਜ਼ਾਦ
ਇਕ ਦਰੱਖਤ ਵਾਂਗ
ਪਰ ਜੰਗਲ਼ ਵਰਗੀ ਭਰੱਪਣਤਾ
ਸਾਡੀ ਖਾਹਿਸ਼ ਹੈ ।

✧✧✧✧



# ਇਕ ਖ਼ਤ : ਬਾਬੇ ਨਾਨਕ ਦੇ ਨਾਂ

ਸਭੈ ਸਾਂਝੀਵਾਲ ਸਦਾਇਣ...........

ਬਾਬਾ, ਜਦੋਂ ਤੂੰ ਇਹ ਸ਼ਬਦ ਉਚਾਰੇ ਹੋਣਗੇ- ਉਦੋਂ, ਉਸ ਵੇਲੇ ਦੀ ਜਨਤਾ ਭਾਵੇਂ ਇਨ੍ਹਾਂ ਦੀ ਡੂੰਘਾਈ ਨੂੰ ਨਾ ਸਮਝ/ਜਾਣ ਸਕੀ ਹੋਵੇ ਪਰ ਬਾਅਦ ਵਿਚ ਸਾਰੇ ਲੋਕ ਜਾਣ ਗਏ ਕਿ ਤੂੰ ਉਦੋਂ ਕੌਮਾਂਤਰੀ ਭਾਈਚਾਰਕ ਏਕੇ ਦਾ ਹੋਕਾ ਦਿੱਤਾ ਸੀ। ਉੱਚੀ ਬਾਂਹ ਕਰਕੇ ਮਨੁੱਖਤਾ ਨੂੰ ਜੋੜਦੀਆਂ ਤੰਦਾਂ ਦੀ ਸੱਦ ਲਾਈ ਸੀ। ਵੈਰ-ਵਿਰੋਧ ਦੇ ਖਾਤਮੇ ਅਤੇ ਆਪਣੇ-ਪਰਾਏ ਦੇ ਪ੍ਰੇਮ ਦੀ ਤਮੰਨਾ ਕੀਤੀ ਸੀ। ਸਿਰਫ ਤਮੰਨਾ ਹੀ ਨਹੀਂ ਇਸ ਸ਼ਬਦ ਨੂੰ ਸਾਰਥਕ ਰੂਪ ਦੇਣ ਲਈ ਤੂੰ ਜਿੰਨਾ ਵੀ ਸੰਸਾਰ ਗਾਹ ਸਕਿਆ ਗਾਹਿਆ। ਤੇਰੀਆਂ ਉਦਾਸੀਆਂ ਨੇ ਸੁੱਤੀ ਜਨਤਾ ਦੇ ਕੰਨੀਂ ਸੱਚ ਦੇ ਬੋਲ ਪਾਏ, ਕੂੜ ਦਾ ਭਾਂਡਾ ਚੁਰਾਹੇ ਭੰਨਿਆਂ। ਤੇਰੇ ਆਗਮਨ 'ਤੇ ਉੱਚੇ ਹੋਏ ਬੋਲ ਇਸ ਦੀ ਗਵਾਹੀ ਦਿੰਦੇ ਹਨ :-

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਦ ਜਗ ਚਾਨਣ ਹੋਆ ।।

ਚਾਨਣ ਦੀ ਲੋਅ ਗਿਆਨ ਬਣ ਪਸਰੀ। ਅਗਿਆਨ ਦੀ ਧੁੰਦ ਸਹਿਜੇ ਸਹਿਜੇ ਘਟਣ ਲੱਗੀ। ਦੂਜਿਆ ਦਾ ਹੱਕ ਮਾਰ ਕੇ ਜੀਊਣ ਵਾਲੇ ਮਲਕ ਭਾਗੋ ਨੂੰ ਫਿਟਕਾਰਿਆ ਅਤੇ ਹੱਕ ਹਲਾਲ ਦੀ ਸੁੱਚੀ ਕਿਰਤ ਕਰਨ ਵਾਲੇ ਭਾਈ ਲਾਲੋ ਨੂੰ ਸਤਿਕਾਰਿਆ ਅਤੇ ਉੱਚਾ ਦਰਸਾਇਆ। ਤੂੰ, ਮਲਕ ਭਾਗੋ ਵਲੋਂ ਜ਼ਬਰ-ਜੁਲਮ ਅਤੇ ਠੱਗੀ ਦੇ ਜ਼ੋਰ ਇਕੱਠੇ ਕੀਤੇ ਮਾਹਲ-ਪੂੜਿਆਂ ਨੂੰ ਲੱਤ ਮਾਰ ਕੇ ਭਾਈ ਲਾਲੋ ਵਲੋਂ ਦਸਾਂ ਨੌਹਾਂ ਦੀ ਸੁੱਚੀ ਕਿਰਤ ਕਰਕੇ ਕਮਾਈ ਕੋਧਰੇ ਦੀ ਰੋਟੀ ਨੂੰ ਭਾਗ ਲਾਏ। ਲੁੱਟ ਦਾ ਮਾਲ ਛਕਣ ਵਾਲੇ ਅਤੇ ਕਿਰਤ ਕਰਕੇ ਖਾਣ ਵਾਲਿਆਂ ਦੇ ਫਰਕ ਨੂੰ ਦਰਸਾਇਆ, ਕਿਰਤ ਅਤੇ ਕਿਰਤੀ ਦੋਹਾਂ ਨੂੰ ਵਡਿਆਇਆ ਤੇ ਸਤਿਕਾਰਿਆ। ਬ੍ਰਾਹਮਣੀ ਸਮਾਜ ਵਲੋਂ ਔਰਤ ਨੂੰ ਪੈਰ ਦੀ ਜੁੱਤੀ ਕਹਿਣ ਅਤੇ ਅਜਿਹੇ ਹੀ ਕੁਲੈਹਣੇ ਹੋਰ ਨਹੋਰਿਆਂ ਦਾ ਵਿਰੋਧ ਕੀਤਾ। ਸਦੀਆਂ ਤੋਂ ਦੁਰਕਾਰੀ ਅਤੇ ਲਤਾੜੀ ਜਾ ਰਹੀ ਔਰਤ ਦੇ ਸਵੈਮਾਣ ਦੇ ਹੱਕ 'ਚ ਅਵਾਜ਼ ਬੁਲੰਦ ਕੀਤੀ ਤੇ ਕਿਹਾ:-

ਭੰਡਿ ਜੰਮੀਐ ਭੰਡ ਨਿੰਮੀਐ
ਭੰਡਿ ਮੰਗਣੁ ਵੀਆਹੁ
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।।

ਭੰਡੁ ਮੂਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨ ॥
ਸੋ ਕਿਉਂ ਮੰਦਾ ਆਖੀਐ
ਜਿਤਿ ਜੰਮੈ ਰਾਜਾਨ ॥

ਇਨ੍ਹਾਂ ਸ਼ਬਦਾਂ ਨਾਲ ਔਰਤ ਨੂੰ ਵਡਿਆਉਣਾ ਉਸ ਸਮੇਂ ਦੀਆਂ ਹਾਲਤਾਂ ਵਿਚ ਕੋਈ ਮਾਮੂਲੀ ਗੱਲ ਨਹੀਂ ਸੀ। ਜਦੋਂ ਰਾਜ-ਭਾਗ ਦੇ ਮਾਲਕ, ਤਖਤ ਤੇ ਤਾਜ ਦੇ ਨਸ਼ੇ 'ਚ ਮਨਆਈਆਂ ਕਰਦੇ ਅਤੇ ਆਪਣੇ ਆਪ ਨੂੰ ਰੱਬ ਦਾ ਪ੍ਰਤੀਨਿਧ ਦੱਸਦੇ ਹੋਏ ਆਪ ਤੇ ਉਨ੍ਹਾਂ ਦੇ ਨੌਕਰ-ਚਾਕਰ (ਅਫਸਰਸ਼ਾਹੀ) ਜਨਤਾ ਨਾਲ ਪਸ਼ੂਆਂ ਵਰਗਾ ਭੈੜਾ ਸਲੂਕ ਕਰਦੇ। ਬਾਬਾ, ਤੂੰ ਉਦੋਂ ਬਿਨਾ ਕਿਸੇ ਡਰ-ਭੈਅ ਦੇ ਹਾਕਮਾਂ ਨੂੰ ਲਲਕਾਰਿਆ ਤੇ ਲਾਅਨਤਾਂ ਪਾਈਆਂ, ਉਨ੍ਹਾਂ ਦੇ ਪੁੱਠਿਆਂ ਕਾਰਿਆਂ ਨੂੰ ਭੰਡਿਆ। ਤੇਰਾ ਰੋਹ ਤੇਰੀ ਕਲਮ ਰਾਹੀਂ ਬਾਹਰ ਆਇਆ। ਤੇਰੀ ਕਲਮ ਵਿਚੋਂ ਨਿਕਲੇ ਸੱਚ ਦੇ ਸ਼ਬਦ ਅੱਗ ਵਰਗੇ ਸਨ। ਤੂੰ ਕਿਹਾ:-

ਰਾਜੇ ਸ਼ੀਂਹ ਮੁਕੱਦਮ ਕੁੱਤੇ

ਪਰ ਬਾਬਾ, ਇਹ ਬੜਾ ਪਹਿਲਾਂ ਦਾ ਸਮਾਂ ਸੀ। ਸੈਕੜੇ ਵਰ੍ਹੇ ਬੀਤ ਜਾਣ ਤੋਂ ਬਾਅਦ ਵੀ ਇਹ ਸ਼ਬਦ ਸੱਚੇ ਹਨ। ਇੰਜ ਮਹਿਸੂਸ ਹੁੰਦਾ ਹੈ ਜਿਵੇਂ ਇਨ੍ਹਾਂ ਸ਼ਬਦਾ ਦੇ ਅਰਥ ਅਜੋਕੀ ਅਵਸਥਾ ਵਿਚ ਹੀ ਪੂਰੇ ਹੋਣੇ ਸਨ। ਝੂਠਿਆਂ ਨੇ ਅਜੇ ਵੀ ਧਰਮ ਨੂੰ ਉਧਾਲਿਆ ਹੋਇਆ ਹੈ, ਬਹੁਤੇ ਕਮੀਨੇ ਹੀ 'ਧਰਮ' ਤੇ ਕਾਬਜ ਹਨ। ਧਰਮ ਨੇ ਅੱਜ ਫੇਰ ਕੂੜ ਦੇ ਘਰ ਡੇਰੇ ਲਾਏ ਹੋਏ ਹਨ। ਲਾਲੋ ਦਾ ਖੂਨ ਅਜੇ ਵੀ ਮਲਕ ਭਾਗੋ ਵਲੋਂ ਚੂਸਿਆ ਜਾਂਦਾ ਹੈ, ਈਜਾਦ ਹੋਈਆਂ ਤਕਨੀਕਾਂ ਦੇ ਆਸਰੇ ਪਹਿਲਾਂ ਤੋਂ ਵੀ ਵੱਧ। ਆਪਣੇ ਤੋਂ ਹੀਣੇ ਉੱਤੇ ਜ਼ੁਲਮ ਕਰਕੇ ਹਾਕਮ ਆਪਣੀ ਛਾਤੀ 'ਤੇ 'ਬਹਾਦਰੀ' ਦੇ ਤਗਮੇ ਲਟਕਾਉਣ ਦੇ ਆਦੀ ਹੋ ਗਏ ਹਨ ਅਤੇ ਤੇਰੇ ਕਹਿਣ ਮੁਤਾਬਕ ਉਨ੍ਹਾਂ ਦੇ (ਅਫਸਰਸ਼ਾਹ) ਮੁਕੱਦਮ ਕੁੱਤੇ, ਅਜੇ ਵੀ ਅਣਮਨੁੱਖੀ ਤੇ ਕੁੱਤੇ ਕੰਮਾਂ ਵਿਚ ਹੀ ਵਿਅਸਥ ਹਨ।

ਇਹ ਵੀ ਸੁਭਾਵਿਕ ਹੀ ਸੀ ਕਿ ਜਦੋਂ ਭੂਮੀਪਤੀਆਂ, ਸਾਮੰਤਾਂ ਉੱਤੇ ਆਪਣੀਆਂ ਲਾਲਸਾਵਾਂ ਦੂਰ ਤੱਕ ਫੈਲਾਉਣ ਦਾ ਪਾਗਲਪਨ ਸਵਾਰ ਹੋਇਆ ਤਾਂ ਗਰੀਬਾਂ ਨੂੰ ਉਨ੍ਹਾਂ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ। ਕੌਣ ਬਹੁੜਦਾ ਉਨ੍ਹਾਂ ਦੀ ਮੱਦਦ ਲਈ, ਕੌਣ ਫੜਦਾ ਉਨ੍ਹਾਂ ਨਿਆਸਰਿਆਂ ਦੀ ਬਾਂਹ? ਉਦੋਂ ਤੇਰੇ ਹਿਰਦੇ 'ਚੋਂ ਸੱਚ ਦੇ ਰੋਹ ਭਰੇ ਬੋਲ ਨਿਕਲੇ:

ਕਲਿ ਕਾਤਿ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥

ਉਸ ਸਮੇਂ ਜਿਹੜੇ ਬ੍ਰਾਹਮਣ (ਪੰਡਿਤ) ਤੇ ਮੌਲਵੀ ਲੋਕਾਂ ਨੂੰ ਅੰਧ ਵਿਸ਼ਵਾਸ ਦੇ ਚੱਕਰ ਵਿਚ ਪਾਕੇ ਆਪਣੇ ਆਪ ਨੂੰ ਰੱਬ ਦੇ ਨੇੜੇ ਦੱਸਦੇ ਅਤੇ ਲੋਕਾਂ ਨੂੰ ਰੱਬ ਨਾਲ



ਮੇਲਣ ਦੀ ਦਲਾਲੀ ਕਰਨ ਦਾ ਦੰਭ ਰਚਦੇ ਸਨ ਤੂੰ, ਉਨ੍ਹਾਂ ਨੂੰ ਕਾਫਰ ਕਹਿੰਦੇ ਹੋਏ ਭੰਡਿਆ :-

ਕੂੜੁ ਬੋਲਿ ਮੁਰਦਾਰੁ ਖਾਇ ॥
ਅਵਰੀ ਨੋ ਸਮਝਾਵਣਿ ਜਾਇ ॥

ਅਤੇ ਜਿਹੜੇ ਪਖੰਡੀ ਆਪਣੇ ਆਪ 'ਚ ਗਿਆਨਵਾਨ ਹੋਣ ਦਾ ਦਾਅਵਾ ਕਰਦੇ ਸਨ, ਪਰ ਕਿਰਤ ਕਰਨ ਤੋਂ ਮੰਗਣਾਂ ਬੇਹਤਰ ਸਮਝਦੇ ਸਨ। ਅਸਲੀ ਜੀਵਨ ਤੋਂ ਭੱਜ ਰਹੇ ਸਨ, ਤੂੰ ਉਨ੍ਹਾਂ ਨੂੰ ਦੁਰਕਾਰਿਆ, ਫਿਟਕਾਰਿਆ ਅਤੇ ਸੌ ਸੌ ਲਾਅਨਤਾਂ ਪਾਉਂਦਿਆਂ ਕਿਹਾ ਸੀ :-

ਗਿਆਨ ਵਿਹੂਣਾ ਗਾਵੈ ਗੀਤ ॥
ਭੁਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥

ਉਪਰੋਕਤ ਤੇਰੇ ਸਮੇਂ ਦੀਆਂ ਗੱਲਾਂ ਹਨ, ਪਰ ਬਾਬਾ! ਹੁਣ ਅਸੀਂ ਉਸ ਸਮੇਂ ਤੋਂ ਬਹੁਤ ਦੂਰ ਲੰਘ ਆਏ ਹਾਂ। ਅਜੇ ਵੀ ਇਸ ਦੁਨੀਆਂ ਤੇ ਕੂੜ ਦਾ ਵਾਸ ਹੈ। ਮਿਹਨਤ ਅਤੇ ਕਿਰਤ ਦੀ ਦੀ ਲੁੱਟ ਅਤੇ ਜਬਰ ਨਾਲ ਲੜਾਈ ਹੈ। ਤਾਕਤ ਦੇ ਸਿੰਘਾਸਣ ਤੇ ਬੈਠੇ ਹੰਕਾਰੀ ਮਲਕ ਭਾਗੋ, ਅੱਜ ਵੀ ਭਾਈ ਲਾਲੋ ਦੀ ਰੱਤ ਨਿਚੋੜਦੇ ਹਨ। ਧਰਮੀ ਸ਼ਰੇਆਮ ਆਪਣਾ ਈਮਾਨ ਵੇਚਦੇ ਹਨ। ਧਰਮ ਅਸਥਾਨਾਂ ਅੰਦਰ ਆਮ ਕਰਕੇ ਪਵਿੱਤਰਤਾ ਵਰਗੀ ਹਰ 'ਸ਼ੈਅ' ਦਾ ਨਾਸ਼ ਕਰ ਛੱਡਿਆ ਹੈ, ਅੱਜ ਦੇ 'ਧਰਮੀਆਂ' ਨੇ। ਅਜੋਕੇ 'ਧਰਮੀ' ਆਪਣੀ ਹਉਮੈ ਨੂੰ ਉਚਿਆਉਣ ਲਈ ਹਰ ਦੰਭ ਰਚਦੇ ਹਨ, ਇਸੇ ਦੰਭ ਅਧੀਨ ਧਰਮ ਦੀ ਬੁੱਕਲ਼ ਮਾਰ ਕੇ ਰੱਬ ਦੇ 'ਨਾਂ' ਦੀ ਝੂਠੀ ਜੁਗਾਲੀ ਕਰਦੇ ਹਨ। ਇੱਥੇ ਤਾਂ ਧਰਮੀਆਂ ਵਲੋਂ ਹੀ ਧਰਮ ਨਾਲ ਨਿੱਤ 'ਰੇਪ' ਕੀਤਾ ਜਾਂਦਾ ਹੈ। ਬਸ! ਇਹ ਹੀ ਇਨ੍ਹਾਂ ਦੀ ਬਹਾਦਰੀ ਹੈ। ਇਨ੍ਹਾਂ ਨੂੰ ਫਿਕਰ ਹੈ ਤਾਂ ਸਿਰਫ ਆਪਣਾ ਨਾਂ ਚਮਕਾਉਣ ਦਾ, ਜਿਵੇਂ ਵੀ ਹੋਵੇ 'ਬਦਨਾਮ ਭੀ ਹੋਂਗੇ ਤੋ ਕਿਆ ਨਾਮ ਨਾ ਹੋਗਾ' ਇਨ੍ਹਾਂ ਦਾ ਪੱਕਾ ਫਾਰਮੂਲਾ ਹੈ।

ਅਜੋਕੇ ਧਰਮੀਆਂ 'ਚ ਸੇਵਾ ਭਾਵ ਵਰਗੇ ਸ਼ਬਦ ਆਮ ਕਰਕੇ ਕਦੋਂ ਦੇ ਮਰ ਚੁੱਕੇ ਹਨ। ਧਾਰਮਿਕ ਸੰਸਥਾਵਾਂ ਦੀਆਂ ਮੈਂਬਰੀਆਂ, ਅਹੁਦੇਦਾਰੀਆਂ ਵਾਸਤੇ ਜੂਤ-ਪਤਾਣ ਹੁੰਦੇ ਹਨ। ਕਮੇਟੀਆਂ ਦੀਆਂ ਪ੍ਰਧਾਨਗੀਆਂ ਸਿਆਸੀ ਤਾਕਤ ਅਤੇ ਬੰਦੂਕਾਂ, ਕ੍ਰਿਪਾਨਾਂ, ਬਰਛਿਆਂ, ਤ੍ਰਿਸ਼ੂਲਾਂ ਅਤੇ ਗੁੰਡਿਆਂ ਦੀਆਂ ਧਾੜਾਂ ਦੇ ਆਸਰੇ ਜਿੱਤੀਆਂ ਜਾਂਦੀਆਂ ਹਨ। ਜਿਹੜੇ ਸੱਤਾਧਾਰੀ ਧੜਿਆਂ ਨਾਲ ਸਹਿਮਤ ਨਾ ਹੋਣ ਉਨ੍ਹਾਂ ਨੂੰ ਗੈਰਇਖ਼ਲਾਕੀ 'ਧਾਰਮਿਕ ਆਗੂਆਂ' ਵਲੋਂ ਝੂਠੇ ਬਹਾਨਿਆਂ ਨਾਲ 'ਧਰਮ' ਦੇ ਨਾਂ 'ਤੇ ਤਨਖਾਹਾਂ ਲਾਈਆਂ ਜਾਂਦੀਆਂ ਹਨ। ਉਨ੍ਹਾਂ ਦੇ ਖਿਲਾਫ ਝੂਠੇ ਫਤਵੇ ਜਾਰੀ ਕੀਤੇ ਜਾਂਦੇ ਹਨ। ਧਰਮ ਵਿਚੋਂ ਖਾਰਜ ਕੀਤਾ

ਜਾਂਦਾ ਹੈ, ਜਿਵੇਂ ਉਹ "ਰੱਬ" ਦੇ ਪ੍ਰਤੀਨਿਧ ਹੋਣ। ਬਾਬਾ, ਇਹ ਅੱਜ ਹੋ ਰਿਹਾ ਹੈ ਤੇਥੋਂ ਛੇ ਸੌ ਸਾਲ ਬਾਅਦ। ਤਰੱਕੀ ਦੀਆਂ ਸਿਖਰਾਂ ਛੋਹ ਰਹੇ ਜੁੱਗ ਵਿਚ ਇਹ ਮੱਧਜੁਗੀ ਜੀਊੜੇ ਪਿਛਲਖੁਰੀ ਤੁਰਨ ਦੀ ਰੀਹਰਸਲ ਕਰ ਰਹੇ ਹਨ। ਆਪਣੇ ਆਪ ਨੂੰ ਸੂਰਮੇ ਅਖਵਾਉਣ ਲਈ ਦੂਸਰੇ ਦੇ ਧਰਮ ਦੀ ਨਿਰਾਦਰੀ ਅਜ ਕਲ ਦੇ "ਮਹਾਂਪੁਰਸ਼ਾਂ" ਦਾ ਨਿੱਤ ਦਿਹਾੜੀ ਦਾ ਕਾਰੋਬਾਰ ਹੈ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਦੂਸਰੇ ਦੇ ਧਰਮ ਦੀ ਨਿਰਾਦਰੀ ਕਰਨ ਵਾਲਾ ਕੋਈ ਧਰਮੀ ਹੋ ਹੀ ਨਹੀਂ ਸਕਦਾ। ਇਹ 'ਸੱਜਣ' ਹੰਕਾਰੀ ਹੀ ਨਹੀਂ ਮੂਰਖ ਵੀ ਹਨ, ਜੋ ਮਨੁੱਖਤਾ ਦੇ ਅਰਥ ਹੀ ਭੁੱਲ ਗਏ ਹਨ। ਇਨ੍ਹਾਂ ਕਦੇ ਨਹੀਂ ਸੋਚਿਆ ਕਿ ਧਰਮ ਕੋਈ ਅਸਮਾਨੋਂ ਡਿਗੀ ਸ਼ੈਅ ਨਹੀਂ ਸਮਾਜੀ ਅਸੂਲਾਂ ਵਿਚੋਂ ਹੀ ਉਪਜਿਆ ਇਕ ਵਰਤਾਰਾ ਹੈ। ਪਰ ਇਹ ਆਪ ਹੀ ਸਮਾਜੀ ਅਸੂਲਾਂ ਨੂੰ 'ਸੋਧ' ਕੇ, ਉਹਦੇ 'ਤੇ ਕਬਜ਼ਾ ਕਰਕੇ ਆਪਣੇ ਆਪ ਨੂੰ ਸੂਤ ਬੈਠਦੀ ਧਾਰਮਿਕਤਾ ਦੀ ਵਾੜ ਕਰ ਦਿੰਦੇ ਹਨ। ਰਹੀ ਗੱਲ ਸੇਵਾ ਭਾਵ ਦੀ, ਪ੍ਰੇਮ ਦੀ। ਸੇਵਾ ਭਾਵ ਦੇ ਇਨ੍ਹਾਂ ਨੇ ਅਰਥ ਹੀ ਬਦਲ ਦਿੱਤੇ ਹਨ। ਪ੍ਰਬੰਧਕਾਂ ਨੂੰ ਪ੍ਰੇਮ ਗੁਰੂ ਘਰ ਨਾਲ ਨਹੀਂ ਉੱਥੇ ਚੜ੍ਹਾਵੇ ਦੀ ਚੜ੍ਹਦੀ ਮਾਇਆ ਨਾਲ ਹੈ। ਇੱਥੇ ਗਿਆਨ ਨੂੰ ਰੁਮਾਲਿਆਂ ਵਿਚ ਲਪੇਟ ਕੇ ਸਿਰਫ ਮੱਥੇ ਰਗੜਨ ਦਾ ਸਾਧਨ ਬਣਾਇਆ ਜਾ ਰਿਹਾ ਹੈ। ਜਾਣਦੇ ਉਹ ਵੀ ਹਨ ਕਿ ਇਹ ਮੁਕਤੀ ਦਾ ਰਾਹ ਨਹੀਂ। ਤੂੰ ਸਾਰੀ ਉਮਰ ਲੋਕਾਂ ਨੂੰ ਅੰਧ ਵਿਸ਼ਵਾਸ 'ਚੋਂ ਕੱਢਣ ਦਾ ਜਤਨ ਕਰਦਾ ਰਿਹਾ ਪਰ ਇਹ ਜੋ ਆਪਣੇ ਆਪ ਨੂੰ ਤੇਰੇ ਵਿਸ਼ਵਾਸੀ ਦੱਸਦੇ ਹਨ ਆਪਣੇ ਸਵਾਰਥਾਂ ਖਾਤਰ ਲੋਕਾਂ ਅੰਦਰ ਖੁਦ ਅੰਧ ਵਿਸ਼ਵਾਸ ਦਾ ਗੰਦ ਖਿਲਾਰਕੇ ਹੀ ਲੋਕਾਂ ਦੀ ਲੁੱਟ ਕਰਦੇ ਹਨ। ਖੌਰੇ ਇਸੇ ਗੱਲ ਨੂੰ ਦੇਖਣ ਤੋਂ ਬਾਅਦ ਤੰਗ ਆਏ ਕਿਸੇ ਕਵੀ ਨੇ ਤੈਨੂੰ ਸੰਬੋਧਨ ਕਰਕੇ ਲਿਖੀ ਕਵਿਤਾ ਵਿਚ ਲਿਖਿਆ ਸੀ :-

ਘਸ ਘਸ ਮੱਥਿਉਂ ਲੀਕਾਂ ਮਿਟੀਆਂ
ਅਜੇ ਵੀ ਘਸਦੇ ਫਿਰਦੇ ।

ਜਦੋਂ ਤੱਕ ਗਿਆਨ ਉੱਤੇ ਕੂੜ ਦੀ ਧੁੰਦ ਪਸਰੀ ਰਹੇਗੀ ਇਹ ਮੱਥੇ ਸਿਰਫ ਘਸਦੇ ਹੀ ਰਹਿਣਗੇ। ਜਦੋਂ ਗਿਆਨ ਦੀ ਲੋਅ ਪਸਰੇਗੀ ਇਹ ਮੱਥੇ ਚਮਕ ਪੈਣਗੇ। ਜਦੋਂ ਇਨ੍ਹਾਂ ਗਿਆਨ ਭਰਪੂਰ ਚਮਕਦੇ ਮੱਥਿਆਂ ਨੇ ਦਹਿਕਦੀ ਸੋਚ ਲੈ ਕੇ ਉੱਠਣਾ ਹੈ, 'ਤਕਦੀਰ' ਆਪਣੇ ਆਪ ਹੀ ਬਦਲ ਜਾਵੇਗੀ। ਉਦੋਂ ਦੰਭੀ, ਪਖੰਡੀ, ਝੂਠੇ ਤੇ ਭੇਖੀ ਸਭ ਮਹੁਰਾ ਖਾ ਕੇ 'ਮੁਕਤੀ' ਪ੍ਰਾਪਤ ਕਰਨਗੇ। ਜਦੋਂ ਭਾਈ ਲਾਲੋਆਂ ਦਾ ਟੋਲਾ ਇਕੱਠਾ ਹੋਇਆ ਤਾਂ ਲੁਟੇਰੇ ਹਾਕਮਾਂ ਦੇ ਔਰੰਗਜੇਬੀ ਨਸ਼ੇ ਚੂਰ ਚੂਰ ਹੋ ਜਾਣਗੇ। ਉਦੋਂ ਧਰਮ ਦੇ ਮਖੌਟਿਆਂ 'ਚ ਲੁਕੇ ਸ਼ੈਤਾਨ ਆਪਣੀ ਹੀ ਜਿੰਦ ਬਚਾਉਣ ਲਈ ਜਤਨ ਕਰਨਗੇ। ਸਰਦਾਰੀ ਕਿਰਤ ਦੀ ਹੋਵੇਗੀ। ਝੂਠ ਦੀ ਹਾਰ ਤੇ ਸੱਚ ਦੀ ਜਿੱਤ ਹੋਵੇਗੀ।

ਬਾਬਾ, ਤੂੰ ਹੀ ਤਾਂ ਸੀ ਜੀਹਨੇ ਬਾਬਰ ਦੇ ਹਮਲੇ ਵੇਲੇ ਸੱਚੇ ਸਿਰਜਣਹਾਰ ਨੂੰ ਵੀ ਮਿਹਣਾ ਮਾਰਦਿਆ ਆਖਿਆ ਸੀ :-



ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨਾ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕੁਰਲਾਣੈ
ਤੈ ਕੀ ਦਰਦੁ ਨ ਆਇਆ ॥

ਬਾਬਾ, ਅੱਜ ਅਸੀਂ ਇਕੀਵੀਂ ਸਦੀ ਵਿਚ ਵਿਚਰ ਰਹੇ ਹਾਂ। ਰੋਬੋਟ ਤੇ ਐਟਮ ਦਾ ਜੁੱਗ ਵੀ ਪਿੱਛੇ ਰਹਿੰਦਾ ਨਜ਼ਰ ਆ ਰਿਹਾ ਹੈ। ਸੰਸਾਰ ਏਨੀ ਤੇਜ ਗਤੀ ਨਾਲ ਅੱਗੇ ਵਧ ਰਿਹਾ ਹੈ ਕਿ ਸੋਚ ਤੋਂ ਵੀ ਤੇਜ ਦਿਸਦੀ ਹੈ ਇਸ ਦੀ ਰਫਤਾਰ। ਪਰ, ਅੰਧ ਵਿਸ਼ਵਾਸੀ ਅਜੇ ਵੀ ਪੱਥਰਾਂ ਦੀ ਪੂਜਾ 'ਚ ਹੀ ਮਗ੍ਨ ਹਨ। ਆਪਣੇ ਪਾਪ ਲੁਕੋਣ ਖਾਤਰ ਆਪਣੇ ਹੀ ਬੱਚਿਆਂ ਦੇ ਮੂਹੋਂ ਦੁੱਧ ਖੋਹ ਕੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੁੱਧ/ਕੱਚੀ ਲੱਸੀ ਨਾਲ ਨੁਹਾਈ ਜਾਂਦੇ ਹਨ। ਇਨ੍ਹਾਂ ਹੀ ਬੇਜਾਨ ਪੱਥਰਾਂ/ਮੂਰਤੀਆਂ ਅੱਗੇ ਖੜ੍ਹੇ ਹੋ ਕੇ ਆਪਣੇ ਅਗਿਆਨੀ ਮਨ ਨੂੰ ਝੂਠ ਦੇ ਲਾਰੇ ਵਾਲਾ ਠੁੰਮਣਾ ਦਿੰਦੇ ਹਨ। ਕਈ ਸਾਰੇ ਅਜਿਹੇ ਵੀ ਹਨ ਜੋ ਇਨ੍ਹਾਂ 'ਪੱਥਰਾਂ' ਤੋਂ ਠੱਗੀ-ਠੋਰੀ ਦਾ ਵਰ ਮੰਗਦੇ ਹਨ। ਅਜੇ ਵੀ ਟੂਣੇ-ਟਾਮਣ, ਵਹਿਮ-ਭਰਮ ਉਂਜ ਹੀ ਹਨ। ਅਜੇ ਵੀ 'ਸੂਰਜ ਦੇਵਤੇ' ਨੂੰ ਪਾਣੀ ਦਿੱਤਾ ਜਾਂਦਾ ਹੈ। ਪਿੱਪਲਾਂ ਦੇ ਲੱਕ ਦੁਆਲੇ ਕੱਚੇ ਸੂਤ ਦੇ ਧਾਗੇ ਲਪੇਟੇ ਜਾਂਦੇ ਹਨ, ਚੌਰਾਹਿਆਂ ਵਿਚ ਨੌਣ੍ਹ ਕਰਦੀਆਂ ਅੰਧਵਿਸ਼ਵਾਸੀ ਔਰਤਾਂ ਪਤਾ ਨਹੀਂ ਕਿਸਤੋਂ ਪੁੱਤ ਦੀ ਦਾਤ ਮੰਗਦੀਆਂ ਹਨ? ਛੱਪੜਾਂ ਦੇ ਗੰਦੇ ਪਾਣੀ ਵਿਚ ਲਲੇਰ ਤਾਰੇ ਜਾਂਦੇ ਹਨ ਆਦਿ। ਜਿਨ੍ਹਾਂ ਕੰਮਾਂ ਤੋਂ ਤੂੰ ਲੋਕਾਂ ਨੂੰ ਦਲੀਲ ਨਾਲ ਵਰਜਿਆਂ ਸਮਾਜ ਦਾ ਵੱਡਾ ਹਿੱਸਾ ਅਜੇ ਵੀ ਉਨ੍ਹਾਂ ਹੀ ਅੰਧ ਵਿਸ਼ਵਾਸਾਂ, ਕਰਮ-ਕਾਡਾਂ ਵਿਚ ਫਸਿਆ ਪਿਆ ਹੈ। ਸਮਾਜ ਦੇ ਮੋਹਰੀ ਸਭ ਤੇਰੀ ਸਿੱਖਿਆ ਤੋਂ ਕੋਰੇ ਨਜ਼ਰ ਆਉਂਦੇ ਹਨ। ਚਿੱਤ ਪ੍ਰਚਾਉਣ ਅਤੇ ਦੂਜਿਆਂ ਲਈ ਦਿਖਾਵੇ ਵਜੋਂ ਆਪਣੇ ਘਰਾਂ 'ਚ ਤੇਰੀਆਂ ਵੱਡੀਆਂ ਵੱਡੀਆਂ ਫੋਟੋਆਂ ਲਾਉਂਦੇ ਹਨ, ਬਸ! ਸਿਰਫ ਫੋਟੋਆਂ ਹੀ ਲਾਉਂਦੇ ਹਨ।

ਧੀਆਂ ਨੂੰ ਧਿਆਣੀਆਂ, ਕੰਜਕਾਂ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਘਰਾਂ ਵਿਚ ਕਿਸੇ ਪਵਿੱਤਰ ਮੌਕੇ ਵੰਡੇ ਜਾਣ ਵੇਲੇ ਪ੍ਰਸਾਦ ਵੀ ਪਹਿਲਾਂ ਧੀ ਧਿਆਣੀ ਦੇ ਹੱਥ 'ਤੇ ਹੀ ਧਰਿਆ ਜਾਂਦਾ ਹੈ। ਪਰ, ਧੀ ਦੇ ਜੰਮਣ 'ਤੇ ਘਰਾਂ 'ਚ ਸੱਥਰ ਵਿਛਣ ਵਰਗੀ ਹਾਲਤ ਹੁੰਦੀ ਹੈ। ਜਿਨ੍ਹਾਂ ਘਰਾਂ ਵਿਚ ਪੁੱਤਰ ਦੇ ਜੰਮਣ ਵੇਲੇ ਮਠਿਆਈਆਂ ਵੰਡੀਆਂ ਜਾਂਦੀਆਂ ਹਨ, ਅਖੰਡ ਪਾਠ ਖੋਲ੍ਹ, ਜਗਰਾਤੇ ਕਰ, ਗਵੱਈਆਂ ਦੇ ਅਖਾੜੇ ਲਵਾ ਕੇ ਨਵੇਂ ਜੀਅ ਦੇ ਆਉਣ ਦੀ ਖੁਸ਼ੀ ਲੋਕਾਂ ਨਾਲ ਸਾਂਝੀ ਕੀਤੀ ਜਾਂਦੀ ਹੈ, ਦਾਰੂ ਪੀ ਕੇ ਦੁਰਲੀਆਂ ਮਾਰੀਆਂ ਜਾਂਦੀਆਂ ਹਨ ਉਨ੍ਹਾਂ ਹੀ ਘਰਾਂ ਵਿਚ ਧੀ ਦੇ ਜੰਮਣ ਵੇਲੇ 'ਇਹ ਨਿਮਾਣੀ ਕਿਸੇ ਹੋਰ ਥਾਏਂ ਜੰਮ ਪੈਂਦੀ' ਆਦਿ ਕੁਲੈਹਣੇ ਸ਼ਬਦ ਸੁਣਨ ਨੂੰ ਮਿਲਦੇ ਹਨ। ਪੁਰਾਣੇ ਸਮਿਆਂ ਵਿਚ ਧੀਆਂ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ ਪਰ ਹੁਣ ਗੱਲ ਇਸ ਤੋਂ

ਵੀ ਅੱਗੇ ਲੰਘ ਗਈ ਹੈ ਕਿ ਜੰਮਣ ਤੋਂ ਵੀ ਪਹਿਲਾਂ ਧੀਆਂ ਨੂੰ ਕੁੱਖ ਵਿਚ ਹੀ ਮਾਰ ਦਿੱਤਾ ਜਾਂਦਾ ਹੈ। ਜਦੋਂ ਧੀਆਂ ਵੱਡੀਆਂ ਹੋ ਕੇ ਆਪਣੇ ਸਹੁਰੇ ਘਰ ਜਾਂਦੀਆਂ ਹਨ ਤਾਂ ਸਮਾਜਿਕ ਬੁਰਾਈਆਂ ਵਿਚੋਂ ਜੰਮਿਆਂ 'ਸਟੋਵ ਦੇਵਤਾ' ਸਿਰਫ ਘਰ ਵਿਚ ਬਹੂਆਂ ਬਣਕੇ ਆਈਆਂ ਬੇਗਾਨੀਆਂ ਧੀਆਂ ਤੇ ਹੀ ਕਹਿਰਵਾਨ ਹੁੰਦਾ ਹੈ ਅਤੇ ਜਾਨ ਲੈਣ ਤੱਕ ਚਲਾ ਜਾਂਦਾ ਹੈ। ਸਾਡੇ ਸਮਾਜ ਵਿਚ ਪੁੱਤਰਾਂ, ਧੀਆਂ ਦੇ ਵਿਆਹ ਦੇ ਨਾਂ 'ਤੇ ਸੌਦੇ ਹੁੰਦੇ ਹਨ। ਇੱਥੇ ਹਰ ਚੀਜ਼ ਪੁੱਤਰ-ਧੀਆਂ, ਸਿਆਸਤ, ਧਰਮ, ਆਲੂ, ਗੰਢੇ, ਗੋਭੀ ਆਦਿ ਘੱਟ-ਵੱਧ ਭਾਅ ਨਾਲ ਵਿਕਦੇ ਹਨ। ਸਮਾਜੀ ਕਦਰਾਂ-ਕੀਮਤਾਂ ਕਿੱਥੋਂ ਤੱਕ ਗਰਕ ਗਈਆਂ ਹਨ ਕਿ 'ਸੁੱਖਾਂ ਸੁੱਖ ਕੇ' ਜੰਮੇ ਪੁੱਤਰਾਂ ਨੂੰ ਵੇਚਣ ਤੋਂ ਵੀ ਲੋਕ ਸ਼ਰਮ ਨਹੀਂ ਖਾਂਦੇ। 'ਵੱਡੇ' ਕਹੇ ਜਾਂਦੇ ਲੋਕਾਂ ਦੇ ਧੀਆਂ ਪੁੱਤਰਾਂ ਦੀ ਕੀਮਤ ਵੀ ਆਮ ਨਾਲੋਂ ਵੱਧ ਪੈਂਦੀ ਹੈ।

ਬਾਬਾ, ਪਿੱਛੇ ਜਹੇ ਤੇਰੇ ਪੈਰ ਛੋਹਾਂ ਵਾਲੀ ਧਰਤੀ ਤੇ ਉਹਦੇ ਲੋਕਾਂ ਨੇ ਅੱਗ ਦਾ ਦਰਿਆ ਤਰਿਆ। ਧਾਰਮਿਕ ਮਖੌਟਿਆਂ ਵਾਲਿਆਂ ਨੇ ਧਾਰਮਿਕ ਰਵਾਇਤਾਂ ਦੀ ਸ਼ਰਮ ਕੀਤੇ ਬਿਨਾਂ ਉਹਦੀਆਂ ਲੀਰਾਂ ਕੀਤੀਆਂ। ਸੱਤਾ ਦੇ ਹਕੂਮਤੀ ਨਸ਼ੇ ਵਿਚ ਹਾਕਮਾਂ ਨੇ ਆਪਣੇ ਫ਼ਰਜ ਨਾ ਨਿਭਾਏ ਸਗੋਂ ਫਾਸਿਸ਼ਟ/ਔਰੰਗਜੇਬੀ ਮਾਨਸਿਕਤਾ ਉੱਤੇ ਦੱਬ ਕੇ ਪਹਿਰਾ ਦਿੱਤਾ। ਹੰਕਾਰ ਦੇ ਨਾਅਰੇ ਮਾਰਦੀਆਂ ਇਨ੍ਹਾਂ ਧਿਰਾਂ ਨੇ ਤੇਰੇ ਸੁੱਚੇ ਬੋਲਾਂ ਵਲ ਪਿੱਠ ਕਰਕੇ 'ਸਭੈ ਸਾਂਝੀਵਾਲ ਸਦਾਇਣ......' ਦੇ ਵਾਕ ਦਾ ਨਿੱਤ ਕਤਲ ਕੀਤਾ। ਬਾਬਾ, ਤੂੰ ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ ਰਬਾਬ ਦੀਆਂ ਸੁਰਾਂ 'ਤੇ ਮਨੁੱਖੀ ਮਨਾਂ ਵਿਚ ਭਾਈਚਾਰਕ ਸਾਂਝ, ਨਿਮਰਤਾ ਤੇ ਨਿਰਮਾਣਤਾ ਦਾ ਵਾਸ ਕਰਵਾਉਂਦਾ ਰਿਹਾ। ਆਪਣੇ ਆਪ ਨੂੰ ਧਾਰਮਿਕ ਦੱਸਣ ਵਾਲੇ ਧਾਰਮਿਕਤਾ ਭੁੱਲ ਬੈਠੇ। ਵੱਖਰੀ ਧਾਰਮਿਕ ਆਸਥਾ ਵਾਲਿਆਂ ਨਾਲ ਲੰਮਾ ਸਮਾਂ ਗੈਰ-ਮਨੁੱਖੀ ਵਿਹਾਰ ਹੁੰਦਾ ਰਿਹਾ। ਲੋਕਾਂ ਨੇ ਆਪਣੇ ਘਰਾਂ ਨੂੰ ਹੱਥੀਂ ਜਿੰਦਰੇ ਲਾਕੇ ਜਾਨ ਬਚਾਉਣ ਵਿਚ ਹੀ ਭਲਾ ਸਮਝਿਆ। ਹੱਡੀਂ ਦਰਦ ਹੰਢਾਉਣ ਵਾਲੇ ਜ਼ਖਮੀ ਹੋਈ ਮਾਨਸਿਕਤਾ ਲੈ ਕੇ ਦਰ ਦਰ ਦੀਆਂ ਠੋਕਰਾਂ ਖਾਂਦੇ ਰਹੇ।

ਮੰਨੂੰ ਨੇ ਵਰਣ-ਵੰਡ ਰਾਹੀਂ ਮਨੁੱਖੀ ਮਨਾਂ ਵਿਚ ਜ਼ਹਿਰ ਘੋਲਿਆ। ਜਿਸ ਜ਼ਹਿਰ ਦਾ ਅਸਰ ਸਦੀਆਂ ਤੋਂ ਬਾਅਦ ਵੀ ਸਮਾਜ ਅੰਦਰ ਬਹੁਤ ਡੂੰਘਾ ਹੈ। ਬਾਬਾ, ਤੂੰ ਇਸ ਮਨੁੱਖੀ ਮਨਾਂ ਦੀ ਵੰਡ, ਛੂਤ-ਛਾਤ, ਜਾਤ-ਪਾਤ ਦੇ ਖਿਲਾਫ ਸੱਚ ਦੇ ਬੋਲ ਉੱਚੇ ਕੀਤੇ, ਜ਼ੁਲਮ ਅਤੇ ਹਰ ਬੁਰਾਈ ਦੇ ਖਿਲਾਫ ਲੜਿਆ। ਅਫਸੋਸ ਕਿ ਆਪਣੇ ਆਪ ਨੂੰ ਤੇਰੇ ਵਾਰਸ ਅਖਵਾਉਣ ਵਾਲੇ ਵੀ ਇਸੇ ਰੋਗ ਦੇ ਮਰੀਜ਼ ਹਨ, ਕੋਈ ਜੱਟ ਸਿੱਖ, ਮੱਜ਼ਬੀ ਸਿੱਖ, ਰਾਮਗੜੀਆ ਸਿੱਖ, ਰਵਦਾਸੀਆ ਸਿੱਖ, ਭਾਪਾ ਸਿੱਖ ਆਦਿ ਹੋਰ ਪਤਾ ਨਹੀਂ ਕਿੰਨੇ ਕੁ ਪਾੜੇ ਗਿਣੇ ਜਾਣ। ਧਾਰਮਿਕ ਸਥਾਨਾਂ ਨੂੰ ਵੀ ਵੱਖੋ-ਵੱਖਰੀ ਪਛਾਣ ਅਧੀਨ ਹੀ ਉਸਾਰਿਆ ਜਾਂਦਾ ਹੈ। ਬਾਬਾ, ਦਸਵੇਂ ਗੁਰੂ ਤੇ ਖਾਲਸੇ ਦੇ ਸਿਰਜਣਹਾਰੇ ਨੇ ਇੱਕੋ ਬਾਟੇ ਵਿਚ ਅਮ੍ਰਿਤ ਛਕਾ ਕੇ ਜਾਤ-ਪਾਤ, ਊਚ-ਨੀਚ ਤੇ ਵੱਡੇ ਛੋਟੇ ਦਾ ਭੇਦ ਭਾਵ ਖਤਮ ਕੀਤਾ। ਪਰ ਜਿਨ੍ਹਾਂ ਅੰਦਰ ਮਨੂੰ ਦੀ 'ਰੂਹ' ਸਮਾਈ ਫਿਰਦੀ ਹੈ ਉਨ੍ਹਾਂ ਦਾ ਕੋਈ ਕੀ ਕਰੇ? ਕਹਿੰਦੇ ਹਨ ਸਿੱਖ ਦੀ ਕੋਈ ਜਾਤ ਨਹੀਂ ਹੁੰਦੀ, ਜੇ ਕੋਈ ਜਾਤ-ਪਾਤ ਨੂੰ ਮੰਨੇ ਤਾਂ



ਉਹ ਸਿੱਖ ਨਹੀਂ ਹੁੰਦਾ। ਆਮ ਲੋਕਾਂ ਦੀ ਤਾਂ ਗੱਲ ਹੀ ਛੱਡੋ ਇੱਥੇ ਤਾਂ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਆਪਣੇ ਆਪ ਨੂੰ ਸਮਾਜ ਸੁਧਾਰਕ ਆਖਣ ਵਾਲੇ ਸਮਾਜ ਦੇ 'ਆਗੂ' ਵੀ ਜਾਤ-ਪਾਤ ਦੇ ਗੰਦ ਨੂੰ ਬਾਂਦਰੀ ਦੇ ਮਰੇ ਬੱਚੇ ਵਾਂਗ ਬਿਨਾਂ ਸ਼ਰਮ-ਹਯਾ ਤੋਂ ਹਿੱਕ ਨਾਲ ਲਾਈ ਫਿਰਦੇ ਹਨ। ਬਾਬਾ, ਤੂੰ ਜਾਤ-ਪਾਤ ਨੂੰ ਭੰਡਿਆ, ਮਨੁੱਖਾਂ ਦਰਮਿਆਨ ਪਾਈਆਂ ਵੰਡੀਆਂ ਨੂੰ ਗਲਤ ਕਿਹਾ ਅਤੇ ਅਸਲ ਮਨੁੱਖ ਦੀ ਪਹਿਚਾਣ ਕਰਦਿਆਂ ਕਿਹਾ ਸੀ :-

ਨਾ ਕੋ ਪੜਿਆ ਪੰਡਿਤੁ ਬੀਨਾ
ਨਾ ਕੋ ਮੂਰਖ ਮੰਦਾ ॥
ਬੰਦੀ ਅੰਦਰਿ ਸਿਫਤ ਕਰਾਏ
ਤਾਕਉ ਕਹੀਐ ਬੰਦਾ ॥

ਬਾਬਾ ਤੂੰ ਹਮੇਸ਼ਾ ਮਜ਼ਲੂਮਾਂ ਦੇ ਪਾਸੇ ਖੜ੍ਹਕੇ ਆਪਣੇ ਆਪ ਨੂੰ ਉਨ੍ਹਾਂ ਦਾ ਸੰਗੀ-ਸਾਥੀ ਹੀ ਦੱਸਿਆ, ਜ਼ੁਲਮ ਨੂੰ ਲਲਕਾਰਿਆ।

ਨੀਚਾ ਅੰਦਰੁ ਨੀਚ ਜਾਤਿ
ਨੀਚੀ ਹੂੰ ਅਤਿ ਨੀਚ ॥
ਨਾਨਕ ਤਿਨਕੈ ਸੰਗਿ ਸਾਥਿ
ਵੱਡਿਆਂ ਸਿਉ ਕਿਆ ਰੀਸੁ ॥

ਬਾਬਾ! ਨੌਵੇਂ ਗੁਰੂ (ਸ੍ਰੀ ਗੁਰੂ ਤੇਗ ਬਹਾਦਰ) ਨੇ ਔਰੰਗਜ਼ੇਬ ਵਲੋਂ ਮਜ਼ਲੂਮ ਹਿੰਦੂਆਂ 'ਤੇ ਕੀਤੇ ਜਾਂਦੇ ਜ਼ੁਲਮਾਂ ਕਰਕੇ ਸਲਤਨਤ ਦੇ ਸ਼ਹਿਨਸਾਹਾਂ ਨੂੰ ਲਲਕਾਰਿਆ। ਇਸ ਕਰਕੇ ਨਹੀਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਤਿਲਕ-ਜੰਜੂ ਨਾਲ ਪਿਆਰ ਸੀ, ਨਹੀਂ-ਬਿਲਕੁਲ ਨਹੀਂ। ਤਿਲਕ-ਜੰਜੂ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਵੀ ਕੋਈ ਪ੍ਰੇਮ ਨਹੀਂ ਸੀ। ਲੜਾਈ ਜ਼ੁਲਮ ਤੇ ਮਜ਼ਲੂਮ ਦੇ ਵਿਚਕਾਰ ਸੀ। ਗੁਰੂ ਸਾਹਿਬ ਨੇ ਮਜ਼ਲੂਮਾਂ ਦੀ ਬਾਂਹ ਫੜੀ। ਜ਼ੁਲਮ ਅੱਗੇ ਝੁਕਣ ਦੀ ਥਾਂ ਜ਼ੁਲਮ ਨੂੰ ਲਲਕਾਰਦਿਆਂ ਦੂਸਰੇ ਧਰਮ ਦੇ ਲੋਕਾਂ ਖਾਤਰ ਆਪਣਾ ਸੀਸ ਵਾਰਿਆ, ਮਜ਼ਲੂਮਾਂ ਦੀ ਰਾਖੀ ਕੀਤੀ ਤੇ ਹਿੰਦ ਦੀ ਚਾਦਰ ਬਣੇ।

ਨਫਰਤਾਂ ਦੇ ਸੌਦਾਗਰ ਜਿਨ੍ਹਾਂ ਲਈ ਧਰਮ ਵੀ ਵਪਾਰ ਹੈ, ਉਹ ਕਿਸੇ ਦੂਜੇ ਧਰਮ ਦਾ ਅਪਮਾਨ ਕਰਨ ਵੇਲੇ ਸੋਚਣ ਦਾ ਪੱਲਾ ਛੱਡ ਦਿੰਦੇ ਹਨ। ਕਿਸੇ ਦੂਸਰੇ ਧਰਮ ਵਾਲੇ ਦੇ ਵਿਸ਼ਵਾਸੀ ਦਾ ਵੱਖਰਾ ਸਰੂਪ ਹੋਣ ਕਰਕੇ ਉਸਨੂੰ ਬਿਨਾ ਕਿਸੇ ਕਸੂਰ ਦੇ 'ਪਾਰ ਬੁਲਾ ਦੇਣਾ' ਇਹ ਤਾਂ ਨੌਵੇਂ ਗੁਰੂ ਦੀ ਭਾਵਨਾ ਨੂੰ ਕਤਲ ਕਰਨ ਦੇ ਬਰਾਬਰ ਹੈ। ਤੇਰੇ ਪੈਰ ਛੋਹਾਂ ਵਾਲੀ ਧਰਤੀ 'ਤੇ ਅਜਿਹਾ ਵੀ ਹੁੰਦਾ ਰਿਹਾ। ਬੜਾ ਲੰਮਾ ਸਮਾਂ ਹੁੰਦਾ ਰਿਹਾ।

ਜ਼ੁਲਮ ਪਹਿਲਾਂ ਵੀ ਹੁੰਦਾ ਸੀ, ਅੱਜ ਵੀ ਹੋ ਰਿਹਾ ਹੈ। ਪਰ ਬਾਬਾ, ਤੇਰੇ ਸੁੱਚੇ ਬੋਲਾਂ ਨੂੰ ਪਿਛਲੇ ਕਾਲੇ ਸਮੇਂ ਵਿਚ ਵੀ ਢਾਲ ਬਣਾ ਕੇ ਜ਼ੁਲਮ ਨੂੰ ਲਲਕਾਰਿਆ ਗਿਆ। ਕਿਰਤੀਆਂ ਦਾ ਸੁਚਾ ਲਹੂ ਸੜਕਾਂ ਤੇ ਡੁੱਲਦਾ ਰਿਹਾ। ਧਾਰਮਿਕ ਸਥਾਨਾਂ ਅੰਦਰ ਅਣਮਨੁੱਖੀ

ਕੁਕਰਮ ਹੁੰਦੇ ਰਹੇ। ਮੱਜ੍ਹਬੀ ਜਨੂਨ ਜੋ ਪਾਗਲਪਨ ਦਾ ਹੀ ਦੂਜਾ ਨਾਮ ਹੈ ਦੇ ਜ਼ਹਿਰ ਨਾਲ ਸਾਰੇ ਵਾਤਾਵਰਣ ਨੂੰ ਗੰਦਾ/ਜ਼ਹਿਰੀ ਕੀਤਾ ਗਿਆ। ਕਿਸੇ ਨੂੰ ਗੁਰੂ ਘਰੋਂ ਮੁੜਦਿਆਂ ਹੱਥਾਂ 'ਚ ਪ੍ਰਸਾਦ ਸਮੇਤ ਗੁਰੂ ਦੇ ਦੁਆਰੇ ਦੀ ਸਰਦਲ ਤੇ ਗੋਲੀ ਮਾਰ ਦਿੱਤੀ ਗਈ। ਕੋਈ ਬੱਚਾ ਆਪਣੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਗਿਆ ਆਪਣੇ ਮਾਸੂਮ ਸੁੱਚੇ ਲਹੂ ਨਾਲ ਗੁਰੂ ਦੇ ਚਰਨੀਂ ਢੇਰੀਂ ਕਰ ਦਿੱਤਾ ਗਿਆ, ਮੁੜ ਘਰ ਨਾ ਪਰਤਿਆ, ਮਾਪੇ ਰਾਹ ਉਡੀਕਦੇ ਰਹੇ। ਹਕੂਮਤੀ ਦਹਿਸ਼ਤਗਰਦੀ ਨੇ ਬੁਢਾਪੇ ਦੀਆਂ ਡੰਗੋਰੀਆਂ ਖੋਹ ਲਈਆਂ, ਯਤੀਮਾਂ ਅਤੇ ਵਿਧਵਾਵਾਂ ਦੀ ਲੰਮੀ ਕਤਾਰ ਬੰਨ ਦਿੱਤੀ। ਗੁੰਡਿਆਂ ਨੇ ਮਾਸੂਮਾਂ, ਬੇਕਸੂਰਾਂ ਨੂੰ ਵੀ ਨਾ ਬਖਸ਼ਿਆ। ਮਾਂਵਾਂ ਦੀਆਂ ਝੋਲੀਆਂ ਕੀਹਦੇ ਅੱਗੇ ਫਰਿਆਦ ਕਰਦੀਆਂ? ਉਦੋਂ ਜਦੋਂ ਜੁਲਮ ਦੀ ਕਾਲੀ ਨੇਰ੍ਹੀ ਚੱਲਦੀ ਸੀ, ਪਖੰਡੀਆਂ ਤੇ ਦੰਭੀਆਂ ਵਲੋਂ ਝੂਠ ਦੇ ਪਰਦੇ ਹੇਠ ਧਰਮ ਦੀ ਦੁਰਵਰਤੋਂ ਕੀਤੇ ਜਾਣ ਵਾਲੀ ਸਥਿਤੀ ਦੇਖ ਕੇ ਲੋਕਾਂ ਦਾ ਜਾਇਆ ਮੇਰੀ ਮਾਂ ਬੋਲੀ ਪੰਜਾਬੀ ਦਾ ਮਾਣ ਮੱਤਾ ਕਵੀ ਸੰਤੋਖ ਸਿੰਘ ਧੀਰ ਬੋਲਿਆ ਸੀ, ਉਹਨੇ ਸੱਚ ਹੀ ਤਾਂ ਕਿਹਾ ਸੀ :-

ਬੜਾ ਬਦਮਾਸ਼ ਹੈ ਔਰੰਗਜੇਬ

ਇਨ੍ਹਾਂ ਸੱਚ ਭਰੇ ਸ਼ਬਦਾਂ ਵਿਚ ਲਲਕਾਰ ਸੀ ਧਰਮ ਦੇ ਨਾਂ 'ਤੇ ਦੰਭ ਹੰਢਾਉਂਦੇ ਦਰਿੰਦਿਆਂ ਨੂੰ , ਜਿਨ੍ਹਾ ਦਾ ਨਿਮਰਤਾ ਅਤੇ ਨਿਰਮਾਣਤਾ ਨਾਲ ਕੋਈ ਵਾਸਤਾ ਨਹੀਂ ਹੁੰਦਾ। ਜਦੋਂ ਗੈਰਾਂ ਦੀ ਚੁੱਕ ਤੇ ਆਪਣਿਆਂ ਨੂੰ ਬੇਗਾਨੇ ਸਮਝਿਆ ਗਿਆ। ਲਾਲਚੀ ਬੇਸਮਝੀ ਨੇ ਬਾਲੇ ਤੇ ਮਰਦਾਨੇ ਦੀ ਸਾਂਝ ਨੂੰ ਕਤਲ ਕਰਨ ਦਾ ਜਤਨ ਕੀਤਾ। ਮਲਕ ਭਾਗੋਆਂ ਦੇ ਵਾਰਸ ਅੱਜ ਦੇ ਸਰਮਾਏਦਾਰ ਹਾਕਮ ਭਾੜੇ ਦੀਆਂ ਪੁਤਲੀਆਂ ਦੀਆਂ ਡੋਰਾਂ ਖਿੱਚ ਕੇ ਤਮਾਸ਼ਾ ਦੇਖਦੇ ਰਹੇ। ਸਾਡੇ ਅਖੌਤੀ ਬੁੱਧੀਜੀਵੀ ਸਮਾਜ ਨੂੰ ਅਗਵਾਈ ਦੇਣ ਤੋਂ ਕੰਨੀ ਕਤਰਾਉਂਦੇ ਹੀ ਦੇਖੇ ਗਏ। ਰੰਗ-ਬਰੰਗੇ 'ਸਾਧਾਂ' ਦੇ ਟੋਲੇ ਸਮਾਜ ਦੇ ਸਾਰੇ ਸੁਖ ਮਾਣਦੇ ਹੋਏ ਲੋਕਾਂ ਨੂੰ ਮੂਰਖ ਬਨਾਉਣ 'ਚ ਹੀ ਵਿਅਸਥ ਰਹਿੰਦੇ ਹਨ। ਵੱਖੋ ਵੱਖ ਟਰੇਡ ਮਾਰਕਾਂ ਥੱਲੇ 'ਧਰਮ ਪ੍ਰਚਾਰ' ਦੇ ਨਾਂ 'ਤੇ ਲੋਕਾਂ ਅੰਦਰ ਵੰਡੀਆਂ ਪਾਈਆਂ ਜਾਂਦੀਆਂ ਹਨ। 'ਧਰਮ' ਦੇ ਨਾਂ 'ਤੇ ਬਣੇ ਡੇਰਿਆਂ ਵਿਚ ਜੋ ਕੁਕਰਮ ਹੋ ਰਹੇ ਹਨ ਉਨ੍ਹਾਂ ਨੂੰ ਸੁਣ/ਪੜ੍ਹ ਕੇ ਮਨ ਬਹੁਤ ਉਦਾਸ ਹੁੰਦਾ ਹੈ। ਇਹ ਉਦਾਸੀ ਰੋਹ ਪੈਦਾ ਕਰਦੀ ਹੈ।

ਬਾਬਾ! ਲੋਕਾਈ ਨੂੰ ਸੁਮੱਤ ਬਖਸ਼ ਕਿ ਅਸੀਂ ਸਾਰੇ ਸਰਬੱਤ ਦੇ ਭਲੇ ਨਾਲ ਜੁੜੇ ਰਹੀਏ। 'ਨੀਚਾ ਅੰਦਰੁ ਨੀਚ ਜਾਤਿ...........' ਵਾਲੇ ਤੇਰੇ ਬੋਲਾਂ ਨੂੰ ਲੈ ਕੇ ਨਿਮਾਣਿਆਂ, ਨਿਤਾਣਿਆਂ ਦੇ ਦਰ ਤੱਕ ਪਹੁੰਚੀਏ ਤੇ ਉਨ੍ਹਾਂ ਨੂੰ ਜਾਗਣ ਦਾ ਹੋਕਾ ਦੇਈਏ। ਹੰਕਾਰ, ਲੋਭ, ਦੰਭ ਤੇ ਅਗਿਆਨ ਦੇ ਹਨੇਰੇ ਚੌਰਾਹਿਆਂ ਵਿਚ ਗਿਆਨ, ਸਾਂਝ, ਸੂਝ ਦੇ ਸੁਹਜਮਈ ਭਰੱਪਣ ਭਰੇ ਚੌਮੁਖੀਏ ਦੀਵੇ ਬਾਲ ਕੇ ਜੱਗ ਨੂੰ ਰੌਸ਼ਨ ਕਰਦਿਆਂ "ਸਭੈ ਸਾਂਝੀਵਾਲ ਸਦਾਈਏ"।



# ਬੇਗਮਪੁਰਾ ਸਹਰ ਕਾ ਨਾਉ

ਗੁਰੂ ਰਵਿਦਾਸ ਜੀ ਦਾ ਆਗਮਨ ਉਸ ਸਮੇਂ ਹੋਇਆ ਜਦੋਂ ਸਮਾਜ ਦੇ ਸਮਾਜਕ, ਰਾਜਨੀਤਕ ਹਾਲਤ ਬਹੁਤ ਭੈੜੇ ਸਨ। ਆਪਣੇ ਆਪ ਨੂੰ ਧਾਰਮਕ ਤੇ ਸਮਾਜਕ ਅਖਵਾਉਂਦੇ ਆਗੂ ਚਰਿਤ੍ਰਹੀਣਤਾ ਦੀਆਂ ਨੀਵਾਣਾਂ ਵਿਚ ਵਹਿ ਗਏ ਸਨ। ਰਾਜਸੀ ਸ਼ਕਤੀ ਵੱਡੇ ਜਗੀਰਦਾਰਾਂ, ਭੂਮੀਪਤੀਆਂ ਦੇ ਹੱਥਾਂ ਵਿਚ ਸੀ, ਜੋ ਰਾਜ-ਭਾਗ ਦੇ ਨਸ਼ੇ ਨਾਲ ਗੁੱਟ ਸਨ। ਅਜਿਹੇ ਸਮੇਂ ਜਦੋਂ ਲੋਕ ਕਰਮ-ਕਾਂਡਾਂ ਵਿਚ ਫਸ ਕੇ ਅੰਧ-ਵਿਸ਼ਵਾਸੀ ਹੋ ਚੁੱਕੇ ਸਨ। ਰਾਜਿਆਂ ਤੇ ਅਮੀਰਾਂ ਵਲੋਂ ਗਰੀਬਾਂ, ਨਿਤਾਣਿਆਂ ਉੱਤੇ ਜੋ ਜ਼ੁਲਮ ਹੁੰਦੇ ਸਨ ਉਹ 'ਰੱਬ ਦੀ ਰਜ਼ਾ', 'ਪਿਛਲੇ ਜਨਮਾਂ ਦਾ ਫਲ' ਆਖ ਕੇ ਜਰੀ ਜਾ ਰਹੇ ਸਨ। ਕਿਉਂਕਿ ਚਾਨਣ ਦੀ ਅਣਹੋਂਦ ਉਨ੍ਹਾਂ ਨੂੰ ਹਨੇਰ ਢੋਈ ਜਾਣ ਲਈ ਮਜਬੂਰ ਕਰੀ ਜਾ ਰਹੀ ਸੀ। ਇਸ ਨੂੰ ਮਨੁੱਖੀ ਜ਼ਿੰਦਗੀ ਕਹੀ ਜਾਣਾ ਐਵੇਂ ਦਿਲ ਨੂੰ ਝੂਠਾ ਧਰਵਾਸ ਦੇਣ ਵਾਲੀ ਗੱਲ ਹੀ ਸੀ। ਉਸ ਸਮੇਂ ਦੀ ਦਸ਼ਾ ਬਿਆਨ ਕਰਦਿਆ ਸਿਰੀ ਰਾਮ ਅਰਸ਼ ਆਪਣੀ ਪੁਸਤਕ 'ਤੁਮ ਚੰਦਨ' ਵਿਚ ਲਿਖਦੇ ਹਨ :

ਵਹਿਮਾਂ ਭਰਮਾਂ ਵਿਚ ਗ੍ਰਸੇ ਸਨ, ਏਥੇ ਕੁੱਲ ਨਰ ਨਾਰੀ
ਕੂੜ ਤੇ ਭੇਖਾਂ ਦੀ ਕਾਇਮ ਸੀ ਥਾਂ ਥਾਂ 'ਤੇ ਸਰਦਾਰੀ

ਭਗਤੀ ਲਹਿਰ ਦਾ ਆਰੰਭ ਅਨਿਆਂ ਅਤੇ ਮਨੁੱਖਾਂ ਦੇ ਦਰਮਿਆਨ ਪਾਈਆਂ ਵੰਡੀਆਂ ਦੇ ਖਿਲਾਫ ਸੀ। ਇਸ ਲਹਿਰ ਦੇ ਆਗੂਆਂ ਵਲੋਂ ਲੋਕਾਂ ਅੰਦਰ ਆਤਮ ਵਿਸ਼ਵਾਸ ਪੈਦਾ ਕਰਨ ਦਾ ਜਤਨ ਕੀਤਾ ਗਿਆ। ਸ਼ੁਰੂ ਵਿਚ ਭਾਵੇਂ ਤੋਰ ਮੱਠੀ ਹੀ ਸੀ ਪਰ ਬਾਅਦ ਵਿਚ ਕਾਫੀ ਲੋਕ ਇਸ ਲਹਿਰ ਨਾਲ ਜੁੜਦੇ ਗਏ। ਇਸੇ ਲਹਿਰ ਅਧੀਨ ਰਾਮਾਨੁਜ ਵਰਗੇ ਬੁੱਧੀਮਾਨ ਵਲੋਂ ਲੋਕਾਂ ਦੀ ਅੰਤਰ ਆਤਮਾ ਨੂੰ ਟੁੰਬਣ ਦਾ ਜਤਨ ਆਰੰਭਣਾਂ ਅਤੇ ਉਸ ਜਤਨ ਨੂੰ ਲਹਿਰ ਬਨਾਉਣ ਵਲ ਵਧਾਉਣਾ ਉਨ੍ਹਾਂ ਦਾ ਜੀਵਨ ਆਦਰਸ਼ ਹੋ ਗਿਆ ਸੀ। ਆਮ ਤੌਰ ਤੇ ਰਾਮਾਨੰਦ ਜੀ ਨੂੰ ਹੀ ਰਵਿਦਾਸ ਜੀ ਦਾ ਗੁਰੂ ਮੰਨਿਆ ਜਾਂਦਾ ਹੈ ਪਰ ਕੁੱਝ ਲੋਕ ਇਸ ਨਾਲ ਸਹਿਮਤ ਨਹੀਂ। ਕਈ ਲੋਕ ਹੋਰ ਗੱਲਾਂ ਵੀ ਲਿਖਦੇ ਹਨ ਜੋ ਮੰਨਣਯੋਗ ਨਹੀਂ। ਭੁਲੇਖਾ ਪਾਊ ਲੋਕ ਤਾਂ ਅਸਲੋਂ ਹੀ ਨਾ ਮੰਨਣਯੋਗ ਰਵਿਦਾਸ ਜੀ ਦੇ ਸਮਕਾਲੀ ਅਤੇ ਗੁਰਭਾਈ ਕਬੀਰ ਜੀ ਨੂੰ ਹੀ ਰਵਿਦਾਸ ਜੀ ਦਾ ਗੁਰੂ ਲਿਖ ਗਏ ਹਨ। ਜਦੋਂ ਕਿ ਕਬੀਰ ਜੀ ਰਾਮਾਨੰਦ ਦੇ 12 ਪ੍ਰਮੁੱਖ ਚੇਲਿਆਂ ਵਿਚੋਂ ਹੀ ਸਨ ਅਤੇ ਗੁਰੂ ਰਵਿਦਾਸ ਜੀ ਤੋਂ ਛੋਟੀ ਉਮਰ ਦੇ ਸਨ। ਗੁਰੂ ਰਵਿਦਾਸ ਜੀ ਅਜਿਹੇ

ਦਾਰਸ਼ਨਿਕ ਸਨ ਜਿਨ੍ਹਾਂ ਨੇ ਨਵੀਂ ਸੋਚ ਤੇ ਨਵੇਂ ਫਲਸਫੇ ਨੂੰ ਜਨਮ ਦਿੱਤਾ ਜੋ ਸਮੇਂ ਦੀ ਉਂਗਲ ਫੜਕੇ ਸਮੇਂ ਦੀ ਅਗਵਾਈ ਕਰਦੀ ਸੀ। ਝੂਠੇ ਕਰਮ-ਕਾਂਡਾਂ, ਪਾਖੰਡਾਂ ਤੇ ਅੰਧ ਵਿਸ਼ਵਾਸਾਂ ਤੋਂ ਦੂਰ ਮਨੁੱਖੀ ਮੋਹ ਦਾ ਪ੍ਰਚਾਰ ਕਰਨਾ ਉਸ ਸੋਚ ਦਾ ਮਨੋਰਥ ਸੀ। ਮਨੁੱਖ ਨੂੰ ਉਸਦੀ ਜਨਮ ਜਾਤ, ਬਰਾਦਰੀ ਕਰਕੇ ਨਹੀਂ ਸਗੋਂ ਉਸਦੇ ਕੰਮਾਂ ਕਰਕੇ ਚੰਗਾ ਜਾਂ ਬੁਰਾ, ਖਰਾ ਜਾਂ ਖੋਟਾ ਮਿੱਥਣਾ ਬਣਦਾ ਹੈ। ਅਖੌਤੀ ਉੱਚੀ ਜਾਤ ਬ੍ਰਾਹਮਣ ਆਪਣੇ ਆਪ ਨੂੰ ਰੱਬ ਦੇ ਨੇੜੇ ਦੱਸਦੇ ਸਨ। ਪਰ, ਗੁਰੂ ਰਵਿਦਾਸ ਜੀ ਨੇ ਇਸ ਨੂੰ ਬੇਹੂਦਾ ਦੱਸਦਿਆਂ ਰੱਦ ਕੀਤਾ ਤੇ ਸਾਰੇ ਮਨੁੱਖਾਂ ਦੇ ਬਰਾਬਰ ਹੋਣ ਦੀ ਗੱਲ ਵਾਰ ਵਾਰ ਦੁਹਰਾਈ, ਅਤੇ ਕਿਹਾ :-

ਏਕੇ ਮਾਟੀ ਕੇ ਸਭਿ ਭਾਂਡੇ, ਸਭਕਾ ਏਕੈ ਸਿਰਜਨਹਾਰਾ।

ਇਸ ਕਰਕੇ ਹੀ ਅਖੌਤੀ ਉੱਚ ਜਾਤੀਆਂ ਵਾਲੇ ਕਾਫੀ ਸਾਰੇ ਜੋ ਵੱਡੀਆਂ ਜਾਇਦਾਦਾਂ ਦੇ ਮਾਲਕ ਸਨ ਅਤੇ ਨਾਲ ਹੀ ਰਾਜ ਭਾਗ 'ਤੇ ਵੀ ਕਾਬਜ਼ ਸਨ ਦੇ ਬੇਹੂਦਗੀ ਭਰੇ ਗੁੱਸੇ ਦਾ ਰਵਿਦਾਸ ਜੀ ਨੂੰ ਵਾਰ ਵਾਰ ਸ਼ਿਕਾਰ ਹੋਣਾ ਪਿਆ। ਕਈ ਵਾਰ ਕਰੜੀਆਂ ਪ੍ਰੀਖਿਆਵਾਂ ਵਿਚੋਂ ਗੁਜ਼ਰਨਾ ਪਿਆ ਪਰ ਉਨ੍ਹਾਂ ਨੇ ਕਦੇ ਵੀ ਹੌਸਲਾ ਨਾ ਹਾਰਿਆ ਤੇ ਸੱਚ ਦਾ ਪੱਲਾ ਨਾ ਛੱਡਿਆ। ਸਦਾ ਹੀ ਮੁਸੀਬਤਾਂ ਦਾ ਸਾਹਸ ਅਤੇ ਦਲੇਰੀ ਨਾਲ ਮੁਕਾਬਲਾ ਕੀਤਾ। ਹਰ ਵਾਰ ਹੀ ਹੋਰ ਜ਼ਿਆਦਾ ਲੋਕਾਂ ਦਾ ਵਿਸ਼ਵਾਸ ਜਿੱਤਦੇ ਰਹੇ। ਮੰਨੂੰ ਵਲੋਂ "ਖੋਜੀ" ਵਰਣ ਵੰਡ (ਮਨੁੱਖਾਂ ਵਿਚਕਾਰ ਵਿਤਕਰੇ ਅਤੇ ਵਿੱਥਾਂ ਵਾਲੀ ਬਾਂਦਰ ਵੰਡ) ਦੇ ਆਸਰੇ ਜਾਤ-ਪਾਤ ਵਰਗਾ ਸਮਾਜੀ ਕੋਹੜ ਪੈਦਾ ਹੋਇਆ ਅਤੇ ਇਸਦੇ ਸਦਕਾ ਬ੍ਰਾਹਮਣਵਾਦ ਵਰਗੇ ਭੈੜ ਨੇ ਜਨਮ ਲਿਆ। ਜਿਸ ਬ੍ਰਾਹਮਣਵਾਦ ਨੇ ਝੂਠ ਦੀ ਗੁੰਡਾਗਰਦੀ ਭਰੀ ਦਹਿਸ਼ਤ ਦੇ ਸਹਾਰੇ ਆਮ ਲੋਕਾਂ ਨੂੰ ਗਧੀਗੇੜ 'ਚ ਪਾ ਕੇ ਆਪਣੇ ਤੋਰੀ-ਫੁਲਕੇ ਨੂੰ ਮਹਿਫੂਜ਼ ਰੱਖਿਆ। ਪਰ, ਗੁਰੂ ਸਾਹਿਬ ਦੀ ਤਿੱਖੀ ਸੂਝ ਨੇ ਇਨ੍ਹਾਂ 'ਗੁੱਝੇ ਭੇਦਾਂ' ਦੀ ਰਮਜ਼ ਪਛਾਣੀ ਤੇ ਡਟਵਾਂ ਵਿਰੋਧ ਕੀਤਾ। ਇਸ ਸੱਚ ਦੇ ਸਦਕਾ ਹੀ ਕੁੱਝ ਸਮੇਂ ਬਾਅਦ ਗੁਰੂ ਰਵਿਦਾਸ ਜੀ ਨਾਲ ਲੋਕਾਂ ਦੀ ਵੱਧ ਗਿਣਤੀ ਜੁੜਨ ਲੱਗ ਪਈ। ਰਵਿਦਾਸ ਜੀ ਦੇ ਆਗਮਨ ਬਾਰੇ ਭਾਈ ਗੁਰਦਾਸ ਜੀ ਦਸਵੀਂ ਵਾਰ ਵਿਚ ਲਿਖਦੇ ਹਨ :-

ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ ॥
ਪਾਹਣਾ ਗੰਢੇ ਰਾਹ ਵਿਚ ਕੁਲਾ ਧਰਮ ਢੋਇ ਢੇਰ ਸਮੇਟਾ ॥
ਜਿਉਂ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ ॥
ਚਹੁੰ ਵਰਨਾ ਉਪਦੇਸ ਦਾ ਗਿਆਨ ਧਿਆਨ ਕਰ ਭਗਤ ਸਹੇਟਾ ॥

ਭਾਈ ਕਾਹਨ ਸਿੰਘ ਰਵਿਦਾਸ ਜੀ ਬਾਰੇ ਆਪਣੇ 'ਮਹਾਨ ਕੋਸ਼' (ENCYCLO-PEDIA OF SIKH LITRATURE) ਵਿਚ ਲਿਖਦੇ ਹਨ, 'ਕਾਸ਼ੀ ਦਾ ਵਸਨੀਕ ਚਮਾਰ, ਜੋ ਰਾਮਾਨੰਦ ਦਾ ਚੇਲਾ ਸੀ। ਇਹ ਗਿਆਨ ਦੇ ਬਲ ਕਰਕੇ ਪਰਮਹੰਸ ਪਦਵੀ ਨੂੰ ਪ੍ਰਾਪਤ ਹੋਇਆ। ਰਵਿਦਾਸ ਕਬੀਰ ਦਾ ਸਮਕਾਲੀ ਸੀ ਇਸ ਨੂੰ ਬਹੁਤ ਪੁਸਤਕਾਂ ਵਿਚ ਰੈਦਾਸ



ਵੀ ਲਿਖਿਆ ਹੋਇਆ ਹੈ। ਰਵਿਦਾਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ'

ਕਬੀਰ ਜੀ ਆਪਣੇ ਸਮਕਾਲੀ ਰਵਿਦਾਸ ਜੀ ਬਾਰੇ ਇੰਜ ਲਿਖਦੇ ਹਨ :-

ਹਰਿ ਸੋ ਹੀਰਾ ਛਾਡਿ ਕੇ ਕਰਹਿ ਆਨ ਕੀ ਆਸ ।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥

ਕਬੀਰ ਜੀ ਨੇ ਆਪਣੀ ਬਾਣੀ ਵਿਚ ਇਹ ਵੀ ਫ਼ਰਮਾਇਆ ਹੈ :-

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ
ਏਕ ਨੂਰ ਤੇ ਸਭ ਜਗ ਉਪਜਿਆ ਕਉਨ ਭਲੇ ਕੋ ਮੰਦੇ ।

ਏਸੇ ਨੂੰ ਹੀ ਰਵਿਦਾਸ ਜੀ ਦੀ ਬਾਣੀ ਵਿਚੋਂ ਦੇਖਦਿਆ ਹੇਠਾਂ ਲਿਖਿਆ ਵਿਚਾਰ ਲੱਭਦਾ ਹੈ :-

ਏਕੇ ਮਾਟੀ ਕੇ ਸਭਿ ਭਾਂਡੇ ਸਭਕਾ ਏਕੈ ਸਿਰਜਣਹਾਰਾ ।

ਉਸ ਵੇਲੇ ਦੀਆਂ ਅਖੌਤੀ ਉੱਚੀਆਂ ਜਾਤਾਂ ਨੇ ਆਪਣੇ ਆਪ ਨੂੰ ਸਮਾਜ ਦਾ ਪਵਿੱਤਰ ਤੇ ਸੁਪਰ ਅੰਗ ਆਖਣਾ ਸ਼ੁਰੂ ਕਰ ਦਿੱਤਾ। ਆਪਣੇ ਆਪ ਨੂੰ ਉੱਚਾ ਹੋਣ ਦਾ ਧੋਖੇ ਭਰਿਆ, ਝੂਠਾ ਬਹਾਨਾ ਲਾ ਕੇ ਸਮਾਜ ਦੇ ਕਮਜ਼ੋਰ ਵਰਗ ਭਾਵ ਗਰੀਬਾਂ (ਸੂਦਰਾਂ) ਨੂੰ ਗਿਆਨ ਭੰਡਾਰਾਂ ਤੋਂ ਸਦਾ ਹੀ ਦੂਰ ਰੱਖਿਆ। ਪੜ੍ਹਨਾ-ਲਿਖਣਾ ਜਾਂ ਮਹਾਂਪੁਰਸ਼ਾਂ ਦੀਆਂ ਪਵਿੱਤਰ ਲਿਖਤਾਂ ਸੂਦਰਾਂ ਲਈ ਵਰਜਿਤ ਕਰ ਦਿੱਤੀਆਂ ਗਈਆਂ। ਕੋਈ ਵੇਦਾਂ ਆਦਿ ਦਾ ਪਾਠ ਸੁਣਦਾ ਤਾਂ ਉਸਦੇ ਕੰਨਾਂ ਵਿਚ ਸਿੱਕਾ ਢਾਲਿਆ ਜਾਂਦਾ। ਉਨ੍ਹਾਂ ਨੂੰ ਸਮਾਜ ਦਾ ਗੰਦ ਆਖਿਆ ਜਾਣ ਲੱਗਾ। ਰਹਿਣ ਵਾਸਤੇ ਪਿੰਡਾਂ ਸ਼ਹਿਰਾਂ ਤੋਂ ਬਾਹਰ ਵੱਖਰੀਆਂ ਬਸਤੀਆਂ ਵਲ ਧੱਕੇ ਗਏ। ਸਹੂਲਤਾਂ ਰਹਿਤ, ਨਫਰਤਾਂ ਭਰੇ ਜੀਵਨ ਨੇ ਇਸ ਵਰਗ ਅੰਦਰ ਸਦਾ ਲਈ ਹੀਣ ਭਾਵਨਾ ਪੈਦਾ ਕਰ ਦਿੱਤੀ। ਇਸੇ ਊਚ-ਨੀਚ ਦੇ ਵਿਤਕਰੇ ਭਰੇ ਅਮਲ ਨੇ ਮਨੁੱਖਾਂ ਅੰਦਰ ਪਾੜੇ ਤੇ ਵਿੱਥਾਂ ਪੈਦਾ ਕਰ ਦਿੱਤੀਆਂ, ਜੋ ਅਜੋਕੇ ਸਮਾਜ ਅੰਦਰ ਵੀ ਵੱਖੋ-ਵੱਖ ਰੂਪਾਂ ਵਿਚ ਵੇਖੇ ਜਾ ਸਕਦੇ ਹਨ।

ਰਵਿਦਾਸ ਜੀ ਨਫਰਤ ਦੀ ਥਾਂ ਦੋਸਤੀ ਤੇ ਮੁਹੱਬਤ ਦਾ ਪ੍ਰਚਾਰ ਕਰਦੇ ਹੋਏ ਕਹਿੰਦੇ ਹਨ :

ਮੁਸਲਮਾਨ ਸੋਂ ਦੋਸਤੀ, ਹਿੰਦੂ ਸੇ ਕਰ ਪ੍ਰੀਤ
ਰਵਿਦਾਸ ਜੋਤਿ ਸਭ ਰਾਮ ਕੀ, ਸਭ ਹੈ ਆਪਣੇ ਮੀਤ
........
ਮੰਦਿਰ ਮਸਜਿਦ ਦੋ ਏਕ ਹੈਂ
ਇਨ ਮਹਿ ਅੰਤਰ ਨਾਹਿ ।
ਰਵਿਦਾਸ ਰਾਮ ਰਹਿਮਾਨ ਕਾ

ਝਗੜਾ ਕੋਊ ਨਾਹਿ ।
ਰਵਿਦਾਸ ਹਮਾਰੋ ਰਾਮ ਜੋਇ
ਸੋਈ ਹੈ ਰਹਿਮਾਨ ।
ਕਾਬਾ ਕਾਸੀ ਜਾਨੀਹਿ
ਦੋਉ ਏਕ ਸਮਾਨ ।।

ਜਾਤ-ਪਾਤ ਦੇ ਬ੍ਰਾਹਮਣੀ ਵਿਚਾਰਾਂ ਦਾ ਭਾਂਡਾ ਉਦੋਂ ਫੁੱਟਦਾ ਹੈ ਜਦੋਂ ਰਵਿਦਾਸ ਜੀ ਦੇ ਇਹ ਵਿਚਾਰ ਪੜ੍ਹਦੇ ਹਾਂ :-

ਰਵਿਦਾਸ ਜਨਮ ਕੇ ਕਾਰਨੈ, ਹੋਤ ਨਾ ਕੋਊ ਨੀਚ
ਨਰ ਕੂੰ ਨੀਚ ਕਰ ਡਾਰਿਹੌਂ, ਓਛੈ ਕਰਮ ਕੌ ਕੀਚ ।

.......

ਊਂਚੇ ਕੁਲ ਕੇ ਕਾਰਨੇ, ਬ੍ਰਾਹਮਣ ਕੋਯ ਨ ਹੋਯ
ਜਉ ਜਾਨਹਿ ਬ੍ਰਹਮ ਆਤਮਾ, ਰਵਿਦਾਸ ਬ੍ਰਾਹਮਨ ਸੋਇ ।

ਉਸ ਸਮੇਂ ਦੀ ਸਥਿਤੀ ਨੂੰ ਪੇਸ਼ ਕਰਦਿਆਂ ਪਾਖਰ ਸਿੰਘ ਨੇ ਆਪਣੀ ਪੁਸਤਕ "ਮਨੁੱਖਤਾ ਦਾ ਚਾਨਣ ਮੁਨਾਰਾ- ਗੁਰੂ ਰਵਿਦਾਸ" ਵਿਚ ਲਿਖਿਆ ਹੈ ਕਿ 'ਉਨ੍ਹਾਂ ਤੋਂ ਵਗਾਰ ਲਈ ਜਾਂਦੀ ਸੀ ਤੇ ਇਨਕਾਰ ਕਰਨ ਵਾਲਿਆਂ ਉੱਤੇ ਅਕਹਿ ਤੇ ਅਸਹਿ ਜ਼ੁਲਮ ਢਾਏ ਜਾਂਦੇ ਸਨ। ਸਮੁਚੇ ਹਾਲਤ ਦਾ ਸਰਵੇਖਣ ਕਰਨ ਤੋਂ ਬਾਅਦ ਗੁਰੂ ਰਵਿਦਾਸ ਜੀ ਨੇ ਜਾਤ ਅਭਿਮਾਨੀਆਂ ਨੂੰ ਵੰਗਾਰਿਆ ਅਤੇ ਪੀੜਤ ਲੋਕਾਂ ਲਈ ਜੀਵਨ ਭਰ ਸੰਘਰਸ਼ ਕਰਨ ਦਾ ਦ੍ਰਿੜ ਨਿਸਚਾ ਕੀਤਾ। ਵੱਖ ਵੱਖ ਧਰਮਾਂ, ਰੰਗਾਂ ਤੇ ਜਿਣਸਾਂ ਦੇ ਮਨੁੱਖਾਂ ਨੂੰ ਏਕਤਾ ਦੀ ਲੜੀ ਵਿਚ ਪਰੋ ਕੇ Fatherhood of God 'ਇਕ ਰੱਬ ਸਭ ਦਾ ਪਿਤਾ' ਅਤੇ Brotherhood of Man 'ਸਾਰੇ ਮਨੁੱਖ ਭਰਾ ਭਰਾ ਹਨ' ਦਾ ਸੰਦੇਸ਼ ਦਿੱਤਾ। ਗੁਰੂ ਰਵਿਦਾਸ ਦੇ ਸਮੇਂ ਅੱਤਿਆਚਾਰਾਂ ਦੀ ਹੱਦ ਹੋ ਗਈ ਸੀ ਜੇ ਕਮਜ਼ੋਰ ਜਾਂ ਗਰੀਬ ਆਦਮੀ ਤੋਂ ਕੋਈ ਗਲਤੀ ਹੋ ਜਾਂਦੀ ਤਾਂ ਉਸਨੂੰ ਵੱਧ ਤੋਂ ਵੱਧ ਅਣਮਨੁੱਖੀ ਸਜ਼ਾ ਦਿੱਤੀ ਜਾਂਦੀ। ਕਿਸੇ ਬ੍ਰਾਹਮਣ ਦੇ ਨੇੜਿਉਂ ਹੋ ਕੇ ਲੰਘਣਾ ਜਾਂ ਬ੍ਰਾਹਮਣ ਨੂੰ ਧਰਮ ਸਬੰਧੀ ਕੁੱਝ ਕਹਿਣਾ ਜਾਂ ਅਖੌਤੀ ਉੱਚੀ ਜਾਤ ਦੇ ਕਿਸੇ ਵੱਡੇ ਜਾਂ ਛੋਟੇ ਕੰਮ ਤੋਂ ਇਨਕਾਰ ਕਰਨਾ ਇਹ ਗਲਤੀਆਂ ਜਾਂ ਬਦਤਮੀਜ਼ੀਆਂ ਗਿਣੀਆਂ ਜਾਂਦੀਆਂ ਸਨ। ਪਰ ਅਖੌਤੀ ਜਾਤਾਂ ਨਾਲ ਸਬੰਧਤ ਭਾਵ ਬ੍ਰਾਹਮਣਾਂ ਨੂੰ ਵੱਡੇ ਤੋਂ ਵੱਡਾ ਗੁਨਾਹ, ਗਲਤੀ ਅਤੇ ਪਾਪ ਵੀ ਬਖਸ਼ ਦਿੱਤਾ ਜਾਂਦਾ ਸੀ। ਇਨ੍ਹਾਂ ਹੀ ਬੇਇਨਸਾਫੀਆਂ ਨੇ ਗੁਰੂ ਜੀ ਦੇ ਮਨ ਅੰਦਰ ਆਪਣੇ ਮਾਰਗ ਪ੍ਰਤੀ ਦ੍ਰਿੜਤਾ ਪੈਦਾ ਕੀਤੀ। ਉਨ੍ਹਾਂ ਸੰਘਰਸ਼ਮਈ ਜੀਵਨ ਤੋਂ ਭੱਜਣ ਦਾ ਜਤਨ ਨਾ ਕੀਤਾ ਸਗੋਂ ਘਰ-ਬਾਰ ਛੱਡਕੇ ਤੁਰੇ ਫਿਰਦੇ ਸਾਧਾਂ ਨੂੰ ਜੀਵਨ ਤੋਂ ਉਪਰਾਮ ਹੋ ਚੁੱਕੇ ਵਿਅਕਤੀ ਦੱਸਿਆ ਅਤੇ ਆਪ ਖੁਦ ਗ੍ਰਿਹਸਥ ਦਾ ਜੀਵਨ ਬਿਤਾਇਆ। ਆਪਣੇ ਜੀਵਨ ਤਜ਼ਰਬੇ



ਨੂੰ ਫਿਲਾਸਫੀ ਵਿਚ ਬਦਲਿਆ ਅਤੇ ਜੀਵੇ ਜਾ ਰਹੇ ਵਿਦਰੋਹ ਨੂੰ ਆਪਣੇ ਲੋਕਾਂ 'ਚ ਰਹਿ ਕੇ ਬਾਣੀ ਰੂਪ ਸ਼ਬਦਾਂ ਵਿਚ ਢਾਲਿਆ ਜਿਸ ਵਿਚ ਉਨ੍ਹਾਂ ਨੇ ਪ੍ਰਭੂ ਪ੍ਰੇਮ ਦੇ ਨਾਲ ਹੀ ਸਮਾਜਿਕ ਅਤੇ ਰਾਜਨੀਤਕ ਵਿਤਕਰਿਆਂ ਦੇ ਖਿਲਾਫ ਘੋਲ ਦਾ ਸੱਦਾ ਦਿੱਤਾ, ਜੋ ਤਕੜੇ ਵਲੋਂ ਮਾੜੇ 'ਤੇ ਕੀਤੇ ਜਾ ਰਹੇ ਜਬਰ, ਅਨਿਆਂ ਦੇ ਖਿਲਾਫ ਵਿਦਰੋਹ ਸੀ ਅਤੇ ਆਪ ਇਸ ਦੀ ਅਗਵਾਈ ਕੀਤੀ।

ਰਵਿਦਾਸ ਜੀ ਦੀ ਬਾਣੀ ਵਿਚ ਨਿਮਰਤਾ ਭਰੇ ਸਮਰਪਣ ਦੀ ਭਾਵਨਾ ਦੇ ਕਾਫੀ ਥਾਵੇਂ ਦਰਸ਼ਨ ਹੁੰਦੇ ਹਨ, ਇਸ ਵਾਸਤੇ ਉਨ੍ਹਾਂ ਦੀ ਬਾਣੀ ਹੀ ਪੇਸ਼ ਕੀਤੀ ਜਾ ਸਕਦੀ ਹੈ:

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗ ਤੁਮਾਰੇ ਵਾਸਾ।
ਨੀਚ ਰੂਖ ਤੇ ਉਚ ਭਏ ਹੈ ਗੰਧ ਸੁਗੰਧ ਨਿਵਾਸਾ।।
ਮਾਧਉ ਸਤ ਸੰਗਤਿ ਸਰਨਿ ਤੁਮਾਰੀ।।
ਹਮ ਅਉਗਨ ਤੁਮ ਉਪਕਾਰੀ।।

........

ਜਉ ਤੁਮ ਗਿਰਿਵਰ ਤਉ ਹਮ ਮੋਰਾ ।।
ਜਉ ਤੁਮ ਚੰਦ ਤਉ ਭਏ ਹੋ ਚਕੋਰਾ।।

...........

ਜਉ ਤੁਮ ਦੀਵਰਾ ਤਉ ਹਮ ਬਾਤੀ ।।
ਜਉ ਤੁਮ ਤੀਰਥ ਤਉ ਹਮ ਜਾਤੀ ।।

.........

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ।
ਕਨਕ ਕਟਿਕ ਜਲ ਤਰੰਗ ਜੈਸਾ ।

ਗੁਰੂ ਰਵਿਦਾਸ ਜੀ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ ਪਰ ਉਹ ਸਾਰੀ ਦੀ ਸਾਰੀ ਅਜੇ ਤੱਕ ਵੀ ਇਕੱਠੀ ਨਹੀਂ ਕੀਤੀ ਜਾ ਸਕੀ, ਅਤੇ ਨਾ ਹੀ ਖੋਜੀ ਵਿਦਵਾਨਾਂ ਨੇ ਇਸ ਨੂੰ ਲੱਭਣ ਦੇ ਗੰਭੀਰ ਜਤਨ ਹੀ ਕੀਤੇ । ਹੋਰ ਭਗਤਾਂ ਅਤੇ ਗੁਰੂਆਂ ਦੀ ਬਾਣੀ ਦੇ ਨਾਲ ਹੀ ਗੁਰੂ ਰਵਿਦਾਸ ਜੀ ਦੀ ਬਾਣੀ ਸੋਲ੍ਹਾਂ ਰਾਗਾਂ ਸਿਰੀ ਰਾਗੁ, ਰਾਗੁ ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਜੈਤਸਰੀ, ਰਾਗੁ ਸੂਹੀ, ਬਿਲਾਬਲੁ, ਰਾਗੁ ਗੋਂਡ, ਰਾਮਕਲੀ, ਰਾਗੁ ਮਾਰੂ, ਰਾਗੁ ਕੇਦਾਰਾ, ਭੇਰਉ, ਬਸੰਤੁ, ਮਲਾਰੁ ਵਿਚ 40 ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੇ ਗਏ।

ਗੁਰੂ ਰਵਿਦਾਸ ਜੀ ਨੇ ਕਿਰਤ ਕਰਨ ਨੂੰ ਬਹੁਤ ਮਹੱਤਵ ਦਿੱਤਾ। ਖੁਦ ਆਪਣੇ ਵਡੇਰਿਆਂ ਵਲੋਂ ਕੀਤੇ ਜਾਂਦੇ ਜੁੱਤੀਆਂ ਗੰਢਣ ਦੇ ਕਿੱਤੇ ਨੂੰ ਅਪਣਾ ਕੇ ਆਪਣਾ ਜੀਵਨ ਨਿਰਬਾਹ ਕਰਨ ਲੱਗੇ। ਉਹ ਕੰਮ ਕਰਨ ਨੂੰ ਮਨ ਦੀ ਸ਼ਾਂਤੀ ਅਤੇ ਸਰੀਰ ਲਈ ਜ਼ਰੂਰੀ

ਸਮਝਦੇ ਸਨ। ਕਿਰਤ ਕਰਨੀ ਉਨ੍ਹਾਂ ਲਈ ਮਿਹਣਾ ਨਹੀਂ ਸੀ ਜਿਵੇਂ ਕਿ ਅਜ ਕਲ ਦੇ "ਸੰਤਾਂ" ਲਈ ਹੈ ਕਿ ਧਾਰਮਕ ਸ਼ਰਧਾ ਅਧੀਨ ਲੋਕਾਂ ਵਲੋਂ ਕੀਤੇ ਗਏ ਦਾਨ ਦੇ ਪੈਸਿਆਂ ਨਾਲ ਐਸ਼ ਦਾ ਜੀਵਨ ਗੁਜ਼ਾਰੋ ਤੇ ਆਪ ਡੱਕਾ ਭੰਨ ਕੇ ਦੂਹਰਾ ਨਾ ਕਰੋ। ਲੋਕਾਂ ਦੀ ਦਸਾਂ ਨੌਹਾਂ ਦੀ ਕੀਤੀ ਮਿਹਨਤ ਦੇ ਆਸਰੇ ਪੰਜ ਤਾਰਾ ਸਹੂਲਤਾਂ ਵਾਲੇ ਮਹੱਲਾਂ ਵਰਗੇ ਧਾਰਮਕ ਸਥਾਨ ਉਸਾਰ ਕੇ ਉਹਨੂੰ ਕੁਟੀਆ ਆਖੀ ਜਾਣਾ ਤੇ ਵਧੀਆ ਜੀਵਨ ਜੀਊਣਾ। ਉਂਜ ਵੀ ਅਜੋਕੇ ਸਮੇਂ 'ਚ ਸੰਤ ਸ਼ਬਦ ਦੇ ਅਰਥਾਂ ਨੂੰ ਅਸਲੋਂ ਵਿਗਾੜ ਦਿੱਤਾ ਗਿਆ ਹੈ। ਹੁਣ ਤਾਂ ਦਰ ਦਰ ਟੁੱਕ ਮੰਗਦੇ ਪਖੰਡੀਆਂ ਨੂੰ ਹੀ ਲੋਕ ਸੰਤ ਆਖੀ ਜਾ ਰਹੇ ਹਨ। ਅਸੀਂ ਗੁਰਬਾਣੀ ਰਾਹੀਂ 'ਸੰਤ' ਦੇ ਸਿਰਜੇ ਸੰਕਲਪ ਦੇ ਕਦੇ ਵੀ ਸਹੀ ਅਰਥ ਕਰਕੇ ਦੇਖਣ ਦੇ ਜਤਨ ਨਹੀਂ ਕੀਤੇ।

ਗੁਰੂ ਰਵਿਦਾਸ ਜੀ ਨੇ ਆਰਤੀ ਲਿਖਦਿਆਂ ਕੋਈ ਰਵਾਇਤੀ ਗੱਲ ਨਹੀਂ ਕੀਤੀ ਸਗੋਂ ਇਕ ਨਵਾਂ ਵਿਚਾਰ ਪੇਸ਼ ਕੀਤਾ, ਸੱਚ ਦੀ ਖੋਜ ਦਾ ਨਵਾਂ ਰਾਹ। ਇਹ ਵੀ ਸੰਭਵ ਹੈ ਕਿ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਵਲੋਂ ਆਰਤੀ ਲਿਖਣ ਵੇਲੇ ਉਸ ਸਮੇਂ ਦੇ ਹਾਲਤ ਤੋਂ ਇਲਾਵਾ ਪਹਿਲਾਂ ਹੀ ਗੁਰੂ ਰਵਿਦਾਸ ਵਲੋਂ ਲਿਖੀ ਗਈ ਆਰਤੀ ਤੋਂ ਵੀ ਪ੍ਰਭਾਵਿਤ ਹੋਏ ਹੋਣ। ਕਿਉਂਕਿ 'ਸੋਢੀ ਮਿਹਰਬਾਨ ਵਾਲੀ ਪੋਥੀ' ਸੱਚ ਖੰਡ (ਪੁਰਾਤਨ ਜਨਮ ਸਾਖੀ ਦੇ ਨਾਂ ਹੇਠ ਖਾਲਸਾ ਕਾਲਜ ਅਮ੍ਰਿਤਸਰ ਵਲੋਂ ਛਪੀ ਪੁਸਤਕ) ਅਨੁਸਾਰ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਦੇ ਨਾਲ ਨਾਲ ਨਾਮਦੇਵ, ਕਬੀਰ, ਤ੍ਰਿਲੋਚਨ, ਰਵਿਦਾਸ, ਧੰਨਾ ਅਤੇ ਬੇਣੀ ਦੀ ਬਾਣੀ ਵੀ ਗਾਇਆ ਕਰਦੇ ਸਨ। ਅਤੇ ਇਸ ਤਰ੍ਹਾਂ ਹੀ 'ਜਪੁ' ਬਾਰੇ ਵੀ ਆਖਿਆ ਜਾ ਸਕਦਾ ਹੈ। ਇਸ ਸਬੰਧੀ ਡਾ: ਕੁਲਵੰਤ ਕੌਰ ਆਪਣੀ ਪੁਸਤਕ 'ਬਾਣੀ ਭਗਤ ਰਵਿਦਾਸ ਇਕ ਅਧਿਅਨ' ਵਿਚ ਲਿਖਦੇ ਹਨ,-'ਰਵਿਦਾਸ ਬਾਣੀ ਵਿਚਲੇ ਹੁਣ ਤੱਕ ਦੇ ਬ੍ਰਹਮ ਨਿਰੂਪਣ ਤੋਂ ਸਪਸ਼ਟ ਹੈ ਕਿ ਜਿਹੜੇ ਵਿਚਾਰ ਗੁਰੂ ਨਾਨਕ ਦੇਵ ਨੇ 'ਜਪੁ' ਜੀ ਦੇ ਮੂਲ ਮੰਤਰ ਰਾਹੀਂ ਫ਼ਰਮਾਨ ਕੀਤੇ ਹਨ, ਭਗਤ ਰਵਿਦਾਸ ਉਹੋ ਜਹੇ ਵਿਚਾਰ ਉਨ੍ਹਾਂ ਤੋਂ ਵੀ ਪਹਿਲਾਂ ਪ੍ਰਗਟਾ ਚੁੱਕੇ ਸਨ। ਅੰਤਰ ਕੇਵਲ ਏਨਾ ਹੈ ਕਿ ਜਿੱਥੇ ਗੁਰੂ ਨਾਨਕ ਨੇ ਇਹਨਾਂ ਨੂੰ ਸੁਨਿਸ਼ਚਿਤ ਰੂਪ ਵਿਚ ਪੇਸ਼ ਕੀਤਾ ਹੈ ਉੱਥੇ ਰਵਿਦਾਸ ਬਾਣੀ ਵਿਚ ਇਹ ਇਧਰ ਉੱਧਰ ਖਿਲਰੇ ਪਏ ਹਨ ਅਤੇ ਇਹਨਾਂ ਨੂੰ ਸੁਜਤਨ ਇਕੱਠਿਆਂ ਕਰਨਾ ਪੈਂਦਾ ਹੈ'

ਰਵਿਦਾਸ ਬਾਣੀ ਵਿਚ ਮਨੁੱਖੀ ਮੂਲ਼ ਬਾਰੇ ਵਿਖਿਆਨ ਵੀ ਦੇਖਣ ਯੋਗ ਹਨ :-

ਜਲ ਕੀ ਭੀਤਿ ਪਵਨ ਕਾ ਥੰਭਾ
ਰਕਤ ਬੂੰਦ ਕਾ ਗਾਰਾ।
ਹਾਡ ਮਾਸ ਨਾੜੀ ਕੋ ਪਿੰਜਰੁ
ਪੰਖੀ ਬਸੈ ਬਿਚਾਰਾ ।



ਮਨੁੱਖ ਦਾ ਹਾਲ ਕੀ ਹੈ ਕਿਵੇਂ ਉਸਨੂੰ ਵਿਕਾਰਾਂ ਨੇ ਰੋਲਿਆ ਹੋਇਆ ਹੈ :-

ਮਾਟੀ ਕੋ ਪੁਤਰਾ ਕੈਸੇ ਨਚੁਤ ਹੈ
ਦੇਖੈ ਦੇਖੈ ਸੁਨੇ ਬੋਲੈ ਦਉਰਿਓ ਫਿਰਤੁ ਹੈ ।ਰਹਾਉ।
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ।
ਮਾਇਆ ਗਈ ਤਬ ਰੋਵਨੁ ਲਗਤੁ ਹੈ।

ਗੁਰੂ ਰਵਿਦਾਸ ਜੀ ਦੇ ਸਮੇਂ (ਅਤੇ ਬਾਅਦ ਵਿਚ ਵੀ) ਸ਼ੈਤਾਨ ਕਿਸਮ ਦੇ ਬ੍ਰਾਹਮਣਾਂ ਵਲੋਂ ਬੜੀਆਂ ਹੀ ਗਲਤ ਲਿਖਤਾਂ ਛਾਪੀਆਂ ਗਈਆਂ ਹੋਣਗੀਆਂ, ਕਿਉਂਕਿ ਬ੍ਰਾਹਮਣਵਾਦ ਧੋਖੇ ਭਰਿਆ ਹਨੇਰਾ ਅਤੇ ਝੂਠ ਦੀ ਧੁੰਦ ਸੀ। ਜਿਸ ਧੁੰਦ ਵਿਚੋਂ ਸੱਚ ਦਾ ਚਾਨਣ ਹੱਥ ਵਿਚ ਫੜ ਕੇ ਰਵਿਦਾਸ ਜੀ ਨੇ ਪਾਰ ਲੰਘਣ ਦਾ ਜਤਨ ਆਰੰਭਿਆ। ਹੁਣ ਤੱਕ ਵੀ ਰਵਿਦਾਸ ਜੀ ਦੇ ਜਨਮ ਤਾਰੀਖ, ਸਵਰਗ ਸਿਧਾਰਨ ਦਾ ਸਥਾਨ ਆਦਿ ਗੱਲਾਂ ਬਾਰੇ ਘਚੋਲੇ ਪਏ ਹੋਏ ਹਨ, ਮਰਨ ਸਥਾਨ ਬਾਰੇ ਵੀ ਅਜਿਹੇ ਵਿਚਾਰ ਸੁਣਨ ਨੂੰ ਮਿਲਦੇ ਹਨ- ਜੋ ਸ਼ਰਾਰਤ ਤੋਂ ਵੱਧ ਕੁੱਝ ਨਹੀਂ। ਰਵਿਦਾਸ ਜੀ ਸਬੰਧੀ ਗੁਰੂ ਜਾਂ ਭਗਤ ਹੋਣ ਦੀ ਚਰਚਾ ਸਦਾ ਹੀ ਚਲੀ ਰਹੀ ਹੈ। ਪਰ ਵਿਦਵਾਨਾਂ ਨੇ ਸਿਰ ਜੋੜ ਬੈਠ ਕੇ ਗਲਤ ਨਿਰਣਿਆਂ ਨੂੰ ਰੱਦ ਕਰਨ ਅਤੇ ਠੀਕ ਨੂੰ ਪ੍ਰਚਾਰਨ ਦੇ ਜਤਨ ਨਹੀਂ ਕੀਤੇ ਜੋ ਬੜੀ ਦੇਰ ਪਹਿਲਾਂ ਹੀ ਗੰਭੀਰਤਾ ਨਾਲ ਹੋਣੇ ਚਾਹੀਦੇ ਸਨ।

ਹੋਰ ਮਹਾਂਪੁਰਸ਼ਾਂ ਵਾਂਗ ਹੀ ਰਵਿਦਾਸ ਜੀ ਦੇ ਜੀਵਨ ਨਾਲ ਵੀ ਬਹੁਤ ਸਾਰੀਆਂ ਬੇਹੂਦਾ, ਮਨਘੜਤ ਅਤੇ ਭੁਲੇਖਾਪਾਊ ਸਾਖੀਆਂ ਜੋੜ ਦਿੱਤੀਆਂ ਹੋਈਆਂ ਹਨ। ਜਿਨ੍ਹਾਂ ਵਿਚੋਂ ਬਹੁਤੀਆਂ ਤਰਕਹੀਣ ਪਰ ਅੰਧਵਿਸ਼ਵਾਸ ਉੱਤੇ ਹੀ ਅਧਾਰਤ ਹਨ ਜਿਨ੍ਹਾਂ ਦਾ ਦਲੀਲ ਜਾਂ ਸੱਚ ਨਾਲ ਕੋਈ ਵਾਸਤਾ ਨਹੀਂ। ਗੁਰੂ ਰਵਿਦਾਸ ਜੋ ਉਮਰ ਭਰ ਜਗਤ ਨੂੰ ਸੁੱਚੀ ਸੋਚ ਨਾਲ ਰੁਸ਼ਨਾਉਣ ਦਾ ਚਾਨਣ ਵੰਡਦੇ ਰਹੇ ਉਨ੍ਹਾ ਦੇ ਜੀਵਨ ਨਾਲ ਅੰਧ ਵਿਸ਼ਵਾਸ ਨੂੰ ਤਕੜਿਆਂ ਕਰਨ ਵਾਲੀਆਂ ਝੂਠੀਆਂ ਕਹਾਣੀਆਂ ਜੋੜਨਾ ਉਸ ਸਮੇਂ ਦੇ ਬ੍ਰਾਹਮਣਵਾਦੀਆਂ ਦੀ ਸ਼ਰਾਰਤ ਸੀ ਜੋ ਅਜੇ ਤੱਕ ਵੀ ਕਾਇਮ ਹੈ, ਜਿਸ ਦੇ ਸਿੱਟੇ ਵਜੋਂ ਕਈ ਭੁਲੇਖੇ ਕਾਇਮ ਹੋਏ ਵੱਡੀ ਲੋੜ ਉਨ੍ਹਾਂ ਭੁਲੇਖਿਆਂ ਨੂੰ ਦੂਰ ਕਰਨ ਦੀ ਹੈ, ਉਨ੍ਹਾਂ ਨੂੰ ਨਕਾਰਨ ਦੀ ਹੈ। ਅਜੇ ਤੱਕ ਸਾਡੇ ਵਿਦਵਾਨ ਇਸ ਵਿਚ ਕਾਮਯਾਬ ਨਹੀਂ ਹੋਏ।

ਗੁਰੂ ਰਵਿਦਾਸ ਜੀ ਦੇ ਵਿਚਾਰਾਂ ਅਤੇ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਕਈ ਰਾਜੇ, ਰਾਣੀਆਂ ਅਤੇ ਸਮਾਜ ਵਿਚਲੇ ਉੱਚ ਵਰਗਾਂ ਦੇ ਕਾਫੀ ਲੋਕ ਉਨ੍ਹਾਂ ਦੀ ਅਗਵਾਈ ਕਬੂਲ ਕਰਦਿਆਂ ਉਨ੍ਹਾਂ ਦਾ ਮਾਣ ਸਨਮਾਨ ਵੀ ਕਰਨ ਲੱਗੇ। ਇਹ ਕਦਮ ਉਸ ਸਮੇਂ ਬਹੁਤ ਹੀ ਦਲੇਰੀ ਭਰਿਆ ਸੀ। ਇਸੇ ਨੂੰ ਦੇਖਦਿਆਂ ਗੁਰੂ ਸਾਹਿਬ ਨੇ ਲਿਖਿਆ :

ਐਸੀ ਲਾਲ ਤੁਝ ਬਿਨੁ ਕਉਨੁ ਕਰੇ
ਗਰੀਬ ਨਿਵਾਜੁ ਗੁਸਈਆ ਮੇਰੇ ਮਾਥੇ ਛਤ੍ਰ ਧਰੇ।

ਜਿਹੜੇ ਲੋਕ ਰਵਿਦਾਸ ਜੀ ਦੀ ਬਾਣੀ ਤੋਂ ਵਾਕਿਫ ਹਨ ਉਨ੍ਹਾਂ ਨੂੰ ਪਤਾ ਹੈ ਕਿ ਰਵਿਦਾਸ ਜੀ ਨੇ ਆਪਣੇ ਹਰ ਵਿਚਾਰ ਨੂੰ ਦਲੀਲ ਸਹਿਤ ਪੇਸ਼ ਕੀਤਾ ਹੈ, ਫੇਰ ਇਹ ਝੂਠੀਆਂ ਸਾਖੀਆਂ ਕਿਵੇਂ ਉੱਗ ਪਈਆਂ? ਕਿਉਂਕਿ ਉਸ ਸਮੇਂ ਇਤਿਹਾਸ ਅਤੇ ਸਾਹਿਤ ਦੀ 'ਸਿਰਜਣਾ' (ਜਾਂ ਭੰਨਤੋੜ) ਕਰਨੀ ਬ੍ਰਾਹਮਣਾਂ ਦੇ ਹੱਥ-ਵਸ ਸੀ। ਉਨ੍ਹਾਂ ਨੇ ਆਪਣੇ ਆਪ ਨੂੰ ਸੂਤ ਬੈਠਦੀਆਂ 'ਨੇਰ੍ਹ-ਗੁਬਾਰ ਗੱਲਾਂ ਪ੍ਰਚਲਤ ਕਰ ਦਿੱਤੀਆਂ। ਮਿਸਾਲ ਵਜੋਂ ਇਕ ਹੀ ਗੱਲ ਕਰਨੀ ਇੱਥੇ ਕਾਫੀ ਹੈ, ਕਿਹਾ ਜਾਂਦਾ ਹੈ ਕਿ ਰਵਿਦਾਸ ਜੀ ਕਿਸੇ ਨੂੰ ਆਪਣਾ ਚੇਲਾ ਬਨਾਉਣ ਵੇਲੇ ਜਾਂ ਆਏ ਮਹਿਮਾਨਾਂ ਦੀ ਸੇਵਾ ਕਰਨ ਲਈ ਜੁੱਤੀਆਂ ਗੰਢਣ ਸਮੇਂ ਵਰਤੇ ਜਾਣ ਵਾਲੇ ਕੂੰਡੇ ਦਾ ਗੰਦਾ ਪਾਣੀ ਹੀ ਪੇਸ਼ ਕਰਦੇ ਸਨ ਜੋ ਉਨ੍ਹਾਂ ਦੇ ਭਗਤ ਅਤੇ ਮਹਿਮਾਨ ਖੁਸ਼ੀ ਨਾਲ ਕਬੂਲ ਕਰ ਲੈਂਦੇ ਸਨ। ਦਲੀਲ ਨਾਲ ਪਰਖੀਏ ਤਾਂ ਇਹ ਗੱਲ ਸੱਚ ਨਹੀਂ, ਕਿਸੇ ਅਰਧ ਪਾਗਲ ਦਾ ਆਪੇ ਘੜਿਆ ਝੂਠ ਹੈ। ਕਿਸੇ ਸਾਧਾਰਨ ਵਿਅਕਤੀ ਬਾਰੇ ਵੀ ਸੋਚੀਏ ਕਿ ਜਿਸ ਦੇ ਘਰ ਕੋਈ ਮਹਿਮਾਨ ਆਵੇ ਤਾਂ ਆਪਣੇ ਵਿਤ ਅਨੁਸਾਰ ਸੇਵਾ ਕਰਨ ਦਾ ਖਾਹਸ਼ਮੰਦ ਹੁੰਦਾ ਹੈ। ਕਿਸੇ ਨੂੰ ਪਾਣੀ ਪੇਸ਼ ਕਰਨ ਲੱਗਿਆਂ ਗਲਾਸ ਨੂੰ ਚੰਗੀ ਤਰ੍ਹਾਂ ਸਾਫ ਕਰਕੇ ਜਲ ਪੇਸ਼ ਕੀਤਾ ਜਾਂਦਾ ਹੈ। ਜੇ ਸਾਧਾਰਨ ਜਹੀ ਬੁੱਧੀ ਵਾਲੇ ਲੋਕ ਵੀ ਇੰਜ ਕਰਦੇ ਹਨ ਤਾਂ ਰਵਿਦਾਸ ਜੀ ਵਰਗੇ ਮਹਾਂਪੁਰਸ਼ ਤੋਂ ਮਹਿਮਾਨਾਂ ਜਾਂ ਆਪਣੇ ਭਗਤਾਂ ਦੀ ਜੁੱਤੀਆਂ ਭਿਉਣ ਵਾਲੇ ਕੂੰਡੇ ਦੇ ਗੰਦੇ ਪਾਣੀ ਨਾਲ ਕੀਤੀ ਜਾਂਦੀ ਸੇਵਾ ਵਾਲੀ "ਸਾਖੀ" ਨੂੰ ਕਿਵੇਂ ਕਬੂਲ ਕੀਤਾ ਜਾ ਸਕਦਾ ਹੈ? ਬ੍ਰਾਮਣਵਾਦੀਆਂ ਵਲੋਂ ਬੇ ਹਯਾਈ ਦੀਆਂ ਹੱਦਾ ਪਾਰ ਕਰਦਿਆਂ ਕਦੇ ਗੁਰੂ ਰਵਿਦਾਸ ਜੀ ਨੂੰ ਪਿਛਲੇ ਜਨਮ ਦਾ ਸਰਾਪਿਆ ਹੋਇਆ ਬ੍ਰਾਹਮਣ ਹੋਣ ਦਾ ਪ੍ਰਚਾਰ ਵੀ ਕੀਤਾ ਜਾਂਦਾ ਹੈ। ਪਿਛਲੇ ਜਨਮ ਦੇ ਨਾਂ 'ਤੇ ਝੂਠ ਦਾ ਗੁਤਾਵਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਝੂਠੀਆਂ ਤੇ ਬੇ-ਸਿਰ ਪੈਰ ਸਾਖੀਆਂ ਸੁਣਨ ਨੂੰ ਮਿਲਦੀਆਂ ਹਨ।

ਸਮਾਜ ਅੰਦਰ ਚੌਧਰ ਦੇ ਬੋਲਬਾਲੇ ਨੇ ਆਮ ਸਮਾਜਕ ਲਹਿਰਾਂ ਦਾ ਵਿਰਸਾ ਸਾਂਭਣ ਦੀ ਥਾਂ ਜਾਂ ਤਾਂ ਉਨ੍ਹਾਂ ਨੂੰ ਅਣਗੌਲਿਆਂ ਕਰ ਦਿੱਤਾ ਜਾਂ ਫੇਰ ਆਪਣੇ ਸੌੜੇ ਮਨੋਰਥਾਂ ਖਾਤਰ ਵਰਤਣ ਦਾ ਹੀ ਜਤਨ ਕੀਤਾ। ਇਨ੍ਹਾਂ ਮਤਲਬ ਪ੍ਰਸਤ 'ਚੌਧਰੀਆਂ' ਨੇ ਲੋਕਾਂ ਨੂੰ ਜੋੜਨ ਵਾਲੀਆਂ ਲਹਿਰਾਂ ਦੇ ਵਿਰਸੇ ਨੂੰ ਵਰਤਦਿਆ ਇਨ੍ਹਾਂ ਦੀ ਗਲਤ ਵਿਆਖਿਆ ਕਰਕੇ ਲੋਕਾਂ ਅੰਦਰ ਵਿੱਥਾਂ ਪਾਈਆਂ। ਗੁਰੂਆਂ, ਪੀਰਾਂ ਤੇ ਭਗਤਾਂ ਵਲੋਂ ਦਿੱਤਾ ਮਨੁੱਖਵਾਦ ਦਾ ਫਲਸਫਾ ਅਸੀਂ ਰੁਮਾਲਿਆਂ ਥੱਲੇ ਹੀ ਢਕ ਦਿੱਤਾ। ਉਨ੍ਹਾਂ ਦਾ ਸਾਰੀ ਮਨੁੱਖਤਾ ਨੂੰ ਕਲਾਵੇ ਵਿਚ ਲੈਂਦਾ ਵਿਚਾਰ ਅਸੀਂ ਹਿੱਸਿਆਂ ਵਿਚ ਵੰਡ ਛੱਡਿਆ। ਵੰਡ ਕੇ ਕੀਤੀਆਂ ਫਾੜੀਆਂ ਨੂੰ ਸਮੁੱਚਤਾ ਦਾ ਨਾਂ ਦੇ ਕੇ ਦਿਲ ਨੂੰ ਰਾਜ਼ੀ ਕਰਨ ਲੱਗੇ। ਸਾਡੀਆਂ ਆਪਣੇ ਤੱਕ ਸੀਮਤ ਲਾਲਸਾਵਾਂ ਨੇ ਮਹਾਂਪੁਰਸ਼ਾਂ ਦੇ ਵਿਚਾਰਾਂ ਨੂੰ ਪਰਖਣ, ਸਮਝਣ-ਸਮਝਾਉਣ, ਨਾਪਣ-ਤੋਲਣ ਦੀ ਥਾਵੇਂ ਉਨ੍ਹਾਂ ਤੇ ਕਬਜਾ ਕੀਤਾ। ਇਸੇ ਕਬਜਾਵਾਦੀ ਰੁਚੀ ਤੋਂ ਦੁਖੀ ਹੋ ਕੇ ਡਾ: ਧਰਮ ਪਾਲ ਸਿੰਗਲ ਨੇ ਆਪਣੀ ਪੁਸਤਕ 'ਸੰਤ ਸ਼ਿਰੋਮਣੀ ਰਵਿਦਾਸ' ਵਿਚ ਲਿਖਿਆ ਹੈ ਕਿ "ਬਾਲਮੀਕ ਮਹਾਨ ਕਵੀ ਤੇ ਰਿਸ਼ੀ ਹੋਏ ਹਨ ਪਰ ਉਨ੍ਹਾਂ ਦਾ ਜਨਮ



ਦਿਨ ਮਨਾਉਣ ਦਾ ਕੰਮ ਸਿਰਫ ਸਫਾਈ ਮਜ਼ਦੂਰ ਹੀ ਕਰਦੇ ਹਨ। ਕਬੀਰ ਰੱਬ ਰੂਪ ਹੋ ਚੁੱਕੇ ਮਹਾਨ ਚਿੰਤਕ, ਦਾਰਸ਼ਨਿਕ ਤੇ ਸੰਤ ਕਵੀ ਹੋਏ ਹਨ ਪਰ ਉਹ ਸਿਰਫ ਜੁਲਾਹਿਆਂ ਦੇ ਜਾਂ ਕਬੀਰ ਪੰਥੀਆਂ ਦੇ, ਨਾਮਦੇਵ ਛੀਂਬਿਆਂ ਦੇ, ਗੁਰੂ ਨਾਕ ਦੇਵ ਸਿੱਖਾਂ ਦੇ ਸੈਨ ਕੇਵਲ ਨਾਈਆਂ ਦੇ ਅਤੇ ਗੁਰੂ ਰਵਿਦਾਸ ਕੇਵਲ ਚਮਾਰਾਂ ਦੇ ਗੁਰੂ ਤੇ ਮਹਾਂਪੁਰਸ਼ ਬਣ ਕੇ ਰਹਿ ਗਏ ਹਨ।" ਇਨ੍ਹਾਂ ਗੱਲਾਂ ਵਲ ਧਿਆਨ ਦੇਣ ਦੀ ਸਖਤ ਲੋੜ ਹੈ, ਇਹ ਵੰਡੀਆਂ ਹੀ ਹਨ ਜੋ ਨਫਰਤ ਨੂੰ ਜਨਮ ਦਿੰਦੀਆਂ ਹਨ। ਇਹ ਨਫਰਤ ਹੀ ਮਨੁੱਖਾਂ ਵਿਚ ਵਿੱਥਾਂ ਪੈਦਾ ਕਰ ਦਿੰਦੀ ਹੈ। ਅਸੀਂ ਚੱਲੀਆਂ ਸਾਂਝੀਆਂ ਸਮਾਜਕ ਲਹਿਰਾਂ ਦੇ ਵਾਰਸ ਨਾ ਬਣ ਸਕੇ। ਹੋਰ ਤਾਂ ਹੋਰ ਅਸੀਂ ਤਾਂ ਭਗਤੀ ਲਹਿਰ ਦਾ ਵਿਰਸਾ ਵੀ ਨਾ ਸੰਭਾਲ ਸਕੇ। ਸਮਾਜ ਵਿਚ ਸਮੇਂ ਸਮੇਂ ਵਾਪਰਦੇ ਫਿਰਕੂ ਦੁਖਾਂਤ (ਫਸਾਦ) ਇਨ੍ਹਾਂ ਸਾਂਝੀਆਂ ਲਹਿਰਾਂ ਦੇ ਵਾਰਸ ਬਣਨ ਵਲ ਵਰਤੀ ਗਈ ਅਣਗਹਿਲੀ ਦਾ ਵੀ ਸਿੱਟਾ ਕਹੇ ਜਾ ਸਕਦੇ ਹਨ।

ਗੁਰੂ ਰਵਿਦਾਸ ਦੀ ਬਾਣੀ ਵਿਚ ਸਿਰਜੇ 'ਬੇਗਮਪੁਰੇ' ਦੇ ਸੰਲਕਪ ਦਾ ਰਾਜਨੀਤਕ ਮਹੱਤਵ ਸਮਝਣਾ ਅੱਜ ਦੀ ਬੜੀ ਵੱਡੀ ਲੋੜ ਹੈ। ਉਹ ਤੰਗਦਸਤੀਆਂ ਵਾਲੇ ਭੈੜੇ ਰਾਜ ਤੋਂ ਪਰ੍ਹਾਂ ਦੀ ਗੱਲ ਕਰਦੇ ਹਨ, ਜਿੱਥੇ ਭੈਅ, ਦੁੱਖ ਤੇ ਚਿੰਤਾ ਦਾ ਨਿਸ਼ਾਨ ਤੱਕ ਨਾ ਹੋਵੇ। ਲੋਕ ਇਕ ਦੂਜੇ ਨੂੰ ਪਿਆਰ ਕਰਨ। ਸਭ ਰਲ ਮਿਲ ਕੇ, ਇਕ ਦੂਜੇ ਦਾ ਹੋ ਕੇ ਹਰ ਕਿਸੇ ਦਾ ਦੁੱਖ ਸੁੱਖ ਵੰਡਾਉਣ। ਇਸ ਗੱਲ ਨੂੰ ਵਰਤਮਾਨ 'ਚ ਰੱਖ ਕੇ ਸੋਚਣਾ ਤੇ ਸਮਝਣਾ ਕੋਈ ਔਖੀ ਗੱਲ ਨਹੀਂ। ਅਸੀਂ ਨਿੱਤ ਦੁੱਖੜੇ ਜਰ ਰਹੇ ਹਾਂ। ਇਹ ਕਿਸੇ ਸਮਾਜੀ, ਰਾਜਸੀ ਤੇ ਆਰਥਕ ਪ੍ਰਬੰਧ ਦੀ ਹੀ ਦੇਣ ਹੈ ਜੋ ਸਾਨੂੰ ਸਭ ਨੂੰ ਮੁਸੀਬਤਾਂ ਭਰੀ ਜ਼ਿੰਦਗੀ ਦੇ ਗਧੀ-ਗੇੜ 'ਚ ਪਾਈ ਫਿਰਦਾ ਹੈ। ਨਿੱਤ ਹੰਢਾਈਆਂ ਜਾ ਰਹੀਆਂ ਇਨ੍ਹਾਂ ਮੁਸੀਬਤਾਂ ਦੇ ਪਿੱਛੇ ਕੰਮ ਕਰਦੇ ਕਾਰਨਾਂ ਨੂੰ ਲੱਭਣਾਂ ਫੇਰ ਇਨ੍ਹਾਂ ਤੋਂ ਛੁਟਕਾਰਾ ਪਾਉਣ ਬਾਰੇ ਸੋਚਣਾ ਅਤੇ ਮਨੁੱਖਵਾਦੀ, ਦੁੱਖਾਂ-ਫਿਕਰਾਂ ਤੇ ਮੁਸੀਬਤਾਂ ਰਹਿਤ ਮੁਹੱਬਤ ਭਰੇ 'ਬੇਗਮਪੁਰੇ' ਦੀ ਸਿਰਜਣਾ ਸਾਡਾ ਮਨੋਰਥ ਹੋਣਾ ਚਾਹੀਦਾ ਹੈ।

ਬੇਗਮਪੁਰਾ ਸਹਰ ਕਾ ਨਾਉ।।
ਦੂੱਖ ਅੰਦੋਹੁ ਨਹੀਂ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨਾ ਮਾਲੁ।।
ਖਉਫੁ ਨ ਖਤਾ ਨ ਤਰਸੁ ਜੁਵਾਲੁ।।
ਅਬ ਮੋਹਿ ਖੂਬ ਵਤਨ ਗਹ ਪਾਈ।।
ਉਹਾਂ ਖੈਰਿ ਸਦਾ ਮੇਰੇ ਭਾਈ।।
ਕਾਇਮੁ ਦਾਇਮੁ ਸਦਾ ਪਾਤਿਸਾਹੀ।।
ਦੋਮ ਨ ਸੇਮ ਏਕ ਸੋ ਆਹੀ।।
ਆਬਾਦਾਨ ਸਦਾ ਮਸਹੂਰ।।
ਊਹਾਂ ਗਨੀ ਬਸਹਿ ਮਾਮੂਰ।।

ਤਿਉਂ ਤਿਉ ਸੈਲ ਕਰਹਿ ਜਿਉ ਭਾਵੈ।।
ਮਰਹਮ ਮਹਲ ਨ ਕੋ ਅਟਕਾਵੇ।।
ਕਹਿ ਰਵਿਦਾਸ ਖਲਾਸ ਚਮਾਰਾ।।
ਜੋ ਹਮ ਸਹਿਰੀ ਸੋ ਮੀਤੁ ਹਮਾਰਾ।।

ਅੱਜ ਦਾ ਇਨਸਾਨ ਵਿਖਾਵੇ ਦਾ ਬਹੁਤ ਆਦੀ ਹੋ ਗਿਆ ਹੈ, ਭਾਵ ਵਿਖਾਵਾ ਸਾਡਾ ਅੱਜ ਦਾ ਨਵਾਂ ਫੈਸ਼ਨ ਬਣ ਗਿਆ ਹੈ। ਭਗਤੀ ਤੇ ਧਾਰਮਕ ਸਮਾਗਮ ਵੀ ਵਿਖਾਵੇ ਦੀ ਭੇਟ ਹੋ ਜਾਂਦੇ ਹਨ। ਆਪੋ ਆਪਣੇ ਥਾਂ ਸਿਰਫ ਟੱਲੀਆਂ, ਘੜਿਆਲਾਂ ਤੇ ਛੈਣੇ ਬਜਾ ਕੇ, ਉੱਚੀ ਉੱਚੀ ਕੀਰਤਨ, ਜਗਰਾਤੇ ਕਰਕੇ ਕੁੱਝ ਨਹੀਂ ਬਣਨਾ ਸਰਨਾ, ਗੱਲ ਤਾਂ ਅਮਲ ਦੀ ਹੈ। ਮਨੋਰਥ ਰਹਿਤ ਫੋਕੀ ਭਗਤੀ ਦੀ ਥਾਂ ਮਨੁੱਖਤਾ ਦੀ ਦੁੱਖਾਂ, ਕਸ਼ਟਾਂ ਤੋਂ ਮੁਕਤੀ ਦਾ ਪ੍ਰਗਟਾਵਾ ਹੋਣਾ ਅਤੇ ਇਸ ਵਾਸਤੇ ਜਰੂਰੀ ਹੈ। ਇਹ ਸਭ ਕੁੱਝ ਮਨੁੱਖਤਾ ਦੀਆਂ ਹੱਦਾਂ ਦੇ ਅੰਦਰ ਰਹਿ ਕੇ ਹੀ ਹੋਣਾ ਚਾਹੀਦਾ ਹੈ।

ਲੋਕ ਹਰ ਸਾਲ ਹੀ ਕਿਸੇ ਮਹਾਂਪੁਰਸ਼ ਦੀ ਯਾਦ ਵਿਚ ਸਿਰਫ ਇਕ ਦਿਨ ਇਕੱਠੇ ਹੁੰਦੇ ਹਨ, ਜਨਮ ਪੁਰਬ ਮਨਾਉਣ ਦਾ ਜਤਨ ਕਰਦੇ ਹਨ। ਆਮ ਕਰਕੇ ਆਪੋ ਆਪਣੀ ਗੱਲ ਦਾ ਰੌਲਾ ਪਾ ਕੇ ਘਰੋ-ਘਰੀ ਤੁਰ ਜਾਂਦੇ ਹਨ। ਕਿਸੇ ਮਹਾਂਪਰਸ਼ ਦੀ ਯਾਦ ਸਿਰਫ ਇਕ ਦਿਨ? ਕੀ ਇਹ ਕਾਫੀ ਹੈ? ਨਹੀਂ, ਇਹ ਕੁੱਝ ਕਾਫੀ ਨਹੀਂ। ਇਹ ਕੁੱਝ ਵਿਖਾਵਾ ਹੈ ਜਿਸ ਦੇ ਗੁਰੂ ਰਵਿਦਾਸ ਜੀ ਵਿਰੋਧੀ ਸਨ।

ਗੁਰੂ ਰਵਿਦਾਸ ਜੀ ਨੂੰ ਸਹੀ ਤੌਰ ਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਵਾਸਤੇ ਉਨ੍ਹਾਂ ਵਲੋਂ ਸਵਾ ਛੇ ਸਦੀਆਂ ਪਹਿਲਾਂ (ਪੂਰੇ 631 ਸਾਲ) ਸਿਰਜੇ ਬੇਗਮਪੁਰੇ (ਗਮਾਂ, ਦੁੱਖਾਂ ਤੋਂ ਰਹਿਤ) ਦੇ ਸੰਕਲਪ ਜਿਸਨੂੰ ਅੱਜ ਦੀ ਸੋਚ ਵਾਲੀ ਭਾਸ਼ਾ ਵਿਚ ਸਮਾਜਵਾਦੀ ਪ੍ਰਬੰਧ ਕਿਹਾ ਜਾਂਦਾ ਹੈ ਨੂੰ ਆਪਣੀ ਸੋਚ ਨਾਲ ਬੰਨ੍ਹ ਕੇ, ਨਿੱਤ ਦਿਹਾੜੀ ਆਪਣੇ ਮੱਥੇ 'ਚ ਰੱਖ ਕੇ, ਇਹਦੇ 'ਤੇ ਅਮਲ ਕਰਨਾ। ਬਦੀ ਦਾ ਰਾਜ, ਕੋਹੜ ਦੀਆਂ ਸ਼ਕਤੀਆਂ , ਭਰਮਾਂ ਤੇ ਅੰਧਵਿਸ਼ਵਾਸ ਫੈਲਾਉਣ ਵਾਲੀਆਂ ਤਾਕਤਾਂ ਦੇ ਖਾਤਮੇ ਵਲ ਵਧਣਾ ਹੀ ਮਨੁੱਖਤਾ ਦੀ ਸਭ ਤੋਂ ਵੱਡੀ ਅਤੇ ਚੰਗੀ ਸੇਵਾ ਹੈ। ਇਹ ਹੀ ਗੁਰੂ ਰਵਿਦਾਸ ਜੀ ਨੂੰ ਯਾਦ ਕਰਨਾ ਤੇ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ। ਅਸੀਂ ਨਿੱਤ ਚੇਤੇ ਕਰੀਏ ਤੇ ਸੰਸਾਰ ਅੰਦਰ ਉਨ੍ਹਾਂ ਦਾ ਦਿੱਤਾ ਸੁਨੇਹਾ ਪਹੁੰਚਾਈਏ। ਉਨ੍ਹਾਂ ਦਾ ਸੁਨੇਹਾ ਕਿ:-

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ
ਬੜੇ ਛੋਟੇ ਸਭ ਸਮ ਬਸੇ ਰਵਿਦਾਸ ਰਹੇ ਪ੍ਰਸੰਨ।

❖❖❖❖



# ਜੇ ਘਰ ਵਿਚ ਕਿਤਾਬਾਂ ਹੋਣ ਤਾਂ.....

ਮਨੁੱਖੀ ਜ਼ਿੰਦਗੀ ਬਹੁਤ ਹੀ ਖੂਬਸੂਰਤ ਹੈ, ਇਸ ਖੂਬਸੂਰਤੀ ਦੇ ਵਾਧੇ ਵਿਚ ਕਿਤਾਬਾਂ ਬਹੁਤ ਵੱਡਾ ਯੋਗਦਾਨ ਪਾਉਂਦੀਆਂ ਹਨ। ਮਨੁੱਖ ਜੀਊਂਦਿਆਂ ਬਹੁਤ ਸਾਰੇ ਸੁਪਨੇ ਸਿਰਜਦਾ ਹੈ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਵਾਸਤੇ ਪੂਰੀ ਵਾਹ ਲਾਉਂਦਾ ਹੈ। ਕਿਤਾਬਾਂ ਪੜ੍ਹਦਿਆਂ ਸੋਚਣ ਦੇ ਨਵੇਂ ਢੰਗ-ਤਰੀਕੇ ਸਿੱਖਦਾ ਹੈ ਅਤੇ ਉਨ੍ਹਾਂ ਉੱਤੇ ਅਮਲ ਕਰਨ ਵਲ ਰੁਚਿਤ ਹੁੰਦਾ ਹੈ।

ਹਰ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਖਾਣ-ਪੀਣ ਅਤੇ ਰਹਿਣ ਆਦਿ ਦੀਆਂ ਸਹੂਲਤਾਂ ਦੀਆਂ ਹੀ ਗੱਲਾਂ ਕੀਤੀਆਂ ਜਾਂਦੀਆਂ ਹਨ। ਪਰ ਜਿਨ੍ਹਾਂ ਲੋਕਾਂ ਨੇ ਬੌਧਿਕਤਾ ਵਲ ਤੁਰਨਾ ਹੁੰਦਾ ਹੈ ਉਨ੍ਹਾਂ ਨੂੰ ਕਿਤਾਬਾਂ ਦੀ ਉਂਗਲ ਫੜਨੀ ਹੀ ਪੈਂਦੀ ਹੈ ਤਾਂ ਜੋ ਗਿਆਨ/ਸੂਝ ਦੇ ਦਰ ਤੱਕ ਪਹੁੰਚ ਸਕਣ। ਅਜ ਉਹ ਵਕਤ ਹੈ ਜਦੋਂ ਕਿਤਾਬ ਬਹੁਤ ਸਾਰੇ ਲੋਕਾਂ ਦੇ ਵਸੋਂ ਬਾਹਰੀ 'ਸ਼ੈਅ' ਨਹੀਂ, ਲੋੜ ਤਾਂ ਇਸ ਪਾਸੇ ਰੁਖ ਕਰਕੇ ਤੁਰਨ ਦੀ ਹੈ। ਆਦਤ ਜਾਂ ਗੇਜ੍ਹ ਪਾਉਣ ਦੀ ਹੈ। ਇਸਦਾ ਸਬੰਧ ਮਨ ਦੀ ਜਗਿਆਸੂ ਬਿਰਤੀ ਨਾਲ ਹੈ। ਇਸ ਵਾਸਤੇ ਸੁੱਤੇ ਮਨ ਨੂੰ ਜਗਾਉਣਾ ਪੈਂਦਾ ਹੈ। ਉਂਜ ਵੀ ਅਕਲ ਦੇ ਵਿਹੜੇ ਪੈਰ ਰੱਖਣ ਤੋਂ ਝਿਜਕ/ਸ਼ਰਮ ਕਾਹਦੀ? ਹਰ ਜਗਿਆਸੂ ਮਨੁੱਖ ਕਿਤਾਬ ਨੂੰ ਆਪਣੀ ਲੋੜ ਸਮਝੇ ਤੇ ਇਸਦੇ ਸਿੱਟੇ ਵਜੋਂ ਸਮਾਜ ਜਾਂ ਸਮਾਜਾਂ ਅੰਦਰ ਨਿੱਤ ਪੈਦਾ ਹੁੰਦੇ ਬੇਲੋੜੇ ਤਣਾਵਾਂ/ਟਕਰਾਵਾਂ/ਝਗੜਿਆਂ ਤੋਂ ਸਹਿਜੇ ਹੀ ਬਚਿਆ ਜਾ ਸਕਦਾ ਹੈ।

ਹਰ ਮਨੁੱਖ ਹੀ ਆਪਣੇ ਘਰ ਦੀ ਖੂਬਸੂਰਤੀ ਵਾਸਤੇ ਲੋੜ ਦੀਆਂ ਚੀਜ਼ਾਂ ਆਪਣੇ ਵਸੋਂ ਬਾਹਰਾ ਹੋ ਕੇ ਖਰੀਦਦਾ ਹੈ, ਪਰ ਕਿਤਾਬਾਂ ਖਰੀਦਣ ਵੇਲੇ ਕੰਜੂਸੀ ਕਿਉਂ? ਆਪਣੇ ਆਪ ਨੂੰ ਪੜ੍ਹੇ ਲਿਖੇ ਕਹਾਉਂਦੇ ਲੋਕ ਘਰ ਦੇ ਖਰਚ ਨੂੰ ਸਾਵਾਂ ਰੱਖਣ ਵਾਸਤੇ (ਜਾਂ ਦੂਜਿਆਂ ਸਾਹਮਣੇ ਆਪਣੇ ਆਪ ਨੂੰ ਐਵੇਂ ਹੀ ਸਿਆਣਾ ਦੱਸਣ ਵਾਸਤੇ) ਘਰ ਦਾ ਬੱਜਟ ਬਣਾਉਂਦੇ ਹਨ। ਪਰ ਕਿੰਨੇ ਕੁ ਘਰ ਹੋਣਗੇ ਜਿੱਥੇ ਕਿਤਾਬਾਂ ਲਈ ਖਰਚਣ ਵਾਸਤੇ ਵੀ ਘਰੇਲੂ ਬੱਜਟ ਵਿਚ ਕੁੱਝ ਰੱਖਿਆ ਗਿਆ ਹੋਵੇ। ਪੰਜਾਬੀ ਲੇਖਕਾਂ ਵਿਚ ਇਹ ਰੁਚੀ ਬਹੁਤ ਹੀ ਘੱਟ ਦੇਖੀ ਗਈ ਹੈ ਕਿ ਉਹ ਖੁਦ ਖਰੀਦ ਕੇ ਕਿਤਾਬਾਂ ਪੜ੍ਹਦੇ ਹੋਣ। ਬਹੁਤੇ ਤਾਂ ਮੁਫਤ ਮਿਲਣ ਵਾਲੀਆਂ ਕਿਤਾਬਾਂ ਦੀ ਹੀ ਉਡੀਕ ਕਰੀ ਜਾਂਦੇ ਹਨ। ਇਸ ਕਰਕੇ ਹੀ ਜਦੋਂ ਕਿਸੇ ਪੁਸਤਕ ਉਤੇ ਹੋ ਰਹੀ ਗੋਸ਼ਟੀ/ਵਿਚਾਰ ਚਰਚਾ ਵਿਚ ਭਾਗ ਲੈਣ ਜਾਂਦੇ ਹਨ ਤਾਂ 'ਮੂੰਹ-ਜ਼ੁਬਾਨੀ' ਭਾਵ ਬਿਨਾ ਕਿਤਾਬ ਪੜ੍ਹਿਆਂ ਹੀ ਉਸ ਕਿਤਾਬ ਬਾਰੇ 'ਵਿਦਵਤਾ ਭਰਪੂਰ' ਲੈਕਚਰ ਝਾੜ ਦੇਣਗੇ। ਜੇ ਕੋਈ ਪੁੱਛ ਲਵੇ ਕਿ ਜਦੋਂ ਕਿਤਾਬ ਪੜ੍ਹੀ ਹੀ ਨਹੀਂ

ਤਾਂ ਐਵੇਂ ਹੀ ਬਿਨਾ ਕਿਤਾਬ ਪੜ੍ਹਿਆਂ ਕਮਲ਼ ਘੋਟਣ ਦਾ ਕੀ ਫਾਇਦਾ? ਅੱਗਿਓਂ ਬੇਸ਼ਰਮੀ ਭਰਿਆ ਜਵਾਬ ਦੇਣਗੇ, 'ਸੱਦਾ ਭੇਜਣ ਵਾਲੇ ਪ੍ਰਬੰਧਕਾਂ ਦਾ ਮਾਣ ਵੀ ਤਾਂ ਰੱਖਣਾਂ ਹੋਇਆ'। ਜਿਨ੍ਹਾਂ ਸਮਾਜਾਂ ਨੇ ਤਰੱਕੀ/ਵਿਕਾਸ ਕਰਨਾ ਹੁੰਦਾ ਹੈ ਉਨ੍ਹਾਂ ਨੂੰ ਨਵੀਂ ਸੋਚ ਦੀ ਲੋੜ ਪੈਂਦੀ ਹੈ। ਫਲਸਫਿਆਂ ਨੂੰ ਜਨਮ ਦੇਣ ਵਾਲੇ, ਲੋਕਾਂ ਦੀ ਅਗਵਾਈ ਕਰਨ ਦੇ ਐਵੇਂ ਹੀ ਯੋਗ ਨਹੀਂ ਹੋ ਜਾਂਦੇ, ਉਨ੍ਹਾਂ ਦੀ ਨਵੀਂ ਦ੍ਰਿਸ਼ਟੀ/ਨਵੇਂ ਵਿਚਾਰ ਹੀ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਜਿਸ ਸਦਕਾ ਕੋਈ ਨਵੀਂ ਲੀਹ ਤੁਰਦੀ ਹੈ। ਜਦੋਂ ਧਾਰਮਿਕ ਬਿਰਤੀ ਵਾਲੇ ਕਹੇ ਜਾਂਦੇ ਮਹਾਂਪੁਰਸ਼ਾਂ ਨੇ ਲੋਕਾਂ ਨੂੰ 'ਰੱਬ ਦੇ ਘਰ' ਦਾ ਰਸਤਾ ਦੱਸਣ ਵਾਸਤੇ ਵੇਦ ਗ੍ਰੰਥ ਰਚੇ ਦੁਨੀਆਂ ਤੇ ਵੱਖੋ-ਵੱਖ ਸਮਾਜਾਂ ਅੰਦਰ ਸੰਚਾਰ ਦੇ ਬਹੁਤ ਘੱਟ ਸਾਧਨ ਮੌਜੂਦ ਸਨ।

ਬ੍ਰਾਹਮਣਵਾਦੀ ਗਲਬੇ ਦੇ ਦੌਰ ਵਿਚ ਭਾਰਤੀ ਸਮਾਜ ਅੰਦਰ ਅਕਲ ਦੀਆਂ ਗੱਲਾਂ ਦੱਸਦੇ ਇਨ੍ਹਾਂ ਵੇਦ-ਗ੍ਰੰਥਾਂ ਨੂੰ ਵਰਤਣ/ਪਰਖਣ/ਸਮਝਣ ਉੱਤੇ ਵੀ ਮਨੁੱਖਾਂ ਨਾਲ ਮੱਤਭੇਦ ਕੀਤਾ ਗਿਆ ਜੋ ਅਜ ਤੱਕ ਵੀ ਭਾਰਤੀ ਨਸਲਵਾਦ ਕਰਕੇ ਹੀ ਜਾਣਿਆ ਜਾਂਦਾ ਹੈ। ਬਹੁਤ ਸਮਾਂ ਬਾਅਦ ਸਮਾਜ ਨੂੰ ਅਸਲੋਂ ਮਨੁੱਖ ਵਾਸਤੇ ਬਨਾਉਣ ਵਾਲਿਆਂ ਨੇ ਆਪਣਾ ਫ਼ਰਜ਼ ਨਿਭਾਉਣ ਵਿਚ ਕੋਤਾਹੀ ਨਹੀਂ ਕੀਤੀ। ਜੇ ਗੱਲ ਦਰਸ਼ਨ ਦੇ ਪੱਧਰ 'ਤੇ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਿਆਣੇ ਵਿਚਾਰਾਂ ਨਾਲ ਮਨੁੱਖ ਨੂੰ ਸਦਾ ਹੀ ਨਵੀਂ ਵਿਚਾਰਧਾਰਕ ਧਰਤ ਅਤੇ ਨਵੀਂ ਸੇਧ ਮਿਲੀ ਹੈ। ਜਦੋਂ ਨਿਰੀ "ਧਾਰਮਿਕਤਾ" ਦੀਆਂ ਝੂਠੀਆ ਬਾਤਾਂ ਪਾ ਕੇ ਲੋਕਾਂ ਨੂੰ ਇਸ ਧੁੰਦਵਾਦ ਨਾਲ ਹੀ ਪ੍ਰਚਾਇਆ ਜਾਂਦਾ ਹੋਵੇ ਤਾਂ ਸਮਾਜ ਦੀ ਸੱਚੀ ਨਿਰਖ ਪਰਖ ਕਰਨ ਵਾਲੇ ਵੀ ਪਿੱਛੇ ਨਹੀਂ ਰਹਿੰਦੇ, ਉਹ ਵੀ ਆਪਣਾ ਯੋਗਦਾਨ ਪਾਉਂਦੇ ਹਨ। ਨਵੇਂ ਯੁੱਗ ਵਿਚ ਕਾਰਲ ਮਾਰਕਸ ਵਰਗੇ ਮਹਾਨ ਮਨੁੱਖ ਅਤੇ ਉਹਦੇ ਸਾਥੀ ਆਉਂਦੇ ਹਨ ਤੇ ਆਪਣੀਆਂ ਲਿਖਤਾਂ/ਕਿਤਾਬਾਂ ਰਾਹੀਂ ਨਵੇਂ ਵਿਚਾਰਾਂ ਨਾਲ ਮਨੁੱਖਾਂ/ ਸਮਾਜਾਂ ਨੂੰ ਹਲੂਣ ਕੇ ਨਵੇਂ 'ਰਾਹ' ਤੋਰਨ ਦਾ ਸਬੱਬ ਬਣ ਜਾਂਦੇ ਹਨ। (ਕਾਰਲ ਮਾਰਕਸ ਦੀਆਂ ਲਿਖਤਾਂ ਖਾਸ ਕਰਕੇ 'ਸਰਮਾਇਆ' ਲੁੱਟ ਰਹਿਤ ਦੁਨੀਆਂ ਦੇਖਣ ਚਾਹੁਣ ਵਾਲਿਆਂ ਦਾ ਪੱਥ ਪ੍ਰਦਰਸ਼ਕ ਬਣੀ ਅਤੇ ਜਦੋਂ ਤੱਕ ਲੁੱਟ ਰਹਿਤ ਸਮਾਜ ਨਹੀਂ ਬਣਦਾ, ਬਣੀ ਰਹੇਗੀ) ਨਵੀਆਂ ਲੀਹਾਂ ਦੇ ਸਿਰਜਣਹਾਰਿਆਂ ਨੇ ਆਪਣੇ ਆਪ ਨੂੰ ਸ਼ਬਦ ਨਾਲ ਜੋੜਿਆ ਅਤੇ ਆਪਣੇ ਸੰਗੀਆਂ-ਸਾਥੀਆਂ, ਸ਼ੁਭਚਿੰਤਕਾਂ ਅਤੇ ਪੈਰੋਕਾਰਾਂ ਨੂੰ ਵੀ ਇਸੇ ਰਾਹੇ ਤੁਰਨ ਵਾਸਤੇ ਪ੍ਰੇਰਿਤ ਕੀਤਾ। ਧਾਰਮਿਕ ਖੇਤਰ ਵਿਚ ਮੱਥੇ ਰਗੜਨ ਵਾਲੇ ਤਾਂ ਕਰੋੜਾਂ ਹੀ ਨਿੱਤ ਦੇਖੇ ਜਾ ਸਕਦੇ ਹਨ, ਇਨ੍ਹਾਂ ਵਿਚੋਂ ਸ਼ਬਦ ਨਾਲ ਕਿੰਨੇ ਕੁ ਜੁੜੇ ਹੋਏ ਹਨ? ਇੱਥੇ ਸਵਾਲੀਆ ਨਿਸ਼ਾਨ ਕਾਫੀ ਵੱਡਾ ਨਜ਼ਰ ਆਉਂਦਾ ਹੈ।

ਜਾਗਦੇ ਮਨੁੱਖ ਦੇ ਮਨ ਦੀ ਜਗਿਆਸਾ ਮਨੁੱਖ ਨੂੰ ਟਿਕ ਕੇ ਬਹਿਣ ਨਹੀਂ ਦਿੰਦੀ। ਇਹ ਟਿਕ ਕੇ ਨਾ ਬਹਿਣ ਦੀ ਬਿਰਤੀ ਹੀ ਮਨੁੱਖ ਨੂੰ ਕ੍ਰਿਆਸ਼ੀਲ ਰਖਦੀ ਹੈ। ਪੱਛਮੀ ਸਮਾਜਾਂ ਵਿਚ ਜਿੱਧਰ ਵੀ ਜਾਉ ਲੋਕਾਂ ਦੇ ਘਰਾਂ ਵਿਚ ਹੋਰ ਲੋੜ ਵਾਲੀਆਂ ਵਸਤਾਂ ਦੇ ਨਾਲ ਤੁਹਾਨੂੰ ਕਿਤਾਬਾਂ ਵੀ ਨਜ਼ਰੀਂ ਪੈਣਗੀਆਂ। ਬਹੁਤ ਸਾਰੇ ਲੋਕ ਵਿਹਲ ਦੇ ਸਮੇਂ ਨੂੰ



ਪੜ੍ਹਨ ਲਈ ਵਰਤਦੇ ਹਨ। ਜਨਮ ਦਿਨਾਂ, ਵਿਆਹ-ਸ਼ਾਦੀਆਂ, ਵਰ੍ਹੇ-ਗੰਢਾਂ ਜਾਂ ਹੋਰ ਅਜਿਹੇ ਖੁਸ਼ੀ ਦੇ ਮੌਕਿਆਂ 'ਤੇ ਲੋਕ ਕਿਤਾਬਾਂ ਦੇ ਤੋਹਫੇ ਦਿੰਦੇ ਹਨ।

ਆਪਣੇ 'ਸਫਰਨਾਮਾ' ਮਾਰਕਾ ਲੇਖਕ ਜਦੋਂ ਵੀ ਬਾਹਰ ਜਾਂਦੇ ਹਨ ਤਾਂ ਖਾਧੇ ਹੋਏ ਪਕੌੜਿਆਂ-ਸਮੋਸਿਆਂ ਜਾਂ ਪੀਤੀਆਂ ਹੋਈਆਂ ਸ਼ਰਾਬਾਂ ਦਾ ਹੀ ਜ਼ਿਕਰ ਕਰੀ ਜਾਣਗੇ। ਬਾਹਰਲੇ ਸਮਾਜ, ਜਿਸ ਬਾਰੇ ਲਿਖਣ ਦਾ ਉਨ੍ਹਾਂ ਨੇ ਦਾਅਵਾ ਕੀਤਾ ਹੁੰਦਾ ਹੈ ਬਹੁਤਿਆਂ ਨੂੰ ਉਸਦੀ ਸਮਝ ਨਾ ਹੋਣ ਕਰਕੇ ਉਹਦਾ ਨਿਗੂਣਾ ਜਾਂ ਚਲਵਾਂ ਜਿਹਾ ਹੀ ਜ਼ਿਕਰ ਹੁੰਦਾ ਹੈ ਜਿਸ ਨਾਲ ਆਪਣੇ ਆਪ ਨੂੰ ਇਹ 'ਸਿਆਣੇ' ਕਹਾਉਣ ਵਾਲੇ ਭੰਬਲ਼ਭੂਸੇ ਭਰੀ ਧੁੰਦ ਖਿਲਾਰਨ ਤੋਂ ਵੱਧ ਕੁੱਝ ਵੀ ਨਹੀਂ ਕਰਦੇ। ਇਨ੍ਹਾਂ 'ਬੁੱਧੀਜੀਵੀਆਂ' ਨੂੰ ਬੌਧਿਕ ਗਰੀਬੀ ਢੋਣ ਵਾਲੇ ਗਰਜਾਂ ਬੱਧੇ ਦੋ-ਲੱਤੇ ਜੀਵ ਵੀ ਆਖਿਆ ਜਾ ਸਕਦਾ ਹੈ।

ਮਨੁੱਖ ਹਰ ਵੇਲੇ ਤਾਂ ਸਹਿਜ ਅਵਸਥਾ ਵਿਚ ਨਹੀਂ ਹੁੰਦਾ। ਕਦੇ ਮਨ ਵਿਚ ਕਿਸੇ ਗੱਲ ਦੀ ਕੁੜੱਤਣ, ਕਦੇ ਘਰੇਲੂ ਪ੍ਰੇਸ਼ਾਨੀਆਂ ਜਾਂ ਸਮਾਜ ਵਿਚ ਵਾਪਰ ਰਹੇ ਨਵੇਂ ਦਿਲ-ਢਾਹੂ ਵਰਤਾਰੇ ਸੰਵੇਦਨਸ਼ੀਲ ਮਨੁੱਖ ਨੂੰ ਦੁਖੀ ਕਰਦੇ ਹਨ। ਇਨ੍ਹਾਂ ਜਾਂ ਇਨ੍ਹਾਂ ਵਰਗੀਆਂ ਹੋ ਰਹੀਆਂ ਹੋਰ ਗੱਲਾਂ ਦੇ ਕਾਰਨਾਂ ਬਾਰੇ ਸੋਚਣ ਵਾਸਤੇ ਮਨ ਨੂੰ ਇਕਾਗਰ ਕਰਨਾ ਜ਼ਰੂਰੀ ਹੁੰਦਾ ਹੈ। ਅਜਿਹੇ ਮੌਕੇ ਮਨੁੱਖ ਵਾਸਤੇ ਕਿਤਾਬਾਂ ਤੋਂ ਵੱਡਾ ਹੋਰ ਕੌਣ ਸਹਾਈ ਹੋ ਸਕਦਾ ਹੈ? ਵਿਅਕਤੀ ਕੋਈ ਕਵਿਤਾ, ਕਹਾਣੀ, ਲੇਖ ਜਾਂ ਕੁੱਝ ਵੀ ਪੜੇ ਮਨ ਹੋਰ ਵੀ ਸੋਚਣ ਲਗਦਾ ਹੈ। ਇਹ 'ਹੋਰ' ਸੋਚਣਾਂ ਮਨ ਅੰਦਰ ਨਵਾਂ ਵਿਚਾਰ ਪੈਦਾ ਕਰਨ ਦਾ ਸਬੱਬ ਬਣ ਜਾਂਦਾ ਹੈ। ਮਨ ਨੂੰ ਚੜ੍ਹਦੀ ਕਲਾ ਵਲ ਜਾਣ ਦਾ ਰਸਤਾ ਮਿਲ ਜਾਂਦਾ ਹੈ। ਪਰ, ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਸਾਧਨ ਵੀ ਹੋਵੇ। ਭਾਵ ਜੇ ਘਰ ਵਿਚ ਕਿਤਾਬਾਂ ਮੌਜੂਦ ਹੋਣਗੀਆਂ ਤਾਂ ਘਰੇਲੂ ਔਰਤਾਂ ਵੀ ਕੰਮਾਂ-ਕਾਰਾਂ ਤੋਂ ਵਿਹਲੀਆਂ ਹੋ ਕੇ ਜਾਂ ਘਰੇਲੂ ਕੰਮਾਂ ਵਿਚੋਂ ਵਿਹਲ ਕੱਢ ਕੇ ਪੜ੍ਹਨ ਵਲ ਰੁਚਿਤ ਹੋ ਸਕਦੀਆਂ ਹਨ-ਇਸ ਤਰ੍ਹਾਂ ਮਾਵਾਂ ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਹੀ ਪੜ੍ਹਨ ਦੀ ਆਦਤ ਵੀ ਪਾ ਸਕਦੀਆਂ ਹਨ। ਛੋਟੇ ਬੱਚਿਆਂ ਵਾਸਤੇ ਤਸਵੀਰਾਂ ਵਾਲੀਆਂ ਕਿਤਾਬਾਂ ਬੇਹੱਦ ਜਰੂਰੀ ਅਤੇ ਲਾਭਦਾਇਕ ਹਨ ਜੋ ਹਰ ਘਰ ਵਿਚ ਹੋਣੀਆਂ ਚਾਹੀਦੀਆਂ ਹਨ, ਤਸਵੀਰਾਂ ਦੇਖਦਿਆਂ ਬੱਚੇ ਸਹਿਜ ਨਾਲ ਹੀ ਨਾਲ ਲਿਖਿਆ ਹੋਇਆ ਪਾਠ ਵੀ ਪੜ੍ਹ ਜਾਣਗੇ। ਬੱਚੇ ਨੂੰ ਬਚਪਨ ਵਿਚ ਕਿਤਾਬ ਦੇ ਕੇ ਉਸਨੂੰ ਸਾਰੀ ਉਮਰ ਵਾਸਤੇ ਕਿਤਾਬ ਨਾਲ ਜੋੜਿਆ ਜਾ ਸਕਦਾ ਹੈ। ਆਉਣ ਵਾਲੇ ਕੱਲ੍ਹ ਨੂੰ ਖੁਸ਼ਗਵਾਰ ਬਨਾਉਣ ਵਾਸਤੇ ਇਹ ਬਹੁਤ ਜ਼ਰੂਰੀ ਹੈ। ਕਿਸੇ ਵੀ ਸਮਾਜ ਨੂੰ ਕਿਤਾਬਾਂ ਦੇ ਲੜ ਲਾ ਕੇ ਉਸ ਸਮਾਜ ਨੂੰ ਅਕਾਰਨ ਹੀ ਪੈਦਾ ਹੋਣ ਵਾਲੇ ਗੈਰ ਜਰੂਰੀ ਝਗੜਿਆਂ ਅਤੇ ਤਣਾਵਾਂ ਤੋਂ ਮੁਕਤ ਕੀਤਾ ਜਾ ਸਕਦਾ ਹੈ। ਕਿਤਾਬਾਂ ਦੇ ਆਸਰੇ ਊਚ-ਨੀਚ, ਵਖਰੇਵਿਆਂ, ਪਾੜਿਆਂ, ਜੰਗਾਂ ਅਤੇ ਨਫ਼ਰਤਾਂ ਤੋਂ ਰਹਿਤ, ਸੁਹਣਾ-ਸੁਚੱਜਾ ਅਤੇ ਭਰੱਪਣ ਭਰਿਆ, ਸ਼ਾਂਤਮਈ ਸਮਾਜ/ਸੰਸਾਰ ਵੀ ਸਿਰਜਿਆ ਜਾ ਸਕਦਾ ਹੈ।